

ਪ੍ਰੋ. ਲਾਲ ਸਿੰਘ

ਸ੍ਰੀ ਗੁਰੂ ਰਵਿਦਾਸ ਬਾਣੀ ਦੀ ਮਹਾਨਤਾ

ਗੁਰੂ ਪਿਆਰੀ ਸਾਧ ਸੰਗਤ ਜੀ ਪ੍ਰੋ. ਲਾਲ ਸਿੰਘ ਜੀ ਨੇ ਆਪਣੀ ਇਸ ਹੱਥਲੀ ਪੁਸਤਕ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਦੀ ਵਿਆਖਿਆ ਕਰਦੇ ਸਮੇਂ ਸ਼ਬਦ ਦੇ ਰਾਗ ਅਤੇ ਉਸ ਰਾਗ ਦੇ ਸੁਭਾਅ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਹੈ, ਜਿਸ ਨਾਲ ਗੁਰੂ ਸਾਹਿਬ ਦੀ ਬਾਣੀ ਦੇ ਅਰਥਾਂ ਨੂੰ ਸਮਝਣਾ ਬਹੁਤ ਸੌਖਾਲਾ ਹੋ ਜਾਂਦਾ ਹੈ। ਸਾਧ ਸੰਗਤ ਜੀ ਗੁਰੂ ਰਵਿਦਾਸ ਬਾਣੀ ਮਨੁੱਖਤਾ ਨੂੰ ਅਧਿਆਤਮਕ ਤਾਂ ਬਣਾਉਂਦੀ ਹੀ ਹੈ ਪਰ ਨਾਲ ਦੀ ਨਾਲ ਮਨੁੱਖ ਵਿੱਚ ਕ੍ਰਾਂਤੀਕਾਰੀ ਜਜ਼ਬਾ ਵੀ ਪੈਦਾ ਕਰਦੀ ਹੈ। ਗੁਰੂ ਜੀ ਦੀ ਬਾਣੀ ਵਿਚ ਉਨ੍ਹਾਂ ਦਾ ਪਾਵਨ ਸ਼ਬਦ "ਸੁਖ ਸਾਗਰ ਸੁਰਿਤਰ ਚਿੰਤਾਮਨਿ" ਕੁਝ ਤਬਦੀਲੀਆਂ ਸਹਿਤ ਦੋ ਵਾਰ ਪਹਿਲਾਂ ਰਾਗ ਸੋਰਠਿ ਅਤੇ ਫਿਰ ਮਾਰੂ ਰਾਗ ਵਿਚ ਆਇਆ ਹੈ। ਇਸ ਪਾਵਨ ਸ਼ਬਦ ਵਿਚ ਗੁਰੂ ਜੀ ਬ੍ਰਾਹਮਣਾਂ ਤੋਂ ਆਦਿਵਾਸੀਆਂ ਦੇ ਹੱਕ ਲੈਣ ਦੀ ਗੱਲ ਕਰਦੇ ਹਨ। ਸੋਰਠਿ ਰਾਗ ਪਿਆਰ ਦਾ ਰਾਗ ਹੈ ਅਤੇ ਮਾਰੂ ਰਾਗ ਯੁੱਧ ਦਾ ਰਾਗ ਹੈ। ਪਹਿਲਾਂ ਗੁਰੂ ਜੀ ਪਿਆਰ ਨਾਲ ਹੱਕ ਦੇਣ ਲਈ ਬ੍ਰਾਹਮਣਾਂ ਨੂੰ ਸਮਝਾਉਂਦੇ ਹਨ ਅਤੇ ਜਦੋਂ ਨਹੀਂ ਸਮਝਦੇ ਤਾਂ ਇਸੇ ਸ਼ਬਦ ਨੂੰ ਗੁਰੂ ਜੀ ਮਾਰੂ ਰਾਗ ਵਿੱਚ ਉਚਾਰਨ ਕਰਕੇ ਆਦਿਵਾਸੀਆਂ ਨੂੰ ਸੰਬੋਧਨ ਕਰਦੇ ਹੋਏ ਉਨ੍ਹਾਂ ਨੂੰ ਸੰਘਰਸ਼ ਕਰਕੇ, ਕ੍ਰਾਂਤੀ ਮਚਾ ਕੇ ਆਪਣੇ ਹੱਕ ਪ੍ਰਾਪਤ ਕਰਨ ਦਾ ਹੁਕਮ ਦਿੰਦੇ ਹਨ।

ਸ੍ਰੀ ਗੁਰੂ ਰਵਿਦਾਸ ਜੀ ਦੀ ਇਸ ਮਹਾਨ ਬਾਣੀ ਦੇ ਪ੍ਰਚਾਰ ਵਿਚ ਵਡਮੁੱਲਾ ਯੋਗਦਾਨ ਪਾਉਣ ਵਾਲੀ Shri Guru Ravidass Dharmik Sabha Wolverhampton U.k. ਦੇ ਸਮੂਹ ਮੈਂਬਰਾਂ ਦਾ ਬਹੁਤ-ਬਹੁਤ ਧੰਨਵਾਦ ਜਿਨ੍ਹਾਂ ਨੇ ਹੱਥਲੀ ਪੁਸਤਕ ਦੇ ਚੌਥੇ ਐਡੀਸ਼ਨ ਦਾ ਸਾਰਾ ਖਰਚ ਅਦਾ ਕੀਤਾ। ਇਹ ਸਭਾ 1963 ਈ. ਤੋਂ ਅਜਿਹੇ ਮਹਾਨ ਕਾਰਜਾਂ ਲਈ ਯਤਨਸ਼ੀਲ ਹੈ।

ਸੋ ਸਾਧ ਸੰਗਤ ਜੀ ਆਉ ਇਸ ਪੁਸਤਕ ਨੂੰ ਆਪ ਪੜ੍ਹੀਏ ਅਤੇ ਹੋਰਨਾਂ ਨੂੰ ਪੜ੍ਹਨ ਲਈ ਪ੍ਰੇਰਿਤ ਕਰੀਏ ਤਾਂ ਕਿ ਸ੍ਰੀ ਗੁਰੂ ਰਵਿਦਾਸ ਜੀ ਦੀ ਮਨੁੱਖੀ ਕਲਿਆਣਕਾਰੀ ਵਿਚਾਰਧਾਰਾ ਨੂੰ ਪੂਰੀ ਦੁਨੀਆਂ ਤੱਕ ਪਹੁੰਚਾਇਆ ਜਾ ਸਕੇ।

ਜਗਦੀਸ਼ ਕੌਰ ਲੁਧਿਆਣਾ

ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਦੇ ਸਿਧਾਂਤ-ਪ੍ਰਤੀ ਸਮਰਪਿਤ

ਪ੍ਰੋ. ਲਾਲ ਸਿੰਘ

ਸਟੀਕ

ਬਾਣੀ ਸ੍ਰੀ ਗੁਰੂ ਰਵਿਦਾਸ ਜੀ

ਅਤੇ

ਤੱਤ-ਸਿਧਾਂਤ

ਆਦਿ ਧਰਮ ਅਨਮੋਲ ਰਤਨ - ਕੌਮ ਦੇ ਹੀਰੇ

ਪ੍ਰੋ: ਲਾਲ ਸਿੰਘ ਐਡਵੋਕੇਟ

ਐਮ.ਏ., ਐਲ.ਐਲ.ਬੀ; ਪੀ.ਈ.ਐਸ. (I) (ਰਿਟਾ.)

ਸਾਬਕਾ ਮੁਖੀ

ਪੋਸਟ ਗਰੈਜੂਏਟ ਪੰਜਾਬੀ ਵਿਭਾਗ

ਸਰਕਾਰੀ ਕਾਲਜ, ਹੁਸ਼ਿਆਰਪੁਰ, ਪੰਜਾਬ।

ਸਟੀਕ

ਬਾਣੀ ਸ੍ਰੀ ਗੁਰੂ ਰਵਿਦਾਸ ਜੀ

ਅਤੇ

ਤੱਤ-ਸਿਧਾਂਤ

ਆਦਿ ਧਰਮ ਅਨਮੋਲ ਰਤਨ - ਕੌਮ ਦੇ ਹੀਰੇ

ਪ੍ਰੋ: ਲਾਲ ਸਿੰਘ ਐਡਵੋਕੇਟ

ਐਮ.ਏ., ਐਲ.ਐਲ.ਬੀ; ਪੀ.ਈ.ਐਸ. (I) (ਰਿਟਾ.)

ਸਾਬਕਾ ਮੁਖੀ

ਪੋਸਟ ਗਰੈਜੂਏਟ ਪੰਜਾਬੀ ਵਿਭਾਗ

ਸਰਕਾਰੀ ਕਾਲਜ, ਹੁਸ਼ਿਆਰਪੁਰ, ਪੰਜਾਬ।

Satik
Bani Shri Guru Ravidass Ji
Ate Tat-Sidhant

Prof. Lal Singh

M.A; L.L.B; P.E.S. (1) Retd.

(Former) Head

Post Graduate Department of Punjabi

Govt. College, Hoshiarpur, Punjab

Satik
Bani Shri Guru Ravidass Ji
Ate Tat-Sidhant

Prof. Lal Singh
M.A; L.L.B; P.E.S. (1) Retd.
(Former) Head
Post Graduate Department of Punjabi
Govt. College, Hoshiarpur, Punjab

© ਸਾਰੇ ਹੱਕ ਲੇਖਕ ਦੀ ਪਤਨੀ ਜਗਦੀਸ਼ ਕੌਰ ਦੇ ਰਾਖਵੇਂ ਹਨ।

ਪਹਿਲੀ ਵਾਰ	: 10 ਜੂਨ, 1999	2000
ਦੂਜੀ ਵਾਰ	: 5 ਜਨਵਰੀ, 2000	200
ਤੀਜੀ ਵਾਰ	: 19 ਦਸੰਬਰ, 2002	1000
ਚੌਥੀ ਵਾਰ	: 20 ਮਾਰਚ, 2022	500

ਭਾਰਤ ਵਿਚ ਮੁੱਲ - ਰੁਪਏ-500, ਪੌਂਡ-8, ਡਾਲਰ-15

ਪ੍ਰਕਾਸ਼ਕ
ਸ੍ਰੀ ਗੁਰੂ ਰਵਿਦਾਸ ਬਾਣੀ ਅਤੇ ਆਦਿ ਧਰਮ ਖੋਜ ਕੇਂਦਰ
ਬੀ-32, ਈ-13/241, ਅਮਨ ਨਗਰ, ਨੇੜੇ ਗਰੀਨਲੈਂਡ ਪਬਲਿਕ ਸਕੂਲ
ਲੁਧਿਆਣਾ (ਪੰਜਾਬ) 141008, ਮੋਬਾਈਲ - 94175-57751

ਛਾਪਕ
ਵਾਲੀਆ ਪੇਪਰ ਐਂਡ ਸਟੇਸ਼ਨਰਜ਼, ਜਲੰਧਰ।

ALL COPYRIGHTS RESERVED.
No part of this publication may be reproduced, stored in retrieval system, or transmitted in any form or by any means, electroic, mechanical, photocopying, recording or otherwise, without the prior.

ਸਮਰਪਤ

ਮੈਨੂੰ ਉੱਚੀਆਂ ਬੁਲੰਦੀਆਂ ਵੱਲ ਪਹੁੰਚਾਉਂਦੇ ਹੋਏ
ਅਤਿ ਦੀ ਗਰੀਬੀ ਨਾਲ ਝੂਜਦੇ ਮਹਾਨ ਸਿਰਲੱਥ ਯੋਧੇ
ਪਿਤਾ ਸ੍ਰ. ਸ਼ਾਮ ਸਿੰਘ ਜੀ
ਅਤੇ
ਮਾਤਾ ਸ੍ਰੀਮਤੀ ਹਰਨਾਮ ਕੌਰ ਜੀ ਨੂੰ

ਲੇਖਕ ਦੀਆਂ ਛਪੀਆਂ ਪੁਸਤਕਾਂ

(1) ਸ੍ਰੀ ਗੁਰੂ ਰਵਿਦਾਸ ਜੀ ਉਨ੍ਹਾਂ ਦਾ ਗੁਰੂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ
(2) ਸਟੀਕ ਬਾਣੀ ਸ੍ਰੀ ਗੁਰੂ ਰਵਿਦਾਸ ਜੀ ਅਤੇ ਤੱਤ ਸਿਧਾਂਤ
(3) ਮੂਲ ਮੰਤਰ ਅਨੁਸਾਰ ਆਦਿ ਧਰਮ ਬਨਾਮ ਵਿਸ਼ਵ ਧਰਮ ਦੇ ਸਿਰਜਕ - ਗੁਰੂ ਰਵਿਦਾਸ ਜੀ।
(4) ''ਬੇਗਮ ਪੁਰਾ ਸਹਰ ਕੋ ਨਾਉ'' ਵਿਚ ਸਥਾਪਤ ਵਿਸ਼ਵ ਸੰਵਿਧਾਨ ਦੇ ਸਿਰਜਕ - ਗੁਰੂ ਰਵਿਦਾਸ ਜੀ
(5) ਗੁਰੂ ਰਵਿਦਾਸ ਜੀ ਦਾ ਧਰਮ ਸਿੰਧੂ ਘਾਟੀ ਦੇ ਆਦਿ ਵਾਸੀ ਅਛੂਤਾਂ ਦਾ ਆਦਿ ਧਰਮ
(6) ਆਦਿ ਧਰਮ ਬਨਾਮ ਵਿਸ਼ਵ ਧਰਮ ਗ੍ਰੰਥ ਪੋਥੀ ਸਾਹਿਬ ਦੇ ਸਿਰਜਕ ਸਤਿਗੁਰੂ ਰਵਿਦਾਸ ਜੀ
(7) ਸਤਿਗੁਰੂ ਰਵਿਦਾਸ ਜੀ ਦੀ ਇਤਿਹਾਸਕ ਜੀਵਨੀ
(8) ਫੌਜਾਂ ਦੇ ਸੁਪਰੀਮ ਕਮਾਂਡਰ।

ਪੁਸਤਕਾਂ ਮਿਲਣ ਦਾ ਪਤਾ

- ਸ੍ਰੀ ਗੁਰੂ ਰਵਿਦਾਸ ਬਾਣੀ ਅਤੇ ਆਦਿ ਧਰਮ ਖੋਜ ਕੇਂਦਰ
  ਬੀ-32, ਈ-13/241, ਅਮਨ ਨਗਰ,
  ਨੇੜੇ ਗਰੀਨਲੈਂਡ ਪਬਲਿਕ ਸਕੂਲ ਲੁਧਿਆਣਾ (ਪੰਜਾਬ) 141008,
  ਮੋਬਾਈਲ - 94175-57751
- ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.)
  ਪਿੰਡ ਬਿਨਪਾਲਕੇ ਨੇੜੇ ਭੋਗਪੁਰ, ਜ਼ਿਲ੍ਹਾ ਜਲੰਧਰ - 144201
  ਮੋਬਾਈਲ - 98148-39944
- ਸਟੀਕ ਬਾਣੀ ਸ੍ਰੀ ਗੁਰੂ ਰਵਿਦਾਸ ਜੀ ਅਤੇ ਤੱਤ-ਸਿਧਾਂਤ ਪੁਸਤਕ ਤੁਸੀਂ ਪੰਜਾਬੀ ਤੇ ਹਿੰਦੀ ਵਿਚ www.begumpuramission.com ਤੇ ਵੀ ਪੜ੍ਹ ਸਕਦੇ ਹੋ।

ਤਤਕਰਾ

ਵਿਸ਼ਾ	ਪੰਨਾ
ਸ਼ਲੋਕ	
(1) ਸੋਹੰ/'ੴ ਦੇ ਸਿਧਾਂਤ ਦਾ ਨਿਰੂਪਣ	17-33
(2) ਇਹ ਸਲੋਕ ਗੁਰੂ ਰਵਿਦਾਸ ਜੀ ਦਾ ਹੀ ਹੈ।	
(3) ਸ਼ਲੋਕ ਦਾ ਅੰਤਰੀਵ ਵਿਚਾਰ-ਵਿਧਾਨ	
(4) ਸ਼ਲੋਕ ਦਾ ਅਰਥ	
੧. ਸਿਰੀ ਰਾਗੁ	
1. ਤੋਹੀ ਮੋਹੀ ਮੋਹੀ ਤੋਹੀ	34-52
(1) ੧ੴ/ਸੋਹੰ ਦਾ ਸਿਧਾਂਤ (ਸ੍ਰਿਸ਼ਟੀ ਸਿਰਜਣਾ ਦਾ ਸਿਧਾਂਤ)	
(2) ਮੁੜ ਸੁਰਜੀਤੀ ਦਾ ਸਿਧਾਂਤ	
(3) ਬ੍ਰਹਮ-ਗਿਆਨ ਦੇ ਸਿਧਾਂਤ ਦੀ ਸਿਰਜਣਾ	
(4) ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ	
(5) ਸ਼ਬਦ-ਅਰਥ	
੨. ਰਾਗੁ ਗਉੜੀ	
2. ਮੇਰੀ ਸੰਗਤ ਪੋਚ (ਗੁਆਰੇਰੀ)	53-65
(1) ਬੰਦ ਨੰ. ੧ ਦੀ ਅਰਥ ਸਮਸਿਆ	
(2) ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ	
(3) ਸ਼ਬਦ ਅਰਥ	
3. ਬੇਗਮ ਪੁਰਾ ਸਹਰ ਕੋ ਨਾਉ (ਗੁਆਰੇਰੀ)	66-96
(1) ਗੁਰੂ ਰਵਿਦਾਸ ਬਾਣੀ ਅਤੇ ਮਾਰਕਸਵਾਦ	
(2) ਵਿਸ਼ਵ ਸਰਕਾਰ ਬਨਾਮ ਵਿਸ਼ਵ ਖ਼ਾਲਸਾ ਸਰਕਾਰ ਦਾ ਸੰਵਿਧਾਨ	
(3) ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ	
(4) ਸ਼ਬਦ-ਅਰਥ	
4. ਘਟ ਅਵਘਟ ਡੂਗਰ ਘਣਾ (ਬੈਰਾਗਣਿ)	97-115
(1) ਬ੍ਰਹਮ ਗਿਆਨ ਦੇ ਕੇਵਲ ਤੇ ਕੇਵਲ ਇੱਕਲੇ ਮਾਲਕ ਅਤੇ ਵਿਕਰੇਤਾ ਗੁਰੂ ਰਵਿਦਾਸ ਜੀ	
(2) ਗੁਰੂ ਰਵਿਦਾਸ ਜੀ ਅਤੇ ਗੁਰੂ ਨਾਨਕ ਦੇਵ ਜੀ ਦਾ ਸੱਚਾ ਸੋਦਾ	
(3) ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ	
(4) ਸ਼ਬਦ ਅਰਥ	

5. ਕੂਪ ਭਰਿਓ ਜੈਸੇ ਦਾਦਿਰਾ (ਪੂਰਬੀ) 116–119
(1) ਬ੍ਰਹਮ-ਗਿਆਨ ਦੀ ਪ੍ਰਾਪਤੀ ਦਾ ਸਿਧਾਂਤ
(2) ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ
(3) ਸ਼ਬਦ ਅਰਥ

6. ਸਤਜੁਗਿ ਸਤੁ ਤੇਤਾ ਜਗੀ (ਬੈਰਾਗਣਿ) 120–137
(1) ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ (ਹਿੰਦੂ ਧਰਮ ਦੀ ਵਿਚਾਰਧਾਰਾ ਦਾ ਖੰਡਨ ਅਤੇ ਨਵੇਂ ਵਿਸ਼ਵ ਧਰਮ ਦੀ ਵਿਚਾਰਧਾਰਾ ਦੀ ਉਤਪਤੀ)
(2) ਸ਼ਬਦ ਅਰਥ।

੩. ਰਾਗੁ ਆਸਾ

7. ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ 138–146
(1) ਗੁਰੂ ਰਵਿਦਾਸ ਜੀ ਅਤੇ ਮੂਲ ਮੰਤਰ
(2) ਸ਼ਬਦ ਵਿਚ ਸਿਧਾਂਤਾਂ ਦੀ ਸਿਰਜਣਾ
(3) ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ
(4) ਸ਼ਬਦ ਅਰਥ

8. ਸੰਤ ਤੁਝੀ ਤਨੁ ਸੰਗਤਿ ਪ੍ਰਾਨ 147–154
(1) ਸ਼ਬਦ ਵਿਚ ਸਿਧਾਂਤਾਂ ਦੀ ਸਿਰਜਣਾ
(2) ਸੰਗਤ ਦੀ ਪਰਿਭਾਸ਼ਾ ਅਤੇ ਸਿੱਖ ਵਿਦਵਾਨ
(3) ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ
(4) ਸ਼ਬਦ ਅਰਥ

9. ਤੁਮ ਚੰਦਨ ਹਮ ਇਰੰਡ ਬਾਪੁਰੇ 155–163
(1) ਮਧੁਪ ਮਖੀਰਾ ਦਾ ਅਰਥ (ਸਾਧਕ ਦੇ ਗੁਣ)
(2) ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ (ਸੂਰਮੇ ਦੀ ਸਿਰਜਣਾ)
(3) ਸ਼ਬਦ ਅਰਥ

10. ਕਹਾ ਭਇਓ, ਜਉ ਤਨੁ ਭਇਓ ਛਿਨੁ ਛਿਨੁ 164–166
(1) ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ
(2) ਸ਼ਬਦ ਅਰਥ

11. ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ 167–169
(1) ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ
(2) ਸ਼ਬਦ ਅਰਥ

12. ਮਾਟੀ ਕੋ ਪੁਤਰਾ ਕੈਸੇ ਨਚਤੁ ਹੈ 170–172
(1) ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ
(2) ਸ਼ਬਦ ਅਰਥ

੪. ਰਾਗੁ ਗੂਜਰੀ

13. ਦੂਧ ਤ ਬਛਰੈ ਬਨਹੁ ਬਿਟਾਰਿਓ 173–178
(1) ਪੂਜਾ ਸਮਗਰੀ ਦਾ ਨਵਾਂ ਸਿਧਾਂਤ
(2) ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ
(3) ਸ਼ਬਦ ਅਰਥ

੫. ਰਾਗੁ ਸੋਰਠਿ

14. ਜਬ ਹਮ ਹੋਤੇ ਤਬ ਤੂ ਨਾਹੀ 179–187
(1) ਗੁਰੂ ਰਵਿਦਾਸ ਜੀ ਅਤੇ ਵਿਗਿਆਨ
(2) ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ
(3) ਸ਼ਬਦ ਅਰਥ

15. ਜਉ ਹਮ ਬਾਂਧੇ ਮੋਹ ਫਾਸ 188–195
(1) ਸਰਬਤ ਦੇ ਭਲੇ ਦਾ ਸਿਧਾਂਤ
(2) ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ
(3) ਸ਼ਬਦ ਅਰਥ

16. ਦੁਲਭ ਜਨਮ ਪੁੰਨ ਫਲ ਪਾਇਓ 196–199
(1) ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ
(2) ਸ਼ਬਦ ਅਰਥ

17. ਸੁਖ ਸਾਗਰ ਸੁਰਤਰ ਚਿੰਤਾਮਨਿ 200–227
(1) ਸਿੰਧੂ ਘਾਟੀ ਦੇ ਮੂਲ ਨਿਵਾਸੀ ਅਤੇ ਸੰਸਾਰ ਲਿਪੀਆਂ
(2) ਗੁਰੂ ਰਵਿਦਾਸ ਜੀ ਭਾਸ਼ਾ ਵਿਗਿਆਨੀ
(3) ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ
(4) ਸ਼ਬਦ ਅਰਥ

18. ਜਉ ਤੁਮ ਗਿਰਿਵਰ ਤਉ ਹਮ ਮੋਰਾ 228–231
(1) ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ
(2) ਸ਼ਬਦ ਅਰਥ

19. ਜਲ ਕੀ ਭੀਤਿ ਪਵਨ ਕਾ ਥੰਭਾ 232–253
(1) ਮਹਾਨ ਸਾਇੰਸਦਾਨ ਗੁਰੂ ਰਵਿਦਾਸ ਜੀ

(2) ਜਾਤ ਪਾਤ ਹਿੰਦੂ ਧਰਮ ਦੀ ਦੇਣ ਹੈ ਪੰਜਾਂ ਤੱਤਾਂ ਦੀ ਨਹੀਂ।
(3) ਸ਼ਿਲਪਕਾਰੀ ਰੂਪਕ ਦਾ ਰਹਸਵਾਦੀ ਗੁਰੂ ਰਵਿਦਾਸ ਜੀ
(4) ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ
(5) ਸ਼ਬਦ ਅਰਥ

20 ਚਮਰਟਾ ਗਾਂਠਿ ਨ ਜਨਈ 254-257
(1) ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ
(2) ਸ਼ਬਦ ਅਰਥ

੬ ਰਾਗੁ ਧਨਾਸਰੀ

21. ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ 258-264
(1) ਪ੍ਰਭ ਦੀ ਹੋਂਦ ਦੀ ਪਰਪੱਕਤਾ
(2) ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ
(3) ਸ਼ਬਦ ਅਰਥ

22. ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ 265-270
(1) ਪ੍ਰਭ ਪ੍ਰਾਪਤੀ ਦੀ ਵਿਧੀ ਦਾ ਸਿਧਾਂਤ
(2) ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ
(3) ਸ਼ਬਦ ਅਰਥ

23. ਨਾਮੁ ਤੇਰੋ ਆਰਤੀ ਮਜਨੁ ਮੁਰਾਰੇ 271-276
(1) ਨਵੇਂ ਧਰਮ ਦੀ ਨਵੀਂ ਆਰਤੀ
(2) ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ
(3) ਸ਼ਬਦ ਅਰਥ

੭ ਰਾਗੁ ਜੈਤਸਰੀ

24. ਨਾਥ ਕਛੂਅ ਨ ਜਾਨਉ 277-281
(1) ਗੁਰੂ ਰਵਿਦਾਸ ਜੀ ਦਾ ਗੁਰੂ ਕੌਣ?
(2) ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ
(3) ਸ਼ਬਦ ਅਰਥ

੮ ਰਾਗੁ ਸੂਹੀ

25. ਸਹ ਕੀ ਸਾਰ ਸੁਹਾਗਨਿ ਜਾਨੈ 282-285
(1) ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ
(2) ਸ਼ਬਦ ਅਰਥ

26. ਜੋ ਦਿਨ ਆਵਹਿ ਸੋ ਦਿਨ ਜਾਹੀ 286-290
(1) ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ

(2) ਸ਼ਬਦ ਅਰਥ

27. ਊਚੇ ਮੰਦਰ ਸਾਲ ਰਸੋਈ 291-293
(1) ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ
(2) ਸ਼ਬਦ ਅਰਥ

੯ ਰਾਗੁ ਬਿਲਾਵਲੁ

28. ਦਾਰਿਦੁ ਦੇਖਿ ਸਭੁ ਕੋ ਹਸੈ 294-297
(1) ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ
(2) ਸ਼ਬਦ ਅਰਥ

29. ਜਿਹ ਕੁਲ ਸਾਧ ਬੈਸਨੌ ਹੋਇ 298-304
(1) ਕੀ ਗੁਰੂ ਰਵਿਦਾਸ ਜੀ ਵਿਸ਼ਨੂੰ ਭਗਤ ਸਨ?
(2) ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ
(3) ਸ਼ਬਦ ਅਰਥ

੧੦ ਰਾਗੁ ਗੋਂਡ

30. ਮੁਕੰਦ ਮੁਕੰਦ ਜਪਹੁ ਸੰਸਾਰ 305-308
(1) ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ
(2) ਸ਼ਬਦ ਅਰਥ

31. ਜੇ ਓਹੁ ਅਠਸਠਿ ਤੀਰਥ ਨਾਵੈ 309-311
(1) ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ
(2) ਸ਼ਬਦ ਅਰਥ

੧੧ ਰਾਗੁ ਰਾਮਕਲੀ

32. ਪੜੀਐ ਗੁਨੀਐ ਨਾਮੁ ਸਭੁ ਸੁਨੀਐ 312-315
(1) ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ
(2) ਸ਼ਬਦ ਅਰਥ

੧੨ ਰਾਗੁ ਮਾਰੂ

33. ਐਸੀ ਲਾਲ ਤੁਝ ਬਿਨੁ ਕਉਨ ਕਰੈ 316-324
(1) ਕ੍ਰਾਂਤੀਕਾਰੀ ਗੁਰੂ ਰਵਿਦਾਸ ਜੀ
(ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ)
(2) ਸ਼ਬਦ ਅਰਥ

34. ਸੁਖ ਸਾਗਰ ਸੁਰਿਤਰੁ ਚਿੰਤਾਮਨਿ 325-335
(1) ਸਮੁੱਚੇ ਸ਼ਬਦ ਦੀ ਵਿਚਾਰਧਾਰਾ ਅਤੇ ਰਾਗੁ
(2) ਸ਼ਬਦ ਦਾ ਅੰਤਰੀਵ ਵਿਚਾਰ ਵਿਧਾਨ

(3) ਸ਼ਬਦ ਅਰਥ

੧੩ ਰਾਗੁ ਕੇਦਾਰਾ

35. ਖਟੁ ਕਰਮ ਕੁਲ ਸੰਜੁਗਤੁ ਹੈ 336-341
(1) ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ
(2) ਸ਼ਬਦ ਅਰਥ

੧੪ ਰਾਗੁ ਭੈਰਉ

36. ਬਿਨੁ ਦੇਖੇ ਉਪਜੈ ਨਹੀ ਆਸਾ 342-377
(1) ਆਦਿ ਧਰਮ, ਬੁੱਧ ਧਰਮ ਅਤੇ ਬਾਣੀ ਗੁਰੂ ਰਵਿਦਾਸ ਜੀ
(2) ਗੁਰੂ ਰਵਿਦਾਸ ਬਾਣੀ ਅਤੇ ਜਪੁਜੀ ਦੇ ਪੰਜ ਖੰਡ
(3) ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ
(ਮਹਾਤਮਾ ਬੁੱਧ ਬਾਣੀ ਅਤੇ ਗੁਰੂ ਰਵਿਦਾਸ ਬਾਣੀ ਦੀ ਵਿਚਾਰਧਾਰਕ ਸੰਪੂਰਨਤਾ)
(4) ਸ਼ਬਦ ਅਰਥ

੧੫. ਰਾਗੁ ਬਸੰਤੁ

37. ਤੁਝਹਿ ਸੁੰਝਤਾ ਕਛੂ ਨਾਹਿ 378-384
(1) ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ
(2) ਸ਼ਬਦ ਅਰਥ

੧੬. ਰਾਗੁ ਮਲਾਰ

38. ਨਾਗਰ ਜਨਾ ਮੇਰੀ ਜਾਤਿ ਬਿਖਿਆਤ ਚੰਮਾਰੰ 385-389
(1) ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ
(2) ਸ਼ਬਦ ਅਰਥ
39. ਹਰਿ ਜਪਤ ਤੇਊ ਜਨਾ 390-408
(1) ਇੱਕ ਪ੍ਰਭ ਦਾ ਸੰਕਲਪ ਅਤੇ ਨਵੇਂ ਵਿਸ਼ਵ ਧਰਮ ਦੀ ਸਥਾਪਨਾ
(2) ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ
(3) ਸ਼ਬਦ ਅਰਥ
40. ਮਿਲਤ ਪਿਆਰੋ ਪ੍ਰਾਨ ਨਾਥ 409-413
(1) ਸਾਧ ਸੰਗਤ ਦੇ ਸਿਧਾਂਤ ਦੀ ਸੰਪੂਰਨਤਾ
(ਸੰਗਤ ਰਾਹੀਂ ਪ੍ਰਭ ਪ੍ਰਾਪਤੀ)
(2) ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ
(3) ਸ਼ਬਦ ਅਰਥ

ਭੂਮਿਕਾ

ਜਦੋਂ ਕਿਸੇ ਕੌਮ ਨੂੰ ਨਸ਼ਟ ਕਰਨਾ ਹੋਵੇ ਤਾਂ ਉਸ ਦਾ ਇਤਿਹਾਸ ਨਸ਼ਟ ਕਰ ਦਿਉ, ਉਹ ਕੌਮ ਆਪਣੇ ਆਪ ਹੀ ਨਸ਼ਟ ਹੋ ਜਾਵੇਗੀ। ਆਰੀਆਂ ਨੇ ਮਹਿੰਜੋਦਾਰੋ ਅਤੇ ਹੜੱਪਾ ਦੇ ਇਤਿਹਾਸ ਨੂੰ ਤਾਂ ਨਸ਼ਟ ਕੀਤਾ ਹੀ ਹੈ, ਆਰੀਆਂ ਨੇ ਅੱਗੋਂ ਲਈ ਅਜਿਹੇ ਮਨੁੱਖਤਾਂ ਮਾਰੂ ਅਤੇ ਅਸਭਿਆ ਕਾਨੂੰਨ ਬਣਾਏ ਕਿ ਮਹਿੰਜੋਦਾਰੋ ਦੀ ਮਹਾਨ ਕੌਮ ਦੇ ਮਹਾਨ ਵਿਰਸੇ ਧਰਮ, ਸਭਿਆਚਾਰ, ਸਾਇੰਸ ਅਤੇ ਮਹਾਨ ਭਵਨ ਨਿਰਮਾਣ ਕਲਾ ਨੂੰ ਨਸ਼ਟ ਕਰਨ ਦੇ ਨਾਲ ਨਾਲ, ਓਥੋਂ ਦੇ ਆਦਿਵਾਸੀਆਂ ਨੂੰ ਪਸ਼ੂ ਬਣਾ ਕੇ ਰੱਖ ਦਿੱਤਾ ਹੈ। ਇਸ ਤੱਥ ਨੂੰ ਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਨਿਰੂਪਤ ਕਰਕੇ ਮਹਿੰਜੋਦਾਰੋ ਅਤੇ ਹੜਪਾ ਦੇ ਇਤਿਹਾਸ ਦਾ ਨਵ ਨਿਰਮਾਣ ਕੀਤਾ ਹੈ। ਇਹ ਇਤਿਹਾਸ ਇਸ ਪੁਸਤਕ ਵਿਚ "ਆਦਿ ਧਰਮ, ਬੁੱਧ ਧਰਮ ਅਤੇ ਗੁਰੂ ਰਵਿਦਾਸ ਬਾਣੀ" ਅਤੇ "ਮਹਾਨ ਸਾਇੰਸਦਾਨ ਗੁਰੂ ਰਵਿਦਾਸ ਜੀ" ਦੇ ਸਿਰਲੇਖ ਹੇਠ ਸਿਰਜਿਆ ਗਿਆ ਹੈ। ਸੋ ਗੁਰੂ ਰਵਿਦਾਸ ਜੀ ਨੇ ਆਰੀਆਂ ਵਲੋਂ ਨਸ਼ਟ ਕੀਤੇ ਇਤਿਹਾਸ ਨੂੰ ਮੁੜ ਸੁਰਜੀਤ ਕਰਕੇ ਇਕ ਮਹਾਨ ਕੌਮ ਨੂੰ ਤਾਂ ਸੁਰਜੀਤ ਕੀਤਾ ਹੀ ਹੈ, ਨਾਲ ਦੀ ਨਾਲ ਉਸ ਕੌਮ ਦੇ ਮਹਾਨ ਵਿਰਸੇ ਧਰਮ, ਸਮਾਜ ਅਤੇ ਸਭਿਆਚਾਰ ਦੀ ਸਿਰਜਣਾ ਵੀ ਕੀਤੀ ਹੈ: ਜਿਸ ਨਾਲ ਸਮੁੱਚੀ ਆਦਿ ਵਾਸੀ ਕੌਮ ਜਿਸ ਨੂੰ ਅਜ ਸੂਦਰ ਦਾ ਨਾਮ ਦਿੱਤਾ ਹੋਇਆ ਹੈ, ਮੁੜ ਇਤਿਹਾਸ ਦੇ ਨਵ-ਨਿਰਵਾਣ ਵਿਚ ਪੂਰੀ ਹਿੰਮਤ ਨਾਲ ਜੁਟ ਗਈ ਹੈ।

ਇਸ ਲਈ ਖੁਸ਼ੀ ਦੀ ਗਲ ਹੈ ਕਿ ਮਹਿੰਜੋਦਾਰੋ ਅਤੇ ਹੜੱਪਾ ਦਾ ਇਤਿਹਾਸ ਮੁੜ ਸਿਰਜਿਆ ਜਾ ਰਿਹਾ ਹੈ। ਉਥੋਂ ਦੇ ਮਹਾਨ ਲੋਕਾਂ ਦੀ ਵਿਚਾਰਧਾਰਾ, ਸੰਸਕ੍ਰਿਤੀ, ਧਰਮ, ਇਤਿਹਾਸ ਆਦਿ, ਉਨ੍ਹਾਂ ਦੀਆਂ ਲਿਖੀਆਂ ਮੋਹਰਾਂ (Seals) ਤੋਂ ਪ੍ਰਗਟ ਹੋ ਰਿਹਾ ਹੈ। ਵੇਦਾਂ ਵਿਚ ਦਾਸ, ਪਾਣੀ, ਨਾਗ ਆਦਿ ਬਹਾਦਰ ਕੌਮਾਂ ਦਾ ਜ਼ਿਕਰ ਹੈ ਜਿਨ੍ਹਾਂ ਨੇ ਆਪਣੀ ਆਜ਼ਾਦੀ ਕਾਇਮ ਰੱਖਣ ਲਈ ਆਪਣੀਆਂ ਅਤੇ ਆਪਣੇ ਪਰਿਵਾਰਾਂ ਦੀਆਂ ਕੁਰਬਾਨੀਆਂ ਦਿੱਤੀਆਂ। ਰਾਮਾਇਣ ਵਿਚ ਦਲਿਤ ਯੋਧੇ ਜਿਵੇਂ ਮਹਾਤਮਾ ਰਾਵਣ ਅਤੇ ਮਹਾਂਬਲੀ ਬਾਲੀ ਆਪਣੀ ਅਣਖ ਲਈ ਲੜਦੇ ਸ਼ਹੀਦ ਹੋ ਗਏ ਅਤੇ ਰਾਮਾਇਣ ਵਿਚ ਹੀ ਬ੍ਰਹਮ-ਗਿਆਨੀ ਮਹਾਂਰਿਸ਼ੀ ਸੰਭੂਕ ਧਾਰਮਕ ਲੜਾਈ ਲੜਦੇ ਹੋਏ ਸ਼ਹੀਦ ਹੋ ਗਏ। ਮਹਾਂਭਾਰਤ ਵਿਚ ਦਲਿਤਾਂ ਦਾ ਮਹਾਨ ਯੋਧਾ ਇਕਲਾਵਿਯ ਧੋਖੇ ਨਾਲ ਨਿਕਾਰਾ ਕਰ ਦਿੱਤਾ ਗਿਆ। ਮਹਾਂਭਾਰਤ ਵਿਚ ਹੀ ਜੱਗ ਸੰਪੂਰਨਤਾ ਲਈ ਸ਼ੂਦਰ ਮਹਾਂਰਿਸ਼ੀ ਬਾਲਮੀਕ ਅੱਗੇ 'ਭਗਵਾਨ' ਕ੍ਰਿਸ਼ਨ ਅਤੇ ਸਮੁੱਚੀ ਆਰੀਆ ਕੌਮ ਨੂੰ ਝੁਕਣਾ ਪਿਆ।

ਗੁਰੂ ਰਵਿਦਾਸ ਜੀ ਨੇ ਇਨ੍ਹਾਂ ਹਿੰਦੂ ਧਰਮ ਦੇ 'ਭਗਵਾਨਾਂ' ਅਤੇ ਧਾਰਮਕ

ਗ੍ਰੰਥਾਂ ਨੂੰ ਰੱਦ ਕੀਤਾ ਹੈ ਅਤੇ ਨਵੀਂ ਵਿਚਾਰਧਾਰਾ ਦੀ ਸਿਰਜਣਾ ਕਰਕੇ ਵਿਸ਼ਵ ਧਰਮ ਦੀ ਸਥਾਪਨਾ ਕੀਤੀ ਹੈ। ਇਸ ਵਿਸ਼ਵ ਧਰਮ ਅਤੇ ਇਸ ਦੀ ਵਿਚਾਰਧਾਰਾ ਨੂੰ ਹਿੰਦੂਆਂ ਦੇ ਵੱਡੇ ਵੱਡੇ ਮਹਾਨ ਧਾਰਮਕ ਆਗੂ ਬ੍ਰਾਹਮਣਾਂ ਨੇ ਪ੍ਰਵਾਨ ਕੀਤਾ ਹੈ ਅਤੇ ਗੁਰੂ ਜੀ ਨੂੰ ਆਪਣਾ ਗੁਰੂ ਪ੍ਰਵਾਨ ਕੀਤਾ ਹੈ।

ਗੁਰੂ ਰਵਿਦਾਸ ਜੀ ਨੇ ਦੁਨੀਆਂ ਦੇ ਸਭ ਤੋਂ ਵੱਧ ਮੰਨੇ ਜਾਂਦੇ ਧਰਮਾਂ ਨੂੰ ਉਪਦੇਸ਼ ਦਿੱਤਾ ਹੈ। ਇਨ੍ਹਾਂ ਵਿਚ ਮਹੱਤਵ ਪੂਰਨ ਹਨ— ਹਿੰਦੂ ਧਰਮ, ਬੁੱਧ ਧਰਮ, ਇਸਾਈ ਧਰਮ ਅਤੇ ਇਸਲਾਮ ਧਰਮ, ਅਤੇ ਇਨ੍ਹਾਂ ਦੀ ਥਾਂ ਤੇ ਵਿਸ਼ਵ ਧਰਮ ਸਥਾਪਤ ਕੀਤਾ ਹੈ।

1. ਹਿੰਦੂ ਧਰਮ ਦੀ ਵਿਚਾਰਧਾਰਾ ਅਤੇ ਕਰਮ-ਕਾਂਡ ਨੂੰ 'ਸਤਜੁਗ' ਸਤ 'ਤੇਤਾ ਜਗੀ' ਵਾਲੇ ਸ਼ਬਦ ਵਿਚ ਰੱਦ ਕੀਤਾ ਹੈ ਅਤੇ ਇਸ ਦੀ ਥਾਂ ਇਸੇ ਹੀ ਸ਼ਬਦ ਵਿਚ ਇਕ ਨਵੀਂ ਵਿਚਾਰਧਾਰਾ ਦੀ ਸਿਰਜਣਾ ਕਰਕੇ ਨਵੇਂ ਵਿਸ਼ਵ-ਧਰਮ ਦੀ ਸਥਾਪਨਾ ਕੀਤੀ ਹੈ।

2. ਬੁੱਧ ਧਰਮ ਦੀ ਵਿਚਾਰਧਾਰਾ ਵਿਚ 'ਬਿਨੁ ਦੇਖੇ ਉਪਜੈ ਨਹੀਂ ਆਸਾ" ਵਿਚ ਆਤਮਾ ਅਤੇ ਪਰਮਾਤਮਾ ਦੇ ਸੰਕਲਪ ਨੂੰ ਸ਼ਾਮਲ ਕਰਕੇ, ਉਸ ਵਿਚ ਸੁਧਾਰ ਕੀਤਾ ਹੈ ਅਤੇ ਇਕ ਨਵੀਂ ਵਿਚਾਰਧਾਰਾ ਦੀ ਸਿਰਜਣਾ ਕੀਤੀ ਗਈ ਹੈ।

3. "ਹਰਿ ਜਪਤ ਤੇਊ ਜਨਾ" ਵਾਲੇ ਸ਼ਬਦ ਵਿਚ ਇਸਾਈ ਧਰਮ ਅਤੇ ਇਸਲਾਮ ਧਰਮ ਦੀ ਵਿਚਾਰਧਾਰਾ ਅਤੇ ਕਰਮ-ਕਾਂਡ ਨੂੰ ਰੱਦ ਕੀਤਾ ਗਿਆ ਹੈ। ਇਸ ਵਿਚ ਹਿੰਦੂ ਧਰਮ ਦੇ 'ਭਗਵਾਨਾਂ' ਨੂੰ ਰੱਦ ਕਰਕੇ ਪ੍ਰਭ ਦੇ ਸੰਕਲਪ ਨੂੰ ਦ੍ਰਿੜ ਕੀਤਾ ਹੈ, ਅਤੇ ਇਕ ਨਵੀਂ ਵਿਚਾਰਧਾਰਾ ਦੀ ਸਿਰਜਣਾ ਕੀਤੀ ਗਈ ਹੈ।

ਸਿੱਖ ਧਰਮ ਦੇ ਪ੍ਰਮੁਖ ਬਾਨੀਆਂ ਵਿਚੋਂ ਉਹ ਇਕ ਸਨ। ਇਹ ਤੱਥ ਗੁਰੂ ਗ੍ਰੰਥ ਸਾਹਿਬ ਦੇ ਪੰਨਾਂ ਨੰ. ੪੭੫ ਤੇ ਦਿੱਤੇ ਮੂਲ ਮੰਤਰ ਤੋਂ ਹੀ ਸਿੱਧ ਹੋ ਜਾਂਦਾ ਹੈ ਅਤੇ ੪੦ ਸ਼ਬਦ ਅਤੇ ਇਕ ਸਲੋਕ ਵੀ ਇਸ ਤੱਥ ਦੀ ਪੋ੍ੜਤਾ ਕਰਦੇ ਹਨ।

ਇਸ ਤਰ੍ਹਾਂ ਗੁਰੂ ਰਵਿਦਾਸ ਜੀ ਨੇ ਬੜੀ ਡੂੰਘੀ ਅਤੇ ਗੰਭੀਰ ਸੋਚ ਵਿਚਾਰ ਮਗਰੋਂ, ਜਾਣ-ਬੁੱਝ ਕੇ ਉਪਰੋਕਤ ਧਰਮਾਂ ਦੀ ਵਿਚਾਰਧਾਰਾ ਅਤੇ ਕਰਮ-ਕਾਂਡ ਨੂੰ ਰੱਦ ਕਰਕੇ ਨਵੀਂ ਵਿਚਾਰਧਾਰਾ ਉਪਰ ਆਧਾਰਤ ਇਕ ਨਵੇਂ ਵਿਸ਼ਵ ਧਰਮ ਦੀ ਸਿਰਜਣਾ ਕੀਤੀ ਹੈ। ਸਹੀ ਅਰਥਾਂ ਵਿਚ ਇਹ ਨਵੀਂ ਵਿਚਾਰਧਾਰਾ ਮਹਿੰਜਦਾਰੋ ਅਤੇ ਹੱੜਪਾ ਦੀ ਵਿਚਾਰਧਾਰਾ ਦਾ ਹੀ ਨਵਾਂ ਰੂਪ ਹੈ। ਇਸ ਕਰਕੇ ਪੰਜਾਬ ਵਿਚ ਵਸਦੀ ਮਹਿੰਜੋਦਾਰੋ ਅਤੇ ਹੱੜਪਾ ਦੇ ਵਾਰਸਾਂ (ਔਲਾਦ) ਨੇ ਇਸ ਨਵੀਂ ਵਿਚਾਰਧਾਰਾ ਤੇ ਆਧਾਰਤ ਨਵੇਂ ਵਿਸ਼ਵ ਧਰਮ ਨੂੰ 'ਆਦਿ ਧਰਮ' ਦਾ ਨਾਮ ਦਿੱਤਾ ਹੈ। ਜਿਸ ਨੂੰ ਦੁਆਬੇ ਦੇ ਲੋਕਾਂ ਨੇ ਪੂਰਨ ਰੂਪ ਵਿਚ ਆਪਣਾ ਲਿਆ ਹੈ। ਇਸ ਵਿਸ਼ਵ ਧਰਮ ਦਾ ਸੰਵਿਧਾਨ (ਵਿਚਾਰਧਾਰਾ) ਧਾਰਮਕ, ਸਾਮਾਜਕ,

ਰਾਜਨੀਤਕ, ਆਰਥਕ ਅਤੇ ਸਦਾਚਾਰਕ ਆਦਿ ਪੱਖਾਂ ਤੋਂ "ਬੇਗਮਪੁਰਾ ਸ਼ਹਰ ਕੋ ਨਾਉ॥" 'ਚ ਨਿਰੂਪਤ ਹੈ। ਇਸ ਤੱਥ ਤੋਂ ਇਹ ਕਥਨ ਦ੍ਰਿੜ ਹੋ ਗਿਆ ਹੈ ਕਿ ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ। ਗੁਰੂ ਰਵਿਦਾਸ ਜੀ ਦੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ "ਆਦਿ ਧਰਮ"/"ਸਿੱਖ ਧਰਮ" ਦੀ ਬੁਨਿਆਦ ਹੈ। ਇਹ ਤੱਥ ਹਥਲੀ ਪੁਸਤਕ ਦੇ ਸਮੁੱਚੇ ਅਧਿਐਨ ਤੋਂ ਸਪਸ਼ਟ ਹੋ ਜਾਂਦਾ ਹੈ।

ਦੂਜਾ ਨੁਕਤਾ ਜਿਹ ੜਾ ਭਰਵੇਂ ਰੂਪ ਵਿਚ ਸਪਸ਼ਟ ਤੌਰ ਤੇ ਉੱਭਰ ਕੇ ਸਾਹਮਣੇ ਆਉਂਦਾ ਹੈ, ਉਹ ਹੈ ਸਿੱਖ ਵਿਦਵਾਨਾਂ ਦਾ ਗੁਰਬਾਣੀ ਦੀ ਵਿਚਾਰਧਾਰਾ ਪ੍ਰਗਟ ਕਰਦਿਆਂ, ਉਨ੍ਹਾਂ ਦਾ ਪੱਖਪਾਤੀ ਨਜ਼ਰੀਆ। ਉਹ ਹਰ ਹਰਬਾ-ਜ਼ਰਬਾ ਵਰਤਦੇ ਹਨ, ਪੰਜਾਬ ਦੇ ਗੁਰੂ ਸਾਹਿਬਾਨ ਨੂੰ ਮਹਾਨ ਸਿੱਧ ਕਰਨ ਦਾ। ਅਜਿਹੇ ਸਿੱਖ ਵਿਦਵਾਨਾਂ ਦੀ ਅੱਜ ਕੱਲ ਡਾ. ਬਲਕਾਰ ਸਿੰਘ ਅਗਵਾਈ ਕਰ ਰਹੇ ਹਨ। ਉਨ੍ਹਾਂ ਨੇ ਤਾਂ ਇਸ ਮੰਤਵ ਲਈ ਪੰਜ ਛੇ ਲੇਖ "ਅੱਜ ਦੀ ਆਵਾਜ਼" ਵਿਚ ਛਪਵਾ ਦਿੱਤੇ ਕਿ ਗੁਰੂ ਰਵਿਦਾਸ ਜੀ ਨੂੰ 'ਗੁਰੂ' ਲਿਖਣਾ ਅਤੇ 'ਕਹਿਣਾ' ਗਲਤ ਹੈ, ਕੇਵਲ ਭਗਤ ਲਿਖਣਾ ਹੀ ਸਹੀ ਹੈ।

ਇਸ ਲਈ ਹੇ ਪਿਆਰੇ ਦਲਿਤ, ਸਮਾਨ-ਭਾਈਚਾਰੇ ਅਤੇ ਬਰਾਬਰੀ ਦੇ ਚਾਹਵਾਨ ਲੇਖਕੋ! ਇਹ ਭੁੱਲ ਜਾਉ ਕਿ ਉੱਚੀਆਂ ਜਾਤਾਂ ਵਾਲੇ ਬ੍ਰਾਹਮਣ ਅਤੇ ਸਿੱਖਮੱਤ ਵਿਚ ਵਿਰਾਜਮਾਨ ਡਾ. ਬਲਕਾਰ ਸਿੰਘ ਵਰਗੇ ਬ੍ਰਾਹਮਣਵਾਦੀ ਲੋਕ ਤੁਹਾਡੇ ਮਹਾਨ ਗੁਰੂ ਸਾਹਿਬਾਨਾਂ ਜਿਵੇਂ ਗੁਰੂ ਰਵਿਦਾਸ ਜੀ, ਗੁਰੂ ਕਬੀਰ ਜੀ ਆਦਿ ਦੀ ਵਿਚਾਰਧਾਰਾ ਨੂੰ ਅਮਲੀ ਰੂਪ ਵਿਚ ਮਾਨਤਾ ਦੇ ਕੇ ਉਭਾਰਨਗੇ ਅਤੇ ਪ੍ਰਚਾਰਨਗੇ।

ਹੇ ਪਿਆਰੇ ਦਲਿਤ ਲੇਖਕੋ! ਮਹਾਨ ਵਿਦਵਾਨੋ!! ਇਹ ਗਲ ਪਲੇ ਬੰਨ ਲੈਣ ਵਾਲੀ ਹੈ ਕਿ ਬੁੱਧ ਧਰਮ ਅਤੇ ਸਿੱਖ ਧਰਮ ਦਾ ਵਿਕਾਸ, ਉਨ੍ਹਾਂ ਦੇ ਵਿਦਵਾਨਾਂ ਅਤੇ ਸਿਆਸਤਦਾਨਾਂ ਨੇ ਹੀ ਕੀਤਾ ਹੈ। ਬੁੱਧ ਧਰਮ ਨੂੰ ਮਹਾਰਾਜਾ ਅਸ਼ੋਕ ਅਤੇ ਉਸ ਸਮੇਂ ਦੇ ਵਿਦਵਾਨਾਂ ਨੇ ਹੀ ਸਮੁੱਚੇ ਸੰਸਾਰ ਵਿਚ ਪ੍ਰਚਾਰਿਆ ਅਤੇ ਉਭਾਰਿਆ ਸੀ। ਸਿੱਖ ਧਰਮ ਵਿਚ ਬ੍ਰਹਮਣਵਾਦੀ ਵਿਦਵਾਨਾਂ ਨੇ ਨਾ ਤਾਂ ਗੁਰੂ ਰਵਿਦਾਸ ਜੀ ਦੀ ਬੁਨਿਆਦੀ ਅਤੇ ਮਹਾਨ ਵਿਚਾਰਧਾਰਾ ਨੂੰ ਉਭਾਰਿਆ ਅਤੇ ਪ੍ਰਚਾਰਿਆ ਹੈ ਅਤੇ ਨਾਂ ਹੀ ਅੱਗੇ ਨੂੰ ਅਜਿਹਾ ਕਰਨਗੇ। ਉਦਾਹਰਣ ਦੇ ਤੌਰ ਤੇ "ਬੇਗ਼ਮਪੁਰਾ ਸਹਰ ਕੋ ਨਾਉ" ਅਤੇ ਗੁਰੂ ਗ੍ਰੰਥ ਸਾਹਿਬ ਦੇ ਪੰਨਾ ਨੰ. ੪੭੫ ਉੱਪਰ ਅੰਕਿਤ ਮੂਲ ਮੰਤਰ ਦੇ ਬੁਨਿਆਦੀ ਸਿਧਾਂਤ ਅਤੇ ਵਿਚਾਰਧਾਰਾ ਨੂੰ, ਇਨ੍ਹਾਂ ਵਿਦਵਾਨਾਂ ਨੇ ਜਾਣ ਬੁੱਝ ਕੇ ਹੀ ਵਿਚਾਰਨ ਤੱਕ ਦਾ ਯਤਨ, ਨਹੀਂ ਕੀਤਾ। ਇਕ ਅੰਤਰ-ਰਾਸ਼ਟਰੀ ਪ੍ਰਸਿੱਧੀ ਦਾ ਸਿੱਖ ਧਰਮ ਦਾ, ਖਾਸ ਕਰਕੇ ਗੁਰੂ ਨਾਨਕ ਬਾਣੀ ਦਾ ਵਿਦਵਾਨ ਹੈ। ਉਸ ਨੇ ਗੁਰਮਤ v/s ਮਾਰਕਸਵਾਦ ਉੱਤੇ ਇਕ ਲੇਖ

ਲਿਖਿਆ, ਪਰ ਉਸ ਵਿਚ ਗੁਰੂ ਰਵਿਦਾਸ ਜੀ ਦੇ ਸ਼ਬਦ "ਬੇਗ਼ਮਪੁਰਾ" ਦਾ ਉਲੇਖ ਤੱਕ ਨਹੀਂ ਸੀ। ਜਦ ਕਿ ਮਾਰਕਸ ਦਾ ਪੂਰੇ ਦਾ ਪੂਰਾ ਸਿਧਾਂਤ ਇਸ ਸ਼ਬਦ ਵਿਚ ਨਿਰੂਪਤ ਹੈ। ਦੂਜਾ : ਪੰਨਾਂ ਨੰ: ੪੭੫ ਉੱਪਰ ਅੰਕਿਤ ਮੂਲ ਮੰਤਰ ਦਾ ਕਿਸੇ ਵੀ ਵਿਦਵਾਨ ਨੇ ਅੱਜ ਤੱਕ ਜ਼ਿਕਰ ਨਹੀਂ ਕੀਤਾ। ਕਾਰਣ: ਕਿਉਂਕਿ ਇਸ ਮੂਲ ਮੰਤਰ ਨਾਲ ਭਿੰਨ ਬ੍ਰਹਮ-ਗਿਆਨੀ ਚਿੰਤਕ, ਗੁਰੂ ਕਬੀਰ, ਗੁਰੂ ਨਾਮਦੇਵ ਅਤੇ ਗੁਰੂ ਰਵਿਦਾਸ ਦੇ ਨਾਮ ਅੰਕਿਤ ਹਨ। ਹੁਣ ਤੱਕ ਸਿੱਖ ਵਿਦਵਾਨਾਂ ਵਲੋਂ ਇਸ ਮੂਲ ਮੰਤਰ ਦਾ ਅਤੇ ਬੇਗ਼ਮਪੁਰਾ ਸ਼ਬਦ ਦਾ ਉਲੇਖ ਇਸ ਕਰਕੇ ਨਹੀਂ ਕੀਤਾ ਗਿਆ, ਕਿਉਂਕਿ ਅਜਿਹਾ ਕਰਨ ਨਾਲ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਗੁਰਮਤ ਵਿਚ ਸਿਰਕੱਢ ਅਤੇ ਮਹਾਨ ਬਣ ਜਾਣੀ ਸੀ ਅਤੇ ਗੁਰੂ ਰਵਿਦਾਸ ਜੀ ਦੀ ਮਹਾਨਤਾ ਵੀ ਸਿਖ਼ਰ ਤੇ ਅਪੜ ਜਾਣੀ ਸੀ।

ਇਸ ਕਰਕੇ ਮੈਂ ਦਲਿਤ ਵਿਦਵਾਨਾਂ, ਲੇਖਕਾਂ ਅਤੇ ਸਿਆਸਤਦਾਨਾਂ ਅੱਗੇ ਅਪੀਲ ਕਰਦਾ ਹਾਂ ਕਿ ਉਹ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨੂੰ ਘੋਖਣ, ਪੜਚੋਲਣ। ਪਰ ਅਜਿਹਾ ਕਰਦਿਆਂ ਉਹ ਸਿੱਖ ਵਿਦਵਾਨਾਂ ਦੀਆਂ ਕਿਰਤਾਂ ਦੀ ਨਕਲ ਕਰਕੇ ਉਸ ਅਨੁਸਾਰ ਗੁਰੂ ਜੀ ਦੀ ਵਿਚਾਰਧਾਰਾ ਦਾ ਅਧਿਐਨ ਹਰ ਹਾਲਤ ਵਿਚ ਨਾ ਕਰਨ। ਅਜਿਹਾ ਕਰਨ ਨਾਲ ਤੁਸੀਂ ਗੁਰੂ ਰਵਿਦਾਸ ਬਾਣੀ ਦੀਆਂ ਨਵੀਂਆਂ ਸੰਭਾਵਨਾਵਾਂ ਪੜਤਾਲਣ ਵਿਚ ਅਸਮਰਥ ਹੋ ਜਾਉਂਗੇ! ਹਾਂ, ਸਿੱਖ ਵਿਦਵਾਨਾਂ ਦੇ ਗੁਰੂ ਨਾਨਕ ਦੇਵ ਜੀ ਪ੍ਰਤੀ ਬੁਨਿਆਦੀ ਸਿਧਾਂਤਾ ਦੇ ਕੀਤੇ ਉਲੇਖ ਉੱਪਰ ਡੂੰਘੀ ਅਤੇ ਘੋਖਵੀਂ ਨਜ਼ਰ ਨਾਲ ਅਧਿਐਨ ਜ਼ਰੂਰ ਕਰਨਾ। ਕਾਰਣ: ਜੋ ਕੁਝ ਪਹਿਲਾਂ ਗੁਰੂ ਰਵਿਦਾਸ ਜੀ ਆਪਣੀ ਬਾਣੀ ਵਿਚ ਬੁਨਿਆਦੀ ਸਿਧਾਂਤ ਦੇ ਚੁੱਕੇ ਹਨ, ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਉਸੇ ਦਾ ਹੀ ਉਲੇਖ ਹੈ, ਉਸੇ ਦਾ ਹੀ ਵਿਸਥਾਰ ਹੈ।

ਪਰ ਯਕੀਨਨ ਇਹ ਗਲ ਤੁਸਾਂ, ਪਲੇ ਬੰਨ ਲੈਣੀ ਕਿ ਨਕਲ ਕਰਕੇ ਨਾ ਤਾਂ ਤੁਸੀਂ ਗੁਰੂ ਰਵਿਦਾਸ ਜੀ ਨੂੰ ਸਮਝ ਸਕੋਗੇ ਅਤੇ ਨਾਂ ਹੀ ਅਧਿਐਨ ਕਰਨ ਲਗਿਆਂ ਉਨ੍ਹਾਂ ਨਾਲ ਨਿਆਂ ਕਰ ਸਕੋਗੇ। ਸੋ ਤੁਸੀਂ ਅਜਿਹੀ ਨਕਲ ਤੋਂ ਬਚਣਾ ਹੈ ਅਤੇ ਨਿਰਪੱਖ ਰਹਿਕੇ ਗੁਰੂ ਜੀ ਦੀ ਵਿਚਾਰਧਾਰਾ ਨੂੰ ਵਿਚਾਰਨਾ, ਪ੍ਰਚਾਰਨਾ ਅਤੇ ਉਭਾਰਨਾ ਹੈ। ਜੇ ਅਜਿਹਾ ਨਾ ਕੀਤਾ ਗਿਆ ਤਾਂ ਆਉਣ ਵਾਲੀਆਂ ਪੀੜੀਆਂ ਉਪਰੋਕਤ ਦਸੇ ਬ੍ਰਹਮ-ਗਿਆਨੀ ਚਿੰਤਕਾਂ ਦੀ ਵਿਚਾਰਧਾਰਾ ਦੇ ਮਹਾਨ ਗੌਰਵ ਤੋਂ ਵਾਂਝੀਆਂ ਰਹਿ ਜਾਣਗੀਆਂ ਕਿ ਗੁਰੂ ਰਵਿਦਾਸ ਜੀ ਗੁਰੂ ਕਬੀਰ ਜੀ ਆਦਿ ਨੇ ਗੁਰੂ ਗ੍ਰੰਥ ਸਾਹਿਬ ਵਿਚ ਵਿਰਾਜਮਾਨ ਮਹਾਂਪੁਰਸ਼ਾਂ ਦੀ ਵਿਚਾਰਧਾਰਾ ਦੇ ਪੱਖੋਂ ਅਗਵਾਈ ਕੀਤੀ ਹੈ। ਇਸ ਤੱਥ ਨੂੰ ਡਾ. ਸਾਹਬ ਸਿੰਘ ਨੇ ਵੀ "ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ" ਵਿਚ ਵਿਗਿਆਨਕ ਦਲੀਲਾਂ ਦੇ ਕੇ ਭਰਵੇਂ ਰੂਪ ਵਿਚ ਦ੍ਰਿੜ

ਕੀਤਾ ਹੈ।

ਹੇ ਦਲਿਤ ਵੀਰ ਲੇਖਕੋ! ਇਹ ਗਲ ਵੀ ਸਪਸ਼ਟ ਹੋ ਜਾਣੀ ਚਾਹੀਦੀ ਹੈ ਕਿ ਦਲਿਤ ਲੇਖਕਾਂ ਦਾ ਵਿਰੋਧ ਹੋਣਾ ਸ਼ੁਰੂ ਹੋ ਗਿਆ ਹੈ ਵਿਦਵਾਨਾਂ ਅਤੇ ਸਿਆਸਤਦਾਨਾਂ ਵਲੋਂ। ਗੁਰੂ ਰਵਿਦਾਸ ਚੇਅਰ ਚੰਡੀਗੜ੍ਹ ਬਣੀ ਅਤੇ ਫਿਰ ਅੰਮ੍ਰਿਤਸਰ। ਹੁਣ ਉੱਚ ਜਾਤੀ ਦੇ ਡਾ: ਬਲਕਾਰ ਸਿੰਘ ਵਰਗੇ ਬ੍ਰਾਹਮਣਵਾਦੀ ਸਿੱਖ ਲੇਖਕ ਅਤੇ ਸਿਆਸਤਦਾਨ ਇਹ ਵਿਰੋਧ ਕਰ ਰਹੇ ਹਨ ਕਿ ਚੇਅਰ ਦੇ ਨਾਮ ਨਾਲ 'ਗੁਰੂ' ਕਿਉਂ ਜੋੜਿਆ ਗਿਆ ਹੈ? ਪਰ ਅਜਿਹੇ ਵਿਦਵਾਨ ਅਤੇ ਸਿਆਸਤਦਾਨ ਗੁਰੂ ਸ਼ਬਦ ਹਟਾਉਣ ਦੇ ਅਸਮਰਥ ਹਨ। ਕਾਰਨ: 'ਗੁਰੂ' ਸ਼ਬਦ ਦਾ ਉਲੇਖ ਦਲਿਤ ਸਿਆਸਤਦਾਨਾਂ ਅਤੇ ਲੇਖਕਾਂ ਦੀਆਂ ਕੁਰਬਾਨੀਆਂ ਸਦਕਾਂ ਹੀ ਲਿਖਿਆ ਗਿਆ ਹੈ। ਪਰ ਜੇਕਰ ਗੁਰੂ ਕਬੀਰ ਜੀ ਜਾਂ ਗੁਰੂ ਨਾਮਦੇਵ ਜੀ ਨਾਲ 'ਗੁਰੂ' ਸ਼ਬਦ ਨਹੀਂ ਜੁੜ ਸਕਿਆ ਤਾਂ ਇਸ ਦਾ ਕਾਰਣ ਇਸ ਵਰਗ ਦੇ ਵਿਦਵਾਨਾਂ ਅਤੇ ਸਿਆਸਤਦਾਨਾਂ ਦੀ ਹੀ ਕਮਜ਼ੋਰੀ ਹੈ।

ਹੁਣ ਮੇਰੀ ਅਪੀਲ ਭਾਰਤ ਦੇ ਦਲਿਤ ਵਰਗ ਦੇ ਸਾਧੂ-ਸਮਾਜ ਅੱਗੇ ਹੈ!

ਹੇ ਸਾਧੂ ਸਮਾਜ ਦੇ ਮਹਾਨ ਬ੍ਰਹਮ-ਗਿਆਨੀ ਸੰਤ ਸਾਹਿਬਾਨ! ਆਦਿ ਧਰਮ, ਸੰਪੂਰਨ ਧਰਮ ਹੈ। ਇਸ ਧਰਮ ਦੀ ਧਾਰਮਕ ਵਿਚਾਰਧਾਰਾ ਦਾ ਅੰਤਮ ਪੜਾ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਹੀ ਹੈ। ਇਸ ਵਿਚਾਰਧਾਰਾ ਵਿਚ ਗੁਰੂ ਰਵਿਦਾਸ ਜੀ ਦੇ ਅੰਤਹਿਕਰਣ ਵਿਚ ਬਲ ਰਹੀ ਪ੍ਰਚੰਡ ਅਗਨੀ ਹੈ, ਜਿਹੜੀ ਹਿੰਦੂ ਧਰਮ ਦੇ ਗ੍ਰੰਥਾਂ ਨੂੰ ਨਸ਼ਟ ਕਰਕੇ ਆਦਿ ਧਰਮ ਦੀ ਕੌਮ ਭਾਵ ਸ਼ੂਦਰਾਂ ਆਦਿ ਨੂੰ ਉਨ੍ਹਾਂ ਦੇ ਹੱਕ ਲੈ ਕੇ ਦੇਣ ਲਈ ਦ੍ਰਿੜ ਹੈ। ਉਨ੍ਹਾਂ ਨੇ ਇਸ ਅਗਨੀ ਨੂੰ ਭਬੂਕਾ ਨਹੀਂ ਬਣਨ ਦਿੱਤਾ, ਜਿਹੜਾ ਇਕ ਵਾਰ ਭੜਕ ਕੇ ਸ਼ਾਂਤ ਹੋ ਜਾਂਦਾ ਹੈ, ਫਿਰ ਮੁੜ ਕੇ ਸਿਰ ਨਹੀਂ ਚੁੱਕਦਾ। ਗੁਰੂ ਜੀ ਨੇ ਇਸ ਅਗਨੀ ਨੂੰ "ਮਾਰੂ ਰਾਗ" ਦੇ ਸ਼ਬਦ "ਐਸੀ ਲਾਲ ਤੁਝ ਬਿਨ ਕਉਨ ਕਰੈ' ਅਤੇ "ਸੁਖ ਸਾਗਰ ਸੁਰਤਰਿ ਚਿੰਤਾਮਨਿ" ਵਿਚ ਹਰ ਸਾਹ ਨਾਲ ਪ੍ਰਚੰਡ ਕੀਤਾ ਹੈ। ਇਸ ਮੁਰਦਾ ਬਣ ਚੁੱਕੀ ਕੌਮ ਵਿਚ ਸਾਹਸ ਭਰਕੇ ਇਕ ਕ੍ਰਾਂਤੀਕਾਰੀ ਲਹਿਰ ਦਾ ਰੂਪ ਦਿੱਤਾ। ਜਿਸ ਨੇ ਬੜੇ ਬੜੇ ਸ਼ਹਿਨਸ਼ਾਹ ਬੜੇ ਬੜੇ ਬ੍ਰਾਹਮਣਾਂ ਦੇ ਪ੍ਰਧਾਨ-ਧਾਰਮਕ ਆਗੂਆਂ ਨੂੰ ਆਪਣੇ ਪੈਰਾਂ ਵਿਚ ਝੁਕਾਇਆ। ਗੁਰੂ ਜੀ ਚਹੁੰਦੇ ਸਨ, ਉਹ ਜੜ੍ਹ ਹੀ ਜਲਾ ਕੇ ਸੁਆਹ ਕਰ ਦਿਉ ਜਿਸ ਦਾ ਵਿਕਾਸ ਕੇਵਲ ਜ਼ਹਿਰ ਉਗਲਦਾ ਹੈ। ਇਸ ਲਈ ਮੇਰੀ ਸੰਤ ਸਮਾਜ ਅਗੇ ਸੁਨਿਮਰ ਬੇਨਤੀ ਹੈ ਕਿ ਉਹ ਆਪਣੀ ਧਾਰਮਕ ਲਹਿਰ ਨੂੰ 'ਆਦਿ ਧਰਮ' ਦਾ ਨਾਮ ਦੇ ਕੇ, ਇਕ ਕ੍ਰਾਂਤੀਕਾਰੀ ਲਹਿਰ ਦਾ ਰੂਪ ਦੇ ਦੇਣ, ਤਾਂ ਕਿ ਦ੍ਰਾਵੜ, ਸ਼ੂਦਰ ਆਦਿ ਇਕ ਸ਼ਕਤੀ ਬਣਕੇ ਨਫ਼ਰਤ ਫੈਲਾਉਣ ਵਾਲੇ ਇਨਸਾਨੀਅਤ ਦੇ ਕਾਤਲ ਧਰਮਾਂ ਦਾ ਸਫਾਇਆ ਕਰ ਸਕਣ। ਡਾ: ਅੰਬੇਡਕਰ

ਵਿਚ ਵੀ ਗੁਰੂ ਰਵਿਦਾਸ ਜੀ ਦੀ ਹੀ ਰੂਹ ਵਿਰਾਜਮਾਨ ਸੀ। ਜੇ ਗੁਰੂ ਜੀ ਨੇ ਹਿੰਦੂ ਧਰਮ ਦਾ ਆਦਿ ਤੋਂ ਲੈ ਕੇ ਅੰਤ ਤੱਕ ਖੰਡਨ ਕਰਕੇ ਆਪਣੀ ਨਵੀਂ ਵਿਚਾਰਧਾਰਾ ਦਿੱਤੀ ਤਾਂ ਡਾ: ਅੰਬੇਡਕਰ ਨੇ ਵੀ ਹਿੰਦੂ ਧਰਮ ਦਾ "ਰਿਡਲਜ਼ ਇਨ ਹਿੰਦੂ ਇਜ਼ਮ. ਵੋਲ, iv ਵਿੱਚ ਹਿੰਦੂ ਧਰਮ ਦੀ ਵਿਚਾਰਧਾਰਾ ਦਾ ਨਾਸ਼ ਕਰਕੇ ਦਲਿਤ ਕੌਮ ਨੂੰ ਇੱਜ਼ਤ ਮਾਣ ਬਖਸ਼ਿਆ। ਸੋ ਜੋ ਗੁਰੂ ਜੀ ਨੇ ਕੀਤਾ ਉਹ ਹੀ ਡਾ. ਸਾਹਿਬ ਨੇ ਕੀਤਾ ਹੈ। ਫਿਰ ਸੰਤ-ਸਮਾਜ ਇਸ ਲਹਿਰ ਨੂੰ ਅੱਗੇ ਕਿਉਂ ਨਹੀਂ ਤੋਰ ਰਿਹਾ? ਮੇਰੀ ਅਪੀਲ ਹੈ ਸੰਤ-ਸਮਾਜ ਅੱਗੇ ਕਿ ਉਹ ਗੁਰੂ ਰਵਿਦਾਸ ਜੀ ਦੇ ਮਾਰੂ ਰਾਗ ਵਿੱਚ ਦਰਜ ਹੁਕਮ ਨੂੰ ਲਾਗੂ ਕਰਨ ਲਈ ਆਪਣੇ ਸੇਵਕਾਂ ਨੂੰ ਐਨਾ ਪ੍ਰਚੰਡ ਕਰਨ, ਐਨਾ ਪ੍ਰਚੰਡ ਕਰਨ, ਕਿ ਉਨ੍ਹਾਂ ਦਾ ਨਾਮ ਸੁਣਦਿਆਂ ਹੀ ਨਫ਼ਰਤ ਫੈਲਾਉਣ ਵਾਲੀਆਂ ਸ਼ਕਤੀਆਂ ਕੰਬ ਉੱਠਣ ਅਤੇ ਆਪਣਾ ਜ਼ਹਿਰ ਉੱਗਲਣ ਵਾਲਾ ਰਾਹ ਤਿਆਗਣ ਲਈ ਮਜ਼ਬੂਰ ਹੋ ਜਾਣ। ਇਸ ਤਰ੍ਹਾਂ ਇਨਸਾਨੀਅਤ ਨੂੰ ਪਿਆਰਨ ਵਾਲੀਆਂ ਸ਼ਕਤੀਆਂ ਪ੍ਰਚੰਡ ਬਣ ਕੇ ਸੰਸਾਰ ਨੂੰ ਸ਼ਾਂਤੀ ਅਤੇ ਪਿਆਰ ਦੇ ਬੰਧਨ ਵਿਚ ਬੰਨ ਸਕਣ ਜਿਸ ਨੂੰ ਗੁਰੂ ਰਵਿਦਾਸ ਜੀ ਨੇ ਬੇਗ਼ਮਪੁਰਾ ਵਿਚ ਵੀ ਨਿਰੂਪਤ ਕੀਤਾ ਹੈ।

ਹੁਣ, ਟੀਕਾ ਕਰਨ ਸਮੇਂ ਪੁਸਤਕ ਵਿੱਚ ਵਰਤੀ ਗਈ ਵਿਧੀ ਦਾ ਉਲੇਖ ਕਰਦੇ ਹਾਂ। ਸ਼ਬਦ ਦੇ ਟੀਕੇ ਤੋਂ ਪਹਿਲਾਂ ਸ਼ਬਦ ਵਿਚ ਅੰਤਰੀਵ ਵਿਚਾਰ ਵਿਧਾਨ ਦਿੱਤਾ ਗਿਆ ਹੈ। ਇਸ ਤੋਂ ਬਿਨਾਂ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਦਾ ਸਹੀ ਮੁਲਅੰਕਣ ਪਾਠਕ ਤੱਕ ਨਹੀਂ ਸੀ ਪਹੁੰਚ ਸਕਣਾ! ਵਿਚਾਰ-ਵਿਧਾਨ ਵਿਚ ਵਿਆਖਿਆ ਦੀ ਖੁਲ੍ਹ ਹੁੰਦੀ ਹੈ, ਪਰ ਟੀਕਾ ਕਰਦਿਆਂ ਅਜਿਹੀ ਖੁਲ੍ਹ ਨਹੀਂ ਲਈ ਜਾ ਸਕਦੀ। ਇਸ ਕਰਕੇ ਅਸੀਂ ਵਿਚਾਰ-ਵਿਧਾਨ ਵਿਚ, ਸ਼ਬਦ ਵਿਚ ਦਿੱਤੀ ਵਿਚਾਰਧਾਰਾ ਦੀ ਹਰ ਪੱਖੋਂ ਡੂੰਘਾਈ ਨਾਲ ਖੋਜ ਕਰਕੇ ਪਰਖਿਆ ਪੜਚੋਲਿਆ ਹੈ ਅਤੇ ਸ਼ਬਦ ਦੀ ਵਿਚਾਰਧਾਰਾ ਵਿਚ ਨਿਰੂਪਤ ਸਿਧਾਂਤਾਂ ਨੂੰ ਨਿਖੇੜ ਕੇ ਵੱਖਰੇ ਤੌਰ ਤੇ ਦਿੱਤਾ ਗਿਆ ਹੈ। ਇਸ ਲਈ ਪਾਠਕਾਂ ਪ੍ਰਤੀ ਬੇਨਤੀ ਹੈ ਕਿ ਉਹ ਸ਼ਬਦ ਦੇ ਅਰਥਾਂ ਨੂੰ ਪੜ੍ਹਨ ਤੋਂ ਪਹਿਲਾਂ "ਸ਼ਬਦ ਦਾ ਅੰਤਰੀਵ ਵਿਚਾਰ ਵਿਧਾਨ" ਜ਼ਰੂਰ ਪੜ੍ਹ ਲੈਣ।

ਦੂਜੀ ਮਹਤਵਪੂਰਨ ਗਲ ਇਹ ਹੈ ਕਿ ਹਰ ਸ਼ਬਦ ਦੀ ਵਿਆਖਿਆ ਨੂੰ ਰਾਗ ਦੇ ਸਿਧਾਂਤ ਅਨੁਸਾਰ ਪਰਖ ਪੜਚੋਲ ਕੇ ਗੁਰੂ ਰਵਿਦਾਸ ਬਾਣੀ ਦੀਆਂ ਨਵੀਆਂ ਸੰਭਾਵਨਾਵਾਂ, ਜਿਹੜੀਆਂ ਪਹਿਲਾਂ ਉਜਾਗਰ ਨਹੀਂ ਸਨ ਹੋ ਸਕੀਆਂ ਜਾਂ ਜਾਣ ਬੁੱਝ ਕੇ ਸਿੱਖ ਵਿਦਵਾਨਾਂ ਵਲੋਂ ਉਜਾਗਰ ਨਹੀਂ ਸਨ ਕੀਤੀਆਂ ਗਈਆਂ, ਉਨ੍ਹਾਂ ਨੂੰ ਵਿਗਿਆਨਕ ਦ੍ਰਿਸ਼ਟੀ ਤੋਂ ਪਰਖ ਕੇ ਉਜਾਗਰ ਕੀਤਾ ਗਿਆ ਹੈ।

ਅਗਲੀ ਗਲ ਇਹ ਹੈ ਕਿ ਅਸੀਂ ਗੁਰੂ ਕਬੀਰ ਜੀ ਨਾਲੋਂ ਪਹਿਲਾਂ ਗੁਰੂ ਰਵਿਦਾਸ ਜੀ ਨੂੰ ਸਥਾਨ ਦਿੱਤਾ ਹੈ। ਕਿਉਂਕਿ ਗੁਰੂ ਰਵਿਦਾਸ ਜੀ ਉਨ੍ਹਾਂ ਨਾਲੋਂ ਉਮਰ ਵਿਚ ਵੱਡੇ ਹਨ। ਗੁਰੂ ਰਵਿਦਾਸ ਜੀ ਦਾ ਜਨਮ 1433 ਸੰਮਤ ਦ੍ਰਿੜ ਹੋ ਗਿਆ ਹੈ ਅਤੇ ਭਾਈ ਕਾਹਨ ਸਿੰਘ ਨਾਭਾ ਅਤੇ ਭਾਈ ਜੋਧ ਸਿੰਘ ਗੁਰੂ ਕਬੀਰ ਜੀ ਦਾ ਜਨਮ 1455 ਸੰਮਤ ਮੰਨਦੇ ਹਨ। ਇਸ ਕਾਰਣ ਗੁਰੂ ਰਵਿਦਾਸ ਜੀ ਵੱਡੇ ਹਨ।

ਆਖਰੀ ਬੇਨਤੀ ਵਿਦਵਾਨਾਂ ਅਤੇ ਪਾਠਕਾਂ ਪ੍ਰਤੀ ਹੈ। ਗੁਰਬਾਣੀ ਦਾ ਟੀਕਾ ਕਰਨਾ ਅਤਿ ਕਠਨ ਕਾਰਜ ਹੈ। ਉੱਤਮ ਟੀਕਾ, ਸ਼ਬਦ ਵਿਚ ਨਿਰੂਪਤ ਵਿਚਾਰਧਾਰਾ ਨਾਲ, ਉੱਤਮ ਰੂਪ ਵਿਚ ਓਤਪੋਤ ਹੋਏ ਬਿਨਾਂ ਸੰਭਵ ਨਹੀਂ ਹੈ। ਇਸ ਕਾਰਣ ਟੀਕਾ ਕਰਦਿਆਂ ਕਈ ਵਾਰੀ ਇਕ 'ਤੁਕ' ਇਥੋਂ ਤੱਕ ਕਿ ਇੱਕ 'ਲਫ਼ਜ਼' ਦੇ ਅਰਥ ਕਰਨ ਲੱਗਿਆ ਕਈ ਕਈ ਦਿਨ ਦੀ ਘੋਰ ਤਪੱਸਿਆ ਪਿਛੋਂ ਹੀ ਤੁਕ ਜਾਂ 'ਲਫ਼ਜ਼' ਦਾ ਅਰਥ ਪ੍ਰਾਪਤ ਕਰਨ ਵਿਚ ਸਫ਼ਲਤਾ ਮਿਲੀ ਹੈ। ਫਿਰ ਵੀ ਜੇ ਕਿਤੇ ਟੀਕਾ ਕਰਨ ਵਿਚ ਘਾਟ ਜਾਂ ਤਰੁਟੀ ਰਹਿ ਗਈ ਹੋਵੇ ਤਾਂ ਭੁੱਲੜ-ਜੀਵ ਸਮਝ ਕੇ ਬਖ਼ਸ਼ ਦੇਣਾ। ਅਤੇ ਨਾਲ ਦੀ ਨਾਲ ਉਸ ਦੇ ਸਹੀ ਅਰਥ ਦਾਸ (ਲੇਖਕ) ਨੂੰ ਭੇਜਣ ਦੀ ਖੇਚਲ ਕਰਨਾ ਤਾਂ ਕਿ ਦਾਸ ਉਸ ਵਿਚ ਸੋਧ ਕਰ ਲਵੇ ਅਤੇ ਅੱਗੇ ਤੋਂ ਅਜਿਹੀ ਗ਼ਲਤੀ ਨਾ ਹੋ ਸਕੇ। ਅਜਿਹਾ ਕਰਨ ਨਾਲ ਨਵਾਂ ਸੰਕਲਨ ਛਪਣ ਵੇਲੇ ਪੁਸਤਕ ਨੂੰ ਸੋਧਣ ਵਿਚ ਵੀ ਸਫ਼ਲਤਾ ਮਿਲੇਗੀ। ਅਜਿਹੀ ਸੋਧ ਲਈ ਦਾਸ, ਵਿਦਵਾਨ ਸਜਣਾ ਦਾ ਧੰਨਵਾਦੀ ਹੋਵੇਗਾ।

ਲਾਲ ਸਿੰਘ

ਭੂਮਿਕਾ

(ਤੀਜਾ ਸੰਕਲਨ)

ਜਦੋਂ ਅੰਤਰ ਆਤਮਾ ਬਾਹਰੀ ਅਨੰਤ ਨਾਲ ਇੱਕਸੁਰ ਹੋ ਜਾਂਦੀ ਹੈ ਉਦੋਂ ਅਨੰਤ ਜਿੰਨੇ ਵਿਸ਼ਾਲ ਅਗਮੀ ਵਿਚਾਰਾਂ ਦੀ ਸਿਰਜਣਾ ਹੁੰਦੀ ਹੈ। ਇਹ ਵਿਚਾਰ ਆਪ ਮੁਹਾਰੇ ਹੀ ਫੁੱਟ ਵਗਦੇ ਹਨ ਅਤੇ ਹੁੰਦੇ ਵੀ ਅੱਦਭੁਤ, ਵਿਲੱਖਣ ਅਤੇ ਹੈਰਾਨਕੁੰਨ ਹਨ; ਜਿਹੜੇ ਲਿਖਣ ਵੇਲੇ ਲੇਖਕ ਦੇ ਚਿੱਤ ਚੇਤੇ ਵੀ ਨਹੀਂ ਹੁੰਦੇ। ਇਹੋ ਹੀ ਪ੍ਰਭ-ਵਿਚਾਰ ਹਨ ਜਿਸਨੂੰ ਬ੍ਰਹਮ-ਗਿਆਨ ਕਿਹਾ ਜਾਂਦਾ ਹੈ। ਇਸ ਬ੍ਰਹਮ-ਗਿਆਨ ਦੀ ਪ੍ਰਾਪਤੀ ਤਾਂ ਹੀ ਹੁੰਦੀ ਹੈ ਜੇ ਜੀਵ ਆਪਣੇ ਪਵਿੱਤਰ ਵਿਚਾਰਾਂ ਨੂੰ ਅਮਲੀ ਰੂਪ ਦੇ ਦੇਵੇ। ਅਜਿਹਾ ਜੀਵ ਅਨੰਤ ਬਣ ਜਾਂਦਾ ਹੈ:

ਸੰਤ ਅਨੰਤਹਿ ਅੰਤਰ ਨਾਹੀ।। ਗੁਰੂ ਰਵਿਦਾਸ ਜੀ
ਨਾਨਕ ਬ੍ਰਹਮ-ਗਿਆਨੀ ਆਪ ਪ੍ਰਮੇਸ਼ਰ।। ਮ:੫

ਜਦੋਂ ਲੇਖਕ ਅਜਿਹੀ ਮਾਨਸਿਕ ਸਥਿਤੀ ਵਿੱਚ ਵਿੱਚਰ ਰਿਹਾ ਹੁੰਦਾ ਹੈ ਓਦੋਂ ਹੀ ਉਹ ਬ੍ਰਹਮ-ਗਿਆਨ ਦੀ ਸਿਰਜਣਾ ਕਰ ਰਿਹਾ ਹੁੰਦਾ ਹੈ। ਅਜਿਹੀ ਰਚਨਾ ਪੜ੍ਹਕੇ ਗੰਭੀਰ ਪਾਠਕ ਖੁੱਦ ਆਤਮਕ-ਅਨੰਦ ਭੋਗਣ ਲਗਦਾ ਹੈ। ਜਦੋਂ ਪਾਠਕ ਰਚਨਾ ਨੂੰ ਪੜ੍ਹਦਾ-ਪੜ੍ਹਦਾ ਆਤਮਕ ਅਨੰਦ ਦੀ ਅਵਸਥਾ ਵਿੱਚ ਵਿਚਰਦਾ ਹੈ ਓਦੋਂ ਉਹ ਅਗਮੀ ਅਨੰਦ ਵੀ ਮਾਣ ਰਿਹਾ ਹੁੰਦਾ ਹੈ ਅਤੇ ਰਚਨਾ ਵਿੱਚ ਨਿਰੂਪਤ ਬ੍ਰਹਮ-ਵਿਚਾਰਾਂ ਦੀ ਪੋ੍ੜਤਾ ਵੀ ਕਰ ਰਿਹਾ ਹੁੰਦਾ ਹੈ।

ਮੇਰੀ ਪੁਸਤਕ "ਸਟੀਕ ਬਾਣੀ ਸ੍ਰੀ ਗੁਰੂ ਰਵਿਦਾਸ ਜੀ ਅਤੇ ਤੱਤ ਸਿਧਾਂਤ" ਪੜ੍ਹਕੇ ਕੁਝ ਇਸ ਤਰ੍ਹਾਂ ਦੇ ਵਿਚਾਰ ਅਤੇ ਪ੍ਰਭਾਵ ਮਹਾਂਪੁਰਸ਼ਾਂ ਨੇ ਪਰਗਟ ਕੀਤੇ :

ੳ) "ਸਟੀਕ ਬਾਣੀ ਸ੍ਰੀ ਗੁਰੂ ਰਵਿਦਾਸ ਜੀ ਅਤੇ ਤੱਤ ਸਿਧਾਂਤ ਪੁਸਤਕ ਤੁਸੀਂ ਆਪ ਨਹੀਂ ਲਿਖ ਸਕਦੇ। ਇਹ ਤਾਂ ਤੁਹਾਡੇ ਰਾਹੀਂ ਗੁਰੂ ਰਵਿਦਾਸ ਜੀ ਨੇ ਖੁਦ ਲਿਖੀ ਹੈ।"

ਅ) "ਮੈਂ ਸਟੀਕ ਬਾਣੀ ਸ੍ਰੀ ਗੁਰੂ ਰਵਿਦਾਸ ਜੀ ਅਤੇ ਤੱਤ ਸਿਧਾਂਤ ਵਰਗੀ ਪੁਸਤਕ ਅੱਜ ਤਕ ਨਹੀਂ ਪੜ੍ਹੀ। ਮੈਂ ਪ੍ਰੋ: ਲਾਲ ਸਿੰਘ ਨੂੰ ਮਿਲਣਾ ਚਾਹੁੰਦਾ ਹਾਂ।"

ਬਰਨਈ ਤੋਂ ਸ਼੍ਰੀ ਮਹਿੰਦਰ ਸੰਧੂ ਮਹੇੜੂ ਦਾ 10 ਅਕਤੂਬਰ 1999 ਦਾ ਪੱਤਰ ਆਇਆ। ਇਹ ਪੱਤਰ ਆਉਣ ਤੋਂ ਪਹਿਲਾਂ ਮੈਂ ਉਨ੍ਹਾਂ ਨੂੰ ਕਦੇ ਨਹੀਂ ਸਾਂ ਮਿਲਿਆ। ਉਨ੍ਹਾਂ ਨੇ ਪੱਤਰ ਵਿੱਚ "ਸਟੀਕ ਬਾਣੀ ਸ੍ਰੀ ਗੁਰੂ ਰਵਿਦਾਸ ਜੀ ਅਤੇ ਤੱਤ ਸਿਧਾਂਤ" ਬਾਰੇ ਲਿਖਿਆ ਸੀ:

"ਅੱਜ ਤੱਕ ਬੜੀਆਂ ਮੈਂ ਪੁਸਤਕਾਂ ਪੜ੍ਹੀਆਂ ਲੇਕਿਨ ਆਪ ਜੀ ਵਰਗਾ ਕੋਈ ਦੀਪਕ ਨਜ਼ਰ ਨਹੀਂ ਆਇਆ। ਤੁਸੀਂ ਗੱਲ ਲਿਖਦੇ ਹੋ ਉਹ ਵੀ ਨਿਧੜਕ ਹੋ ਕਰ। ਪਰ ਦੁੱਖ ਦੀ ਗੱਲ ਇਹ ਹੈ ਕਿ ਕੌਮ ਦੀ ਤਾਂ ਗੱਲ ਰਹੀ ਇੱਕ ਪਾਸੇ, ਸਾਡੇ ਸਾਧੂ ਸਮਾਜ ਵੱਲੋਂ ਵੀ ਜੋ ਆਪਦਾ ਸਤਿਕਾਰ ਹੋਣਾ ਚਾਹੀਦਾ ਹੈ ਕਿਸੇ ਸੰਤ ਜਨ ਨੇ ਨਹੀਂ ਕਿਤਾ। ਚਲੋਂ ਫਿਰ ਕਾਂਸ਼ੀ ਵਾਲੇ ਬਿਨ੍ਹਾਂ ਕਿਸੇ ਹੋਰ ਦੀ ਓਟ ਤੱਕਣ ਦੀ ਲੋੜ ਨਹੀਂ।"

23 ਫਰਵਰੀ 2000 ਨੂੰ ਡੇਰਾ ਸਤਿਗੁਰੂ ਟਹਿਲ ਦਾਸ ਜੀ ਸਲੇਮਟਾਬਰੀ ਲੁਧਿਆਣਾ ਦੇ ਮੌਜੂਦਾ ਗੱਦੀ-ਨਸ਼ੀਨ ਸ੍ਰੀਮਾਨ ਸੰਤ ਸਰਵਣ ਦਾਸ ਜੀ ਨੇ ਲੇਖਕ ਨੂੰ 3100/- ਰੁਪੈ, ਇੱਕ ਸ਼ਾਲ ਅਤੇ ਇੱਕ ਸ਼ਾਨਦਾਰ ਯਾਦ ਚਿੰਨ੍ਹ ਨਾਲ ਸਨਮਾਨਤ ਕੀਤਾ।

ਸਨਮਾਨਤ ਕਰਨ ਤੋਂ ਪਹਿਲਾਂ ਸੰਤ ਸਰਵਣ ਜੀ ਮਹਾਰਾਜ ਲੇਖਕ ਦੀਆਂ ਕਿਤਾਬਾਂ ਖਰੀਦ ਕੇ ਸੰਗਤਾਂ ਵਿੱਚ ਮੁਫਤ ਵੱਡ ਚੁੱਕੇ ਸੀ। ਸੰਤ ਮਹਾਰਾਜ ਜੀ ਨੇ ਇਨ੍ਹਾਂ ਪੁਸਤਕਾਂ ਦੀ ਹਰ ਥਾਂ, ਹਰ ਸਮਾਗਮ ਵਿੱਚ ਭਰਪੂਰ ਉਪਮਾ ਕੀਤੀ ਹੈ। ਉਨ੍ਹਾਂ ਨੇ ਪਿੰਡ ਹਕੀਮਪੁਰਾ, ਨੇੜੇ ਬੰਗਾ, ਜ਼ਿਲਾ ਨਵਾਂਸ਼ਹਿਰ ਵਿਖੇ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਦੇ ਮੌਕੇ ਤੇ ਅੱਠ ਮਾਰਚ 2000 ਨੂੰ ਪ੍ਰਵਚਨ ਕਰਦਿਆਂ ਸਪਸ਼ਟ ਕਿਹਾ:

"ਮੈਂ ਅਨੇਕਾਂ ਪੁਸਤਕਾਂ ਪੜ੍ਹੀਆਂ ਹਨ ਪਰ "ਸਟੀਕ ਬਾਣੀ ਸ੍ਰੀ ਗੁਰੂ ਰਵਿਦਾਸ ਜੀ ਅਤੇ ਤੱਤ ਸਿਧਾਂਤ" ਵਰਗੀ ਪੁਸਤਕ ਨਾ ਅੱਜ ਤੱਕ ਲਿਖੀ ਗਈ ਹੈ ਅਤੇ ਨਾਂ ਹੀ ਅੱਗੇ ਨੂੰ ਲਿਖੀ ਜਾਵੇਗੀ।"

ਸੰਤ ਮਹਾਰਾਜ ਜੀ ਦੇ ਪ੍ਰਵਚਨ ਸੁਣਕੇ ਇੱਕ ਪੜ੍ਹਿਆ ਲਿਖਿਆ ਨੌਕਰੀ-ਪੇਸ਼ਾ ਨੌਜਵਾਨ ਸ਼੍ਰੀ ਅਮਰਜੀਤ ਕੁਮਾਰ ਸਮਾਗਮ ਪਿੱਛੋਂ ਮਹਾਰਾਜ ਜੀ ਨੂੰ ਮਿਲਿਆ ਅਤੇ ਪੁਸਤਕ ਬਾਰੇ ਪੁੱਛਿਆ। ਮਹਾਰਾਜ ਜੀ ਨੇ ਉਪਰੋਕਤ ਪੁਸਤਕ ਉਸ ਨੌਜਵਾਨ ਨੂੰ ਮੁਫਤ ਭੇਂਟ ਕੀਤੀ। ਉਸਨੇ ਪੁਸਤਕ ਦੀ ਕੀਮਤ ਪੁੱਛੀ। ਮਹਾਰਾਜ ਜੀ ਨੇ ਕਿਹਾ ਕਿ ਪੁਸਤਕ ਪੜ੍ਹਕੇ ਦਸੋਂ ਕਿ ਕਿਹੋ ਜਿਹੀ ਹੈ। ਸ਼੍ਰੀ ਅਮਰਜੀਤ ਕੁਮਾਰ ਕੁਝ ਦਿਨਾਂ ਪਿੱਛੋਂ ਮਹਾਰਾਜ ਜੀ ਨੂੰ ਮਿਲੇ ਪੁਸਤਕ ਦੀ ਪ੍ਰਸੰਸਾ ਕੀਤੀ ਅਤੇ ਖੁਸ਼ ਹੋ ਕੇ ਅਨੰਤ ਮਾਇਆ ਭੇਂਟ ਕਰਦਿਆਂ ਚਰਣਾਂ ਤੇ ਸੀਸ ਨਿਵਾਇਆ।

ਸੋ ਅਨੇਕ ਮਹਾਪੁਰਸ਼-ਸੰਤਾਂ ਵਲੋਂ ਕੀਤੀ ਇਸ ਪੁਸਤਕ ਦੀ ਪ੍ਰਸੰਸਾ ਲੱਖਾਂ ਸ਼ਰਧਾਲੂਆਂ ਲਈ ਪ੍ਰੇਰਨਾ ਦਾ ਸਾਧਨ ਬਣੇਗੀ। ਪਰ ਜਿਵੇਂ ਅਸੀਂ ਇਸ ਪੁਸਤਕ ਦੇ

ਪਹਿਲੇ ਸੰਕਲਨ ਦੀ ਭੂਮਿਕਾ ਵਿੱਚ ਲਿਖਿਆ ਸੀ ਕਿ ਬ੍ਰਾਹਮਣਵਾਦੀ ਸਿੱਖ ਪਾਠਕਾਂ ਅਤੇ ਵਿਦਵਾਨਾਂ ਨੇ ਗੁਰੂ ਰਵਿਦਾਸ ਜੀ ਦੀ ਬਾਣੀ ਵਿੱਚ ਉਜਾਗਰ ਹੋ ਰਹੇ ਗੁਰੂ ਗ੍ਰੰਥ ਸਾਹਿਬ ਦੇ ਬੁਨਿਆਦੀ ਸਿਧਾਂਤਾ ਨੂੰ ਨਾ ਕਦੇ ਪਹਿਲਾਂ ਸਲਾਹਿਆ ਹੈ ਅਤੇ ਨਾ ਹੀ ਅੱਗੇ ਤੋਂ ਸ਼ਲਾਘਾ ਕਰਨਗੇ। ਅਜਿਹਾ ਕਰਨ ਨਾਲ ਉਨ੍ਹਾਂ ਦੇ ਅਹੰਕਾਰ ਨੂੰ ਸੱਟ ਵੱਜਦੀ ਹੈ ਕਿਉਂਕਿ ਗੁਰਬਾਣੀ ਬਾਰੇ ਲਿਖੀਆਂ ਉਨ੍ਹਾਂ ਦੀਆਂ ਪੁਸਤਕਾਂ ਦੀ ਬੁਨਿਆਦ ਹਿੱਲ ਜਾਂਦੀ ਹੈ।

ਪਰ ਇਹ ਦਸਦਿਆਂ ਮੈਨੂੰ ਅਪਾਰ ਖੁਸ਼ੀ ਹੋ ਰਹੀ ਹੈ ਕਿ ਦਲਿਤ ਵਰਗ ਦੇ ਵਿਦਵਾਨਾਂ ਅਤੇ ਪਾਠਕਾਂ ਨੇ ਇਸ ਪੁਸਤਕ ਦੀ ਰੱਜ ਕੇ ਪ੍ਰਸੰਸਾ ਕੀਤੀ ਹੈ। ਪਾਠਕਾਂ ਦੀ ਪ੍ਰਸੰਸਾ ਦੇ ਨਾਲ-ਨਾਲ ਪੁਸਤਕ ਦੀ ਮੰਗ ਵੀ ਬਹੁਤ ਵੱਧ ਗਈ ਹੈ। ਸੋ ਪਾਠਕਾਂ ਦੇ ਪਿਆਰ ਅਤੇ ਪ੍ਰਸੰਸਾ ਸਦਕਾ ਉਨ੍ਹਾਂ ਦੀ ਭਰਪੂਰ ਮੰਗ ਨੂੰ ਪੂਰਾ ਕਰਨ ਲਈ ਪੁਸਤਕ "ਸਟੀਕ ਬਾਣੀ ਸ੍ਰੀ ਗੁਰੂ ਰਵਿਦਾਸ ਜੀ ਅਤੇ ਤੱਤ ਸਿਧਾਂਤ" ਤੀਜੀ ਵਾਰ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ।

ਸ਼੍ਰੀ ਮਹਿੰਦਰ ਸੰਧੂ ਮਹੇੜੂ ਦੇ ਅਸੀਂ ਬਹੁਤ ਹੀ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਪੁਸਤਕ ਦੀ ਪ੍ਰਸੰਸਾ ਕੀਤੀ ਅਤੇ ਇਸਨੂੰ ਦੁਬਾਰਾ ਪ੍ਰਕਾਸ਼ਿਤ ਕਰਨ ਲਈ ਜੋਰ ਪਾਇਆ। ਉਨ੍ਹਾਂ ਨੇ ਹਰ ਤਰ੍ਹਾਂ ਦੀ ਸੁਹਿਰਦਤਾ ਨਾਲ ਮਦਦ ਕਰਕੇ ਸਾਡਾ ਹੌਂਸਲਾ ਵਧਾਇਆ ਹੈ। ਅਸੀਂ ਉਨ੍ਹਾਂ ਦਾ ਇਕ ਵਾਰ ਫਿਰ ਧੰਨਵਾਦ ਕਰਦੇ ਹਾਂ।

ਅਸੀਂ ਚੌਧਰੀ ਕਰਮ ਚੰਦ ਸੇਠ, ਸਿਧਾਰਥ ਨਗਰ, ਬੂਟਾ ਮੰਡੀ, ਜਲੰਧਰ ਦੇ ਵੀ ਅਤਿ ਧੰਨਵਾਦੀ ਹਾਂ ਜਿਨ੍ਹਾਂ ਨੇ ਸਾਨੂੰ ਇਖਲਾਕੀ ਅਤੇ ਮਾਇਕ ਮਦਦ ਨਾਲ ਭਰਪੂਰ ਕਰਕੇ ਹੌਂਸਲਾ ਵਧਾਇਆ ਹੈ।

ਸਾਨੂੰ ਇਸ ਗੱਲ ਦੀ ਅਤਿਅੰਤ ਖੁਸ਼ੀ ਹੈ ਕਿ 10 ਜੂਨ 1999 ਤੋਂ ਅੱਜ ਤੱਕ ਸਾਨੂੰ ਕਿਸੇ ਕਿਸਮ ਦੀ ਤਰੁਟੀ ਜਾਂ ਘਾਟ ਲਈ ਕੋਈ ਪੱਤਰ ਪ੍ਰਾਪਤ ਨਹੀਂ ਹੋਇਆ। ਹੁਣ ਵੀ ਜੇ ਕਿਸੇ ਪਾਠਕ ਜਾਂ ਵਿਦਵਾਨ ਨੂੰ ਕੋਈ ਤਰੁਟੀ ਜਾਂ ਘਾਟ ਦਾ ਪਤਾ ਲੱਗੇ ਤਾਂ ਕ੍ਰਿਪਾ ਕਰਕੇ ਲਿਖਤੀ ਰੂਪ ਵਿੱਚ ਦਾਸ ਨੂੰ ਭੇਜਣ ਦੀ ਖੇਚਲ ਕਰੇ ਤਾਕਿ ਉਸ ਦੀ ਸੋਧ ਕਰ ਲਈ ਜਾਵੇ। ਅਜਿਹੀ ਸੋਧ ਲਈ ਦਾਸ ਵਿਦਵਾਨ ਪਾਠਕਾਂ ਦਾ ਧੰਨਵਾਦੀ ਹੋਵੇਗਾ।

ਸ੍ਰੀ ਗੁਰੂ ਰਵਿਦਾਸ ਬਾਣੀ ਅਤੇ ਆਦਿ ਧਰਮ ਖੋਜ ਕੇਂਦਰ

ਲਾਲ ਸਿੰਘ

ਪਿੰਡ ਸ਼ੇਰਵਾਨੀ ਕੋਟ, ਤਹਿ: ਤੇ ਡਾਕ: ਮਾਲੇਰ ਕੋਟਲਾ,
ਜ਼ਿਲਾ: ਸੰਗਰੂਰ, ਪੰਜਾਬ (ਭਾਰਤ)।

ਭੂਮਿਕਾ
(ਚੌਥਾ ਸੰਕਲਨ)

ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ॥
ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ॥੨॥

3 ਮਈ 2021 ਸੋਮਵਾਰ ਸ਼ਾਮ 6.30 ਵਜੇ ਜਿਸ ਦਿਨ ਸਰੀਰਕ ਤੌਰ ਤੇ ਵਿਛੋੜਾ ਦੇ ਗਏ ਇਸ ਕਿਤਾਬ ਦੇ ਰਚੇਤਾ ਮੇਰੇ ਜੀਵਨ ਸਾਥੀ ਪ੍ਰੋ: ਲਾਲ ਸਿੰਘ ਜੀ। ਜਿਵੇਂ ਕਿਹਾ ਜਾਂਦਾ ਕਿ ਲੇਖਕ ਲਿਖਤਾਂ ਲਿਖ ਕੇ ਅਮਰ ਹੋ ਜਾਂਦੇ ਹਨ। ਇਸ ਤਰ੍ਹਾਂ ਪ੍ਰੋ: ਸਾਹਿਬ ਅਤੇ ਉਨ੍ਹਾਂ ਦੀਆਂ ਲਿਖਤਾਂ ਹਮੇਸ਼ਾ ਅਮਰ ਰਹਿਣਗੀਆਂ।

ਦੋ ਸਾਲ ਪਹਿਲਾਂ ਰਾਏਕੋਟ ਵਿਚ ਇਕ ਪ੍ਰੋਗਰਾਮ ਵਿਚ ਸ਼ਾਮਿਲ ਹੋਣ ਵਾਸਤੇ ਮੈਂ ਤੇ ਪ੍ਰੋ: ਲਾਲ ਸਿੰਘ ਜੀ ਗਏ। ਉਥੇ ਪਹੁੰਚ ਕੇ ਦੋ ਸੱਜਣ ਸਾਨੂੰ ਗੇਟ ਤੇ ਲੈਣ ਵਾਸਤੇ ਆਏ। ਉਨ੍ਹਾਂ ਆਉਂਦਿਆਂ ਨੇ ਬੜੇ ਸਤਿਕਾਰ ਨਾਲ ਬੁਲਾਇਆ ਤੇ ਬਾਅਦ ਵਿਚ ਉਨ੍ਹਾਂ ਪ੍ਰੋ: ਸਾਹਿਬ ਜੀ ਨੂੰ ਆਖਿਆ ਅਸੀਂ ਤੁਹਾਡੀ ਕਿਤਾਬ ਸਟੀਕ ਬਾਣੀ ਅੱਜ ਤੋਂ 17, 18 ਸਾਲ ਪਹਿਲਾਂ ਪੜ੍ਹੀ ਸੀ ਪਰ ਦਰਸ਼ਨ ਤੁਹਾਡੇ ਅੱਜ ਕੀਤੇ ਹਨ। ਸਾਨੂੰ ਬੜੀ ਖੁਸ਼ੀ ਹੋਈ।

ਉਨ੍ਹਾਂ ਕਿਹਾ ਕੀ ਤੁਹਾਡੀ ਇਕ ਕਿਤਾਬ ਵਿਚ 20, 25 ਕਿਤਾਬਾਂ ਜਿੰਨਾਂ ਗਿਆਨ ਹੈ। ਇਹ ਸਾਡੇ ਵਾਸਤੇ ਬੜੀ ਮਾਣ ਵਾਲੀ ਗੱਲ ਸੀ। ਕਿਸੇ ਦਾ ਏਨੇ ਧਿਆਨ ਨਾਲ ਕਿਤਾਬ ਨੂੰ ਪੜ੍ਹਨਾ ਬੜੀ ਵੱਡੀ ਗੱਲ ਹੈ। ਮੈਨੂੰ ਇਹ ਗੱਲ ਸੁਣ ਕੇ ਬੜਾ ਮਾਣ ਮਹਿਸੂਸ ਹੋਇਆ। ਇਸ ਵਿਚ ਕੋਈ ਦੋ ਰਾਵਾਂ ਨਹੀਂ ਜੋ ਉਨ੍ਹਾਂ ਨੇ ਕਿਹਾ ਉਹ ਬਿਲਕੁਲ 100% ਸੱਚ ਹੈ। ਇਹ ਗੱਲ ਹਰ ਕੋਈ ਮੰਨਦਾ ਹੈ ਕਿ ਉਨ੍ਹਾਂ ਦੀ ਕਿਤਾਬ "ਸਟੀਕ ਬਾਣੀ ਸ੍ਰੀ ਗੁਰੂ ਰਵਿਦਾਸ ਜੀ ਤੇ ਤੱਤ-ਸਿਧਾਂਤ" ਵਰਗੀ ਕੋਈ ਕਿਤਾਬ ਨਹੀਂ।

ਇਸੇ ਤਰ੍ਹਾਂ ਹੀ ਅਨੇਕਾਂ ਗੱਲਾਂ ਅਜਿਹੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਇਸ ਕਿਤਾਬ ਦੇ 22 ਸਾਲ ਪੂਰੇ ਹੋਣ ਤੇ ਡੇਰਾ 108 ਸੰਤ ਫੂਲ ਨਾਥ ਜੀ ਦੇ ਗੱਦੀਨਸ਼ੀਨ ਅਵਾਜ਼-ਏ-ਕੌਮ 108 ਸੰਤ ਕ੍ਰਿਸ਼ਨ ਨਾਥ ਜੀ ਨਾਨਕ ਨਗਰੀ ਚਹੇੜੂ ਵਾਲਿਆਂ ਨੇ ਪ੍ਰੋ: ਸਾਹਿਬ ਨੂੰ ਮਿਤੀ 9-06-2021 ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕਰਨਾ ਚਾਹੁੰਦੇ ਸਨ। ਉਨ੍ਹਾਂ ਨੇ ਇਸ ਸਨਮਾਨ ਦਾ ਪ੍ਰੋ: ਸਾਹਿਬ ਜੀ ਨੂੰ ਸਰਪ੍ਰਾਈਜ਼ ਦੇਣਾ ਸੀ ਪਰ ਪ੍ਰੋ: ਸਾਹਿਬ ਪਹਿਲਾਂ ਹੀ ਸਾਰਿਆਂ ਨੂੰ ਸਰਪ੍ਰਾਈਜ਼ ਦੇ ਕੇ ਚਲੇ ਗਏ। ਸੰਤ ਕ੍ਰਿਸ਼ਨ ਨਾਥ ਜੀ ਨੇ ਪ੍ਰੋ: ਸਾਹਿਬ ਜੀ ਵੱਲੋਂ ਲਿਖੇ ਡੇਰੇ ਦੇ ਇਤਿਹਾਸ ਨੂੰ ਇਕ ਗ੍ਰੰਥ ਦੇ ਰੂਪ ਵਿਚ ਤਿਆਰ ਕਰਵਾਇਆ ਅਤੇ

ਉਸ ਤੋਂ ਵੀ ਮਾਣ ਵਾਲੀ ਗੱਲ ਕਿ ਉਸ ਗ੍ਰੰਥ ਵਿਚ ਸਭ ਤੋਂ ਪਹਿਲੀ ਤਸਵੀਰ ਪ੍ਰੋ: ਸਾਹਿਬ ਜੀ ਦੀ ਲਗਾਈ ਗਈ। ਪ੍ਰੋ: ਸਾਹਿਬ ਸਰੀਰਕ ਤੌਰ 'ਤੇ ਤਾਂ ਚਲੇ ਗਏ ਹਨ ਪਰ ਉਹ ਆਪਣੀਆਂ ਲਿਖਤਾਂ ਦੇ ਕਰਕੇ ਹਮੇਸ਼ਾ ਜਿਉਂਦੇ ਰਹਿਣਗੇ। ਜੋ ਉਨ੍ਹਾਂ ਨੇ ਸ੍ਰੀ ਗੁਰੂ ਰਵਿਦਾਸ ਜੀ ਬਾਰੇ ਲਿਖਿਆ, ਜੋ ਉਨ੍ਹਾਂ ਦੀ ਬਾਣੀ ਵਿਚ ਸਿਧਾਂਤ ਸਨ ਉਨ੍ਹਾਂ ਨੂੰ ਖੋਲ੍ਹ ਕੇ ਪ੍ਰੋ: ਸਾਹਿਬ ਨੇ ਦੱਸਿਆ। ਇਸ ਕਰਕੇ ਮੈਂ ਉਨ੍ਹਾਂ ਦੀਆਂ ਕਿਤਾਬਾਂ ਨੂੰ ਕਿਤਾਬਾਂ ਨਹੀਂ ਧਾਰਮਿਕ ਗ੍ਰੰਥ ਦੀ ਤਰ੍ਹਾਂ ਮੰਨਦੀ ਹਾਂ। ਇਸ ਤਰ੍ਹਾਂ ਲੱਗਦਾ ਜਿਵੇਂ ਸ੍ਰੀ ਗੁਰੂ ਰਵਿਦਾਸ ਜੀ ਨੇ ਉਨ੍ਹਾਂ ਨੂੰ ਇਸ ਕਾਰਜ ਵਾਸਤੇ ਚੁਣਿਆ ਹੋਵੇ। ਕਿਉਂਕਿ ਜਿਸ ਢੰਗ ਨਾਲ ਉਨ੍ਹਾਂ ਨੇ ਗੁਰੂ ਰਵਿਦਾਸ ਜੀ ਬਾਰੇ ਲਿਖਿਆ ਇਸ ਤਰ੍ਹਾਂ ਕਿਸੇ ਨੇ ਵੀ ਨਹੀਂ ਲਿਖਿਆ। ਰੋਜ਼ ਕਿਤਾਬ ਪੜ੍ਹੋ ਹਰ ਰੋਜ਼ ਨਵੀਂ ਗੱਲ ਸਾਹਮਣੇ ਆਉਂਦੀ ਹੈ। ਰੋਜ਼ਾਨਾ ਕੋਈ ਨਵੀਂ ਜਾਣਕਾਰੀ ਨਿਕਲਦੀ ਹੈ ਉਨ੍ਹਾਂ ਦੀਆਂ ਲਿਖਤਾਂ ਬਹੁਤ ਮਹਾਨ ਹਨ।

ਹੁਣ ਅਸੀਂ ਗੱਲ ਕਿਤਾਬ ਦੀ ਕਰਦੇ ਹਾਂ। ਸ੍ਰੀ ਗੁਰੂ ਰਵਿਦਾਸ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 40 ਸ਼ਬਦ ਅਤੇ ਇਕ ਸਲੋਕ ਦਰਜ ਹਨ। ਪ੍ਰੋ: ਸਾਹਿਬ ਨੇ ਗੁਰੂ ਰਵਿਦਾਸ ਜੀ ਦੀ ਬਾਣੀ ਰਾਹੀਂ ਦਿੱਤੇ ਗਏ ਸਾਨੂੰ ਸੰਦੇਸ਼ ਨੂੰ ਸਹੀ ਢੰਗ ਨਾਲ ਵਿਆਖਿਆ ਕਰਕੇ ਦੱਸਿਆ। 100% ਜੋ ਹੁਕਮ ਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਰਾਹੀਂ ਸਾਨੂੰ ਦਿੱਤਾ 'ਸਮਾਨਤਾ ਦਾ", "ਨਿਆਂ ਦਾ", "ਬਰਾਬਰੀ ਦਾ", "ਭਾਈਚਾਰਕ ਸਾਂਝ ਦਾ" ਆਪਣੇ ਅਧਿਕਾਰਾਂ ਦਾ ਉਸ ਨੂੰ ਸਹੀ ਅਰਥਾਂ ਵਿਚ ਬਿਆਨ ਕੀਤਾ ਪ੍ਰੋ: ਲਾਲ ਸਿੰਘ ਜੀ ਨੇ।

ਗਿਆਨ ਵਿਗਿਆਨ ਦਾ ਸੰਕਲਪ, ਕੁਦਰਤ ਦਾ ਸੰਕਲਪ ਕਿ ਕਿਸ ਤਰ੍ਹਾਂ ਕੁਦਰਤ ਸਾਰਿਆਂ ਨੂੰ ਸਮਾਨਤਾ ਪ੍ਰਦਾਨ ਕਰਦੀ ਹੈ। ਜਿਸ ਨੂੰ ਆਰੀਅਨ ਨੇ ਆ ਕੇ ਖਤਮ ਕਰ ਦਿੱਤਾ। ਕਿਸ ਤਰ੍ਹਾਂ ਆਰੀਅਨ ਨੇ ਭਾਰਤ ਵਿਚ ਆ ਕੇ ਇਥੋਂ ਦੇ ਮੂਲ ਨਿਵਾਸੀਆਂ ਨੂੰ ਕਿਵੇਂ ਪਸ਼ੂਆਂ ਤੋਂ ਵੀ ਬਦਤਰ ਜ਼ਿੰਦਗੀ ਜਿਊਣ ਲਈ ਮਜਬੂਰ ਕਰ ਦਿੱਤਾ। ਉਸ ਸਮੇਂ ਸ੍ਰੀ ਗੁਰੂ ਰਵਿਦਾਸ ਜੀ ਨੇ ਪ੍ਰਕਾਸ਼ ਧਾਰਨ ਕੀਤਾ ਇਸ ਧਰਤੀ ਤੇ। ਪ੍ਰੋ: ਸਾਹਿਬ ਜੀ ਨੇ ਆਪਣੀ ਇਸੇ ਕਿਤਾਬ ਦੀ ਭੂਮਿਕਾ ਵਿਚ ਲਿਖਿਆ ਹੈ ਕਿ ਜੇ ਕਿਸੇ ਕੌਮ ਨੂੰ ਖਤਮ ਕਰਨਾ ਹੋਵੇ ਤਾਂ ਉਸ ਦਾ ਇਤਿਹਾਸ ਖਤਮ ਕਰ ਦਿਓ।

ਇਸ ਤਰ੍ਹਾਂ ਹੀ ਹੋਇਆ ਤੇ ਹੁਣ ਵੀ ਹੋ ਰਿਹਾ ਹੈ। ਕੋਈ ਵੀ ਸਾਡੀਆਂ ਉਪਲੱਬਧੀਆਂ ਨੂੰ ਉਜਾਗਰ ਨਹੀਂ ਕਰਦਾ ਸਗੋਂ ਖਤਮ ਕਰਨ ਲਈ ਪੂਰਾ ਜ਼ੋਰ ਲਾਉਂਦਾ। ਪ੍ਰੋ: ਸਾਹਿਬ ਅਕਸਰ ਹੀ ਕਿਹਾ ਕਰਦੇ ਸਨ ਕੀ ਮੇਰੀਆਂ ਕਿਤਾਬਾਂ ਦਾ ਮੁੱਲ ਮੇਰੇ ਜਾਣ ਤੋਂ ਬਾਅਦ ਪੈਣਾ। ਉਹ ਕਹਿੰਦੇ ਸਨ ਕਿ ਜਿਉਂਦੇ ਜੀ ਕੋਈ ਮੇਰੀ ਉਪਮਾ ਜਾਂ ਵਡਿਆਈ ਨਹੀਂ ਕਰਨਾ ਚਾਹੁੰਦਾ। ਅੱਜ ਉਸੇ ਤਰ੍ਹਾਂ ਹੀ ਹੋ ਰਿਹਾ ਹੈ।

ਹੁਣ ਗੱਲ ਕਿਤਾਬ ਦੀ ਕਰਦੇ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤਾਂ ਦੀ ਬਾਣੀ ਵਿਚ ਜਦੋਂ ਰਾਗ ਆਸਾ ਸ਼ੁਰੂ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 475 ਪੰਨੇ ਦੇ ਉੱਪਰ ਰਾਗ ਆਸਾ ਦੇ ਨਾਲ ਪੂਰਾ ਮੂਲ ਮੰਤਰ ਦਰਜ਼ ਹੈ ਤੇ ਉਸ ਦੇ ਨਾਲ ਕਬੀਰ ਜੀਉ, ਨਾਮਦੇਵ ਜੀਉ, ਰਵਿਦਾਸ ਜੀਉ ਲਿਖਿਆ ਹੋਇਆ ਹੈ। ਇਥੇ ਹੀ ਬੱਸ ਨਹੀਂ ਜਦੋਂ ਇਸ ਰਾਗ ਵਿਚ ਤਿੰਨ ਮਹਾਂਪੁਰਸ਼ਾਂ ਦੀ ਬਾਣੀ ਸ਼ੁਰੂ ਹੁੰਦੀ ਹੈ ਤਾਂ ਉਨ੍ਹਾਂ ਦੇ ਨਾਮ ਦੇ ਨਾਲ 'ਸ੍ਰੀ' ਲਾ ਕੇ ਸੰਬੋਧਨ ਕੀਤਾ ਹੋਇਆ ਹੈ ਸ੍ਰੀ ਗੁਰੂ ਅਰਜਨ ਦੇਵ ਜੀ ਨੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਬਾਣੀਕਾਰਾਂ ਨੂੰ ਐਡਾ ਵੱਡਾ ਸਨਮਾਨ ਪ੍ਰਦਾਨ ਕੀਤਾ ਹੈ।

ਪ੍ਰੋ: ਸਾਹਿਬ ਜੀ ਨੇ ਗੁਰਬਾਣੀ ਦਾ ਟੀਕਾ ਕਰਨ ਲੱਗਿਆ ਪਹਿਲਾਂ ਰਾਗ ਦੇ ਸੁਭਾਅ ਨੂੰ ਸਮਝਿਆ ਕਿ ਰਾਗ ਦਾ ਸੁਭਾਅ ਕੀ ਹੈ। ਕਿਉਂਕਿ ਜਿਸ ਤਰ੍ਹਾਂ ਦਾ ਰਾਗ ਦਾ ਸੁਭਾਅ ਹੁੰਦਾ ਹੈ ਉਸੇ ਤਰ੍ਹਾਂ ਦੀ ਵਿਚਾਰਧਾਰਾ ਉਸ ਰਾਗ ਵਿਚ ਦਰਜ ਬਾਣੀ ਦੀ ਹੁੰਦੀ ਹੈ। ਜਿਸ ਤਰ੍ਹਾਂ ਰਾਗ ਸੋਰਿਠ ਹੈ। ਸੋਰਿਠ ਰਾਗ ਪਿਆਰ ਦਾ ਰਾਗ ਹੈ ਉਸੇ ਤਰ੍ਹਾਂ ਇਸ ਰਾਗ ਵਿਚ ਦਰਜ ਬਾਣੀ ਦੀ ਵਿਚਾਰਧਾਰਾ ਪਿਆਰ ਦੀ ਹੋਵੇਗੀ।

ਰਾਗ ਮਾਰੂ ਯੁੱਧ ਦਾ ਰਾਗ ਹੈ ਇਸੇ ਤਰ੍ਹਾਂ ਰਾਗ ਮਾਰੂ ਵਿਚ ਦਰਜ ਬਾਣੀ ਸੰਘਰਸ਼ਮਈ ਵਿਚਾਰਧਾਰਾ ਵਾਲੀ ਹੋਵੇਗੀ। ਪ੍ਰੋ: ਸਾਹਿਬ ਨੇ ਇਹ ਸਾਰੀਆਂ ਚੀਜ਼ਾਂ ਨੂੰ ਨੁਕਤਿਆਂ ਨੂੰ ਬਿਆਨ ਵਿਚ ਰੱਖ ਕੇ ਬੜੀ ਹੀ ਬਰੀਕੀ ਨਾਲ ਗੁਰਬਾਣੀ ਅਨੁਸਾਰ ਵਿਆਖਿਆ ਕੀਤੀ ਹੋਈ ਹੈ। ਇਸ ਲਈ ਅੱਜ 22 ਸਾਲ ਹੋਣ ਦੇ ਬਾਵਜੂਦ ਵੀ ਕੋਈ ਕਿੰਤੂ ਪ੍ਰੰਤੂ ਨਹੀਂ ਕਰ ਸਕਿਆ ਕਿਉਂਕਿ ਜੋ ਵੀ ਲਿਖਿਆ ਗਿਆ ਹੈ ਵਿਆਖਿਆ ਵੀ ਉਸੇ ਤਰ੍ਹਾਂ ਕੀਤੀ ਗਈ ਹੈ ਕੋਈ ਸ਼ਬਦ ਘੱਟ ਨਹੀਂ ਨਾ ਹੀ ਕੋਲੋਂ ਪਾਇਆ ਗਿਆ ਹੈ। ਜਿਸ ਤਰ੍ਹਾਂ ਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਹੁਕਮ ਹੈ ਉਸ ਨੂੰ ਬਿਲਕੁਲ ਉਸੇ ਤਰ੍ਹਾਂ ਖੋਲ੍ਹ ਕੇ ਪ੍ਰੋ: ਸਾਹਿਬ ਜੀ ਨੇ ਲਿਖਿਆ ਹੈ।

ਸਾਨੂੰ ਹੁਕਮ ਕੀ ਹੈ ਗੁਰੂ ਰਵਿਦਾਸ ਜੀ ਦਾ ਕਿ ਕਿਸ ਤਰ੍ਹਾਂ ਅਸੀਂ ਰਲਮਿਲ ਕੇ ਰਹਿਣਾ ਹੈ। ਸਾਡੀ ਕੌਮ ਨੇ ਕਿਸ ਤਰ੍ਹਾਂ ਵਿਚਰਨਾ ਹੈ। ਸ੍ਰੀ ਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਸਾਨੂੰ ਕਿਥੇ ਇਸ ਤਰ੍ਹਾਂ ਦਾ ਹੁਕਮ ਕੀਤਾ ਹੈ ਪ੍ਰੋ: ਸਾਹਿਬ ਨੇ ਆਪਣੀ ਵਿਆਖਿਆ ਵਿਚ ਖੋਲ੍ਹ ਕੇ ਦੱਸਿਆ ਹੈ।

ਸ੍ਰੀ ਗੁਰੂ ਰਵਿਦਾਸ ਜੀ ਨੇ ਸਾਨੂੰ ਮਧੁਮੱਖੀਆਂ ਵਾਂਗੂ ਰਹਿਣ ਦਾ ਹੁਕਮ ਕੀਤਾ ਹੈ ਕਿ ਅਸੀਂ ਉਨ੍ਹਾਂ ਦੇ ਹੁਕਮ ਨੂੰ ਮੰਨਦੇ ਹਾਂ ਮੈਂ ਆਪਣੇ ਆਪ ਹੀ ਇਸ ਦਾ ਉੱਤਰ ਨਾਂਹ ਵਿਚ ਦਿੰਦੀ ਹਾਂ। ਕਿਉਂਕਿ ਅਸੀਂ ਸਤਿਗੁਰੂ ਦੀ ਬਾਣੀ ਨੂੰ ਪੜ੍ਹਨ, ਸੁਨਣ, ਗਾਉਣ ਜਾਂ ਮੱਥਾ ਟੇਕਣ ਤੱਕ ਸੀਮਿਤ ਕਰ ਲਿਆ ਹੈ। ਅਸੀਂ ਉਸ ਤੇ

ਅਮਲ ਨਹੀਂ ਕਰਦੇ। ਅਸੀਂ ਸਿਰਫ਼ ਪੜ੍ਹਦੇ ਹਾਂ ਪੜ੍ਹ ਕੇ ਛੱਡ ਦਿੰਦੇ ਹਾਂ। ਗੱਲ ਅਮਲ ਤੇ ਟਿਕੀ ਹੋਈ ਹੈ। ਜੇਕਰ ਅਸੀਂ ਸਤਿਗੁਰ ਜੀ ਦੀ ਬਾਣੀ ਨੂੰ ਪੜ੍ਹ ਕੇ ਉਸ ਤੇ ਅਮਲ ਕਰਦੇ ਹੁੰਦੇ ਤਾਂ ਸਾਨੂੰ ਕੋਈ ਵੀ ਕਿਸੇ ਵੀ ਕੰਮ ਦੇ ਵਿਚ ਹਰਾ ਨਹੀਂ ਸੀ ਸਕਦਾ।

ਹੁਣ ਸਾਨੂੰ ਆਪਣੇ ਹੱਕਾਂ ਦੀ ਜਾਣਕਾਰੀ ਹੀ ਨਹੀਂ ਹੈ ਤਾਂ ਅਸੀਂ ਲੜਾਂਗੇ ਕਿਸ ਵਾਸਤੇ? ਜਿੰਨਾਂ ਚਿਰ ਪਤਾ ਹੀ ਨਹੀਂ ਇਹ ਚੀਜ਼ ਸਾਡੇ ਵਾਸਤੇ ਹੈ ਫਿਰ ਲੜਾਂਗੇ ਕੀ? ਸਾਨੂੰ ਪਹਿਲਾਂ ਪੜ੍ਹ ਲਿਖ ਕੇ ਆਪਣੇ ਹੱਕਾਂ ਤੋਂ ਜਾਣੂ ਹੋਣਾ ਪਵੇਗਾ। ਸਭ ਤੋਂ ਪਹਿਲਾਂ ਐਜੂਕੇਸ਼ਨ ਸਾਰੇ ਤਾਲਿਆਂ ਦੀ ਚਾਬੀ ਹੈ। ਪੜ੍ਹਾਈ ਹਰ ਸਮੱਸਿਆ ਦਾ ਹੱਲ ਹੈ। ਅਗਿਆਨਤਾ ਨਾਲ ਸਾਰੀਆਂ ਸਮੱਸਿਆਵਾਂ ਸ਼ੁਰੂ ਹੁੰਦੀਆਂ ਹਨ। ਸਾਨੂੰ ਆਪਣੀ ਕੌਮ ਦੇ ਬੱਚਿਆਂ ਵਾਸਤੇ ਵਧੀਆ ਉੱਚ ਪਾਏ ਦੀ ਪੜ੍ਹਾਈ ਵਾਸਤੇ ਉਪਰਾਲੇ ਕਰਨੇ ਚਾਹੀਦੇ ਹਨ।

ਹੁਣ ਮੈਂ ਕਿਤਾਬ ਦੀ ਖਾਸੀਅਤ ਦੇ ਬਾਰੇ ਗੱਲ ਕਰਨ ਜਾ ਰਹੀ ਹਾਂ। ਆਖਿਰ ਪ੍ਰੋ: ਸਾਹਿਬ ਜੀ ਨੇ ਕੀ ਕ੍ਰਿਸ਼ਮਾ ਕੀਤਾ ਕਿਤਾਬ ਦੇ ਵਿਚ। ਬ੍ਰਹਮ ਗਿਆਨ ਦੇ ਮਾਲਕ ਅਤੇ ਵਿਕਰੇਤਾ ਕੇਵਲ ਤੇ ਕੇਵਲ ਗੁਰੂ ਰਵਿਦਾਸ ਜੀ ਸਨ। ਕਿਸ ਦੇ ਵਿਚ ਦਰਜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਸਤਿਗੁਰੂ ਰਵਿਦਾਸ ਮਹਾਰਾਜ ਜੀ ਫੁਰਮਾਉਂਦੇ ਹਨ ਕਿ **"ਮੈਂ ਰਾਮੁ ਨਾਮ ਧਨ ਲਾਦਿਆ ਬਿਖੁ ਲਾਦੀ ਸੰਸਾਰਿ"**॥2॥ ਇਕੱਲਾ ਮੇਰੇ ਕੋਲ ਹੀ ਬ੍ਰਹਮ ਗਿਆਨ ਹੈ ਬਾਕੀ ਸਾਰੀ ਦੁਨੀਆਂ ਜ਼ਹਿਰ ਲਈ ਫਿਰ ਰਹੀ ਹੈ। ਐਨੀ ਵੱਡੀ ਗੱਲ ਏਨੇ ਮਾਣ ਵਾਲੀ ਗੱਲ ਕਿ ਕੇਲ ਸਾਡੇ ਗੁਰੂ ਹੀ ਬ੍ਰਹਮ ਗਿਆਨ ਦੇ ਮਾਲਕ ਤੇ ਵਿਕਰੇਤਾ ਹਨ ਬਾਕੀ ਕੋਈ ਨਹੀਂ। ਇਸ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮੋਹਰ ਲੱਗੀ ਹੋਈ ਹੈ ਕਿਉਂਕਿ ਜਦੋਂ ਕਿਸੇ ਗ੍ਰੰਥ ਦੇ ਵਿਚ ਬਾਣੀ ਦਰਜ ਹੁੰਦੀ ਹੈ, ਦਰਜ ਕਰਨ ਤੋਂ ਪਹਿਲਾਂ ਉਸ ਨੂੰ ਪੂਰਨ ਰੂਪ ਵਿਚ ਪ੍ਰਵਾਨ ਕੀਤਾ ਜਾਂਦਾ ਹੈ ਫਿਰ ਬਾਣੀ ਦਰਜ ਕੀਤੀ ਜਾਂਦੀ ਹੈ। ਸੋ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਣੀ ਦਰਜ ਕਰਨ ਵੇਲੇ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਬਾਣੀ ਗ੍ਰਹਿਣ ਕਰਨ ਵੇਲੇ ਮੰਨਿਆ ਕਿ ਬ੍ਰਹਮ ਗਿਆਨ ਦੇ ਮਾਲਕ ਤੇ ਵਿਕਰੇਤਾ ਕੇਵਲ ਤੇ ਕੇਵਲ ਸਤਿਗੁਰੂ ਰਵਿਦਾਸ ਜੀ ਹਨ। ਦੂਜੀ ਵੱਡੀ ਗੱਲ ਸਾਡੀ ਕੌਮ ਵਾਸਤੇ ਮਾਣ ਵਾਲੀ ਇਹ ਹੈ ਕਿ ਵਿਸ਼ਵ ਸੰਵਿਧਾਨ ਦੇ ਨਿਰਮਾਤਾ ਸਾਡੇ ਗੁਰੂ ਸਤਿਗੁਰੂ ਰਵਿਦਾਸ ਜੀ ਹਨ। ਜਿਨ੍ਹਾਂ ਨੇ ਵਿਸ਼ਵ ਦਾ ਸਭ ਤੋਂ ਪਹਿਲਾਂ ਸੰਵਿਧਾਨ ਦਿੱਤਾ ਹੈ। ਉਹ ਹੈ 'ਬੇਗਮਪੁਰਾ ਸਹਰ ਕੋ ਨਾਉ'। ਐਨੀ ਵੱਡੀ ਉਪਲੱਬਧੀ ਤੇ ਅਸੀਂ ਅਜੇ ਵੀ ਪਤਾ ਨੀ ਕਿਹੜੇ ਚੱਕਰਾਂ ਵਿਚ ਪਏ ਹੋਏ ਹਾਂ। ਅਸੀਂ ਆਪਣੇ ਇਨ੍ਹਾਂ ਮਹਾਨ ਰਹਿਬਰਾਂ ਨੂੰ ਛੱਡ ਕੇ ਮੜੀਆਂ ਪੂਜਦੇ ਫਿਰ ਰਹੇ ਹਾਂ। ਲੋੜ ਹੈ ਅੱਜ ਸਾਨੂੰ ਗੁਰੂ ਰਵਿਦਾਸ ਜੀ ਦੀ ਬਾਣੀ ਤੇ ਅਮਲ ਕਰਨ ਦੀ।

ਪ੍ਰੋ: ਸਾਹਿਬ ਜੀ ਨੇ ਸਟੀਕ ਬਾਣੀ ਵਿਚ ਦੱਸਿਆ ਹੈ ਕਿ ਸਾਨੂੰ ਸ੍ਰੀ ਗੁਰੂ ਰਵਿਦਾਸ ਜੀ ਨੇ ਮਧੂ ਮੱਖੀਆਂ ਵਾਂਗ ਰਹਿਣ ਦਾ ਹੁਕਮ ਦਿੱਤਾ ਹੈ ਪਰ ਅਸੀਂ ਅਮਲ ਨਹੀਂ ਕਰਦੇ। ਅਸੀਂ ਬਾਣੀ ਪੜ੍ਹ ਕੇ ਛੱਡ ਦਿੰਦੇ ਹਾਂ। ਜਦ ਕਿ ਬਾਣੀ ਇਸ ਕਰਕੇ ਰਚੀ ਗਈ ਹੈ ਕਿ ਅਸੀਂ ਇਸ ਤੋਂ ਸੇਧ ਲੈ ਸਕੀਏ ਪਰ ਨਹੀਂ ਅਸੀਂ ਇਸ ਤਰ੍ਹਾਂ ਨਹੀਂ ਕਰਦੇ। ਅਸੀਂ ਸਿਰਫ਼ ਗਾਉਣ ਤੱਕ ਹੀ ਸੀਮਤ ਹਾਂ। ਇਸ ਕਰਕੇ ਸਾਡੀ ਕੌਮ ਓਨੀ ਤਰੱਕੀ ਨਹੀਂ ਕਰ ਸਕੀ ਜਿੰਨੀ ਕਰਨੀ ਚਾਹੀਦੀ ਸੀ। ਸੋ ਅਸੀਂ ਮਧੂ ਮੱਖੀਆਂ ਬਣੀਏ ਆਪਣੇ ਹੱਕਾਂ ਵਾਸਤੇ ਲੜਾਈ ਲੜੀਏ, ਨਿਰਭਉ ਤੇ ਨਿਰਵੈਰ ਬਣ ਕੇ।

ਪ੍ਰੋ: ਲਾਲ ਸਿੰਘ ਜੀ ਨੇ ਇਸ ਕਿਤਾਬ ਦੀ ਭੂਮਿਕਾ ਵਿਚ ਲਿਖਿਆ ਹੈ ਕਿ ਜੇ ਕਿਸੇ ਕੌਮ ਨੂੰ ਖਤਮ ਕਰਨਾ ਹੋਵੇ ਤਾਂ ਉਸ ਦਾ ਇਤਿਹਾਸ ਖਤਮ ਕਰ ਦਿਓ। ਮੈਨੂੰ ਇਸ ਲਾਈਨ ਨੇ ਬੜਾ ਪ੍ਰਭਾਵਿਤ ਕੀਤਾ ਇਸੇ ਹੀ ਕਰਕੇ ਮੈਂ ਇਸ ਕਿਤਾਬ ਨੂੰ ਦੁਬਾਰਾ ਛਪਵਾਉਣ ਬਾਰੇ ਸੋਚਿਆ। ਕਿਉਂਕਿ ਇਹ ਕਿਤਾਬ ਪਿਛਲੇ 5-6 ਸਾਲਾਂ ਤੋਂ ਖਤਮ ਹੋ ਚੁੱਕੀ ਸੀ। ਮੇਰੇ ਮਨ ਦੀ ਇੱਛਾ ਸੀ ਕਿ ਮੈਂ ਇਸ ਨੂੰ ਛਪਵਾ ਕੇ ਬਰਸੀ ਤੇ ਰਿਲੀਜ਼ ਕਰਾਂ। ਸੋ ਮੇਰੇ ਮਨ ਦੀ ਇੱਛਾ ਨੂੰ 'ਸ੍ਰੀ ਗੁਰੂ ਰਵਿਦਾਸ ਧਾਰਮਿਕ ਸਭਾ ਵੁਲਵਰਹੈਪਟਨ ਯੂ.ਕੇ. ਨੇ ਕਿਤਾਬ ਨੂੰ ਸਪਾਂਸਰ ਕਰਕੇ ਪੂਰਾ ਕੀਤਾ। ਸੋ ਮੈਂ ਸਭਾ ਦੇ ਪ੍ਰਧਾਨ ਸਾਹਿਬ ਤੇ ਸਭਾ ਦੇ ਸਾਰੇ ਮੈਂਬਰਾਂ ਦਾ ਬਹੁਤ-ਬਹੁਤ ਧੰਨਵਾਦ ਕਰਦੀ ਹਾਂ ਜਿਨ੍ਹਾਂ ਦੇ ਸਹਿਯੋਗ ਸਦਕਾ ਇਹ ਕਾਰਜ ਸਿਰੇ ਚੜ੍ਹਿਆ। ਬਹੁਤ-ਬਹੁਤ ਧੰਨਵਾਦ।

ਜੇ ਕਿਤਾਬ ਵਿਚ ਕੋਈ ਤਰੁੱਟੀ ਨਜ਼ਰ ਆਵੇ ਜਾਂ ਕੋਈ ਹੋਰ ਸੁਝਾਅ ਹੋਵੇ ਤਾਂ ਪਾਠਕ ਸਾਹਿਬਾਨ ਲਿਖਤੀ ਰੂਪ ਵਿਚ ਦੱਸਣ ਦੀ ਕ੍ਰਿਪਾਲਤਾ ਕਰਨ ਜੀ।

ਧੰਨਵਾਦ ਸਹਿਤ

ਜਗਦੀਸ਼ ਕੌਰ ਪਤਨੀ ਪ੍ਰੋ: ਲਾਲ ਸਿੰਘ
ਬੀ-32, **ਈ**-13/241
ਅਮਨ ਨਗਰ ਲੁਧਿਆਣਾ-ਪੰਜਾਬ (**ਭਾਰਤ**) 141008
ਮੋਬਾਈਲ - 94175-57751

ਸ੍ਰੀ ਗੁਰੂ ਰਵਿਦਾਸ ਜਾਗਰਤੀ ਦਾ ਪਹਿਰੇਦਾਰ - ਪ੍ਰੋ: ਲਾਲ ਸਿੰਘ ਜੀ

ਸਰਦ ਮੌਸਮ ਯਕੀਨ ਬਦਲ ਜਾਏਗਾ।
ਸੂਹਾ ਸੂਰਜ ਬਰੂਹਾਂ ਤੇ ਚਲ ਆਏਗਾ।
ਧੁੰਦ ਕੋਰੇ ਦੇ ਮਾਰੇ ਨੇ ਜੋ ਬਿਰਖ ਵਾਂਗ।
ਸੋ ਮੌਲਣਗੇ ਸਹੀ ਜੇ ਮੈਂ ਨਾ ਵੀ ਰਿਹਾ।

ਸ੍ਰੀ ਗੁਰੂ ਰਵਿਦਾਸ ਬਾਣੀ ਅਤੇ ਅਧਿਐਨ ਪੱਖੋਂ ਪ੍ਰੋ: ਲਾਲ ਸਿੰਘ ਜੀ ਸਾਡਾ ਬਹੁਤ ਕੀਮਤੀ ਸਰਮਾਇਆ ਸਨ। ਉਨ੍ਹਾਂ ਨੇ ਸਟੀਕ ਬਾਣੀ ਸ੍ਰੀ ਗੁਰੂ ਰਵਿਦਾਸ ਜੀ ਅਤੇ ਤੱਤ ਸਿਧਾਂਤ ਕਿਤਾਬ ਲਿਖ ਕੇ ਇਕ ਚੌਮੁਖੀਆ ਦੀਵਾ ਬਾਲਿਆ ਹੈ ਜਿਸ ਦੀ ਲੋਅ ਰਹਿੰਦੀ ਦੁਨੀਆ ਤੱਕ ਰਹੇਗੀ। ਅੱਜ ਉਨ੍ਹਾਂ ਦੀ ਬਰਸੀ ਤੇ ਉਨ੍ਹਾਂ ਦੀ ਇਸ ਕਿਤਾਬ ਦਾ ਐਡੀਸ਼ਨ ਫਿਰ ਛਾਇਆ ਹੋਣ ਜਾ ਰਿਹਾ ਹੈ ਜਿਸ ਦੀ ਆਰਥਿਕ ਸਹਾਇਤਾ ਸ੍ਰੀ ਗੁਰੂ ਰਵਿਦਾਸ ਧਾਰਮਿਕ ਸਭਾ Wolverhampton U.K. ਵੱਲੋਂ ਕੀਤੀ ਜਾ ਰਹੀ ਹੈ।

ਦੋ ਸ਼ਬਦ ਇਸ ਸਭਾ ਬਾਰੇ –

ਸ੍ਰੀ ਗੁਰੂ ਰਵਿਦਾਸ ਧਾਰਮਿਕ ਸਭਾ Wolverhampton U.K. 1963 ਈ. ਵਿਚ ਹੋਂਦ ਵਿਚ ਆਈ। 1968 ਈ. ਵਿਚ ਸ੍ਰੀ ਗੁਰੂ ਰਵਿਦਾਸ ਟੈਂਪਲ 181 Dudley Road Wolverhampton ਵਿਚ ਬਣਾਇਆ ਗਿਆ। ਦਸ ਦਈਏ ਕਿ ਭਾਰਤ ਤੋਂ ਬਾਹਰ ਸਾਰੀ ਦੁਨੀਆਂ ਵਿਚ ਇਹ ਸਭ ਤੋਂ ਪਹਿਲਾ ਟੈਂਪਲ ਹੈ ਜੋ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ ਨਾਮ ਤੇ ਬਣਾਇਆ ਗਿਆ ਸੀ। ਇਸੇ ਸਭਾ ਵੱਲੋਂ ਫਗਵਾੜੇ ਵਿਖੇ ਸ੍ਰੀ ਗੁਰੂ ਰਵਿਦਾਸ ਕਾਲਜ ਬਣਾਇਆ ਹੋਇਆ ਹੈ ਉਸ ਦੀ ਸਾਰੀ ਜ਼ਮੀਨ ਵੀ ਇਸ ਸਭਾ ਨੇ ਹੀ ਖਰੀਦ ਕੇ ਦਿੱਤੀ ਸੀ। ਸ੍ਰੀ ਗੁਰੂ ਜਨਮ ਅਸਥਾਨ ਮੰਦਰ ਸੀਰ ਗੋਵਰਧਨਪੁਰ ਕਾਂਸ਼ੀ ਅਤੇ ਬੇਗਮਪੁਰਾ ਆਸ਼ਰਮ ਹਰਿਦੁਆਰ ਬਣਾਉਣ ਵਿਚ ਵੀ ਇਸ ਸਭਾ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ। ਪ੍ਰੋ: ਲਾਲ ਸਿੰਘ ਜੀ ਦੀ ਇਸ ਕਿਤਾਬ ਦਾ ਚੌਥਾ ਐਡੀਸ਼ਨ ਛਾਇਆ ਕਰਵਾ ਕੇ ਸ੍ਰੀ ਗੁਰੂ ਰਵਿਦਾਸ ਧਾਰਮਿਕ ਸਭਾ ਮਾਣ ਮਹਿਸੂਸ ਕਰ ਰਹੀ ਹੈ ਅਤੇ ਪ੍ਰੋ: ਲਾਲ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕਰ ਰਹੀ ਹੈ।

ਅਸੀਂ ਪ੍ਰੋ: ਲਾਲ ਸਿੰਘ ਦੀ ਧਰਮ ਪਤਨੀ ਸ੍ਰੀਮਤੀ ਜਗਦੀਸ਼ ਕੌਰ ਦੇ ਵੀ ਧੰਨਵਾਦੀ ਹਾਂ ਜੋ ਕਿ ਆਪਣੇ ਪਤੀ ਪ੍ਰੋ: ਲਾਲ ਸਿੰਘ ਦੇ ਪਾਏ ਹੋਏ ਪੂਰਨਿਆਂ ਤੇ ਚੱਲ ਰਹੇ ਹਨ। ਧੰਨਵਾਦ ਸਾਹਿਤ

Shri Guru Ravidass Dharmik Sabha Wolverhampton U.K.
Shri Guru Ravidass Temple 181 Dudley Road, Wolverhampton
U.K. WV2 3RD Register Charity. No. 1179154

ਸ਼ਲੋਕ

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥

ਪਦ ਅਰਥ :—ਹਰਿ = ਕਰਤਾਰ, ਪਾਰਬ੍ਰਹਮ, ਪਰਮੇਸ਼ਵਰ। **ਸੋ** = ਉਹ, ਪਾਰਬ੍ਰਹਮ, ਕਰਤਾਰ। **ਹੀਰਾ** = ਕਰਤਾਰ, ਪਾਰਬ੍ਰਹਮ : ਗੁਰੂ ਕਬੀਰ ਜੀ ਨੇ ਸ਼ਬਦ 'ਹੀਰਾ' ਨੂੰ ਕਰਤਾਰ ਦੇ ਅਰਥਾਂ ਵਿਚ ਵਰਤਿਆ ਹੈ, "ਹੀਰਾ ਕਰਉ ਆਦੇਸ਼" (ਰਾਮ ਕਬੀਰ) ਸਲੋਕ : 207*. **ਆਨ** = ਦੂਜਾ।

ਨੋਟ : ਬਹੁਤੇ ਵਿਦਵਾਨ 'ਸੋ' ਦਾ ਅਰਥ 'ਵਰਗਾ' ਕਰਦੇ ਹਨ। ਇਸ ਤਰਾਂ 'ਸੋ' ਨੂੰ ਉਪਮਾ-ਅਲੰਕਾਰ ਦੇ ਤੌਰ ਤੇ ਵਰਤਦੇ ਹਨ। ਇਸ ਸਲੋਕ ਵਿੱਚ ਅਰਥ ਵਰਗਾ ਨਹੀਂ ਬਣਦੇ। ਡਾ. ਓਮ ਪ੍ਰਕਾਸ਼ ਸਪਸ਼ਟ ਕਰਦੇ ਹਨ ਕਿ

> "ਉਪਮਾ ਅੰਦਰ ਕਿਸੇ ਵਸਤੂ ਦੀ ਸਮਾਨਤਾ ਕਰਕੇ ਤੋਲਿਆ ਅਰਥਾਤ ਪਰਖਿਆ ਜਾਂਦਾ ਹੈ।
>
> ਜਿਥੇ ਕਿਸੇ ਵਸਤੂ ਦੇ ਰੂਪ-ਗੁਣ ਦੀ ਵਿਸ਼ੇਸ਼ਤਾ ਪ੍ਰਗਟ ਕਰਨ ਲਈ, ਕਿਸੇ ਵਾਧੂ ਉਤਕਰਸ਼ ਵਾਲੀ ਵਸਤੂ ਨਾਲ ਇਸ ਦੀ ਸਮਾਨਤਾ ਕੀਤੀ ਜਾਂਦੀ ਹੈ ਉਥੇ ਉਪਮਾ ਅੰਲਾਕਰ ਹੁੰਦਾ ਹੈ"[1]

ਇਸ ਸਲੋਕ ਵਿੱਚ ਪਾਰਬ੍ਰਹਮ ਦੀ ਸਮਾਨਤਾ ਲਈ ਕੋਈ ਵੀ ਵਸਤ ਨਹੀਂ ਹੈ ਅਤੇ ਨਾ ਹੀ ਸਮੁੱਚੀ ਸ੍ਰਿਸ਼ਟੀ ਵਿੱਚ ਕੋਈ ਅਜਿਹੀ ਵਸਤ ਉਪਲਬੱਧ ਹੈ। ਗੁਰੂ ਰਵਿਦਾਸ ਜੀ ਇਸ ਵਿਚਾਰ ਨੂੰ ਹੋਰ ਪਰਪੱਕ ਕਰਦੇ ਦ੍ਰਿੜਾਉਂਦੇ ਹਨ ਕਿ ਪ੍ਰਭ ਦੀ ਪੈਦਾ ਕੀਤੀ ਵਸਤ ਨਾ ਤਾਂ ਉਸਦੇ ਸਮਾਨ ਹੋ ਸਕਦੀ ਹੈ ਅਤੇ ਨਾ ਹੀ ਪ੍ਰਭ ਤੋਂ ਵੱਧ ਸ੍ਰੇਸ਼ਟ ਵਿਸ਼ੇਸ਼ਤਾ ਵਾਲੇ ਗੁਣ ਉਸ ਵਸਤ ਵਿੱਚ ਹੋ ਸਕਦੇ ਹਨ। ਸੋ ਸਪਸ਼ਟ ਹੈ ਕਿ ਪਾਰਬ੍ਰਹਮ ਪ੍ਰਭ ਲਈ ਉਪਮਾ ਅਲੰਕਾਰ ਦੀ ਵਰਤੋਂ ਕੀਤੀ ਹੀ ਨਹੀਂ ਜਾ ਸਕਦੀ ਕਿਉਂਕਿ ਪ੍ਰਭ ਵਰਗਾ ਤਾਂ ਪ੍ਰਭ ਕੇਵਲ ਖ਼ੁਦ ਆਪ ਹੀ ਹੈ। ਉਨ੍ਹਾਂ ਦੇ ਆਪਣੇ ਸ਼ਬਦਾਂ ਵਿੱਚ :

ਕਹਿ ਰਵਿਦਾਸ ਅਕਥ ਕਥਾ
ਬਹੁ ਕਾਇ ਕਰੀਜੈ॥
ਜੈਸਾ ਤੂ ਤੈਸਾ ਤੁਹੀ॥
ਕਿਆ ਉਪਮਾ ਦੀਜੈ॥੩॥[2]

ਸੋ ਗੁਰੂ ਰਵਿਦਾਸ ਜੀ ਨੇ ਅੱਜ ਦੇ ਆਧੁਨਿਕ ਉਪਮਾ ਅਲੰਕਾਰ ਦੇ ਸਿਧਾਂਤ ਨੂੰ ਛੇ ਸਦੀਆਂ ਪਹਿਲਾਂ ਹੀ ਆਪਣੀ ਬਾਣੀ ਵਿੱਚ ਸਪਸ਼ਟ ਰੂਪ ਵਿੱਚ

---

1. ਅਲੰਕਾਰ ਵਿਧਾਨ – ਪੰਨਾ : ੬੭
2. ਆਦਿ ਗ੍ਰੰਥ – ਪੰਨਾ : ੬੫੮
**. ਮਹਾਨ ਕੋਸ਼*

ਅੰਕਿਤ ਕਰ ਦਿੱਤਾ ਸੀ। ਇਸ ਤਰ੍ਹਾਂ ਜੋ ਕੁਝ ਗੁਰੂ ਜੀ ਨੇ ਸੰਕੇਤਕ ਰੂਪ ਵਿੱਚ ਰੂਪਮਾਨ ਕੀਤਾ, ਅੱਜ ਦੇ ਵਿਦਵਾਨ ਉਸ ਸੰਕੇਤ ਨੂੰ ਹੀ ਬਰੀਕੀ ਅਤੇ ਡੂੰਘਾਈ ਨਾਲ ਅਧਿਐਨ ਕਰਕੇ ਵਿਆਖਿਆ ਕਰ ਰਹੇ ਹਨ। ਇਸ ਕਰਕੇ ਹੋਰ ਬਰੀਕੀ ਨਾਲ ਵਿਚਾਰਿਆਂ ਵੀ 'ਸੋ' ਦੇ ਅਰਥ ਉਪਮਾ-ਮੂਲਕ ਸਿੱਧ ਨਹੀਂ ਹੁੰਦੇ। ਡਾ. ਓਮ ਪ੍ਰਕਾਸ਼ ਅਨੁਸਾਰ ਉਪਮਾ ਅਲੰਕਾਰ ਦੇ ਚਾਰ ਅੰਗ ਹਨ। ਉਨ੍ਹਾਂ ਦੇ ਸਿਧਾਂਤ ਅਨਸੁਾਰ 'ਸੋ' ਦਾ ਅਧਿਐਨ ਕਰਦੇ ਹਾਂ :—

"1. **ਉਪਮੇਯ** : ਜਿਸ ਵਸਤੂ ਦੀ ਸਮਾਨਤਾ ਕਿਸੇ ਵਿਸ਼ੇਸ਼ ਵਸਤੂ ਨਾਲ ਕੀਤੀ ਜਾਵੇ ਉਸ ਨੂੰ ਉਪਮੇਯ ਜਾਂ ਪ੍ਰਸਤੁਤ ਆਖਦੇ ਹਨ।"[1]

ਇਸ ਸਲੋਕ ਵਿੱਚ "ਹਰਿ" ਉਪਮੇਯ ਹੈ ਅਤੇ ਇਸ ਦੀ ਸਮਾਨਤਾ "ਹੀਰਾ" ਨਾਲ ਕੀਤੀ ਗਈ ਹੈ। ਪਰ ਇਹ ਸਮਾਨਤਾ ਇਸ ਸਿਧਾਂਤ ਅਨੁਸਾਰ ਸਹੀ ਨਹੀਂ ਹੈ ਕਿਉਂਕਿ 'ਹੀਰਾ', 'ਹਰਿ' ਦੀ ਹੀ ਸਿਰਜਣਾ ਹੈ, ਇਸ ਲਈ 'ਹਰਿ' ਤੋਂ ਸ੍ਰੇਸ਼ਟ ਵਿਸ਼ੇਸ਼ਤਾ ਵਾਲੀ ਵਸਤ ਨਹੀਂ ਹੈ। ਇਸ ਕਰਕੇ "ਹਰਿ" ਉਪਮੇਯ ਸਿੱਧ ਨਹੀਂ ਹੁੰਦਾ।

"2. **ਉਪਮਾਨ** : ਜਿਸ ਵਸਤੂ ਨਾਲ ਕਿਸੇ ਵਸਤੂ (ਉਪਮੇਯ) ਦੀ ਸਮਾਨਤਾ ਕੀਤੀ ਜਾਵੇ ਉਹ ਉਪਮਾਨ ਜਾਂ ਅਪ੍ਰਸਤੁਤ ਅਖਵਾਉਂਦਾ ਹੈ।"[2]

ਜਿਸ ਵਸਤ "ਉਪਮਾਨ ਹੀਰਾ" ਨਾਲ ਸਮਾਨਤਾ ਕਰਨੀ ਹੈ ਉਹ ਵਸਤ ਤਾਂ ਉਪਮੇਯ ਭਾਵ "ਹਰਿ" ਨਾਲੋਂ ਸ੍ਰੇਸ਼ਟ ਨਹੀਂ ਹੈ। ਇਸ ਤਰ੍ਹਾਂ "ਹੀਰਾ" ਇਸ ਸਿਧਾਂਤ ਅਨੁਸਾਰ ਉਪਮਾਨ ਸਿੱਧ ਨਹੀਂ ਹੁੰਦਾ।

"3. **ਸਾਮਾਨ ਧਰਮ (ਵਿਸ਼ੇਸ਼ਤਾ)** : ਉਪਮੇਯ ਅਤੇ ਉਪਮਾਨ ਅੰਦਰ ਜਿਹੜਾ ਸਮਾਨ ਗੁਣ ਨਜ਼ਰ ਆਉਂਦਾ ਹੈ, ਉਸ ਨੂੰ ਸਮਾਨ ਧਰਮ ਕਹਿੰਦੇ ਹਨ।"[3]

"ਹਰਿ" ਅਤੇ "ਹੀਰਾ" ਵਿੱਚ ਸਮਾਨ ਧਰਮ ਦਾ ਅਭਾਵ ਹੈ। ਇਸ ਤੁਕ ਵਿਚ ਦੋਹਾਂ ਦਾ ਸਮਾਨ ਧਰਮ "ਕਰੈ ਆਨ ਕੀ ਆਸ" ਨੂੰ ਹੀ ਬਣਾਇਆ ਜਾ ਸਕਦਾ ਹੈ। ਪਰ ਇਸ ਅੱਧੀ ਸਤਰ ਦਾ ਸੰਬੰਧ 'ਹਰਿ' ਨਾਲ ਜਾਂ 'ਹੀਰਾ' ਨਾਲ ਨਹੀਂ ਹੈ। ਇਹ ਤਾਂ ਪਿਛੋਕੜ ਵਿਚ ਵਿਚਰ ਰਿਹਾ ਜੀਵ ਹੈ। ਇਸ ਸਿਧਾਂਤ ਅਨੁਸਾਰ ਜੀਵ ਨਾ 'ਉਪਮੇਯ' ਹੈ ਅਤੇ ਨਾ ਹੀ 'ਉਪਮਾਨ'। ਇਸ ਤਰ੍ਹਾਂ ਸਮਾਨ ਧਰਮ ਲੁਪਤ ਜਾਂ ਪ੍ਰਗਟ ਕਿਸੇ ਵੀ ਰੂਪ ਵਿੱਚ ਨਹੀਂ ਵਿਚਰਦਾ। ਸੋ ਚਰਚਾ ਤੋਂ ਸਪਸ਼ਟ ਹੈ ਕਿ ਸਲੋਕ ਵਿੱਚ ਉਪਮਾ ਅਲੰਕਾਰ ਹੀ ਰੂਪਮਾਨ ਨਹੀਂ ਹੈ।

---

1. ਤੋਂ 3. ਅਲੰਕਾਰ ਵਿਧਾਨ – ਪੰਨਾ : ੬੭

"4. **ਵਾਚਕ ਸ਼ਬਦ** : 'ਉਪਮੇਯ' ਅਤੇ 'ਉਪਮਾਨ' ਦੀ ਸਮਾਨਤਾ ਪ੍ਰਗਟਾਉਣ ਵਾਲਾ ਸ਼ਬਦ 'ਵਾਚਕ-ਸ਼ਬਦ' ਅਖਵਾਉਂਦਾ ਹੈ।"[1]

ਇਸ ਸਲੋਕ ਵਿੱਚ ਉਪਮੇਯ ਅਤੇ ਉਪਮਾਨ ਦੀ ਸਮਾਨਤਾ ਪ੍ਰਗਟ ਕਰਨ ਵਾਲਾ ਕੋਈ ਸ਼ਬਦ ਨਹੀਂ ਹੈ ਅਤੇ ਨਾ ਹੀ ਸਮਾਨ ਧਰਮ (ਵਿਸ਼ੇਸ਼ਤਾ) ਨੂੰ ਪ੍ਰਗਟ ਕਰਨ ਵਾਲੀ ਕੋਈ ਤੁਕ ਜਾਂ ਸ਼ਬਦ ਹੈ। ਇਸ ਕਰਕੇ ਇਸ ਤੁਕ ਵਿਚ ਵਾਚਕ ਸ਼ਬਦ ਨਹੀਂ ਹੈ। ਜੇਕਰ 'ਸੋ' ਨੂੰ ਵਾਚਕ-ਸ਼ਬਦ ਮੰਨ ਵੀ ਲਈਏ ਤਾਂ ਫਿਰ ਇਹ ਸ਼ਬਦ 'ਹਰਿ' ਅਤੇ 'ਹੀਰਾ' ਵਿਚਲੀ ਕਿਹੜੀ ਸਮਾਨ ਵਿਸ਼ੇਸ਼ਤਾ ਨੂੰ ਪ੍ਰਗਟ ਕਰੇਗਾ ਜਦਕਿ ਸਮਾਨ ਧਰਮ (ਵਿਸ਼ੇਸ਼ਤਾ) ਸਲੋਕ ਵਿੱਚ ਹੈ ਹੀ ਨਹੀਂ। ਸਪਸ਼ਟ ਹੈ ਕਿ ਸ਼ਬਦ 'ਸੋ' 'ਵਾਚਕ ਸ਼ਬਦ' ਹੀ ਨਹੀਂ ਹੈ।

ਉਪਰੋਕਤ ਸਮੁੱਚੀ ਚਰਚਾ ਤੋਂ ਸਪਸ਼ਟ ਹੈ ਕਿ ਉਪਮਾ-ਅਲੰਕਾਰ ਦੇ ਸਿਧਾਂਤ ਅਨੁਸਾਰ ਕਿਸੇ ਵੀ ਪੱਖੋਂ 'ਸੋ' ਸ਼ਬਦ ਉਪਮਾ ਅਲੰਕਾਰ ਸਿੱਧ ਨਹੀਂ ਹੁੰਦਾ। ਇਸ ਲਈ 'ਸੋ' ਦੇ ਅਰਥ ਕਿਸੇ ਵੀ ਤਰ੍ਹਾਂ 'ਵਰਗਾ' ਨਹੀਂ ਹੋ ਸਕਦੇ।

ਸੋ ਸਮੁੱਚੇ ਸਲੋਕ ਦੇ ਅੰਤਰੀਵ ਭਾਵ ਨਾਲ ਮੇਲ ਖਾਂਦਾ 'ਸੋ' ਦਾ ਅਰਥ ਪਾਰਬ੍ਰਹਮ ਹੀ ਹੈ। ਇਹੋ ਅਰਥ ਸਲੋਕ ਦੀ ਵਿਚਾਰਧਾਰਾ ਵਿੱਚ ਨਿਰੂਪਤ ਸਿਧਾਂਤ ਦਾ ਆਧਾਰ ਬਣਦਾ ਹੈ।

---

1. ਅਲੰਕਾਰ ਵਿਧਾਨ – ਪੰਨਾ : ੬੭

ਸੋਹੰ/'ੴ' ਦੇ ਸਿਧਾਂਤ ਦਾ ਨਿਰੂਪਣ

ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 'ਭਗਤਾ ਕੀ ਬਾਣੀ' ਵਿੱਚ ਅੱਜ ਤੱਕ ਕਿਸੇ ਵੀ ਵਿਦਵਾਨ ਨੇ ਮੂਲਮੰਤਰ ਦੇ ਤੱਤ-ਸਿਧਾਂਤ ਲੱਭਣ ਦੀ ਕੋਸ਼ਿਸ਼ ਨਹੀਂ ਕੀਤੀ। ਪਲੇਠਾ ਸਿਧਾਂਤਾਤਮਕ ਅਧਿਐਨ ਹੋਣ ਕਰਕੇ 'ਭਗਤਾ ਕੀ ਬਾਣੀ' ਵਿੱਚੋਂ ਮੂਲ ਮੰਤਰ ਦੇ ਸਿਧਾਂਤਾਤਮਕ ਵਿਚਾਰਾਂ ਦੀ ਖੋਜ ਕਰਕੇ ਸਿਧਾਂਤ ਸਥਾਪਿਤ ਕਰਨਾ ਇੱਕ ਕਠਨ ਕਾਰਜ ਬਣ ਗਿਆ ਹੈ। ਇਹ ਇਸ ਕਰਕੇ ਕਠਨ ਬਣ ਗਿਆ ਹੈ ਕਿਉਂਕਿ ਪਹਿਲਾਂ ਅਜਿਹਾ ਕੋਈ ਮਾਡਲ ਉਪਲਭਧ ਨਹੀਂ ਹੈ ਭਾਵੇਂ ਕਿ ਬਾਣੀ ਦੀ ਖਾਸ ਕਰਕੇ ਜਪੁਜੀ ਦੀ ਚਰਚਾ ਕਰਦਿਆਂ ਵਿਦਵਾਨਾਂ ਨੇ ਸਿਧਾਂਤਕ ਮਾਡਲ ਸਥਾਪਤ ਕੀਤੇ ਹਨ। ਸਲੋਕ **'ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥ ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥੨੪੨॥'** ਵਿੱਚ ਸੋਹੰ/ੴ ਦਾ ਸਿਧਾਂਤ ਉਪਲਭਧ ਹੈ। ਸੋਹੰ ਤੋਂ ਹੀ ਸ੍ਰਿਸ਼ਟੀ ਦੀ ਸਿਰਜਣਾ ਹੋਈ ਹੈ। ਇਸ ਦੀ ਪੁਸ਼ਟੀ ਲਈ ਹੇਠਾਂ ਅਧਿਐਨ ਕਰਦੇ ਹਾਂ।

ਇਸ ਸਲੋਕ ਦੇ ਆਰੰਭ ਦੇ ਪਹਿਲੇ ਤਿੰਨਾਂ ਸ਼ਬਦਾਂ ਦਾ ਅਰਥ ਪਾਰਬ੍ਰਹਮ ਪ੍ਰਭ ਬਣਦਾ ਹੈ। 'ਹਰਿ' ਦਾ ਅਰਥ ਪਾਰਬ੍ਰਹਮ ਹੈ, 'ਸੋ' ਦਾ ਅਰਥ ਪਾਰਬ੍ਰਹਮ ਹੈ ਅਤੇ 'ਹੀਰਾ' ਦਾ ਅਰਥ ਵੀ ਕਰਤਾਰ ਅਰਥਾਤ ਪਾਰਬ੍ਰਹਮ ਹੀ ਹੈ। ਇਸ ਨਾਲ ਇੱਕ ਹੋਰ ਮਹੱਤਵਪੂਰਨ ਵਿਚਾਰ ਸਪਸ਼ਟ ਹੁੰਦਾ ਹੈ—'ਹਰਿ' ਇੱਕ ਬਚਨ ਹੈ, 'ਸੋ' ਇਕ ਬਚਨ ਹੈ ਅਤੇ 'ਹੀਰਾ' ਵੀ ਇੱਕ ਬਚਨ ਹੈ। ਇਸ ਤੋਂ ਬੜੀ ਪਰਪੱਕਤਾ ਨਾਲ ਦ੍ਰਿੜ ਹੋ ਜਾਂਦਾ ਹੈ ਕਿ ਪਾਰਬ੍ਰਹਮ 'ਇੱਕ' ਹੈ। ਇਸ ਤਰ੍ਹਾਂ ਗੁਰੂ ਰਵਿਦਾਸ ਜੀ ਦਾ ਪਾਰਬ੍ਰਹਮ ਕਰਤਾਰ ਨੂੰ ਤਿੰਨ ਵਾਰ ਪ੍ਰਗਟ ਕਰਨ ਦਾ ਮੰਤਵ ਉਸ ਦੇ ਮਹਾਨਤਮ ਗੁਣ ਕਿ "ਪਾਰਬ੍ਰਹਮ — ਕੇਵਲ ਤੇ ਕੇਵਲ ਇੱਕ ਹੈ" ਦੇ ਤੱਥ ਦੀ ਹੋਂਦ ਨੂੰ ਪਰਪੱਕਤਾ ਨਾਲ ਦ੍ਰਿੜ ਕਰਕੇ ਇਸ ਸਲੋਕ ਦੇ ਪਿਛੋਕੜ ਵਿੱਚ ਵਿਚਰ ਰਹੇ ਉਸ ਦੇ ਅੰਸ਼ ਜੀਵਾਂ ਦਾ ਬੋਧ ਕਰਵਾ ਕੇ ਅਤੇ ਦੂਜੀ ਤੁਕ ਵਿੱਚ 'ਤੇ ਨਰ' ਦੇ ਰੂਪ ਨੂੰ ਪ੍ਰਗਟ ਰੂਪ ਵਿਚ ਸਪਸ਼ਟ ਕਰਕੇ ਉਸ ਦੀ ਸਿਰਜੀ ਸ੍ਰਿਸ਼ਟੀ ਦੀ ਅਟੱਲ ਸੱਚਾਈ ਦਾ ਬੋਧ ਕਰਵਾਉਂਦਾ ਹੈ। ਇਸ ਤੋਂ ਇੱਕ ਮਹਾਨ ਸਿਧਾਤ ਦੀ ਸਿਰਜਣਾ ਹੁੰਦੀ ਹੈ :

ਸੋ = (ਇੱਕ ਬਚਨ) ਓਹ, ਪਾਰਬ੍ਰਹਮ ਇੱਕ ਹੈ।

ਤੇ ਨਰ = (ਬਹੁਬਚਨ) ਜੋਤਿ, ਅੰਸ਼, ਹਿੱਸਾ, ਸਾਰੇ ਹੀ ਪਾਰਬ੍ਰਹਮ ਦੀ ਜੋਤਿ ਹਨ।

ਨਰ = (ਇਕ ਬਚਨ) ਜੀਵ, ਮੈਂ ਪ੍ਰਭ ਦੀ ਜੋਤਿ, ਹਿੱਸਾ, ਅੰਸ਼ ਹਾਂ।

ਮੈਂ = ਅਹੰ

ਹੰ = ਅਹੰ ਦਾ ਸੰਖੇਪ

ਇਸ ਤਰ੍ਹਾਂ ਪਿਛੋਕੜ ਵਿੱਚ ਵਿੱਚਰ ਰਿਹਾ (ਜੀਵ) ਉਸ ਸੋ (ਪਾਰਬ੍ਰਹਮ)

ਦੀ ਹੀ ਅੰਸ਼ ਹੈ। ਦੋਹਾਂ ਵਿੱਚ ਕੋਈ ਅੰਤਰ ਨਹੀਂ ਹੈ, ਦੋਹਾਂ ਦਾ ਅਟੁੱਟ ਸੰਬੰਧ ਹੈ। ਇਸ ਸੰਬੰਧ ਨੂੰ ਦ੍ਰਿਸਾਉਣ ਲਈ ਹੀ "ਛਾਡਿ ਕੈ" ਸ਼ਬਦਾਂ ਦੀ ਸਿਰਜਣਾ ਕੀਤੀ ਗਈ ਹੈ। ਇਸ ਤਰ੍ਹਾਂ ਸਿੱਧ ਹੋ ਗਿਆ ਹੈ ਕਿ ਸੋ (ਪਾਰਬ੍ਰਹਮ) ਦੀ ਅੰਸ਼ ਪਿਛੋਕੜ ਵਿੱਚ ਵਿਚਰ ਰਿਹਾ ਅਹੰ (ਜੀਵ) ਹੈ। ਸੋ ਸਮਾਸ ਬਣ ਗਿਆ ਹੈ—ਸੋਹੰ। 'ਸੋਹੰ' ਦਾ ਅਰਥ ਹੈ—"ਓਹ ਮੈਂ ਹਾਂ।" ਦੋਹਾਂ ਵਿਚਕਾਰ ਕੋਈ ਅੰਤਰ ਨਹੀਂ ਹੈ। ਸੋ 'ਸੋਹੰ' ਇੱਕ ਸਿਧਾਂਤ ਹੈ। ਸੋਹੰ ਤੋਂ ਹੀ ਸ੍ਰਿਸ਼ਟੀ ਦੀ ਸਿਰਜਣਾ ਹੋਈ ਹੈ ਜਿਸ ਨੂੰ ਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਵਿੱਚ ਸਿਧਾਂਤ ਦੀ ਪਰਪੱਕਤਾ ਨੂੰ ਦ੍ਰਿੜ ਕਰਦੇ ਹੋਏ ਸੰਕੇਤ ਰੂਪ ਵਿੱਚ ਪਰ ਬੜੀ ਸਪਸ਼ਟਤਾ ਨਾਲ ਨਿਰੂਪਤ ਕੀਤਾ ਹੈ। ਇਸ ਸਿਧਾਂਤ ਦੀ ਪ੍ਰੋੜਤਾ ਕਰਦੇ ਹੋਏ ਗੁਰੂ ਜੀ ਫਰਮਾਉਂਦੇ ਹਨ :—

ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ॥
ਕਨਕ ਕਟਿਕ ਜਲ ਤਰੰਗ ਜੈਸਾ॥ ੧॥[1]

ਤੋਹੀ ਮੋਹੀ ਅਤੇ ਮੋਹੀ ਤੋਹੀ ਦੋਹਾਂ ਸ਼ਬਦਾਂ ਦੀ ਸਥਾਨ-ਬਦਲੀ ਕਰਕੇ ਗੁਰੂ ਜੀ ਨੇ ਭਰਵੇਂ ਰੂਪ ਵਿੱਚ ਸਪਸ਼ਟ ਕੀਤਾ ਹੈ ਕਿ 'ਤੂੰ' ਤੇ 'ਮੈਂ' ਅਤੇ 'ਮੈਂ' ਤੇ 'ਤੂੰ' ਦੋਵੇਂ ਇੱਕ ਹੀ ਹਾਂ, ਦੋਹਾਂ ਵਿੱਚ ਕੋਈ ਅੰਤਰ ਨਹੀਂ ਹੈ। ਅੰਤਰ ਕੇਵਲ ਦ੍ਰਿਸ਼ਟੀ-ਭੇਦ ਦਾ ਹੀ ਹੈ :

ਸੋ = ਤੋਹੀ = ਪਾਰਬ੍ਰਹਮ

ਅਹੰ = ਮੋਹੀ = ਪਾਰਬ੍ਰਹਮ ਦੀ ਅੰਸ਼

ਸ੍ਰਿਸ਼ਟੀ ਦੀ ਸਿਰਜਣਾ ਸਮੇਂ 'ਤੋਹੀ' ਨੇ ਹੀ 'ਮੋਹੀ' ਦੀ ਸਿਰਜਣਾ ਕੀਤੀ। ਸੋ 'ਤੋਹੀ' ਤੋਂ ਹੀ 'ਮੋਹੀ' ਦਾ ਜਨਮ ਹੈ ਅਤੇ ਪਿਛੋਂ ਸ੍ਰਿਸ਼ਟੀ ਸਮੇਟਣ ਸਮੇਂ 'ਮੋਹੀ', 'ਤੋਹੀ' ਵਿੱਚ ਹੀ ਸਮਾ ਜਾਂਦਾ ਹੈ। ਗੁਰੂ ਰਵਿਦਾਸ ਜੀ, ਪਾਰਬ੍ਰਹਮ ਦੇ ਸ੍ਰਿਸ਼ਟੀ ਸਿਰਜਣ ਅਤੇ ਫਿਰ ਉਸ ਨੂੰ ਸਮੇਟਣ ਦੀ ਪ੍ਰਕ੍ਰਿਆ ਵੱਲ ਸੰਕੇਤ ਕਰਦੇ ਹਨ। ਇਸ ਸੰਕੇਤ ਦਾ ਆਧਾਰ 'ਤੋਹੀ' ਅਤੇ 'ਮੋਹੀ' ਦੀ ਸਥਾਨ-ਬਦਲੀ ਹੈ: ਜਿਸ ਨਾਲ "ਓਹ ਮੈਂ ਹਾਂ" ਅਤੇ ਮੈਂ ਓਹ ਹਾਂ" ਭਾਵ 'ਸੋਹੰ' ਦਾ ਸਿਧਾਂਤ ਤਾਂ ਸਿੱਧ ਹੁੰਦਾ ਹੀ ਹੈ; ਇਸ ਤੋਂ ਸ੍ਰਿਸ਼ਟੀ ਦੀ ਸਿਰਜਣਾ ਦਾ ਸਿਧਾਂਤ ਵੀ ਸਿੱਧ ਹੋ ਜਾਂਦਾ ਹੈ।

ਇਨ੍ਹਾਂ ਦੋਹਾਂ ਸਿਧਾਤਾਂ ਨੂੰ ਗੁਰੂ ਰਵਿਦਾਸ ਜੀ ਨੇ ਦੋ ਦ੍ਰਿਸ਼ਟਾਂਤ ਦੇਕੇ ਹੋਰ ਵੀ ਸਪਸ਼ਟ ਕਰ ਦਿੱਤਾ ਹੈ ਜਿਵੇਂ : ਸੋਨਾ (ਸੋ) ਅਤੇ ਸੋਨੇ ਦੀ ਅੰਸ਼ (ਹੰ, ਅਹੰ ਦਾ ਸੰਖੇਪ) ਤੋਂ ਬਣੇ ਗਹਿਣੇ ਹਨ : ਜਦੋਂ ਸੋਨੇ ਦੇ ਗਹਿਣਿਆਂ ਨੂੰ ਢਾਲ (ਸਮੇਟ) ਲਿਆ ਜਾਂਦਾ ਹੈ ਤਾਂ ਸੋਨਾ ਹੀ ਬਣ ਜਾਂਦੇ ਹਨ, ਜਿਵੇਂ ਪਾਣੀ (ਸੋ) ਅਤੇ ਪਾਣੀ ਅੰਸ਼ (ਹੰ) ਲਹਿਰਾਂ ਹਨ : ਜਦੋਂ ਲਹਿਰਾਂ ਮਿਟ ਜਾਂਦੀਆਂ ਹਨ ਤਾਂ ਪਾਣੀ ਹੀ ਬਣ ਜਾਂਦੀਆਂ ਹਨ। ਓਵੇਂ ਹੀ ਪਾਰਬ੍ਰਹਮ (ਸੋ) ਅਤੇ ਪਾਰਬ੍ਰਹਮ ਦੀ ਅੰਸ਼ ਆਤਮਾ (ਹੰ)

---

1. ਆਦਿ ਗ੍ਰੰਥ - ਪੰਨਾ : ੯੩

ਸ੍ਰਿਸ਼ਟੀ ਵਿੱਚ ਨਿਰੂਪਤ ਹੈ : ਜਦੋਂ ਸ੍ਰਿਸ਼ਟੀ ਸਮੇਟੀ ਜਾਂਦੀ ਹੈ ਤਾਂ ਪਾਰਬ੍ਰਹਮ ਦੀ ਅੰਸ਼ ਆਤਮਾ (ਹੰ) ਪਾਰਬ੍ਰਹਮ (ਸੋ) ਵਿੱਚ ਸਮਾ, ਪਾਰਬ੍ਰਹਮ ਹੀ ਬਣ ਜਾਂਦੀ ਹੈ। ਸਪਸ਼ਟ ਹੈ ਕਿ ਤੋਹੀ (ਸੋ) ਤੇ ਮੋਹੀ (ਹੰ) ਇੱਕ ਹੀ ਹਨ। ਇਨ੍ਹਾਂ ਵਿੱਚ ਕਿਸੇ ਵੀ ਕਿਸਮ ਦਾ ਅੰਤਰ ਨਹੀਂ ਹੈ।

ਇਸ ਤਰ੍ਹਾਂ ਪਰਪੱਕ ਹੋ ਗਿਆ ਹੈ ਕਿ

ਸੋ = **ਓਹ** ਭਾਵ ਪਾਰਬ੍ਰਹਮ (ਤੋਹੀ) = ਓ

ਹੰ = **ਅੰਸ਼** ਭਾਵ ਪਾਰਬ੍ਰਹਮ ਦੀ ਅੰਸ਼, (ਮੋਹੀ) = ਅੰ

(ਓ, ਓਹ ਦਾ ਸੰਖੇਪ ਹੈ ਅਤੇ ਅੰ, ਅੰਸ਼ ਦਾ ਸੰਖੇਪ ਹੈ।)

ਸੋ 'ਸੋਹੰ' ਸਿਧਾਂਤ ਦੀ ਸਥਾਪਤੀ ਦੇ ਨਾਲ ਦੀ ਨਾਲ ਓਅੰ ਦੀ ਸਥਾਪਤੀ ਵੀ ਸਿੱਧ ਹੋ ਗਈ ਹੈ ਅਤੇ ਸੋਹੰ/ਓਅੰ ਤੋਂ ਸ੍ਰਿਸ਼ਟੀ ਦੀ ਸਿਰਜਣਾ ਦਾ ਸੰਕਲਪ ਵੀ ਦ੍ਰਿੜ ਹੋ ਗਿਆ ਹੈ। ਇਸ ਦੀ ਪ੍ਰੌੜਤਾ ਗੁਰੂ ਨਾਨਕ ਦੇਵ ਜੀ ਦੇ ਹੇਠ ਲਿਖੇ ਸ਼ਬਦ ਤੋਂ ਹੋ ਜਾਂਦੀ ਹੈ–

ਓਅੰਕਾਰਿ ਬ੍ਰਹਮਾ ਉਤਪਤਿ॥
ਓਅੰਕਾਰਿ ਕੀਆ ਜਿਨਿ ਚਿਤਿ॥[1]

ਸੋ ਉਹ ਪਾਰਬ੍ਰਹਮ ਹੀ ਸ੍ਰਿਸ਼ਟੀ ਦਾ ਸਿਰਜਣਹਾਰ ਹੈ, ਭਾਵ ਸੋਹੰ/ਓਅੰ ਤੋਂ ਹੀ ਸ੍ਰਿਸ਼ਟੀ ਦੀ ਸਿਰਜਣਾ ਹੋਈ ਹੈ। ਸੋ ਓਅੰ, ੧ਓ ਹੀ ਹੈ। ਇਸ ਤੋਂ ਇਹ ਵੀ ਦ੍ਰਿੜ ਹੋ ਜਾਂਦਾ ਹੈ ਕਿ **'ਸੋਹੰ' ਵਿੱਚ ਓਅੰ ਵਿਆਪਕ** ਹੈ।

ਸੋ ਗੁਰੂ ਰਵਿਦਾਸ ਜੀ ਨੇ ਸਲੋਕ ਵਿੱਚ ਨਿਰੂਪਤ ਕੀਤੇ ਆਪਣੇ 'ਸੋਹੰ' ਦੇ ਸਿਧਾਂਤ ਦੀ ਆਪਣੀ ਬਾਣੀ ਵਿੱਚ ਵੀ ਚੇਤੰਨ ਹੋਕੇ ਬੜੀ ਦ੍ਰਿੜਤਾ ਅਤੇ ਪਰਪੱਕਤਾ ਨਾਲ ਪ੍ਰੌੜਤਾ ਕੀਤੀ ਹੈ।

ਇਥੇ ਹੀ ਬਸ ਨਹੀਂ, ਗੁਰੂ ਰਵਿਦਾਸ ਜੀ ਨੇ 'ਸੋਹੰ' ਸਿਧਾਂਤ ਦੀ ਬੁਨਿਆਦ, ਪਾਰਬ੍ਰਹਮ ਇੱਕ ਹੈ, ਉਸ ਦੀਆਂ ਪ੍ਰਮੁੱਖ ਸ਼ਕਤੀਆਂ, ਦੇਹਧਾਰੀ ਭਗਵਾਨਾਂ ਦਾ ਖੰਡਨ ਆਦਿ ਦੀ ਬਰੀਕੀ ਨਾਲ ਖੋਲਕੇ ਵਿਆਖਿਆ ਕੀਤੀ ਹੈ। ਸਲੋਕ ਵਿੱਚ ਆਏ ਸ਼ਬਦ 'ਹਰਿ' ਦੀ ਆਪਣੀ ਬਾਣੀ ਵਿੱਚ ਵਿਆਖਿਆ ਕਰਦਿਆਂ ਉਹ ਸਪਸ਼ਟ ਕਰਦੇ ਹਨ ਕਿ 'ਹਰਿ' (ਪਾਰਬ੍ਰਹਮ) ਕੇਵਲ ਤੇ ਕੇਵਲ ਇੱਕ ਹੈ। ਬ੍ਰਹਮਾ, ਵਿਸ਼ਨੂੰ, ਮਹੇਸ਼ ਤਾਂ ਉਸ ਦੇ ਭਗਤਾਂ ਦੇ ਵੀ ਬਰਾਬਰ ਨਹੀਂ ਹਨ। ਇਸੇ ਹੀ ਵਿਚਾਰ ਨੇ ਭਵਿੱਖ ਵਿੱਚ '੧ਓ' ਦੇ ਸਿਧਾਂਤਕ ਰੂਪ ਨੂੰ ਪ੍ਰਗਟ ਕੀਤਾ ਹੈ। 'ਸੋਹੰ' ਹੀ '੧ਓ' ਦੀ ਉਤਪਦੀ ਦਾ ਆਧਾਰ ਹੈ। ਸੰਤ ਹੀਰਾ ਦਾਸ ਜੀ ਚੱਕ ਹਕੀਮ (ਫਗਵਾੜਾ) ਲਿਖਦੇ ਹਨ :

> "ਹੇ ਸਿਖ ਸਰਬ ਬਰਣ ਜੋ ਅਛਰ ਹੈ ਤਿੰਨ ਮੈਂ ਓਅੰ ਦੋਇ ਅਛਰ ਬਿਆਪਕ ਹੈ। 'ਸੋ' ਕੇ ਉਚਾਰ ਤੇ 'ਓ' ਹੋਤ ਹੈ। 'ਹੰ' ਕੇ ਉਚਾਰ ਤੇ 'ਅੰ' ਹੋਤ ਹੈ। ਐਸੇ ਹੀ 'ਸੋਹੰ' ਮੈ 'ਓਅੰ' ਵਿਆਪਕ ਹੈ।"[2]

1. ਆਦਿ ਗ੍ਰੰਥ – ਪੰਨਾ : ੯੨੯ 2. ਰਵਿਦਾਸ ਦੀਪ – ਪੰਨਾ : ੨੪੪

ਸੋ 'ਸੋਹੰ' ਵਿੱਚ 'ਓਅੰ' ਵਿਆਪਕ ਹੈ। 'ਸੋਹੰ' ਦੇ ਇਸ ਗੁਪਤ ਰੂਪ 'ਓਅੰ' ਨੂੰ ਪ੍ਰਗਟ ਕਰਕੇ ਵਿਸ਼ਵ –ਵਿਆਪੀ ਵਿਚਾਰਧਾਰਾ ਦੇ ਆਧਾਰ 'ਓਅੰ' ਨੂੰ '੧ਓ' ਦਾ ਸਰੂਪ ਦਿੱਤਾ ਹੈ। ਇਸ ਤਰ੍ਹਾਂ 'ਸੋਹੰ' 'ਓਅੰ' ਅਤੇ '੧ਓ' ਤਿੰਨਾਂ ਸ਼ਬਦਾਂ ਦੇ ਅਰਥਾਂ ਵਿੱਚ ਕੋਈ ਅੰਤਰ ਨਹੀਂ ਹੈ। 'ਹਰਿ ਜਪਤ ਤੇਉ ਜਨ' ਵਾਲੇ ਸ਼ਬਦ ਵਿੱਚ ਗੁਰੂ ਰਵਿਦਾਸ ਜੀ ਨੇ ਸੋਹੰ/ਓਅੰ ਦੀ ਹੋਰ ਵਿਆਪਕ ਅਰਥਾਂ ਵਿੱਚ ਖੋਲ੍ਹਕੇ ਵਿਆਖ੍ਯਾ ਕੀਤੀ ਹੈ। ਇਸ ਵਿਆਖਿਆ ਨਾਲ 'ਸੋਹੰ/ਓਅੰ' ਦਾ ਸਰੂਪ ਬਦਲ ਕੇ '੧ਓ' ਬਣ ਗਿਆ ਹੈ। ਸੋ ਉਨ੍ਹਾਂ ਨੇ ਸੋਹੰ ਨੂੰ '੧ਓ' ਦਾ ਸਰੂਪ ਦੇਕੇ ਵਿਸ਼ਵ–ਵਿਆਪੀ ਵਿਚਾਰ–ਧਾਰਾ ਨੂੰ ਪਰਪੱਕਤਾ ਅਤੇ ਦ੍ਰਿੜਤਾ ਪ੍ਰਦਾਨ ਕੀਤੀ ਹੈ। ਉਨ੍ਹਾਂ ਦਾ ਕਥਨ ਹੈ:

ਹਰਿ ਜਪਤ ਤੇਉ ਜਨਾ ਪਦਮ ਕਵਲਾਸ ਪਤਿ
ਤਾਸ ਸਮ ਤੁਲਿ ਨਹੀ ਆਨ ਕੋਊ॥
ਏਕ ਹੀ ਏਕ ਅਨੇਕ ਹੋਇ ਬਿਸਥਰਿਓ
ਆਨ ਰੇ ਆਨ ਭਰਪੂਰਿ ਸੋਊ॥ ਰਹਾਉ॥[1]

ਸਲੋਕ ਵਿੱਚ ਆਏ 'ਹਰਿ' ਦੇ ਅਰਥਾਂ ਨੂੰ ਇਸ ਸ਼ਬਦ ਵਿੱਚ ਦਰਜ 'ਹਰਿ' ਸਪਸ਼ਟ ਕਰਦਾ ਹੈ। ਇਹ ਸਪਸ਼ਟਤਾ ਕੀਤੀ ਵੀ 'ਰਹਾਉ' ਅਧੀਨ ਹੈ। 'ਰਹਾਉ' ਵਾਲੇ ਬੰਦ ਵਿੱਚ ਸਮੁੱਚੇ ਸ਼ਬਦ ਦਾ ਬੁਨਿਆਦੀ ਸਿਧਾਂਤ ਅਤੇ ਮੁੱਖ ਮੰਤਵ ਹੁੰਦਾ ਹੈ। ਇਸ ਤਰ੍ਹਾਂ 'ਹਰਿ' ਦੇ ਅਰਥਾਂ ਦੀ ਸਪਸ਼ਟਤਾ ਹੋਰ ਵੀ ਮਹੱਤਵਪੂਰਨ ਹੋ ਜਾਂਦੀ ਹੈ। ਇਸ ਵਿੱਚ ਆਏ 'ਹਰਿ' ਦੇ ਅਰਥ ਹਨ–ਪਾਰਬ੍ਰਹਮ ਕੇਵਲ ਤੇ ਕੇਵਲ ਇੱਕ ਹੈ। ਵਿਸ਼ਨੂੰ ਮਹੇਸ਼ ਅਤੇ ਨਾ ਕੋਈ ਹੋਰ ਭਾਵ ਬ੍ਰਹਮਾ ਆਦਿ ਹਰਿ ਦੇ ਭਗਤ ਦੇ ਵੀ ਬਰਾਬਰ ਨਹੀਂ ਹਨ। ਸੋ ਪਾਰਬ੍ਰਹਮ ਇੱਕ ਹੈ, ਸ੍ਰਿਸ਼ਟੀ ਸਿਰਜਣਾ, ਉਸ ਦੀ ਪਾਲਣਾ ਕਰਨਾ ਅਤੇ ਉਸ ਦਾ ਸੰਘਾਰ ਕਰਨਾ, ਉਸ ਦੀਆਂ ਹੀ ਸ਼ਕਤੀਆਂ ਹਨ। ਉਹ ਇੱਕ ਤੋਂ ਅਨੇਕ ਹੋਕੇ ਆਪਣੀ ਸ੍ਰਿਸ਼ਟੀ ਵਿੱਚ ਵਿਚਰ ਰਿਹਾ ਹੈ। ਸਾਇੰਸ ਵੀ ਇਹੋ ਕਹਿੰਦੀ ਹੈ। ਸਾਇੰਸ ਨੇ ਇਸ 'ਇੱਕ' ਨੂੰ ਊਰਜਾ ਕਿਹਾ ਹੈ ਅਤੇ ਇਸ "ਊਰਜਾ (ਵਿਦੁਤ) ਦੇ ਕਣਾਂ ਨਾਲ ਹੀ ਸਭ ਕੁਝ ਬਣਿਆ ਹੈ। ਇੱਕ ਤੋਂ ਸਭ ਬਣਿਆ ਹੈ।" ਵਿਗਿਆਨ ਕਹਿੰਦਾ ਹੈ (ਊਰਜਾ) ਇਲੈਕਟ੍ਰਿਸਿਟੀ ਤਿੰਨ ਵਿੱਚ ਟੁੱਟਦੀ ਹੈ—ਇਲੈਕਟ੍ਰਾਨ, ਨਿਊਟ੍ਰਾਨ ਅਤੇ ਪ੍ਰੋਟਾਨ। ਇਹੋ ਤਿੰਨ ਸ਼ਕਤੀਆਂ, ਜਨਮ, ਪਾਲਣ ਅਤੇ ਸੰਘਾਰਨ ਦਾ ਕੰਮ ਕਰਦੀਆਂ ਹਨ। ਭਾਵ ਊਰਜਾ ਪਰਮਾਤਮਾ ਹੈ ਅਤੇ ਇਸ ਦੀਆਂ ਤਿੰਨ ਸ਼ਕਤੀਆਂ ਹਨ—ਜਨਮ ਦੇਣਾ, ਪਾਲਣਾ ਅਤੇ ਉਸ ਦਾ ਸੰਘਾਰ ਕਰਨਾ। ਬ੍ਰਹਮਾ, ਵਿਸ਼ਨੂੰ, ਮਹੇਸ਼ ਉਸ ਦੀ ਹੀ ਸਿਰਜਣਾ ਹਨ ਅਤੇ ਪਾਰਬ੍ਰਹਮ ਉਨ੍ਹਾਂ ਵਿੱਚ ਵੀ ਵਿਰਾਜਮਾਨ ਹੈ। ਇਸ ਕਰਕੇ ਉਹ ਭਗਵਾਨ ਬਣ ਹੀ ਨਹੀਂ ਸਕਦੇ। ਉਹ ਤੇ ਆਮ ਵਿਅਕਤੀ ਹੀ ਹਨ। ਗੁਰੂ ਰਵਿਦਾਸ ਜੀ ਦੇ ਇਸ ਵਿਚਾਰ ਦੀ ਪੁਸ਼ਟੀ ਗੁਰੂ ਨਾਨਕ ਦੇਵ ਜੀ ਵੀ "ਜਪੁਜੀ" ਵਿੱਚ ਕਰਦੇ ਹਨ। ਇਸ

1. ਆਦਿ ਗ੍ਰੰਥ – ਪੰਨਾ : ੧੨੯੩

ਤਰ੍ਹਾਂ ਉਪਰੋਕਤ ਵਿਸ਼ਵ-ਵਿਆਪੀ ਵਿਗਿਆਨਕ ਵਿਚਾਰਧਾਰਾ ਨੇ ਭਗਵਾਨਾਂ ਦੇ ਸੰਕਲਪ ਨੂੰ ਰੱਦ ਕਰਕੇ ਹਿੰਦੂ ਧਰਮ ਦੀ ਵਿਚਾਰਧਾਰਾ ਨੂੰ ਹੀ ਰੱਦ ਕਰ ਦਿੱਤਾ ਹੈ। ਉਪਰੋਕਤ ਚਰਚਾ ਅਨੁਸਾਰ ਸਲੋਕ ਵਿੱਚ ਆਏ 'ਹਰਿ' ਦੇ ਅਰਥ ਬਣਦੇ ਹਨ—ਪਾਰਬ੍ਰਹਮ ਇੱਕ ਹੈ ਅਤੇ ਜਨਮ ਦੇਣਾ, ਪਾਲਣਾ ਅਤੇ ਸੰਘਾਰ ਕਰਨਾ ਇਸ ਦੀਆਂ ਤਿੰਨ ਪ੍ਰਮੁਖ ਸ਼ਕਤੀਆਂ ਹਨ। ਇਸ ਕਰਕੇ 'ਸੋ' ਭਾਵ ਪਾਰਬ੍ਰਹਮ ਇੱਕ ਹੈ ਅਤੇ 'ਹੰ' ਭਾਵ 'ਮੈਂ'—ਉਸ ਦੀ ਸਿਰਜਣਾ—ਉਸ ਦੀ ਅੰਸ਼ ਹਾਂ।


ਸਿੱਟੇ ਵਜੋਂ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਮੂਲ ਮੰਤ੍ਰ ਦਾ '੧ਓ' ਇਸ ਸਲੋਕ ਵਿੱਚ ਨਿਰੂਪਤ ਹੈ ਕਿਉਂਕਿ ਸੋਹੰ, ਓਅੰ ਅਤੇ '੧ਓ' ਤਿੰਨਾਂ ਸ਼ਬਦਾਂ ਦੇ ਅਰਥਾਂ ਵਿੱਚ ਅੰਤਰ ਨਹੀਂ ਹੈ :

ਸੋਹੰ= ਓਅੰ
ਸੋ = ਓ (ਇਕ ਬਚਨ) = ੧ਓ
ਹੰ= ਅੰ
ਸੋਹੰ = ੧ਓਅੰ
"ਓ = ਓਅੰ"[1]
ਸੋ ਸੋਹੰ = ੧ਓ

ਗੁਰੂ ਨਾਨਕ ਦੇਵ ਜੀ ਦੀ ਬਾਣੀ ਤੋਂ ਵੀ ਦ੍ਰਿੜ ਹੋ ਜਾਂਦਾ ਹੈ ਕਿ 'ਓਅੰ' ਵਿਚ 'ਇਕ' ਵਿਆਪਕ ਹੈ–

ਓਅੰਕਾਰਿ ਬ੍ਰਹਮਾ ਉਤਪਤਿ॥
ਓਅੰਕਾਰੁ ਕੀਆ ਜਿਨਿ ਚਿਤਿ॥[2]
ਸੋ 'ਓਅੰ' ਹੀ '੧ਓ' ਹੈ। ਸੋ ਸੋਹੰ = ੧ਓ।

ਇਸ ਦਾ ਟੇਬਲ ਹੇਠ ਲਿਖੇ ਅਨੁਸਾਰ ਹੈ :



1. ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ – ਪੋਥੀ ਪਹਿਲੀ – ੪੪

2. ਆਦਿ ਗ੍ਰੰਥ – ਪੰਨਾ : ੯੨੯

ਬ੍ਰਹਮਾ, ਵਿਸ਼ਨੂੰ, ਮਹੇਸ਼ ਆਦਿ ਭਗਵਾਨਾਂ ਨੂੰ ਰੱਦ ਕਰਕੇ ਸਿੱਧ ਕੀਤਾ ਗਿਆ ਹੈ ਕਿ ਇਹ ਤਿੰਨ ਗੁਣ (੧) ਸ੍ਰਿਸ਼ਟੀ ਦੀ ਉਤਪਦੀ (੨) ਉਸ ਦੀ ਪਾਲਣਾ ਕਰਨਾ ਅਤੇ (੩) ਉਸ ਦਾ ਸੰਘਾਰ ਕਰਨਾ ਪਾਰਬ੍ਰਹਮ ਦੀਆਂ ਹੀ ਸ਼ਕਤੀਆਂ ਹਨ। ਉਪਰੋਕਤ 'ਭਗਵਾਨ' ਦੇਹਧਾਰੀ ਹਨ ਅਤੇ ਪਾਰਬ੍ਰਹਮ ਦੀ ਹੀ ਰਚਨਾ ਹਨ। ਸ੍ਰਿਸ਼ਟੀ ਦੀ ਹਰ ਰਚਨਾ ਵਿੱਚ ਉਹ ਆਪ ਵਿਚਰ ਰਿਹਾ ਹੈ, ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਵਿੱਚ ਵੀ ਉਹ ਆਪ ਹੀ ਵਿਰਾਜਮਾਨ ਹੈ। ਫਿਰ ਪਾਰਬ੍ਰਹਮ ਦੀ ਆਪਣੀ ਰਚਨਾ ਹੀ ਉਸ ਦੀ ਬਰਾਬਰੀ ਕਿਵੇਂ ਕਰ ਸਕਦੀ ਹੈ? ਇਸ ਕਰਕੇ ਇਹ ਤਿੰਨੇ ਦੇਹਧਾਰੀ 'ਭਗਵਾਨ' ਉਸ ਦੀਆਂ ਸ਼ਕਤੀਆਂ ਦੇ ਮਾਲਕ ਨਹੀਂ ਬਣ ਸਕਦੇ। ਇਹੋ ਵਿਚਾਰ ਗੁਰੂ ਨਾਨਕ ਜੀ ਨੇ 'ਜਪੁਜੀ' ਵਿੱਚ ਨਿਰੂਪਿਤ ਕਰਕੇ '੧ਓ' ਦੇ ਸਿਧਾਂਤ ਨੂੰ ਹੋਰ ਪਰਪੱਕਤਾ ਅਤੇ ਦ੍ਰਿੜਤਾ ਪ੍ਰਦਾਨ ਕੀਤੀ ਹੈ :

ਏਕਾ ਮਾਈ ਜੁਗਤਿ ਵਿਆਈ
ਤਿਨਿ ਚੇਲੇ ਪਰਵਾਣੁ॥
ਇਕੁ ਸੰਸਾਰੀ ਇਕੁ ਭੰਡਾਰੀ
ਇਕੁ ਲਾਏ ਦੀਬਾਣੁ॥
ਜਿਵ ਤਿਸੁ ਭਾਵੈ ਤਿਵੈ ਚਲਾਵੈ
ਜਿਵ ਹੋਵੈ ਫਰਮਾਣੁ॥
ਓਹੁ ਵੇਖੈ, ਓਨਾ ਨਦਰਿ ਨ ਆਵੈ
ਬਹੁਤਾ ਏਹੁ ਵਿਡਾਣੁ॥
ਆਦੇਸੁ ਤਿਸੈ ਆਦੇਸੁ॥
ਆਦਿ ਅਨੀਲੁ ਅਨਾਦਿ ਅਨਾਹਤ
ਜੁਗੁ ਜੁਗੁ ਏਕੋ ਵੇਸੁ॥੩੦॥

ਇਸ ਤਰ੍ਹਾਂ ਇਸ ਸਲੋਕ ਵਿੱਚ 'ਸੋਹੰ'/'੧ਓ' ਤੋਂ ਸ੍ਰਿਸ਼ਟੀ ਸਿਰਜਣਾ ਦੇ ਸੰਕਲਪ ਦੀ ਪੋ੍ੜਤਾ ਹੋ ਗਈ ਹੈ ਅਤੇ ਨਾਲ ਦੀ ਨਾਲ "ਹਰਿ ਸੋ ਹੀਰਾ" ਦਾ ਅਰਥ—ਪਾਰਬ੍ਰਹਮ, ਕੇਵਲ ਤੇ ਕੇਵਲ ਇੱਕ ਹੈ—ਵੀ ਦ੍ਰਿੜ ਹੋ ਗਿਆ ਹੈ।

ਇਹ ਸਲੋਕ ਗੁਰੂ ਰਵਿਦਾਸ ਜੀ ਦਾ ਹੀ ਹੈ।

ਸਲੋਕ "ਹਰਿ ਸੋ ਹੀਰਾ ਛਾਡਿ ਕੈ" ਦੇ ਕਰਤਾ ਬਾਰੇ ਵਿਦਵਾਨ ਇੱਕ ਮੱਤ ਨਹੀਂ ਹਨ। ਡਾ. ਸਾਹਿਬ ਸਿੰਘ ਅਤੇ ਡਾ. ਜਸਬੀਰ ਸਿੰਘ ਸਾਬਰ ਇਸ ਸਲੋਕ ਨੂੰ ਗੁਰੂ ਕਬੀਰ ਜੀ ਦਾ ਮੰਨਦੇ ਹਨ। ਡਾ. ਸਾਬਰ ਨੇ ਅਜਿਹਾ ਮੰਨਦਿਆਂ ਕੋਈ ਦਲੀਲ ਨਹੀਂ ਦਿੱਤੀ। ਉਹ ਫੁੱਟ ਨੋਟ ਵਿੱਚ ਲਿਖਦੇ ਹਨ :

> "ਸਭ ਪ੍ਰਤੀਆਂ ਵਿੱਚ ਇਹ ਸਾਖੀ 'ਰਵਿਦਾਸ' ਜੀ ਦੇ ਨਾਮ ਹੇਠ ਹੈ ਜਦੋਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਇਹ ਸਾਖੀ ਕਬੀਰ ਜੀ ਦੇ ਸਲੋਕ ਨੰ. ੨੪੩ ਉੱਤੇ ਹੈ।"[1]

ਪਹਿਲੀ ਗਲ ਇਹ ਸਲੋਕ ਨੰ. ੨੪੩ ਨਹੀਂ ਹੈ। ਇਹ ਸਲੋਕ ਨੰ.੨੪੨ ਉੱਤੇ ਦਰਜ ਹੈ। ਡਾ. ਸਾਬਰ ਨੇ ਬਿਨ੍ਹਾਂ ਵਿਚਾਰ ਕੀਤਿਆਂ ਅਤੇ ਬਿਨਾਂ ਦਲੀਲ ਦਿੱਤਿਆਂ ਹੀ ਇਸ ਸਲੋਕ ਨੂੰ ਗੁਰੂ ਕਬੀਰ ਜੀ ਦਾ ਮੰਨ ਲਿਆ ਹੈ। ਇਸ ਨਿਰਣੇ ਨੇ ਵਿਵਾਦ ਤਾਂ ਪੈਦਾ ਕੀਤਾ ਹੀ ਹੈ, ਇਸ ਨੇ ਆਮ ਵਿਅਕਤੀਆਂ ਨੂੰ ਵੀ ਗੁਮਰਾਹ ਕੀਤਾ ਹੈ। ਇਹ ਨਿਰਣਾ ਸਹੀ ਨਹੀਂ ਹੈ।

ਡਾ. ਸਾਹਿਬ ਸਿੰਘ ਨੇ ਵੀ ਬਿਨਾਂ ਦਲੀਲ ਦਿੱਤਿਆਂ ਹੀ ਤਰਕ ਰਹਿਤ ਨਿਰਣਾ ਦੇ ਦਿੱਤਾ ਹੈ। ਉਹ ਸਲੋਕ ਨੰ. ੨੪੨ ਨੂੰ ਗੁਰੂ ਕਬੀਰ ਜੀ ਦਾ ਦਸਦੇ ਹੋਏ ਇਸ ਹੇਠ ਨੋਟ ਦਿੰਦੇ ਹਨ :

> "ਨੋਟ ! ਭਗਤ ਨਾਮਦੇਵ ਜੀ ਅਤੇ ਭਗਤ ਰਵਿਦਾਸ ਜੀ ਦੇ ਕੋਈ ਸਲੋਕ ਨਹੀਂ ਹਨ, ਸਿਰਫ਼ ਸ਼ਬਦ ਹਨ। ਜਿਵੇਂ ਸ਼ਲੋਕ ਨੰ. ੨੧੨ ਅਤੇ ੨੧੩ ਹਨ ਤਾਂ ਕਬੀਰ ਜੀ ਦੇ ਆਪਣੇ ਉਚਾਰੇ ਹੋਏ, ਤਿਵੇਂ ਇਹ ਸ਼ਲੋਕ ਨੰ. ੨੪੧ ਅਤੇ ੨੪੨ ਭੀ ਕਬੀਰ ਜੀ ਦੇ ਆਪਣੇ ਹੀ ਹਨ। ਕਬੀਰ ਜੀ ਆਖਦੇ ਹਨ ਕਿ ਅਸਾਂ ਉਹਨਾਂ ਦੀ ਬਾਣੀ ਪੜਕੇ ਵੇਖੀ ਹੈ ਉਹ ਵੀ ਅਸਾਡੇ ਨਾਲ ਹੀ ਸਮਤੀ ਰੱਖਦੇ ਹਨ।"[2]

ਉਪਰੋਕਤ ਨੋਟ ਤੋਂ ਹੇਠ ਲਿਖੇ ਸਿੱਟੇ ਦ੍ਰਿਸ਼ਟੀਗੋਚਰ ਹੁੰਦੇ ਹਨ ਅਤੇ ਡੂੰਘੇ ਅਧਿਐਨ ਦੀ ਮੰਗ ਕਰਦੇ ਹਨ :

੧. ਗੁਰੂ ਰਵਿਦਾਸ ਜੀ ਅਤੇ ਗੁਰੂ ਨਾਮਦੇਵ ਜੀ ਨੇ ਕੋਈ ਸਲੋਕ ਨਹੀਂ ਰਚੇ।

੨. ਜਿਵੇਂ ਸਲੋਕ ਨੰ. ੨੧੨ ਅਤੇ ੨੧੩ ਦਾ ਆਰੰਭ ਵਿੱਚ ਸਿਰਲੇਖ ਨਾ ਹੋਣ ਕਰਕੇ ਗੁਰੂ ਕਬੀਰ ਜੀ ਦੇ ਹਨ, ਤਿਵੇਂ ਸਲੋਕ ਨੰ. ੨੪੧ ਅਤੇ ੨੪੨ ਵੀ ਗੁਰੂ ਕਬੀਰ ਜੀ ਦੇ ਹੀ ਹਨ।

---

1. "ਭਗਤ ਰਵਿਦਾਸ ਸ੍ਰੋਤ ਪੁਸਤਕ"- ਪੰਨਾ : ੨੬੮ ਸੰਪਾਦਕ - ਡਾ. ਜਸਵੀਰ ਸਿੰਘ ਸਾਬਰ
2. ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ - ਪੋਥੀ ਦਸਵੀਂ - ਪੰਨਾ : ੨੮੩

ਹੁਣ ਅਸੀਂ ਇਨ੍ਹਾਂ ਸਿੱਟਿਆਂ ਤੇ ਘੋਖਵਾਂ ਅਧਿਐਨ ਕਰਕੇ ਵਿਚਾਰ ਕਰਦੇ ਹਾਂ :

੧. ਇਹ ਕਹਿਕੇ ਸਿੱਧ ਕਰ ਦੇਣਾ ਕਿ ਗੁਰੂ ਨਾਮਦੇਵ ਜੀ ਅਤੇ ਗੁਰੂ ਰਵਿਦਾਸ ਜੀ ਨੇ ਸਲੋਕ ਰਚੇ ਹੀ ਨਹੀਂ ਹਨ, ਇਸ ਕਰਕੇ ਸਲੋਕ ਨੰ. ੨੪੧ ਅਤੇ ੨੪੨ ਗੁਰੂ ਕਬੀਰ ਜੀ ਦੇ ਹਨ, ਇਨ੍ਹਾਂ ਦੋਹਾਂ ਮਹਾਂ ਪੁਰਸ਼ਾਂ ਨਾਲ ਘੋਰ ਅਨਿਆ ਹੈ। ਇਸ ਕਰਕੇ ਬਿਨ੍ਹਾਂ ਕਿਸੇ ਦਲੀਲ ਤੋਂ ਤਰਕਹੀਣ ਨਿਰਣਾ ਬੇਅਰਥ ਅਤੇ ਬੇ-ਬੁਨਿਆਦ ਹੈ। ਇਸ ਲਈ ਇਹ ਕਿਸੇ ਵੀ ਤਰ੍ਹਾਂ ਮੰਨਣਯੋਗ ਨਹੀਂ ਹੈ।

ਦੂਜੇ, ਗੁਰੂ ਗ੍ਰੰਥ ਸਾਹਿਬ ਤੋਂ ਬਾਹਰਲੀ ਗੁਰੂ ਰਵਿਦਾਸ ਜੀ ਦੀ ਬਾਣੀ ਵਿੱਚ ਸਲੋਕ ਨੰ. ੨੪੨ ਸਾਰੀਆਂ ਪ੍ਰਤੀਆਂ ਵਿੱਚ ਉਪਲਭਧ ਹੈ। ਇਸ ਦੀ ਪ੍ਰੋੜਤਾ ਡਾ. ਜਸਬੀਰ ਸਿੰਘ ਸਾਬਰ ਦੇ ਉਪਰੋਕਤ ਕਥਨ ਤੋਂ ਮਿਲ ਜਾਂਦੀ ਹੈ। ਉਨ੍ਹਾਂ ਦੀ ਪੁਸਤਕ "ਭਗਤ ਰਵਿਦਾਸ ਸ੍ਰੋਤ ਪੁਸਤਕ" ਦੇ ਪੰਨਾ - ੨੬੮ ਉੱਤੇ ਸਾਖੀ ਭਾਗ ਵਿੱਚ ਕੁਝ ਕੁ ਅੰਤਰ ਨਾਲ ਉਪਲਭਧ ਹੈ। ਇਹ ਸਲੋਕ ਪ੍ਰੋ. ਧਰਮ ਪਾਲ ਸਿੰਗਲ ਦੀ ਸੰਪਾਦਿਤ ਕੀਤੀ ਪੁਸਤਕ "ਬਾਣੀ ਸ੍ਰੀ ਗੁਰੂ ਰਵਿਦਾਸ ਜੀ" ਦੇ ਪੰਨਾ - ੭੫ ਅਤੇ ਸਲੋਕ ਨੰ. ੧ ਅਤੇ ੩ ਉੱਤੇ ਦਰਜ ਹੈ ਅਤੇ ਭਾਸ਼ਾ ਵਿਭਾਗ ਪਟਿਆਲਾ ਵਲੋਂ ਪ੍ਰਕਾਸ਼ਤ ਪੁਸਤਕ "ਬਾਣੀ ਗੁਰੂ ਰਵਿਦਾਸ" ਦੇ ਪੰਨਾ - ੧੯, ਪਦ ਨੰ. ੨੦ ਉੱਤੇ ਦਰਜ ਹੈ।

ਇਨ੍ਹਾਂ ਤੱਥਾਂ ਤੋਂ ਬਿਨਾਂ ਸ਼ੱਕ ਅਤੇ ਸੰਕੋਚ ਦੇ ਸਿੱਧ ਹੋ ਗਿਆ ਹੈ ਕਿ ਗੁਰੂ ਰਵਿਦਾਸ ਜੀ ਨੇ ਸਲੋਕਾਂ ਦੀ ਰਚਨਾ ਕੀਤੀ ਹੈ। ਇਸ ਤੱਥ ਨੂੰ ਝੁਠਲਾਇਆ ਨਹੀਂ ਜਾ ਸਕਦਾ ਕਿਉਂਕਿ ਬਾਹਰਲੀ ਬਾਣੀ ਦੇ ਸਾਰੇ ਦੇ ਸਾਰੇ ਉਪਲਬਧ ਖਰੜਿਆਂ ਵਿੱਚ ਇਹ ਸਲੋਕ ਦਰਜ ਹੈ। ਸੋ ਸਿੱਧ ਹੋ ਗਿਆ ਹੈ ਕਿ ਡਾ. ਸਾਹਿਬ ਸਿੰਘ ਦਾ ਨਿਰਣਾ ਸਹੀ ਨਹੀਂ ਹੈ ਅਤੇ ਇਹ ਵੀ ਸਿੱਧ ਹੋ ਗਿਆ ਕਿ ਇਹ ਸਲੋਕ ਨੰ. ੨੪੨ ਗੁਰੂ ਰਵਿਦਾਸ ਜੀ ਦੀ ਰਚਨਾ ਹੀ ਹੈ।

੨. ਸਿੱਟਾ ਨੰ. ੨ ਅਨੁਸਾਰ ਡਾ. ਸਾਹਿਬ ਸਿੰਘ ਨੇ ਸਿਰਲੇਖ ਨਾ ਹੋਣ ਕਰਕੇ ਇਹ ਨਿਰਣਾ ਲੈ ਲਿਆ ਹੈ ਕਿ ਸਲੋਕ ਨੰ. ੨੪੨ ਗੁਰੂ ਕਬੀਰ ਦਾ ਹੈ। ਇਸ ਤੱਥ ਦੀ ਪ੍ਰੋੜਤਾ ਸਲੋਕ ਨੰ. ੨੧੨ ਅਤੇ ੨੧੩ ਦੇ ਹੇਠ ਦਿੱਤਾ ਨੋਟ ਕਰਦਾ ਹੈ :

> "ਨੋਟ : "ਮਹਲ ੫" ਦੇ ਸਲੋਕ ਸਿਰਫ ਤਿੰਨ ਹਨ —ਨੰ. ੨੦੯, ੨੧੦, ੨੧੧। ਹੁਣ ਫਿਰ ਕਬੀਰ ਜੀ ਦੇ ਉਚਾਰੇ ਹੋਏ ਸ਼ਲੋਕ ਹਨ, ਕਿਉਂਕਿ ਇਹਨਾਂ ਦਾ ਸਿਰਲੇਖ "ਮਹਲਾ-੫" ਨਹੀਂ ਹੈ।"[1]

ਡਾ. ਸਾਹਿਬ ਸਿੰਘ ਇਸ ਨੋਟ ਵਿੱਚ ਦਲੀਲ ਦਿੰਦੇ ਹਨ ਕਿ ਸਲੋਕ ਨੰ. ੨੧੨ ਅਤੇ ੨੧੩ ਦੇ ਆਰੰਭ ਵਿੱਚ ਸਿਰਲੇਖ ਨਹੀਂ ਹੈ ਇਸ ਲਈ ਇਹ ਸਲੋਕ

---

1. ਓਹੀ-੨੬੭

ਗੁਰੂ ਕਬੀਰ ਜੀ ਦੇ ਹਨ। ਪਰ ਇਹ ਨਿਰਣਾ ਸਹੀ ਨਹੀਂ ਹੈ, ਕਿਉਂਕਿ ਸਲੋਕ ਨੰ. ੨੧੨ ਅਤੇ ੨੧੩ ਲਈ ਵਖਰੇ ਸਿਰਲੇਖ ਦੀ ਲੋੜ ਨਹੀਂ ਹੈ। ਸਲੋਕ ਨੰ. ੨੦੯, ੨੧੦ ਅਤੇ ੨੧੧ ਲਈ 'ਮਹਲਾ ੫' ਸਿਰਲੇਖ ਤਾਂ 'ਗੁਰੂ ਨਾਨਕ ਪੰਜਵਾਂ' ਭਾਵ ਗੁਰੂ ਅਰਜਨ ਦੇਵ ਜੀ ਨੂੰ ਕਰਤਾ ਦੇ ਤੌਰ ਤੇ ਸਪਸ਼ਟ ਕਰਨ ਲਈ ਆਇਆ ਹੈ। ਪਰ 'ਭਗਤਾ ਕੀ ਬਾਣੀ' ਵਿੱਚ ਅਜਿਹੀ ਕੋਈ ਸਮੱਸਿਆ ਨਹੀਂ ਹੈ। ਇਸ ਕਾਰਣ ਸਲੋਕ ਨੰ. ੨੧੨ ਅਤੇ ੨੧੩ ਦੇ ਕਰਤਾ ਗੁਰੂ ਕਬੀਰ ਜੀ ਨਹੀਂ ਹਨ, ਸਗੋਂ ਇਨ੍ਹਾਂ ਸਲੋਕਾਂ ਅੰਦਰ ਜਿਹੜੇ ਮਹਾਂਪੁਰਸ਼ਾਂ ਦੇ ਨਾਮ ਦਰਜ ਹਨ, ਓਹੀ ਇਨ੍ਹਾਂ ਦੇ ਕਰਤਾ ਹਨ।

ਇਸ ਤਰ੍ਹਾਂ ਜੇ ਸਲੋਕ ਦੇ ਆਰੰਭ ਵਿੱਚ ਕੋਈ ਸਿਰਲੇਖ ਨਹੀਂ ਹੈ ਅਤੇ ਸਲੋਕ ਦੇ ਅੰਦਰ ਦਰਜ ਨਾਮ, ਮੁਖ ਸਿਰਲੇਖ ਵਾਲੇ ਨਾਮ ਤੋਂ ਭਿੰਨ ਹੈ ਤਾਂ ਵੀ ਉਹ ਸਲੋਕ ਹਰ ਹਾਲਤ ਵਿੱਚ ਸਲੋਕ ਅੰਦਰ ਦਰਜ ਨਾਮ ਵਾਲੇ ਦੀ ਹੀ ਰਚਨਾ ਹੈ।

ਇਸ ਸਿਧਾਂਤ ਦੀ ਪ੍ਰੌੜਤਾ ਗੁਰੂ ਅਰਜਨ ਦੇਵ ਜੀ ਨੇ "ਸਲੋਕ ਸ਼ੇਖ ਫਰੀਦ ਕੇ" ਦੇ ਸਿਰਲੇਖ ਹੇਠ ਆਏ ਸਲੋਕਾਂ ਵਿੱਚ ਕੀਤੀ ਹੈ। ਜਿਵੇਂ ਸਲੋਕ ਨੰ. ੧੨੧ ਵਿੱਚ 'ਨਾਨਕ' ਨਾਮ ਦਰਜ ਹੈ ਅਤੇ ਇਸ ਦੇ ਆਰੰਭ ਵਿੱਚ ਕੋਈ ਸਿਰਲੇਖ ਨਹੀਂ ਹੈ :

ਮੁੱਖ ਸਿਰਲੇਖ — 'ਸਲੋਕ ਸ਼ੇਖ ਫਰੀਦ ਕੇ'

ਹਉ ਢੂਢੇਦੀ ਸਜਣਾ, ਸਜਣੁ ਮੈਡੇ ਨਾਲ॥
ਨਾਨਕ ਅਲਖੁ ਨ ਲਖੀਐ, ਗੁਰਮੁਖਿ ਦੇਇ ਦਿਖਾਲਿ॥੧੨੧॥

ਪੰਨਾ : ੧੩੮੪

ਡਾ. ਸਾਹਿਬ ਸਿੰਘ ਨੇ ਇਸ ਸਲੋਕ ਨੂੰ ਗੁਰੂ ਰਾਮਦਾਸ ਜੀ ਦਾ ਮੰਨਿਆ ਹੈ।

ਇਸੇ ਤਰ੍ਹਾਂ "ਸਲੋਕ ਭਗਤ ਕਬੀਰ ਜੀਉ ਕੇ" ਵਿੱਚ ਸਲੋਕ ਨੰ. ੨੪੨ ਵਿੱਚ 'ਰਵਿਦਾਸ' ਨਾਮ ਦਰਜ ਹੈ। ਇਸ ਸਲੋਕ ਦੇ ਆਰੰਭ ਵਿੱਚ ਵੀ ਕੋਈ ਸਿਰਲੇਖ ਨਹੀਂ ਹੈ:

ਮੁਖ ਸਿਰਲੇਖ — 'ਸਲੋਕ ਭਗਤ ਕਬੀਰ ਜੀਉ ਕੇ'

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥੨੪੨॥

ਪੰਨਾ : ੧੩੭੭

ਡਾ. ਸਾਹਿਬ ਸਿੰਘ ਨੇ ਇਸ ਸਲੋਕ ਨੂੰ ਗੁਰੂ ਕਬੀਰ ਜੀ ਦਾ ਮੰਨਿਆ ਹੈ।

ਉਪਰੋਕਤ ਦੋਹਾਂ ਸਲੋਕਾਂ ਵਿੱਚ ਸਾਂਝੇ ਨੁਕਤੇ ਹੇਠ ਲਿਖੇ ਹਨ :

੧. ਦੋਹਾਂ ਸਲੋਕਾਂ ਦੇ ਮੁਖ ਸਿਰਲੇਖ ਹਨ।

੨. ਦੋਹਾਂ ਸਲੋਕਾਂ ਦੇ ਆਰੰਭ ਵਿੱਚ ਕੋਈ ਸਿਰਲੇਖ ਨਹੀਂ ਹੈ।

੩. ਦੋਹਾਂ ਸਲੋਕਾਂ ਅੰਦਰ ਮੁਖ ਸਿਰਲੇਖ ਨਾਲੋਂ ਵੱਖਰਾ ਨਾਮ ਦਰਜ ਹੈ।

ਇਨ੍ਹਾਂ ਸਾਂਝੇ ਨੁਕਤਿਆਂ ਤੋਂ ਸਿੱਟਾ ਵੀ ਸਾਂਝਾ ਅਰਥਾਤ ਇੱਕੋ ਹੀ ਨਿਕਲੇਗਾ। ਪਰ ਡਾ. ਸਾਹਿਬ ਸਿੰਘ ਦੋਹਾਂ ਸਲੋਕਾਂ ਦੀ ਉਪਰੋਕਤ ਸਾਂਝ ਦੇ ਹੁੰਦਿਆਂ ਹੋਇਆਂ ਵੀ ਇੱਕ ਸਾਂਝਾ ਨਿਰਣਾ ਨਹੀਂ ਲੈਂਦੇ। ਉਹ ਸਲੋਕ ਨੰ. ੧੨੧ ਨੂੰ ਗੁਰੂ ਰਾਮਦਾਸ ਜੀ ਦਾ ਮੰਨਦੇ ਹਨ ਅਤੇ ਸਲੋਕ ਨੰ. ੨੪੨ ਨੂੰ ਗੁਰੂ ਕਬੀਰ ਜੀ ਦਾ ਮੰਨਦੇ ਹਨ। ਡਾ. ਸਾਹਿਬ ਸਿੰਘ ਦਾ ਇਹ ਨਿਰਣਾ ਉੱਕਾ ਹੀ ਠੀਕ ਨਹੀਂ ਹੈ। ਜੇ ਉਪਰੋਕਤ 'ਨਾਨਕ' ਨਾਮ ਵਾਲਾ ਸਲੋਕ ਗੁਰੂ ਰਾਮਦਾਸ ਜੀ ਦਾ ਹੈ ਤਾਂ ਉਪਰੋਕਤ 'ਰਵਿਦਾਸ' ਨਾਮ ਵਾਲਾ ਸਲੋਕ ਗੁਰੂ ਰਵਿਦਾਸ ਜੀ ਦਾ ਕਿਉਂ ਨਹੀਂ? ਇਸ ਨੂੰ ਦੂਜੇ ਢੰਗ ਨਾਲ ਵੀ ਪੇਸ਼ ਕੀਤਾ ਜਾ ਸਕਦਾ ਹੈ। ਜੇ 'ਰਵਿਦਾਸ' ਨਾਮ ਵਾਲਾ ਉਪਰੋਕਤ ਸਲੋਕ ਗੁਰੂ ਕਬੀਰ ਜੀ ਦਾ ਹੈ, ਤਾਂ ਉਪਰੋਕਤ 'ਨਾਨਕ' ਨਾਮ ਵਾਲਾ ਸਲੋਕ ਸ਼ੇਖ ਫਰੀਦ ਜੀ ਦਾ ਕਿਉਂ ਨਹੀਂ ਹੈ?

ਡਾ. ਸਾਹਿਬ ਸਿੰਘ ਦਾ 'ਨਾਨਕ' ਨਾਮ ਵਾਲੇ ਸਲੋਕ ਵਾਲਾ ਨਿਰਣਾ ਸਹੀ ਹੈ। ਇਸ ਆਧਾਰ ਤੇ ਹੀ ਸਲੋਕ ਨੰ. ੨੪੨ ਵਾਲਾ ਨਿਰਣਾ ਲੈਣਾ ਪਵੇਗਾ। ਸੋ 'ਰਵਿਦਾਸ' ਨਾਮ ਵਾਲੇ ਸਲੋਕ ਦੇ ਕਰਤਾ ਦਾ ਨਾਮ ਗੁਰੂ ਰਵਿਦਾਸ ਜੀ ਹੀ ਹੈ।

'ਨਾਨਕ' ਨਾਮ ਵਾਲੇ ਸਲੋਕ ਨੰ. ੧੨੧ ਦਾ ਨਿਰਣਾ ਕਿਉਂ ਸਹੀ ਹੈ? ਇਸ ਤੇ ਵਿਚਾਰ ਕਰਦੇ ਹਾਂ :

ਉਪਰੋਕਤ 'ਨਾਨਕ' ਨਾਮ ਵਾਲੇ ਸਲੋਕ ਦੇ ਆਰੰਭ ਵਿੱਚ 'ਮਹਲਾ' ਦਾ ਉਲੇਖ ਨਹੀਂ ਹੈ। ਇਸ ਕਾਰਣ ਇਹ ਤੈਅ ਕਰਨ ਵਿੱਚ ਮੁਸ਼ਕਲ ਬਣ ਗਈ ਹੈ ਕਿ ਇਹ ਕਿਹੜੇ 'ਨਾਨਕ' ਦਾ ਸਲੋਕ ਹੈ। ਇਸ ਸਲੋਕ ਦਾ ਨਿਰਣਾ ਕਰਨ ਲਈ ਡਾ. ਸਾਹਿਬ ਸਿੰਘ ਲਿਖਦੇ ਹਨ :

"ਨੋਟ :— ਇਹ ਸਲੋਕ ਗੁਰੂ ਰਾਮਦਾਸ ਜੀ ਦਾ ਹੈ। ਰਾਗ ਕਾਨੜੇ ਦੀ ਵਾਰ ਦੀ ਪੰਦਰਵੀਂ ਪਉੜੀ ਵਿੱਚ ਆਇਆ ਹੈ।"[1]

ਉਪਰੋਕਤ ਨੋਟ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਇਹ ਸਲੋਕ 'ਚੌਥੇ ਨਾਨਕ' ਗੁਰੂ ਰਾਮਦਾਸ ਜੀ ਦਾ ਹੈ। ਪਰ ਇਹ ਸਹਾਇਤਾ ਇਸ ਲਈ ਲੈਣੀ ਜ਼ਰੂਰੀ ਬਣ ਗਈ ਹੈ ਕਿ ਇਹ ਨਿਰਣਾ ਕੀਤਾ ਜਾ ਸਕੇ ਕਿ ਇਹ ਸਲੋਕ ਕਿਹੜੇ 'ਨਾਨਕ' ਦਾ ਹੈ, ਕਿਉਂਕਿ ਮੁੱਖ ਸਿਰਲੇਖ 'ਸਲੋਕ ਸੇਖ ਫਰੀਦ ਕੇ' ਅਧੀਨ ਸਲੋਕ ਨੰ. ੧੨੧ ਦੇ ਆਰੰਭ ਵਿੱਚ ਕੋਈ 'ਮਹਲਾ' ਦਰਜ ਨਹੀਂ ਹੈ।

ਇਸ ਨੋਟ ਦਾ ਇਹ ਅਰਥ ਬਿਲਕੁਲ ਹੀ ਨਹੀਂ ਹੈ ਕਿ ਗੁਰੂ ਰਾਮਦਾਸ ਜੀ ਦਾ ਸਲੋਕ ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਕਾਨੜਾ ਦੀ ਵਾਰ ਵਿੱਚ ਮਿਲਦਾ ਹੈ, ਇਸ ਲਈ ਗੁਰੂ ਰਾਮਦਾਸ ਜੀ ਦਾ ਹੈ। ਇਸ ਵਿਚਾਰ ਨੂੰ ਮੰਨਣ ਨਾਲ ਤਾਂ ਇਹ ਸਿੱਧ ਹੋ ਜਾਂਦਾ ਹੈ ਕਿ ਜੇ ਇਹ ਸਲੋਕ ਵਾਰ ਵਿੱਚ ਨਾ ਹੁੰਦਾ ਤਾਂ ਡਾ. ਸਾਹਿਬ ਸਿੰਘ ਅਨੁਸਾਰ ਇਹ ਸਲੋਕ ਸੇਖ ਫਰੀਦ ਜੀ ਦੀ ਰਚਨਾ ਸਿੱਧ ਹੋ ਜਾਣੀ ਸੀ,

1. ਓਹੀ - ੩੫੬

ਜਿਵੇਂ ਉਨ੍ਹਾਂ ਨੇ ਸਲੋਕ ਨੰ : ੨੪੨ ਨੂੰ ਗੁਰੂ ਕਬੀਰ ਜੀ ਦਾ ਮੰਨ ਲਿਆ ਹੈ।

ਸੋ ਇਸ ਨੋਟ ਦਾ ਮੁੱਖ ਮੰਤਵ ਕੇਵਲ ਇਹ ਸਪਸ਼ਟ ਕਰਨਾ ਹੈ ਕਿ ਇਹ ਸਲੋਕ ਗੁਰੂ ਰਾਮਦਾਸ ਜੀ ਦਾ ਹੈ। ਇਸ ਸਹਾਇਤਾ ਤੋਂ ਬਿਨਾਂ ਇਸ ਸਲੋਕ ਦੇ ਕਰਤਾ ਦਾ ਪਤਾ ਨਹੀਂ ਸੀ ਲਗ ਸਕਣਾ। ਜਿਹੜੇ ਸਲੋਕਾਂ ਦੇ ਮੁੱਢ ਵਿੱਚ 'ਮਹਲਾ' ਦਰਜ ਹੈ, ਉਥੇ ਅਜਿਹੀ ਸਹਾਇਤਾ ਦੀ ਲੋੜ ਨਹੀਂ ਪਈ ਕਿਉਂਕਿ 'ਮਹਲਾ' ਸਪਸ਼ਟ ਕਰ ਦਿੰਦਾ ਹੈ ਕਿ ਇਹ ਕਿਹੜੇ ਗੁਰੂ ਦਾ ਸਲੋਕ ਹੈ।

ਜਿਵੇਂ ਉਪਰੋਕਤ ਚਰਚਾ ਤੋਂ ਇਹ ਸਿੱਧ ਹੋ ਗਿਆ ਹੈ ਕਿ ਸਲੋਕ ਨੰ : ੧੨੧ ਸੇਖ ਫਰੀਦ ਜੀ ਦਾ ਨਹੀਂ ਹੈ ਸਗੋਂ ਗੁਰੂ ਰਾਮਦਾਸ ਜੀ ਦਾ ਹੈ, ਉਸੇ ਤਰ੍ਹਾਂ ਇਹ ਵੀ ਸਿੱਧ ਹੋ ਗਿਆ ਹੈ ਕਿ ਸਲੋਕ ਨੰ : ੨੪੨ ਗੁਰੂ ਕਬੀਰ ਜੀ ਦਾ ਨਹੀਂ ਹੈ ਸਗੋਂ ਗੁਰੂ ਰਵਿਦਾਸ ਜੀ ਦਾ ਹੈ।

ਇਕ ਹੋਰ ਦ੍ਰਿਸ਼ਟੀਕੋਣ ਤੋਂ ਵਿਚਾਰ ਕਰਨ ਨਾਲ ਵੀ ਸਲੋਕ ਨੰ. ੨੪੨ ਗੁਰੂ ਰਵਿਦਾਸ ਜੀ ਦਾ ਹੀ ਸਿੱਧ ਹੁੰਦਾ ਹੈ।

ਜਿਥੇ ਸਲੋਕ ਦੇ ਆਰੰਭ ਵਿੱਚ "ਮਹਲਾ' ਸਿਰਲੇਖ ਆਇਆ ਹੈ ਅਤੇ ਸਲੋਕ ਅੰਦਰ ਦਰਜ ਨਾਮ ਗੁਰੂ ਕਬੀਰ ਜੀ ਜਾਂ ਬਾਬਾ ਫਰੀਦ ਜੀ ਦੇ ਹੀ ਹਨ ਉਥੇ ਵਿਚਾਰ ਤਾਂ ਉਪਰੋਕਤ ਦੋਹਾਂ ਮਹਾਂਪੁਰਸ਼ਾਂ ਦੇ ਹੀ ਹਨ ਪਰ "ਮਹਲਾ" ਨੇ ਉਨ੍ਹਾਂ ਹੀ ਵਿਚਾਰਾਂ ਨੂੰ ਭੁਲੇਖੇ ਪੈਣ ਤੋਂ ਬਚਾਉਣ ਲਈ ਹੋਰ ਸਪਸ਼ਟ ਕੀਤਾ ਹੈ।

ਜਿਥੇ ਸਲੋਕ ਦੇ ਆਰੰਭ ਵਿੱਚ 'ਮਹਲਾ' ਸਿਰਲੇਖ ਨਹੀਂ ਹੈ, ਪਰ ਅੰਦਰ 'ਨਾਨਕ' ਨਾਮ ਦਰਜ ਹੈ, ਉਥੇ 'ਨਾਨਕ' ਦੇ ਵਿਚਾਰ ਹਨ। ਅਜਿਹੇ ਸਲੋਕ ਅਗਲੇ ਅਤੇ ਪਿਛਲੇ ਸਲੋਕਾਂ ਦੀ ਵਿਚਾਰਧਾਰਾ ਦੀ ਲੜੀ ਨੂੰ ਨਿਰੰਤਰ, ਅਟੁੱਟ ਰੱਖਣ ਲਈ ਵਰਤੇ ਗਏ ਹਨ। ਜੇ ਅਜਿਹੇ ਸਲੋਕ ਦਰਜ ਨਾ ਕੀਤੇ ਜਾਂਦੇ ਤਾਂ ਸਲੋਕਾਂ ਵਿੱਚ ਵਿਚਰ ਰਹੀ, ਵਿਚਾਰ-ਲੜੀ ਟੁੱਟ ਜਾਣੀ ਸੀ ਅਤੇ ਵਿਚਾਰਧਾਰਾ ਵਿੱਚ ਘੱਪਾ ਪੈ ਜਾਣਾ ਸੀ, ਜਿਸ ਕਾਰਣ ਸਮੁੱਚੀ ਵਿਚਾਰਧਾਰਾ ਨੇ ਅਸਪਸ਼ਟ ਅਤੇ ਧੁੰਧਲਾ ਬਣ ਕੇ ਸਾਧਕ ਦੇ ਰੂਹਾਨੀ ਵਿਕਾਸ ਵਿੱਚ ਰੁਕਾਵਟ ਬਣ ਜਾਣਾ ਸੀ।

ਇਸ ਦ੍ਰਿਸ਼ਟੀ ਤੋਂ ਚਰਚਾ ਕਰਨ ਉਪਰੰਤ ਵੀ ਇਹੋ ਹੀ ਸਿੱਧ ਹੁੰਦਾ ਹੈ ਕਿ ਸਲੋਕ ਨੰ. ੨੪੨ ਗੁਰੂ ਰਵਿਦਾਸ ਜੀ ਦਾ ਹੈ ਅਤੇ ਸਲੋਕ ਨੰ. ੧੨੧ ਗੁਰੂ ਰਾਮ ਦਾਸ ਜੀ ਦਾ ਹੈ। ਸਲੋਕ ਨੰ. ੨੪੨ ਦੀ ਥਾਂ ਤੇ ਗੁਰੂ ਕਬੀਰ ਜੀ ਦਾ ਕੋਈ ਵੀ ਅਜਿਹਾ ਸਲੋਕ ਨਹੀਂ ਸੀ, ਜਿਹੜਾ ਵਿਚਾਰਧਾਰਾ ਵਿੱਚ ਪਏ ਘੱਪੇ ਨੂੰ ਪੂਰਾ ਕਰ ਸਕਦਾ। ਇਸ ਲਈ ਗੁਰੂ ਰਵਿਦਾਸ ਜੀ ਦੇ ਇਸ ਸਲੋਕ ਨੂੰ ਘੱਪਾ ਪੂਰਨ ਲਈ ਹੀ ਇਥੇ ਸਲੋਕ ਨੰ. ੨੪੨ ਉਪਰ ਦਰਜ ਕੀਤਾ ਗਿਆ ਹੈ। ਸਲੋਕ ਵਿੱਚ ਗੁਰੂ ਰਵਿਦਾਸ ਜੀ ਦਾ ਨਾਮ ਦਰਜ ਹੋਣ ਕਰਕੇ ਅਤੇ ਸਲੋਕ ਦੇ ਆਰੰਭ ਵਿੱਚ ਸਿਰਲੇਖ ਨਾ ਹੋਣ ਕਰਕੇ ਇਹ ਗੁਰੂ ਜੀ ਦੇ ਨਿਰੋਲ ਉਨ੍ਹਾਂ ਦੇ ਆਪਣੇ ਹੀ ਮੌਲਿਕ

ਵਿਚਾਰ ਹਨ।

ਕਈ ਵਿਦਵਾਨਾਂ ਨੇ ਸਮੇਤ ਡਾ. ਜੋਧ ਸਿੰਘ ਦੇ ਇਸ ਸਲੋਕ ਨੂੰ ਗੁਰੂ ਰਵਿਦਾਸ ਜੀ ਦਾ ਮੰਨਿਆ ਹੈ। ਉਨ੍ਹਾਂ ਨੇ ਬਿਨਾਂ ਸ਼ੱਕ ਅਤੇ ਸੰਕੋਚ ਦੇ ਆਪਣੀ ਪੁਸਤਕ "ਭਗਤ ਰਵਿਦਾਸ, ਜੀਵਨੀ ਤੇ ਰਚਨਾ" ਦੇ ਅੰਤ ਵਿੱਚ ਇਸ ਸਲੋਕ ਨੂੰ ਪੰਨਾ ਨੰ. ੫੧ ਤੇ ਦਰਜ ਕੀਤਾ ਹੈ।

ਸੋ ਪਰਪੱਕਤਾ ਨਾਲ ਸਪਸ਼ਟ ਤੌਰ ਤੇ ਦ੍ਰਿੜ ਹੋ ਗਿਆ ਹੈ ਕਿ ਸਲੋਕ ਨੰ. ੨੪੨ ਗੁਰੂ ਰਵਿਦਾਸ ਜੀ ਦੀ ਹੀ ਮੌਲਿਕ ਰਚਨਾ ਹੈ, ਜਿਸ ਨੂੰ ਗੁਰੂ ਕਬੀਰ ਜੀ ਦੇ ਸ਼ਲੋਕਾਂ ਵਿੱਚ ਵਿਚਰ ਰਹੀ ਵਿਚਾਰਧਾਰਾ ਵਿੱਚ ਪਏ ਘੱਪੇ ਨੂੰ ਪੂਰਨ ਲਈ ਵਰਤਿਆ ਗਿਆ ਹੈ।

ਸਲੋਕ ਦਾ ਅੰਤਰੀਵ ਵਿਚਾਰ-ਵਿਧਾਨ

ਇਸ ਸਲੋਕ ਦੀ ਪਹਿਲੀ ਸਤਰ ਵਿੱਚ 'ਹਰਿ' ਦਾ ਮੁੱਖ ਰੂਪ ਵਿੱਚ ਉਲੇਖ ਕਰਕੇ ਉਸਦੇ ਮਹੱਤਵ ਨੂੰ ਦ੍ਰਿੜ ਕੀਤਾ ਗਿਆ ਹੈ ਜਦਕਿ ਪਿਛੋਕੜ ਵਿੱਚ 'ਤੇ ਨਰ' (ਜੀਵ) ਵਿਚਰ ਰਿਹਾ ਹੈ। ਪਰ ਜੀਵ ਦੇ ਕਰਮ ਨੂੰ ਪਿਛੋਕੜ ਵਿੱਚ ਨਹੀਂ ਰਖਿਆ ਗਿਆ, ਸਗੋਂ ਬੜੇ ਸ਼ਕਤੀਸ਼ਾਲੀ ਢੰਗ ਨਾਲ, ਸਪਸ਼ਟ ਰੂਪ ਵਿੱਚ ਉਭਾਰ ਕੇ ਪ੍ਰਭ ਨਾਲ ਜੀਵ ਦੇ ਸੰਬੰਧਾਂ ਨੂੰ ਉਸ ਦੇ ਕਰਮ ਅਨੁਸਾਰ ਸਿਰਜਿਆ ਗਿਆ ਹੈ। ਇਸ ਤਰ੍ਹਾਂ ਇਸ ਸਤਰ ਵਿੱਚ ਜਾਣ ਬੁੱਝ ਕੇ ਪਾਰਬ੍ਰਹਮ-ਪ੍ਰਮਾਤਮਾ ਅਤੇ ਉਸ ਦੀ ਅੰਸ਼ ਆਤਮਾ ਦਾ ਡੂੰਘਾ ਅਤੇ ਅਟੁੱਟ ਸੰਬੰਧ ਦ੍ਰਿੜ ਕੀਤਾ ਗਿਆ ਹੈ। ਸਮਝਾਇਆ ਗਿਆ ਹੈ ਕਿ ਆਪਣੇ ਪਿਤਾ-ਪਰਮਾਤਮਾ ਨੂੰ ਤਿਆਗ ਕੇ ਭਾਵ ਕੂੜ ਦੇ ਪਸਾਰੇ ਨਾਲ ਮਲੀਨ ਹੋਕੇ ਜੀਵ-ਆਤਮਾ ਲਈ ਬਖਸ਼ਿਸ਼ ਸੰਭਵ ਨਹੀਂ ਹੈ।

ਦੂਜੀ ਸਤਰ ਵਿੱਚ ਪਹਿਲੀ ਸਤਰ ਦੇ ਪਿਛੋਕੜ ਵਿੱਚ ਵਿਚਰ ਰਹੇ 'ਤੇ ਨਰ' ਨੂੰ ਪਿਛੋਕੜ ਵਿੱਚੋਂ ਕੱਢਕੇ ਮੁੱਖ ਰੂਪ ਵਿੱਚ ਸਾਹਮਣੇ ਰੱਖ ਕੇ ਉਭਾਰਿਆ ਗਿਆ ਹੈ। ਇਸ ਤਰ੍ਹਾਂ ਪਹਿਲੀ ਸਤਰ ਵਿੱਚ ਨਿਰੂਪਤ ਕੂੜ ਦੇ ਵਤੀਰੇ ਨੂੰ ਸਪਸ ਕੀਤਾ ਗਿਆ ਹੈ ਕਿ ਪਾਰਬ੍ਰਹਮ-ਪਿਤਾ ਨਾਲ ਜੀਵ ਸੰਬੰਧ ਤੋੜ ਕੇ ਸਿੱਧਾ ਨਰਕਾਂ ਨੂੰ ਹੀ ਜਾਵੇਗਾ, ਇਹ ਅਟੱਲ ਸੱਚਾਈ ਹੈ।

ਸਲੋਕ ਦੇ ਅਰਥ

ਜਿਹੜੇ ਜੀਵ ਆਪਣੇ ਅਸਲੇ ਪਾਰਬ੍ਰਹਮ-ਪ੍ਰਭ ਨਾਲੋਂ ਸੰਬੰਧ ਤੋੜਕੇ ਕਿਸੇ ਹੋਰ ਨਾਲ ਭਾਵ ਦੇਵੀ ਦੇਵਤਿਆਂ ਖਾਸ ਕਰਕੇ ਬ੍ਰਹਮਾਂ, ਵਿਸ਼ਨੂੰ, ਮਹੇਸ਼ ਨਾਲ ਸੰਬੰਧ ਜੋੜਦੇ ਹਨ (ਜਿੰਨ੍ਹਾਂ ਨੂੰ ਗੁਰੂ ਰਵਿਦਾਸ ਜੀ ਨੇ "ਨਾਥ ਕਛੂਆ ਨਾ ਜਾਨਉ" ਅਤੇ "ਹਰਿ ਜਪਤ ਤੇਊ ਜਨਾ" ਵਿੱਚ ਵੇਦਾਂ ਪੁਰਾਣਾਂ ਦੇ ਆਧਾਰ ਤੇ ਪੰਜਾਂ ਵਿਕਾਰਾਂ ਦਾ ਸ਼ਿਕਾਰ ਸਾਬਤ ਕੀਤਾ ਹੈ।) ਉਹ ਮਾਇਆ ਦੇ ਦੂਤ, ਪੰਜੇ ਵਿਕਾਰਾਂ ਨਾਲ ਆਪਣੇ ਆਪ ਨੂੰ ਓਤਪੋਤ ਕਰਕੇ ਮੁਕਤੀ ਦੀ ਆਸ ਨਹੀਂ ਰਖ ਸਕਦੇ, ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਅਜਿਹੇ ਜੀਵ ਨਿਰਸੰਦੇਹ ਸਿੱਧੇ ਨਰਕਾਂ ਨੂੰ ਜਾਣਗੇ, ਇਹ ਅਟੱਲ ਸੱਚਾਈ ਹੈ।

ੴ ਸਤਿਗੁਰ ਪ੍ਰਸਾਦਿ॥

ਸਿਰੀ ਰਾਗੁ॥

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥
ਕਨਕ ਕਟਿਕ, ਜਲ ਤਰੰਗ ਜੈਸਾ॥ ੧॥
ਜਉ ਪੈ ਹਮ ਨ ਪਾਪ ਕਰੰਤਾ, ਅਹੇ ਅਨੰਤਾ॥
ਪਤਿਤ ਪਾਵਨ ਨਾਮੁ ਕੈਸੇ ਹੁੰਤਾ॥ ੧॥ ਰਹਾਉ॥
ਤੁਮ੍ ਜੁ ਨਾਇਕ ਆਛਹੁ ਅੰਤਰਜਾਮੀ॥
ਪ੍ਰਭ ਤੇ ਜਨੁ ਜਾਨੀਜੈ, ਜਨ ਤੇ ਸੁਆਮੀ॥ ੨॥
ਸਰੀਰੁ ਅਰਾਧੈ ਮੋ ਕਉ ਬੀਚਾਰੁ ਦੇਹੂ॥
ਰਵਿਦਾਸ ਸਮ ਦਲ ਸਮਝਾਵੈ ਕੋਊ॥ ੩॥[1]

ਪਦ ਅਰਥ :—**ਤੋਹੀ** = ਤੂੰ, ਪਾਰਬ੍ਰਹਮ। **ਮੋਹੀ** = ਮੈਂ, ਪਾਰਬ੍ਰਹਮ ਦੀ ਅੰਸ਼, ਜੀਵ। **ਅੰਤਰ** = ਭੇਦ, ਫਰਕ। **ਤੋਹੀ ਮੋਹੀ ਮੋਹੀ ਤੋਹੀ** = ਸ੍ਰਿਸ਼ਟੀ ਸਿਰਜਣਾ ਤੋਂ ਪਹਿਲਾਂ ਵੀ ਪਾਰਬ੍ਰਹਮ (ਤੋਹੀ) ਸੁੰਨ ਸੁਮਾਧੀ ਵਿੱਚ ਸੀ ਅਤੇ ਸ੍ਰਿਸ਼ਟੀ ਸਮੇਟਣ ਪਿਛੋਂ ਵੀ ਪਾਰਬ੍ਰਹਮ ਸੁੰਨ ਸਮਾਧੀ ਵਿੱਚ ਲੀਨ ਹੋ ਜਾਂਦਾ ਹੈ। ਇਸ ਅੱਧੀ ਤੁਕ ਵਿੱਚ ਪਹਿਲਾਂ 'ਤੋਹੀ' ਹੈ ਅਤੇ ਅੰਤ ਵਿੱਚ ਵੀ ਤੋਹੀ ਹੈ। ਸੋ ਆਰੰਭ ਅਤੇ ਅੰਤ ਵਿੱਚ 'ਤੋਹੀ' ਹੀ ਹੈ। ਅਤੇ ਮਧ ਵਿੱਚ ਪਾਰਬ੍ਰਹਮ ਦੀ ਸਿਰਜਣਾ ਉਸ ਦੀ ਅੰਸ਼ ਜੀਵ (ਮੋਹੀ) ਹਨ। *ਸੋ ਆਰੰਭੁ ਮਧ ਅਤੇ ਅੰਤ ਵਿੱਚ ਪਾਰਬ੍ਰਹਮ ਹੀ ਹੈ। ਫਿਰ ਅੰਤਰ ਕੇਹਾ?* **ਕਨਕ** = ਸੋਨਾ। **ਕਟਿਕ** = ਕੜਾ। **ਜਲ** = ਪਵਿੱਤਰ ਪਾਣੀ। "ਜਲ" ਸ਼ਬਦ ਦੀ ਵਰਤੋਂ ਇਤਫ਼ਾਕ ਨਾਲ ਹੀ ਨਹੀਂ ਹੋਈ। ਗੁਰੂ ਰਵਿਦਾਸ ਜੀ ਨੇ 'ਜਲ' ਦੀ ਵਰਤੋਂ ਜਾਣ ਬੁੱਝ ਕੇ ਪਵਿੱਤਰਤਾ ਦੇ ਅਰਥ ਦੇਣ ਲਈ ਕੀਤੀ ਹੈ। ਸੋ 'ਜਲ' ਪਵਿੱਤਰਤਾ ਦਾ ਪ੍ਰਤੀਕ ਹੈ। ਇਸ ਕਰਕੇ ਕਿਹਾ ਜਾਂਦਾ ਹੈ : "ਜਲ ਮਿਲਿਆ ਪਰਮੇਸ਼ਰ ਮਿਲਿਆ।" "ਜਬ ਹਮ ਹੋਤੇ ਤਬ ਤੁਮ ਨਾਹੀ" ਵਾਲੇ ਸ਼ਬਦ ਵਿੱਚ ਵੀ "ਜਲ ਕੇਵਲ ਜਲ ਮਾਹੀ" ਵਰਤ ਕੇ ਗੁਰੂ ਰਵਿਦਾਸ ਜੀ ਸਪਸ਼ਟ ਕਰਦੇ ਹਨ ਕਿ ਜੀਵ ਆਤਮਾ ਪਵਿੱਤਰ ਬਣਕੇ ਆਪਣੇ ਪਾਰਬ੍ਰਹਮ-ਪਰਮ-ਆਤਮਾ ਨਾਲ ਜਾ ਅਭੇਦ ਹੁੰਦੀ ਹੈ। ਸੋ ਇਥੇ ਵੀ 'ਜਲ' ਪਵਿੱਤਰਤਾ ਦਾ ਪ੍ਰਤੀਕ ਹੈ। **ਤਰੰਗ** = ਲਹਿਰ ਤਰੰਗ ਦੀ ਭਾਵਨਾ ਅਤੇ ਸੁਭਾ ਸੰਗੀਤਾਤਮਕ ਹੋਣ ਕਰਕੇ ਪਵਿੱਤਰਤਾ ਦੀ ਪ੍ਰਤੀਕ ਹੈ। **ਜੈਸਾ** = ਜਿਵੇਂ॥ ੧॥

ਜਉਪੈ = ਜੇ, ਜੇਕਰ। **ਹਮ** = ਮੈਂ (ਇੱਕ ਬਚਨ)। **ਅਹੇ** = ਹੇ। **ਅਨੰਤਾ** = ਜਿਸ ਦਾ ਅੰਤ ਨਹੀਂ, ਪ੍ਰਭ। **ਪਤਿਤ** = ਅਪਵਿੱਤਰ, ਵਿਕਾਰਾਂ ਨਾਲ ਭਰੇ ਹੋਏ।

1. ਆਦਿ ਗ੍ਰੰਥ - ਪੰਨਾ-੯੩

ਪਾਵਨ = ਪਵਿੱਤਰ ਕਰਨ ਵਾਲਾ, ਪਾਪੀਆਂ ਨੂੰ ਤਾਰਨ ਵਾਲਾ। **ਹੁੰਤਾ** = ਹੁੰਦਾ॥੧॥ ਰਹਾਉ॥

ਤੁਮ = ਤੂੰ, ਪਾਰਬ੍ਰਹਮ। **ਜੁ** = ਜੋ। **ਨਾਇਕ** = ਅਗਵਾਈ ਦੇਣ ਵਾਲਾ ਪ੍ਰਭ। **ਪ੍ਰਭ** = ਗਿਆਨ ਦਾ ਆਦਿ ਸ੍ਰੋਤ, ਬ੍ਰਹਮ ਗਿਆਨ ਦਾ ਆਦਿ ਸ੍ਰੋਤ। ਪ੍ਰਭ ਦਾ "ਭ" ਮੁਕਤਾ ਹੋਣ ਕਰਕੇ ਸਮਾਸ ਹੈ। "ਪ੍ - ਸੰ. ਵਯ - ਇਹ ਸ਼ਬਦ ਦੇ ਨਾਲ ਮਿਲਕੇ- ਆਰੰਭ, ਗਤਿ, ਅਤਿ, ਪ੍ਰਸਿਧੀ ਆਦਿ ਅਰਥ ਦਿੰਦਾ ਹੈ, ਜਿਵੇਂ-ਪ੍ਰਚੰਡ, ਪ੍ਰਬੋਧ, ਪ੍ਰਭਾਵ ਆਦਿ।"[1] "ਭ-੨. ਸੰ. ਸੰਗਯਾ-ਪ੍ਰਕਾਸ਼, ਰੋਸ਼ਨੀ।"[2] ਪ੍ਰਕਾਸ਼ ਦਾ ਅਰਥ ਗਿਆਨ ਹੈ। ਇਸ ਤਰ੍ਹਾਂ ਪ੍ਰਭ ਦਾ ਅਰਥ ਬਣਦਾ ਹੈ ਪ੍ਰਸਿੱਧ ਗਿਆਨ ਭਾਵ ਬ੍ਰਹਮ-ਗਿਆਨ। ਸੋ ਪ੍ਰਭ, ਬ੍ਰਹਮ-ਗਿਆਨ ਦਾ ਇੱਕੋ ਇੱਕ ਆਦਿ ਸ੍ਰੋਤ ਹੈ। ਜਿਵੇਂ ਬੰਦ ਦੀ ਦੂਜੀ ਤੁਕ "ਪ੍ਰਭ ਤੇ ਜਨ ਜਾਨੀ ਜੈ ਜਨ ਤੇ ਸੁਆਮੀ॥" ਵਿੱਚ ਬ੍ਰਹਮ-ਗਿਆਨ ਦਾ ਵਰਨਣ ਹੈ।

ਪ੍ਰਭ-ਖੁਦ ਹੀ ਸਾਧਕ ਨੂੰ ਬ੍ਰਹਮ ਗਿਆਨ ਪ੍ਰਦਾਨ ਕਰਦਾ ਹੈ। ਉਸ ਨਾਲ ਸਾਧਕ ਪ੍ਰਭ-ਰੂਪ ਬਣ ਜਾਂਦਾ ਹੈ। ਇਸ ਤਰ੍ਹਾਂ ਪ੍ਰਭ ਤੋਂ ਸਾਧਕ ਦੀ ਪਹਿਚਾਣ ਹੋ ਜਾਂਦੀ ਹੈ। ਸਾਧਕ ਦੇ ਪ੍ਰਭ-ਰੂਪ ਮਾਡਲ ਨਾਲ ਪ੍ਰਭ ਦੀ ਪਹਿਚਾਣ ਹੋ ਜਾਂਦੀ ਹੈ। ਇਸ ਤਰ੍ਹਾਂ ਪਹਿਲਾਂ ਪ੍ਰਭ ਤੋਂ ਸਾਧਕ ਦੀ ਪਹਿਚਾਣ ਹੁੰਦੀ ਹੈ ਫਿਰ ਓਹੀ ਸਾਧਕ ਪ੍ਰਭ ਦੀ ਪਹਿਚਾਣ ਦਾ ਸਾਧਨ ਬਣਦਾ ਹੈ।

"ਪ੍ਰਭ—ਸੁਆਮੀ"= ਆਰੰਭ ਵਿੱਚ ਵੀ ਪ੍ਰਭ ਦਾ ਬ੍ਰਹਮ ਗਿਆਨ ਸੀ ਅਤੇ ਅੰਤ ਵਿੱਚ ਵੀ। ਮਧ ਵਿੱਚ ਪ੍ਰਭ ਦੇ ਬ੍ਰਹਮ-ਗਿਆਨ ਨਾਲ ਵਰਸੋਇਆ ਸਾਧਕ ਹੈ। ਸੋ ਆਰੰਭ, ਮਧ ਅਤੇ ਅੰਤ ਵਿਚ ਬ੍ਰਹਮ-ਗਿਆਨ ਹੀ ਹੈ। ਸੋ ਪ੍ਰਭ ਆਪ ਹੀ ਬ੍ਰਹਮ-ਗਿਆਨ ਦਾ ਸਿਰਜਣਹਾਰ ਹੈ ਅਤੇ ਆਪ ਹੀ ਬ੍ਰਹਮ-ਗੁਰੂ ਬਣ ਸੇਵਕ ਨੂੰ ਬ੍ਰਹਮ-ਗਿਆਨ ਪ੍ਰਦਾਨ ਕਰਦਾ ਹੈ। **ਜਨ** = ਸਾਧਕ, ਸੇਵਕ। **ਜਾਨੀ ਜੈ** = ਪਹਿਚਾਣਿਆਂ ਜਾਂਦਾ ਹੈ। **ਸੁਆਮੀ** = ਪ੍ਰਭ॥ ੨।

ਸਰੀਰੁ = ਤਨ ਮਨ ਦੀ ਇਕਸੁਰਤਾ। **ਸਰੀਰੁ ਅਰਾਧੈ** = ਮੈਂ ਇਕਸੁਰ, ਇਕ ਮਨ ਹੋਕੇ ਸਿਮਰਨ ਕਰਾਂ। **ਮੋ ਕਉ** = ਮੈਨੂੰ। **ਬੀਚਾਰੁ** = ਬ੍ਰਹਮ-ਗਿਆਨ। **ਸਮਦਲ** = ਅਨੇਕ ਵਿੱਚ ਏਕ, ਸ੍ਰਿਸ਼ਟੀ ਵਿੱਚ ਵਿਆਪਕ, ਸਰਵ-ਵਿਆਪਕ ਪ੍ਰਭ। **ਕੋਊ** = ਸਾਰਿਆਂ ਵਿਚੋਂ ਕੋਈ ॥੩॥

---

1. ਮਹਾਨ ਕੋਸ਼ ਪੰਨਾ-੪੨੪.
2. ਮਹਾਨ ਕੋਸ਼ ਪੰਨਾ-੬੭੩।"

੧ਓ/ਸੋਹੰ ਦਾ ਸਿਧਾਂਤ

(ਸ੍ਰਿਸ਼ਟੀ ਸਿਰਜਣਾ ਦਾ ਸਿਧਾਂਤ)

ਇਸ ਸ਼ਬਦ ਵਿੱਚ ਕਈ ਸਿਧਾਤ੍ਰਾਂ ਦੀ ਸਿਰਜਣਾ ਸੰਭਵ ਹੋਈ ਹੈ। ਗੁਰੂ ਰਵਿਦਾਸ ਜੀ ਦੇ ਇਸ ਸ਼ਬਦ ਵਿੱਚ ੧ਓ/ਸੋਹੰ ਦਾ ਸਿਧਾਂਤ ਮੂਰਤੀਮਾਨ ਹੁੰਦਾ ਹੈ ਅਤੇ ਸੋਹੰ ਤੋਂ ਹੀ ਸ੍ਰਿਸ਼ਟੀ ਦੀ ਸਿਰਜਣਾ ਦਾ ਸਿਧਾਂਤ ਪ੍ਰਾਪਤ ਹੁੰਦਾ ਹੈ। ਇਸ ਸ਼ਬਦ ਦੀ ਪਹਿਲੀ ਤੁਕ ਦੇ ਪਹਿਲੇ ਲਫ਼ਜ ਤੋਂ ਹੀ ਗੁਰੂ ਜੀ ਸਪਸ਼ਟ ਕਰ ਦਿੰਦੇ ਹਨ ਕਿ ਪਾਰਬ੍ਰਹਮ ਇੱਕ ਹੈ। "ਤੋਹੀ" ਇਕ ਬਚਨ ਹੈ ਅਤੇ ਅਰਥ ਬਣਦਾ ਹੈ, 'ਪਾਰਬ੍ਰਹਮ ਇੱਕ ਹੈ'। ਇਸੇ ਤੁਕ ਦਾ ਦੂਜਾ ਲਫ਼ਜ਼ 'ਮੋਹੀ' ਹੈ ਅਤੇ ਅਰਥ ਬਣਦਾ ਹੈ "ਮੈਂ" ਭਾਵ ਪਾਰਬ੍ਰਹਮ ਦੀ ਅੰਸ਼, ਜੀਵ-ਆਤਮਾ। ਇਸ ਤਰ੍ਹਾਂ ਪਹਿਲੀ ਤੁਕ ਦਾ ਅਰਥ ਸਪਸ਼ਟ ਹੋ ਜਾਂਦਾ ਹੈ ਕਿ ਪਰਮਾਤਮਾ ਅਤੇ ਜੀਵ-ਆਤਮਾ ਇੱਕ ਹੀ ਹਨ। ਕੋਈ ਭੇਦ ਨਹੀਂ ਹੈ। ਇਥੇ ਇਹ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਇਹ ਜੀਵ-ਆਤਮਾ ਵਿਕਾਰਾਂ ਤੋਂ ਮੁਕਤ ਹੋਈ ਆਤਮਾ ਨਹੀਂ ਹੈ, ਸਗੋਂ ਇਹ ਜੀਵ-ਆਤਮਾ ਤਾਂ ਅਜੇ ਵਿਕਾਰਾਂ ਦੇ ਪ੍ਰਭਾਵ ਵਿੱਚ ਆਈ ਹੀ ਨਹੀਂ। ਇਹ ਅਜੇ ਕੰਜ-ਕੁਆਰੀ ਜੀਵ-ਆਤਮਾ ਹੈ। ਇਸੇ ਹੀ ਕਾਰਣ ਸਥਾਨ-ਬਦਲੀ-ਸੰਭਵ ਹੋ ਸਕੀ ਹੈ।

"ਤੋਹੀ ਮੋਹੀ ਮੋਹੀ ਤੋਹੀ" (93)

"ਉੱਪਰ ਦਿੱਤੇ ਹਵਾਲੇ ਤੋਂ ਸਪਸ਼ਟ ਹੈ ਕਿ ਨਿਰਗੁਣ (ਤੋਹੀ) ਤੋਂ ਹੀ ਸਰਗੁਣ (ਮੋਹੀ) ਦੀ ਰਚਨਾ ਹੋਈ ਹੈ, ਗੁਪਤ ਤੋਂ ਹੀ ਪ੍ਰਗਟ ਹੁੰਦਾ ਹੈ, ਸੂਖਮ ਤੋਂ ਅਸਥੂਲ ਵਿਚ ਬਦਲਾਵ ਦਾ ਸਿਧਾਂਤ (ਤੋਹੀ ਤੋਂ ਮੋਹੀ ਦੀ ਸਥਾਨ ਬਦਲੀ ਦਾ ਸਿਧਾਂਤ) ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਵਿਗਿਆਨਕ ਆਇਨਸਟਾਈਨ ਨੇ ਤਜਰਬਿਆਂ ਦੇ ਆਧਾਰ ਤੇ ਇਸੇ ਹੀ ਸਿਧਾਂਤ ਨੂੰ ਹਿਸਾਬ ਦੇ ਫਾਰਮੂਲੇ ਰਾਹੀਂ ਲੋਕਾਂ ਅੱਗੇ ਪੇਸ਼ ਕੀਤਾ ਉਹ ਫਾਰਮੂਲਾ ਹੈ $E = MC^2$. ਭਾਵ ਕਿ ਜਿੰਨੀ ਵੀ ਉਤਪਤੀ ਹੋਈ ਹੈ, ਉਹ ਸਾਰੀ ਸ਼ਕਤੀ ਤੋਂ ਹੈ, ਅਤੇ ਸ਼ਕਤੀ ਗੁਪਤ ਹੈ। ਇਹ ਸ਼ਕਤੀ ਹਰ ਕਣ ਕਣ ਵਿਚ ਸਮਾਈ ਹੋਈ ਹੈ। (ਏਕ ਹੀ ਏਕ ਅਨੇਕ ਹੋਇ ਬਿਸਥਰਿਓ ਆਨ ਰੇ ਆਨ ਭਰਪੂਰਿ ਸੋਊ।।) ਵੇਖੋਂ ਸਾਇੰਸ ਹਵਾਲਾ 2 । ਅਤੇ 2J "[1] *(ਨੋਟ : ਬ੍ਰੈਕਟਾਂ ਵਾਲੇ ਸ਼ਬਦ ਪਿੱਛੋਂ ਪਾਏ ਗਏ ਹਨ-ਲਾਲ ਸਿੰਘ)* ਹਵਾਲਾ 2

Materialization means, ganerally speeking transformation of energy into particales with a rest mass. Materialization played a vital role in the early period of the Universe (The big bang) about 10, 000 million years.

ਭਾਵ : ਭੌਤਿਕੀਕਰਨ ਸਾਫ਼ ਲਫ਼ਜਾਂ ਵਿਚ ਸ਼ਕਤੀ ਤੋਂ ਪਦਾਰਥ ਵਿੱਚ

1. ਗੁਰਬਾਣੀ ਅਤੇ ਵਿਗਿਆਨ, ਪ੍ਰੋਫੈਸਰ ਤ੍ਰਿਲੋਚਨ ਸਿੰਘ, ਫਜਿਕਸ ਵਿਭਾਗ, ਖਾਲਸਾ ਕਾਲਜ ਪਟਿਆਲਾ, ਪੰਨਾ ਨੰ.-26

ਬਦਲਾਵ ਦੀ ਕ੍ਰਿਆ ਹੈ। ਭੌਤਿਕੀਕਰਨ ਦੀ ਬ੍ਰਹਿਮੰਡ ਦੇ ਪਹਿਲਾਂ ਦੇ ਸਮੇਂ ਤਕਰੀਬਨ 10,0000 ਲੱਖ ਸਾਲ ਪਹਿਲਾਂ (ਵੱਡੇ ਧਮਾਕੇ ਸਮੇਂ) ਵਿਚ ਬੜੀ ਮਹਤਵਪੂਰਣ ਭੂਮਿਕਾ ਹੈ।

By: Josip kleczek and Peter Jakes.
From : The Universe And Planet Earth. Page- 43."[1]

"ਹਵਾਲਾ 2 J

By Einstein Equation $E = mc^2$ (where E is Energy, m is mass and c is velocity of light) energy is proportional to mass.

ਭਾਵ: ਵਿਗਿਆਨਕ Einstein ਦੇ ਫਾਰਮੂਲੇ ਮੁਤਾਬਿਕ

ਸ਼ਕਤੀ = ਪੁੰਜ × (ਰੋਸ਼ਨੀ ਦੀ ਰਫ਼ਤਾਰ) ^{2}

ਸ਼ਕਤੀ ਅਤੇ ਪੁੰਜ ਦਾ ਆਪਸ ਵਿਚ ਪਰਸਪਰ ਸੰਬੰਧ ਹੈ।

By stephen W. Hawking

From : A Brief History of Time from the Big Bang to Black Holes. Page : 114"[2]

"ਕਰ ਰੇ ਗਿਆਨੀ ਬ੍ਰਹਮ ਵੀਚਾਰ
ਜੋਤੀ ਅੰਤਰਿ ਧਰਿਆ ਪਸਾਰੁ॥ (972) ਭਗਤ ਕਬੀਰ ਜੀ

ਅਤੇ

(ਏਕ ਹੀ ਏਕ ਅਨੇਕ ਹੋਇ ਬਿਸਥਰਿਓ
ਆਨ ਰੇ ਆਨ ਭਰਪੂਰਿ ਸੋਊ॥ ਰਹਾਉ॥ (1293) ਗੁਰੂ ਰਵਿਦਾਸ ਜੀ)

ਸਾਰਾ ਪਸਾਰਾ ਜੋਤਿ ਤੋਂ ਹੈ, ਜੋਤਿ ਤੋਂ ਭਾਵ ਹੈ ਸ਼ਕਤੀ, ਪ੍ਰਭ ਜਾਂ ਬੇਅੰਤ। ਵਿਗਿਆਨ ਮੁਤਾਬਿਕ ਵੀ ਇਹੋ ਹੈ ਕਿ ਪਦਾਰਥ ਦੀ ਰਚਨਾ ਸ਼ਕਤੀ ਤੋਂ ਹੋਈ ਹੈ ਜੇ ਅਸੀਂ ਕਿਸੇ ਵਸਤੂ ਦੇ ਪੁੰਜ ਨੂੰ M ਨਾਲ ਲਿਖ ਲਈਏ ਤਾਂ ਇਹ ਵੇਖਣ ਲਈ ਕਿ ਇਸ ਵਿੱਚ ਕਿੰਨੀ ਸ਼ਕਤੀ ਹੈ, ਇਸ ਪੁੰਜ ਨੂੰ C^2 ਨਾਲ ਗੁਣਾ ਕੀਤਾ ਜਾਂਦਾ ਹੈ C ਤੋਂ ਭਾਵ, ਰੋਸ਼ਨੀ ਦੀ ਰਫ਼ਤਾਰ ਹੈ।

mc^2 (ਮਾਦਾ) = E ਸ਼ਕਤੀ

Universe is created from energy

$mc^2 = E$"[3] (ਨੋਟ: ਬ੍ਰੈਕਟ ਵਾਲੇ ਸ਼ਬਦ ਪਿਛੋਂ ਪਾਏ ਗਏ ਹਨ-ਲਾਲ ਸਿੰਘ)

ਇਸ ਸਿਧਾਂਤ $E=mc^2$ ਨੂੰ ਅਸੀਂ ਹੋਰ ਸਪਸ਼ਟ ਕਰਦੇ ਹਾਂ। ਸ਼ਕਤੀ ਤੋਂ ਪਦਾਰਥ ਪੈਦਾ ਹੋਇਆ ਹੈ। ਮਨੁੱਖ ਵੀ ਪਦਾਰਥ ਹੀ ਹੈ। ਸੋ ਮਨੁੱਖ ਹੀ ਸ਼ਕਤੀ ਹੈ। ਜਦੋਂ ਮਨੁੱਖ ਆਪਣੇ ਭੌਤਿਕ ਸ਼ਰੀਰ ਨੂੰ ਸ਼ਕਤੀ (Energy) ਵਿੱਚ ਬਦਲਣ ਦੀ ਸਮਰਥਾ ਪੈਦਾ ਕਰ ਲੈਂਦਾ ਹੈ ਤਾਂ ਉਸ ਵਿੱਚ ਸਮੁੱਚੇ ਬ੍ਰਹਮੰਡ ਦੀ ਸ਼ਕਤੀ

1-2. ਓਹੀ-ਪੰਨਾ-੩੮, 3. ਓਹੀ - ਪੰਨਾ - 27

(Energy) ਪੈਦਾ ਹੋ ਜਾਂਦੀ ਹੈ। ਜਦੋਂ ਗੁਰੂ ਰਵਿਦਾਸ ਜੀ "ਸੰਤ ਅੰਨਤਹਿ ਅੰਤਰ ਨਾਹੀ" ਕਹਿੰਦੇ ਹਨ ਤਾਂ ਉਹ ਉਪਰੋਕਤ ਸਿਧਾਂਤ ਦੀ ਹੀ ਪ੍ਰੌੜਤਾ ਕਰਦੇ ਹਨ। ਸਾਇੰਸ ਅਨੁਸਾਰ ਬ੍ਰਹਮੰਡ ਦੀ ਰਚਨਾ ਵੀ ਸ਼ਕਤੀ ਤੋਂ ਹੀ ਹੋਈ ਹੈ। ਸ਼ਕਤੀ (ਗੈਸਾਂ) ਦੇ ਠੋਸ ਰੂਪ ਵਿੱਚ ਤਬਦੀਲ ਹੋਣ ਕਾਰਣ ਇਕ ਬਹੁਤ ਵੱਡਾ ਅੱਗ ਦਾ ਗੋਲਾ ਹੋਂਦ ਵਿੱਚ ਆਇਆ। ਇਸ ਸ਼ਕਤੀ ਸਦਕਾ ਹੀ ਇਸ ਅੱਗ ਦੇ ਗੋਲੇ ਵਿੱਚ ਵੱਡਾ ਧਮਾਕਾ (Big Bang) ਹੋਇਆ। ਇਸ ਗੋਲੇ ਦੇ ਅਨੇਕਾਂ ਟੁਕੜੇ ਬਣ ਗਏ ਅਤੇ ਬ੍ਰਹਮੰਡ ਹੋਂਦ ਵਿੱਚ ਆ ਗਿਆ। ਸੋ ਸ਼ਕਤੀ ਤੋਂ ਪਦਾਰਥ ਦੀ ਹੀ ਉਤਪਤੀ ਹੋਈ। ਇਸ ਉਤਪਤੀ ਵਿੱਚ ਮਨੁੱਖ ਵੀ ਸ਼ਾਮਲ ਹੈ। ਸਪਸ਼ਟ ਹੈ ਕਿ ਸ਼ਕਤੀ ਤੋਂ ਹੀ ਮਨੁੱਖ ਦੀ ਉਤਪਤੀ ਹੋਈ ਹੈ।

ਇਸ ਲਈ ਮਨੁੱਖ ਹੀ ਸ਼ਕਤੀ ਹੈ। ਜੋ ਮਨੁੱਖ ਆਪਣੇ ਸ਼ਰੀਰ (ਪਦਾਰਥ) ਨੂੰ ਸ਼ਕਤੀ ਵਿੱਚ ਤਬਦੀਲ ਕਰ ਲਵੇ ਤਾਂ ਉਹ ਸਾਰੇ ਦਾ ਸਾਰਾ ਸ਼ਕਤੀ ਬਣ ਜਾਂਦਾ ਹੈ। ਗੁਰੂ ਰਵਿਦਾਸ ਜੀ ਨੇ ਇਸੇ ਸ਼ਕਤੀ ਨੂੰ ਪਾਰਬ੍ਰਹਮ (ਪ੍ਰਭ) ਕਿਹਾ ਹੈ ਜਿਸ ਤੋਂ ਸਾਰੀ ਸ੍ਰਿਸ਼ਟੀ ਦੀ ਸਿਰਜਣਾ ਹੋਈ ਹੈ। ਇਸੇ ਕਾਰਣ ਗੁਰੂ ਰਵਿਦਾਸ ਜੀ ਸਪਸ਼ਟ ਕਰਦੇ ਹਨ ਕਿ ਸੰਤ ਜਨ ਆਪਣੇ ਸ਼ਰੀਰ (ਪਦਾਰਥ) ਨੂੰ ਸ਼ਕਤੀ ਵਿੱਚ ਤਬਦੀਲ ਕਰ ਲੈਂਦੇ ਹਨ ਅਤੇ ਉਹ ਸ਼ਕਤੀ ਹੀ ਬਣ ਜਾਂਦੇ ਹਨ :

ਰਵਿਦਾਸ ਭਣੈ ਜੋ ਜਾਣੈ ਸੋ ਜਾਣ।।
ਸੰਤ ਅਨੰਤਹਿ ਅੰਤਰ ਨਾ ਹੀ ॥ ੪ ॥ ੨ ॥

ਭਾਵ ਜਿਹੜਾ ਪ੍ਰਭ ਨੂੰ ਜਾਣ ਲੈਂਦਾ ਹੈ ਅਰਥਾਤ ਆਪਣੇ ਸਰੀਰ (ਪਦਾਰਥ) ਨੂੰ ਸ਼ਕਤੀ ਵਿੱਚ ਤਬਦੀਲ ਕਰ ਲੈਂਦਾ ਹੈ, ਤਾਂ ਉਹ ਮਹਾਂ ਸ਼ਕਤੀ (ਪਾਰਬ੍ਰਹਮ ਪ੍ਰਭ) ਹੀ ਬਣ ਜਾਂਦਾ ਹੈ। ਸੋ ਸ਼ਕਤੀ ਅਤੇ ਮਹਾਂ ਸ਼ਕਤੀ ਇਕੋ ਹੀ ਹਨ, ਕੋਈ ਅੰਤਰ ਨਹੀਂ ਹੈ।

ਸਪਸ਼ਟ ਹੈ ਕਿ ਗੁਰੂ ਰਵਿਦਾਸ ਜੀ ਨੇ $E=mc^2$ ਸਿਧਾਂਤ ਨੂੰ ਅਮਲੀ ਰੂਪ ਵਿੱਚ ਪ੍ਰਗਟ ਕਰ ਦਿੱਤਾ ਸੀ। ਆਇਨਸਟਾਈਨ ਨੇ ਸਵਾ ਛੇ ਸੌ ਸਾਲ ਪਿੱਛੋਂ ਇਸ ਸਿਧਾਂਤ ਨੂੰ ਪਰਤੱਖ ਰੂਪ ਵਿੱਚ ਸਹੀ ਸਿੱਧ ਕੀਤਾ ਹੈ।

ਇਥੇ ਹੀ ਬਸ ਨਹੀਂ ਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਵਿੱਚ ਸ਼ਰੀਰ ਨੂੰ ਸ਼ਕਤੀ ਵਿੱਚ ਤਬਦੀਲ ਕਰਨ ਦੀ ਭਾਵ ਮਨੁੱਖ ਦੀ ਪ੍ਰਭ ਨੂੰ ਪ੍ਰਾਪਤ ਕਰਨ ਦੀ ਵਿਧੀ ਵੀ ਦ੍ਰਿੜ ਕੀਤੀ ਹੈ :

ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ
ਸ੍ਰਵਨ ਬਾਣੀ ਸੁਜਸੁ ਪੂਰਿ ਰਾਖਉ।।
ਮਨੁ ਸੋ ਮਧੁਕਰੁ ਕਰਉ ਚਰਨ ਹਿਰਦੇ ਧਰਉ
ਰਸਨੁ ਅੰਮ੍ਰਿਤ ਰਾਮ ਨਾਮ ਭਾਖਉ।।੧।।
ਮੇਰੀ ਪ੍ਰੀਤ ਗੋਬਿੰਦ ਸਿਉ ਜਿਨਿ ਘਟੈ।।

ਮੈ ਤਉ ਮੋਲਿ ਮਹਗੀ ਲਈ ਜੀਅ ਸਟੈ।।੧।। ਰਹਾਉ।।
ਸਾਧ ਸੰਗਤਿ ਬਿਨੁ ਭਾਉ ਨਹੀਂ ਉਪਜੈ
ਭਾਵ ਬਿਨੁ ਭਗਤਿ ਨਹੀ ਹੋਇ ਤੇਰੀ।।
ਕਹੈ ਰਵਿਦਾਸ ਇਕ ਬੇਨਤੀ ਹਰਿ ਸਿਉ
ਪੈਜ ਰਾਖਹੁ ਰਾਜਾ ਰਾਮ ਮੇਰੀ ।।੨।।੨।।[1]

ਸੋ ਗੁਰੂ ਰਵਿਦਾਸ ਜੀ ਨੇ ਸਰੀਰ (ਪਦਾਰਥ) ਨੂੰ ਸ਼ਕਤੀ ਵਿੱਚ ਤਬਦੀਲ ਕਰਨ ਦਾ ਸਿਧਾਂਤ ਦੇਕੇ ਦ੍ਰਿੜ ਕਰ ਦਿੱਤਾ ਹੈ ਕਿ ਸਰੀਰ ਨੂੰ ਸ਼ਕਤੀ ਵਿੱਚ ਤਬਦਲੀ ਕੀਤਾ ਜਾ ਸਕਦਾ ਹੈ ਅਰਥਾਤ ਪ੍ਰਭ ਪ੍ਰਾਪਤ ਕੀਤਾ ਜਾ ਸਕਦਾ ਹੈ।

ਇਸ ਤਰ੍ਹਾਂ ਗੁਰੂ ਰਵਿਦਾਸ ਜੀ ਨੇ, ਆਇਨਸਟਾਈਨ ਦੇ ਫਾਰਮੂਲੇ ਈ = ਐਮ,ਸੀ^{2} ($E=mc^2$) ਨੂੰ ਅੱਜ ਤੋਂ ਸਵਾ ਛੇ ਸੌ ਸਾਲ ਪਹਿਲਾਂ ਅਮਲੀ ਰੂਪ ਵਿੱਚ ਪ੍ਰਗਟ ਕਰ ਦਿੱਤਾ ਸੀ, ਜਿਸ ਨੂੰ ਕੁਝ ਕੁ ਸਾਲ ਪਹਿਲਾਂ ਆਇਨਸਟਾਈਨ ਨੇ ਵਿਗਿਆਨਕ ਤਜ਼ਰਬੇ ਕਰਕੇ $E=mc^2$ ਦਾ ਫਾਰਮੂਲ ਈਜ਼ਾਦ ਕਰਕੇ ਗੁਰੂ ਰਵਿਦਾਸ ਜੀ ਦੀ ਅੱਟਲ ਸਚਾਈ ਨੂੰ ਸਿਧਾਂਤਕ ਤੌਰ ਤੇ ਸਿੱਧ ਕਰਕੇ ਆਤਮਕ ਸ਼ਕਤੀ ਅਤੇ ਪਦਾਰਥ ਵਿੱਚ ਨਿਰੂਪਤ ਸ਼ਕਤੀ ਨੂੰ "ਇੱਕ" ਹੀ ਸਾਬਤ ਕਰ ਦਿੱਤਾ ਹੈ। ਆਇਨਸਟਾਈਨ ਦੇ ਫਾਰਮੂਲੇ $E=mc^2$ ਦੀ ਗਵਾਹੀ ਗੁਰੂ ਰਵਿਦਾਸ ਜੀ ਦੇ ਹੇਠ ਦਿੱਤੇ ਬੰਦ ਨੂੰ ਹੋਰ ਵੀ ਪਰਪੱਕ ਕਰ ਦਿੰਦੀ ਹੈ, ਜਿਸ ਵਿੱਚ ਗੁਰੂ ਰਵਿਦਾਸ ਜੀ ਦ੍ਰਿੜ ਕਰਦੇ ਹਨ ਕਿ ਉਹ ਇੱਕੋ ਇੱਕ ਸ਼ਕਤੀ (ਪਾਰਬ੍ਰਹਮ) ਅਨੇਕਾਂ ਰੂਪ (ਪਦਾਰਥਕ ਰੂਪ) ਧਾਰਕੇ ਪਸਰਿਆ ਹੋਇਆ ਹੈ।

ਏਕ ਹੀ ਏਕ ਅਨੇਕ ਹੋਇ ਬਿਸਥਰਿਓ
ਆਨ ਰੇ ਆਨ ਭਰਪੂਰਿ ਸੋਊ।। ਰਹਾਉ।। (੧੨੯੩ - ਗੁਰੂ ਰਵਿਦਾਸ ਜੀ)

ਉਪਰੋਕਤ ਬੰਦ ਵਿੱਚ ਗੁਰੂ ਰਵਿਦਾਸ ਜੀ ਇਹ ਵੀ ਸਪਸ਼ਟ ਕਰ ਦਿੰਦੇ ਹਨ ਕਿ ਬ੍ਰਹਮਾ ਵਿਸ਼ਨੂੰ ਅਤੇ ਮਹੇਸ਼ ਪ੍ਰਭ ਦੇ ਭਗਤ ਦੇ ਵੀ ਬਰਾਬਰ ਨਹੀਂ ਹਨ। ਸੋ ਹਿੰਦੂ ਧਰਮ ਦੇ ਇਹ "ਭਗਵਾਨ" ਪ੍ਰਭ ਤਾਂ ਕੀ, ਪ੍ਰਭ ਦੇ ਭਗਤ ਦੇ ਵੀ ਬਰਾਬਰ ਨਹੀਂ ਹਨ। ਇਸ ਦਾ ਅਰਥ ਹੈ ਕਿ ਉਹ "ਭਗਵਾਨ" ਸ਼ਕਤੀ ਨਹੀਂ ਹਨ, ਇਸ ਕਾਰਣ ਹਿੰਦੂ ਧਰਮ ਦੇ "ਭਗਵਾਨ" ਪਦਾਰਥ (ਸ੍ਰਿਸ਼ਟੀ) ਦੀ ਰਚਨਾ ਕਰਨ ਦੇ ਵੀ ਸਮਰਥ ਨਹੀਂ ਹਨ। ਸਗੋਂ ਇਹ "ਭਗਵਾਨ" ਸ਼ਕਤੀ ਦੇ ਪੈਦਾ ਕੀਤੇ ਪਦਾਰਥ ਅਰਥਾਤ ਆਮ ਮਨੁੱਖ ਹਨ।

ਸੋ ਉਪਰੋਕਤ ਚਰਚਾ ਤੋਂ ਦ੍ਰਿੜ ਹੋ ਜਾਂਦਾ ਹੈ ਕਿ ਸ੍ਰਿਸ਼ਟੀ ਦੀ ਸਿਰਜਣਾ ਪਾਰਬ੍ਰਹਮ ਅਰਥਾਤ ਸ਼ਕਤੀ ਤੋਂ ਹੀ ਹੋਈ ਹੈ। ਸੋ ਸ੍ਰਿਸ਼ਟੀ ਪਾਰਬ੍ਰਹਮ ਆਪ ਹੀ ਹੈ। ਇਸ ਕਰਕੇ ਗੁਰੂ ਰਵਿਦਾਸ ਜੀ ਨੇ ਇਸ ਸ਼ਬਦ ਦੇ ਪਹਿਲੇ ਬੰਦ ਦੀ ਪਹਿਲੀ ਅੱਧੀ ਤੁਕ ਵਿੱਚ 'ਤੋਹੀ' ਨਾਲ 'ਮੋਹੀ' ਅਤੇ 'ਮੋਹੀ' ਨਾਲ 'ਤੋਹੀ' ਦੀ ਸਥਾਨ ਬਦਲੀ

1. *ਆਦਿ ਗ੍ਰੰਥ ਪੰਨਾ-੬੯੪*

ਨਾਲ ਸ੍ਰਿਸ਼ਟੀ ਸਿਰਜਣਾ ਦੀ ਪ੍ਰਕਿਰਿਆ ਨੂੰ ਸਪਸ਼ਟ ਕਰਕੇ ਪਾਰਬ੍ਰਹਮ ਅਤੇ ਜੀਵ-ਆਤਮਾ ਨੂੰ 'ਇੱਕ' ਸਿੱਧ ਕੀਤਾ ਹੈ। ਸੋਹੰ ਤੋਂ ਹੀ ਸ੍ਰਿਸ਼ਟੀ ਦੀ ਉਤਪਤੀ ਹੋਈ ਹੈ। ਇਹ ਸ੍ਰਿਸ਼ਟੀ ਸਿਰਜਣਾ ਦੀ ਪ੍ਰਕਿਰਿਆ ਤੋਂ ਸਪਸ਼ਟ ਹੋ ਜਾਂਦਾ ਹੈ। ਸ੍ਰਿਸ਼ਟੀ ਸਿਰਜਣਾ ਦੀ ਪ੍ਰਕਿਰਿਆ ਅਨੁਸਾਰ ਸ੍ਰਿਸ਼ਟੀ ਸਿਰਜਣਾ ਤੋਂ ਪਹਿਲਾਂ ਵੀ ਪਾਰਬ੍ਰਹਮ (ਤੋਹੀ) ਸੁੰਨ ਸਮਾਧੀ ਵਿੱਚ ਸੀ ਅਤੇ ਸ੍ਰਿਸ਼ਟੀ ਸਮੇਟਣ ਪਿਛੋਂ ਵੀ ਪਾਰਬ੍ਰਹਮ ਸੁੰਨ ਸਮਾਧੀ ਵਿੱਚ ਲੀਨ ਹੋ ਜਾਂਦਾ ਹੈ। ਇਸ ਅੱਧੀ ਤੁੱਕ ਵਿੱਚ ਪਹਿਲਾ ਲਫ਼ਜ਼ ਵੀ 'ਤੋਹੀ' ਹੈ ਅਤੇ ਅੰਤ ਵਿੱਚ ਵੀ ਲਫ਼ਜ਼ 'ਤੋਹੀ' ਹੀ ਹੈ। ਸੋ ਆਰੰਭ ਅਤੇ ਅੰਤ ਵਿੱਚ ਤੋਹੀ ਭਾਵ ਪਾਰਬ੍ਰਹਮ ਹੀ ਕਾਇਮ ਦਾਇਮ ਹੈ ਅਤੇ ਮੱਧ ਵਿੱਚ ਪਾਰਬ੍ਰਹਮ ਦੀ ਸਿਰਜਣਾ, ਸੰਸਾਰ ਰਚਨਾ ਵਿੱਚ, ਪਾਰਬ੍ਰਹਮ ਦੀ ਅੰਸ਼ ਜੀਵ (ਮੋਹੀ) ਹਨ। ਸੋ ਆਰੰਭ, ਮੱਧ ਅਤੇ ਅੰਤ ਵਿੱਚ ਪਾਰਬ੍ਰਹਮ ਹੀ ਹੈ। ਦੂਜੇ ਅਰਥਾਂ ਵਿੱਚ ਪਾਰਬ੍ਰਹਮ ਵਿੱਚ ਜੀਵ ਸਮੋਇਆ ਹੋਇਆ ਹੈ ਅਤੇ ਜੀਵ ਵਿੱਚ ਪਾਰਬ੍ਰਹਮ ਸਮੋਇਆ ਹੋਇਆ ਹੈ। ਦੂਜੇ ਅਰਥਾਂ ਵਿਚ ਸ੍ਰਿਸ਼ਟੀ ਸਮੇਟਣ ਪਿੱਛੋਂ, ਸ੍ਰਿਸ਼ਟੀ, ਪਾਰਬ੍ਰਹਮ ਵਿਚ ਸਿਮਟ ਜਾਂਦੀ ਹੈ, ਫਿਰ ਸ੍ਰਿਸ਼ਟੀ ਸਿਰਜਣਾ ਪਿੱਛੋਂ ਪਾਰਬ੍ਰਹਮ ਸ੍ਰਿਸ਼ਟੀ ਅੰਦਰ ਸਿਮਟ ਜਾਂਦਾ ਹੈ। ਫਿਰ ਅੰਤਰ ਕੇਹਾ? ਇਸ ਤਰ੍ਹਾਂ ਗੁਰੂ ਰਵਿਦਾਸ ਜੀ ਨਿਰਣਾ ਦਿੰਦੇ ਹਨ ਕਿ ਦੋਹਾਂ ਵਿੱਚ ਕਿਸੇ ਵੀ ਕਿਸਮ ਦਾ ਅੰਤਰ ਨਹੀਂ ਹੈ। ਸੰਸਾਰ ਵਿੱਚ 'ਤੋਹੀ' ਅਤੇ 'ਮੋਹੀ' ਦਾ ਰਿਸ਼ਤਾ ਪਰਮਾਤਮਾ ਅਤੇ ਜੀਵ-ਆਤਮਾ ਦਾ ਹੈ। ਹੁਣ ਅੰਤਰ ਕੇਵਲ ਦ੍ਰਿਸ਼ਟੀ ਭੇਦ ਕਰਕੇ ਦ੍ਰਿਸ਼ਟੀ ਗੋਚਰ ਹੁੰਦਾ ਹੈ, ਵਾਸਤਵਿਕ ਤੌਰ ਤੇ ਪਰਮਾਤਮਾ ਅਤੇ ਜੀਵ-ਆਤਮਾ ਇੱਕ ਹੀ ਹਨ, ਕੋਈ ਅੰਤਰ ਨਹੀਂ ਹੈ। ਜਿਹੜਾ ਅੰਤਰ ਦ੍ਰਿਸ਼ਟੀ ਭੇਦ ਕਰਕੇ ਹੈ ਉਹ ਅਜਿਹਾ ਹੈ, ਜਿਵੇਂ ਸੋਨਾ ਅਤੇ ਸੋਨੇ ਤੋਂ ਬਣੇ ਗਹਿਣੇ ਜਾਂ ਪਾਣੀ ਅਤੇ ਪਾਣੀ ਉੱਪਰ ਉੱਠੀਆਂ ਤਰੰਗਾਂ ਦਾ ਹੈ। ਇਹ ਦ੍ਰਿਸ਼ਟਾਂਤ ਸਪਸ਼ਟ ਕਰਦੇ ਹਨ ਕਿ ਦ੍ਰਿਸ਼ਟੀ ਭੇਦ ਕਰਕੇ ਇਹ ਵੱਖ-ਵੱਖ ਲਗਦੇ ਹਨ, ਪਰ ਵਾਸਤਵਿਕ ਤੌਰ ਤੇ ਦੋਵੇਂ ਇੱਕ ਹੀ ਹਨ। ਜਦੋਂ ਗਹਿਣੇ ਢਾਲੇ (ਸਮੇਟੇ) ਜਾਂਦੇ ਹਨ ਤਾਂ ਸੋਨਾ ਬਣ ਜਾਂਦੇ ਹਨ, ਜਦੋਂ ਲਹਿਰਾਂ ਮਿਟ ਜਾਂਦੀਆਂ ਹਨ ਤਾਂ ਪਾਣੀ ਬਣ ਜਾਂਦੀਆਂ। ਇਸੇ ਤਰ੍ਹਾਂ ਜਦੋਂ ਪਾਰਬ੍ਰਹਮ ਸ੍ਰਿਸ਼ਟੀ ਸਮੇਟਦਾ ਹੈ, ਅਨੇਕਤਾ ਸਿਮਟਕੇ ਏਕਤਾ ਭਾਵ ਸ਼ੁੱਧ ਪਾਰਬ੍ਰਹਮ ਰਹਿ ਜਾਂਦਾ ਹੈ। ਇਸ ਸਥਿਤੀ ਵਿੱਚ ਪਰਮਾਤਮਾ ਅਤੇ ਜੀਵ-ਆਤਮਾ ਦਾ ਦ੍ਰਿਸ਼ਟੀ-ਭੇਦ ਵੀ ਮਿਟ ਜਾਂਦਾ ਹੈ ਅਤੇ ਪਾਰਬ੍ਰਹਮ ਸੁੰਨ ਸਮਾਧਿ ਵਿੱਚ ਜਾ ਵਿਰਾਜਦਾ ਹੈ। ਇਸ ਤਰ੍ਹਾਂ ਗੁਰੂ ਰਵਿਦਾਸ ਜੀ ਨੇ ਬੜੀ ਬਰੀਕੀ ਅਤੇ ਡੂੰਘਾਈ ਨਾਲ ਸ੍ਰਿਸ਼ਟੀ ਸਿਰਜਣਾ ਦੇ ਸਿਧਾਂਤ ਦੀ ਸਿਰਜਣਾ ਕੀਤੀ ਹੈ। ਅਤੇ ਦ੍ਰਿੜ ਕੀਤਾ ਹੈ ਕਿ ਸੋਹੰ ਤੋਂ ਹੀ ਸ੍ਰਿਸ਼ਟੀ ਸਿਰਜਣਾ ਹੋਈ ਹੈ।

ਉਪਰੋਕਤ ਚਰਚਾ ਤੋਂ ਇਕ ਹੋਰ ਮਹੱਤਵਪੂਰਨ ਅਤੇ ਵਡਮੁੱਲੇ ਸਿਧਾਂਤ ੧ਓ/ਸੋਹੰ ਦੀ ਸਿਰਜਣਾ ਹੁੰਦੀ ਹੈ। ੧ਓ/ਸੋਹੰ ਹੀ ਪ੍ਰਭ, ਬੇਅੰਤ ਅਤੇ ਸ਼ਕਤੀ ਹੈ :

'ਓਹ ਮੈਂ ਹਾਂ, ਮੈਂ ਓਹ ਹਾਂ'

(ਤੋਹੀ ਮੋਹੀ ਮੋਹੀ ਤੋਹੀ)

'ਓਹ' ਦਾ ਅਰਥ ਹੈ ਪਾਰਬ੍ਰਹਮ ਅਤੇ 'ਮੈਂ' ਦਾ ਅਰਥ ਹੈ ਪਾਰਬ੍ਰਹਮ ਦੀ ਅੰਸ਼। ਇਸ ਤਰ੍ਹਾਂ ਪਾਰਬ੍ਰਹਮ ਤੇ ਜੀਵ ਇੱਕ ਹੀ ਹਨ, ਭੋਰਾ ਭਰ ਵੀ ਅੰਤਰ ਨਹੀਂ ਹੈ। ਸੋ

ਉਪਰੋਕਤ 'ਰਹਾਉ' ਵਾਲੇ ਬੰਦ ਦੀ ਵਿਆਖਿਆ ਹੁਣ ਅਤਿ ਜ਼ਰੂਰੀ ਬਣ ਗਈ ਹੈ। ਕਾਰਣ : (1) ਗੁਰੂ ਅਰਜਨ ਸਾਹਿਬ ਨੇ ਪੂਰੇ ਮੂਲ ਮੰਤਰ ਨਾਲ ਗੁਰੂ ਰਵਿਦਾਸ ਜੀ ਦਾ ਨਾਮ ਦਰਜ ਕਰਕੇ ਸ੍ਰਿਸ਼ਟੀ ਦੀ ਸਿਰਜਣਾ ਦੇ ਸਿਧਾਂਤ ਦੀ ਪ੍ਰੋੜਤਾ ਕਰ ਦਿੱਤੀ ਹੈ। (2) ਉਪਰੋਕਤ ਦੱਸੇ ਹਿੰਦੂ ਧਰਮ ਦੇ ਭਗਵਾਨਾਂ ਨੂੰ ਕੇਵਲ ਰੱਦ ਹੀ ਨਹੀਂ ਕੀਤਾ, ਹਿੰਦੂ ਧਰਮ-ਗ੍ਰੰਥਾਂ ਦੇ ਸ੍ਰਿਸ਼ਟੀ ਸਿਰਜਣਾ ਦੇ ਸਿਧਾਂਤ ਨੂੰ ਉਸ ਦੀ ਥਾਂ ਕੁਦਰਤੀ ਨਿਯਮਾਂ ਉੱਪਰ ਅਧਾਰਤ ਸਿਧਾਂਤ ਵੀ ਦਿੱਤਾ ਹੈ, ਜਿਸ ਦੀ ਆਧੁਨਿਕ ਵਿਗਿਆਨ ਨੇ ਵੀ ਹੁਣ ਪੁਸ਼ਟੀ ਕਰ ਦਿੱਤੀ ਹੈ।

ਗੁਰੂ ਰਵਿਦਾਸ ਜੀ '੧ਓ ' ਦੀ ਸਿਰਜਣਾ ਕਰਦੇ ਹੋਏ ਸਿੱਧ ਕਰਦੇ ਹਨ ਕਿ 'ਬ੍ਰਹਮਾ', 'ਵਿਸ਼ਨੂੰ', 'ਮਹੇਸ਼' ਆਦਿ ਹਿੰਦੂ ਭਗਵਾਨਾਂ ਨੂੰ ਰੱਦ ਕਰਕੇ ਸਿੱਧ ਕਰਦੇ ਹਨ ਕਿ ਇਹ ਤਿੰਨ ਗੁਣ (1) ਸ੍ਰਿਸ਼ਟੀ ਦੀ ਉਤਪਤਿ (2) ਉਸ ਦੀ ਪਾਲਣਾ ਕਰਨਾ (3) ਅਤੇ ਉਸ ਦਾ ਸੰਘਾਰ ਕਰਨਾ, ਪਾਰਬ੍ਰਹਮ ਦੀਆਂ ਹੀ ਸ਼ਕਤੀਆਂ ਹਨ। ਉਪਰੋਕਤ ਹਿੰਦੂ ਭਗਵਾਨ ਦੇਹਧਾਰੀ ਹਨ ਅਤੇ ਪਾਰਬ੍ਰਹਮ ਦੀ ਹੀ ਰਚਨਾ ਹਨ। ਸ੍ਰਿਸ਼ਟੀ ਦੀ ਹਰ ਰਚਨਾ ਵਿਚ ਉਹ ਆਪ ਵਿਚਰ ਰਿਹਾ ਹੈ, ਬ੍ਰਹਮ, ਵਿਸ਼ਨੂੰ, ਮਹੇਸ਼ ਵਿਚ ਵੀ ਉਹ ਆਪ ਜੀ ਬਿਰਾਜਮਾਨ ਹੈ। ਫਿਰ ਪਾਰਬ੍ਰਹਮ ਦੀ ਆਪਣੀ ਰਚਨਾ ਉਸ ਦੀ ਬਰਾਬਰੀ ਕਿਵੇਂ ਕਰ ਸਕਦੀ ਹੈ? ਇਸ ਕਰਕੇ ਇਹ ਤਿੰਨੇ ਦੇਹਧਾਰੀ ਭਗਵਾਨ, ਪਾਰਬ੍ਰਹਮ ਦੀਆਂ ਸ਼ਕਤੀਆਂ ਦੇ ਮਾਲਕ ਨਹੀਂ ਬਣ ਸਕਦੇ। ਇਹੋ ਹੀ ਕਾਰਣ ਹੈ ਕਿ ਗੁਰੂ ਰਵਿਦਾਸ ਜੀ ਨੇ ਪਹਿਲਾਂ ਇਨ੍ਹਾਂ ਤਿੰਨਾਂ ਹਿੰਦੂ ਭਗਵਾਨਾਂ ਨੂੰ ਰੱਦ ਕੀਤਾ ਫਿਰ ਉਸ ਦੀ ਥਾਂ ਗੁਰੂ ਰਵਿਦਾਸ ਜੀ ਨੇ ਪਾਰਬ੍ਰਹਮ ਦਾ ਸ੍ਰਿਸ਼ਟੀ ਸਿਰਜਣਾ ਦਾ ਨਵਾਂ ਵਿਗਿਆਨਕ ਸਿਧਾਂਤ ਦਿੱਤਾ, ਜਿਸ ਨੂੰ ਅੱਜ ਸਾਇੰਸ ਨੇ ਵੀ ਸਵੀਕਾਰ ਕਰ ਲਿਆ ਹੈ।

ਉਹ ਸਿਧਾਂਤ ਹੈ ਪਾਰਬ੍ਰਹਮ ਕੇਵਲ ਤੇ ਕੇਵਲ 'ਇਕ' ਹੈ। ਵਿਸ਼ਨੂੰ, ਸ਼ਿਵ ਅਤੇ ਬ੍ਰਹਮ ਪ੍ਰਭ ਦੇ ਭਗਤ ਦੇ ਵੀ ਬਰਾਬਰ ਨਹੀਂ ਹਨ। ਸੋ ਪਾਰਬ੍ਰਹਮ 'ਇੱਕ' ਹੈ - ਸ੍ਰਿਸ਼ਟੀ ਸਿਰਜਣਾ, ਉਸ ਦੀ ਪਾਲਣਾ ਕਰਨਾ ਅਤੇ ਉਸ ਦਾ ਸੰਘਾਰ ਕਰਨਾ, ਉਸ ਦੀਆਂ ਸ਼ਕਤੀਆਂ ਹਨ। ਇਹ ਸ਼ਕਤੀਆਂ ਕਿਸੇ ਹੋਰ ਪਾਸ ਨਹੀਂ ਹਨ।

ਸਾਇੰਸ ਨੇ ਇਸ 'ਇੱਕ' ਨੂੰ 'ਊਰਜਾ' (Energy) ਕਿਹਾ ਹੈ ਅਤੇ ਇਸ ਊਰਜਾ ਦੇ ਕਣਾਂ ਨਾਲ ਹੀ ਸਮੁੱਚੀ ਸ੍ਰਿਸ਼ਟੀ ਦੀ ਸਿਰਜਣਾ ਹੋਈ ਹੈ। ਜਿਸ ਨੂੰ ਗੁਰੂ ਰਵਿਦਾਸ ਜੀ ਨੇ ਲਗਭਗ ਸਾਢੇ ਛੇ ਸੌ ਸਾਲ ਪਹਿਲਾਂ (650) ਇਹ ਕਹਿ ਕੇ, ਦ੍ਰਿੜ ਕਰ ਦਿੱਤਾ ਸੀ ਕਿ "ਏਕ ਹੀ ਏਕ ਅਨੇਕ ਹੋਇ ਬਿਸਥਰਿਓ ਆਨ ਰੇ ਆਨ ਭਰਪੂਰਿ ਸੋਊ॥"

ਸੋ ਗੁਰੂ ਰਵਿਦਾਸ ਜੀ ਅਤੇ ਸਾਇੰਸ ਦੇ ਹੀ ਇਸ 'ਇੱਕ' ਤੋਂ ਹੀ ਸਭ ਕੁਝ ਦੀ ਸਿਰਜਣਾ ਹੋਈ ਹੈ। ਇਸ ਊਰਜਾ ਦੀਆਂ ਤਿੰਨ ਵੱਖਰੀਆਂ-ਵੱਖਰੀਆਂ ਸ਼ਕਤੀਆਂ ਇਲੈਕਟ੍ਰਾਨ (ਜਨਮ ਦੇਣ ਵਾਲੀ ਸ਼ਕਤੀ), ਨਿਊਟ੍ਰਾਨ (ਪਾਲਣ ਵਾਲੀ ਸ਼ਕਤੀ) ਅਤੇ ਪ੍ਰੋਟਾਨ (ਸੰਘਾਰ ਕਰਨ ਵਾਲੀ ਸ਼ਕਤੀ)। ਭਾਵੇਂ ਊਰਜਾ ਪਾਰਬ੍ਰਹਮ ਹੈ ਅਤੇ ਊਰਜਾ ਦੀਆਂ ਉਪਰੋਕਤ ਸ਼ਕਤੀਆਂ ਪਾਰਬ੍ਰਹਮ ਦੀਆਂ ਹੀ ਸ਼ਕਤੀਆਂ ਹਨ।

ਉਪਰੋਕਤ ਚਰਚਾ ਤੋਂ ਸਪੱਸ਼ਟ ਹੋ ਗਿਆ ਹੈ ਕਿ ਗੁਰੂ ਰਵਿਦਾਸ ਜੀ ਨੇ ਜਾਣਬੁੱਝ ਕੇ, ਸੁਚੇਤ ਹੋ ਕੇ ਤਿੰਨੇ ਹਿੰਦੂ ਭਗਵਾਨਾਂ ਨੂੰ ਵਿਗਿਆਨਕ ਸਿਧਾਂਤਾਂ ਨਾਲ ਰੱਦ ਕਰਕੇ, ਉਨ੍ਹਾਂ ਨੂੰ ਆਮ ਮਨੁੱਖ ਹੀ ਐਲਾਨਿਆ ਹੈ। ਨਾਲ ਦੀ ਨਾਲ ਇਹ ਵੀ ਸਿੱਧ ਕੀਤਾ ਹੈ ਇਨ੍ਹਾਂ ਭਗਵਾਨਾਂ ਨਾਲ ਜੋੜੀਆਂ ਗਈਆਂ ਸ਼ਕਤੀਆਂ ਪਾਰਬ੍ਰਹਮ ਦੀ ਹੀ ਸਿਰਜਣਾ ਹਨ। ਇਸ ਕਰਕੇ ਉਹ ਪਾਰਬ੍ਰਹਮ ਦੀਆਂ ਸ਼ਕਤੀਆਂ ਦੇ ਕਿਸੇ ਵੀ ਸੂਰਤ ਵਿਚ ਮਾਲਕ ਨਹੀਂ ਹੋ ਸਕਦੇ।

ਉਪਰੋਕਤ ਸਮੁੱਚੀ ਚਰਚਾ ਤੋਂ ਪਰਪੱਕਤਾ ਨਾਲ ਦ੍ਰਿੜ ਹੋ ਗਿਆ ਹੈ ਕਿ ਪਾਰਬ੍ਰਹਮ ਕੇਵਲ ਤੇ ਕੇਵਲ 'ਇੱਕ' ਹੀ ਹੈ। ਉਸ ਦੀਆਂ ਤਿੰਨ ਸ਼ਕਤੀਆਂ ਹਨ – ਜਨਮ ਦੇਣਾ, ਪਾਲਣਾ ਅਤੇ ਸੰਘਾਰਨਾ। ਦੂਜੇ ਅਰਥਾਂ ਵਿਚ ਗੁਰੂ ਰਵਿਦਾਸ ਜੀ ਨੇ 'ਸੋਹੰ' ਅਰਥਾਤ 'ੴ' ਦੀ ਵਿਗਿਆਨਕ ਤੌਰ ਤੇ ਸਿਧਾਂਤਕ ਸਿਰਜਣਾ ਕੀਤੀ ਹੈ।

ਤੋਹੀ = ਓਹ = ਓ (ਓਹ ਦਾ ਸੰਖੇਪ)
ਮੋਹੀ = ਮੈਂ, ਓਹ ਦੀ ਅੰਸ਼ = ਅੰ (ਅੰਸ਼ ਦਾ ਸੰਖੇਪ)

ਦੋਹਾਂ ਦਾ ਸਮਾਸ ਬਣਦਾ ਹੈ, ਓਅੰ।

ਓ = ਸੋ
ਅੰ = ਹੰ (ਅਹੰ ਦਾ ਸੰਖੇਪ)

ਦੋਹਾਂ ਦਾ ਸਮਾਸ ਬਣਦਾ ਹੈ ਸੋਹੰ। ਸੋਹੰ ਦਾ ਅਰਥ ਹੈ, "ਓਹ ਮੈਂ ਹਾਂ।" I "(or thou) that very person" Willium Munior[1]

ਅਸੀਂ ਪਹਿਲਾਂ ਵਿਚਾਰ ਆਏ ਹਾਂ ਕਿ 'ਤੋਹੀ' ਇੱਕ ਬਚਨ ਹੈ ਅਤੇ 'ਤੋਹੀ' ਵਿੱਚ 'ਮੋਹੀ' ਸਮਾਇਆ ਹੋਇਆ ਹੈ। ਇਹ ਸੁੰਨ ਸਮਾਧੀ ਦੀ ਅਵਸਥਾ ਹੈ। ਇਸ ਲਈ 'ਓ' ਬਣ ਜਾਂਦਾ ਹੈ 'ੴ'। ਸੋ ਓਅੰ ਬਣ ਜਾਂਦਾ ਹੈ ੴਅੰ।

"੧ = ਇੱਕ। ਓ = ਓਅੰ .."[2]

'ਓ' ਅਤੇ 'ਓਅੰ' ਦੇ ਅਰਥ ਇੱਕੋ ਹੀ ਹੋਣ ਕਰਕੇ 'ਓ' ਵਿੱਚ ('ਅੰ') ਵੀ ਸਮਾਇਆ ਹੋਇਆ ਹੈ। ਇਸ ਤਰ੍ਹਾਂ ਗੁਰੂ ਰਵਿਦਾਸ ਜੀ ਨੇ ਸੁਚੇਤ ਰੂਪ ਵਿੱਚ

1. #"/•"–fl¢·...U–§Ü»",fiUl,fl"·
2. ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ – ਪੰਨਾ–88.

ਸਹਿਜੇ ਹੀ ਪ੍ਰਮੁੱਖ ਸਿਧਾਂਤ 'ੴ' ਦੀ ਸਿਰਜਣਾ ਕੀਤੀ ਹੈ। ਇਹੋ ਹੀ ਕਾਰਣ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਪੂਰੇ ਮੂਲ ਮੰਤਰ ਨਾਲ ਗੁਰੂ ਰਵਿਦਾਸ ਜੀ ਦਾ ਨਾਮ ਦਰਜ ਕੀਤਾ ਹੈ :

"ੴ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ ਰਾਗ ਆਸਾ ਬਾਣੀ ਭਗਤਾ ਕੀ ਕਬੀਰ ਜੀਉ ਨਾਮਦੇਵ ਜੀਉ ਰਵਿਦਾਸ ਜੀਉ॥"[1]

ਇੱਕ ਹੋਰ ਸ਼ਬਦ ਵਿੱਚ 'ੴ' ਦੀ ਪੁਸ਼ਟੀ ਕਰਦਿਆਂ ਉਨ੍ਹਾਂ ਨੇ ਇਹ ਵੀ ਸਪਸ਼ਟ ਕਰ ਦਿੱਤਾ ਹੈ ਕਿ ਵਿਸ਼ਨੂੰ, ਸ਼ਿਵ ਅਤੇ ਬ੍ਰਹਮਾ ਪਾਰਬ੍ਰਹਮ ਦੇ ਬਰਾਬਰ ਤਾਂ ਕੀ ਹੋਣੇ ਸਨ ਉਹ ਪਾਰਬ੍ਰਹਮ ਦੇ ਭਗਤ ਦੇ ਵੀ ਬਰਾਬਰ ਨਹੀਂ ਹਨ। ਇਸ ਤਰ੍ਹਾਂ ਗੁਰੂ ਜੀ ਨੇ ਹਿੰਦੂ ਧਰਮ ਅਨੁਸਾਰ ਸ੍ਰਿਸ਼ਟੀ ਸਿਰਜਣਾ ਕਰਨ, ਉਸ ਦੀ ਪਾਲਣਾ ਕਰਨ ਅਤੇ ਸੰਘਾਰ ਕਰਨ ਵਾਲੇ ਦੇਹਧਾਰੀ ਭਗਵਾਨਾਂ ਨੂੰ ਰੱਦ ਕਰਕੇ, ਇਹ ਤਿੰਨ ਸ਼ਕਤੀਆਂ 'ੴ ਭਾਵ ਪ੍ਰਭ ਦੀਆਂ ਹੀ ਮੰਨੀਆਂ ਹਨ। ਗੁਰੂ ਰਵਿਦਾਸ ਜੀ ਦੇ ਇਹ ਵਿਚਾਰ ਉਨ੍ਹਾਂ ਦੇ ਆਪਣੇ ਸ਼ਬਦਾਂ ਵਿੱਚ ਇਸ ਤਰ੍ਹਾਂ ਦਰਜ ਹਨ :

ਹਰਿ ਜਪਤ ਤੇਊ ਜਨਾ ਪਦਮ ਕਵਲਾਸਪਤਿ
ਤਾਸ ਸਮ ਤੁਲਿ ਨਹੀ ਆਨ ਕੋਊ॥
ਏਕ ਹੀ ਏਕ, ਅਨੇਕ ਹੋਇ ਬਿਸਥਰਿਓ
ਆਨ ਰੇ ਆਨ ਭਰਪੂਰ ਸੋਊ॥ ੧॥ ਰਹਾਉ॥[2]

ਇਸ ਦੀ ਪੁਸ਼ਟੀ ਗੁਰੂ ਨਾਨਕ ਦੇਵ ਜੀ ਨੇ 'ਜਪੁਜੀ' ਦੀ ੩੦ਵੀਂ ਪਉੜੀ ਵਿੱਚ ਕਰਕੇ 'ੴ' ਦੇ ਸੰਕਲਪ ਨੂੰ ਪਰਪੱਕਤਾ ਪ੍ਰਦਾਨ ਕੀਤੀ ਹੈ।

---

1. ਆਦਿ ਗ੍ਰੰਥ ਪੰਨਾ–੧੨੯੩.
2. ਓਹੀ 1293

ਮੁੜ ਸੁਰਜੀਤੀ ਦਾ ਸਿਧਾਂਤ

ਇਸ ਸ਼ਬਦ ਦੇ 'ਰਹਾਉ' ਵਿੱਚ ਸਮੁੱਚੇ ਸ਼ਬਦ ਦੇ ਵਿਸ਼ੇ ਨੂੰ ਨਿਸ਼ਚਿਤ ਕੀਤਾ ਹੈ। ਜੀਵ-ਆਤਮਾ ਵਿਕਾਰਾਂ ਨਾਲ ਅਪਵਿੱਤਰ ਹੁੰਦੀ ਹੈ ਅਤੇ ਪਰਮਾਤਮਾ ਪਤਿੱਤ (ਅਪਵਿੱਤਰ) ਜੀਵ ਆਤਮਾ ਨੂੰ ਪਾਵਨ (ਪਵਿੱਤਰ) ਕਰਨ ਦੀ ਸਮਰਥਾ ਰੱਖਦਾ ਹੈ। ਇਸ ਕਰਕੇ ਗੁਰੂ ਰਵਿਦਾਸ ਜੀ ਨੇ ਪ੍ਰਭ ਨੂੰ ਪਤਿਤ ਪਾਵਨ ਕਿਹਾ ਹੈ।

ਪਹਿਲੇ ਬੰਦ ਵਿੱਚ ਜੀਵ ਆਤਮਾ ਪਵਿੱਤਰ ਸੀ, ਪਰ 'ਰਹਾਉ' ਵਿੱਚ ਪਤਿਤ ਬਣ ਗਈ ਹੈ। ਪਰਮਾਤਮਾ ਜੀਵ-ਆਤਮਾ ਨੂੰ ਪਾਪਾਂ ਤੋਂ ਮੁਕਤ ਕਰ, ਉਸ ਨੂੰ ਮੁੜ ਪਵਿੱਤਰ ਕਰਨ ਦੇ ਸਮਰਥ ਹੈ :-

ਜਉ ਪੈ ਹਮ ਨ ਪਾਪ ਕਰੰਤਾ, ਅਹੇ ਅਨੰਤਾ॥
ਪਤਿਤ ਪਾਵਨ ਨਾਮੁ ਕੈਸੇ ਹੁੰਤਾ ॥੧॥ ਰਹਾਉ।।

ਇਸ ਤਰ੍ਹਾਂ ਇਸ ਸ਼ਬਦ ਵਿੱਚ ਮੁੜ ਸੁਰਜੀਤੀ (ਪੁਨਰ ਸੁਰਜੀਤੀ) ਦੇ ਸਿਧਾਂਤ ਦੀ ਵੀ ਸੁਚੇਤ ਹੋਕੇ ਸਿਰਜਣਾ ਕੀਤੀ ਹੈ। ਇਹ ਸ਼ਬਦ ਸਿਰੀ ਰਾਗ ਵਿੱਚ ਦਰਜ ਹੈ। ਸਿਰੀ ਰਾਗ ਦਾ ਆਧਾਰ ਵੀ ਭ੍ਰਿਸ਼ਟ ਅਤੇ ਅਪਵਿੱਤਰ ਹੋਈ ਜੀਵ-ਆਤਮਾ ਨੂੰ ਮੁੜ ਸੁਰਜੀਤ ਕਰਨ ਦਾ ਹੀ ਹੈ। "ਰਾਗ ਨਾਦੁ ਸਬਦਿ ਸੋਹਣੇ" ਪੁਸਤਕ ਵਿੱਚ ਗਠਤ ਪ੍ਰਮੁਖ ਸੰਗੀਤ ਸਾਸ਼ਤਰੀਆਂ ਦੀ ਕਮੇਟੀ ਦੁਆਰਾ ਪ੍ਰਮਾਣਿਤ ਨਿਰਣਾ ਵੀ ਗੁਰੂ ਰਵਿਦਾਸ ਜੀ ਦੇ ਸ਼ਬਦ ਵਿੱਚ ਨਿਰੂਪਤ ਮੁੜ-ਸੁਰਜੀਤੀ ਦੇ ਸਿਧਾਂਤ ਦੀ ਪੋ੍ੜਤਾ ਕਰਦਾ ਹੈ :"

"ਸਿਰੀ ਰਾਗ ਬੜਾ ਪੁਰਾਤਨ, ਮਧੁਰ ਅਤੇ ਕਠਨ ਰਾਗ ਹੈ। ਸ੍ਰੀ ਰਾਗ ਨੂੰ ਮੁੜ ਸੁਰਜੀਤੀ ਦਾ ਰਾਗ ਮੰਨਿਆ ਹੈ।"[1]

ਗੁਰੂ ਰਵਿਦਾਸ ਜੀ ਦਾ 'ਮੁੜ-ਸੁਰਜੀਤੀ' ਦਾ ਇਹ ਸਿਧਾਂਤ ਸਮੁੱਚੇ ਗੁਰੂ ਗ੍ਰੰਥ ਸਾਹਿਬ ਦਾ ਸਿਧਾਂਤ ਸਿੱਧ ਹੁੰਦਾ ਹੈ ਕਿਉਂਕਿ ਉਨ੍ਹਾਂ ਤੋਂ ਪਿੱਛੋਂ ਗੁਰੂ ਕਬੀਰ ਜੀ ਨੇ ਵੀ ਇਸ ਸਿਧਾਂਤ ਨੂੰ ਸਿਰੀ ਰਾਗ ਵਿੱਚ "ਜਨਨ ਜਾਨਤ....." ਵਾਲੇ ਸ਼ਬਦ ਵਿੱਚ ਨਿਰੂਪਤ ਕੀਤਾ ਹੈ। (ਗੁਰੂ ਕਬੀਰ ਜੀ, ਗੁਰੂ ਰਵਿਦਾਸ ਜੀ ਨਾਲੋਂ ਉਮਰ ਵਿੱਚ ਛੋਟੇ ਸਨ) :

ਐਸਾ ਤੈਂ ਜਗੁ ਭਰਮਿ ਲਾਇਆ॥
ਕੈਸੇ ਬੁਝੈ, ਜਬ ਮੋਹਿਆ ਹੈ ਮਾਇਆ॥ ੧॥ ਰਹਾਉ॥
- - - - - - - - - -- - - -
ਇਤੁ ਸੰਗਤਿ ਨਾਹੀ ਮਰਣਾ॥
ਹੁਕਮੁ ਪਛਾਣਿ ਤਾ ਖਸਮੈ ਮਿਲਣਾ॥ ੧॥ ਰਹਾਉ॥੨॥[2]

1. ਰਾਗ ਨਾਦ ਸ਼ਬਦਿ ਸੋਹਣੇ-ਪੰਨਾ-੪੮,
2. ਆਦਿ ਗ੍ਰੰਥ- ਪੰਨਾ-੯੨,

ਉਪਰੋਕਤ ਸ਼ਬਦ ਵਿੱਚ ਦੋ 'ਰਹਾਉ' ਹਨ। ਪਹਿਲੇ 'ਰਹਾਉ' ਵਿੱਚ ਗੁਰੂ ਕਬੀਰ ਜੀ ਅਪਵਿੱਤਰ ਜੀਵ-ਆਤਮਾ ਦਾ ਜ਼ਿਕਰ ਕਰਦੇ ਹਨ ਅਤੇ ਦੂਜੇ 'ਰਹਾਉ' ਵਿੱਚ ਉਹ ਫਰਮਾਉਂਦੇ ਹਨ ਕਿ ਅਪਵਿੱਤਰ ਜੀਵ-ਆਤਮਾ ਪ੍ਰਭ ਦੇ ਹੁਕਮ ਨੂੰ ਮੰਨਕੇ, ਪਛਾਣ ਕੇ ਪ੍ਰਭ ਨੂੰ ਪ੍ਰਾਪਤ ਹੋ ਸਕਦੀ ਹੈ।

ਗੁਰੂ ਨਾਨਕ ਦੇਵ ਜੀ ਨੇ ਵੀ 'ਜਪੁ ਜੀ' ਦੀ ਪਹਿਲੀ ਪਉੜੀ ਵਿੱਚ ਮੁੜ-ਸੁਰਜੀਤੀ ਦੇ ਸਿਧਾਂਤ ਨੂੰ ਨਿਰੂਪਤ ਕਰ ਦਿੱਤਾ ਹੈ। ਪਰ ਇਹ ਪਉੜੀ ਸਿਰੀ ਰਾਗ ਵਿੱਚ ਦਰਜ ਨਹੀਂ ਹੈ। ਗੁਰੂ ਜੀ ਫਰਮਾਉਂਦੇ ਹਨ :

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥ ੧॥[1]

ਇਸ ਬੰਦ ਵਿੱਚ ਗੁਰੂ ਨਾਨਕ ਦੇਵ ਜੀ ਓਹੀ ਵਿਚਾਰ ਪ੍ਰਗਟ ਕਰਦੇ ਹਨ ਜਿਹੜੇ ਪਹਿਲਾਂ ਗੁਰੂ ਰਵਿਦਾਸ ਜੀ ਅਤੇ ਗੁਰੂ ਕਬੀਰ ਜੀ ਨੇ ਪ੍ਰਗਟ ਕੀਤੇ ਹਨ। ਉਪਰੋਕਤ ਬੰਦ ਵਿੱਚ ਗੁਰੂ ਨਾਨਕ ਦੇਵ ਜੀ ਪ੍ਰਸ਼ਨ ਕਰਦੇ ਹਨ ਕਿ ਅਪਵਿੱਤਰ ਜੀਵ ਸਚਿਆਰ ਕਿਵੇਂ ਬਣ ਸਕਦਾ ਹੈ? ਇਸ ਦਾ ਉੱਤਰ ਉਹ ਇਸੇ ਬੰਦ ਦੀ ਦੂਜੀ ਤੁਕ ਵਿੱਚ ਦਿੰਦੇ ਹਨ। ਉਹ ਸਪਸ਼ਟ ਕਰਦੇ ਹਨ ਕਿ ਪ੍ਰਭ ਦੇ ਹੁਕਮ ਨੂੰ ਮੰਨਕੇ, ਉਸ ਅਨੁਸਾਰ ਕਰਮ ਕਰਕੇ ਜੀਵ ਪਵਿੱਤਰ ਬਣ ਜਾਂਦਾ ਹੈ।

ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਰਵਿਦਾਸ ਜੀ ਦਾ 'ਮੁੜ-ਸੁਰਜੀਤੀ' ਦਾ ਸਿਧਾਂਤ ਮੁੱਖ ਸਿਧਾਂਤ ਦੇ ਤੌਰ ਤੇ ਦ੍ਰਿੜ ਹੋ ਗਿਆ ਹੈ। ਕਿਉਂਕਿ ਗੁਰੂ ਗ੍ਰੰਥ ਸਾਹਿਬ ਦਾ ਪ੍ਰਮੁਖ ਵਿਸ਼ਾ ਵੀ ਇਹੋ ਹੀ ਹੈ, ਇਸ ਕਰਕੇ ਇਹ ਸਿਧਾਂਤ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦਾ ਪ੍ਰਮੁੱਖ ਅਤੇ ਬੁਨਿਆਦੀ ਸਿਧਾਂਤ ਹੈ। ਸਪਸ਼ਟ ਹੈ ਕਿ ਇਸ ਵਿਚਾਰਧਾਰਾ ਦਾ ਮੁੱਖ ਮੰਤਵ, ਪਵਿੱਤਰ ਤੋਂ ਵਿਕਾਰਾਂ ਕਾਰਣ ਅਪਵਿੱਤਰ ਬਣੀ ਜੀਵ-ਆਤਮਾ ਨੂੰ ਪਵਿਤਰ ਬਣਾ ਕੇ ਮੁੜ ਪਰਮਾਤਮਾ ਨਾਲ ਅਭੇਦ ਕਰਨਾ ਹੈ। ਇਹੋ ਹੀ ਗੁਰੂ ਰਵਿਦਾਸ ਜੀ ਦਾ ਮੁੜ-ਸੁਰਜੀਤੀ ਦਾ ਸਿਧਾਂਤ ਹੈ।

---

1. ਓਹੀ-ਪੰਨਾ-੧.

ਬ੍ਰਹਮ-ਗਿਆਨ ਦੇ ਸਿਧਾਂਤ ਦੀ ਸਿਰਜਣਾ

ਗੁਰੂ ਰਵਿਦਾਸ ਜੀ ਨੇ ਸੁਚੇਤ ਹੋਕੇ ਬ੍ਰਹਮ-ਗਿਆਨ ਦੇ ਸਿਧਾਂਤ ਦੀ ਸਿਰਜਣਾ ਕੀਤੀ ਹੈ। ਮੁੜ-ਸੁਰਜੀਤੀ ਦੇ ਸਿਧਾਂਤ ਦਾ ਆਧਾਰ ਇਹੋ ਬ੍ਰਹਮ ਗਿਆਨ ਹੈ। ਇਸ ਬ੍ਰਹਮ-ਗਿਆਨ ਦਾ ਸਿਰਜਣਹਾਰ ਕੇਵਲ ਤੇ ਕੇਵਲ ਪਾਰਬ੍ਰਹਮ ਖੁਦ ਹੀ ਹੈ। ਪਾਰਬ੍ਰਹਮ ਖੁਦ ਹੀ ਆਪਣੇ ਬ੍ਰਹਮ ਗਿਆਨ ਨਾਲ ਜੀਵ-ਆਤਮਾ ਨੂੰ ਪਾਪਾ ਤੋਂ ਮੁਕਤ ਕਰ, ਉਸ ਨੂੰ ਮੁੜ ਸੁਰਜੀਤ ਕਰ ਦਿੰਦਾ ਹੈ। ਇਸ ਦਾ ਵਰਨਣ ਗੁਰੂ ਜੀ ਇਸ ਸ਼ਬਦ ਦੇ ਦੂਜੇ ਬੰਦ ਵਿੱਚ ਕਰਦੇ ਹਨ :

ਤੁਮ੍ ਜੁ ਨਾਇਕ ਆਛਹੁ ਅੰਤਰਜਾਮੀ॥
ਪ੍ਰਭ ਤੇ ਜਨ ਜਾਨੀਜੈ ਜਨ ਤੇ ਸੁਆਮੀ॥੨॥

ਪ੍ਰਭ ਦੁਆਰਾ ਸਾਧਕ ਦੀ ਪਹਿਚਾਣ ਹੀ ਤਦ ਹੁੰਦੀ ਹੈ ਜਦ ਉਹ ਬ੍ਰਹਮ ਗੁਰੂ ਬਣਕੇ ਆਪਣੀ ਅਗਵਾਈ ਵਿੱਚ ਸਾਧਕ ਨੂੰ ਬ੍ਰਹਮ-ਗਿਆਨ ਪ੍ਰਦਾਨ ਕਰਦਾ ਹੈ। ਉਸ ਸਮੇਂ ਸਾਧਕ ਪ੍ਰਭ ਨਾਲ ਇਕਸੁਰ ਹੋ ਜਾਂਦਾ ਹੈ। ਇਸ ਇਕਸੁਰਤਾ ਕਾਰਣ ਬ੍ਰਹਮ-ਗਿਆਨ ਪ੍ਰਾਪਤ ਕਰਕੇ ਸਾਧਕ ਜੋ ਬਚਨ ਅਤੇ ਕਰਮ ਕਰਦਾ ਹੈ, ਉਹ ਦਰਅਸਲ ਪ੍ਰਭ ਦੇ ਹੀ ਬਚਨ ਅਤੇ ਉਸ ਦੇ ਹੀ ਹੁਕਮ ਅਨੁਸਾਰ ਕਰਮ ਹਨ। ਸਾਧਕ ਦੀ ਇਹ ਵਿਲੱਖਣ ਵਿਚਾਰਧਾਰਾ ਅਤੇ ਕਰਮ ਹੀ ਪ੍ਰਭ ਦੁਆਰਾ, ਸਾਧਕ ਦੇ ਪ੍ਰਭ-ਰੂਪ ਹੋਣ ਦੀ ਗਵਾਹੀ ਹੈ। ਉਪਰੋਕਤ ਵਿਚਾਰਾਂ ਦੀ ਪੁਸ਼ਟੀ ਗੁਰੂ ਨਾਨਕ ਦੇਵ ਜੀ ਤੋਂ ਹੋ ਜਾਂਦੀ ਹੈ :

ਘੜੀਐ ਸਬਦੁ, ਸਚੀ ਟਕਸਾਲ॥
ਜਿਨ ਕਉ ਨਦਰਿ ਕਰਮੁ, ਤਿਨ ਕਾਰ॥
ਨਾਨਕ, ਨਦਰੀ ਨਦਰਿ ਨਿਹਾਲ॥ ੩੮॥[1]

ਇਸ ਤਰ੍ਹਾਂ ਪ੍ਰਭ ਮਿਹਰ ਕਰਕੇ ਖੁਦ ਹੀ ਬ੍ਰਹਮ ਗੁਰੂ ਬਣ ਸਾਧਕ ਨੂੰ ਬ੍ਰਹਮ-ਗਿਆਨ ਪ੍ਰਦਾਨ ਕਰਦਾ ਹੈ। ਉਸ ਬ੍ਰਹਮ-ਗਿਆਨ ਸਦਕਾ, ਸਾਧਕ ਪ੍ਰਭ-ਰੂਪ ਬਣ ਜਾਂਦਾ ਹੈ। ਇਹੋ ਹੀ ਪ੍ਰਭ ਰਾਹੀਂ ਸਾਧਕ ਦੀ ਪਹਿਚਾਣ ਹੈ। ਇਸ ਤੋਂ ਸਿੱਧ ਹੋ ਜਾਂਦਾ ਹੈ ਕਿ ਜਿਹੋ ਜਿਹਾ ਪ੍ਰਭ ਹੁੰਦਾ ਹੈ ਓਹੋ ਜਿਹਾ ਹੀ ਉਸ ਦਾ ਭਗਤ/ਸਾਧਕ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਤੋਂ ਇਸ ਸਿਧਾਂਤ ਦੀ ਪ੍ਰੋੜਤਾ ਹੋ ਜਾਂਦੀ ਹੈ :

ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥ ੬॥

ਇਸ ਤੋਂ ਦ੍ਰਿੜ ਹੋ ਜਾਂਦਾ ਹੈ ਕਿ ਪ੍ਰਭ ਰਾਹੀਂ ਸਾਧਕ ਦੀ ਇਹ ਪਹਿਚਾਣ, ਨਿਰਣਾਇਕ ਤੌਰ ਤੇ ਸਾਧਕ ਨੂੰ ਪ੍ਰਭ-ਰੂਪ ਮਾਡਲ ਦੇ ਤੌਰ ਤੇ ਸਥਾਪਿਤ ਕਰ ਦਿੰਦੀ ਹੈ। ਸੋ ਸਪਸ਼ਟ ਤੌਰ ਤੇ ਸਾਧਕ ਦੇ ਇਸ ਪ੍ਰਭ-ਰੂਪ ਮਾਡਲ ਦੁਆਰਾ ਪ੍ਰਭ ਦੀ ਪਹਿਚਾਣ ਹੋ ਜਾਂਦੀ ਹੈ। ਇਸ ਪਹਿਚਾਣ ਸਦਕਾ ਬ੍ਰਹਮ-ਗਿਆਨ ਆਧਾਰਤ

1. *ਆਦਿ ਗ੍ਰੰਥ - ਪੰਨਾ-੮.*

ਅਗਵਾਈ ਨਾਲ ਸੰਸਾਰ ਭਰ ਵਿੱਚ ਪ੍ਰਭ ਦੀ ਸ੍ਰੇਸ਼ਟਤਾ ਦ੍ਰਿੜ ਹੋ ਜਾਂਦੀ ਹੈ। ਇਸ ਤੋਂ ਸਿੱਧ ਹੋ ਜਾਂਦਾ ਹੈ ਕਿ ਜਿਹੋ ਜਿਹਾ ਭਗਤ/ਸਾਧਕ ਹੁੰਦਾ ਹੈ ਓਹੋ ਜਿਹਾ ਹੀ ਉਸ ਦਾ ਪ੍ਰਭ ਹੁੰਦਾ ਹੈ। ਗੁਰੂ ਰਵਿਦਾਸ ਜੀ ਤੋਂ ਹੀ ਇਸ ਦੀ ਪ੍ਰੋੜਤਾ ਹੋ ਜਾਂਦੀ ਹੈ:

ਸੰਤ ਅਨੰਤਹਿ ਅੰਤਰ ਨਾਹੀ॥ ੪॥

ਇਸ ਤਰ੍ਹਾਂ ਸਪਸ਼ਟ ਹੋ ਜਾਂਦਾ ਹੈ ਕਿ ਪਹਿਲਾਂ, ਪ੍ਰਭ ਦੇ ਬ੍ਰਹਮ-ਗਿਆਨ ਤੋਂ ਸਾਧਕ ਦੀ ਪਹਿਚਾਣ ਹੁੰਦੀ ਹੈ, ਫਿਰ ਓਹੀ ਸਾਧਕ ਬ੍ਰਹਮ-ਗਿਆਨ ਸਦਕਾ, ਪ੍ਰਭ ਦੀ ਪਹਿਚਾਣ ਦਾ ਸਾਧਨ ਬਣਦਾ ਹੈ।

ਇਕ ਹੋਰ ਦ੍ਰਿਸ਼ਟੀ ਤੋਂ ਵਿਚਾਰਨ ਨਾਲ, ਇਹ ਸੰਕਲਪ ਹੋਰ ਵੀ ਸਪਸ਼ਟ ਹੋ ਜਾਂਦਾ ਹੈ। ਗੁਰੂ ਰਵਿਦਾਸ ਜੀ ਨੇ ਇਸ ਸ਼ਬਦ ਦੇ ਦੂਜੇ ਬੰਦ ਦੀ ਦੂਜੀ ਤੁਕ ਵਿੱਚ ਬ੍ਰਹਮ-ਗਿਆਨ ਦੇ ਸਿਧਾਂਤ ਨੂੰ ਸਪਸ਼ਟ ਕੀਤਾ ਹੈ :

ਪ੍ਰਭ ਤੇ ਜਨੁ ਜਾਨੀਜੈ, ਜਨ ਤੇ ਸੁਆਮੀ॥੨॥

ਇਸ ਤੁਕ ਵਿੱਚ ਗੁਰੂ ਜੀ ਨੇ 'ਪ੍ਰਭ' ਨਾਲ 'ਜਨ' ਦੀ ਅਤੇ 'ਜਨ' ਨਾਲ 'ਪ੍ਰਭ' (ਸੁਆਮੀ) ਦੀ ਸਥਾਨ-ਬਦਲੀ ਨਾਲ ਬ੍ਰਹਮ-ਗਿਆਨ ਦੀ ਪ੍ਰਕਿਰਿਆ ਨੂੰ ਸਪਸ਼ਟ ਕਰਕੇ ਪਾਰਬ੍ਰਹਮ ਅਤੇ ਜੀਵ-ਆਤਮਾ ਦੀ ਅਭੇਦਤਾ ਨੂੰ ਸਿੱਧ ਕੀਤਾ ਹੈ।

ਸੋ ਬੰਦ ਨੰ. ੨ ਵਿੱਚ ਬ੍ਰਹਮ-ਗਿਆਨ ਦੀ ਪ੍ਰਕਿਰਿਆ ਅਨੁਸਾਰ ਆਰੰਭ ਵਿੱਚ ਵੀ ਪ੍ਰਭ ਦਾ ਬ੍ਰਹਮ-ਗਿਆਨ ਸੀ ਅਤੇ ਅੰਤ ਵਿੱਚ ਵੀ। ਮੱਧ ਵਿੱਚ ਪ੍ਰਭ ਦੇ, ਬ੍ਰਹਮ-ਗਿਆਨ ਨਾਲ ਵਰਸੋਇਆ ਸਾਧਕ ਹੈ। ਇਸ ਤਰ੍ਹਾਂ ਆਰੰਭ, ਮੱਧ ਅਤੇ ਅੰਤ ਵਿੱਚ ਬ੍ਰਹਮ-ਗਿਆਨ ਹੀ ਹੈ। ਇਸੇ ਸ਼ਬਦ ਦੇ ਪਹਿਲੇ ਬੰਦ ਦੀ ਪਹਿਲੀ ਅੱਧੀ ਤੁਕ ਤੋਂ ਇਹ ਦ੍ਰਿੜ ਹੋ ਗਿਆ ਸੀ ਕਿ ਸ੍ਰਿਸ਼ਟੀ ਸਿਰਜਣਾ ਦੀ ਪ੍ਰਕਿਰਿਆ ਅਨੁਸਾਰ ਆਰੰਭ, ਮੱਧ ਅਤੇ ਅੰਤ ਵਿੱਚ ਪਾਰਬ੍ਰਹਮ ਹੀ ਹੈ। ਦੋਹਾਂ ਬੰਦਾਂ ਤੋਂ ਇਹ ਪਰਪੱਕ ਅਤੇ ਸਪਸ਼ਟ ਹੋ ਜਾਂਦਾ ਹੈ ਕਿ ਆਰੰਭ, ਮੱਧ ਅਤੇ ਅੰਤ ਵਿੱਚ ਪਾਰਬ੍ਰਹਮ ਅਤੇ ਉਸ ਦਾ ਬ੍ਰਹਮ-ਗਿਆਨ ਹੀ ਵਿਚਰਦੇ ਹਨ। ਜਿਥੇ ਪਾਰਬ੍ਰਹਮ ਹੈ ਉਥੇ ਹੀ ਬ੍ਰਹਮ-ਗਿਆਨ ਹੈ, ਕਿਉਂਕਿ ਬ੍ਰਹਮ-ਗਿਆਨ ਪਾਰਬ੍ਰਹਮ ਦੀ ਹੀ ਸਿਰਜਣਾ ਹੈ। ਇਸ ਤੋਂ ਸਿੱਧ ਹੋ ਗਿਆ ਹੈ ਕਿ ਪਾਰਬ੍ਰਹਮ ਹੀ ਬ੍ਰਹਮ-ਗਿਆਨ ਹੈ ਅਤੇ ਬ੍ਰਹਮ-ਗਿਆਨ ਹੀ ਪਾਰਬ੍ਰਹਮ। ਸੋ ਗੁਰੂ ਰਵਿਦਾਸ ਜੀ ਨੇ ਬੜੀ ਵਿਦਵਤਾ ਨਾਲ ਦੋਹਾਂ ਨੂੰ ਨਿਖੇੜਕੇ, ਦੋਹਾਂ ਦੀ ਮਹੱਤਤਾ ਨੂੰ ਵੱਖ-ਵੱਖ ਤੌਰ ਤੇ ਸਿੱਧ ਕਰਕੇ ਵੱਖ-ਵੱਖ ਮੰਤਵਾਂ ਲਈ ਵਰਤਿਆ ਹੈ। ਪਹਿਲੇ ਬੰਦ ਵਿੱਚ ਪਾਰਬ੍ਰਹਮ ਦਾ ਮਹੱਤਵ ਅਤੇ ਮੰਤਵ "ਸ੍ਰਿਸ਼ਟੀ ਸਿਰਜਣਾਂ" ਨੂੰ ਦ੍ਰਿੜ ਕੀਤਾ ਹੈ ਅਤੇ ਦੂਜੇ ਬੰਦ ਵਿੱਚ ਬ੍ਰਹਮ-ਗਿਆਨ ਦਾ ਮਹੱਤਵ ਅਤੇ ਮੰਤਵ "ਪਹਿਚਾਣ" ਨੂੰ ਦ੍ਰਿੜ ਕੀਤਾ ਹੈ। ਇਸ ਤਰ੍ਹਾਂ ਗੁਰੂ ਰਵਿਦਾਸ ਜੀ ਨੇ ਵਿਚਾਰਾਂ ਨੂੰ ਬੜੀ ਡੂੰਘਾਈ ਅਤੇ ਬਰੀਕੀ ਨਾਲ ਸਿਰਜਿਆ ਹੈ। ਇਨ੍ਹਾਂ ਸਿਧਾਂਤਕ ਵਿਚਾਰਾਂ ਦਾ ਵਿਗਿਆਨਕ ਆਧਾਰ ਹੋਣ ਕਰਕੇ ਉਨ੍ਹਾਂ ਦੀ ਸ੍ਰਿਸ਼ਟੀ ਸਿਰਜਣਾ ਅਤੇ ਬ੍ਰਹਮ-ਗਿਆਨ ਨਾਲ "ਪਹਿਚਾਣ" ਦੀ ਪਰਪੱਕਤਾ ਅਤੇ ਸਪਸ਼ਟਤਾ ਦ੍ਰਿੜ ਹੋ ਗਈ ਹੈ।

ਇਸ ਤਰ੍ਹਾਂ ਇਹ ਬ੍ਰਹਮ-ਗਿਆਨ ਪਹਿਚਾਣ ਦਾ ਸਾਧਨ ਬਣਦਾ ਹੈ। ਗੁਰੂ ਰਵਿਦਾਸ ਜੀ ਨੇ ਦ੍ਰਿੜ ਕੀਤਾ ਹੈ ਕਿ ਪ੍ਰਭ ਦੀ ਪ੍ਰਾਪਤੀ ਜਾਂ ਉਸ ਦੀ ਪਹਿਚਾਣ ਦਾ ਸਾਧਨ ਕੇਵਲ ਤੇ ਕੇਵਲ ਬ੍ਰਹਮ-ਗਿਆਨ ਹੀ ਹੈ।

ਇਸ ਕਰਕੇ ਗੁਰੂ ਰਵਿਦਾਸ ਜੀ ਪ੍ਰਭ ਅੱਗੇ ਅਰਜੋਈ ਕਰਦੇ ਹਨ ਕਿ ਹੇ ਬ੍ਰਹਮ-ਗਿਆਨ ਦੇ ਸ੍ਰੋਤ ਪ੍ਰਭ! ਮੈਂ ਤਨੋਂ ਮਨੋਂ ਤੇਰਾ ਸਿਮਰਣ ਕਰਦਾ ਹਾਂ, ਕ੍ਰਿਪਾ ਕਰਕੇ ਮੈਨੂੰ ਬ੍ਰਹਮ-ਗਿਆਨ (ਵਿਚਾਰ) ਦਿਉ ਅਤੇ ਇਹ ਵੀ ਕ੍ਰਿਪਾ ਕਰੋ ਕਿ ਕੋਈ ਮਹਾਂ ਪੁਰਸ਼ ਮੈਨੂੰ ਇਹ ਸਮਝ ਦੇਵੇ ਕਿ ਤੂੰ (ਏਕ) ਹੀ ਸਾਰੀ ਸ੍ਰਿਸ਼ਟੀ (ਅਨੇਕਤਾ) ਵਿੱਚ ਵਿਚਰ ਰਿਹਾ ਹੈਂ।

ਗੁਰੂ ਰਵਿਦਾਸ ਜੀ ਦੀ ਉਪਰੋਕਤ ਅਰਜ਼ ਦਾ ਮਹੱਤਵ ਹੋਰ ਵੀ ਵਧ ਜਾਂਦਾ ਹੈ ਜਦੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਜੀ ਨੂੰ ਇਹ ਅਰਜ਼ ਇਸ ਕਰਕੇ ਪ੍ਰਭ ਅੱਗੇ ਕਰਨੀ ਪਈ ਕਿਉਂਕਿ ਅਜਿਹੀ ਅਗਵਾਈ ਅਤੇ ਅਜਿਹਾ ਬ੍ਰਹਮ-ਗਿਆਨ ਨਾ ਤਾਂ ਹਿੰਦੂ ਧਾਰਮਕ ਗ੍ਰੰਥਾਂ ਵਿੱਚ ਉਪਲਬਧ ਸੀ ਅਤੇ ਨਾ ਹੀ ਉਨ੍ਹਾਂ ਦੇ ਧਾਰਮਕ ਆਗੂਆਂ ਤੋਂ ਪ੍ਰਾਪਤ ਹੋ ਸਕਿਆ ਹੈ। ਹਿੰਦੂ ਧਾਰਮਕ ਗ੍ਰੰਥਾਂ ਅਨੁਸਾਰ ਤਾਂ ਬ੍ਰਾਹਮਣ 'ਭਗਵਾਨ' ਨੂੰ ਬ੍ਰਹਮ-ਗਿਆਨ ਪ੍ਰਦਾਨ ਕਰਦਾ ਹੈ ਕਿਉਂਕਿ ਬ੍ਰਾਹਮਣ ਭਗਵਾਨ ਦਾ ਗੁਰੂ ਹੈ। ਇਸ ਕਾਰਣ ਬ੍ਰਾਹਮਣ ਗੁਰੂ 'ਭਗਵਾਨ' ਨੂੰ ਹਿੰਦੂ ਧਰਮ ਅਨੁਸਾਰ ਐਲਾਨੇ ਸ਼ੂਦਰ ਦੇ ਕਤਲ ਕਰਨ ਦਾ ਹੁਕਮ ਇਸ ਕਰਕੇ ਦਿੰਦਾ ਹੈ ਕਿ ਸ਼ੂਦਰ ਪ੍ਰਭ ਦੀ ਪ੍ਰਾਪਤੀ ਲਈ ਤਪ ਕਰਦਾ ਹੈ। ਹਿੰਦੂ ਧਰਮ ਗ੍ਰੰਥਾਂ ਦੇ ਅਜਿਹੇ ਹਜ਼ਾਰਾਂ ਹੀ ਫਤਵੇ ਹਨ, ਜਿਹੜੇ ਬ੍ਰਾਹਮਣ ਦੇ ਹੁਕਮ ਅਧੀਨ 'ਹਿੰਦੂ ਭਗਵਾਨ' ਜੀਵ ਦਾ ਕਤਲ ਕਰਦੇ ਹਨ ਅਤੇ ਅਕੱਥ ਜ਼ੁਲਮ ਢਾਹਕੇ ਮਨੁੱਖਤਾ ਦਾ ਕਤਲ ਕਰਦੇ ਹਨ।

ਇਸ ਲਈ ਗੁਰੂ ਰਵਿਦਾਸ ਜੀ ਹਿੰਦੂ ਧਰਮ ਗ੍ਰੰਥਾਂ ਦੀ ਵਿਚਾਰਧਾਰਾ ਅਤੇ ਉਨ੍ਹਾਂ ਦੇ 'ਭਗਵਾਨਾਂ' ਨੂੰ ਰੱਦ ਕਰਕੇ, ਸਿੱਧਾ ਪ੍ਰਭ ਨਾਲ ਹੀ ਸੰਪਰਕ ਕਰਦੇ ਹਨ ਅਤੇ ਉਸ ਦੇ ਹੀ ਸਿਰਜੇ ਬ੍ਰਹਮ-ਗਿਆਨ ਦੀ ਮੰਗ ਕਰਦੇ ਹਨ ਅਤੇ ਅਜਿਹੇ ਮਹਾਂਪੁਰਸ਼ ਦੇ ਦਰਸ਼ਨਾਂ ਦੀ ਅਰਜ਼ ਕਰਦੇ ਹਨ ਜਿਹੜੇ ਇਸ ਬ੍ਰਹਮ-ਗਿਆਨ ਅਨੁਸਾਰ ਪ੍ਰਭ ਬਾਰੇ ਸਮਝਾ ਦੇਵੇ।

ਉਪਰੋਕਤ ਚਰਚਾ ਤੋਂ ਸਪਸ਼ਟ ਹੋ ਗਿਆ ਹੈ ਕਿ ਪ੍ਰਭ ਦੀ ਅਗਵਾਈ ਅਤੇ ਉਸ ਦੇ ਬ੍ਰਹਮ-ਗਿਆਨ ਤੋਂ ਬਿਨ੍ਹਾਂ ਜੀਵ ਪ੍ਰਭ-ਰੂਪ ਨਹੀਂ ਬਣ ਸਕਦਾ ਅਤੇ ਜੀਵ ਦੇ ਪ੍ਰਭ-ਰੂਪ ਬਣੇ ਬਿਨਾਂ ਪ੍ਰਭ ਦੀ ਪਹਿਚਾਣ ਨਹੀਂ ਹੋ ਸਕਦੀ। ਅਰਥਾਤ ਪਵਿੱਤਰ ਤੋਂ ਅਪਵਿੱਤਰ ਹੋਈ ਜੀਵ-ਆਤਮਾ ਨੂੰ ਪ੍ਰਭ ਦੇ ਬ੍ਰਹਮ-ਗਿਆਨ ਦੀ ਪ੍ਰਾਪਤੀ ਨਾਲ ਮੁੜ ਪਵਿੱਤਰਤਾ ਪ੍ਰਦਾਨ ਹੁੰਦੀ ਹੈ। ਇਹੋ ਹੀ 'ਮੁੜ ਸੁਰਜੀਤੀ' ਦਾ ਸੰਕਲਪ ਹੈ ਜਿਸ ਦਾ ਆਧਾਰ ਕੇਵਲ ਤੇ ਕੇਵਲ ਬ੍ਰਹਮ-ਗਿਆਨ ਹੀ ਹੈ। ਇਹੋ ਹੀ ਬ੍ਰਹਮ-ਗਿਆਨ ਦੇ ਸਿਧਾਂਤ ਦਾ ਮੁੱਖ ਮੰਤਵ ਹੈ।

ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ

ਪਾਰਬ੍ਰਹਮ (ਤੋਹੀ) ਅਤੇ ਜੀਵ-ਆਤਮਾ (ਮੋਹੀ) ਸੁੰਨ-ਸਮਾਧੀ ਤੋਂ ਸ੍ਰਿਸ਼ਟੀ ਸਿਰਜਣਾ ਤੱਕ ਅਤੇ ਸ੍ਰਿਸ਼ਟੀ-ਸਮੇਟਣ ਤੋਂ ਸੁੰਨ ਸਮਾਧੀ ਤੱਕ ਕਿਸੇ ਵੀ ਤਰ੍ਹਾਂ ਜੁਦਾ ਨਹੀਂ ਹੁੰਦਾ। ਦੋਵੇਂ ਇੱਕ ਹੀ ਹਨ ਅਤੇ ਦੋਹਾਂ ਵਿੱਚ ਕੋਈ ਅੰਤਰ ਨਹੀਂ ਹੈ। ਇਸ ਤਰ੍ਹਾਂ ਗੁਰੂ ਰਵਿਦਾਸ ਜੀ ਨੇ 'ਤੋਹੀ' ਨਾਲ 'ਮੋਹੀ' ਦੀ ਅਤੇ 'ਮੋਹੀ' ਨਾਲ 'ਤੋਹੀ' ਦੀ ਸਥਾਨ-ਬਦਲੀ ਕਰਕੇ ਸ੍ਰਿਸ਼ਟੀ ਦੀ ਪ੍ਰਕਿਰਿਆ ਨੂੰ ਸਪਸ਼ਟ ਕਰ ਪਰਮਾਤਮਾ ਅਤੇ ਜੀਵ-ਆਤਮਾ ਨੂੰ "ਇੱਕ" ਹੀ ਸਿੱਧ ਕੀਤਾ ਹੈ। ਸੋ ਪਹਿਲੇ ਬੰਦ ਵਿੱਚ ਸ੍ਰਿਸ਼ਟੀ ਸਿਰਜਣਾ ਦਾ ਸੰਕਲਪ ਨਿਰੂਪਤ ਹੈ।

ਇਕ ਹੋਰ ਪੱਖ ਤੋਂ ਵੀ ਇਹੋ ਅਰਥ ਬਣਦੇ ਹਨ। ਪਹਿਲੀ ਤੁਕ ਦੇ ਪਹਿਲੇ ਅੱਧ ਵਿਚ, ਆਰੰਭ ਵਿੱਚ ਵੀ 'ਤੋਹੀ' ਹੈ ਅਤੇ ਅੰਤ ਵਿਚ ਵੀ 'ਤੋਹੀ' ਹੈ ਅਤੇ ਮੱਧ ਵਿਚ ਪਾਰਬ੍ਰਹਮ ਦੀ ਸਿਰਜਣਾ ਉਸ ਦੀ ਅੰਸ਼ ਮੋਹੀ (ਜੀਵ) ਹਨ। ਸੋ ਆਰੰਭ ਮੱਧ ਅਤੇ ਅੰਤ ਵਿਚ ਪਾਰਬ੍ਰਹਮ ਹੀ ਹੈ। ਫਿਰ ਅੰਤਰ ਕਿਸ ਕਿਸਮ ਦਾ?

ਨੋਟ : (੧) 'ਤੋਹੀ' ਇੱਕ ਬਚਨ ਹੈ ਅਤੇ ਇਸ ਦਾ ਅਰਥ ਹੈ ਪਾਰਬ੍ਰਹਮ ਇੱਕ ਹੈ। 'ਮੋਹੀ' ਪਾਰਬ੍ਰਹਮ ਦੀ ਅੰਸ਼ ਹੈ।

"ਤੋਹੀ ਮੋਹੀ ਮੋਹੀ ਤੋਹੀ" ਸ਼ਬਦ ਦੇ ਬੰਦ ਨੰ. ੧ ਦੀ ਪਹਿਲੀ ਤੁਕ ਵਿਚ ਸਥਾਨ ਬਦਲੀ ਹੈ, ਪਾਰਬ੍ਰਹਮ, ਜੀਵ ਬਣ ਜਾਂਦਾ ਹੈ ਅਤੇ ਜੀਵ, ਪਾਰਬ੍ਰਹਮ। ਇਸ ਕਰਕੇ ਦੋਹਾਂ ਵਿਚ ਨਾਮਤਰ ਅੰਤਰ ਵੀ ਨਹੀਂ ਹੈ।

ਪਰ "ਜਬ ਹਮ ਹੋਤੇ ਤਬ ਤੂ ਨਾਹੀ" ਸ਼ਬਦ ਦੇ ਬੰਦ ਨੰ. ੧ ਦੀ ਪਹਿਲੀ ਤੁਕ ਵਿਚ ਸਥਾਨ ਬਦਲੀ ਨਹੀਂ ਹੈ, ਸਗੋਂ ਜੀਵ ਦੇ ਵਿਕਾਰੀ ਹੋਣ ਕਾਰਣ, ਹੰਕਾਰ ਤਾਂ ਹੈ, ਪਰ ਪਾਰਬ੍ਰਹਮ ਨਹੀਂ ਹੈ। ਇਥੇ ਅੰਤਰ ਹੀ ਅੰਤਰ ਹੈ।

ਇਸ ਲਈ ਉਪਰੋਕਤ ਦੋਹਾਂ ਬੰਦਾਂ ਨੂੰ ਇਕੋ ਪੱਧਰ ਤੇ ਨਹੀਂ ਰਖਿਆ ਜਾ ਸਕਦਾ। ਪਰ ਫਿਰ ਵੀ ਕਈ ਵਿਦਵਾਨ ਦੋਹਾਂ ਬੰਦਾਂ ਦੇ ਤੱਥਾਂ ਅਤੇ ਸਥਿਤੀ ਨੂੰ ਇਕ ਮੰਨ ਕੇ, ਇਨ੍ਹਾਂ ਦੀ ਵਿਚਾਰਧਾਰਕ ਪੱਧਰ ਤੇ ਤੁਲਨਾ ਕਰਦੇ ਹਨ। ਪਰ ਇਹ ਤੁਲਨਾ ਸਹੀ ਨਹੀਂ ਹੈ ਕਿਉਂਕਿ "ਤੋਹੀ ਮੋਹੀ" ਵਿਚ, ਜਲ ਪਵਿੱਤਰਤਾ ਦਾ ਪ੍ਰਤੀਕ ਹੈ, ਇਸ ਲਈ ਇਸ ਉੱਪਰ ਉੱਠੀ ਤਰੰਗ (ਲਹਿਰ) ਵੀ ਪਵਿੱਤਰਤਾ ਦੀ ਪ੍ਰਤੀਕ ਹੈ, ਤਰੰਗ ਸੰਗੀਤਾਤਮਕ ਹੈ, ਸੰਗੀਤ ਪਵਿੱਤਰਤਾ ਦਾ ਪ੍ਰਤੀਕ ਹੈ। ਸਪਸ਼ਟ ਹੈ ਕਿ ਇਸ ਬੰਦ ਵਿਚ ਜੀਵ-ਆਤਮਾ ਕੰਜ-ਕੁਆਰੀ ਹੈ, ਵਿਕਾਰ ਅਜੇ ਇਸ ਦੇ ਨੇੜੇ ਨਹੀਂ ਢੁਕੇ।

(੨) "ਤੋਹੀ ਮੋਹੀ ਮੋਹੀ ਤੋਹੀ" ਵਾਲੇ ਸ਼ਬਦ ਵਿੱਚ ਹੀ ਜੀਵ-ਆਤਮਾ ਦੇ ਮਲੀਨ ਹੋਣ ਦਾ ਸੰਕੇਤ ਤੱਕ ਨਹੀਂ ਹੈ। ਇਹ ਅਜੇ ਵਿਕਾਰਾਂ ਦੇ ਪ੍ਰਭਾਵ ਵਿੱਚ ਹੀ ਨਹੀਂ ਆਈ। ਇਹ ਤਾਂ ਕੰਜ-ਕੁਆਰੀ ਜੀਵ-ਆਤਮਾ ਹੈ।

ਪਰ "ਜਬ ਹਮ ਹੋਤੇ ਤਬ ਤੂ ਨਾਹੀ...." ਸ਼ਬਦ ਵਿੱਚ ਅਜਿਹੀ ਜੀਵ-

ਆਤਮਾ ਦਾ ਵਰਨਣ ਹੈ, ਜਿਹੜੀ ਵਿਕਾਰਾਂ ਨਾਲ ਮਲੀਨ ਹੋ ਚੁੱਕੀ ਹੈ। "ਜਬ ਹਮ ਹੋਤੇ" ਵਾਲੇ ਸ਼ਬਦ ਵਿਚ ਮਨ ਰੂਪੀ ਸਮੁੰਦਰ ਵਿਚ ਵਿਕਾਰਾਂ ਰੂਪੀ ਤੁਫ਼ਾਨੀ ਲਹਿਰਾਂ ਉੱਠਣ ਦਾ ਕਾਰਣ ਸ਼ਕਤੀਸ਼ਾਲੀ ਵਿਕਾਰ ਰੂਪੀ ਤੁਫ਼ਾਨੀ ਹਨੇਰੀ ਹੈ। ਤੁਫ਼ਾਨੀ ਹਨੇਰੀ, ਵਿਕਾਰਾਂ ਦੀ ਪ੍ਰਤੀਕ ਹੈ। ਅਪਵਿੱਤਰਤਾ ਦੀ ਪ੍ਰਤੀਕ ਹੈ। ਇਸ ਕਰਕੇ ਜੀਵ-ਆਤਮਾ ਅਪਵਿੱਤਰ, ਮਲੀਨ ਹੋ ਗਈ ਹੈ, ਇਹ ਤੱਥ "ਜਬ ਹਮ ਹੋਤੇ" ਤੋਂ ਵੀ ਸਿੱਧ ਹੋ ਜਾਂਦਾ ਹੈ। ਇਸ ਪਿਛੋਂ ਜੀਵ-ਆਤਮਾ ਵਿਕਾਰਾਂ ਤੋਂ ਮੁਕਤ ਹੋ ਜਾਂਦੀ ਹੈ। ਇਸ ਦਾ ਸਬੂਤ "ਅਬ ਤੂ ਹੀ ਮੈਂ ਨਾਹੀ" ਤੋਂ ਮਿਲ ਜਾਂਦਾ ਹੈ। ਇਸ ਤਰ੍ਹਾਂ ਇਸ ਸ਼ਬਦ ਵਿਚ ਪਹਿਲਾਂ ਜੀਵ-ਆਤਮਾ ਮਲੀਨ ਸੀ, ਪਿੱਛੋਂ ਪਵਿਤੱਰ ਹੋ ਜਾਂਦੀ ਹੈ। ਇਸ ਬੰਦ ਦੀ ਦੂਜੀ ਤੁਕ ਦਾ ਦੂਜਾ ਅੱਧ "ਜਲ ਕੇਵਲ ਜਲ ਮਾਹੀ" ਵੀ ਇਸ ਦੀ ਪੋ੍ੜਤਾ ਕਰਦੀ ਹੈ। ਸਿੱਟਾ— ਪਹਿਲਾਂ ਜੀਵ-ਆਤਮਾ ਮਲੀਨ ਸੀ ਪਿੱਛੋਂ ਪਵਿੱਤਰ ਬਣ ਜਾਂਦੀ ਹੈ।

ਸੋ ਦੋਹਾਂ ਸ਼ਬਦਾਂ ਦਾ ਤੁਲਨਾਤਮਕ ਅਧਿਐਨ ਕਰਨਾ ਠੀਕ ਨਹੀਂ ਹੈ। ਦੋਹਾਂ ਸ਼ਬਦਾਂ ਵਿੱਚ ਪਾਣੀ ਦੀ ਸਥਿਤੀ ਭਿੰਨ-ਭਿੰਨ ਹੋਣ ਕਰਕੇ, ਦੋਹਾਂ ਦੇ ਅਰਥ ਵੀ ਭਿੰਨ-ਭਿੰਨ ਹਨ।

(੩) "ਤੋਹੀ ਮੋਹੀ ਮੋਹੀ ਤੋਹੀ" ਵਾਲੀ ਅਵਸਥਾ ਨੂੰ "ਸੰਤ ਅਨੰਤਹਿ ਅੰਤਰੁ ਨਾਹੀ" ਵਾਲੀ ਅਵਸਥਾ ਨਾਲ ਮਿਲਾਉਣਾ ਠੀਕ ਨਹੀਂ ਹੈ ਕਿਉਂਕਿ "ਤੋਹੀ ਮੋਹੀ" ਵਾਲੇ ਸ਼ਬਦ ਵਿੱਚ 'ਮੋਹੀ' ਉੱਪਰ ਵਿਕਾਰਾਂ ਦਾ ਪ੍ਰਭਾਵ ਨਹੀਂ ਹੈ। ਇਹ ਅਵਸਥਾ ਪਵਿੱਤਰਤਾ ਵਾਲੀ ਹੈ। ਇਸ ਕਰਕੇ ਇਥੇ 'ਮੋਹੀ' ਦੇ ਅਰਥ 'ਸੰਤ' ਨਹੀਂ ਬਣਦੇ। ਸੰਤ ਤਾਂ ਵਿਕਾਰਾਂ ਉਪਰ ਕਾਬੂ ਪਾਉਣ ਪਿਛੋਂ ਹੀ ਬਣਦਾ ਹੈ।

"ਤੋਹੀ ਮੋਹੀ" ਵਿੱਚ ਸ੍ਰਿਸ਼ਟੀ ਸਿਰਜਣ ਵਿਚ ਆਤਮਾ ਅਤੇ ਪਰਮਾਤਮਾ ਦੀ ਏਕਤਾ ਦੀ ਪ੍ਰਕਿਰਿਆ ਨੂੰ ਨਿਰੂਪਤ ਕੀਤਾ ਹੈ ਜਦਕਿ "ਸੰਤ ਅਨੰਤਹਿ" ਵਿੱਚ ਸਾਧਕ ਦੀ ਆਤਮਾ ਦੇ ਵਿਕਾਸ ਦੀ ਪ੍ਰਕਿਰਿਆ ਨੂੰ ਨਿਰੂਪਤ ਕੀਤਾ ਹੈ। ਇਸ ਲਈ ਦੋਹਾਂ ਅਵਸਥਾਵਾਂ ਦੀ ਤੁਲਨਾ ਕਰਨਾ ਉਚਿਤ ਨਹੀਂ ਹੈ।

ਇਹ ਵਿਚਾਰ ਸਪਸ਼ਟ ਭਾਂਤ ਉਭਰ ਕੇ ਨਿੱਖਰ ਕੇ ਸਾਹਮਣੇ ਆਉਂਦਾ ਹੈ ਕਿ ਜੀਵ-ਆਤਮਾ ਵਿਕਾਰਾਂ ਦੇ ਪ੍ਰਭਾਵ ਵਿਚ ਹੀ ਨਹੀਂ ਆਈ। ਇਹ ਅਜੇ ਕੰਜ-ਕੁਆਰੀ ਹੈ। ਪਰ 'ਰਹਾਉ' ਵਿੱਚ ਸੰਕੇਤ-ਮਾਤਰ ਮਾਇਆ ਦਾ ਸੰਕਲਪ ਨਿਰੂਪਤ ਕੀਤਾ ਗਿਆ ਹੈ। ਜੀਵ ਮਾਇਆ ਦੇ ਦੂਤ ਵਿਕਾਰਾਂ ਵਿੱਚ ਫਸੇ ਪਾਪ ਕਰਦੇ ਹਨ। ਇਸ ਕਰਕੇ ਪ੍ਰਭ ਤੋਂ ਵਿਛੜ ਜਾਂਦੇ ਹਨ। ਪ੍ਰਭ, ਪਾਪੀਆਂ ਨੂੰ ਤਾਰਨ ਦੀ ਸਮਰਥਾ ਰੱਖਦਾ ਹੈ, ਇਸ ਲਈ 'ਪਤਿਤ ਪਾਵਨ' ਭਾਵ ਪਾਪੀਆਂ ਨੂੰ ਤਾਰਨ ਵਾਲਾ ਕਿਹਾ ਜਾਂਦਾ ਹੈ। ਪਰ ਇਸ ਸੰਕਲਪ ਨੂੰ ਗੁਰੂ ਰਵਿਦਾਸ ਜੀ ਬੜੇ ਹੀ ਕਲਾਮਈ ਅਤੇ ਅਪਣਤ ਭਰੇ ਭਾਵਾਂ ਨਾਲ ਨਿਰੂਪਤ ਕੀਤਾ ਹੈ। ਇਹ ਫਰਮਾਉਂਦੇ

ਹਨ ਕਿ ਹੇ ਪ੍ਰਭ। ਤੂੰ ਤੇ ਮੈਂ ਇੱਕ ਹਾਂ। ਪਰ ਮੈਂ ਪਾਪ ਕਰਨ ਕਰਕੇ ਤੇਰੇ ਤੋਂ ਦੂਰ ਹੋ ਗਿਆ ਹਾਂ, ਹੁਣ ਮੈਂ ਤੈਨੂੰ ਪਹਿਚਾਣ ਨਹੀਂ ਸਕਦਾ। ਪਰ ਉਹ ਸ਼ਰਧਾ ਭਰਪੂਰ ਲਹਿਜ਼ੇ ਵਿੱਚ ਅਹਿਸਾਨ ਕਰਦੇ ਕਹਿੰਦੇ ਹਨ ਕਿ ਹੇ ਪ੍ਰਭ! ਜੇਕਰ ਮੈਂ ਪਾਪ ਨਾ ਕਰਦਾ ਤਾਂ ਤੈਨੂੰ ਪਾਪੀਆਂ ਨੂੰ ਤਾਰਨ ਵਾਲਾ ਕਿਸੇ ਨੇ ਨਹੀਂ ਸੀ ਕਹਿਣਾ। ਸੋ ਮੇਰੇ ਪਾਪੀ ਹੋਣ ਕਰਕੇ ਹੀ ਤੇਰਾ ਨਾਮ 'ਪਤਿਤ ਪਾਵਨ' ਪ੍ਰਸਿੱਧ ਹੋਇਆ ਹੈ।

ਦੂਜੇ ਬੰਦ ਵਿੱਚ ਗੁਰੂ ਰਵਿਦਾਸ ਜੀ ਨੇ ਪਾਪੀਆਂ ਨੂੰ ਤਾਰਨ ਲਈ ਪ੍ਰਭ ਦੀ ਬ੍ਰਹਮ-ਗੁਰੂ ਦੇ ਰੂਪ ਵਿੱਚ ਅਗਵਾਈ ਅਤੇ ਉਸ ਦੇ ਬ੍ਰਹਮ-ਗਿਆਨ ਦੇ ਸੰਕਲਪ ਨੂੰ ਨਿਰੂਪਤ ਕੀਤਾ ਹੈ। ਇਸ ਕਰਕੇ 'ਪ੍ਰਭ' ਨਾਲ 'ਜਨ' ਦੀ ਅਤੇ 'ਜਨ' ਨਾਲ 'ਪ੍ਰਭ' (ਸੁਆਮੀ) ਦੀ ਸਥਾਨ-ਬਦਲੀ ਕਰਕੇ ਬ੍ਰਹਮ-ਗਿਆਨ ਦੀ ਪ੍ਰਕਿਰਿਆ ਨੂੰ ਸਪਸ਼ਟ ਕਰ ਪਾਰਬ੍ਰਹਮ ਅਤੇ ਜੀਵ-ਆਤਮਾ ਦੀ ਅਭੇਦਤਾ ਨੂੰ ਸਿੱਧ ਕੀਤਾ ਹੈ। ਪ੍ਰਭ ਖੁਦ ਹੀ ਸਾਧਕ ਨੂੰ ਬ੍ਰਹਮ-ਗਿਆਨ ਪ੍ਰਦਾਨ ਕਰਦਾ ਹੈ, ਜਿਸ ਕਾਰਨ ਸਾਧਕ ਪ੍ਰਭ-ਰੂਪ ਬਣ ਜਾਂਦਾ ਹੈ। ਇਸ ਤਰ੍ਹਾਂ ਜੀਵ, ਪ੍ਰਭ ਦੀ ਅਗਵਾਈ ਅਤੇ ਉਸ ਦੇ ਬ੍ਰਹਮ-ਗਿਆਨ ਸਦਕਾ, ਪ੍ਰਭ ਤੋਂ ਸੇਵਕ ਦੀ ਅਤੇ ਸੇਵਕ ਤੋਂ ਪ੍ਰਭ ਦੀ ਪਹਿਚਾਣ ਕਰਦਾ ਹੈ। ਇਸ ਤਰ੍ਹਾਂ ਪਹਿਲੇ ਬੰਦ ਦੇ ਵਿਚਾਰਾਂ ਦਾ ਵਿਕਾਸ ਦੂਜੇ ਬੰਦ ਵਿੱਚ ਕੀਤਾ ਹੈ। ਦੋਹਾਂ ਵਿੱਚ ਗਹਿਰੀ ਸਾਂਝ ਹੈ। ਦੋਹਾਂ ਬੰਦਾਂ ਦੇ ਵਿਚਾਰ-ਮਾਡਲ ਪ੍ਰਗਟਾਉਣ ਦੀ ਤਕਨੀਕ ਵੀ ਸਾਂਝੀ ਹੈ। ਦੋਹਾਂ ਵਿਚਾਰ-ਮਾਡਲਾਂ ਦਾ ਆਧਾਰ ਵਿਗਿਆਨਕ ਦਲੀਲਾਂ ਅਤੇ ਅਟੱਲ ਸੱਚਾਈਆਂ ਤੇ ਆਧਾਰਤ ਹੈ।

ਇਸ ਤਰ੍ਹਾਂ ਤੀਸਰੇ ਬੰਦ ਵਿੱਚ ਗੁਰੂ ਰਵਿਦਾਸ ਜੀ ਨੇ ਸਪਸ਼ਟ ਕੀਤਾ ਹੈ ਕਿ ਦੁਨੀਆਂ ਵਿੱਚ ਕੋਈ ਵੀ ਅਜਿਹਾ ਨਹੀਂ ਹੈ ਜਿਹੜਾ ਬ੍ਰਹਮ-ਗਿਆਨ ਪ੍ਰਦਾਨ ਕਰਕੇ ਪ੍ਰਭ ਦੀ ਪਹਿਚਾਣ ਕਰਵਾ ਸਕੇ। ਕਿਉਂਕਿ ਹਿੰਦੂ ਧਰਮ ਦੀ ਵਿਚਾਰਧਾਰਾ ਅਨੁਸਾਰ ਸ਼ੂਦਰ ਪ੍ਰਭ-ਭਗਤੀ ਨਹੀਂ ਕਰ ਸਕਦਾ। ਇਸ ਕਰਕੇ ਇਹ ਵਿਚਾਰਧਾਰਾ ਪੱਖਪਾਤੀ ਅਤੇ ਮਨੁੱਖਤਾ ਵਿਰੋਧੀ ਹੈ।

ਇਸ ਕਰਕੇ ਗੁਰੂ ਰਵਿਦਾਸ ਜੀ ਪ੍ਰਭ ਭਾਵ ਬ੍ਰਹਮ-ਗੁਰੂ — ਜਿਹੜਾ ਸਰਵ ਵਿਆਪਕ ਹੈ, ਸਭ ਦਾ ਜਨਮ ਦਾਤਾ ਹੈ, ਜਿਹੜਾ ਨਿਰਪੱਖ ਹੋਕੇ ਆਪਣਾ ਬ੍ਰਹਮ-ਗਿਆਨ ਪ੍ਰਦਾਨ ਕਰਦਾ ਹੈ— ਅੱਗੇ ਅਰਜੋਈ ਕਰਦੇ ਹਨ ਕਿ ਹੇ! ਪ੍ਰਭ ਤੂੰ ਮੈਨੂੰ ਆਪਣਾ ਬ੍ਰਹਮ-ਗਿਆਨ ਬਖਸ਼ਿਸ਼ ਕਰ ਅਤੇ ਮੈਨੂੰ ਅਜਿਹਾ ਮਹਾਂਪੁਰਸ਼ ਦਸ ਜਿਹੜਾ ਮੈਨੂੰ ਤੇਰੇ ਬਾਰੇ ਸਮਝਾ ਦੇਵੇ।

ਸੋ ਸਮੁੱਚੇ ਸ਼ਬਦ ਵਿੱਚ ਸਪਸ਼ਟ ਕੀਤਾ ਗਿਆ ਹੈ ਕਿ ਪ੍ਰਭ ਬ੍ਰਹਮ-ਗੁਰੂ ਬਣ, ਮਨੁੱਖ ਦੇ ਮਨ ਵਿੱਚ ਵਿਰਾਜਮਾਨ ਹੈ, ਉਸ ਦੀ ਬ੍ਰਹਮ-ਗਿਆਨ ਅਨੁਸਾਰ ਅਗਵਾਈ ਕਰਦਾ ਹੈ, ਜਿਸ ਨਾਲ ਮਨੁੱਖ ਦੀ ਪਹਿਚਾਣ ਹੁੰਦੀ ਹੈ। ਫਿਰ ਮਨੁੱਖ ਦੇ ਪ੍ਰਾਪਤ ਕੀਤੇ ਬ੍ਰਹਮ-ਗਿਆਨ ਸਦਕਾ ਹੀ ਪ੍ਰਭ ਦੀ ਪਹਿਚਾਣ ਹੁੰਦੀ ਹੈ। ਅਜਿਹੇ ਬ੍ਰਹਮ-ਗਿਆਨ ਦੀ ਹੀ ਗੁਰੂ ਰਵਿਦਾਸ ਜੀ ਪ੍ਰਭ ਤੋਂ ਮੰਗ ਕਰਦੇ ਹਨ।

ਸ਼ਬਦ ਅਰਥ :— ਗੁਰੂ ਰਵਿਦਾਸ ਜੀ ਪ੍ਰਭ ਨੂੰ ਸੰਬੋਧਨ ਕਰਦੇ ਫਰਮਾਉਂਦੇ ਹਨ ਕਿ ਹੇ ਪ੍ਰਭ! ਤੂੰ ਮੈਂ ਹਾਂ ਅਤੇ ਮੈਂ ਤੂੰ ਹੈਂ। ਤੇਰੇ ਵਿੱਚ ਮੈਂ ਸਮਾਇਆ ਹੋਇਆ ਹਾਂ ਅਤੇ ਮੇਰੇ ਵਿੱਚ ਤੂੰ ਵਿਰਾਜਮਾਨ ਹੈਂ। ਦੂਜੇ ਸ਼ਬਦਾਂ ਵਿੱਚ ਸ੍ਰਿਸ਼ਟੀ ਸਿਰਜਣਾ ਤੋਂ ਪਹਿਲਾਂ 'ਤੋਹੀ' ਭਾਵ ਪਾਰਬ੍ਰਹਮ ਵਿੱਚ 'ਮੋਹੀ' ਭਾਵ ਮੈਂ ਸਮਾਇਆ ਹੋਇਆ ਸਾਂ ਅਤੇ ਸ੍ਰਿਸ਼ਟੀ ਸਿਰਜਣਾ ਪਿਛੋਂ ਮੈਂ ਵਿੱਚ ਤੂੰ ਵਿਰਾਜਮਾਨ ਹੈਂ। ਇਸ ਤਰ੍ਹਾਂ ਤੋਹੀ, ਮੋਹੀ ਤੋਂ ਕਦੇ ਵੱਖ ਨਹੀਂ ਹੁੰਦਾ। ਫਿਰ ਤੇਰੇ ਤੇ ਮੇਰੇ ਵਿੱਚ ਕਿਸ ਕਿਸਮ ਦਾ ਅੰਤਰ ਹੋਇਆ? ਗੁਰੂ ਜੀ ਉੱਤਰ ਦਿੰਦੇ ਹਨ ਕਿ ਦੋਹਾਂ ਵਿੱਚ ਤਿਲ ਭਰ ਵੀ ਅੰਤਰ ਨਹੀਂ ਹੈ। ਅੰਤਰ ਕੇਵਲ ਦ੍ਰਿਸ਼ਟੀ ਭੇਦ ਕਰਕੇ ਹੈ। ਜਿਵੇਂ ਸੋਨਾ ਅਤੇ ਸੋਨੇ ਤੋਂ ਬਣੇ ਗਹਿਣੇ ਅਤੇ ਜਲ ਅਤੇ ਜਲ ਉੱਪਰ ਉੱਠੀਆਂ ਲਹਿਰਾਂ ਵਿੱਚ ਦ੍ਰਿਸ਼ਟੀ ਭੇਦ ਹੈ। ਸੋਨੇ ਦੇ ਗਹਿਣੇ ਢਾਲਣ ਪਿਛੋਂ ਸੋਨਾ ਹੀ ਬਣ ਜਾਂਦਾ ਹੈ ਅਤੇ ਲਹਿਰਾਂ ਮਿਟ ਜਾਣ ਪਿਛੋਂ ਪਾਣੀ ਹੀ ਬਣ ਜਾਂਦੀਆਂ ਹਨ । ਇਸੇ ਤਰ੍ਹਾਂ ਸ੍ਰਿਸ਼ਟੀ ਸਮੇਟਣ ਪਿੱਛੋਂ ਜੀਵ ਪਾਰਬ੍ਰਹਮ ਵਿੱਚ ਸਮਾਕੇ ਪਾਰਬ੍ਰਹਮ ਬਣ ਜਾਂਦਾ ਹੈ। ਹੁਣ ਦ੍ਰਿਸ਼ਟੀ ਭੇਦ ਨਹੀਂ ਰਿਹਾ। ਇਸ ਲਈ ਅੰਤਰ ਵੀ ਨਹੀਂ ਰਿਹਾ। ਦੋਵੇਂ ਇੱਕ ਹੋ ਗਏ ਹਨ॥ ੧॥

ਹੇ ਪ੍ਰਭ! ਮੈਂ ਪਾਪੀ ਹਾਂ ਮਾਇਆ ਦੇ ਜਾਲ ਵਿੱਚ ਫਸਿਆ ਹੋਇਆ ਹਾਂ। ਪਰ ਜੇ ਮੈਂ ਪਾਪ ਨਾ ਕਰਦਾ ਤਾਂ ਤੈਨੂੰ ਪਾਪੀਆਂ ਨੂੰ ਤਾਰਨ ਵਾਲਾ ਕਿਸੇ ਨੇ ਨਹੀਂ ਸੀ ਕਹਿਣਾ। ਫਿਰ ਤੇਰਾ ਨਾਮ 'ਪਤਿਤ ਪਾਵਨ' ਕਿਵੇਂ ਹੁੰਦਾ? ॥੧॥ ਰਹਾਉ॥

ਹੇ ਪ੍ਰਭ! ਤੂੰ (ਸਭ ਦੇ ਮਨਾਂ ਵਿੱਚ ਵਿਰਾਜਮਾਨ ਹੋਣ ਕਰਕੇ) ਸਭ ਦੇ ਮਨਾਂ ਦੀਆਂ ਜਾਣਦਾ ਹੈਂ। ਇਸ ਕਰਕੇ ਤੂੰ ਬ੍ਰਹਮ-ਗੁਰੂ ਬਣ (ਬ੍ਰਹਮ-ਗਿਆਨ ਆਧਾਰਤ) ਸਮਰਥ ਅਗਵਾਈ ਕਰਨ ਵਾਲਾ ਹੈ। ਇਸ ਅਗਵਾਈ ਅਧੀਨ ਸਾਧਕ ਤੇਰੇ ਹੁਕਮ (ਬ੍ਰਹਮ-ਗਿਆਨ) ਨੂੰ ਪਹਿਚਾਣਦਾ ਅਤੇ ਪ੍ਰਵਾਨਦਾ ਹੈ। ਇਸ ਅਨੁਸਰ ਜੋ ਵਚਨ ਅਤੇ ਕਰਮ ਸਾਧਕ ਕਰਦਾ ਹੈ। ਉਸ ਤੋਂ ਸਾਧਕ ਦੀ ਪਹਿਚਾਣ ਹੁੰਦੀ ਹੈ ਕਿ ਸਾਧਕ ਕਿਹੋ ਜਿਹਾ ਹੈ। ਅਜਿਹੇ ਪਹਿਚਾਣੇ ਹੋਏ ਪ੍ਰਭ-ਰੂਪ ਸਾਧਕ ਤੋਂ (ਸਾਧਕ ਦੀ ਵਿਚਾਰਧਾਰਾ ਅਤੇ ਉਸ ਅਨੁਸਾਰ ਕੀਤੇ ਕਰਮਾਂ ਤੋਂ ਪ੍ਰਭ ਦਾ ਬ੍ਰਹਮ-ਗਿਆਨ ਦ੍ਰਿੜ ਹੋ ਜਾਂਦਾ ਹੈ।) ਪ੍ਰਭ ਦੀ ਪਹਿਚਾਣ ਹੋ ਜਾਂਦੀ ਹੈ, ਪਰਖ ਹੋ ਜਾਂਦੀ ਹੈ॥ ੨॥

(ਪਹਿਚਾਣ ਪਿਛੋਂ ਪ੍ਰਭ ਅਤੇ ਸਾਧਕ, ਸਾਧਕ ਅਤੇ ਪ੍ਰਭ ਵਿੱਚ ਕੋਈ ਅੰਤਰ ਨਹੀਂ ਰਹਿੰਦਾ। ਇਸ ਬੰਦ ਤੋਂ ਇਹ ਜ਼ਰੂਰ ਸਪਸ਼ਟ ਹੁੰਦਾ ਹੈ ਕਿ ਪ੍ਰਭ ਦੀ ਅਗਵਾਈ ਦਾ ਆਧਾਰ ਬ੍ਰਹਮ-ਗਿਆਨ ਹੈ, ਜਿਸ ਅਨੁਸਾਰ ਸਾਧਕ ਆਪਣੇ ਆਪ ਨੂੰ ਢਾਲਕੇ ਪ੍ਰਭ-ਰੂਪ ਬਣਦਾ ਹੈ। ਇਸ ਬ੍ਰਹਮ-ਗਿਆਨ ਨੂੰ ਪ੍ਰਾਪਤ ਕਰਨ ਲਈ ਗੁਰੂ ਰਵਿਦਾਸ ਜੀ ਪ੍ਰਭ ਅੱਗੇ ਅਰਜ਼ੋਈ ਕਰਦੇ ਹਨ ਕਿ ਹੇ ਗਿਆਨ ਦੇ ਆਦਿ ਸ੍ਰੋਤ ਪ੍ਰਭ! ਕ੍ਰਿਪਾ ਕਰਕੇ ਮੈਨੂੰ ਰਵਿਦਾਸ ਨੂੰ ਗਿਆਨ (ਵਿਚਾਰ) ਦਿਉ ਅਤੇ ਤਨੋਂ ਮਨੋਂ ਸਿਮਰਣ ਕਰਨ ਦੀ ਦਾਤ ਬਖਸ਼ੋ ਇਹ ਕ੍ਰਿਪਾ ਵੀ ਕਰੋ ਮੈਨੂੰ ਰਵਿਦਾਸ ਨੂੰ ਕੋਈ ਮਹਾਂਪੁਰਸ਼ ਇਹ ਸਮਝਾ ਦੇਵੇ ਕਿ ਤੂੰ (ਏਕ) ਹੀ ਸਾਰੀ ਸ੍ਰਿਸ਼ਟੀ (ਅਨੇਕਤਾ) ਵਿੱਚ ਵਿਚਰ ਰਿਹਾ ਹੈ॥ ੩॥

ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ॥

ਰਾਗੁ ਗਉੜੀ ਰਵਿਦਾਸ ਜੀ ਕੇ ਪਦੇ

ਗਉੜੀ ਗੁਆਰੇਰੀ

ਮੇਰੀ ਸੰਗਤਿ ਪੋਚ, ਸੋਚ ਦਿਨੁ ਰਾਤੀ॥
ਮੇਰਾ ਕਰਮੁ ਕੁਟਿਲਤਾ, ਜਨਮੁ ਕੁਭਾਂਤੀ॥ ੧॥
ਰਾਮ ਗੁਸਈਆ, ਜੀਅ ਕੇ ਜੀਵਨਾ॥
ਮੋਹਿ ਨ ਬਿਸਾਰਹੁ, ਮੈ ਜਨੁ ਤੇਰਾ॥ ੧॥ ਰਹਾਉ॥
ਮੇਰੀ ਹਰਹੁ ਬਿਪਤਿ, ਜਨ ਕਰਹੁ ਸੁਭਾਈ॥
ਚਰਣ ਨ ਛਾਡਉ, ਸਰੀਰ ਕਲ ਜਾਈ॥ ੨॥
ਕਹੁ ਰਵਿਦਾਸ, ਪਰਉ ਤੇਰੀ ਸਾਭਾ॥
ਬੇਗਿ ਮਿਲਹੁ ਜਨ, ਕਰਿ ਨ ਬਿਲਾਂਬਾ॥ ੩॥ ੧॥[1]

ਪਦ ਅਰਥ :—ਸੰਗਤਿ = ਸੰਬੰਧ, ਮੇਲ ਮਿਲਾਪ। **ਪੋਚ** = ਨੀਚ-ਸਭ ਤੋਂ ਨੀਚ ਮਾਇਆ ਦੇ ਦੂਤ ਪੰਜ ਮੁਖ ਵਿਕਾਰ —ਕਾਮ, ਕਰੋਧ, ਲੋਭ, ਮੋਹ, ਹੰਕਾਰ ਹਨ।

(**ਨੋਟ** : ਪੋਚ ਦੇ ਅਰਥ ਨੀਚ ਜਾਤ ਦੇ ਨਹੀਂ ਬਣਦੇ। 99.9% ਵਿਦਵਾਨ ਪੋਚ ਦਾ ਅਰਥ ਨੀਚ-ਜਾਤ ਕਰਦੇ ਹਨ। ਪੋਚ ਦੇ ਅਰਥ ਹਨ—ਮਹਾਂ ਨੀਚ ਮਾਇਆ ਦੇ ਪ੍ਰਮੁੱਖ ਪੰਜ ਦੂਤ-ਕਾਮ, ਕ੍ਰੋਧ, ਲੋਭ, ਮੋਹ, ਹੰਕਾਰ। ਇਨ੍ਹਾਂ ਅਰਥਾਂ ਨੂੰ ਪਰਪੱਕ ਕਰਨ ਲਈ ਅਸੀਂ ਗੁਰੂ ਰਵਿਦਾਸ ਜੀ ਦੇ ਸ਼ਬਦ ਤੋਂ ਸਹਾਇਤਾ ਲੈਂਦੇ ਹਾਂ।

ਤ੍ਰਿਗਦ ਜੋਨਿ ਅਚੇਤ, ਸੰਭਵ ਪੁੰਨ ਪਾਪ ਅਸੋਚ॥
ਮਨੁਖਾ ਅਵਤਾਰ, ਦੁਲਭ, ਤਿਹੀ ਸੰਗਤ ਪੋਚ॥ ੨॥

ਟੇਢੀ ਚਾਲ ਚਲਣ ਵਾਲੇ ਜੀਵ, ਜਿਵੇਂ ਸੱਪ, ਪਸ਼ੂ ਆਦਿ ਬਿਨਾਂ ਸੋਚਦੇ ਹੀ ਹਨ, ਪੁੰਨ ਪਾਪ ਦੀ ਉਨ੍ਹਾਂ ਨੂੰ ਸੋਝੀ ਹੀ ਨਹੀਂ ਹੈ। ਉਨ੍ਹਾਂ ਨੂੰ ਕਿਸੇ ਕਿਸਮ ਦਾ ਦੋਸ਼ ਨਹੀਂ ਦਿੱਤਾ ਜਾ ਸਕਦਾ। ਪਰ ਮਨੁੱਖਾ ਜਨਮ ਤਾਂ ਦੁਰਲਭ ਹੈ, ਉਹ ਤਾਂ ਸੋਚ ਸਕਦਾ ਹੈ ਅਤੇ ਉਸ ਨੂੰ ਪੁੰਨ ਪਾਪ ਦੀ ਸੋਝੀ ਵੀ ਹੈ। ਫਿਰ ਵੀ ਮਨੁੱਖ ਦੀ ਸੰਗਤ ਮਹਾਂਨੀਚ ਵਿਕਾਰਾਂ ਨਾਲ ਹੈ।

ਉਪਰੋਕਤ ਵਿਚਾਰਾਂ ਦਾ ਸੰਬੰਧ ਸਮੁੱਚੀ ਮਨੁੱਖ ਜਾਤੀ ਨਾਲ ਹੈ—ਇਕੱਲੀ ਸ਼ੂਦਰ ਜਾਤੀ ਨਾਲ ਨਹੀਂ ਅਤੇ ਨਾ ਹੀ ਚਮਾਰ ਜਾਤੀ ਨਾਲ ਹੈ। ਸਿੱਟਾ ਸਪਸ਼ਟ ਹੈ ਕਿ ਇਨ੍ਹਾਂ ਮਹਾਂ ਨੀਚਾਂ ਨੇ ਸਮੁੱਚੀ ਮਨੁੱਖ ਜਾਤੀ ਨੂੰ ਆਪਣੀ ਲਪੇਟ ਵਿੱਚ ਲਿਆ ਹੋਇਆ ਹੈ। ਭਾਵੇਂ ਉਹ ਬ੍ਰਾਹਮਣ ਹੋਵੇ ਜਾਂ ਸ਼ੂਦਰ। ਸੋ ਪੋਚ ਦੇ ਅਰਥ ਨੀਵੀਂ ਜਾਤ

---

1. ਆਦਿ ਗ੍ਰੰਥ-੩੪੫.

ਨਾਲ ਸੰਬੰਧਤ ਨਾ ਹੋਕੇ ਸਮੁੱਚੀ ਮਨੁੱਖ ਜਾਤੀ ਨਾਲ ਸੰਬੰਧਤ ਹਨ। ਇਸ ਤਰ੍ਹਾਂ ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਉਨ੍ਹਾਂ ਦੀ ਸੰਗਤ ਇਨ੍ਹਾਂ ਮਹਾਂ ਨੀਚ ਵਿਕਾਰਾਂ ਨਾਲ ਹੋਣ ਕਰਕੇ ਉਹ ਹਰ ਪਲ ਚਿੰਤਤ ਹਨ। ਉਹ ਇਸ ਕਰਕੇ ਬਿਲਕੁਲ ਹੀ ਚਿੰਤਤ ਨਹੀਂ ਹਨ ਕਿ ਉਹ ਚਮਾਰ ਜਾਤੀ ਵਿੱਚ ਜੰਮੇ ਹਨ।)

ਸੋਚ = ਫਿਕਰ, ਚਿੰਤਾ। **ਕੁਟਿਲਤਾ** = ਕਪਟ, ਛਲ, ਖੋਟਾ ਚਾਲ ਚਲਣ। **ਜਨਮ** = "੨ ਜੀਵਨ ਜਿੰਦਗੀ।"[1] **ਜੀਵਨ** = "੪ ਉਪਜੀਵਕਾ, ਗੁਜ਼ਾਰਾ।"[2] **ਜ਼ਿੰਦਗੀ** = "ਸੰਗਯਾ-ਜੀਵਨ ੨ ਉਮਰ, ਅਵਸਥਾ।"[3]

(ਨੋਟ: ਜੇ ਜਨਮ ਦੇ ਅਰਥ ਪੈਦਾ ਹੋਣਾ ਮੰਨ ਲਏ ਜਾਣ ਤਾਂ ਇੱਕ ਬੜੀ ਵੱਡੀ ਸਮੱਸਿਆ ਖੜੀ ਹੋ ਜਾਂਦੀ ਹੈ ਕਿ ਕੀ ਪੈਦਾ ਹੋਣਾ ਵੀ ਬੁਰਾ ਹੋ ਸਕਦਾ ਹੈ? ਕੀ "ਜਨਮ ਕੁਭਾਂਤੀ" ਦੇ ਇਹ ਅਰਥ ਕਰ ਲਏ ਜਾਣ ਕਿ ਜੀਵ ਬੜੇ ਭੈੜੇ ਢੰਗ ਨਾਲ ਪੈਦਾ ਹੁੰਦਾ ਹੈ? ਉੱਤਰ 'ਨਾ' ਵਿੱਚ ਹੀ ਹੈ। ਕਿਉਂਕਿ ਨਾ ਤਾਂ ਜੀਵ ਦਾ ਪੈਦਾ ਹੋਣਾ ਬੁਰਾ ਹੈ ਅਤੇ ਨਾ ਹੀ ਉਸ ਦੇ ਪੈਦਾ ਹੋਣ ਦਾ ਢੰਗ ਬੁਰਾ ਹੈ। ਜਨਮ-ਮਰਨ ਦੀ ਪ੍ਰਕਿਰਿਆ ਤਾਂ ਕੁਦਰਤੀ ਪ੍ਰਕਿਰਿਆ ਹੈ। ਸ੍ਰਿਸ਼ਟੀ ਦੇ ਵਿਕਾਸ ਦਾ ਆਧਾਰ ਹੈ। ਕਿਸੇ ਵੀ ਧਰਮ ਨੇ ਜਨਮ-ਪ੍ਰਕਿਰਿਆ ਨੂੰ ਭੈੜਾ ਨਹੀਂ ਨਿੰਦਿਆ। ਇਸ ਲਈ 'ਜਨਮ ਕੁਭਾਂਤੀ' ਦੇ ਅਰਥ ਕਿਸੇ ਵੀ ਹਾਲਤ ਵਿੱਚ ਜਨਮ-ਪ੍ਰਕਿਰਿਆ ਨਾਲ ਸੰਬੰਧਤ ਨਹੀਂ ਹਨ।)

ਸੋ ਜਨਮ ਦੇ ਅਰਥ 'ਜੀਵਨ' ਜਾਂ 'ਜਿੰਦਗੀ' ਬਣਦੇ ਹਨ। ਅਰਥਾਤ ਜਨਮ ਪਿਛੋਂ ਚਲ ਰਿਹਾ ਜੀਵਨ ਕਿਹੋ ਜਿਹਾ ਹੈ। ਸੋ ਜਨਮ-ਕੁਭਾਂਤੀ ਦੇ ਅਰਥਾਂ ਦਾ ਸੰਬੰਧ ਜਨਮ ਤੋਂ ਪਿਛੋਂ ਦੇ 'ਜੀਵਨ-ਪ੍ਰਵਾਹ' ਨਾਲ ਹੈ ਕਿ ਜੀਵ, ਜੀਵਨ ਦੇ ਪਵਿੱਤਰ ਪ੍ਰਵਾਹ ਨਾਲ ਸੰਬੰਧਤ ਹੈ ਜਾਂ ਅਪਵਿੱਤਰ ਪ੍ਰਵਾਹ ਨਾਲ ਸੰਬੰਧਤ ਹੈ।

ਇਸ ਬੰਦ ਵਿੱਚ ਜੀਵ ਅਪਵਿੱਤਰ ਹੈ, ਪਾਪੀ ਹੈ। ਸੋ 'ਜਨਮ-ਕੁਭਾਂਤੀ' ਦੇ ਅਰਥ ਹਨ-ਪਾਪਾਂ ਭਰਿਆ ਜੀਵਨ।

ਕੁਭਾਂਤੀ = ਬੁਰਾ, ਭੈੜਾ ਅਪਵਿੱਤਰ॥ ੧॥

ਗੁਸਈਆ = "ਸੰ. ਗੋਸ੍ਵਾਮੀ, ਸੰਗਯਾ. ਗੋ (ਪ੍ਰਿਥਵੀ ਦਾ ਮਾਲਿਕ, ਜਗਤ ਨਾਥ, ਕਰਤਾਰ।"[4] **ਜੀਆ ਕੇ** = ਜੀਵ ਦੇ। **ਜੀਵਨਾ** = ਕ੍ਰਿ-ਜਿਉਣਾ, ਜਿੰਦਾ ਰਹਿਣਾ॥ ਰਹਾਉ॥

ਹਰਹੁ = ਕੱਟੋ, ਦੂਰ ਕਰੋ। **ਬਿਪਤਿ** = ਵਿਕਾਰਾਂ ਦੀ ਭੈੜੀ ਸੰਗਤ ਕਾਰਣ

---

1. ਮਹਾਨ ਕੋਸ਼ ਪੰਨਾ-੩੯੯.
2. ਓਹੀ-੩੮੫.
3. ਓਹੀ-੩੮੨
4. ਓਹੀ-੩੪੫.

ਉਪਜਿਆ ਸੰਕਟ, ਮੁਸੀਬਤ (ਕਿਹੜੀ ਮੁਸੀਬਤ ਹੈ, ਕਿਹੜਾ ਸੰਕਟ ਹੈ ਜਿਸ ਤੋਂ ਮੁਕਤ ਹੋਣ ਦੀ ਗੁਰੂ ਰਵਿਦਾਸ ਜੀ ਬੇਨਤੀ ਕਰਦੇ ਹਨ। ਇਹ ਸੰਕਟ ਪਹਿਲੇ ਬੰਦ ਵਿੱਚ ਦਰਜ ਹੈ। ਇਸ ਬੰਦ ਦੇ ਅਰਥ ਲਗਭਗ ਸਾਰੇ ਵਿਦਵਾਨ ਜਾਤ-ਪਾਤ ਦੇ ਕਰਦੇ ਹਨ। ਪਰ ਦੂਜੇ ਬੰਦ ਵਿੱਚ ਗੁਰੂ ਜੀ ਇਸ ਸੰਕਟ ਨੂੰ ਦੂਰ ਕਰਨ ਦੀ ਅਰਜ਼ ਕਰਦੇ ਹਨ। ਇਸ ਬੰਦ ਵਿੱਚ ਆਈ ਤੁਕ "ਮੇਰੀ ਹਰਹੁ ਬਿਪਤ" ਦੇ ਅਰਥ ਉਹ ਸਪਸ਼ਟ ਨਹੀਂ ਕਰਦੇ ਕਿ ਗੁਰੂ ਜੀ ਕਿਹੜੇ ਸੰਕਟ ਨੂੰ ਹਰਨ ਲਈ ਬੇਨਤੀ ਕਰਦੇ ਹਨ। ਕੀ ਗੁਰੂ ਰਵਿਦਾਸ ਜੀ ਦਾ ਸੰਕਟ ਜਾਤ ਪਾਤ ਦਾ ਸੰਕਟ ਹੈ? ਨਹੀਂ, ਗੁਰੂ ਜੀ ਦਾ ਇਹ ਸੰਕਟ ਬਿਲਕੁਲ ਹੀ ਨਹੀਂ ਹੈ। ਜੇ ਅਜਿਹਾ ਹੁੰਦਾ ਤਾਂ ਉਹ ਕਦੇ ਵੀ ਆਪਣੇ ਨਾਮ ਨਾਲ 'ਚਮਾਰ' ਜਾਤ ਨਾ ਜੋੜਦੇ। ਦੂਜੇ ਜਾਤ ਪਾਤ ਕਾਰਣ ਆਤਮਾ ਕਦੇ ਵੀ ਅਪਵਿੱਤਰ ਨਹੀਂ ਹੁੰਦੀ। ਸਿੱਧ ਹੁੰਦਾ ਹੈ ਕਿ ਇਸ ਤੁਕ ਦੇ ਅਰਥ ਜਾਤ-ਪਾਤ ਦੇ ਸੰਕਟ ਨੂੰ ਹਰਨ ਦੇ ਨਹੀਂ ਕੀਤੇ ਜਾ ਸਕਦੇ। ਇਸ ਦੇ ਅਰਥ ਤੇ ਵਿਕਾਰਾਂ ਦੇ ਸੰਕਟ ਤੋਂ ਮੁਕਤ ਕਰਨ ਦੇ ਹੀ ਬਣਦੇ ਹਨ।)

ਜਨ = ਸੇਵਕ, ਦਾਸ। **ਕਰਹੁ** = ਪ੍ਰਦਾਨ ਕਰੋ, ਬਣਾ ਦਿਉ। **ਸੁਭਾਈ** = ਉੱਤਮ ਭਾਗਾਂ ਵਾਲਾ, ਖੁਸ਼ਨਸੀਬ। ਪ੍ਰਭ ਚਰਨਾ ਦੀ ਪ੍ਰੇਮ ਪ੍ਰਾਪਤੀ ਵਾਲਾ। **ਕਲ** = ਨਾਸ਼, ਮੌਤ। **ਜਾਈ** = ਹੋ ਜਾਵੇ, ਆ ਜਾਵੇ॥ ੨॥

ਪਰਉਂ = ਪੈਂਦਾ ਹਾਂ, ਪਿਆ ਹਾਂ। **ਸਾਭਾ** = ਸ਼ਰਨ, ਓਟ, ਸੰਭਾਲ। **ਬੇਗਿ** = ਛੇਤੀ। **ਬਿਲਾਬਾ** = ਦੇਰ, ਢਿੱਲ॥ ੩॥

ਬੰਦ ਨੰ. ੧ ਦੀ ਅਰਥ ਸਮੱਸਿਆ

ਗੁਰੂ ਰਵਿਦਾਸ ਜੀ ਨੇ ਇਸ ਸ਼ਬਦ ਦੇ ਬੰਦ ਨੰ. ੧ ਵਿੱਚ ਜੀਵ-ਆਤਮਾ ਦੇ ਅਪਵਿੱਤਰ ਹੋਣ ਦੇ ਕਾਰਣਾਂ ਦੀ ਖੋਜ ਕੀਤੀ ਹੈ, ਆਪਣੇ ਅੰਦਰਲੇ ਨੂੰ ਚੀਨਿਆ ਹੈ, ਘੋਖਿਆ ਹੈ। ਉਨ੍ਹਾਂ ਦੀ ਇਸ ਖੋਜ ਨੇ ਵਿਸ਼ਵ-ਵਿਆਪੀ ਅਟੱਲ ਸੱਚਾਈ ਨੂੰ ਨਿਰੂਪਤ ਕਰਕੇ ਸਪਸ਼ਟ ਕੀਤਾ ਹੈ ਕਿ ਜੀਵ ਦੀ ਪੰਜਾਂ ਵਿਕਾਰਾਂ ਦੀ ਸੰਗਤ ਕਾਰਣ ਉਸ ਦਾ ਕਰਮ ਵੀ ਖੋਟਾ ਹੋ ਗਿਆ ਹੈ। ਜਿਸ ਕਰਕੇ ਜੀਵ ਦਾ ਸਾਰਾ ਜੀਵਨ ਹੀ ਅਪਵਿੱਤਰ ਅਤੇ ਘਟੀਆ ਬਣ ਗਿਆ ਹੈ। ਇਸ ਤਰ੍ਹਾਂ ਗੁਰੂ ਜੀ ਨੇ ਬੁਨਿਆਦੀ ਅਤੇ ਵਿਗਿਆਨਕ ਸੋਚ ਦੀ ਇਸ ਬੰਦ ਵਿੱਚ ਖੋਲ ਕੇ ਵਿਆਖਿਆ ਕੀਤੀ ਹੈ।

ਪਰ ਇਸ ਤੋਂ ਉਲਟ ਟੀਕਾਕਾਰਾਂ ਨੇ ਇਸ ਬੰਦ ਦੇ ਅਰਥਾਂ ਨੂੰ ਮੂਲੋਂ ਹੀ ਗ਼ਲਤ ਸਮਝਿਆ ਹੈ। ਜੇ ਇਸ ਬੰਦ ਵਿੱਚ ਭੁਲੇਖਾ ਪਾਉਣ ਵਾਲੀ ਅੱਧੀ ਤੁਕ "ਜਨਮ-ਕੁਭਾਂਤੀ" ਦੀ ਘੁੰਡੀ ਨੂੰ ਖੋਲ ਲਿਆ ਜਾਵੇ ਤਾਂ ਸਾਰੇ ਬੰਦ ਦੇ ਅਰਥ ਸਪਸ਼ਟ ਹੋ ਜਾਂਦੇ ਹਨ। ਪਹਿਲਾਂ ਅਸੀਂ ਕੁਝ ਵਿਦਵਾਨਾਂ ਦਾ ਟੀਕਾ ਦਿੰਦੇ ਹਾਂ :

ਡਾ. ਸਾਹਿਬ ਸਿੰਘ, "....ਮੇਰਾ ਜਨਮ (ਭੀ) ਨੀਵੀਂ ਜਾਤ ਵਿੱਚੋਂ ਹੈ।"

> "(ਹੇ ਪ੍ਰਭੂ!) ਦਿਨ ਰਾਤ ਮੈਨੂੰ ਇਹ ਸੋਚ ਰਹਿੰਦੀ ਹੈ (ਮੇਰਾ ਕੀ ਬਣੇਗਾ?) ਮਾੜਿਆਂ ਨਾਲ ਮੇਰਾ ਬਹਿਣ-ਖਲੋਣ ਹੈ, ਖੋਟਾ ਮੇਰਾ (ਨਿਤ-) ਕਰਮ ਹੈ, ਮੇਰਾ ਜਨਮ (ਭੀ) ਨੀਵੀਂ ਜਾਤ ਵਿੱਚੋਂ ਹੈ॥ ੧॥[1]

ਭਾਈ ਜੋਧ ਸਿੰਘ. .....

> "ਦਿਨੇ ਰਾਤੀਂ ਇਹੀ ਸੋਚ ਰਹਿੰਦੀ ਹੈ ਜੁ ਮੇਰੀ ਸੰਗਤ ਭੈੜੀ ਹੈ, ਕੰਮ ਖੋਟੇ ਹਨ, ਜਨਮ ਭੀ ਨੀਚ ਲੋਕਾਂ ਦੇ ਘਰ ਹੈ।"[2]

ਸੰਤ ਹੀਰਾ ਦਾਸ,

> "ਹੇ ਪ੍ਰਭੂ ਮੇਰੀ ਸੰਗਤ ਨੀਚ ਪੁਰਖੋਂ ਕੇ ਸਾਥ ਹੈ। ਯਾਹੀ ਤੇ ਮੇਰੇ ਕੋ ਸੋਚ ਚਿੰਤਾ ਰਹੇ ਹੈ ਦਿਨ ਰਾਤ। ਮੇਰੇ ਘਰ ਮੇਰੀ ਸੰਗਤ ਦਾ ਕਲਿਆਣ ਕੈਸੇ ਹੋਵੇਗਾ। ਕਾਹੇਤੇ ਮੇਰਾ ਕਰਮ ਕੁਟਲਤਾ ਮੇਰੇ ਕਾਮ ਭੀ ਪਸ਼ੂਆਂ ਕਾ ਚਾਮ ਉਤਾਰਨਾਦਿ ਟੇਢੇ ਪਨੇ ਦਾ ਹੈ। ਭਾਵ ਮਹਾਂ ਮੰਦ ਹੈ ਪੁਨਾ ਕਰਮੋਂ ਵਤ ਮੇਰਾ ਜਨਮ ਕੁਭਾਂਤੀ ਜਨਮ ਭੀ ਬਰਣ ਸ਼ੰਕਰ ਆਦਕ ਦੋਖ ਸੇ ਖੋਟੀ ਤਰਾਂ ਕਾ ਹੈ।"[3]

ਸ੍ਰੀ ਮਾਨ 108 ਸੰਤ ਬਾਬਾ ਕ੍ਰਿਪਾਲ ਸਿੰਘ ਜੀ, (ਸੱਚ ਖੰਡ ਬਲਾਂ ਜਲੰਧਰ ਵਲੋਂ ਪ੍ਰਕਾਸ਼ਤ)

> "ਹੇ ਵਾਹਿਗੁਰੂ ! ਮੈਨੂੰ ਦਿਨੇ ਰਾਤੀ ਇਹੋ ਸੋਚ=ਚਿੰਤਾ ਹੈ ਕਿ ਮੇਰੀ ਸੰਗਤ ਪੋਚ = ਨੀਚਾਂ ਦੀ ਹੈ ਅਤੇ ਚੰਮ ਕੱਟਣੇ ਵਢਣੇ ਵਾਲਾ ਕਰਮ ਵੀ ਕੁਟਿਲਤਾ = ਖੋਟਾ ਹੈ, ਜਨਮ ਵੀ ਕੁਭਾਂਤੀ = ਖੋਟੇ ਲਗਣ ਦਾ ਹੈ ਜਿਸ ਤੇ ਮੈਂ ਸ਼ੂਦਰ ਜਾਤੀ ਵਿੱਚ ਪੈਦਾ ਹੋਇਆ ਹਾਂ।"[1]

ਉਪਰੋਕਤ ਅਰਥ ਸਹੀ ਨਹੀਂ ਹਨ। ਹੋਰ ਵੀ ਅਨੇਕਾਂ ਵਿਦਵਾਨਾਂ ਨੇ ਅਜਿਹੇ ਅਰਥ ਕੀਤੇ ਹਨ। ਹੁਣ ਅਸੀਂ ਇਸ ਅੱਧੀ ਤੁੱਕ "ਜਨਮ ਕੁਭਾਂਤੀ" ਤੇ ਚਰਚਾ ਕਰਦੇ ਹਾਂ।

ਉਪਰੋਕਤ ਮਹਾਂਪੁਰਸ਼ਾਂ ਅਤੇ ਵਿਦਵਾਨਾਂ ਨੇ "ਜਨਮ ਕੁਭਾਂਤੀ" ਦੇ ਅਰਥ ਲਗਭਗ ਇੱਕੋ ਜਿਹੇ ਹੀ ਕੀਤੇ ਹਨ, "ਜਨਮ ਨੀਵੀਂ ਜਾਤ ਵਿੱਚ ਹੈ", "ਜਨਮ ਨੀਚਾਂ ਦੇ ਘਰ ਹੈ", "ਜਨਮ ਬਰਣ ਸ਼ੰਕਰ ਆਦਕ ਦੋਖ ਸੇ ਖੋਟਾ ਹੈ" ਅਤੇ "ਸ਼ੂਦਰ ਜਾਤੀ ਵਿੱਚ ਪੈਦਾ ਹੋਇਆ ਹਾਂ।"

ਜਨਮ ਤਾਂ ਜਨਮ ਹੀ ਹੈ। ਕਦੇ ਜਨਮ ਵੀ ਬੁਰੀ ਤਰ੍ਹਾਂ ਦਾ ਹੋਇਆ ਹੈ। ਕੀ 'ਚਮਾਰ' ਜਾਤ ਵਿੱਚ ਜਨਮ ਲੈਣਾ ਬੁਰਾ ਹੈ? ਕੀ ਪਰਮਾਤਮਾ ਨੇ ਵੀ ਮਨੁੱਖ ਨੂੰ ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ ਦੇ ਤੌਰ ਤੇ ਪੈਦਾ ਕੀਤਾ ਹੈ? ਜੇ ਅਜਿਹਾ ਹੈ ਤਾਂ ਹੋਰ ਜਾਤਾਂ (ਸਪ, ਸ਼ੇਰ, ਪਸੂ) ਵਾਂਗ ਇਨ੍ਹਾਂ ਦੇ ਸਰੀਰਕ ਢਾਂਚੇ ਵਿੱਚ ਫਰਕ ਕਿਉਂ ਨਹੀਂ ਪਾਇਆ? ਕੀ ਬ੍ਰਾਹਮਣ ਨਾਲੋਂ ਸ਼ੂਦਰ ਵਿੱਚ ਸਰੀਰਕ ਪੱਖੋਂ ਜਾਂ ਕਿਸੇ ਹੋਰ ਪੱਖੋਂ ਕੋਈ ਘਾਟਾ ਵਾਧਾ ਹੈ? ਉਪਰੋਕਤ ਸਾਰੇ ਪ੍ਰਸ਼ਨਾਂ ਦਾ ਉੱਤਰ 'ਨਾ' ਵਿੱਚ ਹੀ ਹੈ। ਇਸ ਦਾ ਅਰਥ ਇਹ ਹੈ ਕਿ ਮਨੁੱਖ ਦੀ ਉਤਪਤੀ ਕੇਵਲ ਮਨੁੱਖ ਦੇ ਰੂਪ ਵਿੱਚ ਹੀ ਹੋਈ ਹੈ, ਬ੍ਰਾਹਮਣ, ਖਤਰੀ, ਸ਼ੂਦਰ ਆਦਿ ਦੇ ਰੂਪ ਵਿੱਚ ਨਹੀਂ ਹੋਈ। ਇਸ ਲਈ ਕੁਦਰਤ ਵੱਲੋਂ ਮਨੁੱਖਾ ਜਨਮ ਬੁਰਾ ਜਾ ਭੈੜਾ ਨਹੀਂ ਬਣਾਇਆ ਗਿਆ। ਗੁਰੂ ਰਵਿਦਾਸ ਜੀ ਨੇ ਤਾਂ ਮਨੁੱਖ ਦੇ ਜਨਮ ਨੂੰ ਅਵਤਾਰ ਕਿਹਾ ਹੈ :

(ੳ) ਮਾਨੁਖਾ ਅਵਤਾਰ ਦੁਲਭ,
ਤਿਹੀ ਸੰਗਤਿ ਪੋਚ॥

(ਅ) ਦੁਲਭੁ ਜਨਮ ਪੁੰਨ ਫਲ ਪਾਇਓ,
ਬਿਰਥਾ ਜਾਤ ਅਬਿਬੇਕੈ॥

ਗੁਰੂ ਜੀ ਸਪਸ਼ਟ ਕਰਦੇ ਹਨ ਕਿ ਮਨੁੱਖ ਦਾ ਜਨਮ ਅਵਤਾਰਾਂ ਵਾਲਾ ਹੈ, ਇਸ ਦੀ ਪ੍ਰਾਪਤੀ ਚੰਗੇ ਕਰਮਾਂ ਦੇ ਫਲ ਕਰਕੇ ਹੈ, ਇਸ ਕਰਕੇ ਦੁਰਲਭ ਹੈ। ਪਰ ਮਨੁੱਖ ਨੇ ਵਿਕਾਰਾਂ ਦੀ ਸੰਗਤ ਨਾਲ ਇਸ ਨੂੰ ਘਟੀਆ ਤੇ ਅਪਵਿੱਤਰ ਬਣਾ ਦਿੱਤਾ ਹੈ। ਇਸ ਲਈ ਜਨਮ ਕੁਭਾਂਤੀ ਦੇ ਅਰਥ "ਚਮਾਰ ਜਾਤ ਵਿੱਚ ਜਨਮ ਲੈਣਾ" ਕਰਨੇ ਸਰਾਸਰ ਗ਼ਲਤ ਹਨ।

ਸੋ ਟੀਕਾਕਾਰਾਂ ਨੇ ਇਸ ਸਬਦ ਵਿੱਚ ਵਿਸ਼ੇ ਨੂੰ ਕੇਵਲ ਜਾਤ ਪਾਤ ਨਾਲ ਜੋੜ ਕੇ, ਇੱਕ ਤਰ੍ਹਾਂ ਨਾਲ ਸ਼ਬਦ ਵਿੱਚ ਨਿਰੂਪਤ ਵਿਸ਼ੇ ਨੂੰ ਰੱਦ ਕਰ ਦਿੱਤਾ ਹੈ। ਕੀ ਜਾਤ-ਪਾਤ ਜੀਵ ਦੀ ਗਿਰਾਵਟ ਦਾ ਕਾਰਣ ਬਣ ਸਕਦੀ ਹੈ? ਕਦੇ ਵੀ ਨਹੀਂ। ਜਾਤ ਪਾਤ ਤਾਂ ਮਾਇਆ ਦੇ ਪ੍ਰਮੁੱਖ ਪੰਜ ਵਿਕਾਰਾਂ ਦਾ ਹਿੱਸਾ ਹੀ ਨਹੀਂ ਹੈ। ਮਾਇਆ

1. ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ-ਪੋਥੀ ਦੂਜੀ-ਪੰਨਾ-੧੦੧੬,
2. ਭਗਤ ਰਵਦਾਸ ਜੀਵਨੀ ਤੇ ਰਚਨਾ-ਪੰਨਾ -੧੬.
3. ਰਵਿਦਾਸ ਦੀਪ - ਪੰਨਾ-੨੬੦.

1. ਅੰਮ੍ਰਿਤ ਬਾਣੀ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ (ਸਟੀਕ) ਪੰਨਾ-੮.

ਜ਼ਿਕਰ ਤੱਕ ਨਹੀਂ ਹੈ। ਕਿਉਂਕਿ ਜਾਤ ਪਾਤ ਵਿਸ਼ਵ-ਵਿਆਪੀ ਨਹੀਂ ਅਤੇ ਨਾ ਹੀ ਪ੍ਰਭ ਦੀ ਸਿਰਜਣਾ ਹੈ, ਇਸ ਲਈ ਇਹ ਮਾਇਆ ਦੇ ਵਿਕਾਰਾਂ ਵਿੱਚ ਸ਼ਾਮਲ ਨਹੀਂ ਹੈ।

ਇਸ ਦਾ ਇਕ ਹੋਰ ਪੱਖ ਵੀ ਹੈ। ਹਿੰਦੂ ਧਰਮ ਦੇ ਜਾਤ-ਪਾਤ ਜਾਂ ਵਰਣ ਵਿਵਸਥਾ ਦੇ ਸਿਧਾਂਤ ਅਨੁਸਾਰ ਸ਼ੂਦਰ ਪ੍ਰਭ ਦੀ ਭਗਤੀ ਨਹੀਂ ਕਰ ਸਕਦਾ। ਭਗਤੀ ਦਾ ਕੰਮ ਹੈ ਵਿਕਾਰਾਂ ਕਾਰਣ ਅਪਵਿੱਤਰ ਅਤੇ ਪਾਪੀ ਬਣੇ ਜੀਵ ਨੂੰ ਵਿਕਾਰਾਂ ਤੋਂ ਮੁਕਤ ਕਰ, ਪਵਿੱਤਰ ਬਨਾਉਣਾ। ਪਰ ਜੇ ਸ਼ੂਦਰ ਭਗਤੀ ਕਰਦਾ ਹੈ ਤਾਂ ਉਸ ਨੂੰ ਮੌਤ ਦੀ ਸਜ਼ਾ ਮਿਲਦੀ ਹੈ। ਰਾਮਾਇਣ ਵਿੱਚ 'ਭਗਵਾਨ' ਰਾਮ, ਬ੍ਰਹਮ-ਰਿਸ਼ੀ ਸੰਭੂਕ ਦਾ ਕਤਲ ਇਸ ਕਰਕੇ ਕਰਦੇ ਹਨ ਕਿਉਂਕਿ ਉਹ ਸ਼ੂਦਰ ਹੈ ਅਤੇ ਪ੍ਰਭ ਦੀ ਭਗਤੀ ਕਰਦਾ ਹੈ।[1] ਇਸ ਤਰ੍ਹਾਂ ਹਿੰਦੂ ਧਰਮ ਸ਼ੂਦਰ ਨੂੰ ਭਗਤੀ ਕਰਨ ਦੀ ਹੀ ਆਗਿਆ ਨਹੀਂ ਦਿੰਦਾ। ਫਿਰ ਸ਼ੂਦਰ ਵਿਕਾਰਾਂ ਤੋਂ ਮੁਕਤੀ ਪ੍ਰਾਪਤ ਕਰਕੇ ਪਵਿੱਤਰ ਕਿਵੇਂ ਹੋਵੇਗਾ? ਇਸ ਤੋਂ ਸਪਸ਼ਟ ਹੈ ਕਿ ਹਿੰਦੂ ਧਰਮ ਸ਼ੂਦਰ ਨੂੰ ਸਦਾ-ਸਦਾ ਲਈ ਅਪਵਿੱਤਰ, ਪਾਪੀ ਅਤੇ ਗ਼ੁਲਾਮ ਬਣਾਈ ਰੱਖਦਾ ਹੈ। ਇਸ ਤੱਥ ਤੋਂ ਸਾਬਤ ਹੋ ਗਿਆ ਹੈ ਕਿ ਜਾਤ ਪਾਤ 'ਵਿਕਾਰ' ਨਹੀਂ ਹੈ। ਸਗੋਂ ਜਾਤ ਪਾਤ ਦਾ ਸਿਧਾਂਤ ਵਿਕਾਰਾਂ ਨੂੰ ਸ਼ਕਤੀਸ਼ਾਲੀ ਬਨਾਉਣ ਦਾ ਸਾਧਨ ਹੈ। ਅਰਥਾਤ ਹਿੰਦੂ-ਧਰਮ ਵਿਕਾਰਾਂ ਨੂੰ ਸ਼ਕਤੀਸ਼ਾਲੀ ਬਨਾਉਣ ਦਾ ਸਾਧਨ ਹੈ। ਇਹੋ ਕਾਰਣ ਹੈ ਕਿ ਜਾਤ ਪਾਤ ਦਾ ਸਿਧਾਂਤ ਸ਼ੂਦਰ ਨੂੰ ਨਫ਼ਰਤ ਕਰਨ ਦਾ ਆਦੇਸ਼ ਦਿੰਦਾ ਹੈ ਅਤੇ ਬ੍ਰਾਹਮਣ ਨੂੰ ਇਜ਼ਤ-ਮਾਣ ਦੇਣ ਦਾ ਆਦੇਸ਼ ਦਿੰਦਾ ਹੈ।

ਇਸ ਤਰ੍ਹਾਂ ਜਾਤ-ਪਾਤ ਦਾ ਸਿਧਾਂਤ ਇੱਕ ਨੂੰ ਨਫ਼ਰਤ ਅਤੇ ਦੂਜੇ ਨੂੰ ਮਾਣ ਇੱਜ਼ਤ ਦਿੰਦਾ ਹੈ। ਪਰ ਵਿਕਾਰ ਹਰ ਇਕ ਨੂੰ ਅਪਵਿੱਤਰ ਅਤੇ ਪਾਪੀ ਹੀ ਬਣਾਉਂਦਾ ਹੈ, ਭਾਵੇਂ ਉਹ ਬ੍ਰਾਹਮਣ ਹੋਵੇ ਜਾਂ ਸ਼ੂਦਰ। ਸਿੱਟਾ ਸਪਸ਼ਟ ਹੈ ਕਿ ਜਾਤ-ਪਾਤ ਦੀ ਪਹੁੰਚ ਵਿਅਕਤੀਗਤ ਅਤੇ ਪਖਪਾਤੀ ਹੈ ਜਦਕਿ ਵਿਕਾਰਾਂ ਦੀ ਪਹੁੰਚ ਵਿਸ਼ਵ-ਵਿਆਪੀ ਅਤੇ ਨਿਰਪੱਖ ਹੈ।

ਸੋ ਪਰਪੱਕ ਤੌਰ ਤੇ ਸਿੱਧ ਹੋ ਗਿਆ ਹੈ ਕਿ ਜਾਤ-ਪਾਤ ਮਾਇਆ ਦੇ ਦੂਤ-ਵਿਕਾਰਾਂ ਵਿੱਚ ਸ਼ਾਮਲ ਨਹੀਂ ਹੈ। ਇਸ ਤੋਂ ਇਹ ਵੀ ਸਿੱਧ ਹੋ ਜਾਂਦਾ ਹੈ ਕਿ ਟੀਕਾਕਾਰ ਜਦੋਂ ਇਸ ਸ਼ਬਦ ਦੇ ਪਹਿਲੇ ਬੰਦ ਵਿੱਚ ਜਾਤ-ਪਾਤ ਨੂੰ ਵਿਕਾਰ ਦੇ ਰੂਪ ਵਿੱਚ ਵਰਤਦੇ ਹਨ ਤਾਂ ਅਰਥ ਗਲਤ ਹੋ ਜਾਂਦੇ ਹਨ ਕਿਉਂਕਿ ਬੰਦ ਨੰ. ੧ ਅਤੇ 'ਰਹਾਉ' ਵਿੱਚ ਦਿੱਤੇ ਵਿਚਾਰ ਰਾਗ ਗਉੜੀ ਗੁਆਰੇਰੀ ਦੇ ਬੁਨਿਆਦੀ ਨਿਯਮਾਂ ਅਤੇ ਜ਼ਰੂਰਤਾਂ ਅਨੁਸਾਰ ਹੀ ਸਿਰਜੇ ਗਏ ਹਨ। ਇਨ੍ਹਾਂ ਦੋਹਾਂ ਵਿੱਚ ਵਿਲਕਦੀ ਤੜਪਦੀ ਜੀਵ ਦੀ ਹੂਕ ਨੂੰ ਦਰਜ ਕਰਕੇ ਪ੍ਰਭ-ਮਿਲਾਪ ਲਈ ਵਹਿਵਲਤਾ ਦ੍ਰਿਸ਼ਾਈ ਗਈ ਹੈ। ਇਸ ਕਾਰਣ ਇਸ ਸ਼ਬਦ ਨੂੰ ਇਸ ਰਾਗ ਦੇ ਤੱਤਾਂ ਅਨੁਸਾਰ ਅਧਿਐਨ ਕਰਨ ਨਾਲ ਪਤਾ ਲਗਦਾ ਹੈ ਕਿ ਵਿਸ਼ੇ ਦੀ ਡੂੰਘਾਈ ਅਤੇ ਇਸ ਦੀਆਂ ਬਰੀਕੀਆਂ

1. ਸ੍ਰੀ ਮਦ ਵਾਲਮੀਕੀ ਰਾਮਾਇਣ ਹਿੰਦੀ-ਭਾਸ਼ਾ ਅਨੁਵਾਦ ਸਹਿਤ ਅਨੁਵਾਦਕ-ਚਤੁਰਵੇਦੀ ਦੁਆਰਕਾ ਪ੍ਰਸ਼ਾਦ ਸ਼ਰਮਾ-੧੦.੭੬.੪

ਨੂੰ ਤਰਕ ਨਾਲ ਸਮਝਕੇ ਪਰਖ ਕੇ ਸਿਰਜਿਆ ਹੈ। ਪਰ ਟੀਕਾਕਾਰ ਅਣਜਾਣੇ ਹੀ ਜਾਤ ਪਾਤ ਦੇ ਅਰਥ ਕਰਕੇ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਵਿਚ ਵੀ ਟਕਰਾ ਪੈਦਾ ਕਰ ਦਿੰਦੇ ਹਨ ਕਿਉਂਕਿ ਜੋ ਵਿਚਾਰ ਗੁਰੂ ਰਵਿਦਾਸ ਜੀ ਨੇ ਬੰਦ ਨੰ. ੧ ਅਤੇ 'ਰਹਾਉ' ਵਿੱਚ ਦਿੱਤੇ ਹਨ ਓਹੀ ਹੀ ਵਿਚਾਰ ਅੱਜ ਦੇ ਪ੍ਰਮੁੱਖ ਸੰਗੀਤ-ਸ਼ਾਸਤਰੀ ਦੇ ਰਹੇ ਹਨ। " ਰਾਗ ਨਾਦੁ ਸਬਦਿ ਸੋਹਣੇ" ਵਿੱਚ ਪ੍ਰਮੁੱਖ ਸ਼ਾਸਤਰੀਆਂ ਦੇ ਵਿਚਾਰ ਦਰਜ ਹਨ ਕਿ

> "ਗਉੜੀ ਗੰਭੀਰ ਪ੍ਰਕ੍ਰਿਤੀ ਦਾ ਰਾਗ ਹੈ। ਵਿਲਕਦੀ ਆਤਮਾ ਕ੍ਰਿਪਾ ਦੀ ਜਾਚਨਾ ਕਰਦੀ ਹੈ, ਤੇ ਆਪੇ ਦੀ ਖੋਜ ਕਰਦੀ ਹੈ, ਇਸ ਲਈ, ਇਸ ਰਾਗ ਵਿੱਚ ਗੁਰੂ ਸਾਹਿਬ ਨੇ ਮਨ, ਮਤਿ, ਬੁੱਧੀ, ਆਤਮਾ, ਮੌਤ, ਮੁਕਤੀ ਆਦਿਕ ਗੰਭੀਰ ਵਿਸ਼ਿਆਂ ਵਿੱਚ ਗੁਰਬਾਣੀ ਉਚਾਰਨ ਕੀਤੀ ਹੈ।"[1]

ਧਿਆਨ ਦੇਣ ਵਾਲੀ ਗਲ ਇਹ ਹੈ ਕਿ ਇਨ੍ਹਾਂ ਸੰਗੀਤ ਸ਼ਾਸਤਰੀਆਂ ਨੇ ਵੀ ਜਾਤ ਪਾਤ ਨੂੰ ਆਪਣੀ ਵਿਸ਼ੇ ਸੂਚੀ ਵਿੱਚ ਸ਼ਾਮਲ ਨਹੀਂ ਕੀਤਾ। ਜਿੰਨੇ ਵੀ ਵਿਸ਼ਿਆਂ ਦਾ ਜ਼ਿਕਰ ਉਨ੍ਹਾਂ ਨੇ ਕੀਤਾ ਹੈ, ਉਹ ਸਭ ਪ੍ਰਭ ਦੀ ਸਿਰਜਣਾ ਹਨ।

ਸੋ ਉਪਰੋਕਤ ਚਰਚਾ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਟੀਕਾਕਾਰ-ਵਿਦਵਾਨਾਂ ਨੇ ਇਸ ਸ਼ਬਦ ਦੇ ਪਹਿਲੇ ਬੰਦ ਦੇ ਅਰਥ ਗਲਤ ਕੀਤੇ ਹਨ। ਇਸ ਨਿਰਣੇ ਦੀ ਪ੍ਰੋੜਤਾ ਇਸੇ ਸ਼ਬਦ ਦੇ ਬੰਦ ਨੰ: 2 ਤੋਂ ਹੋ ਜਾਂਦੀ ਹੈ।

ਇਸ ਵਿਚਾਰ ਨੂੰ ਦ੍ਰਿੜ ਕਰਨ ਲਈ ਅਸੀਂ ਗੁਰੂ ਕਬੀਰ ਜੀ ਦੇ ਸ਼ਬਦ ਦਾ ਅਧਿਐਨ ਕਰਦੇ ਹਾਂ :

> ਗਰਭ ਵਾਸ ਮਹਿ ਕੁਲ ਨਹੀ ਜਾਤੀ॥
> ਬ੍ਰਹਮ ਬਿੰਦ ਤੇ ਸਭ ਉਤਪਤੀ॥ ੧॥
> ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ॥
> ਬਾਮਨ ਕਹਿ ਕਹਿ ਜਨਮ ਮਤ ਖੋਏ॥ ੧॥ ਰਹਾਉ॥
> ਜੌ ਤੂੰ ਬ੍ਰਾਹਮਣ ਬ੍ਰਾਹਮਣੀ ਜਾਇਆ॥
> ਤਉ ਆਨ ਬਾਟ ਕਾਹੇ ਨਹੀਂ ਆਇਆ॥ ੨॥
> ਤੁਮ ਕਤ ਬ੍ਰਾਹਮਣ ਹਮ ਕਤ ਸੂਦ॥
> ਹਮ ਕਤ ਲੋਹੂ ਤੁਮ ਕਤ ਦੂਧ॥ ੩॥
> ਕਹੁ ਕਬੀਰ ਜੋ ਬ੍ਰਹਮ ਬੀਚਾਰੇ॥
> ਸੋ ਬ੍ਰਾਹਮਣ ਕਹੀਅਤ ਹੈ ਹਮਾਰੇ॥ ੪॥[2]

ਗੁਰੂ ਕਬੀਰ ਜੀ ਸਪਸ਼ਟ ਕਰਦੇ ਹਨ ਕਿ ਮਾਂ ਦੇ ਗਰਭ ਅੰਦਰ ਨਾ ਕੁਲ ਹੁੰਦੀ ਹੈ ਅਤੇ ਨਾ ਹੀ ਜਾਤ। ਸਮੇਤ ਮਨੁੱਖ ਦੇ, ਸਾਰੀ ਸ੍ਰਿਸ਼ਟੀ ਬ੍ਰਹਮ ਦੀ ਹੀ ਅੰਸ਼ ਹੈ। ਇਸ ਲਈ ਨਾ ਕੋਈ ਬ੍ਰਾਹਮਣ ਹੈ, ਨਾ ਖਤਰੀ ਅਤੇ ਨਾ ਹੀ ਕੋਈ ਵੈਸ਼ ਹੈ ਅਤੇ ਨਾ

1. ਰਾਗ ਨਾਦ ਸ਼ਬਦ ਸੋਹਣਿ - ਪੰਨਾ-੫੨.
2. ਆਦਿ ਗ੍ਰੰਥ - ਪੰਨਾ-੩੨੪

ਹੀ ਸ਼ੂਦਰ; ਸਭ ਪ੍ਰਭ ਦੀ ਹੀ ਅੰਸ਼ ਹਨ। ਗੁਰੂ ਜੀ ਬ੍ਰਾਹਮਣ ਨੂੰ ਪ੍ਰਸ਼ਨ ਕਰਦੇ ਹਨ ਕਿ ਜਦੋਂ ਦੀ ਸ੍ਰਿਸ਼ਟੀ ਸਾਜੀ ਹੈ, ਉਦੋਂ ਤੋਂ ਹੀ ਉਸ ਦੀ ਸ੍ਰਿਸ਼ਟੀ ਦੀ ਉਤਪਤੀ ਪ੍ਰਭ ਤੋਂ ਹੋਈ ਹੈ ਅਤੇ ਜੀਵ ਉਸ ਦੀ ਅੰਸ਼ ਹਨ। ਫਿਰ ਹੇ ਪੰਡਿਤ! ਤੂੰ ਬ੍ਰਾਹਮਣ ਕਦੋਂ ਕੁ ਦਾ ਹੋ ਗਿਆ ਹੈ? ਤੂੰ ਬ੍ਰਾਹਮਣ ਨਹੀਂ ਹੈ ; ਇਸ ਲਈ ਆਪਣੇ ਆਪ ਨੂੰ ਬਾਹਮਣ ਕਹਿ ਕੇ ਆਪਣੇ ਜੀਵਨ ਨੂੰ ਨਸ਼ਟ ਨਾ ਕਰ। (ਇਥੇ ਵੀ ਜਨਮ ਦੇ ਅਰਥ ਜੀਵਨ ਹੀ ਬਣਦੇ ਹਨ।) ਜੇਕਰ ਤੂੰ ਬ੍ਰਾਹਮਣ ਹੈਂ ਅਤੇ ਬ੍ਰਾਹਮਣੀ ਦੇ ਪੇਟ ਤੋਂ ਜੰਮਿਆ ਹੈਂ, ਤਾਂ ਤੂੰ ਕਿਸੇ ਹੋਰ ਰਸਤੇ ਕਿਉਂ ਨਹੀਂ ਜੰਮਿਆ? ਹੇ ਪੰਡਿਤ! ਜੇ ਤੂੰ ਵੀ ਹੋਰ ਜੀਵਾਂ ਵਾਂਗ ਮਾਂ ਦੇ ਪੇਟ ਵਿਚੋਂ ਉਸੇ ਰਸਤੇ ਹੀ ਆਇਆ ਹੈਂ, ਤਾਂ ਤੂੰ ਬ੍ਰਾਹਮਣ ਕਿਵੇਂ ਹੋਇਆ? ਅਤੇ ਅਸੀਂ ਸੂਦਰ ਕਿਵੇਂ ਹੋਏ? ਸਾਡੇ ਸਰੀਰ ਅੰਦਰ ਲਹੂ ਕਿਵੇਂ ਹੈ? ਅਤੇ ਤੁਹਾਡੇ ਸਰੀਰ ਅੰਦਰ ਲਹੂ ਦੀ ਥਾਂ ਦੁਧ ਕਿਵੇਂ ਹੈ? ਇਸ ਤਰ੍ਹਾਂ ਗੁਰੂ ਕਬੀਰ ਜੀ ਸਪਸ਼ਟ ਕਰਦੇ ਹਨ ਕਿ ਬ੍ਰਾਹਮਣ ਅਤੇ ਸ਼ੂਦਰ ਬ੍ਰਹਮ ਦੀ ਹੀ ਅੰਸ਼ ਹਨ, ਦੋਹਾਂ ਵਿੱਚ ਕਿਸੇ ਵੀ ਕਿਸਮ ਦਾ ਕੋਈ ਅੰਤਰ ਨਹੀਂ ਹੈ। ਉਹ ਸਪਸ਼ਟ ਕਰਦੇ ਹਨ ਕਿ ਜਿਹੜਾ ਮਨੁੱਖ ਬ੍ਰਹਮ ਬਾਰੇ ਵਿਚਾਰਦਾ ਹੈ ਅਸੀਂ ਉਸਨੂੰ ਬ੍ਰਾਹਮਣ ਕਹਿੰਦੇ ਹਾਂ। ਇਸ ਅਨੁਸਾਰ ਗੁਰੂ ਰਵਿਦਾਸ ਜੀ ਬ੍ਰਹਮ ਵਿਚਾਰਦੇ ਹਨ ਇਸ ਲਈ ਉਹ ਵੀ ਬ੍ਰਾਹਮਣ ਹਨ।

ਹੁਣ "ਜਨਮ ਕੁਭਾਂਤੀ" ਦੇ ਅਰਥ ਸਪਸ਼ਟ ਹਨ, "ਮੇਰਾ ਜੀਵਨ ਵਿਕਾਰਾਂ ਕਰਕੇ ਅਪਵਿੱਤਰ ਅਤੇ ਭੈੜਾ ਬਣ ਗਿਆ ਹੈ।" ਇੱਕ ਹੋਰ ਦ੍ਰਿਸ਼ਟੀ ਤੋਂ ਜਨਮ ਕੁਭਾਂਤੀ ਦੇ ਅਰਥਾਂ ਨੂੰ ਵਿਚਾਰਦੇ ਹਾਂ।

ਜੇ "ਜਨਮ ਕੁਭਾਂਤੀ" ਦੇ ਅਰਥ "ਨੀਵੀਂ ਜਾਤ ਵਿੱਚੋਂ ਜਨਮ" ਮੰਨ ਲਈਏ ਤਾਂ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਵਿਚ ਬੁਨਿਆਦੀ ਵਿਰੋਧ ਪੈਦਾ ਹੋ ਜਾਂਦਾ ਹੈ ਅਤੇ ਪਰਮਾਤਮਾ ਨੂੰ ਜਾਤ ਪਾਤ ਦਾ ਸਿਰਜਣਹਾਰ ਮੰਨਣਾ ਪੈਂਦਾ ਹੈ, ਜਿਵੇਂ ਹਿੰਦੂ ਧਰਮ ਗ੍ਰੰਥ ਮੰਨਦੇ ਹਨ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਮਨੁਖਤਾ ਵਿਰੋਧੀ ਹੋ ਜਾਵੇਗੀ ਅਤੇ ਵਿਸ਼ਵ-ਭਾਈਚਾਰੇ ਦੀ ਸਿਰਜਣਾ ਦਾ ਸਿਧਾਂਤ ਵੀ ਨਸ਼ਟ ਹੋ ਜਾਵੇਗਾ। ਇਸ ਲਈ 'ਜਨਮ ਕੁਭਾਂਤੀ' ਦੇ ਅਰਥ ਜਾਤ ਪਾਤ ਨਹੀਂ ਹੋ ਸਕਦੇ। ਇਸ ਦੀ ਪ੍ਰੋੜਤਾ ਗੁਰੂ ਕਬੀਰ ਜੀ ਦਾ ਉਪਰੋਕਤ ਸ਼ਬਦ ਵੀ ਕਰਦਾ ਹੈ। ਉਹ ਸਪਸ਼ਟ ਕਰਦੇ ਹਨ ਕਿ ਪਰਮਾਤਮਾ ਨੇ ਜਾਤ ਪਾਤ ਨਹੀਂ ਬਣਾਈ। ਮਾਂ ਦੇ ਪੇਟ ਵਿੱਚ ਵਾਸ ਵੇਲੇ ਜੀਵ ਦੀ ਕੋਈ ਜਾਤ ਨਹੀਂ ਹੁੰਦੀ ਅਤੇ ਨਾ ਹੀ ਕੋਈ ਕੁਲ ਹੁੰਦੀ ਹੈ ਕਿਉਂਕਿ ਸਭ ਜੀਵ ਬ੍ਰਹਮ ਦੀ ਹੀ ਅੰਸ਼ ਹਨ। ਇਸ ਤਰ੍ਹਾਂ ਗੁਰੂ ਕਬੀਰ ਜੀ, ਗੁਰੂ ਰਵਿਦਾਸ ਜੀ ਦੇ ਵਿਚਾਰ ਦੀ ਪ੍ਰੋੜਤਾ ਕਰਦੇ ਹਨ। ਗੁਰੂ ਰਵਿਦਾਸ ਜੀ ਫਰਮਾਉਂਦੇ ਹਨ :

ਸੋਈ ਮੁਕੰਦ ਮੁਕਤਿ ਕਾ ਦਾਤਾ॥
ਸੋਈ ਮੁਕੰਦ ਹਮਰਾ ਪਿਤ ਮਾਤਾ॥ ੧॥

ਸੋ ਜਨਮ ਕੁਭਾਂਤੀ ਦੇ ਅਰਥ ਹਨ-ਵਿਕਾਰਾਂ ਦੀ ਭੈੜੀ ਸੰਗਤ ਕਾਰਣ ਮੇਰਾ ਜੀਵਨ ਅਪਵਿੱਤਰ ਅਤੇ ਭੈੜਾ ਬਣ ਗਿਆ ਹੈ।

ਅਜੇ ਇੱਕ ਪੱਖ ਵਿਚਾਰਨਾ ਬਾਕੀ ਹੈ। ਗੁਰੂ ਰਵਿਦਾਸ ਜੀ ਆਪਣੇ ਆਪ ਨੂੰ "ਕਹਿ ਰਵਿਦਾਸ ਚਮਾਰਾ" ਲਿਖਦੇ ਹਨ। ਅਜਿਹਾ ਕਿਉਂ? ਕੀ ਕੋਈ ਭੈੜੀ ਮੰਨੀ

ਜਾਣ ਵਾਲੀ ਜਾਤੀ ਤੇ ਮਾਣ ਕਰ ਸਕਦਾ ਹੈ? ਉਹ ਅਜਿਹਾ ਕਿਉਂ ਲਿਖਦੇ ਹਨ? ਇਸ ਨੁਕਤੇ ਤੇ ਕੀਤਾ ਅਧਿਐਨ "ਜਨਮ ਕੁਭਾਂਤੀ" ਦੇ ਅਰਥਾਂ ਨੂੰ ਹੋਰ ਸਪਸ਼ਟ ਕਰ ਦੇਵੇਗਾ। ਇਹ ਗੱਲ ਬੜੀ ਹੀ ਸਪਸ਼ਟ ਹੈ ਕਿ ਗੁਰੂ ਜੀ ਨੇ "ਕਹੁ ਰਵਿਦਾਸ ਚਮਾਰਾ" ਹੀਣ-ਭਾਵਨਾ ਦੇ ਪ੍ਰਭਾਵ ਅਧੀਨ ਨਹੀਂ ਲਿਖਿਆ। ਜੇ ਅਜਿਹੀ ਭਾਵਨਾ ਇਨ੍ਹਾਂ ਤੁਕਾਂ ਵਿੱਚ ਨਿਰੂਪਤ ਹੁੰਦੀ ਤਾਂ ਇਹ ਕਿਸੇ ਵੀ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦਾ ਸਿੰਗਾਰ ਨਾ ਬਣ ਸਕਦੀ। ਇਸ ਲਈ ਗੁਰੂ ਨਾਨਕ ਦੇਵ ਜੀ ਨੇ ਗੁਰੂ ਰਵਿਦਾਸ ਜੀ ਤੋਂ ਬਾਣੀ ਪ੍ਰਾਪਤ ਕਰਕੇ ਅਤੇ ਗੁਰੂ ਅਰਜਨ ਦੇਵ ਜੀ ਨੇ ਉਸ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਰਕੇ ਦ੍ਰਿੜ ਕਰ ਦਿੱਤਾ ਹੈ ਕਿ ਤੁਕ "ਕਹੁ ਰਵਿਦਾਸ ਚਮਾਰਾ" ਕਿਸੇ ਵੀ ਤਰ੍ਹਾਂ ਚਮਾਰ ਜਾਤੀ ਵਿੱਚ ਹੋਏ ਜਨਮ ਦੀ ਨਿੰਦਿਆ ਨਹੀਂ ਕਰਦੀ। ਸੋ ਸਿੱਧ ਹੋ ਗਿਆ ਹੈ ਕਿ ਅਜਿਹੀਆਂ ਤੁਕਾਂ ਵਿੱਚ ਭੋਰਾ ਭਰ ਵੀ ਹੀਣ-ਭਾਵਨਾ ਦੀ ਅੰਸ਼ ਤੱਕ ਨਹੀਂ ਹੈ।

ਫਿਰ ਗੁਰੂ ਰਵਿਦਾਸ ਜੀ ਦਾ "ਕਹੁ ਰਵਿਦਾਸ ਚਮਾਰਾ" ਵਰਗੀਆਂ ਤੁਕਾਂ ਦੀ ਸਿਰਜਣਾ ਕਰਨ ਦਾ ਕੀ ਮੰਤਵ ਸੀ?। ਗੁਰੂ ਜੀ ਨੇ "ਨਗਰ ਜਨਾ ਮੇਰੀ ਜਾਤਿ ਬਿਖਿਆਤ ਚਮਾਰੰ॥" ਦਾ ਧੜਲੇਦਾਰੀ ਨਾਲ ਐਲਾਨ ਕਿਉਂ ਕੀਤਾ?

ਚਮਾਰ ਰੂਪੀ ਬੰਬ

(1) "ਚਮਾਰ ਰੂਪੀ ਬੰਬ" ਦੀ ਵਰਤੋਂ ਨਾਲ ਗੁਰੂ ਜੀ ਨੇ ਹਿੰਦੂ ਧਰਮ ਦੀ ਵਿਚਾਰਧਾਰਾ ਦੀ ਬੁਨਿਆਦ-ਜਾਤ-ਪਾਤ, ਵਰਣ ਵਿਵਸਥਾ ਨੂੰ ਤੂੰਬਾ, ਤੂੰਬਾ ਕਰਕੇ ਉਡਾ ਦਿੱਤਾ ਹੈ। ਇਸ ਵਿਸਫੋਟ ਦੀ ਲਪੇਟ ਵਿੱਚ ਆਏ ਹਨ ਵੇਦ, ਰਾਮਾਇਣ, ਮਹਾਂਭਾਰਤ, ਗੀਤਾ, ਉਪਨਿਸ਼ਧ ਆਦਿ। ਗਵਾਹੀ ਵਜੋਂ :

(ੳ) ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਛਰ ਮਾਹੀ॥
ਬਿਆਸ ਬੀਚਾਰਿ ਕਹਿਓ ਪਰਮਾਰਥ ਰਾਮ ਨਾਮ ਸਰਿ ਨਾਹੀ॥ ੨॥[1]
(ਰਾਗ ਮਾਰੂ ਪੰਨਾ-੧੧੦੬)

(ਅ) ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ॥
ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਮਾਨੁ॥ ੩॥[2]
(ਗਉੜੀ ਪੰਨਾ-੩੪੬)

(2) ਇਥੇ ਹੀ ਬਸ ਨਹੀਂ ਗੁਰੂ ਰਵਿਦਾਸ ਜੀ ਨੇ "ਚਮਾਰ ਰੂਪੀ ਬੰਬ" ਦਾ ਵਿਸਫੋਟ ਕਰਕੇ ਹਿੰਦੂ ਧਰਮ ਦੀ ਵਿਚਾਰਧਾਰਾ ਨੂੰ ਨਸ਼ਟ ਕਰ ਉਸ ਦੀ ਥਾਂ ਇਕ ਨਵੀਂ ਵਿਗਿਆਨਕ ਵਿਚਾਰਧਾਰਾ ਦੇ ਕੇ ਅਦਭੁਤ ਕ੍ਰਿਸ਼ਮਾ ਕੀਤਾ ਹੈ।* ਗਵਾਹੀ-ਲਈ

"ਸਤਜੁਗਿ ਸਤ ਤੇਤਾ ਜਗੀ ਦੁਆਪਰਿ ਪੂਜਾਚਾਰ॥"
- -
ਪ੍ਰੇਮ ਭਗਤਿ ਨਹੀ ਉਪਜੈ ਤਾ ਤੇ ਰਵਿਦਾਸ ਉਦਾਸ॥ ੮॥ ੧॥[3]
(ਸਾਰਾ ਸ਼ਬਦ ਪਰਖੋ)

(3) "ਚਮਾਰ-ਬੰਬ" ਦੇ ਵਿਸਫੋਟ ਨਾਲ ਗੁਰੂ ਰਵਿਦਾਸ ਜੀ ਨੇ ਹਿੰਦੂਆਂ ਦੇ

1. ਆਦਿ ਗ੍ਰੰਥ ਪੰਨਾ-੧੧੦੬ 2. 3. ਓਹੀ-੩੪੬
** ਇਹ ਕ੍ਰਿਸ਼ਮਾ ਇਸੇ ਪੁਸਤਕ ਦੇ ਪੰਨਾ ਨੰ: 80 ਉੱਪਰ ਪੜ੍ਹੋ।*

ਮਹਾਨ ਅਤੇ ਪ੍ਰਮੁੱਖ 'ਭਗਵਾਨਾਂ' 'ਬ੍ਰਹਮਾ', 'ਵਿਸ਼ਨੂੰ' ਅਤੇ 'ਮਹੇਸ਼' ਨੂੰ ਵੀ ਨਸ਼ਟ ਕਰ ਦਿੱਤਾ ਹੈ। ਇਕ ਪਰਮਾਤਮਾ ਦੇ ਤੱਥ ਨੂੰ ਦ੍ਰਿੜ ਕਰਕੇ ਵਿਗਿਆਨਕ ਸੱਚ ਨੂੰ ਪਰਪਕਤਾ ਨਾਲ ਉਜਾਗਰ ਵੀ ਕੀਤਾ ਹੈ। ਗਵਾਹੀ ਦੇ ਤੌਰ ਤੇ :

ਹਰਿ ਜਪਤ ਤੇਊ ਜਨਾ ਪਦਮ ਕਵਲਾਸਪਤਿ
ਤਾਸ ਸਮ ਤੁਲਿ ਨਹੀਂ ਆਨ ਕੋਊ॥
ਏਕ ਹੀ ਏਕ ਅਨੇਕ ਹੋਇ ਬਿਸਥਰਿਓ
ਆਨ ਰੇ ਆਨ ਭਰਪੂਰਿ ਸੋਊ॥ ਰਹਾਉ॥[2]

(4) ਗੁਰੂ ਰਵਿਦਾਸ ਜੀ ਦਾ ਵਰਤਿਆ 'ਚਮਾਰ' ਸ਼ਬਦ ਅੰਤਾਂ ਦਾ ਸ਼ਕਤੀਸ਼ਾਲੀ "ਬੰਬ-ਵਿਸਫੋਟ" ਸਾਬਤ ਹੋਇਆ ਹੈ। ਇਸ "ਚਮਾਰਾ ਬੰਬ" ਦੇ ਵਿਸਫੋਟ ਨਾਲ ਗੁਰੂ ਰਵਿਦਾਸ ਜੀ ਨੇ ਹਿੰਦੂਆਂ ਦੇ ਧਾਰਮਕ ਤੀਰਥ-ਇਸ਼ਨਾਨ ਨੂੰ ਵੀ ਨਸ਼ਟ ਕੀਤਾ ਹੈ :

ਬਾਹਰ ਉਦਕਿ ਪਖਾਰੀਐ ਘਟ ਭੀਤਰਿ ਬਿਬਿਧ ਵਿਕਾਰ॥
ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ ॥8॥ [3]

(5) ਇਹ ਅਤਿ ਮਹਾਨ ਅਤੇ ਅਦਭੁਤ ਕ੍ਰਿਸ਼ਮੇ ਦਾ ਹੀ ਚਮਤਕਾਰ ਸੀ ਕਿ ਗੁਰੂ ਰਵਿਦਾਸ ਜੀ ਨੇ ਵੇਦਾਂ, ਰਾਮਾਇਣ, ਗੀਤਾ ਅਤੇ ਅਨੇਕਾਂ ਹੋਰ ਹਿੰਦੂ ਧਰਮ ਗ੍ਰੰਥਾਂ ਨੂੰ ਮੰਨਣ ਵਾਲੇ ਕੱਟੜ ਬ੍ਰਾਹਮਣਾਂ ਨੂੰ ਸਿਧੇ ਰਾਹ ਪਾ ਕੇ ਡੰਡਾਉਤ ਕਰਨ ਤੇ ਮਜ਼ਬੂਰ ਕਰ ਦਿੱਤਾ। ਇਹ ਕ੍ਰਿਸ਼ਮਾ ਹੋਰ ਵੀ ਮਹੱਤਵ ਪੂਰਨ ਅਤੇ ਸ਼ਕਤੀਸ਼ਾਲੀ ਹੋ ਨਿਬੜਦਾ ਹੈ ਜਦੋਂ ਗੁਰੂ ਜੀ ਐਲਾਨ ਕਰਦੇ ਹਨ ਕਿ ਹੇ ਨਗਰ ਦੇ ਲੋਕੋ। ਹੇ ਨਾਗਰ ਬ੍ਰਾਹਮਣੋਂ, ਇਹ ਗਲ ਮੰਨੀ ਪ੍ਰਮੰਨੀ ਹੈ ਕਿ ਮੇਰੀ ਜਾਤ ਚਮਾਰ ਹੈ, ਜਿਸ ਨੂੰ ਤੁਸੀਂ ਆਪਣੇ ਧਰਮ ਗ੍ਰੰਥਾਂ ਵਿੱਚ 'ਭਗਵਾਨ' ਦੀ ਸਿਰਜਣਾ ਦਾ ਐਲਾਨ ਕਰਕੇ ਪ੍ਰਚਾਰਿਆ ਹੈ ਅਤੇ ਸਭ ਤੋਂ ਘਟੀਆ ਤਸਲੀਮ ਕਰਕੇ ਸ਼ੂਦਰ ਨੂੰ ਪ੍ਰਭ ਦੀ ਪੂਜਾ ਕਰਨ ਤੋਂ ਰੋਕਿਆ ਹੈ ਅਤੇ ਪੂਜਾ ਕਰਨ ਦੇ ਦੋਸ਼ ਵਿੱਚ ਮੌਤ ਦੀ ਸਜ਼ਾ ਦਿੱਤੀ ਹੈ। (ਪੜੋ ਮੇਰੀ ਪੁਸਤਕ ਸ੍ਰੀ ਗੁਰੂ ਰਵਿਦਾਸ ਜੀ ਉਨ੍ਹਾਂ ਦਾ ਗੁਰੂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ।) ਪਰ ਮੈਂ (ਰਵਿਦਾਸ ਨੇ) ਮੌਤ ਦੀ ਪ੍ਰਵਾਹ ਨਾ ਕਰਕੇ ਪ੍ਰਭ ਦੀ ਭਗਤੀ ਕੀਤੀ ਹੈ। ਮੇਰੇ ਐਲਾਨ ਕਰਨ ਦੇ ਬਾਵਜੂਦ ਕਿ ਮੈਂ ਚਮਾਰ ਹਾਂ, ਹਰ ਰੋਜ ਮਰੇ ਹੋਏ ਪਸ਼ੂਆਂ ਨੂੰ ਢੋਂਦਾ ਅਤੇ ਉਨ੍ਹਾਂ ਦਾ ਚੰਮ ਉਤਾਰਦਾ ਹਾਂ। ਫਿਰ ਵੀ, ਉਸ ਪ੍ਰਭ ਦੀ ਕਿਰਪਾ ਸਦਕਾ ਹਿੰਦੂ ਧਰਮ ਗ੍ਰੰਥਾਂ ਦੀ ਵਿਚਾਰਧਾਰਾ ਅਤੇ ਕਰਮ-ਕਾਂਡ ਵਿੱਚ ਪਰਪੱਕ ਕੱਟੜ, ਹਿੰਦੂ ਧਰਮ ਦੇ ਪ੍ਰਮੁੱਖ ਬ੍ਰਾਹਮਣ-ਆਗੂਆ ਸਮੇਤ ਬਹੁਤੇ ਬ੍ਰਾਹਮਣੇ ਨੇ ਆਪਣੇ ਹੀ ਧਰਮ ਗ੍ਰੰਥਾਂ ਅਤੇ ਭਗਵਾਨਾਂ ਨੂੰ ਤਿਆਗ ਕੇ ਮੇਰੀ ਪ੍ਰਭ ਦੇ ਦਾਸ ਦੀ ਡੰਡਉਤ ਕਰਦੇ ਹਨ :

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ,
ਨਿਤਹਿ ਬਾਨਾਰਸੀ ਆਸ ਪਾਸਾ॥
ਅਬ ਬਿਪ੍ ਪਰਧਾਨ ਤਿਹਿ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ ਰਵਿਦਾਸ ਦਾਸਾ ।।3।।1।।[1]

1. ਓਹੀ-੩੪੬ 2. ਓਹੀ-੧੨੯੩ 3. ਓਹੀ-੩੪੬

ਇਸ ਤਰ੍ਹਾਂ ਸਪਸ਼ਟ ਹੋ ਗਿਆ ਹੈ ਕਿ ਗੁਰੂ ਰਵਿਦਾਸ ਜੀ ਦਾ ਮੰਤਵ 'ਚਮਾਰ' ਸ਼ਬਦ ਦੀ ਵਰਤੋਂ ਕਰਕੇ ਉਸ ਕੌਮ ਵਿੱਚ ਮਨੁੱਖਤਾ ਦੀ ਮੁੜ-ਸੁਰਜੀਤੀ ਕਰਕੇ ਅਤੇ ਉਸ ਕੌਮ ਵਿੱਚ ਮਾਣ ਸਤਿਕਾਰ ਅਤੇ ਅਣਖ ਨੂੰ ਮੁੜ ਸਥਾਪਿਤ ਕਰਨਾ ਸੀ।

ਇਸ ਤਰ੍ਹਾਂ ਗੁਰੂ ਰਵਿਦਾਸ ਜੀ ਦੀ ਬਾਣੀ ਵਿੱਚ 'ਚਮਾਰ' ਸ਼ਬਦ ਦੀ ਵਰਤੋਂ ਨਾਲ ਮਨੁੱਖਤਾ ਮਾਰੂ ਹਿੰਦੂ ਧਰਮ ਦੀ ਵਿਚਾਰਧਾਰਾ ਨੂੰ ਨਸ਼ਟ ਕਰਕੇ ਉਸ ਦੀ ਥਾਂ ਮਨੁੱਖਤਾ ਦੀ ਸੁਰਜੀਤੀ ਲਈ ਸਹਿਜ ਸੁਭਾ ਹੀ ਇਕ ਕ੍ਰਾਂਤੀਕਾਰੀ ਵਿਚਾਰਧਾਰਾ ਦੀ ਸਿਰਜਣਾ ਕੀਤੀ ਹੈ।

ਉਪਰੋਕਤ ਚਰਚਾ ਤੋਂ ਪਰਪੱਕ ਤੌਰ ਤੇ ਦ੍ਰਿੜ ਹੋ ਗਿਆ ਹੈ ਕਿ "ਜਨਮ ਕੁਭਾਂਤੀ" ਦੇ ਅਰਥ ਕਿਸੇ ਵੀ ਤਰ੍ਹਾਂ ਨੀਵੀਂ ਚਮਾਰ ਜਾਤ ਦੇ ਨਹੀਂ ਹੋ ਸਕਦੇ। ਜੇ 'ਚਮਾਰ' ਦੇ ਅਰਥ ਹੀਣ ਭਾਵਨਾ ਵਾਲੇ ਨਹੀਂ ਬਣਦੇ ਤਾਂ ਜਨਮ-ਕੁਭਾਂਤੀ ਦੇ ਅਰਥ ਕਿਵੇਂ ਹੀਣ ਭਾਵਨਾ ਵਾਲੇ ਹੋ ਸਕਦੇ ਹਨ। ਸੋ 'ਜਨਮ ਕੁਭਾਂਤੀ' ਦੇ ਸਪਸ਼ਟ ਰੂਪ ਵਿੱਚ ਅਰਥ ਬਣਦੇ ਹਨ—ਵਿਕਾਰਾਂ ਦੀ ਭੈੜੀ ਸੰਗਤ ਕਾਰਣ ਮੇਰਾ ਜੀਵਨ ਅਪਵਿੱਤਰ ਅਤੇ ਭੈੜਾ ਬਣ ਗਿਆ ਹੈ।

---

1. ਆਦਿ ਗ੍ਰੰਥ - ਪੰਨਾ : ੧੨੯੩

ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ

ਗੁਰੂ ਰਵਿਦਾਸ ਜੀ ਨੇ ਪਹਿਲੇ ਬੰਦ ਵਿੱਚ ਮਾਇਆ ਦੇ ਦੂਤ ਵਿਕਾਰਾਂ ਦਾ ਬੜੀ ਗੰਭੀਰਤਾ ਅਤੇ ਡੂੰਘਾਈ ਨਾਲ ਅਧਿਐਨ ਕਰਕੇ ਸਪਸ਼ਟ ਕੀਤਾ ਹੈ ਕਿ ਜੀਵ ਦੇ ਸਮੁੱਚੇ ਜੀਵਨ ਨੂੰ ਇਨ੍ਹਾਂ ਸ਼ਕਤੀਸ਼ਾਲੀ ਵਿਕਾਰਾਂ ਨੇ ਤਬਾਹ ਕਰ ਦਿੱਤਾ ਹੈ। ਪ੍ਰਭ ਦੀ ਮਿਹਰ ਤੋਂ ਬਿਨਾਂ ਇਨ੍ਹਾਂ ਤੋਂ ਛੁਟਕਾਰਾ ਪਾਉਣਾ ਜੀਵ ਲਈ ਅਤਿ ਕਠਿਨ ਹੈ।

ਇਸ ਲਈ ਰਹਾਉ ਅਤੇ ਦੂਜੇ ਬੰਦ ਵਿੱਚ ਗੁਰੂ ਰਵਿਦਾਸ ਜੀ ਪ੍ਰਭ ਅੱਗੇ ਤਰਲਾ ਕਰਦੇ ਹਨ ਕਿ ਹੇ ਧਰਤੀ ਦੇ ਮਾਲਕ! ਹੇ ਮੇਰੇ ਜੀਵਨ ਦਾਤਾ!! ਇਨ੍ਹਾਂ ਮਹਾਂਬਲੀ ਪਰ ਮਹਾਂ ਨੀਚ ਵਿਕਾਰਾਂ ਦਾ ਸੰਕਟ ਤੇਰੀ ਕ੍ਰਿਪਾ ਤੋਂ ਬਿਨਾਂ ਦੂਰ ਨਹੀਂ ਹੋ ਸਕਦਾ। ਇਸ ਲਈ ਹੇ ਪ੍ਰਭ! ਮੈਨੂੰ ਪਾਪੀ ਨੂੰ ਨਾ ਵਿਸਾਰੀ, ਮੈਂ ਤਾਂ ਤੇਰਾ ਸੇਵਕ ਹਾਂ। ਮੇਰੇ ਤੇ ਕਿਰਪਾ ਕਰਕੇ ਮੈਨੂੰ ਵਿਕਾਰਾਂ ਤੋ ਮੁਕਤ ਕਰੋ ਅਤੇ ਆਪਣੇ ਪ੍ਰੇਮ ਦੀ ਬਖਸ਼ਿਸ਼ ਕਰੋ। ਨਹੀਂ ਤਾਂ ਮੈਂ ਉਦੋਂ ਤੱਕ ਤੇਰੇ ਚਰਨ ਨਹੀਂ ਛੱਡਾਂਗਾ, ਤੇਰੇ ਸਿਮਰਣ ਵਿੱਚ ਜੁਟਿਆ ਰਹਾਂਗਾ, ਜਦੋਂ ਤੱਕ ਤੂੰ, ਮੈਨੂੰ ਵਿਕਾਰਾਂ ਤੋਂ ਮੁਕਤ ਕਰ, ਦਰਸ਼ਨ ਨਹੀਂ ਦਿੰਦਾ, ਅਜਿਹਾ ਸਿਮਰਣ ਕਰਦਿਆਂ ਭਾਵੇਂ ਮੇਰੀ ਮੌਤ ਹੀ ਕਿਉਂ ਨਾ ਹੋ ਜਾਵੇ। ਸੋ ਗੁਰੂ ਰਵਿਦਾਸ ਜੀ ਦ੍ਰਿੜ ਕਰਦੇ ਹਨ ਕਿ ਇਹੋ ਜਹੀ ਪਰਪੱਕ ਦ੍ਰਿੜਤਾ ਤੋਂ ਬਿਨਾਂ ਵਿਕਾਰਾਂ ਨੂੰ ਕਾਬੂ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਪ੍ਰਭ-ਪ੍ਰਾਪਤੀ ਸੰਭਵ ਹੋ ਸਕਦੀ ਹੈ।

ਇਸ ਲਈ ਆਖਰੀ ਬੰਦ ਵਿੱਚ ਗੁਰੂ ਰਵਿਦਾਸ ਜੀ ਮਨ ਵਿੱਚ ਦਰਦ ਭਿੰਨੀ ਹੂਕ ਨਾਲ ਤੜਪ ਉਠਦੇ ਹਨ ਅਤੇ ਪ੍ਰਭ ਅੱਗੇ ਤਰਲਾ ਕਰਦੇ ਹਨ ਕਿ ਹੇ ਪ੍ਰਭ! ਮੈਂ ਤੇਰੀ ਸ਼ਰਨ ਆਇਆ ਹਾਂ, ਹੁਣ ਤੇਰੇ ਦਰਸ਼ਨਾਂ ਤੋਂ ਬਿਨਾਂ ਸ਼ਾਂਤੀ ਨਹੀਂ ਹੋ ਸਕਦੀ। ਇਸ ਲਈ ਢਿੱਲ ਨਾ ਕਰੋ, ਛੇਤੀ ਹੀ ਦਰਸ਼ਨ ਦਿਉ ਜੀ।

ਸ਼ਬਦ ਅਰਥ :—ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਹਰ ਪਲ, ਦਿਨ ਰਾਤ ਇਹੋ ਚਿੰਤਾ ਲੱਗੀ ਰਹਿੰਦੀ ਹੈ ਕਿ ਮੇਰੀ ਸੰਗਤ ਮਹਾਂ ਨੀਚ, ਮਾਇਆ ਦੇ ਦੂਤ ਵਿਕਾਰਾਂ ਨਾਲ ਹੈ। ਇਹ ਮੇਰੇ ਸੁਭਾ ਵਿੱਚ ਰਚ ਗਏ ਹਨ। ਇਸ ਕਰਕੇ ਮੇਰੇ ਕਰਮ ਵੀ ਖੋਟੇ ਅਤੇ ਛਲ-ਕਪਟ ਵਾਲੇ ਬਣ ਗਏ ਹਨ। ਇਨ੍ਹਾਂ ਮਹਾਂ ਨੀਚਾਂ ਨੇ ਮੇਰੇ ਜੀਵਨ ਨੂੰ ਅਪਵਿੱਤਰ, ਭੈੜਾ ਅਤੇ ਘਟੀਆ ਬਣਾ ਦਿੱਤਾ ਹੈ॥੧॥

(ਨੋਟ : ਗੁਰੂ ਰਵਿਦਾਸ ਜੀ ਨੇ ਇਸ ਬੰਦ ਵਿੱਚ ਆਪਣੇ ਆਪੇ ਨੂੰ ਭਾਵ ਜੀਵ ਨੇ ਆਪਣੇ ਆਪੇ ਨੂੰ ਚੀਨਿਆ ਹੈ, ਆਪੇ ਦੀ ਖੋਜ ਕੀਤੀ ਹੈ। 'ਰਹਾਉ' ਵਿੱਚ ਵਿਲਕਦੀ ਜੀਵ-ਆਤਮਾ ਦੀ ਧੁਰ ਅੰਦਰਲੀ ਤੜਪ ਦੀ ਹੂਕ ਹੈ ਪ੍ਰਭ-ਮਿਲਾਪ ਲਈ।)

ਵਿਲਕਦੀ-ਤੜਪਦੀ ਜੀਵ-ਆਤਮਾ ਪ੍ਰਭ ਅੱਗੇ ਤਰਲਾ ਕਰਦੀ ਹੈ ਕਿ ਹੇ ਧਰਤੀ ਦੇ ਮਾਲਕ! ਹੇ ਮੇਰੇ ਜੀਵਨ ਦੇ ਸਹਾਰੇ ਪ੍ਰਭ! ਮੈਨੂੰ ਨਾ ਵਿਸਾਰੀਂ, ਮੈਂ ਤੇਰਾ ਦਾਸ ਹਾਂ, ਤੇਰਾ ਸੇਵਕ ਹਾਂ॥੧॥ ਰਹਾਉ॥

ਹੇ ਪ੍ਰਭ! ਮੈਨੂੰ ਦਾਸ ਨੂੰ ਵਿਕਾਰਾਂ ਦੀ ਸ਼ਕਤੀਸ਼ਾਲੀ ਮਾਰੂ ਸ਼ਕਤੀ ਤੋਂ ਮੁਕਤ ਕਰ; ਆਪਣੇ ਦਰਸ਼ਨ ਦੇਕੇ ਸੁਭਾਗ ਬਖਸ਼ੋ। ਤੇਰੀ ਬਖਸ਼ਿਸ਼ ਤੋਂ ਬਿਨਾਂ ਇਨ੍ਹਾਂ ਨੀਚ ਵਿਕਾਰਾਂ ਤੋਂ ਬਚਣਾ ਕਠਨ ਹੈ। ਇਸ ਲਈ ਜਿੰਨਾ ਚਿਰ ਤੇਰੀ ਕਿਰਪਾ ਦ੍ਰਿਸ਼ਟੀ ਨਹੀਂ ਹੁੰਦੀ, ਹੇ ਪ੍ਰਭ! ਤੇਰੇ ਚਰਨਾਂ ਵਿੱਚ ਜੁੜਿਆ ਮੈਂ ਵਿਲਕਦਾ ਰਹਾਂਗਾ, ਸਿਮਰਣ ਵਿੱਚ ਲਗਾ ਰਹਾਂਗਾ, ਅਜਿਹਾ ਕਰਦਿਆਂ ਭਾਵੇਂ ਮੇਰਾ ਸਰੀਰ ਵੀ ਨਸ਼ਟ ਕਿਉਂ ਨਾ ਹੋ ਜਾਵੇ॥2॥

ਹੇ ਪ੍ਰਭ! ਮੈਂ ਰਵਿਦਾਸ ਤੇਰੇ ਦਰਸ਼ਨਾਂ ਲਈ ਵਿਆਕੁਲ ਵਿਲਕ ਰਿਹਾ ਤਰਲੇ ਕਰਦਾ ਹਾਂ ਕਿ ਹੇ ਪ੍ਰਭ! ਮੈਂ ਨਿਮਾਣਾ ਤੇਰੀ ਸ਼ਰਨ ਆਇਆ ਹਾਂ। ਮੈਨੂੰ ਦੁਖੀ ਨੂੰ ਦਰਸ਼ਨ ਦਿਉ। ਹੁਣ ਵਿਛੋੜਾ ਅਸਹਿ ਹੈ, ਇਸੇ ਲਈ ਦੇਰੀ ਨਾ ਕਰੋ, ਦਰਸ਼ਨ ਦਿਉ॥੩॥

ੴ ਸਤਿਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ॥

ਰਾਗੁ ਗਉੜੀ ਰਵਿਦਾਸ ਜੀ ਕੇ ਪਦੇ

ਗਉੜੀ ਗੁਆਰੇਰੀ

ਬੇਗਮ ਪੁਰਾ ਸਹਰ ਕੋ ਨਾਉ॥
ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾ ਤਸਵੀਸ ਖਿਰਾਜੁ ਨਾ ਮਾਲੁ॥
ਖਉਫੁ ਨ ਖਤਾ ਨ ਤਰਸੁ ਜਵਾਲੁ॥ ੧॥
ਅਬ ਮੋਹਿ ਖੂਬ ਵਤਨ ਗਹ ਪਾਈ॥
ਊਹਾਂ ਖੈਰਿ ਸਦਾ ਮੇਰੇ ਭਾਈ॥ ੧॥ ਰਹਾਉ॥
ਕਾਇਮੁ ਦਾਇਮੁ ਸਦਾ ਪਾਤਿਸਾਹੀ॥
ਦੋਮ ਨ ਸੇਮ ਏਕ ਸੋ ਆਹੀ॥
ਆਬਾਦਾਨੁ ਸਦਾ ਮਸਹੂਰ॥
ਊਹਾਂ ਗਨੀ ਬਸਹਿ ਮਾਮੂਰ॥ ੨॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ॥
ਮਹਰਮ ਮਹਲ ਨ ਕੋ ਅਟਕਾਵੈ॥
ਕਹਿ ਰਵਿਦਾਸ ਖਲਾਸ ਚਮਾਰਾ॥
ਜੋ ਹਮ ਸਹਰੀ ਸੁ ਮੀਤੁ ਹਮਾਰਾ॥ ੩॥ ੨॥[1]

ਪਦ ਅਰਥ :— ਬੇਗਮਪੁਰਾ = ਗ਼ਮ ਤੋਂ ਰਹਿਤ, ਅਨੰਦ ਭਰਪੂਰ। **ਸਹਰ** = ਨਗਰ। ਦਰਅਸਲ ਸਹਰ ਦੇ ਅਰਥ ਵਿਸ਼ਵ ਹਨ। ਗੁਰੂ ਰਵਿਦਾਸ ਜੀ ਨੇ ਪਹਿਲੇ ਬੰਦ ਵਿੱਚ ਸ਼ਬਦ 'ਸਹਰ' ਵਰਤਿਆ ਹੈ, 'ਰਹਾਉ' ਵਿੱਚ ਸ਼ਬਦ 'ਵਤਨ' ਵਰਤਿਆ ਹੈ, ਜਿਸ ਵਿੱਚ ਇਸ ਸ਼ਬਦ ਦਾ ਕੇਂਦਰੀ ਭਾਵ ਹੈ। ਫਿਰ ਵਤਨ ਦੀ ਵਿਆਖਿਆ ਗੁਰੂ ਜੀ ਦੂਜੇ ਬੰਦ ਦੀ ਪਹਿਲੀ ਤੁਕ ਵਿਚ ਕਰਦੇ ਹਨ। ਇਹ ਤੁਕ ਸਪਸ਼ਟ ਕਰਦੀ ਹੈ ਕਿ ਵਤਨ ਦਾ ਅਰਥ ਵਿਸ਼ਵ ਵਤਨ ਹੈ, "ਕਾਇਮੁ ਦਾਇਮੁ, ਸਦਾ ਪਾਤਿਸਾਹੀ॥" *ਸੋ ਸਹਰ ਦਾ ਅਰਥ ਵਿਸ਼ਵ-ਵਤਨ ਹੈ।*

ਦੂਖੁ = ਦੁੱਖ। ਵਿਸ਼ਵ ਦੇ ਲੋਕਾਂ ਨੂੰ ਕਿਹੜੇ ਦੁੱਖ ਹਨ? ਦੁੱਖ ਹਨ ਵਿਸ਼ਵ ਸਮਾਜ ਖਾਸ ਕਰ ਭਾਰਤੀ ਸਮਾਜ ਦੇ ਹਿੰਦੂ ਧਰਮ ਅਤੇ ਸਮਾਜ ਦਾ, ਜਿਹੜਾ ਮਨੁੱਖ ਨੂੰ ਮਨੁੱਖ ਨਾਲ ਨਫ਼ਰਤ ਸਿਖਾਉਂਦਾ ਹੈ, ਸ਼ੂਦਰ ਭਗਤੀ ਨਹੀਂ ਕਰ ਸਕਦਾ, ਭਗਤੀ ਕਰਨ ਦੀ ਸਜ਼ਾ ਮੌਤ ਹੈ, ਵੇਦ ਨਹੀਂ ਪੜ੍ਹ ਸਕਦਾ, ਇਸ ਦੀ ਸਜ਼ਾ ਜੀਭ ਕੱਟ ਦੇਣਾ ਹੈ, ਵੇਦ ਸੁਣਨ ਦੀ ਸਜ਼ਾ ਕੰਨਾਂ ਵਿੱਚ ਢਾਲ ਕੇ ਸਿੱਕਾ ਪਾਉਣਾ, ਮੰਦਰ

1. ਆਦਿ ਗ੍ਰੰਥ - ਪੰਨਾ-੩੪੫

ਵਿੱਚ ਨਹੀਂ ਜਾ ਸਕਦਾ, ਵਿਦਿਆ ਨਹੀਂ ਪੜ੍ਹ ਸਕਦਾ, ਗੁਰੂ ਨਹੀਂ ਬਣ ਸਕਦਾ, ਉਹ ਜੂਠਾ ਖਾਵੇਗਾ, ਫਟੇ-ਪੁਰਾਣੇ ਕਪੜੇ ਪਹਿਨੇਗਾ, ਉਹ ਬੇਘਰ ਹੈ, ਉਸਨੂੰ ਕੰਮ ਕਰਨ ਬਦਲੇ ਭੁੱਖ ਮਰੀ ਮਿਲਦੀ ਹੈ, ਇਸ ਦੀ ਪ੍ਰਛਾਈਂ ਹਿੰਦੂ ਨੂੰ ਭ੍ਰਿਸ਼ਟ ਦਿੰਦੀ ਹੈ। ਇਹ ਮਨੁੱਖਤਾ ਦੇ ਦੁਸ਼ਮਣ ਹਿੰਦੂ ਧਰਮ ਦਾ ਪੈਦਾ ਕੀਤਾ ਦੁੱਖ ਹੈ।

ਯੂਰਪੀਅਨ ਜਗਤ ਵਿੱਚ ਗੋਰਿਆਂ ਦਾ ਕਾਲਿਆਂ ਨਾਲ ਗੈਰ-ਮਨੁੱਖੀ ਵਰਤਾਉ ਦਾ ਦੁੱਖ, ਇਸਾਈ ਧਰਮ ਵਿੱਚ ਪ੍ਰੋਟੈਸਟੈਂਟ ਅਤੇ ਕੈਥੋਲਿਕਾਂ ਦਾ ਸਿਰ ਵਢਵੇਂ ਵੈਰ ਦਾ ਦੁੱਖ, ਇਸਲਾਮੀ ਜਗਤ ਵਿੱਚ ਸ਼ੀਆ ਸੁੰਨੀ ਦੀ ਨਫ਼ਰਤ ਅਤੇ ਇਸਲਾਮ ਅਤੇ ਅਹਿਮਦੀਆਂ ਦੀ ਨਫ਼ਰਤ ਦਾ ਦੁੱਖ, ਸਿੱਖ ਜਗਤ ਵਿੱਚ ਅੰਮ੍ਰਿਤਧਾਰੀ ਅਤੇ ਸਹਜਧਾਰੀ ਦਾ ਵਿਵਾਦ। ਦਰਅਸਲ ਉਪਰੋਕਤ ਵਿਆਖਿਆ ਗੁਰੂ ਰਵਿਦਾਸ ਜੀ ਦੀ ਅਟੱਲ ਸੱਚਾਈ ਦੀ ਹੀ ਵਿਆਖਿਆ ਹੈ:

"ਜਤ ਦੇਖਉ ਤਤ ਦੁਖ ਕੀ ਰਾਸੀ॥" ਆਦਿ ਗ੍ਰੰਥ - ੭੧੦

ਵਿਦਵਾਨ ਪ੍ਰਸ਼ਨ ਕਰ ਸਕਦੇ ਹਨ ਕਿ ਕੁਝ ਸਮਸਿਆਵਾਂ ਤਾਂ ਗੁਰੂ ਰਵਿਦਾਸ ਜੀ ਦੇ ਬ੍ਰਹਮਲੀਨ ਹੋਣ ਤੋਂ ਪਿਛੋਂ ਦੀਆਂ ਹਨ ਅਤੇ ਕੁਝ ਸਮੱਸਿਆਵਾਂ ਇਸਾਈ ਮਤ ਦੀਆਂ ਅਤੇ ਯੂਰਪੀਅਨ ਜਗਤ ਦੀਆਂ ਹਨ, ਇਹ ਕਿਸ ਤਰ੍ਹਾਂ ਉਨ੍ਹਾਂ ਦੇ ਵਿਚਾਰ ਨਾਲ ਸੰਬੰਧਤ ਹਨ? ਗੁਰੂ ਜੀ ਦੇ ਲਫਜ਼ 'ਦੂਖ' ਦੀ ਪਹੁੰਚ ਵਿਸ਼ਵ-ਵਿਆਪੀ ਹੈ ਇਸ ਕਰਕੇ ਇਹ ਸ਼ਬਦ ਸਿਧਾਂਤਕ ਹੈ। ਸੋ ਸਿਧਾਂਤਕ ਪੱਖ ਤੋਂ ਅੱਜ ਤੱਕ ਦੀਆਂ ਸਮਾਜਕ, ਧਾਰਮਕ, ਵਿਦਿਅਕ, ਸਦਾਚਾਰਕ, ਆਰਥਕ, ਰਾਜਨੀਤਕ ਆਦਿ ਸਮਸਿਆਵਾਂ ਇਸ ਵਿੱਚ ਸਮੋ ਜਾਂਦੀਆਂ ਹਨ, ਭਾਵੇਂ ਆਰਥਕ ਤੇ ਰਾਜਨੀਤਕ ਸਮੱਸਿਆਵਾਂ ਨੂੰ ਮੁੱਖ ਅਤੇ ਬੁਨਿਆਦੀ ਸਮਝਕੇ ਗੁਰੂ ਜੀ ਨੇ ਲਫਜ਼ 'ਖਉਫ਼' ਅਧੀਨ ਵੀ ਵਿਚਾਰੀਆਂ ਹਨ। ਗੁਰੂ ਰਵਿਦਾਸ ਜੀ ਦੇ ਵਿਸ਼ਵ-ਵਤਨ ਲਈ ਸਿਰਜੇ ਸਿਧਾਂਤ ਵੀ ਵਿਸ਼ਵ-ਵਿਆਪੀ ਹਨ। ਇਥੇ ਇਹ ਵੀ ਸਪਸ਼ਟ ਹੋ ਜਾਂਦਾ ਹੈ ਕਿ ਜਿੰਨਾ ਚਿਰ ਸਹੀ ਅਰਥਾਂ ਵਿਚ 'ਬੇਗਮਪੁਰਾ' ਦਾ ਸੰਕਲਪ ਲਾਗੂ ਨਹੀਂ ਹੁੰਦਾ, ਵਿਸ਼ਵ ਦੀਆਂ ਹਰ ਖੇਤਰ ਦੀਆਂ ਸਮੱਸਿਆਵਾਂ ਇਸ ਸਿਧਾਂਤ ਅਧੀਨ ਆਉਂਦੀਆਂ ਰਹਿਣਗੀਆਂ।

ਅੰਦੋਹੁ = ਚਿੰਤਾ, ਸਮੱਸਿਆਵਾਂ ਦੀ ਚਿੰਤਾ। ਤਸਵੀਸ = ਚਿੰਤਾ, ਘਬਰਾਹਟ। ਖਿਰਾਜੁ = ਮਹਿਸੂਲ, ਟੈਕਸ ਅਧੀਨਗੀ ਕਰ, ਲੋਕਾਂ ਦਾ ਰਾਜਿਆਂ ਨੂੰ ਅਧੀਨਗੀ ਕਰ; ਹਾਰੇ ਹੋਏ ਰਾਜੇ ਦਾ, ਜਿੱਤੇ ਹੋਏ ਰਾਜੇ ਨੂੰ ਅਧੀਨਗੀ ਕਰ ਅਰਥਾਤ ਜਜ਼ੀਆ (Jazia Protection Tax) ਜਿਹੜਾ ਹੁਣੇ ਹੁਣੇ ਅਫਗਾਨਿਸਤਾਨ ਅਤੇ ਪਾਕਿਸਤਾਨ ਵਿਚ ਮੁਸਲਮਾਨ (ਤਾਲਿਬਾਨ) ਅੱਤਵਾਦੀਆਂ ਵੱਲੋਂ ਸਿੱਖਾਂ ਅਤੇ ਹਿੰਦੂਆਂ ਤੇ ਲਾਇਆ। (ਖਿਰਾਜੁ)। ਮਾਲੁ = ਜੱਦੀ ਅਤੇ ਨਿੱਜੀ ਜਾਇਦਾਦ।

ਖਉਫ = ਡਰ, ਹਿੰਦੂ ਰਾਜਿਆਂ ਦੇ ਜ਼ੁਲਮ ਦਾ ਖੌਫ਼, ਮੁਸਲਿਮ ਰਾਜਿਆਂ ਦੇ ਜ਼ੁਲਮ ਦਾ ਖੌਫ਼, ਇਸਾਈ ਮੱਤ ਦੇ ਰਾਜਿਆਂ ਦੇ ਜ਼ੁਲਮ ਦਾ ਖੌਫ਼, ਅੱਜ ਦੇ ਵਿਸ਼ਵ ਦੀਆਂ ਬ੍ਰਾਹਮਣਵਾਦੀ ਸੋਚ ਦੀਆਂ ਸਰਕਾਰਾਂ ਦੇ ਜ਼ੁਲਮ ਦਾ ਖੌਫ਼, ਵਿਸ਼ਵ ਵਿੱਚ ਵਿਚਰ ਰਹੇ ਅਤਿਵਾਦ ਦਾ ਖੌਫ਼।

ਖਤਾ = ਪਾਪ, ਵੈਰ, ਦੋਸ਼। ਨਾ ਖਤਾ = ਨਿਰਵੈਰ। ਖਉਫ ਨ ਖਤਾ = ਨਿਰਭਉ ਅਤੇ ਨਿਰਵੈਰ। ਤਰਸੁ = ਡਰ, ਅਭਿਲਾਖਾ, ਇੱਛਾ। ਤਰਸ ਦਾ ਅਰਥ 'ਡਰ' ਨਹੀਂ 'ਇੱਛਾ' ਢੁਕਦਾ ਹੈ। ਇਸ ਬੰਦ ਦੇ ਪ੍ਰਸੰਗ ਵਿੱਚ ਰਖਕੇ ਜਦੋਂ ਅਸੀਂ "ਨ ਤਰਸ ਜਵਾਲ਼।" ਦਾ ਅਰਥ ਕਰਦੇ ਹਾਂ, ਤਾਂ ਅਰਥ ਬਣਦਾ ਹੈ, ਇੱਛਾਵਾਂ ਤੇ ਕਾਬੂ ਹੋਣ ਕਾਰਣ ਅਵਉੱਨਤੀ ਜਾਂ ਘਾਟਾ ਨਹੀਂ ਹੁੰਦਾ। ਜਵਾਲੁ = ਅਵਉਨਤੀ, ਘਾਟਾ॥ ੧॥

ਖੂਬ = ਉੱਤਮ। ਗਹ = ਸਥਾਨ। ਖੈਰਿ ਸਦਾ = ਸਦੀਵੀ ਸੁੱਖ, ਪਰਮ ਆਨੰਦ। ਮੇਰੇ ਭਾਈ = ਹੇ ਮੇਰੇ ਭਾਈ! ॥ ੧॥ ਰਹਾਉ॥

ਕਾਇਮੁ = ਸਥਿਰ। ਦਾਇਮੁ = ਅਟੱਲ। ਦੋਮ ਨ ਸੇਮ = ਦੂਜ ਤੀਜਾ ਦਰਜਾ ਨਹੀਂ। ਏਕ ਸੋ = ਬਰਾਬਰ ਦਾ ਦਰਜਾ। ਆਹੀ = ਹਨ। ਆਬਾਦਾਨ ਸਦਾ = ਰੂਹਾਨੀ ਆਬਾਦੀ। "ਕਾਇਮੁ ਦਾਇਮੁ ਸਦਾ ਪਾਤਸਾਹੀ" ਸਦੀਵੀ ਵਿਸ਼ਵ ਦੀ ਸਰਕਾਰ ਨੂੰ ਗੁਰੂ ਰਵਿਦਾਸ ਜੀ ਨੇ ਆਬਾਦਾਨ ਕਿਹਾ ਹੈ। ਗਨੀ = ਅਮੀਰ, ਸੂਝ ਬੂਝ ਵਾਲੇ, ਸਦਾਚਾਰਕ ਅਤੇ ਆਤਮਕ ਸ਼ਕਤੀ ਨਾਲ ਭਰਪੂਰ। ਮਾਮੂਰ = ਸਬਰ, ਸੰਤੋਖ, ਇੱਛਾਵਾਂ ਤੋਂ ਮੁਕਤ॥ ੨॥

ਤਿਉ ਤਿਉ = ਓਵੇਂ ਹੀ। ਸੈਲ ਕਰਹਿ = ਅਨੰਦ ਨਾਲ ਟਹਿਲਦੇ ਫਿਰਦੇ ਹਨ। ਜਿਉ ਭਾਵੈ = ਜਿਵੇਂ ਮਨ ਚਾਹੁੰਦਾ ਹੈ। ਮਹਰਮ ਮਹਲ = ਮਹਿਲ ਦੇ ਪੂਰਨ ਭੇਤੀ, ਪਾਤਸ਼ਾਹ ਅਤੇ ਪਰਜਾ ਇੱਕ ਦੂਜੇ ਦੇ ਭੇਤੀ। ਖਲਾਸ = ਪਵਿਤਰ, ਮੁਕਤ, ਖਾਲਸਾ। ਹਮ ਸਹਰੀ = ਇੱਕ ਵਤਨ ਦੇ ਵਾਸੀ॥ ੩॥ ੨॥

ਗੁਰੂ ਰਵਿਦਾਸ ਬਾਣੀ ਅਤੇ ਮਾਰਕਸਵਾਦ

ਗੁਰੂ ਰਵਿਦਾਸ ਜੀ ਨੇ ਇਸ ਸ਼ਬਦ ਵਿੱਚ ਅਟੱਲ ਸਚਾਈਆਂ ਨਿਰੂਪਤ ਕੀਤੀਆਂ ਹਨ। ਇਨ੍ਹਾਂ ਦਾ ਆਧਾਰ ਵਿਗਿਆਨਕ ਸੱਚ ਹੈ। ਇਹੋ ਅਟੱਲ ਸਿਧਾਂਤ ਹੈ।

ਇਸ ਸ਼ਬਦ ਦੇ ਵਿਚਾਰਾਂ ਵਿੱਚ ਐਨੀ ਸਰਲਤਾ, ਐਨੀ ਸਪਸ਼ਟਤਾ, ਐਨੀ ਗਹਿਰਾਈ, ਐਨੀ ਗੰਭੀਰਤਾ, ਐਨੀ ਵਿਸ਼ਾਲਤਾ ਅਤੇ ਪਰਪੱਕਤਾ ਨਿਰੂਪਤ ਹੈ ਕਿ ਇਸ ਸ਼ਬਦ ਦੀ ਸਿਰਜਣਾ ਵਿਚ ਵਰਤਿਆ ਹਰ ਵਾਕ (ਤੁਕ) ਇਥੋਂ ਤੱਕ ਕਿ ਹਰ ਲਫ਼ਜ਼ ਸਿਧਾਂਤਕ ਗੁਣਾਂ ਦਾ ਧਾਰਨੀ ਬਣ ਗਿਆ ਹੈ। ਸੋ ਸ਼ਬਦ ਦਾ ਹਰ ਬੰਦ ਆਪਣੇ ਆਪ ਵਿੱਚ ਇੱਕ ਸਿਧਾਂਤ ਸਮੋਈ ਬੈਠਾ ਹੈ। ਇਸ ਦੀ ਪੋ੍ੜਤਾ ਭਾਰਤ ਦੇ ਪ੍ਰਸਿੱਧ ਸੰਗੀਤ-ਸਾਸ਼ਤਰੀਆਂ ਦੀ ਰਾਗ ਨਿਰਣਾਇਕ ਕਮੇਟੀ ਨੇ ਕੀਤੀ ਹੈ:—

> "ਗਊੜੀ, ਗੰਭੀਰ ਪ੍ਰਕ੍ਰਿਤੀ ਦਾ ਰਾਗ ਹੈ। ਵਿਲਕਦੀ ਆਤਮਾ, ਕ੍ਰਿਪਾ ਦੀ ਜਾਚਨਾ ਕਰਦੀ ਹੈ, ਤੇ ਆਪੇ ਦੀ ਖੋਜ ਕਰਦੀ ਹੈ, ਇਸ ਲਈ ਇਸ ਰਾਗ ਵਿੱਚ ਗੁਰੂ ਸਾਹਿਬ ਨੇ ਮਨ, ਮਤਿ, ਬੁੱਧੀ, ਆਤਮਾ, ਮੌਤ, ਮੁਕਤੀ ਆਦਿਕ ਗੰਭੀਰ ਵਿਸ਼ਿਆਂ ਵਿੱਚ ਗੁਰਬਾਣੀ ਉਚਾਰਨ ਕੀਤੀ ਹੈ। [1]

ਗੁਰੂ ਰਵਿਦਾਸ ਜੀ ਮਹਾਨ ਚਿੰਤਕ ਹਨ। ਉਨ੍ਹਾਂ ਦੀ ਦੂਰ-ਦ੍ਰਿਸ਼ਟੀ, ਡੂੰਘੀ ਸੋਚ, ਵਿਸ਼ਾਲ ਨਜ਼ਰੀਆ, ਵਿਸ਼ਵ-ਵਿਆਪੀ ਗਿਆਨ ਤੇ ਚਮਤਕਾਰੀ, ਕ੍ਰਾਂਤੀਕਾਰੀ ਵਿਗਿਆਨਕ ਪਹੁੰਚ ਨੇ ਸ਼ਬਦ "ਬੇਗਮਪੁਰਾ ਸਹਰ ਕੋ ਨਾਉ" ਵਿਚ ਵਿਸ਼ਵ-ਵਿਆਪੀ ਵਿਚਾਰਧਾਰਾ ਦੀ ਸਿਰਜਣਾ ਕੀਤੀ, ਜਿਹੜੀ ਅੱਜ ਦੇ ਵਿਸ਼ਵ ਦੇ ਮਹਾਨ ਚਿੰਤਕਾਂ ਦੀ ਵਿਚਾਰਧਾਰਾ ਨਾਲੋਂ ਕਿਤੇ ਵੱਧ ਵਿਗਿਆਨਕ, ਤਰਕਯੁਕਤ ਅਤੇ ਅਮਲ ਵਿੱਚ ਪੂਰੀ ਉਤਰਨ ਵਾਲੀ ਹੈ। ਇਸ ਦੀ ਪੋ੍ੜਤਾ ਕਰਦੇ ਡਾ. ਜੀਤ ਸਿੰਘ ਸ਼ੀਤਲ ਲਿਖਦੇ ਹਨ :—

> "ਇਸ ਸੰਧਰਭ ਜਾਂ ਪ੍ਰਸੰਗ ਵਿੱਚ ਜਦ ਅਸੀਂ ਭਗਤ ਰਵਿਦਾਸ ਦੇ ਉਪਰਲੇ ਸ਼ਬਦ (ਬੇਗ਼ਮਪੁਰਾ ਸਹਰ ਕੋ ਨਾਉ॥) ਨੂੰ ਵੇਖਦੇ ਹਾਂ ਤਾਂ ਵੱਡੇ-ਵੱਡੇ ਸਮਾਜ-ਵਿਗਿਆਨੀ, ਬੁਧੀ-ਜੀਵੀ ਤੇ ਰਾਜਸੀ ਸ਼ਾਸਤਰੀ ਚਕ੍ਰਿਤ ਰਹਿ ਜਾਂਦੇ ਹਨ। ਮਾਰਕਸ, ਲੈਨਿਨ ਆਦਿ ਵੀ ਸ਼ਾਇਦ ਅਜੇਹੇ ਸਮ-ਦੇਸ਼, ਸਮ-ਰਾਜ, ਸਮ-ਸ਼ਹਿਰੀ, ਸਮ-ਅਧਿਕਾਰੀ ਤੇ ਮਾਨਵ-

---

1. ਰਾਗ ਨਾਦ ਸਬਦਿ ਸੋਹਣੇ - ਪੰਨਾ : ੫੨

2. ਪੰਜਾਬੀ ਦੁਨੀਆ-ਜੂਨ ਜੁਲਾਈ, ੧੯੭੭-ਗੁਰੂ ਰਵਿਦਾਸ ਵਿਸ਼ੇਸ਼ ਅੰਕ-ਪੰਨਾ ੧੫।

ਵਤਨਗਾਹ ਦਾ ਸੰਕਲਪ ਨਾ ਕਰ ਸਕੇ।। [2]

ਇਸੇ ਲੇਖ ਵਿੱਚ ਇੱਕ ਹੋਰ ਥਾਂ ਡਾ. ਸੀਤਲ ਅਟੱਲ ਸੱਚਾਈ ਦਾ ਭੇਦ ਖੋਲਦੇ, ਲਿਖਦੇ ਹਨ :—

> "ਕਿਸੇ ਮਹਾਨ ਪੁਰਸ਼ ਦੇਸ਼ ਦੀਆਂ ਹੱਦਾਂ ਤੇ ਉਸ ਦੇ ਹਿੱਤਾਂ ਤੋਂ ਉਤਾਂਹ ਉੱਠਕੇ ਸਾਰੇ ਵਿਸ਼ਵ ਤੇ ਝਾਤ ਨਹੀਂ ਮਾਰੀ। ਏਹੀ ਕਾਰਣ ਹੈ ਕਿ ਅੱਜ ਤੱਕ ਅੰਤਰ ਦੇਸ਼ਾਂ ਦੇ ਝਗੜੇ ਨਹੀਂ ਮੁੱਕੇ।" [1]

ਡਾ. ਜੀਤ ਸਿੰਘ ਸ਼ੀਤਲ ਦੇ ਇਨ੍ਹਾਂ ਕਥਨਾਂ ਨਾਲ ਅਟੱਲ ਸੱਚਾਈ ਤੋਂ ਤਾਂ ਪਰਦਾ ਚੁੱਕਿਆ ਹੀ ਗਿਆ ਹੈ, ਉਨ੍ਹਾਂ ਨੇ ਗੁਰੂ ਰਵਿਦਾਸ ਜੀ ਨੂੰ ਇੱਕ ਮਹਾਨਤਮ ਚਿੰਤਕ ਦੇ ਤੌਰ ਤੇ ਵੀ ਤਰਕ ਨਾਲ ਦਲੀਲਾਂ ਦੇਕੇ ਸਿੱਧ ਕੀਤਾ ਹੈ। ਇਸ ਸੰਬੰਧ ਵਿੱਚ ਡਾ. ਸੀਤਲ ਆਪ ਹੀ ਕਥਨ ਕਰਦੇ ਹਨ :—

> "ਕਿਸੇ ਭਗਤ ਨੇ ਅਜੇਹੇ ਰਾਜਸੀ, ਸਮਾਜਕ, ਆਰਥਕ ਜਾਂ ਭੂਗੋਲਕ ਅੰਤਰ-ਰਾਸ਼ਟਰੀ ਦੇਸ਼ ਦੀ ਸਥਾਪਨਾ ਦੀ ਗਲ ਨਹੀਂ ਕੀਤੀ। ਅੱਜ ਤੋਂ ਛੇ ਸੌ ਸਾਲ ਪਹਿਲਾਂ ਅਜੇਹੇ ਵਤਨ ਜਾਂ ਸਰਵ-ਮਾਨਵੀ ਦੇਸ਼ ਬਾਰੇ ਸੋਚਣਾ ਤੇ ਅਨ-ਆਲਾਨੀਆਂ ਉਸ ਦੀ ਰੂਪ ਰੇਖਾ ਉਲੀਕਣਾ ਗੁਰੂ ਰਵਿਦਾਸ ਜੇਹੇ ਵਿਸ਼ਵ-ਮਾਨਵ, ਦੇਵਤਾ ਸਮਾਨ ਪੁਰਸ਼ ਤੇ ਗੁਰੂ-ਰੂਪ ਭਗਤ ਦੇ ਹਿੱਸੇ ਹੀ ਆ ਸਕਿਆ। ਆਪਣੇ ਆਪ ਸਾਡਾ ਸੀਸ ਉਨ੍ਹਾਂ ਦੀ ਮਹਾਨ ਪ੍ਰਤਿਭਾ ਅੱਗੇ ਝੁਕ ਜਾਂਦਾ ਹੈ।" [2]

ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਗੁਰੂ ਰਵਿਦਾਸ ਜੀ ਦੀ 'ਬੇਗਮਪੁਰਾ' ਦੀ ਵਿਚਾਰਧਾਰਾ ਦਾ ਜ਼ਿਕਰ ਕਰਦੇ ਹੋਏ, ਉਨ੍ਹਾਂ ਨੂੰ ਰੂਸੋ ਅਤੇ ਵਾਲਟੇਅਰ ਦਾ ਪੂਰਵਜ ਸਥਾਪਤ ਕਰਦੇ ਹਨ :

> "ਰੂਸੋ ਦੇ ਸੁਤੰਤਰਤਾ, ਬਰਾਬਰੀ ਅਤੇ ਭਾਈਚਾਰਕ ਸਾਂਝ ਦੇ ਜਿਨ੍ਹਾਂ ਵਿਚਾਰਾਂ ਨੂੰ ਇਹ ਸਮਝਿਆ ਜਾਂਦਾ ਹੈ ਕਿ ਇਹ ਸੰਸਾਰ ਵਿੱਚ ਇੱਕ ਨਵੀਂ ਵਿਚਾਰਕ ਕ੍ਰਾਂਤੀ ਦੇ ਜਨਮ-ਦਾਤਾ ਹਨ। ਅਸਲ ਵਿੱਚ ਇਹ ਵਿਚਾਰ ਤਾਂ ਭਾਰਤੀ ਸੰਤ ਪਰੰਪਰਾ ਵਿੱਚ ਚੌਦਵੀਂ ਪੰਦਰਵੀਂ ਸਦੀ ਵਿੱਚ ਪ੍ਰਚਾਰੇ ਗਏ। ਸੰਤ ਰਵਿਦਾਸ ਦੀ ਬਾਣੀ ਅਤੇ ਪ੍ਰਚਾਰ ਦਾ ਧੁਰਾ ਹੀ ਇਹ ਵਿਚਾਰ ਸਨ। ਇਉਂ ਭਗਤ ਰਵਿਦਾਸ ਜੀ ਵਿਚਾਰਕ ਕ੍ਰਾਂਤੀ ਵਿੱਚ ਰੂਸੋ, ਵਾਲਟੇਅਰ ਦੇ ਵੀ ਪੂਰਵਜ ਸਥਾਪਿਤ ਹੁੰਦੇ ਹਨ।" [3]

1. ਓਹੀ-ਪੰਨਾ : ੧੬ 2. ਓਹੀ-ਪੰਨਾ : ੧੩
3. ਰਵਿਦਾਸ - ਅਪ੍ਰੈਲ ੧੯੯੨ ਗੁਰੂ ਰਵਿਦਾਸ ਸਾਹਿਤ ਅਕਾਦਮੀ ਪੰਜਾਬ (ਰਜਿ.) -ਪੰਨਾ : ੨੬

ਇਸ ਕਥਨ ਤੋਂ ਸਪਸ਼ਟ ਹੈ ਕਿ ਗੁਰੂ ਰਵਿਦਾਸ ਜੀ ਵਿਸ਼ਵ ਦੇ ਸਭ ਤੋਂ ਪਹਿਲੇ ਕ੍ਰਾਂਤੀਕਾਰੀ, ਵਿਚਾਰਧਾਰਕ ਅਤੇ ਪ੍ਰਚਾਰਕ ਸਨ।

ਡਾ. ਦਵੇਸ਼ਵਰ 'ਬੇਗਮਪੁਰਾ' ਦੀ ਵਿਚਾਰਧਾਰਾ ਦਾ ਅਧਿਐਨ ਕਰਨ ਪਿਛੋਂ ਹੇਠ ਲਿਖੇ ਸਿੱਟੇ ਤੇ ਪੁੱਜਦੇ ਹਨ :—

> "ਇਸ ਸ਼ਬਦ ਦੀ ਅੰਤਰਾਤਮਾ ਰਾਜਸੀ ਤੌਰ ਤੇ ਲੋਕਤੰਤਰ, ਆਰਥਿਕ ਤੌਰ ਤੇ ਸਮਾਜਵਾਦੀ ਰਾਜ ਅਤੇ ਆਤਮਕ ਤੌਰ ਤੇ ਇੱਕ ਕਲਾਮਈ ਜਗਤ ਜਿਸ ਵਿੱਚ ਸਤਿਅਮ ਸ਼ਿਵਮ ਅਤੇ ਸੁੰਦਰਮ ਦਾ ਪਹਿਰਾ ਹੈ। ਹਰ ਵਿਅਕਤੀ ਦੇ ਸਰਵਪੱਖੀ ਵਿਕਾਸ ਲਈ ਇਥੇ ਪੂਰਨ ਅਵਸਰ ਪ੍ਰਾਪਤ ਹਨ।" [1]

ਉਪਰੋਕਤ ਚਰਚਾ ਤੋਂ ਸਪਸ਼ਟ ਹੋ ਗਿਆ ਹੈ ਕਿ ਗੁਰੂ ਰਵਿਦਾਸ ਜੀ ਦੁਨੀਆਂ ਦੇ ਸਭ ਤੋਂ ਪਹਿਲੇ ਕ੍ਰਾਂਤੀਕਾਰੀ, ਰਾਜਸੀ ਅਤੇ ਆਰਥਕ ਵਿਕਾਸ ਲਈ ਸਮਾਜਵਾਦੀ ਲੋਕਤੰਤਰ ਦੇ ਚਿੰਤਕ, ਸਮਾਜਕ ਤੌਰ ਤੇ ਵਿਸ਼ਵ ਭਾਈਚਾਰੇ ਦੇ ਸਿਰਜਕ ਅਤੇ ਉੱਚ ਪਾਏ ਦੇ ਅਧਿਆਤਮਵਾਦੀ ਹਨ। ਇਸ ਲਈ ਉਹ ਦੁਨੀਆਂ ਦੇ ਪਹਿਲੇ ਮਹਾਨਤਮ ਚਿੰਤਕ ਹਨ।

ਐਡੀ ਮਹਾਨਤਾ ਦੀ ਸਿਖਰ ਤੇ ਪਹੁੰਚਕੇ ਵੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਵਾਲੇ ਅਤੇ ਵਿਚਾਰਨ ਵਾਲੇ ਸਿੱਖ ਜਗਤ ਦੇ ਵਿਦਵਾਨਾਂ ਨੂੰ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨੂੰ ਦੁਨੀਆ ਵਿੱਚ ਉਜਾਗਰ ਕਰਕੇ ਪ੍ਰਚਾਰਨ ਦਾ ਖਿਆਲ ਤੱਕ ਵੀ ਕਿਉਂ ਨਹੀਂ ਆਇਆ? ਇਸ ਦਾ ਕੀ ਕਾਰਣ ਹੈ? ਇਸ ਦਾ ਉੱਤਰ ਸ. ਕਰਤਾਰ ਸਿੰਘ ਵੈਦ ਬੜੇ ਬੇਧੜਕ ਹੋਕੇ ਦਿੰਦੇ ਸਪਸ਼ਟ ਕਰਦੇ ਹਨ ਕਿ ਗੁਰੂ ਰਵਿਦਾਸ ਜੀ ਅਛੂਤ ਹੋਣ ਕਾਰਣ ਗੁਰਮਤ ਦੇ ਖੇਤਰ ਵਿੱਚ ਪਛਾੜੇ ਗਏ ਹਨ। ਉਹ ਲਿਖਦੇ ਹਨ :—

> "ਗੁਰੂ ਰਵਿਦਾਸ ਜਿਥੇ ਉੱਚ ਕੋਟੀ ਦੇ ਅਧਿਆਤਮਕ ਸਨ, ਉਥੇ ਸਮਾਜਵਾਦੀ ਵਿਚਾਰਧਾਰਾ ਦੇ ਨੇਤਾ ਵੀ ਸਨ। ਕਲਿਆਣਕਾਰੀ ਰਾਜ (Welfare State) ਦੇ ਹਾਮੀ ਸਨ ਅਤੇ ਇੰਨਕਲਾਬ ਦੇ ਪੁਜਾਰੀ ਸਨ। ਗੁਰੂ ਰਵਿਦਾਸ ਜੀ ਦਾ ਜਲਾਲ ਇਸ ਕਰਕੇ ਜ਼ਿਆਦਾ ਹਰਮਨ ਪਿਆਰਾ ਨਹੀਂ ਬਣ ਸਕਿਆ, ਜਿੰਨਾ ਕਿ ਗੁਰਮਤ ਬਣ ਸਕਿਆ ਹੈ, ਕਿਉਂਕਿ ਇਨ੍ਹਾਂ ਦੇ ਨਾਮ ਲੇਵਾ ਆਰਥਕ, ਸਮਾਜਕ, ਇਤਿਹਾਸਕ, ਰਾਜਨੀਤਕ ਅਤੇ ਸਭਿਆਚਾਰਕ ਤੌਰ ਤੇ ਪ੍ਰਬੀਨ ਨਹੀਂ ਸਨ, ਜਾਗਰੂਕ ਨਹੀਂ ਸਨ। ਪਛੜੀਆਂ ਜਾਤੀਆਂ ਦੇ ਗੁਰ ਪੀਰ ਵੀ

1. ਓਹੀ - ਪੰਨਾ ੨੭

ਪਛਾੜੇ ਜਾਂਦੇ ਰਹੇ ਹਨ ਜਦ ਕਿ ਉਹ ਵੀ ਉਸੇ ਪਾਇਆ ਤਕਮੀਲ ਦੀ ਗਲ ਕਹਿੰਦੇ ਸਨ ਜਿਸ ਦੀ ਦੂਜੇ ਕਹਿੰਦੇ ਸਨ।" [1]

ਸ. ਵੈਦ ਨੇ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਖਾਸ ਕਰਕੇ 'ਬੇਗ਼ਮਪੁਰ' ਦੀ ਅਦੁਤੀ, ਚਮਤਕਾਰੀ ਵਿਚਾਰਾਧਾਰਾ ਦਾ ਹਰਮਨ ਪਿਆਰਾ ਨਾ ਹੋਣ ਦੇ ਕਾਰਣ ਬੜੇ ਸਪਸ਼ਟ ਅਤੇ ਨਿਰਭੈ ਹੋਕੇ ਬਿਆਨ ਕੀਤੇ ਹਨ :

1. ਪਹਿਲਾ ਕਾਰਣ ਗੁਰੂ ਰਵਿਦਾਸ ਜੀ ਦੇ ਨਾਮ ਲੇਵਾ ਹਰਪੱਖ ਤੋਂ ਹੀ ਜਾਗਰੂਕ ਨਹੀਂ ਸਨ ਜਦਕਿ ਗੁਰਮਤ ਵਿੱਚ ਉੱਚੀਆਂ ਜਾਤੀਆਂ ਨਾਲ ਸੰਬੰਧਤ ਗੁਰੂਆਂ ਦੇ ਨਾਮ ਲੇਵ ਹਰ ਪੱਖੋਂ ਜਾਗਰੂਕ ਸਨ।
2. ਸਮਾਜਕ ਅਤੇ ਸਭਿਆਚਾਰਕ ਤੌਰ ਤੇ ਪਿਛੜੇ ਅਛੂਤਾਂ ਦੇ ਗੁਰੂਆਂ ਨੂੰ ਪਛਾੜਿਆ ਜਾਂਦਾ ਹੈ ਅਤੇ ਉੱਚ ਜਾਤੀ ਦੇ ਗੁਰੂਆਂ ਨੂੰ ਉਭਾਰਿਆ ਜਾਂਦਾ ਹੈ।
3. ਵੈਦ ਸਾਹਿਬ ਦੇ ਉਪਰੋਕਤ ਪੈਰੇ ਵਿੱਚੋਂ ਇਹ ਵੀ ਵਿਚਾਰ ਬਣਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਜਾਤ-ਪਾਤ ਅਤੇ ਛੂਤ-ਛਾਤ ਦੇ ਖੰਡਨ ਦੇ ਬਾਵਜੂਦ ਗੁਰੂ ਘਰ ਦੇ ਉੱਚੀ ਜਾਤੀ ਦੇ ਨਾਮ ਲੇਵਾ ਹਿੰਦੂਆਂ ਵਾਂਗ ਹੀ ਛੂਤ-ਛਾਤ ਦੀ ਪਾਲਣ ਕਰਦੇ ਹਨ। ਸਿੱਟੇ ਵਜੋਂ ਉਹ ਗੁਰੂ ਰਵਿਦਾਸ ਜੀ ਨੂੰ 'ਗੁਰੂ' ਹੀ ਨਹੀਂ ਮੰਨਦੇ, ਹਾਲਾਂਕਿ ਉਨ੍ਹਾਂ ਦੀ ਬਾਣੀ ਵਿੱਚੋਂ ਲਏ ਵਾਕ ਨੂੰ ਵੀ 'ਗੁਰ-ਵਾਕ' ਹੀ ਪ੍ਰਵਾਨ ਕੀਤਾ ਜਾਂਦਾ ਹੈ।

ਸੋ ਉਪਰੋਕਤ ਚਰਚਾ ਤੋਂ ਸਪਸ਼ਟ ਹੋ ਗਿਆ ਹੈ ਕਿ ਗੁਰੂ ਰਵਿਦਾਸ ਜੀ ਦੇ ਸ਼ਬਦ 'ਬੇਗ਼ਮਪੁਰਾ' ਦੀ ਵਿਚਾਰਧਾਰਾ, ਦੁਨੀਆਂ ਦੀਆਂ ਵਿਚਾਰਧਾਰਾਵਾਂ ਨਾਲੋਂ ਹਰ ਪੱਖੋਂ ਉੱਤਮ ਹੈ। ਇਸ ਕਿਸਮ ਦੀ ਵਿਚਾਰਧਾਰਾ ਸੁਕਰਾਤ, ਪਲੈਟੋ, ਥਾਮਸਮੂਰ, ਰੂਸੋ, ਵਾਲਟੇਅਰ, ਮਾਰਕਸ ਏਂਜਲਸ, ਲੈਨਿਨ ਆਦਿ ਨੇ ਵੀ ਦਿੱਤੀ ਹੈ। ਇਨ੍ਹਾਂ ਵਿਚੋਂ ਸਭ ਤੋਂ ਵਧ ਮਹੱਤਵਪੂਰਨ, ਪ੍ਰਸਿਧ ਅਤੇ ਬਹੁਚਰਚਤ ਵਿਚਾਰਧਾਰਾ ਮਾਰਕਸ ਦਾ ਸਮਾਜਵਾਦ ਹੈ। ਇਸ ਨੂੰ ਦੁਨੀਆਂ ਵਿੱਚ ਰੂਸ ਅਤੇ ਕਈ ਦੇਸ਼ਾਂ ਨੇ ਲਾਗੂ ਵੀ ਕੀਤਾ ਹੈ। ਪਰ ਇਹ ਵਿਚਾਰਧਾਰਾ ਤਰਕ ਅਤੇ ਅਮਲ ਵਿੱਚ ਸਹੀ ਨਹੀਂ ਉੱਤਰੀ। ਹੁਣ ਅਸੀਂ ਗੁਰੂ ਰਵਿਦਾਸ ਜੀ ਦੀ 'ਬੇਗ਼ਮਪੁਰਾ' ਦੀ ਵਿਚਾਰਧਾਰਾ ਨਾਲ ਤੁਲਨਾ ਕਰਕੇ ਸਪਸ਼ਟ ਕਰਾਂਗੇ ਕਿ ਕਿਹੜੀ ਵਿਚਾਰਧਾਰਾ ਤਰਕ ਅਤੇ ਅਮਲ ਵਿੱਚ ਪੂਰੀ ਉੱਤਰ ਸਕਦੀ ਹੈ।

ਅਸੀਂ ਮਾਰਕਸ ਦੀ ਵਿਚਾਰਧਾਰਾ ਦਾ ਸੰਖੇਪ ਭਾਰਤ ਰਤਨ ਡਾ. ਬਾਬਾ ਸਾਹਿਬ ਭੀਮ ਰਾਉ ਅੰਬੇਡਕਰ ਦੀ ਪੁਸਤਕ "ਰਾਇਟਿੰਗਜ ਐਂਡ ਸਪੀਚਜ ਵੋਲ:3 ਵਿੱਚੋਂ ਲਿਆ ਹੈ। ਡਾ. ਅੰਬੇਡਕਰ ਅਨੁਸਾਰ ਮਾਰਕਸ ਦੀ ਵਿਚਾਰਧਾਰਾ ਦੇ ਮੁੱਖ

1. ਪੰਜਾਬੀ ਦੁਨੀਆਂ : ਜੁਲਾਈ-ਅਗਸਤ ੧੯੭੧ - ਗੁਰੂ ਰਵਿਦਾਸ ਅੰਕ - ਪੰਨਾ : ੧੦੨

ਨੁਕਤੇ ਇਹ ਹਨ। ਇਕੱਲੇ ਇਕੱਲੇ ਤੌਰ ਤੇ ਇਨ੍ਹਾਂ ਨੁਕਤਿਆਂ ਨੂੰ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨਾਲ ਤੁਲਨਾ ਕਰਕੇ ਪਰਖਦੇ ਹਾਂ :—

1. "ਮਾਰਕਸ ਦੀ ਵਿਚਾਰਧਾਰਾ ਦਾ ਮੰਤਵ ਜਗਤ ਦੀ ਮੁੜ ਉਸਾਰੀ ਕਰਨਾ ਹੈ, ਵਿਸ਼ਵ ਦੀ ਉਤਪਤੀ ਦੀ ਵਿਆਖਿਆ ਕਰਨਾ ਨਹੀਂ ਹੈ। [1]

ਮਾਰਕਸ ਤੋਂ ਕਈ ਸੌ ਸਾਲ ਪਹਿਲਾਂ ਗੁਰੂ ਰਵਿਦਾਸ ਜੀ ਦੇ 'ਬੇਗ਼ਮਪੁਰਾ' ਵਿਚ ਦਿੱਤੀ ਸਮਾਜਵਾਦੀ-ਲੋਕਤੰਤਰਕ ਵਿਚਾਰਧਾਰਾ ਦਾ ਮੰਤਵ ਵੀ ਜਗਤ ਦੀ ਆਰਥਕ, ਰਾਜਨੀਤਕ, ਸਮਾਜਕ, ਧਾਰਮਕ, ਸਦਾਚਾਰਕ ਆਦਿ ਦੀ ਵਿਵਸਥਾ ਨੂੰ ਨਿਆਂ ਅਤੇ ਬਰਾਬਰੀ ਦੇ ਆਧਾਰ ਤੇ ਆਤਮਕ ਸ਼ਕਤੀ ਅਨੁਸਾਰ "ਮੁੜ-ਉਸਾਰੀ ਨਹੀਂ" ਸਗੋ "ਨਵ-ਉਸਾਰੀ" ਕਰਨਾ ਹੈ, ਜਗਤ ਦੀ ਉਤਪਤੀ ਦੇ ਸਿਧਾਤਾਂ ਦੀ ਵਿਆਖਿਆ ਕਰਨਾ ਇਸ ਸ਼ਬਦ ਦਾ ਮੰਤਵ ਨਹੀਂ ਹੈ।

2. ਮਾਰਕਸ ਅਨੁਸਾਰ, "ਉਹ ਸ਼ਕਤੀਆ, ਜਿਹੜੀਆਂ ਇਤਿਹਾਸ ਸਿਰਜਦੀਆਂ ਹਨ, ਬੁਨਿਆਦੀ ਤੌਰ ਤੇ ਆਰਥਕ ਸ਼ਕਤੀਆਂ ਹਨ।" [2]

ਗੁਰੂ ਰਵਿਦਾਸ ਜੀ ਨੇ ਇਤਿਹਾਸ ਸਿਰਜਣ ਵਾਲੀਆਂ ਸ਼ਕਤੀਆਂ ਨੂੰ ਆਰਥਕ ਸ਼ਕਤੀਆਂ ਨਹੀਂ ਮੰਨਿਆ। ਉਨ੍ਹਾਂ ਅਨੁਸਾਰ ਇਤਿਹਾਸਕ ਸਿਰਜਕ ਸ਼ਕਤੀਆਂ ਦਾ ਆਧਾਰ ਤਾਂ ਸਦਾਚਾਰਕ ਅਤੇ ਆਤਮਕ ਸ਼ਕਤੀਆਂ ਹਨ। ਸਦਾਚਾਰਕ ਅਤੇ ਆਤਮਕ ਸ਼ਕਤੀਆਂ ਦਾ ਆਧਾਰ ਕੁਦਰਤੀ ਨਿਯਮ ਜਾਂ ਸਿਧਾਂਤ ਹਨ। ਕੁਦਰਤੀ ਨਿਯਮ ਅਟੱਲ ਹਨ, ਵਿਗਿਆਨਕ ਹਨ। ਇਨ੍ਹਾਂ ਨੂੰ ਬੜੀ ਪ੍ਰਵੀਨਤਾ ਨਾਲ ਗੁਰੂ ਜੀ ਨੇ 'ਬੇਗ਼ਮਪੁਰਾ' ਵਿੱਚ ਨਿਰੂਪਤ ਕੀਤਾ ਹੈ।

ਕਾਇਮੁ ਦਾਇਮੁ ਸਦਾ ਪਾਤਿਸਾਹੀ॥ ਦੋਮ ਨ ਸੇਮ ਏਕ ਸੋ ਆਹੀ॥
ਆਬਾਦਾਨ ਸਦਾ ਮਸਹੂਰ॥ ਊਹਾਂ ਗਨੀ ਬਸਹਿ ਮਾਮੂਰ॥ ੨॥

ਬੇਗਮ ਪੁਰਾ ਵਿੱਚ ਸਦਾਚਾਰਕ ਅਤੇ ਆਤਮਕ ਸ਼ਕਤੀ ਵਿਚ ਅਮੀਰ ਭਾਵ ਸੰਤੁਸ਼ਟ ਲੋਕ ਵਸਦੇ ਹਨ। ਉਹ ਸਦਾ ਸਦਾ ਤੋਂ ਪ੍ਰਸਿੱਧ ਹੈ। ਇਹ ਪ੍ਰਬੰਧ ਸਦਾ ਲਈ ਕਾਇਮ ਹੈ ਅਤੇ ਸਾਰੇ ਸ਼ਹਿਰੀਆਂ ਦੇ ਹੱਕ ਬਰਾਬਰ ਹਨ।

ਪਰ ਇਸ ਤੋਂ ਉਲਟ ਮਾਰਕਸ ਦੀ ਵਿਚਾਰਧਾਰਾ ਵਿੱਚ ਨਿਰੂਪਤ ਆਰਥਕ ਸ਼ਕਤੀਆਂ ਇਤਿਹਾਸ ਤਾਂ ਸਿਰਜਦੀਆਂ ਹਨ, ਪਰ ਉਹ ਟਿਕ ਨਹੀਂ ਪਾਉਂਦੀਆਂ। ਉਹ ਤਬਾਹ ਹੋ ਜਾਂਦੀਆਂ ਹਨ। ਇਸ ਕਰਕੇ ਅਜਿਹਾ ਸਿਰਜਿਆ ਇਤਿਹਾਸ ਕੇਵਲ ਇਤਿਹਾਸ ਬਣਕੇ ਹੀ ਰਹਿ ਜਾਂਦਾ ਹੈ, ਕਿਉਂਕਿ ਇਸ ਵਿਗਿਆਨਕ ਅਰਥਚਾਰੇ ਦੇ ਪ੍ਰਬੰਧ ਦਾ ਆਧਾਰ ਕਿਸੇ ਸਦਾਚਾਰਕ ਜਾਂ ਆਤਮਕ ਸ਼ਕਤੀ ਦੇ ਸਿਧਾਂਤ ਤੇ ਨਹੀਂ ਟਿਕਿਆ ਹੋਇਆ। ਸਦਾਚਾਰਕ ਅਤੇ ਆਤਮਕ

1. ਤੋਂ 2. ਡਾ. ਬਾਵਾ ਸਾਹਿਬ ਅੰਬੇਡਕਰ-ਰਾਇਟਿੰਗ ਐਂਡ ਸਪੀਚਿਜ਼ -ਵੋਲ.੩-ਪੰਨਾ-੪੪੩

ਸ਼ਕਤੀਆਂ ਦੀ ਘਾਟ ਕਾਰਣ, U.S.S.R ਦਾ ਸਿਰਜਿਆ ਇਤਿਹਾਸ ਖੇਰੂ ਖੇਰੂ ਹੋ ਗਿਆ।

ਪਰ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਦਾ ਆਧਾਰ ਸਦਾਚਾਰਕ ਅਤੇ ਆਤਮਕ ਸ਼ਕਤੀ ਹੈ। ਇਨ੍ਹਾਂ ਦੇ ਆਧਾਰ ਤੇ ਸਿਰਜਿਆ ਇਤਿਹਾਸ ਕਿਸੇ ਵੀ ਤਰ੍ਹਾਂ ਫੇਲ ਨਹੀਂ ਹੋ ਸਕਦਾ। ਪ੍ਰਸ਼ਨ ਉੱਠ ਸਕਦਾ ਹੈ ਕਿ ਹਿੰਦੂ ਧਰਮ ਵਿੱਚ ਸ੍ਰੀ ਰਾਮ ਦਾ 'ਰਾਮ ਰਾਜ' ਕਿਉਂ ਤਬਾਹ ਹੋ ਗਿਆ? ਹੁਣ ਤੱਕ ਦੀਆਂ ਮਿਥਿਹਾਸਕ ਅਤੇ ਇਤਿਹਾਸਕ ਗਵਾਹੀਆਂ ਜਿਵੇਂ ਸ੍ਰੀ ਰਾਮ ਹੱਥੋਂ ਸ਼ੂਦਰ ਮਹਾਂਰਿਸ਼ੀ ਸੰਭੂਕ ਦਾ ਕਤਲ,[1] ਇਹ ਦ੍ਰਿੜ ਕਰਦੀਆਂ ਹਨ ਕਿ ਇਸ ਰਾਜ ਦੇ ਤਬਾਹ ਹੋਣ ਦਾ ਕਾਰਣ ਹਿੰਦੂ ਧਰਮ ਵਿੱਚ ਅਗਵਾਈ ਕਰਨ ਵਾਲੇ ਸਿਧਾਂਤ ਨਿਆਂ ਅਤੇ ਬਰਾਬਰੀ ਤੇ ਆਧਾਰਤ ਸਦਾਚਾਰਕ ਅਤੇ ਆਤਮਕ ਸ਼ਕਤੀਆਂ ਵਾਲੇ ਨਹੀਂ ਸਨ।

ਸੋ ਗੁਰੂ ਰਵਿਦਾਸ ਜੀ ਦੀ 'ਬੇਗ਼ਮਪੁਰਾ' ਦੀ ਵਿਚਾਰਧਾਰਾ ਅਨੁਸਾਰ ਸਿਰਜਿਆ ਇਤਿਹਾਸ ਭਾਵ ਰਾਜ-ਪ੍ਰਬੰਧ ਸਦੀਵੀ ਹੈ ਕਿਉਂਕਿ ਇਸ ਦਾ ਆਧਾਰ ਸਦਾਚਾਰਕ ਅਤੇ ਆਤਮਕ ਸ਼ਕਤੀਆਂ ਹਨ ਅਤੇ ਇਹ ਨਿਆਂ ਅਤੇ ਬਰਾਬਰੀ ਦੇ ਸਿਧਾਂਤ ਤੇ ਆਧਾਰਤ ਹਨ।

3. ਮਾਰਕਸ ਅਨੁਸਾਰ, "ਸਮਾਜ ਮਾਲਕ ਤੇ ਮਜ਼ਦੂਰ ਦੋ ਜਮਾਤਾਂ ਵਿੱਚ ਵੰਡਿਆ ਹੋਇਆ ਹੈ।" [2]

ਗੁਰੂ ਰਵਿਦਾਸ ਜੀ ਦੇ 'ਬੇਗ਼ਮਪੁਰੇ' ਦਾ ਜਗਤ-ਪ੍ਰਬੰਧ ਮਾਲਕ ਅਤੇ ਮਜ਼ਦੂਰ ਵਿੱਚ ਨਹੀਂ ਵੰਡਿਆ ਹੋਇਆ। ਇਥੇ ਕੋਈ ਮਾਲਕ ਨਹੀਂ ਅਤੇ ਨਾ ਹੀ ਕੋਈ ਮਜ਼ਦੂਰ ਹੈ। ਸਭ ਬਰਾਬਰ ਹਨ। ਇਹ ਸਦੀਵੀ ਪਾਤਸ਼ਾਹ ਦਾ ਰਾਜ ਪ੍ਰਬੰਧ ਹੈ। ਇਥੇ ਸਦੀਵੀ ਪਾਤਸ਼ਾਹ ਤੋਂ ਬਿਨਾਂ ਕੋਈ ਰਾਜਾ ਨਹੀਂ ਜਿਹੜਾ ਆਪਣੇ ਭੋਗ ਵਿਲਾਸ ਲਈ ਸ਼ਹਿਰੀਆਂ ਤੋਂ ਅਧੀਨਗੀ ਕਰ ਵਸੂਲ ਕਰੇ, ਇਥੇ ਕੋਈ ਜੇਤੂ ਰਾਜਾ ਨਹੀਂ ਜਿਹੜਾ ਆਪਣੀ ਹੈਂਕੜ ਕਾਰਣ ਹਾਰੇ ਹੋਏ ਰਾਜੇ ਤੋਂ ਖਿਰਾਜ ਵਸੂਲ ਕਰੇ। ਇਸ ਦਾ ਅਰਥ ਇਹ ਹੈ ਕਿ ਇਸ ਰਾਜ ਪ੍ਰਬੰਧ ਨੂੰ ਕਾਇਮ ਰੱਖਣ ਲਈ ਫੌਜ, ਪੁਲਿਸ ਜਾਂ ਹੋਰ ਖ਼ੂਨ ਖਰਾਬਾ ਕਰਕੇ ਡਰ ਪੈਦਾ ਕਰਨ ਵਾਲੀ ਸੰਸਥਾ ਦੀ ਲੋੜ ਨਹੀਂ ਹੈ। ਇਹ ਤੱਥ ਹੋਰ ਵੀ ਦ੍ਰਿੜ ਹੋ ਜਾਂਦਾ ਹੈ ਜਦੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਥੇ ਕਿਸੇ ਦੀ ਨਿੱਜੀ ਜਾਂ ਜੱਦੀ ਜਾਇਦਾਦ ਨਹੀਂ, ਜਿਸ ਕਾਰਣ ਕਰ ਵਸੂਲ ਕੀਤਾ ਜਾ ਸਕੇ। ਇਥੇ ਕੋਈ ਸ਼ਹਿਰੀ ਕਿਸੇ ਦੇ ਅਧੀਨ ਨਹੀਂ ਹੈ। ਸੋ ਹਰ ਸ਼ਹਿਰੀ ਆਰਥਕ ਸੁਤੰਤਰਤਾ ਕਾਰਣ ਚਿੰਤਾ ਅਤੇ ਘਬਰਾਹਟ ਤੋਂ ਵੀ ਸੁਤੰਤਰ ਹੈ। ਇਸ ਕਰਕੇ ਹਰ ਸ਼ਹਿਰੀ ਮਾਨਸਿਕ ਤੌਰ ਤੇ ਵੀ ਸੁਤੰਤਰ ਹੈ ਅਤੇ ਸਦਾ ਖੁਸ਼ੀਆਂ ਵਿੱਚ

1. ਸ੍ਰੀਮਦ ਵਾਲਮੀਕੀ ਰਾਮਾਇਣ (ਹਿੰਦੀ ਭਾਸ਼ਾ) ਅਨੁਵਾਦ ਸਹਿਤ ਅਨੁਵਾਦਕ ਚਤੁਰਵੇਦੀ ਦੁਆਰਕਾ ਪ੍ਰਸ਼ਾਦ ਸ਼ਰਮਾ - ੧੦.੭੬.੪

2. ਓਹੀ - ਪੰਨਾ-੪੪੩

ਭਰਪੂਰ ਹੈ।

ਬੇਗਮ ਪੁਰਾ ਸਹਰ ਕੋ ਨਾਉ॥
ਦੂਖੁ ਅੰਦੋਹੁ ਨਹੀਂ ਤਿਹਿ ਠਾਉ॥
ਨਾ ਤਸਵੀਸ ਖਿਰਾਜੁ ਨ ਮਾਲੁ॥
ਖਉਫੁ ਨ ਖਤਾ ਨ ਤਰਸੁ ਜਵਾਲੁ॥੧॥

ਸੋ ਇਸ ਸਦੀਵੀ ਰਾਜ ਪ੍ਰਬੰਧ ਵਿੱਚ ਨਿੱਜੀ ਜਾਂ ਜੱਦੀ ਜਾਇਦਾਦ ਨਾ ਹੋਣ ਕਰਕੇ ਨਾ ਕੋਈ ਮਾਲਕ ਹੈ ਅਤੇ ਨਾ ਹੀ ਮਜ਼ਦੂਰ ਹੈ। ਸਾਰਿਆਂ ਦੇ ਹੱਕ ਬਰਾਬਰ ਹਨ। ਸੋ ਇਹ ਰਾਜ ਪ੍ਰਬੰਧ ਹਰ ਪੱਖੋਂ ਉੱਤਮ ਅਤੇ ਸਦੀਵੀ ਹੈ।

4. ਮਾਰਕਸ ਅਨੁਸਾਰ, "ਇਨ੍ਹਾਂ ਦੋਹਾਂ ਜਮਾਤਾਂ ਵਿੱਚ ਜਮਾਤੀ ਟਕਰਾਉ ਸਦਾ ਚਲਦਾ ਰਹਿੰਦਾ ਹੈ।" [1]

ਮਾਰਕਸ ਦਾ ਜਮਾਤੀ ਵੰਡ ਦਾ ਸਿਧਾਂਤ ਵੀ ਗੁਰੂ ਰਵਿਦਾਸ ਜੀ ਦੇ ਜਗਤ-ਸ਼ਹਿਰੀ ਦੇ ਸਿਧਾਂਤ ਅਧੀਨ ਰੱਦ ਹੋ ਜਾਂਦਾ ਹੈ। ਜਮਾਤੀ ਵੰਡ ਤਾਂ ਉਥੇ ਹੁੰਦੀ ਹੈ, ਜਿਥੇ ਜਾਇਦਾਦ ਦੀ ਮਾਲਕੀ ਦਾ ਝਗੜਾ ਹੁੰਦਾ ਹੈ। ਬੇਗ਼ਮਪੁਰਾ ਦੀ ਵਿਚਾਰਧਾਰਾ ਅਨੁਸਾਰ ਕੋਈ ਕਿਸੇ ਦਾ ਮਾਲਕ ਨਹੀਂ ਅਤੇ ਨਾ ਹੀ ਕੋਈ ਕਿਸੇ ਦੇ ਅਧੀਨ ਹੈ। ਇਸ ਕਰਕੇ ਕੋਈ ਝਗੜਾ ਹੀ ਨਹੀਂ ਹੈ ਅਤੇ ਨਾ ਹੀ ਕੋਈ ਜਮਾਤੀ ਵੰਡ ਹੈ।

ਇਹ ਰਾਜ-ਪ੍ਰਬੰਧ ਸਮਾਜਵਾਦੀ ਲੋਕਤੰਤਰ ਪ੍ਰਬੰਧ ਹੈ। ਉਥੇ ਸਦਾ ਹੀ ਖੈਰ ਹੈ, ਸਦੀਵੀ ਖੁਸ਼ੀਆਂ ਹਨ। ਉਥੇ ਸ਼ਹਿਰੀਆਂ ਨੂੰ ਸੰਪੂਰਨ ਸਮਾਜਕ ਸੁਤੰਤਰਤਾ ਹੈ।

ਅਬ ਮੋਹਿ ਖੂਬ ਵਤਨ ਗਹ ਪਾਈ॥
ਊਹਾ ਖੈਰ ਸਦਾ ਮੇਰੇ ਭਾਈ॥੧॥ ਰਹਾਉ॥

ਇਸ ਤਰ੍ਹਾਂ ਇਹ ਰਾਜ ਪ੍ਰਬੰਧ ਵਿੱਚ ਮਾਰਕਸ ਵਾਂਗ ਜਗਤ-ਸ਼ਹਿਰੀ ਦੋ ਜਮਾਤਾਂ ਵਿੱਚ ਨਹੀਂ ਵੰਡਿਆ ਹੋਇਆ। ਇਸ ਕਰਕੇ ਸ਼ਹਿਰੀਆਂ ਵਿੱਚ ਆਪਸੀ ਟਕਰਾਉ ਵੀ ਕੋਈ ਨਹੀਂ ਹੈ।

5. ਮਾਰਕਸ ਅਨੁਸਾਰ, "ਮਾਲਕ, ਮਜ਼ਦੂਰ ਦੀ ਕੀਤੀ ਮਿਹਨਤ ਸਦਕਾ ਕੀਤੀ ਵਾਧੂ ਕਮਾਈ ਦਾ ਸੋਸ਼ਣ ਕਰਦੇ ਹਨ।" [2]

ਗੁਰੂ ਰਵਿਦਾਸ ਜੀ ਦੇ 'ਬੇਗ਼ਮਪੁਰਾ' ਦੇ ਸੰਕਲਪ ਅਧੀਨ ਸੋਸ਼ਣ ਦੀ ਕੋਈ ਥਾਂ ਨਹੀਂ ਹੈ। ਇਥੇ ਨਾ ਕੋਈ ਮਜ਼ਦੂਰ ਹੈ ਅਤੇ ਨਾ ਹੀ ਮਾਲਕ ਜਿਥੇ ਕਿਸੇ ਦੀ ਕੋਈ ਜਾਇਦਾਦ ਨਹੀਂ, ਜਿਥੇ ਕਿਸੇ ਕਿਸਮ ਦੀ ਕੋਈ ਅਧੀਨਗੀ ਨਹੀਂ, ਕਿਸੇ ਕਿਸਮ ਦਾ ਕੋਈ ਕਰ ਨਹੀਂ ਦੇਣਾ ਪੈਂਦਾ, ਉਥੇ ਕੌਣ, ਕਿਸ ਦਾ ਸੋਸ਼ਣ ਕਰੇਗਾ? ਉਥੇ ਤਾਂ ਸੋਸ਼ਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਸ ਪ੍ਰਬੰਧ ਅਧੀਨ ਸਾਰੇ ਹੀ ਭਾਈ-ਭਾਈ ਹਨ, ਆਪਸੀ ਪਿਆਰ ਵਿੱਚ ਬੱਝੇ ਹੋਏ ਹਨ। ਉਥੇ ਸਭ ਨਿਰਭਉ

1-2. ਓਹੀ - ਪੰਨਾ-੪੪੩

ਅਤੇ ਨਿਰਵੈਰ ਹਨ ਅਤੇ ਇਸ ਅਨੁਸਾਰ ਹੀ ਪਾਤਸ਼ਾਹ ਅਤੇ ਉਸਦੇ ਸ਼ਹਿਰੀਆਂ ਦਾ ਰਿਸ਼ਤਾ ਹੈ। ਅਜਿਹੇ ਵਾਤਾਵਰਣ ਵਿੱਚ ਸੋਸ਼ਣ ਕਿਵੇਂ ਹੋ ਸਕਦਾ ਹੈ? ਸੋਸ਼ਣ ਕੌਣ ਕਰੇਗਾ? ਸੋਸ਼ਣ ਕਿਸ ਦਾ ਕਰੇਗਾ? ਉੱਤਰ ਸਪਸ਼ਟ ਹੈ। ਨਾ ਕੋਈ ਸੋਸ਼ਣ ਕਰਨ ਵਾਲਾ ਹੈ ਅਤੇ ਨਾ ਹੀ ਸਹਿਨ ਵਾਲਾ। ਇਸ ਲਈ ਇਸ ਰਾਜ-ਪ੍ਰਬੰਧ ਅਧੀਨ ਸੋਸ਼ਣ ਹੋ ਹੀ ਨਹੀਂ ਸਕਦਾ।

ਨਾਂ ਤਸਵੀਸ ਖਿਰਾਜ ਨ ਮਾਲੁ॥
ਖਉਫੁ ਨ ਖਤਾ ਨ ਤਰਸ ਜਵਾਲੁ॥੧॥
ਅਬ ਮੋਹਿ ਖੂਬ ਵਤਨ ਗਹ ਪਾਈ॥
ਊਹਾਂ ਖੈਰਿ ਸਦਾ ਮੇਰੇ ਭਾਈ॥੧॥ ਰਹਾਉ॥

ਇਸ ਰਾਜ ਪ੍ਰਬੰਧ ਵਿੱਚ ਸੋਸ਼ਣ ਨਾਉ ਦੀ ਕੋਈ ਚੀਜ਼ ਨਹੀਂ ਹੈ। ਇਸ ਵਤਨ ਦੇ ਸ਼ਹਿਰੀ ਸਦਾਚਾਰਕ ਅਤੇ ਆਤਮਕ ਤੌਰ ਤੇ ਸੱਚੇ ਸੁੱਚੇ ਹਨ।

6. ਮਾਰਕਸ ਅਨੁਸਾਰ, "ਇਹ ਸੋਸ਼ਣ ਨਿੱਜੀ ਜਾਇਦਾਦ ਦਾ ਰਾਸ਼ਟਰੀਕਰਣ ਕਰਕੇ ਬੰਦ ਕੀਤਾ ਜਾ ਸਕਦਾ ਹੈ।"[1]

ਸੋਸ਼ਣ, ਕੇਵਲ ਨਿੱਜੀ ਜਾਇਦਾਦ ਦਾ ਰਾਸ਼ਟਰੀਕਰਣ ਕਰਕੇ ਹੀ ਖਤਮ ਨਹੀਂ ਕੀਤਾ ਜਾ ਸਕਦਾ। ਜੇ ਅਜਿਹਾ ਹੋ ਸਕਦਾ ਹੁੰਦਾ ਤਾਂ U.S.S.R. ਵਿੱਚ ਸੋਸ਼ਣ ਖਤਮ ਹੋ ਜਾਣਾ ਚਾਹੀਦਾ ਸੀ। ਇਥੇ ਰਾਸ਼ਟਰੀਕਰਣ ਦੇ ਬਾਵਜੂਦ ਸੋਸ਼ਣ ਹੁੰਦਾ ਰਿਹਾ। ਜਿਸ ਦੇ ਫਲਸਰੂਪ ਯੂ.ਐਸ.ਐਸ.ਆਰ. ਦੁਨੀਆ ਦੇ ਨਕਸ਼ੇ ਤੋਂ ਹੀ ਲੋਪ (ਮਿਟ) ਹੋ ਗਿਆ। ਯੂ.ਐਸ.ਐਸ.ਆਰ. ਦੇ ਟੁੱਟਣ ਦਾ ਬੁਨਿਆਦੀ ਕਾਰਣ ਨਿੱਜੀ ਜਾਇਦਾਦ ਦਾ ਰਾਸ਼ਟਰੀਕਰਣ ਕਰਨਾ ਹੀ ਸੀ। ਇਹ ਰਾਸ਼ਟਰੀਕਰਣ ਮਾਰਕਸ ਦੀ ਵਿਚਾਰਧਾਰਾ ਦਾ ਆਧਾਰ ਹੈ ਅਤੇ ਪ੍ਰੋਲਤੇਰੀਅਨ ਤਾਨਾਸ਼ਾਹੀ ਦੀ ਬੁਨਿਆਦੀ ਸ਼ਕਤੀ।

ਇਸ ਤਰ੍ਹਾਂ ਮਾਰਕਸ ਦੀ ਸਭ ਤੋਂ ਵੱਡੀ ਸ਼ਕਤੀਸ਼ਾਲੀ ਬੁਨਿਆਦ ਹੀ ਉਸ ਦੇ ਸਿਧਾਂਤ ਦੀ ਸਭ ਤੋਂ ਵੱਡੀ ਸ਼ਕਤੀਸ਼ਾਲੀ ਕਮਜ਼ੋਰੀ ਦੇ ਰੂਪ ਵਿੱਚ ਪ੍ਰਗਟ ਹੋਈ। ਸੋ ਸਿੱਟਾ ਸਪਸ਼ਟ ਹੈ ਕਿ ਨਿੱਜੀ ਜਾਇਦਾਦ ਦੇ ਰਾਸ਼ਟਰੀਕਰਣ ਨਾਲ ਸੋਸ਼ਣ ਖਤਮ ਨਹੀਂ ਹੋ ਸਕਦਾ।

ਗੁਰੂ ਰਵਿਦਾਸ ਜੀ ਨੇ ਮਾਰਕਸ ਤੋਂ ਕਈ ਸਦੀਆਂ ਪਹਿਲਾਂ 'ਬੇ.ਗਮਪੁਰਾ' ਵਿੱਚ ਸਮਾਜਵਾਦੀ ਲੋਕਤੰਤਰ ਦਾ ਸਿਧਾਂਤ ਨਿਰੂਪਤ ਕੀਤਾ, ਜਿਸ ਦਾ ਆਧਾਰ ਉਨ੍ਹਾਂ ਨੇ ਸ਼ਕਤੀਸ਼ਾਲੀ ਸਦਾਚਾਰਕ, ਆਤਮਕ ਸ਼ਕਤੀ ਨੂੰ ਬਣਾਇਆ। ਇਸ ਕਾਰਣ ਹੀ ਵਿਦਵਾਨਾਂ ਦਾ ਵਿਚਾਰ ਹੈ ਕਿ ਵਿਸ਼ਵ-ਸਰਕਾਰ (World Government) ਦੇ ਸੰਵਿਧਾਨ ਦਾ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਅਤੇ

1. ਓਹੀ - ਪੰਨਾ-੪੪੩

ਖਾਸ ਕਰਕੇ ਗੁਰੂ ਰਵਿਦਾਸ ਜੀ ਦੇ ਵਿਚਾਰਾਂ ਅਧੀਨ ਸ਼ਬਦ 'ਬੇ.ਗਮਪੁਰਾ' ਦੀ ਵਿਚਾਰਧਾਰਾ, ਆਧਾਰ ਬਣੇਗੀ। ਇਸ ਵਿਚਾਰਧਾਰਾ ਦੀ ਅਗਵਾਈ ਅਧੀਨ ਸਿਰਜਿਆ 'ਬੇ.ਗਮਪੁਰਾ' ਮਾਡਲ, ਵਿਸ਼ਵ ਸਰਕਾਰ ਦਾ ਮਾਡਲ ਹੋਵੇਗਾ, ਜਿਹੜਾ ਹੋਂਦ ਵਿੱਚ ਆਉਣ ਪਿਛੋਂ ਸਦਾ ਸਦਾ ਕਾਇਮ ਰਹੇਗਾ।

ਸੋ ਰਾਸ਼ਟਰੀਕਰਣ ਪੱਖੋਂ ਵੀ ਮਾਰਕਸ ਦਾ ਸਿਧਾਂਤ ਤਰਕ ਅਤੇ ਅਮਲ ਵਿੱਚ ਫੇਲ੍ਹ ਹੋ ਗਿਆ ਹੈ। ਇਸ ਤਰ੍ਹਾਂ ਮਾਰਕਸ ਦਾ ਸਿਧਾਂਤ ਥੋੜ੍ਹ ਚਿਰਾ ਹੈ ਅਤੇ ਅਸਥਿਰਤਾ ਪੈਦਾ ਕਰਨ ਵਾਲਾ ਹੈ।

ਪਰ ਗੁਰੂ ਰਵਿਦਾਸ ਜੀ ਦਾ ਸਿਧਾਂਤ ਸਦੀਵੀ ਅਤੇ ਟਿਕਾਊ ਹੈ ਅਤੇ ਜਗਤ-ਭਾਈਚਾਰੇ ਦੀ ਸਿਰਜਣਾ ਕਰਦਾ ਹੈ।

ਕਾਇਮੁ ਦਾਇਮੁ ਸਦਾ ਪਾਤਸਾਹੀ॥
- - - - - - - - - - - - - - -
ਨਾ ਤਸਵੀਸ ਖਿਰਾਜ ਨ ਮਾਲੁ॥

7. ਮਾਰਕਸ ਅਨੁਸਾਰ, "ਇਹ ਸੋਸ਼ਣ ਮਜ਼ਦੂਰ ਮਾਰੂ ਕੰਗਾਲੀ ਦਾ ਕਾਰਣ ਹੈ।" [1]

ਪਰ ਗੁਰੂ ਰਵਿਦਾਸ ਜੀ ਦੇ ਰਾਜ-ਪ੍ਰਬੰਧ ਦੀ ਵਿਵਸਥਾ ਅੰਦਰ ਨਾ ਤਾਂ ਸੋਸ਼ਣ ਲਈ ਕੋਈ ਥਾਂ ਹੈ ਅਤੇ ਨਾ ਹੀ ਕੰਗਾਲੀ ਲਈ। ਇਸ ਲਈ ਸਦੀਵੀ ਪਾਤਸ਼ਾਹ ਦੇ ਰਾਜ ਪ੍ਰਬੰਧ ਵਿੱਚ ਕੋਈ ਦੂਜੇ, ਤੀਜੇ ਦਰਜੇ ਦਾ ਸ਼ਹਿਰੀ ਨਹੀਂ, ਸਭ ਦੇ ਹੱਕ ਬਰਾਬਰ ਹਨ। ਉਸ ਦੇ ਰਾਜ ਵਿੱਚ ਕੋਈ ਗਰੀਬ ਅਮੀਰ ਨਹੀਂ, ਨਫ਼ਰਤ, ਘ੍ਰਿਣਾ, ਛੂਤ-ਛਾਤ, ਜਾਤ-ਪਾਤ ਆਦਿ ਕਿਸੇ ਵੀ ਕਿਸਮ ਦੀ ਮਨੁੱਖਤਾ ਮਾਰੂ ਵਿਵਸਥਾ ਨਹੀਂ। ਇਸ ਤੋਂ ਉਲਟ ਉਸ ਦੇ ਰਾਜ ਵਿੱਚ ਸਦਾਚਾਰਕ ਅਤੇ ਆਤਮਕ ਤੌਰ ਤੇ ਅਮੀਰ (ਗਨੀ) ਸਬਰ-ਸੰਤੋਖ ਵਾਲੇ (ਮਾਮੂਰ) ਸੰਤੁਸ਼ਟ ਅਤੇ ਕ੍ਰਿਪਾਲੂ (ਨਾ ਖਤਾ = ਪਾਪ ਨਾ ਕਰਨ ਵਾਲੇ, ਸਗੋਂ ਦਇਆ ਕਰਨ ਵਾਲੇ ਕ੍ਰਿਪਾਲੂ) ਵਸਦੇ ਹਨ। ਅਜਿਹੇ ਰਾਜ ਵਿੱਚ ਨਾ ਹੀ ਸੋਸ਼ਣ ਹੈ ਅਤੇ ਨਾ ਕੰਗਾਲੀ। ਇਸ ਤਰ੍ਹਾਂ ਇਹ ਵਿਸ਼ਵ-ਵਤਨ ਮਾਨਵੀ ਪ੍ਰੇਮ ਨਾਲ ਭਰਪੂਰ ਪ੍ਰਸਿੱਧ ਹੈ।

ਕਾਇਮੁ ਦਾਇਮੁ ਸਦਾ ਪਾਤਸਾਹੀ॥
ਦੋਮ ਨ ਸੇਮ ਏਕ ਸੋ ਆਹੀ॥
ਆਬਾਦਾਨ ਸਦਾ ਮਸਹੂਰ॥
ਊਹਾਂ ਗਨੀ ਬਸਹਿ ਮਾਮੂਰ॥੨॥

8. ਮਾਰਕਸ ਅਨੁਸਾਰ, "ਮਜ਼ਦੂਰਾਂ ਦੀ ਇਹ ਵਧਦੀ ਕੰਗਾਲੀ, ਉਨ੍ਹਾਂ ਵਿੱਚ ਕ੍ਰਾਂਤੀਕਾਰੀ ਰੂਹ ਭਰਦੀ ਹੈ ਅਤੇ ਜਮਾਤੀ ਟਕਰਾਉ, ਜਮਾਤੀ ਸੰਘਰਸ਼ ਦਾ ਰੂਪ ਧਾਰ ਲੈਂਦਾ ਹੈ।" [1]

1. ਓਹੀ - ਪੰਨਾ-੪੪੩

ਭਾਰਤ ਦੇ ਲੋਕ ਖਾਸ ਕਰਕੇ ਸ਼ੂਦਰ ਪੰਜ ਹਜ਼ਾਰ ਸਾਲ ਤੋਂ ਹਿੰਦੂ ਧਰਮ ਦੇ ਮਨੁੱਖਤਾ ਮਾਰੂ ਨਿਯਮਾਂ ਕਾਰਣ ਅਤਿ ਦੀ ਗਰੀਬੀ ਵਿੱਚ ਪਿਸ ਰਹੇ ਹਨ। ਉਨ੍ਹਾਂ ਨੂੰ ਇੱਕ ਵਕਤ ਦਾ ਖਾਣਾ ਤੱਕ ਨਹੀਂ ਮਿਲਦਾ। ਫਿਰ ਵੀ ਉਨ੍ਹਾਂ ਵਿੱਚ ਨਾ ਕ੍ਰਾਂਤੀਕਾਰੀ ਭਾਵਨਾ ਉਤਪੰਨ ਹੋਈ ਹੈ ਅਤੇ ਨਾ ਹੀ ਜਮਾਤੀ ਟਕਰਾ ਹੋਇਆ ਹੈ। ਅਜਿਹਾ ਕਿਉਂ ਹੈ? ਕਿਉਂਕਿ ਇਨ੍ਹਾਂ ਲੋਕਾਂ ਵਿੱਚ ਸਦਾਚਾਰ ਅਤੇ ਆਤਮਕ ਸ਼ਕਤੀ ਦੀ ਘਾਟ ਹੈ।

ਪਰ ਗੁਰੂ ਰਵਿਦਾਸ ਜੀ ਦੇ 'ਬੇਗ਼ਮਪੁਰਾ' ਦੇ ਰਾਜ ਪ੍ਰਬੰਧ ਵਿਚ ਕੰਗਾਲੀ ਲਈ ਕੋਈ ਥਾਂ ਨਹੀਂ ਹੈ, ਇਹ ਅਸੀਂ ਉਪਰ ਵਿਚਾਰ ਆਏ ਹਾਂ। ਇਸ ਲਈ ਇਸ ਰਾਜ-ਪ੍ਰਬੰਧ ਵਿੱਚ ਸੰਘਰਸ਼ ਲਈ ਵੀ ਕੋਈ ਥਾਂ ਨਹੀਂ ਹੈ। ਉਹ ਕ੍ਰਾਂਤੀ ਜਿਹੜੀ ਮਾਰਕਸ ਖ਼ੂਨ ਖਰਾਬੇ ਅਤੇ ਜਬਰ ਨਾਲ ਓਤਪੋਤ ਸੰਘਰਸ਼ ਨਾਲ ਲਿਆਉਣੀ ਚਾਹੁੰਦਾ ਹੈ। **ਗੁਰੂ ਜੀ ਦੀ ਕ੍ਰਾਂਤੀ, ਬਿਨ੍ਹਾਂ ਖ਼ੂਨ ਖਰਾਬੇ ਅਤੇ ਤਾਨਾਸ਼ਾਹੀ ਦੇ ਜ਼ਬਰ ਤੋਂ ਰਹਿਤ ਸਦਾਚਾਰਕ ਅਤੇ ਆਤਮਕ ਉੱਚਤਾ ਨਾਲ ਆਪਣੇ ਆਪ ਹੀ ਸ਼ਹਿਰੀਆਂ ਵਿੱਚ ਰੂਪਮਾਨ ਹੋ, ਸਮਾਜਵਾਦੀ ਲੋਕਤੰਤਰ ਨੂੰ ਸਥਾਪਤ ਕਰਦੀ ਹੈ।** ਇਸ ਤਰ੍ਹਾਂ ਮਾਰਕਸ ਦੇ ਸਿਧਾਂਤ ਦਾ ਇਹ ਮਹਤਵਪੂਰਨ ਨੁਕਤਾ ਵੀ ਅਰਥਹੀਣ ਬਣ ਜਾਂਦਾ ਹੈ, ਜਿਸ ਦੀ ਗੁਰੂ ਜੀ ਦੇ 'ਬੇਗ਼ਮਪੁਰਾ' ਦੇ ਰਾਜ ਪ੍ਰਬੰਧ ਵਿੱਚ ਉੱਕਾ ਹੀ ਜ਼ਰੂਰਤ ਨਹੀਂ।

9. ਮਾਰਕਸ ਅਨੁਸਾਰ, "ਮਾਲਕਾਂ ਨਾਲੋਂ ਮਜ਼ਦੂਰਾਂ ਦੀ ਗਿਣਤੀ ਬਹੁਤੀ ਹੋਣ ਕਰਕੇ, ਉਹ ਹਰ ਹਾਲਤ ਵਿੱਚ ਦੇਸ਼ ਤੇ ਜਿੱਤ ਪ੍ਰਾਪਤ ਕਰਕੇ ਆਪਣੀ ਹਕੂਮਤ ਸਥਾਪਤ ਕਰਨਗੇ, ਜਿਸ ਨੂੰ ਮਾਰਕਸ ਨੇ ਪ੍ਰੋਲਤਾਰੀ ਦੀ ਤਾਨਾਸ਼ਾਹੀ ਕਿਹਾ ਹੈ।" [2]

10. ਮਾਰਕਸ ਅਨੁਸਾਰ, "ਇਹ ਤੱਥ ਅਰੁਕ ਹਨ, ਇਸ ਲਈ ਸਮਾਜਵਾਦ ਅਟੱਲ ਹੈ।" [3]

ਆਪਣੇ ਸੰਖੇਪ ਸਾਰ ਦੇਣ ਪਿਛੋਂ ਡਾ. ਅੰਬੇਡਕਰ ਲਿਖਦੇ ਹਨ "ਮੈਨੂੰ ਆਸ ਹੈ ਕਿ ਮੈਂ ਬੁਨਿਆਦੀ ਨੁਕਤਿਆਂ ਨੂੰ ਸਹੀ ਰੂਪ ਵਿੱਚ ਪੇਸ਼ ਕੀਤਾ ਹੈ ਜਿਹੜੇ ਮਾਰਕਸੀਅਨ ਸਮਾਜਵਾਦ ਦਾ ਮੌਲਿਕ ਆਧਾਰ ਬਣਦੇ ਹਨ।" [4]

ਉਪਰੋਕਤ 9 ਅਤੇ 10 ਦੋਹਾਂ ਤੱਥਾਂ ਦਾ ਉੱਤਰ ਡਾ. ਅੰਬੇਡਕਰ ਨੇ ਹੀ ਦੇ ਦਿੱਤਾ ਹੈ। ਅਸੀਂ ਉਸ ਨੂੰ ਹੀ ਪਾਠਕਾਂ ਲਈ ਪੇਸ਼ ਕਰਦੇ ਹਾਂ :

"ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮਾਰਕਸਵਾਦੀਆਂ ਦਾ ਇਹ ਦਾਅਵਾ ਕਿ ਸਮਾਜਵਾਦ ਅਟੱਲ ਹੈ, ਪੂਰੀ ਤਰ੍ਹਾਂ (ਅਲੋਚਕਾਂ ਨੇ) ਅਪ੍ਰਵਾਨ ਕਰ ਦਿੱਤਾ ਹੈ।

1.2.3.4. ਓਹੀ - ਪੰਨਾ-੪੪੩

ਸਮਾਜਵਾਦ ਦੇ ਇਲਹਾਮ ਉਸ ਦੀ ਦਾਸ ਕੈਪੀਟਲ ਦੇ ਪ੍ਰਕਾਸ਼ਨ ਦੇ ਲਗਭਗ ਸਤਰ ਸਾਲਾਂ ਪਿਛੋਂ ਪ੍ਰੋਲੇਤਰੇਤ ਦੀ ਤਾਨਾਸ਼ਾਹੀ ਇਕ ਦੇਸ਼ ਵਿੱਚ 1917 ਵਿੱਚ ਸਥਾਪਤ ਕੀਤੀ। ਜਦੋਂ ਸਾਮਵਾਦ (Communism) — ਜਿਹੜਾ ਪ੍ਰੋਲੇਤਰੇਤ ਦੀ ਤਾਨਾਸ਼ਾਹੀ ਦਾ ਦੂਜਾ ਨਾਮ ਹੈ— ਰੂਸ ਵਿੱਚ ਆਇਆ ਤਾਂ ਇਹ ਅਰੁਕ, ਬਿਨਾਂ ਕਿਸੇ ਮਨੁੱਖੀ ਯਤਨ ਦੇ ਨਹੀਂ ਆਇਆ। ਰੂਸ ਵਿੱਚ ਇਨਕਲਾਬ ਆਉਣ ਤੋਂ ਪਹਿਲਾਂ, ਇਨਕਲਾਬ ਲਈ ਜਾਣ ਬੁਝ ਕੇ ਸਕੀਮ ਬਣਾਉਣੀ ਪਈ ਅਤੇ ਇਸ ਨਾਲ ਬਹੁਤ ਹਿੰਸਾ ਅਤੇ ਖ਼ੂਨ ਖਰਾਬਾ ਹੋਇਆ। ਬਾਕੀ ਦੁਨੀਆਂ ਹੁਣ ਤੱਕ ਪ੍ਰੋਲਤੇਰੀਅਨ ਤਾਨਾਸ਼ਾਹੀ ਦਾ ਇੰਤਜਾਰ ਕਰ ਰਹੀ ਹੈ। ਸੋ ਮਾਰਕਸ ਦਾ ਇਹ ਦਾਅਵਾ ਕਿ ਸਾਮਜਵਾਦ ਅਟੱਲ ਹੈ, ਪੂਰੀ ਤਰ੍ਹਾਂ ਫੇਲ੍ਹ ਹੋ ਗਿਆ। ਮਾਰਕਸਵਾਦੀ ਵਿਚਾਰ ਦੇ ਇਸ ਵੱਡੇ ਝੂਠ ਤੋਂ ਇਲਾਵਾ ਕਿ ਮਾਰਕਸਵਾਦ ਅਟੱਲ ਹੈ, ਬਹੁਤ ਸਾਰੇ ਹੋਰ ਲਿਸਟ ਵਿੱਚ ਦਿੱਤੇ ਤੱਥ ਵੀ ਦੋਹਾਂ ਪੱਖਾਂ ਤਰਕ ਅਤੇ ਅਮਲ (Experiance) ਤੇ ਪੂਰਾ ਨਾ ਉਤਰਨ ਕਰਕੇ ਪੂਰੀ ਤਰ੍ਹਾਂ ਗਲਤ ਸਾਬਤ ਹੋ ਚੁੱਕਿਆ ਹੈ।[1] ਉਦਾਹਰਣ : ਯੂ.ਐਸ.ਐਸ.ਆਰ. ਵਿੱਚ ਮਾਰਕਸਵਾਦ ਫੇਲ੍ਹ ਹੋ ਗਿਆ ਹੈ ਅਤੇ ਦੁਨੀਆਂ ਦੇ ਨਕਸ਼ੇ ਤੋਂ ਇਹ ਦੇਸ਼ ਮਿਟ ਗਿਆ ਹੈ।" [1]

ਅਸੀਂ ਉਪਰ ਚਰਚਾ ਕਰਕੇ ਸਪਸ਼ਟ ਕਰ ਚੁੱਕੇ ਹਾਂ ਕਿ ਕੰਗਾਲੀ ਕ੍ਰਾਂਤੀ ਦਾ ਕਾਰਣ ਨਹੀਂ ਬਣ ਸਕਦੀ। ਭਾਰਤ ਵਰਗੀ ਕੰਗਾਲੀ ਕਿਧਰੇ ਨਹੀਂ ਪਰ ਇਥੇ ਹੁਣ ਤੱਕ ਸਮਾਜਵਾਦ ਨਹੀਂ ਆ ਸਕਿਆ ਅਤੇ ਨਾ ਹੀ ਆ ਸਕਦਾ ਹੈ। ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਅਨੁਸਾਰ ਕ੍ਰਾਂਤੀ ਆਉਣ ਬਾਰੇ ਚਰਚਾ ਅਸੀਂ ਪਿਛਲੇ ਨੁਕਤਿਆਂ ਵਿੱਚ ਕਰ ਚੁੱਕੇ ਹਾਂ। ਸੋ ਹਰ ਪੱਖ ਤੋਂ ਪੜਤਾਲਿਆ ਸਪਸ਼ਟ ਹੋ ਗਿਆ ਹੈ ਕਿ ਮਾਰਕਸਵਾਦ ਦੀ ਵਿਚਾਰਧਾਰਾ ਵਿਸ਼ਵ-ਸ਼ਾਂਤੀ ਅਤੇ ਪਿਆਰ ਲਈ ਸਹੀ ਅਤੇ ਅਨੁਕੂਲ ਨਹੀਂ ਹੈ।

ਪਰ ਗੁਰੂ ਰਵਿਦਾਸ ਜੀ ਦੀ 'ਬੇਗ਼ਮਪੁਰਾ' ਦੀ ਵਿਚਾਰਧਾਰਾ ਹੀ ਵਿਸ਼ਵ-ਸਰਕਾਰ, ਵਿਸ਼ਵ-ਸ਼ਾਂਤੀ ਅਤੇ ਪਿਆਰ ਭਰਪੂਰ ਵਿਸ਼ਵ ਭਾਈਚਾਰੇ ਲਈ ਇੱਕੋ-ਇੱਕ ਆਧਾਰ ਹੈ, ਜਿਸ ਨੂੰ ਯੂ.ਐਨ. ਦੇ ਸੰਵਿਧਾਨ ਦੀ ਧਾਰਾ (Article No. 1) ਨੰ. ੧ ਵਿੱਚ ਨਿਰੂਪਤ ਕਰਕੇ ਇਸ ਪ੍ਰਮੁੱਖ ਅਤੇ ਅਟੱਲ ਸੱਚ ਨੂੰ ਦ੍ਰਿੜ ਕਰ ਦਿੱਤਾ ਹੈ।

---

1. ਓਹੀ - ਪੰਨਾ-੪੪੪

ਵਿਸ਼ਵ ਸਰਕਾਰ (World Government) ਬਨਾਮ ਵਿਸ਼ਵ ਖਾਲਸਾ ਸਰਕਾਰ ਦਾ ਸੰਵਿਧਾਨ

ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਦਾ ਆਧਾਰ ਸਦਾਚਾਰਕ ਅਤੇ ਆਤਮਕ ਸ਼ਕਤੀ ਹੈ। ਇਹ ਸ਼ਕਤੀਆਂ ਵਿਕਸਤ ਹੋਕੇ ਆਪ ਮੁਹਾਰੇ ਹੀ, ਬਿਨਾਂ ਹਿੰਸਾ ਅਤੇ ਖ਼ੂਨ ਖਰਾਬੇ ਤੋਂ ਵਿਸ਼ਵ ਖਾਲਸਾ ਸਰਕਾਰ ਭਾਵ ਵਿਸ਼ਵ ਸਰਕਾਰ (World Government) ਸਥਾਪਤ ਕਰ ਸਕਦੀਆਂ ਹਨ। ਗੁਰੂ ਜੀ ਦੀ ਬਾਣੀ ਵਿੱਚੋਂ ਇਹ ਵਿਸ਼ਵ-ਸਰਕਾਰ ਦਾ ਸੰਵਿਧਾਨ ਕੇਵਲ ਇੱਕ ਹੀ ਸ਼ਬਦ 'ਬੇਗ਼ਮਪੁਰਾ' ਵਿੱਚ ਨਿਰੂਪਤ ਕੀਤਾ ਗਿਆ ਹੈ। ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ।

ਉਪਰੋਕਤ ਤੱਥ ਨੂੰ ਗੁਰਬਾਣੀ ਦੇ ਮਹਾਨ ਵਿਦਵਾਨਾਂ ਬੁੱਧੀਜੀਵੀਆਂ ਨੇ ਪ੍ਰਵਾਨ ਕਰਦਿਆਂ ਆਪਣੇ ਵਿਚਾਰ ਪ੍ਰਗਟ ਕੀਤੇ ਹਨ।

ਡਾ. ਜੀਤ ਸਿੰਘ ਸੀਤਲ ਪੰਜਾਬੀ ਦੁਨੀਆਂ ਦੇ ਜੂਨ-ਜੁਲਾਈ ੧੯੭੭ ਦੇ ਗੁਰੂ ਰਵਿਦਾਸ ਅੰਕ ਵਿੱਚ "ਬੇਗ਼ਮਪੁਰਾ ਸਹਰ" ਦਾ ਜ਼ਿਕਰ ਕਰਦੇ ਲਿਖਦੇ ਹਨ:—

> "ਕਿਸੇ ਭਗਤ ਨੇ ਅਜੇਹੇ ਰਾਜਸੀ, ਸਮਾਜਕ, ਆਰਥਕ ਜਾਂ ਭੂਗੋਲਕ ਅੰਤਰ-ਰਾਸ਼ਟਰੀ ਦੇਸ਼ ਦੀ ਸਥਾਪਨਾ ਦੀ ਗਲ ਨਹੀਂ ਕੀਤੀ। ਅੱਜ ਤੋਂ ਛੇ ਸੌ ਸਾਲ ਪਹਿਲਾਂ ਅਜਿਹੇ ਵਤਨ ਜਾਂ ਸਰਵ-ਮਾਨਵੀ ਦੇਸ਼ ਬਾਰੇ ਸੋਚਣਾ ਤੇ ਅਲ-ਆਲਾਨੀਆਂ ਉਸ ਦੀ ਰੂਪ ਰੇਖਾ ਉਲੀਕਣਾ ਗੁਰੂ ਰਵਿਦਾਸ ਜੇਹੇ ਵਿਸ਼ਵ-ਮਾਨਵ, ਦੇਵਤਾ-ਸਮਾਨ ਪੁਰਸ਼ ਤੇ ਗੁਰੂ-ਰੂਪ ਭਗਤ ਦੇ ਹਿੱਸੇ ਹੀ ਆ ਸਕਿਆ। ਆਪਣੇ ਆਪ ਸਾਡਾ ਸੀਸ ਉਨ੍ਹਾਂ ਦੀ ਮਹਾਨ ਪ੍ਰਤਿਭਾ ਅੱਗੇ ਝੁਕ ਜਾਂਦਾ ਹੈ।"[1]

ਡਾ. ਸੁਰਿੰਦਰ ਕੁਮਾਰ ਦਵੇਸ਼ਵਰ 'ਬੇਗ਼ਮਪੁਰਾ' ਸ਼ਬਦ ਦਾ ਜ਼ਿਕਰ ਕਰਦੇ ਲਿਖਦੇ ਹਨ :—

> "ਇਸ ਸ਼ਬਦ ਦੀ ਅੰਤਰ ਆਤਮਾ ਰਾਜਸੀ ਤੌਰ ਤੇ ਲੋਕਤੰਤਰ, ਆਰਥਿਕ ਤੌਰ ਤੇ ਸਮਾਜਵਾਦੀ ਰਾਜ ਅਤੇ ਆਤਮਕ ਤੌਰ ਤੇ ਇਕ ਕਲਾਮਈ ਜਗਤ ਜਿਸ ਵਿੱਚ ਸਤਿਅਮ, ਸ਼ਿਵਮ ਅਤੇ ਸੁੰਦਰਮ ਦਾ ਪਹਿਰਾ ਹੈ। ਹਰ ਵਿਅਕਤੀ ਦੇ ਸਰਵ-ਪੱਖੀ ਵਿਕਾਸ ਲਈ ਇਥੇ ਪੂਰਨ ਅਵਸਰ ਪ੍ਰਾਪਤ ਹਨ।"[2]

---

1. ਪੰਨਾ-੧੩

2. ਰਵਿਦਾਸ-ਅਪ੍ਰੈਲ ੧੯੯੨, ਗੁਰੂ ਰਵਿਦਾਸ ਸਾਹਿਤ ਅਕਾਦਮੀ ਪੰਜਾਬ (ਰਜਿ.)-ਪੰਨਾ-੨੭।

ਸ. ਕਰਤਾਰ ਸਿੰਘ ਵੈਦ ਇਸ 'ਬੇਗ਼ਮਪੁਰਾ' ਸ਼ਬਦ ਤੇ ਵਿਚਾਰ ਕਰਦੇ ਲਿਖਦੇ ਹਨ :

> "ਗੁਰੂ ਰਵਿਦਾਸ ਜਿਥੇ ਉੱਚ ਕੋਟੀ ਦੇ ਅਧਿਆਤਮਕ ਸਨ, ਉਥੇ ਸਮਾਜਵਾਦੀ ਵਿਚਾਰਧਾਰਾ ਦੇ ਨੇਤਾ ਵੀ ਸਨ। ਕਲਿਆਣਕਾਰੀ ਰਾਜ (Welfare State) ਦੇ ਹਾਮੀ ਸਨ ਅਤੇ ਇਨਕਲਾਬ ਦੇ ਪੁਜਾਰੀ ਸਨ।"[1]

ਡਾ. ਜੀਤ ਸਿੰਘ ਸੀਤਲ ਸਿੱਖ ਜਗਤ ਦੇ ਗੁਰਮਤ ਦੇ ਵਿਦਵਾਨਾਂ ਵਿਚੋਂ ਸ਼ਾਇਦ ਸਭ ਤੋਂ ਪਹਿਲੇ ਵਿਦਵਾਨ ਹਨ ਜਿਨ੍ਹਾਂ ਨੇ ਨਿਰਪੱਖ ਅਤੇ ਨਿਰਭੈ ਹੋਕੇ 'ਬੇਗ਼ਮਪੁਰਾ' ਸ਼ਬਦ ਦੀ ਖੁਲਕੇ ਵਿਆਖਿਆ ਕਰਦਿਆਂ ਵਿਸ਼ਵ-ਸਰਕਾਰ ਦੇ ਸੰਵਿਧਾਨ ਦਾ ਭਰਪੂਰ ਤੌਰ ਤੇ ਜ਼ਿਕਰ ਕੀਤਾ ਹੈ :—

> "ਗੁਰੂ ਰਵਿਦਾਸ ਪਹਿਲੇ ਭਗਤ ਹੋਏ ਹਨ, ਜਿਨ੍ਹਾਂ ਨੇ ਅਜਿਹੇ ਵਿਸ਼ਵ ਮਨੁੱਖ, ਵਿਸ਼ਵ-ਸ਼ਹਿਰੀ, ਵਿਸ਼ਵ-ਸਮਾਜ ਤੇ ਰਾਜ ਦਾ ਭਾਵ ਪ੍ਰਸਤੁਤ ਕੀਤਾ ਹੈ, ਜੋ ਸਮੇਂ ਤੇ ਸਥਾਨ ਦੀਆਂ ਹੱਦਾਂ ਤੋਂ ਪਰੇ ਹੈ, ਜਿਥੇ ਉੱਚ-ਨੀਚ, ਅਮੀਰ-ਗਰੀਬ, ਰੰਗ-ਨਸਲ ਦੇ ਅੰਤਰ ਅਤੇ ਭੂਗੋਲਿਕ ਤੇ ਸਰੀਰਕ ਵਿਤਕਰੇ ਕੋਈ ਅਰਥ ਨਹੀਂ ਰਖਦੇ। ਉਹ ਗੁਰੂ ਸਾਹਿਬਾਨ ਤੋਂ ਪਹਿਲਾਂ ਅਜੇਹੀ ਸਦਾ-ਸਦਾ ਰਹਿਣੀ, ਕਾਇਮ ਦਾਇਮ ਤੇ ਸਚੀ ਪਾਤਸ਼ਾਹੀ ਸਥਾਪਤ ਕਰਨਾ ਚਾਹੁੰਦੇ ਸਨ, ਜਿਸ ਨੂੰ ਕਦੀ ਜਵਾਲ ਨਹੀਂ, ਜਿਥੇ ਕੋਈ ਪਹਿਲੇ, ਦੂਜੇ ਜਾਂ ਤੀਜੇ ਦਰਜੇ ਦੇ ਮਨੁੱਖਾਂ ਦਾ ਵਰਗੀਕਰਨ ਨਹੀਂ ਹੈ।"[2]

ਉਪਰੋਕਤ ਚਰਚਾ ਤੋਂ ਹੇਠ ਲਿਖੇ ਸਿੱਟੇ ਪ੍ਰਾਪਤ ਹੁੰਦੇ ਹਨ :

1. 'ਬੇਗ਼ਮਪੁਰਾ' ਸ਼ਬਦ ਵਿੱਚ ਵਿਸ਼ਵ ਸਰਕਾਰ ਦਾ ਸੰਵਿਧਾਨ ਨਿਰੂਪਤ ਹੈ। ਇਸ ਸ਼ਬਦ ਵਿੱਚ ਵਿਸ਼ਵ ਦੇ ਸੰਵਿਧਾਨ ਦੀ ਹਰ ਪੱਖ ਤੋਂ ਜ਼ਰੂਰਤ ਪੂਰੀ ਕਰਨ ਦੀ ਸੰਪੂਰਨ ਸਮਰਥਾ ਹੈ।
2. ਵਿਸ਼ਵ-ਸਰਕਾਰ ਦਾ ਪਾਤਸ਼ਾਹ, ਸੱਚਾ ਪਾਤਸ਼ਾਹ (ਪ੍ਰਭ) ਹੋਵੇਗਾ।
3. ਵਿਸ਼ਵ-ਸਰਕਾਰ ਦੇ ਸੰਵਿਧਾਨ ਦੀ ਸਿਰਜਣਾ ਪੰਜਾਬ ਦੇ ਸਿੱਖ-ਗੁਰੂ ਸਾਹਿਬਾਨ ਤੋਂ ਪਹਿਲਾਂ ਹੋ ਚੁੱਕੀ ਸੀ।

ਪਹਿਲਾਂ ਅਸੀਂ ਨੰ. ੩ ਦੇ ਨੁਕਤੇ ਤੇ ਵਿਚਾਰ ਕਰਦੇ ਹਾਂ। ਗੁਰੂ ਨਾਨਕ ਦੇਵ ਜੀ ਦੇ ਆਗਮਣ ਸਮੇਂ ਗੁਰੂ ਰਵਿਦਾਸ ਜੀ ਦੀ ਉਮਰ ਲਗਭਗ 93 ਸਾਲ ਸੀ। ਉਸ ਸਮੇਂ ਤੱਕ ਗੁਰੂ ਰਵਿਦਾਸ ਜੀ ਦੀ ਬਾਣੀ ਪੰਜਾਬ ਵਿੱਚ ਪ੍ਰਚਲਤ ਹੋ ਚੁੱਕੀ ਸੀ। ਇਸ ਦੇ ਸੰਬੰਧ ਵਿੱਚ ਪ੍ਰੋ. ਪ੍ਰਕਾਸ਼ ਸਿੰਘ ਲਿਖਦੇ ਹਨ :

---

1. ਪੰਜਾਬੀ ਦੁਨੀਆ, ਜੁਲਾਈ-ਅਗਸਤ-੧੯੭੧ ਗੁਰੂ ਰਵਿਦਾਸ ਅੰਕ - ਪੰਨਾ-੧੦੨.

2. ਪੰਜਾਬੀ ਦੁਨੀਆ, ਜੂਨ-ਜੁਲਾਈ-੧੯੭੭ ਗੁਰੂ ਰਵਿਦਾਸ ਵਿਸ਼ੇਸ਼ ਅੰਕ - ਪੰਨਾ-੧੨.

[“.....ਕੀ ਗੁਰੂ ਨਾਨਕ ਦੇਵ ਜੀ ਭਗਤ ਰਵਿਦਾਸ ਨੂੰ ਮਿਲੇ ਸਨ? ਇਸ ਬਾਰੇ ਨਿਸ਼ਚਤ ਤੌਰ ਤੇ ਕੁਝ ਨਹੀਂ ਕਿਹਾ ਜਾ ਸਕਦਾ, ਪਰ ਹੇਠ ਦਿੱਤੇ ਕੁਝ ਹਵਾਲਿਆਂ ਤੋਂ ਪਰਗਟ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਸਮੇਂ ਭਗਤ ਰਵਿਦਾਸ ਜੀ (ਤੇ ਹੋਰ ਭਗਤਾਂ) ਦੀ ਬਾਣੀ ਪੰਜਾਬ ਵਿੱਚ ਪ੍ਰਚਲਤ ਹੋ ਚੁੱਕੀ ਸੀ।

ਮਰਦਾਨਾ ਰਵਿਦਾਸ ਪਦੇ ਗਾਂਵਦਾ ਸੀ

“ਮਰਦਾਨਾ—ਤਲਵੰਡੀ ਰਾਇ ਭੋਇ ਕੀ ਰਹਦਾ, ਰਬਾਬ ਵਜਾਇਦਾ ਨਾਮ, ਕਬੀਰ, ਤ੍ਰਿਲੋਚਨ, ਰਵਿਦਾਸ, ਧੰਨੇ ਬੇਣੀ ਕੇ ਪਦੇ ਗਾਵਦਾ। ਗੁਰੂ ਨਾਨਕ ਕੇ ਅਗੈ ਪਦੇ ਗਾਵਦਾ।”][1]

ਸੋ ਸਪਸ਼ਟ ਹੈ ਕਿ ‘ਬੇਗ਼ਮਪੁਰਾ’ ਸੰਕਲਪ ਦੀ ਸਿਰਜਣਾ ਪੂਰਬ-ਨਾਨਕ-ਕਾਲ ਵਿੱਚ ਹੀ ਹੋ ਚੁੱਕੀ ਸੀ।

ਹੁਣ ਅਸੀਂ ਨੰ. ੨ ਵਾਲੇ ਨੁਕਤੇ ਤੇ ਵਿਚਾਰ ਕਰਦੇ ਹਾਂ। ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਦਾ ਆਧਾਰ ਸਦਾਚਾਰਕ ਅਤੇ ਆਤਮਕ ਸ਼ਕਤੀ ਭਾਵ ਅਧਿਆਤਮਕ ਸ਼ਕਤੀ ਹੈ। ਇਹ ਸ਼ਕਤੀਆਂ ਵਿਕਸਤ ਹੋਕੇ ਆਪਣੇ ਆਪ ਹੀ ਵਿਸ਼ਵ ਸਰਕਾਰ ਜਾਂ ਵਿਸ਼ਵ ਖਾਲਸਾ ਰਾਜ ਸਥਾਪਤ ਕਰ ਸਕਦੀਆਂ ਹਨ, ਜਿਸ ਦੀ ਰੂਪ ਰੇਖਾ ‘ਬੇਗ਼ਮਪੁਰਾ’ ਸ਼ਬਦ ਵਿੱਚ ਨਿਰੂਪਤ ਕੀਤੀ ਹੈ।

ਇਸ ਸਰਕਾਰ ਦਾ ਪਾਤਸ਼ਾਹ ਸਦਾਚਾਰਕ ਅਤੇ ਆਤਮਕ ਸ਼ਕਤੀ ਨਾਲ ਭਰਪੂਰ ਮਹਾਂਪੁਰਸ਼ ਬਣ ਸਕਦਾ ਹੈ। ਹਰ ਬ੍ਰਹਮ-ਗਿਆਨੀ ਹੀ ਅਜਿਹਾ ਪੁਰਸ਼ ਬਣ ਸਕਦਾ ਹੈ। ਅਜਿਹੇ ਮਹਾਂਪੁਰਸ਼ ਨੂੰ ਗੁਰਬਾਣੀ ਵਿੱਚ ਪਰਮੇਸ਼ਵਰ ਕਿਹਾ ਗਿਆ ਹੈ:

ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥
ਨਾਨਕ ਬ੍ਰਹਮ-ਗਿਆਨੀ ਆਪਿ ਪਰਮੇਸੁਰ॥ ੬॥ ੮॥[2]

ਗੁਰੂ ਰਵਿਦਾਸ ਜੀ ਬ੍ਰਹਮ-ਗਿਆਨੀ ਹੋਣ ਕਰਕੇ ਪਰਮੇਸ਼ਵਰ ਰੂਪ ਹਨ। ਉਨ੍ਹਾਂ ਵਿੱਚ ਵਿਸ਼ਵ ਸਰਕਾਰ ਜਾਂ ਵਿਸ਼ਵ ਖਾਲਸਾ ਰਾਜ ਦਾ ਪਾਤਸ਼ਾਹ ਬਣਨ ਦੀ ਸਮਰਥਾ ਹੈ। ਇਸ ਕਰਕੇ ‘ਬੇਗ਼ਮਪੁਰਾ’ ਸ਼ਬਦ ਵਿੱਚ ਨਿਰੂਪਤ ਵਿਸ਼ਵ-ਖਾਲਸਾ ਰਾਜ ਅਮਲੀ ਰੂਪ ਵਿੱਚ ਸਥਾਪਤ ਹੋ ਸਕਦਾ ਹੈ ਕਿਉਂਕਿ ਇਸ ਵਿੱਚ ਦਰਜ ਸਮਾਜਵਾਦੀ ਲੋਕਤੰਤਰ ਵਿਚਾਰਧਾਰਾ ਵੀ ਹਰ ਪੱਖੋਂ ਸੰਪੂਰਨ ਹੈ।

ਇਹੋ ਕਾਰਣ ਹੈ ਕਿ ਵਿਸ਼ਵ ਦੀ ਸੰਸਥਾ U.N.I.C.E.F. ਨੇ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਵਿਸ਼ਵ ਸਰਕਾਰ ਦੇ ਸੰਵਿਧਾਨ ਦਾ ਆਧਾਰ ਮੰਨਿਆ ਹੈ, ਖਾਸ ਕਰਕੇ ਗੁਰੂ ਰਵਿਦਾਸ ਜੀ ਦੇ ਸ਼ਬਦ “ਬੇਗ਼ਮਪੁਰਾ ਸਹਰ ਕੋ ਨਾਉ॥” ਤੇ

1. ਪੰਜਾਬੀ ਦੁਨੀਆ, ਜੁਲਾਈ-ਅਗਸਤ-੧੯੭੧ ਗੁਰੂ ਰਵਿਦਾਸ ਅੰਕ - ਪੰਨਾ - ੧੫
2. ਆਦਿ ਗ੍ਰੰਥ - ਪੰਨਾ ੨੭੨-੨੭੩

ਆਧਾਰਤ ਵਿਚਾਰਧਾਰਾ ਨੂੰ। ਇਸ ਦੀ ਪ੍ਰੋੜਤਾ ਯੂ.ਐਨ. (U.N.) ਦੇ ਸੰਵਿਧਾਨ ਵਿਚ ਦਰਜ ਆਰਟੀਕਲ ਨੰ. ੧ (Article No.1) ਤੋਂ ਹੀ ਦ੍ਰਿੜ ਹੋ ਜਾਂਦੀ ਹੈ। ਇਹ ਵੀ ਦ੍ਰਿੜ ਹੋ ਜਾਂਦਾ ਹੈ ਕਿ ਇਹ ਆਰਟੀਕਲ ਗੁਰੂ ਜੀ ਦੇ ਸ਼ਬਦ “ਬੇਗ਼ਮਪੁਰਾ” ਨੂੰ ਸਾਹਮਣੇ ਰੱਖਕੇ ਸਿਰਜਿਆ ਗਿਆ ਹੈ। ਆਰਟੀਕਲ ਨੰ. ੧ ਇਸ ਤਰ੍ਹਾਂ ਹੈ :

“All human beings are born free and in equal dignity and right. They are endowed with reason and conscience and should act towards one another in a spirit of brotherhood.

ਹੁਣ ਗੁਰੂ ਰਵਿਦਾਸ ਜੀ ਦਾ ਸ਼ਬਦ ‘ਬੇਗ਼ਮਪੁਰਾ’ ਵਿਚਾਰੋ’, ਜਿਸ ਦਾ ਅੰਤਰੀਵ ਭਾਵ ਲੈ ਕੇ U.N. ਦੇ ਆਰਟੀਕਲ ਨੰ. ੧ ਦੀ ਉਸਾਰੀ ਕੀਤੀ ਗਈ ਹੈ।

ਬੇਗਮ ਪੁਰਾ ਸਹਰ ਕੋ ਨਾਉ॥
ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾ ਤਸਵੀਸ ਖਿਰਾਜੁ ਨ ਮਾਲੁ॥
ਖਉਫੁ ਨ ਖਤਾ ਨ ਤਰਸੁ ਜਵਾਲੁ॥ ੧॥
ਅਬ ਮੋਹਿ ਖੂਬ ਵਤਨ ਗਹ ਪਾਈ॥
ਊਹਾਂ ਖੈਰਿ ਸਦਾ ਮੇਰੇ ਭਾਈ॥ ੧॥ ਰਹਾਉ॥
ਕਾਇਮੁ ਦਾਇਮੁ ਸਦਾ ਪਾਤਸਾਹੀ॥
ਦੋਮ ਨ ਸੇਮ, ਏਕ ਸੋ ਆਹੀ॥
ਆਬਾਦਾਨੁ ਸਦਾ ਮਸਹੂਰ॥
ਊਹਾਂ ਗਨੀ ਬਸਹਿ ਮਾਮੂਰ॥ ੨॥
ਤਿਉ ਤਿਉ ਸੈਲ ਕਰਹਿ, ਜਿਉ ਭਾਵੈ॥
ਮਹਰਮ ਮਹਲ ਨ ਕੋ ਅਟਕਾਵੈ॥
ਕਹਿ ਰਵਿਦਾਸ ਖਲਾਸ ਚਮਾਰਾ॥
ਜੋ ਹਮ ਸਹਰੀ ਸੁ ਮੀਤੁ ਹਮਾਰਾ॥ ੩॥ ੨॥

ਹੁਣ ਅਸੀਂ ਦੋਹਾਂ ਦੀ ਤੁਲਨਾ ਕਰਦੇ ਹਾਂ। ਇਸ ਆਰਟੀਕਲ ਦੇ ਤਿੰਨ ਹਿੱਸੇ ਬਣਦੇ ਹਨ।

1. All human being are born free and in equal dignity and rights.
2. They are endowed with reason and conscience and
3. Should act towards one another in a spirit of brotherhood.

ਦੋਹਾਂ ਦੀ ਤੁਲਨਾ ਕਰਦਿਆਂ ਸਪਸ਼ਟ ਹੋ ਜਾਂਦਾ ਹੈ ਕਿ ਦੋਹਾਂ ਵਿੱਚ ਸਮਰੂਪਤਾ ਹੈ। ਜਿਵੇਂ ਇਸ ਚਰਚਾ ਤੋਂ ਸਪਸ਼ਟ ਹੋ ਗਿਆ ਹੈ ਕਿ ਵਿਸ਼ਵ ਭਾਈਚਾਰਾ ਸਿਰਜਣ ਲਈ ਵਿਸ਼ਵ-ਸਰਕਾਰ ਦਾ ਸੰਵਿਧਾਨ ਗੁਰੂ ਜੀ ਦੇ ਸ਼ਬਦ ‘ਬੇਗ਼ਮਪੁਰਾ’ ਵਿੱਚ ਨਿਰੂਪਤ ਹੈ।

ਯੂ.ਐਨ.ਓ. ਦਾ ਆਰਟੀਕਲ	ਬੇਗਮਪੁਰਾ ਦਾ ਆਰਟੀਕਲ
1. Equal dignity and rights. (ਬਰਾਬਰ ਦਾ ਸਨਮਾਨ ਅਤੇ ਹੱਕ)	1. ਦੋਮ ਨ ਸੇਮ ਏਕ ਸੋ ਆਹੀ॥ (ਹਰ ਪੱਖੋਂ ਸਭ ਬਰਾਬਰ ਹਨ।)
2. Reason and conscience (ਸੂਝ ਬੂਝ ਅਤੇ ਆਤਮਕ ਸ਼ਕਤੀ)	2. ਉਹਾਂ ਗਨੀ ਬਸਹਿ ਮਾਮੂਰ॥ [ਆਤਮਕ ਸ਼ਕਤੀ ਅਤੇ ਸੂਝ-ਬੂਝ (ਗਨੀ) ਕਰਕੇ ਸੰਤੁਸ਼ਟ (ਮਾਮੂਰ) ਹੈ]
3. Act towards one another in a spirit of brotherhood (ਭਾਈਚਾਰੇ ਨੂੰ ਇੱਕ ਦੂਜੇ ਨਾਲ ਮਿਲਕੇ ਆਧਾਰਤ ਭਾਈਚਾਰੇ ਵਿੱਚ ਓਤਪੋਤ)	3. ਜੋ ਹਮ ਸਹਰੀ ਸੁ ਮੀਤੁ ਹਮਾਰਾ॥ (ਇਕ ਦੂਜੇ ਨਾਲ ਆਤਮਕ-ਪਿਆਰ

ਚੜਦੀ ਕਲਾ ਵਲ ਵਿਕਸਤ ਕਰਨਾ)

1. ਨੰ. ੧ ਦਾ ਅਨੁਵਾਦ :

"ਸਾਰੇ ਮਨੁੱਖ ਸੁਤੰਤਰ ਹੀ ਜੰਮੇ ਹਨ ਅਤੇ ਉਨ੍ਹਾਂ ਦੇ ਸਨਮਾਨ ਅਤੇ ਹੱਕ ਵੀ ਬਰਾਬਰ ਹਨ।"

ਕਾਇਮੁ ਦਾਇਮੁ ਸਦਾ ਪਾਤਸਾਹੀ॥
ਦੋਮ ਨ ਸੇਮ, ਏਕ ਸੋ ਆਹੀ॥

ਉਹ ਪਾਤਸਾਹੀ ਸਦਾ ਸਦਾ ਲਈ ਥਿਰ ਰਹਿਣ ਵਾਲੀ ਹੈ। ਉਸ ਦੇ ਸ਼ਹਿਰੀਆਂ ਦਾ ਦਰਜਾ ਉੱਚਾ ਨੀਵਾਂ ਨਹੀਂ ਹੈ ਭਾਵ ਕਿਸੇ ਦਾ ਵੀ ਦੂਜਾ, ਤੀਜਾ ਜਾਂ ਪਹਿਲਾ ਦਰਜਾ ਨਹੀਂ ਹੈ। ਸੋ ਸਨਮਾਨ ਅਤੇ ਅਧਿਕਾਰ ਸਭ ਦੇ ਬਰਾਬਰ ਹਨ। ਜਿਥੇ ਦਰਜਾਬੰਦੀ ਹੈ ਅਧਿਕਾਰ ਤਾਂ ਉਥੇ ਹੀ ਘੱਟ, ਵੱਧ, ਊਚ, ਨੀਚ ਵਾਲੇ ਹੋਣਗੇ। ਸੋ ਗੁਰੂ ਰਵਿਦਾਸ ਜੀ ਨੇ ਵਿਸ਼ਵ-ਸ਼ਹਿਰੀਆਂ ਦੇ ਅਧਿਕਾਰਾਂ ਦੀ ਖੁਲਕੇ ਵਕਾਲਤ ਕੀਤੀ ਹੈ। ਜਦਕਿ ਆਰਟੀਕਲ ਵਿੱਚ ਇਸ ਦਾ ਹੀ ਸਾਰ-ਤੱਤ ਦਿੱਤਾ ਗਿਆ ਹੈ।

ਸੋ ਦੋਹਾਂ ਦੇ ਅਰਥਾਂ ਵਿੱਚ ਅੰਤਰ ਨਹੀਂ ਹੈ। ਦੋਹਾਂ ਦੀ ਬੁਨਿਆਦੀ ਭਾਵਨਾ ਇੱਕੋ ਹੀ ਹੈ।

2. ਨੰ. ੨ ਦਾ ਅਨੁਵਾਦ :

"ਉਹ ਸਮਝ-ਬੂਝ (reason) ਅਤੇ ਆਤਮਕ ਸ਼ਕਤੀ (Conscience) ਨਾਲ ਵਰਸੋਏ (Endowed) ਹੋਏ ਹਨ।"

ਇਸ ਵਿੱਚ ਨਿਆਂ ਅਤੇ ਆਤਮਕ ਸ਼ਕਤੀ ਦਾ ਭਰਵੇਂ ਰੂਪ ਵਿੱਚ ਜ਼ਿਕਰ ਹੈ।

ਆਬਾਦਾਨ ਸਦਾ ਮਸਹੂਰ॥
ਊਹਾਂ ਗਨੀ ਬਸਹਿ ਮਾਮੂਰ॥੨॥

ਰੂਹਾਨੀ-ਵਤਨ (ਆਬਾਦਾਨ) ਸਦਾ ਸਦਾ ਤੋਂ ਪ੍ਰਸਿਧ ਹੈ, ਜਿਸ ਦੇ

ਸ਼ਹਿਰੀ ਆਤਮਕ ਸ਼ਕਤੀ (ਗਨੀ) ਨਾਲ ਭਰਪੂਰ ਹਨ। ਆਤਮਕ ਵਿਕਾਸ ਦਾ ਆਧਾਰ ਕੁਦਰਤੀ ਨਿਯਮਾਂ ਦੀ ਸੂਝ-ਬੂਝ ਹੈ। ਇਸ ਸੂਝ-ਬੂਝ ਸਦਕਾ ਹੀ ਉਥੋਂ ਦਾ ਸ਼ਹਿਰੀ ਹਰ ਪੱਖੋਂ ਸੰਤੁਸ਼ਟ (ਮਾਮੂਰ) ਹੈ।

ਇਨ੍ਹਾਂ ਦੋਹਾਂ ਦਾ ਅਰਥ ਅਤੇ ਭਾਵਨਾ ਹੂ-ਬ-ਹੂ ਇੱਕੋ ਹੀ ਹੈ। ਗੁਰੂ ਰਵਿਦਾਸ ਦੇ ਉਪਰੋਕਤ ਦੂਜੇ ਬੰਦ ਦੀ ਦੂਜੀ ਤੁਕ ਦੇ ਅੱਖਰ-ਅੱਖਰ ਦਾ ਅਨੁਵਾਦ ਹੈ। ਐਨੀ ਸਮਰੂਪਤਾ (ਸਮਾਨਤਾ) ਇਤਫ਼ਾਕੀਆ (incidental) ਨਹੀਂ ਹੋ ਸਕਦੀ। ਇਸ ਲਈ ਇਹ ਸਿੱਟਾ ਸੁਭਾਵਕ ਹੈ ਕਿ U.N. ਦੇ ਇਸ ਆਰਟੀਕਲ ਦੀ ਉਸਾਰੀ ਵੇਲੇ ਗੁਰੂ ਜੀ ਦਾ ਇਹ ਸ਼ਬਦ ਇਸ ਆਰਟੀਕਲ ਦੇ ਰਚਨਹਾਰਿਆਂ ਦੇ ਸਾਹਮਣੇ ਸੀ।

3. ਨੰ. ੩ ਦਾ ਅਨੁਵਾਦ :

"ਉਨ੍ਹਾਂ ਨੂੰ ਇੱਕ ਦੂਜੇ ਨਾਲ ਮਿਲਕੇ ਭਾਈਚਾਰੇ ਨੂੰ ਚੜ੍ਹਦੀ ਕਲਾ ਵਿਕਸਤ ਕਰਨੀ ਚਾਹੀਦੀ ਹੈ।"

ਇਸ ਵਿਚ ਭਾਈਚਾਰੇ ਨੂੰ ਚੜ੍ਹਦੀ ਕਲਾ ਵਲ ਵਿਕਸਤ ਕਰਨ ਦਾ ਕੇਵਲ ਸੁਝਾ ਹੀ ਦਿੱਤਾ ਗਿਆ ਹੈ।

ਕਹਿ ਰਵਿਦਾਸ ਖਲਾਸ ਚਮਾਰਾ॥
ਜੋ ਹਮ ਸਹਰੀ ਸੁ ਮੀਤੁ ਹਮਾਰਾ॥੩॥੨॥

ਗੁਰੂ ਰਵਿਦਾਸ ਜੀ ਆਪ ਖਾਲਸਾ ਹਨ ਭਾਵ ਪਵਿੱਤਰ ਹਨ। ਦੂਜੇ ਸ਼ਬਦਾਂ ਵਿੱਚ ਉਹ ਸਦਾਚਾਰਕ ਅਤੇ ਆਤਮਕ ਸ਼ਕਤੀ ਨਾਲ ਭਰਪੂਰ ਹਨ। ਇਸ ਲਈ ਫਰਮਾਉਂਦੇ ਹਨ ਕਿ ਜਿਸ ਵਿਸ਼ਵ-ਵਤਨ ਦਾ ਮੈਂ ਸ਼ਹਿਰੀ ਹਾਂ ਉਸ ਦਾ ਸ਼ਹਿਰੀ ਹੀ ਮੇਰਾ ਮਿੱਤਰ ਬਣ ਸਕਦਾ ਹੈ। ਉਹ ਸਪਸ਼ਟ ਕਰਦੇ ਹਨ ਕਿ ਉਥੇ ਦੇ ਸਾਰੇ ਸ਼ਹਿਰੀ ਇਕ ਦੂਜੇ ਦੇ ਮਿੱਤਰ ਹਨ ਅਤੇ ਆਤਮਕ-ਪਿਆਰ ਆਧਾਰਤ ਭਾਈਚਾਰੇ ਵਿੱਚ ਓਤਪੋਤ ਹਨ। ਇਹ ਭਾਈਚਾਰਾ ਟੁੱਟ ਨਹੀਂ ਸਕਦਾ ਇਹ ਸਦੀਵੀ ਹੈ। ਅਜਿਹੇ ਭਾਈਚਾਰੇ ਤੋਂ ਬਿਨਾਂ ਸਤਿਕਾਰ ਅਤੇ ਬਰਾਬਰ ਦੇ ਅਧਿਕਾਰ, ਆਤਮਕ ਸ਼ਕਤੀ ਹੋਣ ਕਰਕੇ ਵਿਕਾਰਾਂ ਤੇ ਕਾਬੂ ਕਰਕੇ ਮਾਨਸਿਕ ਸੰਤੁਸ਼ਟੀ ਅਤੇ ਮਨੁੱਖ ਦੀ ਸਮੁੱਚੇ ਵਾਤਾਵਰਣ ਦੀ ਚੜ੍ਹਦੀ ਕਲਾ ਨੂੰ ਵਿਕਸਤ ਨਹੀਂ ਕੀਤਾ ਜਾ ਸਕਦਾ।

ਉਪਰੋਕਤ ਚਰਚਾ ਤੋਂ ਇਹ ਵੀ ਦ੍ਰਿੜ ਹੋ ਜਾਂਦਾ ਹੈ ਕਿ ਇਤਿਹਾਸ ਗਵਾਹ ਹੈ ਕਿ ਗੁਰੂ ਰਵਿਦਾਸ ਜੀ ਨੇ ਵਿਸ਼ਵ ਦੇ ਸਭ ਤੋਂ ਪਹਿਲੇ ਵਿਸ਼ਵ ਮਨੁੱਖੀ ਅਧਿਕਾਰ ਸੰਸਥਾ (World Human Rights Organisation) ਦੀ ਸਿਰਜਣਾ ਕੀਤੀ ਅਤੇ ਸਭ ਤੋਂ ਪਹਿਲਾਂ ਹੀ ਇਸੇ ਨੂੰ ਅਮਲੀ ਰੂਪ ਵਿੱਚ ਲਾਗੂ ਕਰਕੇ ਬੇਗਮਪੁਰਾ ਨਾਮੀ ਵਿਸ਼ਵ-ਵਤਨ ਦੀ ਸਿਰਜਣਾ ਕਰਕੇ ਵਿਸ਼ਵ ਭਾਈਚਾਰੇ ਦੀ ਸਿਰਜਣਾ ਕੀਤੀ ਹੈ। ਅਜਿਹੇ ਵਿਸ਼ਵ ਭਾਈਚਾਰੇ ਦੀ ਸਿਰਜਣਾ ਕਰਕੇ ਗੁਰੂ ਰਵਿਦਾਸ ਜੀ ਨੇ ਵਿਸ਼ਵ-ਸਮਾਜ ਵਿਚ ਅਤੇ ਖਾਸ ਕਰਕੇ ਭਾਰਤੀ ਸਮਾਜ ਵਿਚ

ਵਿਚਰ ਰਹੇ ਮਨੁੱਖਤਾ ਮਾਰੂ ਧਾਰਮਕ ਗ੍ਰੰਥਾਂ, ਸਮਾਜਕ ਨਿਯਮਾਂ, ਰਾਜਨੀਤਕ, ਕਾਨੂੰਨੀ ਆਦਿ ਪੱਖਪਾਤੀ ਵਿਚਾਰਧਾਰਾ ਦੀ ਥਾਂ ਇਕ ਨਵੀਂ ਵਿਸ਼ਵ-ਵਿਚਾਰਧਾਰਾ ਦਾ ਨਿਰਮਾਣ ਕੀਤਾ, ਜਿਹੜੀ ਅੱਜ ਵਿਸ਼ਵ ਦੀ ਹਰ ਸੰਸਥਾ ਦਾ ਆਧਾਰ ਬਣ ਗਈ ਹੈ। ਭਾਵੇਂ ਉਹ UN ਹੋਵੇ ਜਾਂ UNICEH, ILO ਹੋਵੇ ਜਾਂ W.H.O. ਚਾਹੇ ਉਹ World Aeaca Camcer ਹੋਵੇ ਜਾਂ Security Council ਆਦਿ ਦਾ ਆਧਾਰ ਇਹੋ ਵਿਸ਼ਵ-ਬੇਗ਼ਮਪੁਰਾ ਦਾ ਸੰਕਲਪ ਹੀ ਹੈ।

ਇਸ ਨੁਕਤੇ ਵਿੱਚ ਵੀ ਆਰਟੀਕਲ ਨੰ. ੧ ਦੀ 'ਬੇਗ਼ਮਪੁਰੇ' ਦੇ ਵਿਚਾਰਾਂ ਨਾਲ ਸੰਪੂਰਨ ਸਮਰੂਪਤਾ (Similarity) ਹੈ। ਇਸ ਆਰਟੀਕਲ ਵਿੱਚ ਭਾਈਚਾਰੇ ਦੀ ਚੜ੍ਹਦੀ ਕਲਾ ਦੀ ਸਿਰਜਣਾ ਦੀ ਗੱਲ ਕੀਤੀ ਗਈ। ਗੁਰੂ ਰਵਿਦਾਸ ਜੀ ਨੇ ਕੇਵਲ ਗਲ ਹੀ ਨਹੀਂ ਕੀਤੀ, ਕੇਵਲ ਸੁਝਾ ਹੀ ਨਹੀਂ ਦਿੱਤਾ ਉਨ੍ਹਾਂ ਨੇ ਤਾਂ ਚੜ੍ਹਦੀ ਕਲਾ ਵਾਲੇ ਵਿਸ਼ਵ-ਭਾਈਚਾਰੇ ਦੀ ਸਿਰਜਣਾ ਕਰਕੇ ਅਮਲੀ ਰੂਪ ਵਿੱਚ ਵਿਕਸਤ ਕੀਤਾ ਹੈ। "ਉਹਾਂ ਗਨੀ ਬਸਹਿ ਮਾਮੂਰ।।" ਇਹੋ ਹੀ ਤਾਂ ਪਹਿਲੀ ਵਿਸ਼ਵ ਸਰਕਾਰ ਜਾਂ ਵਿਸ਼ਵ-ਖਾਲਸਾ ਰਾਜ ਦੀ ਸਥਾਪਨਾ ਦਾ ਸਬੂਤ ਹੈ।

ਉਪਰੋਕਤ ਤੁਲਨਾਤਮਕ ਅਧਿਐਨ ਤੋਂ ਪਰਪੱਕ ਤੌਰ ਤੇ ਦ੍ਰਿੜ ਹੋ ਗਿਆ ਹੈ ਕਿ ਯੂ.ਐਨ. (U.N.) ਦੇ ਆਰਟੀਕਲ ਨੰ. ੧ (Article No. 1) ਦੀ ਗੁਰੂ ਰਵਿਦਾਸ ਜੀ ਦੇ 'ਬੇਗ਼ਮਪੁਰਾ' ਦੇ ਵਿਚਾਰਾਂ ਨਾਲ ਅੱਖਰ-ਅੱਖਰ ਸਮਰੂਪਤਾ ਹੈ। ਇਥੋਂ ਤੱਕ ਕਿ ਆਰਟੀਕਲ ਵਿੱਚ ਆਏ ਸ਼ਬਦ ਵੀ 'ਬੇਗ਼ਮਪੁਰਾ' ਵਿੱਚ ਆਏ ਸ਼ਬਦਾਂ ਨਾਲ ਸਮਰੂਪ ਹਨ।

ਇਹ ਸੁਣਿਆ ਸੀ, ਪਰ ਹੁਣ ਇਸ ਵਿੱਚ ਕੋਈ ਸ਼ੱਕ ਨਹੀਂ ਰਿਹਾ ਕਿ ਟਰਾਂਟੋ ਵਿੱਚ ਹੋਈ ਮੀਟਿੰਗ ਵਿੱਚ ਐਲਾਨਿਆ ਗਿਆ ਨਿਰਣਾ ਕਿ ਵਿਸ਼ਵ ਸਰਕਾਰ ਦੇ ਸੰਵਿਧਾਨ ਦਾ ਆਧਾਰ ਗੁਰੂ ਗ੍ਰੰਥ ਸਾਹਿਬ ਹੋਵੇਗਾ ਅਤੇ ਉਸ ਦਾ Preamble (ਪ੍ਰਸਤਾਵਨਾ) ਗੁਰੂ ਰਵਿਦਾਸ ਦੇ ਸ਼ਬਦ ਬੇਗ਼ਮਪੁਰਾ ਤੇ ਆਧਾਰਤ ਹੋਵੇਗਾ। U.N. ਦੇ ਸੰਵਿਧਾਨ ਦੇ ਰਚਨਹਾਰਿਆਂ ਵਲੋਂ ਇਹ ਨਿਰਣਾ ਗੁਰੂ ਗ੍ਰੰਥ ਸਾਹਿਬ, ਖਾਸ ਕਰਕੇ ਗੁਰੂ ਰਵਿਦਾਸ ਜੀ ਦੇ 'ਬੇਗ਼ਮਪੁਰਾ' ਸ਼ਬਦ ਦੇ ਡੂੰਘੇ ਅਧਿਐਨ ਪਿਛੋਂ ਹੀ ਸੰਭਵ ਹੋ ਸਕਿਆ ਹੈ।

ਸੋ ਵਿਸ਼ਵ ਸਰਕਾਰ ਨੂੰ ਸਹੀ ਅਰਥਾਂ ਵਿੱਚ ਵਿਸ਼ਵ ਖਾਲਸਾ ਸਰਕਾਰ ਕਹਿਣਾ ਵਧੇਰੇ ਉਚਿਤ ਹੈ ਕਿਉਂਕਿ ਇਹ ਸਿੱਧ ਹੋ ਚੁੱਕਿਆ ਹੈ ਕਿ ਆਰਟੀਕਲ ਨੰ. ੧ ਦੀ ਸਿਰਜਣਾ ਦਾ ਆਧਾਰ ਵੀ ਸਦਾਚਾਰਕ ਅਤੇ ਆਤਮਕ ਵਿਚਾਰਧਾਰਾ ਹੀ ਹੈ।

ਉਪਰੋਕਤ ਚਰਚਾ ਤੋਂ ਸਪੱਸ਼ਟ ਹੋ ਗਿਆ ਹੈ ਕਿ ਗੁਰੂ ਰਵਿਦਾਸ ਜੀ ਦਾ ਮੁੜ ਸੁਰਜੀਤ ਕੀਤਾ ਆਦਿ ਧਰਮ ਬਨਾਮ ਵਿਸ਼ਵ ਧਰਮ, ਯੂ.ਐਨ. (U.N.) ਦੀ ਹਰ ਸੰਸਥਾ ਦਾ ਆਧਾਰ ਹੈ। ਦੂਜੇ ਅਰਥਾਂ ਵਿਚ U.N. ਨੇ ਗੁਰੂ ਰਵਿਦਾਸ ਜੀ ਦੇ

ਆਦਿ ਧਰਮ ਨੂੰ ਸਵੀਕਾਰ ਕਰ ਲਿਆ ਹੈ ਬਿਨ੍ਹਾਂ ਐਲਾਨ ਕੀਤਿਆਂ ਹੀ।

ਇਸ ਤਰ੍ਹਾਂ ਗੁਰੂ ਰਵਿਦਾਸ ਜੀ ਦੀ ਬਾਣੀ ਦੇ ਆਧਾਰ ਤੇ U.N. ਦੀ ਵਿਚਾਰਧਾਰਾ ਦੀ ਸਿਰਜਣਾ ਤਾਂ ਹੋਈ ਹੀ ਹੈ, ਗੁਰੂ ਜੀ ਨੇ ਅੱਜ ਤੋਂ ਛੇ ਸੌ ਸਾਲ ਪਹਿਲਾਂ ਵਿਸ਼ਵ ਸਰਕਾਰ ਜਾਂ ਵਿਸ਼ਵ ਖਾਲਸਾ ਸਰਕਾਰ ਦਾ ਸੰਵਿਧਾਨ ਸਿਰਜ ਕੇ ਉਸ ਅਨੁਸਾਰ ਵਿਸ਼ਵ-ਭਾਈਚਾਰੇ ਦੀ ਸਿਰਜਣਾ ਨੂੰ ਅਮਲੀ ਰੂਪ ਪ੍ਰਦਾਨ ਕਰਕੇ ਖ਼ਾਲਸਾ ਰਾਜ ਸਥਾਪਤ ਕੀਤਾ ਹੈ।

ਪ੍ਰਭ ਦੇ ਪਰਮ ਸੇਵਕ ਅਤੇ ਬ੍ਰਹਮ-ਗਿਆਨੀ ਹੋਣ ਕਰਕੇ, ਗੁਰੂ ਰਵਿਦਾਸ ਜੀ ਵਿਸ਼ਵ-ਖਾਲਸਾ ਰਾਜ ਦੇ ਪਹਿਲੇ ਪਾਤਸ਼ਾਹ ਬਣੇ।

ਹੁਣ ਅਸੀਂ ਨੁਕਤਾ ਨੰ. ੧ ਤੇ ਵਿਚਾਰ ਕਰਦੇ ਹਾਂ। ਭਾਰਤੀ ਸੰਵਿਧਾਨ ਦੇ ਨਿਰਮਾਤਾ ਭਾਰਤ ਰਤਨ ਡਾ. ਬਾਬਾ ਸਾਹਿਬ ਭੀਮ ਰਾਉ ਅੰਬੇਡਕਰ ਨੇ ਵੀ ਭਾਰਤੀ ਸੰਵਿਧਾਨ ਦੀ ਬੁਨਿਆਦ ਪ੍ਰਸਤਾਵਨਾ (Preamble) ਅਤੇ ਸੰਵਿਧਾਨ ਦੀ ਰੂਪ ਰੇਖਾ ਦੀ ਸਿਰਜਣਾ ਵੀ ਬੇਗਮਪੁਰਾ ਸ਼ਬਦ ਦੇ ਆਧਾਰ ਤੇ ਵਿਸ਼ਵ ਸੰਵਿਧਾਨ ਅਨੁਸਾਰ ਹੀ ਸਿਰਜੀ ਹੈ। ਜਿਵੇਂ 'ਬੇਗ਼ਮਪੁਰਾ' ਸ਼ਬਦ ਵਿਸ਼ਵ ਦੇ ਮਨੁੱਖ ਨੂੰ ਸੰਬੋਧਨ ਕਰਕੇ ਸਿਰਜਿਆ ਗਿਆ ਹੈ, ਉਸੇ ਤਰ੍ਹਾਂ ਪ੍ਰਸਤਾਵਨਾ ਵੀ ਭਾਰਤ ਦੇ ਲੋਕਾਂ ਨੂੰ ਸੰਬੋਧਨ ਕਰਕੇ ਲਿਖਿਆ ਗਿਆ ਹੈ। ਇਹ ਤੱਥ ਹੇਠ ਲਿਖੇ 'ਸਮਰਪਣ' ਨੂੰ ਪੜ੍ਹਕੇ ਸਪਸ਼ਟ ਹੋ ਜਾਂਦਾ ਹੈ ਕਿ ਭਾਰਤੀ ਸੰਵਿਧਾਨ ਦਾ 'ਪ੍ਰਸਤਾਵਨਾ' ਡਾ. ਅੰਬੇਡਕਰ ਨੇ ਗੁਰੂ ਰਵਿਦਾਸ ਜੀ ਦੀ ਬਾਣੀ, ਖਾਸ ਕਰਕੇ 'ਬੇਗਮਪੁਰਾ' ਸ਼ਬਦ ਦਾ ਡੂੰਘਾ ਅਧਿਐਨ ਕਰਨ ਪਿਛੋਂ ਹੀ ਲਿਖਿਆ ਹੈ:

"(ਕੁਰਬਾਨੀਆਂ ਦੇ) ਕਰਜ਼ੇ ਦਾ
ਕੁਝ ਹਿੱਸਾ ਚੁਕਾਉਣ ਹਿੱਤ
ਨੰਦਨਾਰ
ਰਵਿਦਾਸ
ਚੋਖਾਮੇਲਾ
ਤਿੰਨ ਪ੍ਰਸਿੱਧ ਸੰਤਾਂ ਦੀ ਯਾਦ ਵਿੱਚ ਜਿਨ੍ਹਾਂ ਦਾ ਜਨਮ ਅਛੂਤਾਂ ਵਿੱਚ ਹੋਇਆ ਅਤੇ ਜਿਨ੍ਹਾਂ ਨੇ ਆਪਣੀ ਪਵਿੱਤਰਤਾ ਅਤੇ ਸ਼ਕਤੀ ਨਾਲ ਸਭ ਤੋਂ ਸਨਮਾਨ ਤੇ ਸਤਿਕਾਰ ਪ੍ਰਾਪਤ ਕੀਤਾ।"[1]

ਡਾ. ਅੰਬੇਡਕਰ ਡੂੰਘੇ ਪਿਆਰ ਭਿੱਜੇ ਭਾਵਾਂ ਨਾਲ ਸਿਜਦਾ ਕਰਦੇ ਹੋਏ ਸ਼ਰਦਾ ਦੇ ਫੁੱਲ ਭੇਟ ਕਰਦੇ ਹਨ ਅਤੇ ਸਪਸ਼ਟ ਕਰਦੇ ਹਨ ਕਿ ਉਹ ਉਨ੍ਹਾਂ ਦੀਆਂ ਕੁਰਬਾਨੀਆਂ ਦਾ ਕੁਝ ਕੁ ਹੀ ਹਿੱਸਾ ਚੁਕਾਉਣ ਦੇ ਸਮਰਥ ਹਨ!

---

1. ਡਾ. ਬਾਬਾ ਸਾਹਿਬ ਅੰਬੇਡਕਰ 'ਰਾਈਟਿੰਗਸ ਐਂਡ ਸਪੀਚਿਸ' ਵੋਲ ਨੰ. ੭ ਪੰਨਾ-੨੩੫ (ਨੋਟ — ਪਰ ਪੰਨਾ ਨੰ. ਲਗਾਤਾਰਤਾ ਵਿੱਚ ਅੰਕਿਤ ਨਹੀਂ ਹੈ।)

ਇਹ ਸਪਸ਼ਟ ਕਰਨ ਪਿਛੋਂ ਕਿ ਭਾਰਤੀ ਸੰਵਿਧਾਨ ਦੇ ਪ੍ਰਸਤਾਵਨਾ ਦਾ ਆਧਾਰ ਵੀ 'ਬੇਗ਼ਮਪੁਰਾ' ਸ਼ਬਦ ਵਿਚ ਨਿਰੂਪਤ ਵਿਸ਼ਵ ਸੰਵਿਧਾਨ ਹੀ ਹੈ, ਜਿਸ ਦੀ ਉੱਪਰ ਵਿਆਖਿਆ ਸਹਿਤ ਵਿਚਾਰ ਕੀਤੀ ਜਾ ਚੁੱਕੀ ਹੈ, ਹੁਣ ਅਸੀਂ ਦੋਹਾਂ ਦਾ ਤੁਲਨਾਤਮਕ ਅਧਿਐਨ ਕਰਦੇ ਹਾਂ। ਇਸ ਅਧਿਐਨ ਤੋਂ ਸਪੱਸ਼ਟ ਹੋ ਜਾਵੇਗਾ ਕਿ ਵਿਸ਼ਵ ਸੰਵਿਧਾਨ ਵਿਚ ਹਰ ਪੱਖੋਂ ਹਰ ਜ਼ਰੂਰਤ ਪੂਰੀ ਕਰਨ ਦੀ ਸਮਰੱਥਾ ਹੈ।

ਪ੍ਰਸਤਾਵਨਾ (Preamble)

"1. ਨਿਆਂ — ਸਮਾਜਕ, ਆਰਥਕ, ਰਾਜਨੀਤਕ ਤੌਰ ਤੇ,

2. ਸੁਤੰਤਰਤਾ — ਵਿਚਾਰ, ਕਥਨ, ਇਮਾਨ, ਧਰਮ ਅਤੇ ਪੂਜਾ ਦੀ,

3. ਬਰਾਬਰੀ — ਪਦਵੀ ਅਤੇ ਅਵਸਰ ਦੀ ਅਤੇ ਇਸ ਨੂੰ ਸਾਰਿਆਂ ਵਿਚ ਵਿਕਸਤ ਕਰਨ ਦੀ।

4. ਭਾਈਚਾਰਾ — ਵਿਅਕਤੀਗਤ ਸਨਮਾਨ ਅਤੇ ਰਾਸ਼ਟਰ ਦੀ ਏਕਤਾ ਅਤੇ ਪੂਰਨਤਾ ਪਰਪੱਕ ਕਰੇ।"

ਭਾਰਤੀ ਸੰਵਿਧਾਨ ਦਾ ਪ੍ਰਸਤਾਵਨਾ, ਯੂ.ਐਨ. ਦੇ ਆਰਟੀਕਲ ਨੰ. ੧ ਦਾ ਹੀ ਵਿਕਸਤ ਰੂਪ ਹੈ। ਹੁਣ ਅਸੀਂ ਪ੍ਰਸਤਾਵਨਾ ਅਤੇ 'ਬੇਗ਼ਮਪੁਰਾ' ਸ਼ਬਦ ਤੇ ਵਿਚਾਰ ਕਰਦੇ ਹਾਂ :

1. **ਨਿਆਂ** :—ਸਮਾਜਕ, ਆਰਥਕ ਤੇ ਰਾਜਨੀਤਕ ਦੇਸ਼ ਦੇ ਸ਼ਹਿਰੀਆਂ ਨੂੰ ਸਮਾਜਕ, ਆਰਥਕ ਅਤੇ ਰਾਜਨੀਤਕ ਤੌਰ ਤੇ ਨਿਆਂ ਮਿਲਦਾ ਹੈ, ਨਿਆਂ ਦੀਆਂ ਨਜ਼ਰਾਂ ਵਿੱਚ ਸਾਰੇ ਸ਼ਹਿਰੀ ਬਰਾਬਰ ਹਨ। ਇਹ ਨਿਸ਼ਚਤ ਕਰਨਾ ਸਰਕਾਰ ਦਾ ਕੰਮ ਹੈ। ਇਸ ਪ੍ਰਤੀ ਗੁਰੂ ਰਵਿਦਾਸ ਜੀ ਫਰਮਾਉਂਦੇ ਹਨ :

ਬੇਗਮ ਪੁਰਾ ਸਹਰ ਕੋ ਨਾਉ॥
ਦੂਖ ਅੰਦੋਹ ਨਹੀਂ ਤਿਹਿ ਠਾਉ॥
ਨਾ ਤਸਵੀਸ ਖਿਰਾਜੁ ਨ ਮਾਲੁ॥
ਖਉਫੁ ਨ ਖਤਾ ਨ ਤਰਸੁ ਜਵਾਲੁ॥੧॥

ਬੇਗ਼ਮਪੁਰਾ ਖੁਸ਼ੀਆਂ ਭਰਪੂਰ ਵਤਨ ਹੈ ਇਸ ਵਤਨ ਦੇ ਸਮਾਜ ਵਿੱਚ ਸੁਖ ਹੀ ਸੁਖ ਹੈ, ਆਰਥਕ ਤੌਰ ਤੇ ਕੋਈ ਅਮੀਰ ਨਹੀਂ ਕੋਈ ਗਰੀਬ ਨਹੀਂ ਅਤੇ ਰਾਜਨੀਤਕ ਤੌਰ ਤੇ ਕਿਸੇ ਰਾਜੇ ਨੂੰ ਕੋਈ ਕਰ ਨਹੀਂ ਦੇਣਾ ਪੈਂਦਾ, ਨਾ ਹੀ ਕੋਈ ਹਾਰਿਆ ਹੋਇਆ ਰਾਜਾ, ਜਿਤੇ ਹੋਏ ਰਾਜੇ ਨੂੰ ਖਿਰਾਜ (ਕਰ) ਦਿੰਦਾ ਹੈ, ਮੁਕਦੀ ਗਲ ਇਥੇ ਉਸ ਸਦੀਵੀ ਪਾਤਸ਼ਾਹ ਤੋਂ ਬਿਨਾ ਕੋਈ ਹਾਕਮ ਹੀ ਨਹੀਂ ਹੈ। ਇਥੇ ਹਰ ਪੱਖੋਂ ਹਰ ਕਿਸੇ ਨੂੰ ਹਰ ਕਿਸਮ ਦੀ ਖੁਲ੍ਹ ਹੈ। ਇਸ ਤਰ੍ਹਾਂ ਪ੍ਰਸਤਾਵਨਾ ਅਤੇ 'ਬੇਗਮਪੁਰਾ' ਦੇ ਨਿਆਂ ਦੇ ਸੰਕਲਪ ਵਿਚ ਸਮਰੂਪਤਾ ਹੈ। ਇਹ ਨਿਆਂ ਯੁਕਤ ਖੁਲ੍ਹ ਵਿੱਚ ਵਾਧਾ ਇਹ ਹੈ ਕਿ ਇਹ ਸ਼ਹਿਰੀਆਂ ਦੇ ਸਦਾਚਾਰਕ ਅਤੇ ਆਤਮਕ ਸ਼ਕਤੀਆਂ ਵਿੱਚੋਂ ਜਨਮ ਲੈਂਦੀ ਹੈ ਜਦਕਿ ਪ੍ਰਸਤਾਵਨਾ ਵਿੱਚ ਨਿਆਂ ਲਾਗੂ ਕਰਨਾ ਸਰਕਾਰ ਦਾ ਕੰਮ ਹੈ। ਇਸ ਲਈ 'ਬੇਗ਼ਮਪੁਰਾ' ਦਾ ਨਿਆਂ ਦਾ ਸੰਕਲਪ ਹਰ

1. ਰਵਿਦਾਸ-ਅਪ੍ਰੈਲ ੧੯੯੨, ਗੁਰੂ ਰਵਿਦਾਸ ਸਾਹਿਤ ਅਕਾਦਮੀ, ਪੰਜਾਬ (ਰਜਿ.)-ਪੰਨਾ-੮.

ਪੱਖੋਂ ਉੱਤਮ ਅਤੇ ਸਦੀਵੀ ਹੈ। ਡਾ. ਦਰਸ਼ਨ ਸਿੰਘ ਜੀ ਇਸ ਸ਼ਬਦ ਵਿਚ ਰਾਜ ਦੀ ਵਿਆਖਿਆ ਇਸ ਤਰ੍ਹਾਂ ਕਰਦੇ ਹਨ :

"ਅਮੀਰ ਅਤੇ ਗਰੀਬ ਦਾ ਭੇਦ, ਜਾਤ-ਪਾਤ ਭੇਦ, ਇੱਕ ਦੂਜੇ ਦਾ ਭੇਦ, ਇਸ ਰਾਜ ਵਿੱਚ ਨਹੀਂ। ਇਸ ਤਰ੍ਹਾਂ ਹਰ ਕਿਸਮ ਦੀ ਬਰਾਬਰੀ ਇਸ ਰਾਜ ਦੇ ਵਾਸੀਆਂ ਦਾ ਜਨਮ ਸਿੱਧ ਅਧਿਕਾਰ ਹੈ।"[1]

2. **ਸੁਤੰਤਰਤਾ** : ਵਿਚਾਰ, ਕਥਨ, ਇਮਾਨ, ਧਰਮ ਅਤੇ ਪੂਜਾ ਦੀ। ਦੇਸ਼ ਦੇ ਸ਼ਹਿਰੀਆਂ ਨੂੰ ਹਰ ਕਿਸਮ ਦੀ ਆਜ਼ਾਦੀ ਹੈ। ਇਹ ਆਜ਼ਾਦੀ ਨਿਆਂ ਅਤੇ ਬਰਾਬਰੀ ਤੇ ਆਧਾਰਤ ਹੋਣ ਕਰਕੇ ਸਭ ਲਈ ਆਨੰਦ ਪ੍ਰਦਾਨ ਕਰਦੀ ਹੈ।

ਗੁਰੂ ਰਵਿਦਾਸ ਜੀ ਦਾ ਫਰਮਾਨ ਹੈ :

ਅਬ ਮੋਹਿ ਖੂਬ ਵਤਨ ਗਹ ਪਾਈ॥
ਊਹਾਂ ਖੈਰਿ ਸਦਾ ਮੇਰੇ ਭਾਈ॥੧॥ ਰਹਾਉ॥

ਇਸ ਸ਼ਬਦ ਦੀ ਵਿਚਾਰਧਾਰਾ ਨੇ ਸੁਤੰਤਰਤਾ ਨੂੰ ਮੁੱਖ ਆਧਾਰ ਬਣਾਇਆ ਹੈ। 'ਰਹਾਉ' ਸ਼ਬਦ ਦਾ ਅੰਤਰੀਵ ਭਾਵ ਹੁੰਦਾ ਹੈ ਅਤੇ ਸਾਰੇ ਸ਼ਬਦ ਦਾ ਨਿਚੋੜ ਹੁੰਦਾ ਹੈ। ਹੁਣ ਮੈਂ ਸੋਹਣੇ ਵਤਨ ਦਾ ਸ਼ਹਿਰੀ ਬਣ ਗਿਆ ਹਾਂ, ਜਿਥੇ, ਹੇ ਮੇਰੇ ਭਾਈ ਸਦੀਵੀ ਸੁਖ-ਸ਼ਾਂਤੀ ਅਤੇ ਆਨੰਦ ਹੈ। ਸਦੀਵੀ ਸੁੱਖ-ਸ਼ਾਂਤੀ ਵਾਲੇ ਵਤਨ ਵਿੱਚ ਹਰ ਸ਼ਹਿਰੀ ਨੂੰ ਹਰ ਕਿਸਮ ਦੀ ਸੁਤੰਤਰਤਾ ਉਪਲਬਧ ਹੈ— ਭਾਵੇਂ ਉਹ ਵਿਚਾਰਾਂ ਦੀ ਜਾਂ ਵਿਚਾਰਾਂ ਦੇ ਪ੍ਰਚਾਰ ਦੀ ਹੋਵੇ, ਭਾਵੇਂ ਉਹ ਧਰਮ ਜਾਂ ਪੂਜਾ ਦੀ ਹੋਵੇ। ਇਸ ਤਰ੍ਹਾਂ ਗੁਰੂ ਰਵਿਦਾਸ ਜੀ ਦਾ ਸੁੱਖ-ਸ਼ਾਂਤੀ ਦਾ ਸੰਕਲਪ, ਭਾਰਤੀ ਸੰਵਿਧਾਨ ਦੀ ਸੁਤੰਤਰਤਾ ਦੇ ਸੰਕਲਪ ਦੇ ਸਮਰੂਪ ਵੀ ਹੈ ਅਤੇ ਇਸ ਨਾਲੋਂ ਪਰਪਕ ਅਤੇ ਦ੍ਰਿੜ ਵੀ ਹੈ, ਕਿਉਂਕਿ ਬੇਗ਼ਮਪੁਰੇ ਦੇ ਸੰਕਲਪ ਦਾ ਆਧਾਰ ਸ਼ਹਿਰੀਆਂ ਦੀ ਸਦਾਚਾਰਕ ਅਤੇ ਆਤਮਕ ਸ਼ਕਤੀ ਹੈ, ਜਦਕਿ ਸੰਵਿਧਾਨ ਦੇ ਪ੍ਰਸਤਾਵਨਾ ਵਿੱਚ ਅਜਿਹੇ ਸੰਕਲਪ ਦਾ ਕੋਈ ਜ਼ਿਕਰ ਨਹੀਂ ਹੈ।

3. **ਬਰਾਬਰੀ** : ਪਦਵੀ ਅਤੇ ਅਵਸਰ ਦੀ ਅਤੇ ਇਸਨੂੰ ਸਾਰਿਆਂ ਵਿੱਚ ਵਿਕਸਤ ਕਰਨ ਦੀ। ਸਭ ਸ਼ਹਿਰੀਆਂ ਨੂੰ ਪਦਵੀ ਅਤੇ ਅਵਸਰ ਬਰਾਬਰ ਦੇ ਅਤੇ ਇਕੋ ਜਿਹੇ ਵਿਕਸਤ ਕਰਨਾ, ਸਰਕਾਰ ਲਈ ਜ਼ਰੂਰੀ ਹੈ।

ਕਾਇਮ ਦਾਇਮ ਸਦਾ ਪਾਤਸਾਹੀ॥
ਦੋਮ ਨ ਸੇਮ ਏਕ ਸੋ ਆਹੀ॥੨॥

ਇਸ ਸੰਬਧੀ ਗੁਰੂ ਰਵਿਦਾਸ ਜੀ ਦਾ ਫਰਮਾਨ ਹੈ :

ਤਿਉ ਤਿਉ ਸੈਲ ਕਰਹਿ ਜਿਉ ਭਾਵੈ॥
ਮਹਰਮ ਮਹਲ ਨ ਕੋ ਅਟਕਾਵੈ॥

ਗੁਰੂ ਜੀ ਫਰਮਾਉਂਦੇ ਹਨ ਕਿ ਇਸ ਵਤਨ ਦੇ ਸ਼ਹਿਰੀਆਂ ਦੀ ਪਦਵੀ ਇਕੋ ਜਹੀ ਹੈ ਅਤੇ ਹਰ ਇੱਕ ਨੂੰ ਹਰ ਥਾਂ ਜਾਣ ਦੇ ਅਤੇ ਵਿਕਸਤ ਹੋਣ ਦੇ

ਅਵਸਰ ਬਰਾਬਰ ਹਨ। ਪਾਤਸ਼ਾਹ ਦੇ ਮਿਲਣ ਲਈ ਕੋਈ ਰੋਕ ਨਹੀਂ ਪਾ ਸਕਦਾ। ਇਸ ਲਈ ਇਸ ਵਤਨ ਦੇ ਸ਼ਹਿਰੀ ਨੂੰ ਨਿਆਂ ਤੇ ਬਰਾਬਰੀ ਦੇ ਆਧਾਰ ਤੇ ਹਰ ਪੱਖੋਂ ਹਰ ਕੰਮ ਕਰਨ ਦੀ ਖੁਲ੍ਹ ਹੈ। ਇਸ ਤਰ੍ਹਾਂ ਦੋਹਾਂ ਸੰਕਲਪਾਂ ਵਿਚ ਸਮਰੂਪਤਾ ਹੈ। ਪਰ ਪ੍ਰਸਤਾਵਨਾ ਵਿੱਚ ਅਜਿਹੀ ਬਰਾਬਰੀ ਦ੍ਰਿੜ ਕਰਨਾ ਸਰਕਾਰ ਦਾ ਕੰਮ ਹੈ ਜਦਕਿ 'ਬੇਗ਼ਮਪੁਰਾ' ਵਿੱਚ ਸ਼ਹਿਰੀ ਦੇ ਆਚਰਣ ਵਿੱਚ ਇਹ ਆਪਣੇ ਆਪ ਹੀ ਵਿਕਸਤ ਹੁੰਦੀ ਹੈ। ਇਹ ਹਰ ਹਾਲਤ ਵਿੱਚ ਪ੍ਰਸਤਾਵਨਾ ਨਾਲੋਂ ਉੱਤਮ ਹੈ।

4. **ਭਾਈਚਾਰਾ** : ਵਿਅਕਤੀਗਤ ਸਨਮਾਨ ਅਤੇ ਰਾਸ਼ਟਰ ਦੀ ਏਕਤਾ ਅਤੇ ਸੰਪੂਰਨਤਾ ਪਰਪੱਕ ਕਰਨ ਦਾ ਭਾਵ ਸਰਕਾਰ ਆਪਣੇ ਸ਼ਹਿਰੀਆਂ ਦੇ ਸਨਮਾਨ ਅਤੇ ਦੇਸ਼ ਦੀ ਏਕਤਾ ਅਤੇ ਸੰਪੂਰਨਤਾ ਲਈ ਬਚਨਬੱਧ ਹੈ।

ਗੁਰੂ ਰਵਿਦਾਸ ਜੀ ਦਾ ਫਰਮਾਨ ਹੈ :

ਕਹਿ ਰਾਵਿਦਾਸ ਖਲਾਸ ਚਮਾਰਾ॥
ਜੋ ਹਮ ਸਹਰੀ ਸੁ ਮੀਤੁ ਹਮਾਰਾ॥੩॥੨॥

ਭਾਈਚਾਰੇ ਵਿੱਚ ਵਿਅਕਤੀਗਤ ਸਨਮਾਨ ਅਤੇ ਦੇਸ਼ ਦੀ ਏਕਤਾ ਅਤੇ ਸੰਪੂਰਨਤਾ ਨੂੰ ਡਾ. ਦਰਸ਼ਨ ਸਿੰਘ ਜੀ ਨੇ ਬੜੇ ਵਧੀਆ ਢੰਗ ਨਾਲ ਪੇਸ਼ ਕੀਤਾ ਹੈ:

> "ਦੋਸਤੀ ਅਤੇ ਪ੍ਰੇਮ-ਪਿਆਰ ਹੀ ਇੱਕੋ-ਇੱਕ ਸੂਤਰ ਹੈ ਜਿਹੜਾ ਸ਼ਹਿਰੀਆਂ ਨੂੰ ਇੱਕ ਸੂਤਰ ਵਿੱਚ ਬੰਨਦਾ ਹੈ। ਇੰਜ ਸੰਤ ਜੀ ਨੇ ਇੱਕ ਸ਼ਹਿਰੀ ਅਤੇ ਦੂਜੇ ਸ਼ਹਿਰੀ ਦੇ ਰਿਸ਼ਤੇ ਦਾ ਆਧਾਰ ਪ੍ਰਸਪਰ ਪਿਆਰ ਨੂੰ ਮੰਨਿਆ ਹੈ ਅਤੇ ਸ਼ਹਿਰੀ ਅਤੇ ਰਾਜੇ ਦੇ ਪ੍ਰਸਪਰ ਰਿਸ਼ਤੇ ਦਾ ਆਧਾਰ ਨਿਰਭਉ ਹੋਣ ਨੂੰ ਮੰਨਿਆ ਹੈ। ਇਸ ਤਰ੍ਹਾਂ ਦੀ ਸਥਿਤੀ ਵਿਚ ਕਿਸੇ ਕਿਸਮ ਦੀ ਕਮਜ਼ੋਰੀ ਅਤੇ ਬੁਰਾਈ ਨੂੰ ਪਲਣ ਦਾ ਮੌਕਾ ਨਹੀਂ ਮਿਲਦਾ। ਅਜਿਹੀ ਹਾਲਤ ਵਿਚ ਦਵੈਸ਼ ਦੀ ਭਾਵਨਾ ਦਾ ਨਾਸ਼ ਹੋ ਜਾਂਦਾ ਹੈ।"[1]

ਸੋ ਦੋਹਾਂ ਸੰਕਲਪਾਂ ਵਿੱਚ ਸਮਰੂਪਤਾ ਹੈ।

'ਬੇਗ਼ਮਪੁਰਾ' ਦੇ ਸ਼ਹਿਰੀ ਵਿਚ ਇਹ ਪ੍ਰੇਮ-ਭਾਵਨਾ ਉਸ ਦੇ ਸਦਾਚਾਰਕ ਅਤੇ ਆਤਮਕ ਸ਼ਕਤੀ ਵਿਚੋਂ ਜਨਮ ਲੈਂਦੀ ਹੈ। ਅਜਿਹੀ ਭਾਵਨਾ ਅਧੀਨ ਵਿਕਸਤ ਹੋਇਆ ਭਾਈਚਾਰਾ ਕਦੇ ਟੁੱਟ ਨਹੀਂ ਸਕਦਾ।

ਪਰ ਪ੍ਰਸਤਾਵਨਾ ਵਿੱਚ ਦਰਜ ਭਾਈਚਾਰਾ ਸਿਰਜਣ ਦਾ ਕੰਮ ਸਰਕਾਰ ਨੇ ਕਰਨਾ ਹੈ, ਜਿਹੜਾ ਕਿਸੇ ਵੀ ਹਾਲਤ ਵਿੱਚ ਗੁਰੂ ਰਵਿਦਾਸ ਜੀ ਦੀ ਬਾਣੀ ਅਨੁਸਾਰ ਸਿਰਜੇ ਭਾਈਚਾਰੇ ਨਾਲੋਂ ਉੱਤਮ ਨਹੀਂ ਹੋ ਸਕਦਾ।

ਉਪਰੋਕਤ ਗੰਭੀਰ ਅਤੇ ਗਹਿਰੀ ਚਰਚਾ ਪਿਛੋਂ ਇਹ ਦ੍ਰਿੜ ਹੋ ਗਿਆ ਹੈ

1. ਰਵਿਦਾਸ - ਅਪ੍ਰੈਲ ੧੯੯੨ - , ਗੁਰੂ ਰਵਿਦਾਸ ਸਾਹਿਤ ਅਕਾਦਮੀ ਪੰਜਾਬ (ਰਜਿ.) ਪੰਨਾ-੯

ਕਿ ਗੁਰੂ ਰਵਿਦਾਸ ਜੀ ਦੇ 'ਬੇਗ਼ਮਪੁਰਾ' ਵਿੱਚ ਨਿਰੂਪਤ ਵਿਸ਼ਵ ਸਰਕਾਰ ਜਾਂ ਵਿਸ਼ਵ ਖਾਲਸਾ ਰਾਜ ਦਾ ਸੰਕਲਪ ਹਕੀਕਤ ਹੈ। ਗੁਰੂ ਰਵਿਦਾਸ ਜੀ ਨੇ ਇਸ ਦੇ ਵਿਸ਼ਵ ਸੰਵਿਧਾਨ ਨੂੰ ਸਿਰਜ ਕੇ ਅਮਲੀ ਰੂਪ ਵਿੱਚ ਵਿਸ਼ਵ ਖਾਲਸਾ ਰਾਜ ਦੀ ਸਥਾਪਨਾ ਕੀਤੀ ਹੈ, ਜਿਸ ਦੇ ਉਹ ਪਹਿਲੇ ਪਾਤਸ਼ਾਹ ਸਨ। ਇਸ ਤਰ੍ਹਾਂ ਉਨ੍ਹਾਂ ਨੇ ਸੰਵਿਧਾਨ ਨੂੰ ਅਮਲੀ ਰੂਪ ਵਿੱਚ ਲਾਗੂ ਵੀ ਕੀਤਾ ਹੈ, ਜਿਸ ਦੀ ਪ੍ਰੋੜਤਾ ਗੁਰੂ ਰਾਮ ਦਾਸ ਜੀ ਕਰਦੇ ਹਨ:

"ਰਵਿਦਾਸੁ ਚਮਾਰੁ ਉਸਤਤਿ ਕਰੇ,
ਹਰਿ ਕੀਰਤਿ ਨਿਮਖ ਇਕ ਗਾਇ॥
ਪਤਿਤ ਜਾਤਿ ਉਤਮੁ ਭਇਆ,
ਚਾਰਿ ਵਰਨ ਪਏ ਪਗਿ ਆਇ॥੨॥

(ਆਦਿ ਗ੍ਰੰਥ ਪੰਨਾ-੭੩੩)

ਗੁਰੂ ਰਵਿਦਾਸ ਜੀ ਦੇ ਬੇਗ਼ਮਪੁਰਾ ਵਿਚ ਨਿਰੂਪਤ ਸੰਵਿਧਾਨ ਨੂੰ ਅਮਲੀ ਰੂਪ ਵਿਚ ਲਾਗੂ ਕਰਨ ਦੇ ਰਾਹ ਵਿਚ ਆ ਰਹੀਆਂ ਰੁਕਾਵਟਾਂ ਨੂੰ ਦੂਰ ਕਰਨ ਲਈ ਗੁਰੂ ਰਵਿਦਾਸ ਜੀ ਨੇ ਖ਼ਾਲਸਾ ਫੌਜ ਤਿਆਰ ਕੀਤੀ। ਇਸ ਦੀ ਪ੍ਰੋੜਤਾ ਗੁਰੂ ਰਵਿਦਾਸ ਜੀ ਦੇ ਮਾਰੂ ਰਾਗ ਵਿਚ ਉਚਾਰੇ ਸ਼ਬਦ 'ਐਸੀ ਲਾਲ' ਅਤੇ 'ਸੁਖ ਸਾਗਰ' ਤੋਂ ਦ੍ਰਿੜ ਹੋ ਜਾਂਦੀ ਹੈ।

ਇਸ ਪਿਛੋਂ ਜਿਸਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸਤਾਰਵੀਂ ਸਦੀ ਦੇ ਅੰਤ ਅਤੇ ਅਠਾਰਵੀਂ ਸਦੀ ਦੇ ਸ਼ੁਰੂ ਵਿਚ ਸਿਖਰ ਤੇ ਪਹੁੰਚਾਇਆ। ਪ੍ਰਿੰਸੀਪਲ ਸਤਬੀਰ ਸਿੰਘ ਇਸ ਸੰਬੰਧ ਵਿੱਚ ਹੋਰ ਅਗਾਂਹ ਜਾਂਦੇ ਹਨ ਅਤੇ ਇੱਕ ਚਮਤਕਾਰੀ ਤੱਥ ਦਾ ਪ੍ਰਗਟਾਵਾ ਕਰਦੇ ਉਪਰੋਕਤ 'ਬੇਗ਼ਮਪੁਰਾ' ਦੇ ਸੰਕਲਪ ਦੀ ਪ੍ਰੋੜਤਾ ਕਰਦੇ ਲਿਖਦੇ ਹਨ :

> "ਜਿਸ ਗੱਲ ਵੱਲ ਇਸ਼ਾਰਾ ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਵਿੱਚ ਇਹ ਕਹਿ ਕੇ ਕੀਤਾ ਸੀ ਕਿ —
>
> ਐਸੀ ਲਾਲ ਤੁਝ ਬਿਨੁ ਕਉਨੁ ਕਰੈ॥
> ਗਰੀਬ ਨਿਵਾਜੁ ਗੁਸਈਆ ਮੇਰਾ
> ਮਾਥੈ ਛਤ੍ਰ ਧਰੈ॥੧॥ ਰਹਾਉ॥
> ਜਾ ਕੀ ਛੋਤਿ ਜਗਤ ਕਉ ਲਾਗੈ
> ਤਾ ਪਰ ਤੁਹੀ ਢਰੈ॥
> ਨੀਚਹ ਊਚ ਕਰੈ ਮੇਰਾ ਗੋਬਿੰਦ
> ਕਾਹੂ ਤੇ ਨ ਡਰੈ॥੧॥ (੧੧੦੬)
>
> ਰਾਗ ਦੇ ਦਿਸ਼ਾ ਨਿਰਦੇਸ਼ ਅਨੁਸਾਰ ਗੁਰੂ

1. ਸਿੱਖ ਥਾਟ - ਪੰਨਾ-੭, ਲੇਖ - ਜੱਗ-ਬੰਧੂ, ਗੁਰੂ ਗੋਬਿੰਦ ਸਿੰਘ

ਰਵਿਦਾਸ ਜੀ ਯੁੱਧ ਜਿੱਤ ਕੇ ਚੱਕਰਵਰਤੀ ਰਾਜਾ ਬਣੇ। ਇਸ ਸ਼ਬਦ ਦੀ ਰਚਨਾ ਮਾਰੂ ਰਾਗ ਦੇ ਦਿਸ਼ਾ ਨਿਰਦੇਸ਼ਨ ਵਿਚ ਹੋਈ।

ਗੁਰੂ ਗੋਬਿੰਦ ਸਿੰਘ ਜੀ ਨੇ ਕਰ ਦਿਖਾਇਆ, ਸਭ ਊਚ-ਨੀਚ, ਰਾਣੇ-ਰੰਕੁ, ਹਰ ਵਰਣ ਤੇ ਆਸ਼ਰਮ ਦੇ ਰੁਕਨ ਨੂੰ ਇੱਕ ਥਾਂ ਪੰਗਤਿ ਵਿੱਚ ਬੈਠਾਲ ਪ੍ਰਸ਼ਾਦਿ ਛਕਾਇਆ। ਇੱਕੋ ਸੰਗਤ ਵਿੱਚ ਟਿਕਾ, ਇੱਕੋ ਜਿਹਾ ਉਪਦੇਸ਼ ਦਿੱਤਾ ਅਤੇ ਸਭ ਤੋਂ ਵੱਡੀ ਗੱਲ ਇਕੋ ਬਾਟੇ ਵਿੱਚੋਂ ਅੰਮ੍ਰਿਤ ਛਕਾਇਆ ਅਤੇ ਫਿਰ ਅੰਮ੍ਰਿਤ ਦੀ ਦਾਤ ਵੰਡ, ਆਪੂੰ ਉਨ੍ਹਾਂ ਨਾਲੋਂ ਵੱਖ ਨਾ ਰਹੇ। ਸਗੋਂ ਉਨ੍ਹਾਂ ਅੱਗੇ ਹੱਥ ਜੋੜ ਕਹਿਆ ਕਿ ਮੈਂ ਵੀ ਤੁਹਾਡੇ ਵਿਚੋਂ ਹਾਂ, ਮੈਨੂੰ ਵੀ ਅੰਮ੍ਰਿਤ ਦੀ ਦਾਤ ਦਿਉ। ਗੁਰੂ ਚੇਲੇ ਦਾ ਭੇਦ ਮਿਟਾ ਦਿੱਤਾ। ਹਰ ਕਿਸੇ ਨੂੰ ਗੁਲਾਮੀ ਤੋਂ ਸੁਤੰਤਰ ਕਰ ਦਿੱਤਾ।"[1]

ਇਸ ਪ੍ਰੋੜਤਾ ਦੀ ਪਰਪੱਕਤਾ ਹੇਠ ਦਿੱਤੀਆਂ ਗਵਾਹੀਆਂ ਤੋਂ ਹੋਰ ਵੀ ਦ੍ਰਿੜ ਹੋ ਜਾਂਦੀ ਹੈ।

ਜਿਸ ਬੁਨਿਆਦ ਉੱਪਰ ਗੁਰੂ ਰਵਿਦਾਸ ਜੀ ਨੇ "ਬੇਗ਼ਮਪੁਰਾ" ਸ਼ਬਦ ਵਿਚ ਖਾਲਸ ਸਰਕਾਰ ਦਾ ਸੰਵਿਧਾਨ ਨਿਰਪੂਤ ਕਰਕੇ ਖਾਲਸਾ ਸਰਕਾਰ ਦੀ ਸਿਰਜਣਾ ਕੀਤੀ ਹੈ, ਉਸੇ ਹੀ ਬੁਨਿਆਦ ਨੂੰ ਆਧਾਰ ਬਣਾ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਉਪਰੋਕਤ ਮਿਸ਼ਨ ਨੂੰ ਅੱਗੇ ਤੋਰਿਆ ਹੈ। ਦੋਹਾਂ ਵਿਚ ਸੰਪੂਰਨ ਸਮਰੂਪਤਾ ਹੈ:

ਗੁਰੂ ਰਵਿਦਾਸ ਜੀ :

ਕਹਿ ਰਵਿਦਾਸ ਖਲਾਸ ਚਮਾਰਾ॥
ਜੋ ਹਮ ਸਹਰੀ ਸੁ ਮੀਤੁ ਹਮਾਰਾ।।

ਗੁਰੂ ਗੋਬਿੰਦ ਸਿੰਘ ਜੀ:

(ੳ) ਖਾਲਸਾ ਮੇਰੋ ਮਿਤ੍ਰ ਸਖਾਈ॥
ਖਾਲਸਾ ਮੇਰੋ ਮਾਤ ਪਿਤ ਸੁਖਦਾਈ॥
(ਅ) ਖਾਲਸਾ ਮੇਰੋ ਰੂਪ ਹੈ ਖਾਸ॥

ਸੋ ਗੁਰੂ ਰਵਿਦਾਸ ਜੀ ਦਾ ਖਾਲਸਾ "ਜੋ ਹਮ ਸਹਰੀ ਸੁ ਮੀਤੁ ਹਮਾਰਾ" ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਖਾਲਸਾ "ਮੇਰੋ ਮਿਤਰ ਸਖਾਈ" ਵਿੱਚ ਸੌ ਪ੍ਰਤੀਸ਼ਤ ਸਮਰੂਪਤਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਸਮੇਂ ਦੀ ਜ਼ਰੂਰਤ ਅਨੁਸਾਰ ਸ਼ਸਤਰਾਂ ਨੂੰ ਵੀ ਸ਼ਾਮਲ ਕਰ ਲਿਆ। ਪਰ ਇਹ ਖਾਲਸਾ ਬਣਨ ਲਈ ਬੁਨਿਆਦੀ ਜ਼ਰੂਰਤ ਨਹੀਂ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਮੇਂ ਦੀਆਂ ਜ਼ਰੂਰਤਾਂ ਅਨੁਸਾਰ ਅਤੇ

ਸਮੇਂ ਦੀ ਸਰਕਾਰ ਦੇ ਜ਼ੁਲਮ ਵਿਰੁਧ ਖਾਲਸਾ ਫੌਜ਼ ਤਿਆਰ ਕੀਤੀ ਸੀ, ਜਿਸ ਦੀ ਬੁਨਿਆਦੀ ਵਿਚਾਰਧਾਰਾ ਗੁਰੂ ਗ੍ਰੰਥ ਸਾਹਿਬ ਦੀ ਹੀ ਵਿਚਾਰਧਾਰਾ ਸੀ। ਫਿਰ ਵੀ ਗੁਰੂ ਗੋਬਿਦ ਸਿੰਘ ਜੀ ਨੇ, ਗੁਰੂ ਤੇਗ ਬਹਾਦਰ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਨ ਸਮੇਂ ਅੰਮ੍ਰਿਤ-ਪਾਨ ਦੀ ਰੀਤ ਨੂੰ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦਾ ਹਿੱਸਾ ਨਹੀਂ ਬਣਾਇਆ। ਅਜਿਹਾ ਕਰਕੇ ਗੁਰੂ ਜੀ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਨਿਰੂਪਤ ਵਿਸ਼ਵ-ਧਰਮ ਦੀ ਵਿਚਾਰਧਾਰਾ ਦੀ ਬੁਨਿਆਦ "ਬੇਗ਼ਮਪੁਰਾ ਸਹਰ ਕੋ ਨਾਓ" ਦਾ ਸੰਕਲਪ

ਕਹਿ ਰਵਿਦਾਸ ਖਲਾਸ ਚਮਾਰਾ॥
ਜੋ ਹਮ ਸਹਰੀ ਸੁ ਮੀਤੁ ਹਮਾਰਾ॥

ਅਤੇ "ਆਸਾ ਦੀ ਵਾਰ" ਦਾ ਸੰਕਲਪ

ਨਾਇ ਮੰਨਿਐ ਪਤਿ ਉਪਜੈ ਸਾਲਾਹੀ ਸਚ ਸੂਤ॥
ਦਰਗਹ ਅੰਦਰਿ ਪਾਈਐ ਤਗ ਨ ਤੂਟਹਿ ਪੂਤ॥
(ਆਦਿ ਗ੍ਰੰਥ ਪੰਨਾ-੪੭੧)

ਨੂੰ ਖੰਡਤ ਹੋਣ ਤੋਂ ਬਚਾ ਲਿਆ।

ਸੋ ਉਪਰੋਕਤ ਚਰਚਾ ਤੋਂ ਦ੍ਰਿੜ ਹੋ ਗਿਆ ਹੈ ਕਿ ਗੁਰੂ ਰਵਿਦਾਸ ਜੀ ਨੇ ਵਿਸ਼ਵ-ਖਾਲਸਾ ਸਰਕਾਰ ਦੇ ਸੰਵਿਧਾਨ ਦੀ ਸਿਰਜਣਾ ਕਰਕੇ ਉਸ ਨੂੰ ਲਾਗੂ ਵੀ ਕੀਤੀ ਹੈ। ਇਸ ਚਰਚਾ ਤੋਂ ਇੱਕ ਅਤਿ ਮਹੱਤਵਪੂਰਨ ਮਹਾਨ ਸਿਧਾਂਤ ਦੀ ਸਿਰਜਣਾ ਵੀ ਹੋਈ ਹੈ। 'ਬੇਗ਼ਮਪੁਰਾ' ਦੀ ਸਮੁੱਚੀ ਵਿਚਾਰਧਾਰਾ ਵਿੱਚ ਕੁਦਰਤੀ ਨਿਆਂ (Natural Justice) ਨਿਰੂਪਤ ਹਨ। Natural Justice (ਕੁਦਰਤੀ ਨਿਆਂ) ਦਾ ਅਰਥ ਸਦੀਵੀ ਨਿਯਮਿਤ ਨਿਰਪੱਖਤਾ ਹੈ। ਸੋ ਇਸ ਸ਼ਬਦ ਵਿੱਚ ਨਿਰੂਪਤ ਵਿਚਾਰਧਾਰਾ ਸਦੀਵੀ ਨਿਯਮਬੱਧ-ਨਿਰਪੱਖਤਾ ਭਾਵ ਨਿਯਮਿਤ ਨਿਰਪੱਖਤਾ ਦੇ ਸਿਧਾਂਤ ਉੱਪਰ ਸਿਰਜੀ ਗਈ ਹੈ। ਕਮਾਲ ਦੀ ਗੱਲ ਹੈ ਕਿ ਅੱਜ ਦੀ ਵਿਸ਼ਵ ਦੀ ਵਿਚਾਰਧਾਰਾ ਵੀ ਇਸੇ ਹੀ ਸਿਧਾਂਤ ਉੱਪਰ ਸਿਰਜੀ ਗਈ ਹੈ। ਗੁਰੂ ਰਵਿਦਾਸ ਜੀ ਨੇ ਅੱਜ ਤੋਂ ਛੇ ਸੌ ਸਾਲ ਪਹਿਲਾਂ ਸੁਚੇਤ ਹੋ ਕੇ ਜਾਣ ਬੁਝ ਕੇ ਆਪਣੇ ਵਿਸ਼ਵ-ਵਤਨ ਲਈ ਵਿਸ਼ਵ ਸਰਕਾਰ ਦੇ ਸੰਵਿਧਾਨ ਦੀ ਸਿਰਜਣਾ ਕੀਤੀ ਹੈ। ਇਸ ਦੀ ਗਵਾਹੀ ਯੂ.ਐਨ. (U.N.) ਦੇ ਆਰਟੀਕਲ ਨੰ. ੧ (Article No. 1) ਵਿੱਚ ਨਿਰੂਪਤ ਹੈ।

ਸਿਟੇ ਵਜੋਂ ਗੁਰੂ ਰਵਿਦਾਸ ਜੀ ਦੀ ਵਿਸ਼ਵ ਵਿਆਪੀ ਸਰਵ-ਪੱਖੀ ਮਹਾਨ ਅਤੇ ਅਦਭੁਤ ਪ੍ਰਤਿਭਾ ਅੱਗੇ ਮਾਣ ਅਤੇ ਸ਼ਰਧਾ ਨਾਲ ਆਪ ਮੁਹਾਰੇ ਹੀ ਸਿਰ ਝੁਕ ਜਾਂਦਾ ਹੈ।

ਸ਼ਬਦ ਦਾ ਅੰਤਰੀਵ ਵਿਚਾਰ ਵਿਧਾਨ

ਇਸ ਸ਼ਬਦ ਵਿੱਚ ਸਾਰੇ ਧਰਮਾਂ ਖਾਸ ਕਰਕੇ ਹਿੰਦੂ ਧਰਮ ਦੀਆਂ ਅਤੇ ਸਾਰੇ ਰਾਜਨੀਤਕ ਪ੍ਰਬੰਧਾਂ ਦੀਆਂ ਪੁਰਾਣੀਆਂ ਸੰਸਥਾਵਾਂ ਨੂੰ ਰੱਦ ਕੀਤਾ ਗਿਆ ਹੈ। ਇਹ ਸੰਸਥਾਵਾਂ ਪਿਛੋਕੜ ਵਿੱਚ ਵਿਚਰ ਰਹੀਆਂ ਹਨ। ਇਨ੍ਹਾਂ ਸੰਸਥਾਵਾਂ ਦੀ ਥਾਂ ਤੇ ਨਵੇਂ ਪ੍ਰਬੰਧ ਸਥਾਪਤ ਕੀਤੇ ਗਏ ਹਨ। ਇਹਨਾਂ ਦੇ ਸਥਾਪਤ ਹੋਣ ਨਾਲ ਹੀ ਪਿਛੋਕੜ ਵਿੱਚ ਵਿਚਰ ਰਹੀਆਂ ਪੁਰਾਣੀਆਂ ਸੰਸਥਾਵਾਂ ਆਪਣੇ ਆਪ ਹੀ ਰੱਦ ਹੋ ਗਈਆਂ ਹਨ।

ਸੋ ਬੰਦ ਨੰ. ੧ ਦੀਆਂ ਪਹਿਲੀਆਂ ਦੋ ਤੁਕਾਂ ਵਿੱਚ ਸਮਾਜਕ, ਧਾਰਮਕ, ਸਦਾਚਾਰਕ ਵਿਦਿਅਕ ਆਦਿ ਨਾਲ ਸੰਬੰਧਤ ਦੁੱਖ ਦੀ ਮੁਕਤੀ ਦਾ ਜ਼ਿਕਰ ਹੈ। ਇਸ ਬੰਦ ਦੀਆਂ ਪਿਛਲੀਆਂ ਦੋ ਤੁੱਕਾਂ ਵਿੱਚ ਆਰਥਕ, ਰਾਜਨੀਤਕ ਅਤੇ ਹੋਰ ਇੱਛਾਵਾਂ ਦੀ ਮੁਕਤੀ ਦਾ ਜ਼ਿਕਰ ਹੈ। ਇਸ ਬੰਦ ਦੇ ਪਿਛੋਕੜ ਵਿੱਚ ਵਿਚਰ ਰਹੇ ਧਰਮਾਂ ਦੇ ਜੁਲਮਾਂ ਦਾ ਅੰਤ ਹੈ। ਇਸ ਬੰਦ ਵਿੱਚ ਮਨੁੱਖ ਮਾਨਸਿਕ ਤੌਰ ਤੇ ਸੁਤੰਤਰ ਹੈ। ਸਾਮੰਤਸ਼ਾਹੀ ਦਾ ਅੰਤ ਕਰਕੇ ਜੱਦੀ ਅਤੇ ਨਿੱਜੀ ਜਾਇਦਾਦ ਦਾ ਹੱਕ ਖਤਮ ਕਰਕੇ ਸਮਾਜਵਾਦੀ ਲੋਕਤੰਤਰ ਸਥਾਪਤ ਕੀਤਾ ਹੈ। ਇਸ ਕਾਰਣ ਇਸ ਵਿਸ਼ਵ-ਵਤਨ ਦਾ ਸ਼ਹਿਰੀ ਨਿਰਭਉ ਅਤੇ ਨਿਰਵੈਰ ਹੈ, ਆਰਥਕ ਅਤੇ ਰਾਜਨੀਤਕ ਤੌਰ ਤੇ ਸੁਤੰਤਰ ਹੈ, ਇਸ ਕਰਕੇ ਹਰ ਪੱਖੋਂ ਪਰਮ ਆਨੰਦ ਭਰਪੂਰ ਹੈ। ਇਹ ਨਵਾਂ ਸੰਵਿਧਾਨ ਹੈ ਵਿਸ਼ਵ ਸਰਕਾਰ ਦਾ।

ਗੁਰੂ ਰਵਿਦਾਸ ਜੀ 'ਰਹਾਉ' ਵਿੱਚ ਇਹ ਪਰਪੱਕ ਕਰਦੇ ਹੋਏ ਪ੍ਰੋੜਤਾ ਕਰਦੇ ਹਨ ਕਿ ਮੈਂ ਇਸ ਉੱਤਮ ਵਤਨ ਦਾ ਸ਼ਹਿਰੀ ਹਾਂ। ਇਸ ਤਰ੍ਹਾਂ ਉਹ ਉਪਰੋਕਤ ਵਿਸ਼ਵ-ਵਤਨ ਦੀ ਹਕੀਕਤ ਨੂੰ ਦ੍ਰਿੜ ਕਰਦੇ ਹਨ। ਵਿਸ਼ਵ ਮਾਨਵ-ਵਾਦੀ ਵਤਨ ਦੇ ਪਾਤਸ਼ਾਹ ਦਾ ਰਿਸ਼ਤਾ ਸਦੀਵੀ ਪਿਆਰ ਵਾਲਾ ਹੈ। ਬੰਦ ਨੰ. ੧ ਵਿੱਚ ਸਿਰਜਿਆ ਗਿਆ ਵਿਸ਼ਵ-ਸਰਕਾਰ ਦਾ ਸੰਵਿਧਾਨ, ਗੁਰੂ ਰਵਿਦਾਸ ਜੀ ਦੇ ਵਿਸ਼ਵ ਵਤਨ ਦਾ ਹੈ, ਜਿਥੇ ਉਹ ਰਹਿੰਦੇ ਹਨ।

ਬੰਦ ਨੰ. ੨ ਵਿੱਚ ਇਸ ਅਗਮੀ, ਸਥਿਰ, ਅਟੱਲ, ਅਸੀਮ ਅਤੇ ਸਦੀਵੀ ਪਾਤਸ਼ਾਹੀ ਦੇ ਸ਼ਹਿਰੀਆਂ ਬਾਰੇ ਫਰਮਾਉਂਦੇ ਹਨ ਕਿ ਉਨ੍ਹਾਂ ਦੇ ਵਤਨ ਦੇ ਸ਼ਹਿਰੀ, ਰੂਹਾਨੀ ਵਤਨ ਦੇ ਵਾਸੀ ਹਨ, ਉਹ ਆਤਮਕ ਤੌਰ ਤੇ ਭਰਪੂਰ ਅਤੇ ਪਦਾਰਥਕ ਤੌਰ ਤੇ ਸਬਰ-ਸੰਤੋਖੀ ਅਤੇ ਸੰਤੁਸ਼ਟ ਹਨ। ਸੋ ਰੂਹਾਨੀ ਵਤਨ ਦੇ ਸ਼ਹਿਰੀ ਵੀ ਸਦਾਚਾਰਕ ਅਤੇ ਆਤਮਕ ਸ਼ਕਤੀਆਂ ਵਿੱਚ ਭਰਪੂਰ ਹਨ।

ਬੰਦ ਨੰ. ੩ ਵਿੱਚ ਗੁਰੂ ਰਵਿਦਾਸ ਜੀ ਸਦੀਵੀ ਪਾਤਸ਼ਾਹੀ ਅਤੇ ਉਨ੍ਹਾਂ ਦੇ ਸ਼ਹਿਰੀਆਂ ਦੇ ਸੰਬੰਧਾਂ ਬਾਰੇ ਚਰਚਾ ਕਰਦੇ ਹਨ ਕਿ ਹਰ ਸ਼ਹਿਰੀ ਨੂੰ ਹਰ ਸਮੇਂ

ਆਪਣੇ ਪਾਤਸ਼ਾਹ ਨੂੰ ਬਿਨਾਂ ਰੋਕ ਟੋਕ ਤੋਂ ਮਿਲਣ ਦੀ ਖੁਲ ਹੈ, ਵਤਨ ਦੇ ਹਰ ਕੋਨੇ ਵਿੱਚ ਜਾਣ ਦੀ ਸੁਤੰਤਰਤਾ ਹੈ (Freedom of Movement),ਪਾਤਸ਼ਾਹ ਦੇ ਮਹਿਲਾਂ ਵਿੱਚ ਹਰ ਥਾਂ ਜਾਣ ਦੀ ਖੁਲ੍ਹ ਹੈ। ਇਹ ਪਾਤਸ਼ਾਹ ਅਤੇ ਸ਼ਹਿਰੀਆਂ ਦੀ ਬਹੁਤ ਹੀ ਕਰੀਬੀ ਸਾਂਝ ਦਾ ਪ੍ਰਤੀਕ ਹੈ। ਇਹ ਸਾਂਝ ਸੱਚੇ-ਸੁੱਚੇ ਪਿਆਰ ਤੇ ਟਿਕੀ ਹੋਈ ਹੈ। ਇਸੇ ਤਰ੍ਹਾਂ ਹੀ ਸ਼ਹਿਰੀਆਂ ਵਿੱਚ ਇੱਕ ਦੂਜੇ ਨਾਲ ਪਿਆਰ-ਸਾਂਝ ਕਾਰਣ ਪਿਆਰ ਨਾਲ ਓਤਪੋਤ ਭਾਈਚਾਰੇ ਦੀ ਆਪ ਮੁਹਾਰੇ ਹੀ ਸਿਰਜਣਾ ਹੋ ਜਾਂਦੀ ਹੈ। ਇਸ ਤਰ੍ਹਾਂ ਵਿਸ਼ਵ ਭਾਈਚਾਰੇ ਦਾ ਰਿਸ਼ਤਾ ਪਰਸਪਰ ਪਿਆਰ ਤੇ ਟਿਕਿਆ ਹੋਇਆ ਹੈ। ਇਹੋ ਹੀ ਪਿਆਰ ਹੈ, ਜਿਸ ਨੇ ਗੁਰੂ ਰਵਿਦਾਸ ਨੂੰ ਚਮਾਰ ਹੁੰਦਿਆਂ ਹੋਇਆਂ ਵੀ ਪਵਿੱਤਰ ਖਾਲਸਾ ਬਣਾ ਦਿੱਤਾ। ਇਸ ਗੁਰੂ ਰਵਿਦਾਸ ਦਾ ਮਿੱਤਰ ਓਹੋ ਹੀ ਹੋ ਸਕਦਾ ਹੈ, ਜਿਹੜਾ ਇਸ ਵਿਸ਼ਵ-ਖਾਲਸਾ ਵਤਨ ਦਾ ਸ਼ਹਿਰੀ ਹੋਵੇ।

ਸੋ ਗੁਰੂ ਰਵਿਦਾਸ ਜੀ ਨੇ ਪਰਮ ਆਨੰਦ ਭਰਪੂਰ ਬੇਗ਼ਮਪੁਰਾ-ਵਤਨ ਦੇ ਸਮਾਜਵਾਦੀ ਲੋਕਤੰਤਰਕ ਵਿਚਾਰਧਾਰਾ ਦੀ ਸਿਰਜਣਾ ਕਰਦਿਆਂ, ਰਾਜਨੀਤਕ, ਆਰਥਕ, ਸਮਾਜਕ, ਸਦਾਚਾਰਕ ਆਦਿ ਸਿਧਾਤਾਂ ਦਾ ਆਧਾਰ ਅਧਿਆਤਮਵਾਦ ਨੂੰ ਬਣਾਇਆ ਹੈ। ਅਧਿਆਤਮਵਾਦ ਦਾ ਬੁਨਿਆਦੀ ਆਧਾਰ ਸਦਾਚਾਰਕ ਅਤੇ ਆਤਮਕ ਉੱਚਤਾ ਹੈ, ਜਿਸ ਦੇ ਬੁਨਿਆਦੀ ਥੰਮ ਹਨ—ਨਿਯਮ (ਦੋਮ ਨਾ ਸੇਮ ਏਕ ਸੋ ਆਹੀ), ਸਬਰ-ਸੰਤੋਖ (ਮਾਮੂਰ), ਸਤਿ (ਸਦਾ ਪਾਤਸਾਹੀ), ਦਇਆ (ਨ ਖਤਾ = ਕ੍ਰਿਪਾ)। ਇਸ ਤਰ੍ਹਾਂ ਵਿਸ਼ਵ-ਵਤਨ ਦਾ ਸ਼ਹਿਰੀ ਹਰ ਪੱਖੋਂ ਸੰਪੂਰਨ ਪੁਰਸ਼ ਹੈ ਜਿਸ ਦੀ ਉਸਾਰੀ ਸਮਾਜਵਾਦੀ ਲੋਕਤੰਤਰਕ ਵਿਚਾਰਧਾਰਾ ਅਨੁਸਾਰ ਹੁੰਦੀ ਹੈ।

ਇਹ ਸ਼ਬਦ ਗਉੜੀ ਰਾਗ ਵਿਚ ਸਿਰਜੇ ਗਏ ਸ਼ਬਦਾਂ ਵਿਚੋਂ ਸਭ ਤੋਂ ਸਿਰਮੌਰ ਸ਼ਬਦ ਹੈ। ਇਹ ਰਾਗ ਦੀ ਪ੍ਰਕ੍ਰਿਤੀ ਨੂੰ ਬਹੁਤ ਹੀ ਗੰਭੀਰਤਾ ਨਾਲ ਸਿਰਜਣ ਵਿੱਚ ਸਫਲ ਰਿਹਾ ਹੈ। ਇਸ ਕਰਕੇ ਇਹ ਸ਼ਬਦ ਇਸ ਰਾਗ ਦੀ ਉੱਤਮ ਉਦਾਹਰਣ ਹੈ। ਇਸ ਸ਼ਬਦ ਦਾ ਵਿਸ਼ਾ ਅਤਿ ਗਹਿਰ ਗੰਭੀਰ ਹੈ ਅਤੇ ਭਾਰਤ ਦੇ ਪ੍ਰਸਿੱਧ ਸੰਗੀਤ ਸ਼ਾਸਤਰੀਆਂ ਅਨੁਸਾਰ ਵੀ, "ਗਉੜੀ ਗੰਭੀਰ ਪ੍ਰਕ੍ਰਿਤੀ ਦਾ ਰਾਗ ਹੈ।"

ਸੋ 'ਬੇਗ਼ਮਪੁਰਾ' ਸ਼ਬਦ ਦੁਨੀਆਂ ਵਿੱਚ ਸਿਰਜੇ ਸ਼ਬਦਾਂ ਵਿੱਚੋਂ ਹਰ ਪੱਖੋਂ ਉੱਤਮ ਅਤੇ ਸਿਰਮੌਰ ਹੈ।

ਸ਼ਬਦ ਅਰਥ :—ਵਿਸ਼ਵ-ਵਤਨ ਜਿਸ ਦਾ ਨਾਉ ਬੇਗ਼ਮਪੁਰਾ ਹੈ, ਪਰਮ ਅਨੰਦ ਨਾਲ ਭਰਪੂਰ ਹੈ। ਇਸ ਵਤਨ ਦਾ ਮਨੁੱਖ ਸਮਾਜਕ, ਸਦਾਚਾਰਕ, ਵਿਦਿਅਕ, ਧਾਰਮਕ ਆਦਿ ਹਰ ਕਿਸਮ ਦੇ ਦੁੱਖ ਤੋਂ ਮੁਕਤ ਹੈ ਅਤੇ ਨਾਲ ਹੀ ਚਿੰਤਾ ਅਤੇ ਘਬਰਾਹਟ ਤੋਂ ਮੁਕਤ ਹੈ। ਵਿਸ਼ਵ ਦਾ ਮਨੁਖ ਮਾਨਸਿਕ ਤੌਰ ਤੇ ਸੁਤੰਤਰ ਹੈ। ਮਨੁੱਖ ਨੂੰ ਕਰ ਦੇਣ ਦੀ ਘਬਰਾਹਟ ਨਹੀਂ ਅਤੇ ਨਾ ਹੀ ਕੋਈ ਰਾਜਾ ਦੂਜੇ ਰਾਜੇ ਨੂੰ ਅਧੀਨਗੀ ਕਰ (ਖਿਰਾਜ) ਦੇਣ ਦੀ ਚਿੰਤਾ ਵਿੱਚ ਹੈ। ਭਾਵ ਇਸ ਪਾਤਸ਼ਾਹੀ ਵਿੱਚ (ਸਦੀਵੀ ਪਾਤਸ਼ਾਹ ਤੋਂ ਬਿਨਾਂ) ਕੋਈ ਰਾਜਾ ਹੀ ਨਹੀਂ ਹੈ। ਇਹ ਸਾਮੰਤੀ-ਯੁਗ ਦਾ ਖਾਤਮਾ ਹੈ। ਇਸ ਕਾਰਣ ਕਿਸੇ ਦੀ ਕੋਈ ਜੱਦੀ ਜਾਂ ਨਿੱਜੀ ਜਾਇਦਾਦ ਨਹੀਂ ਹੈ। ਇਥੋਂ ਦਾ ਸ਼ਹਿਰੀ ਆਰਥਕ ਤੌਰ ਤੇ ਸੁਤੰਤਰ ਹੈ। ਇਹ ਸਮਾਜਵਾਦੀ ਲੋਕਤੰਤਰ ਯੁਗ ਹੈ। ਸੋ ਰਾਜਿਆਂ ਦੇ ਜ਼ੁਲਮਾਂ ਦਾ ਡਰ ਨਹੀਂ ਹੈ, ਆਪਸੀ ਵੈਰ-ਵਿਰੋਧ ਨਹੀਂ। ਇਸ ਵਤਨ ਦਾ ਸ਼ਹਿਰੀ ਨਿਰਭਉ ਅਤੇ ਨਿਰਵੈਰ ਹੈ, ਇਥੋਂ ਤੱਕ ਕਿ ਇੱਛਾਵਾਂ ਤੇ ਕਾਬੂ ਹੋਣ ਕਰਕੇ ਕਿਸੇ ਵੀ ਕਿਸਮ ਦੀ ਅਵਉੱਨਤੀ ਦਾ ਡਰ ਨਹੀਂ ਹੈ। ਇਸ ਤਰ੍ਹਾਂ ਇਥੇ ਦਾ ਸ਼ਹਿਰੀ ਰਾਜਨੀਤਕ ਤੌਰ ਤੇ ਸੁਤੰਤਰ ਹੈ। ਸਿੱਟੇ ਵਜੋਂ ਵਿਸ਼ਵ ਵਤਨ ਹਰ ਪੱਖੋਂ ਪਰਮ ਅਨੰਦ ਨਾਲ ਭਰਪੂਰ ਹੈ॥ ੧॥

ਹੇ ਮੇਰੇ ਭਾਈ! ਹੁਣ ਮੈਂ ਅਜਿਹੇ ਉੱਤਮ ਵਤਨ ਦਾ ਸ਼ਹਿਰੀ ਹਾਂ, ਜਿਥੇ ਹਰ ਤਰ੍ਹਾਂ ਦਾ, ਹਰ ਪੱਖੋਂ ਉੱਤਮ ਸੁੱਖ ਹੈ, ਸਦੀਵੀ ਪਰਮ ਆਨੰਦ ਹੈ। ਸੋ ਇਹ ਵਿਸ਼ਵ-ਮਾਨਵਵਾਦੀ ਵਤਨ ਹੈ ਜਿਥੇ ਪਾਤਸ਼ਾਹ ਅਤੇ ਪਰਜਾ ਦਾ ਰਿਸ਼ਤਾ ਸਦੀਵੀ ਸੁਖ, ਅਨੰਦ ਅਤੇ ਪਿਆਰ ਵਾਲਾ ਹੈ॥ ੧॥ ਰਹਾਉ॥

ਇਹ ਸਥਿਰ, ਅਟੱਲ ਅਤੇ ਸੀਮਾ-ਰਹਿਤ ਸਦੀਵੀ ਪਾਤਸ਼ਾਹੀ ਹੈ। ਇਹ ਰੂਹਾਨੀ ਵਿਸ਼ਵ-ਵਤਨ ਸਦਾ ਤੋਂ ਹੀ ਪ੍ਰਸਿੱਧ ਹੈ। ਇਸ ਦੇ ਸ਼ਹਿਰੀ ਦੂਜੇ, ਤੀਜੇ ਦਰਜੇ ਦੇ ਨਹੀਂ ਹਨ; ਉਨ੍ਹਾਂ ਦੇ ਹਰ ਪੱਖੋਂ ਹਰ ਖੇਤਰ ਵਿਚ ਬਰਾਬਰੀ ਵਾਲੇ ਅਧਿਕਾਰ ਹਨ ਉਹ ਸਦਾਚਾਰਕ ਅਤੇ ਆਤਮਕ ਸ਼ਕਤੀ ਵਿੱਚ ਭਰਪੂਰ, ਸੂਝ-ਬੂਝ ਅਤੇ ਸਬਰ-ਸੰਤੋਖ ਵਾਲੇ, ਹਰ ਪੱਖੋਂ ਸੰਤੁਸ਼ਟ ਹਨ। ਇਸ ਤਰ੍ਹਾਂ ਇਥੇ ਤਾਨਾਸ਼ਾਹੀ ਨਹੀਂ ਹੈ। ਇਹ ਵਿਸ਼ਵ ਸਰਕਾਰ (World Government) ਨਿਆਂ, ਬਰਾਬਰੀ ਅਤੇ ਪਿਆਰ ਵਿਚੋਂ ਜਨਮੀ ਹੈ, ਜਿਸ ਦਾ ਭਾਈਚਾਰਾ ਸੂਝ-ਬੂਝ, ਸਬਰ-ਸੰਤੋਖ, ਨਿਰਭਉ, ਨਿਰਵੈਰ, ਸਦਾਚਾਰਕ ਅਤੇ ਆਤਮਕ ਸ਼ਕਤੀ ਸੰਪੰਨ ਹੈ॥ ੨॥

ਬੇਗ਼ਮਪੁਰਾ ਦੇ ਵਾਸੀ ਜਿਵੇਂ ਵੀ ਉਹ ਚਹੁਣ ਅਨੰਦ ਨਾਲ ਹਰ ਥਾਂ ਟਹਿਲਦੇ ਫਿਰਦੇ ਹਨ। ਘੁੰਮਣ ਫਿਰਨ ਦੀ ਆਜ਼ਾਦੀ ਹੈ (Freedom of Movement) । ਮਹਿਲਾਂ ਦੇ ਪੂਰਨ ਭੇਤੀ ਵੀ ਉਨ੍ਹਾਂ ਨੂੰ ਨਹੀਂ ਰੋਕਦੇ। ਭਾਵ ਪਰਜਾ, ਪਾਤਸ਼ਾਹ ਦੇ ਹਰ ਭੇਦ ਤੋਂ ਜਾਣੂ ਹੈ। ਪਾਤਸ਼ਾਹ ਅਤੇ ਪਰਜਾ ਦੇ ਪਰਸਪਰ ਸੰਬੰਧ ਡੂੰਘੇ ਵਿਸ਼ਵਾਸ਼ ਅਤੇ ਪ੍ਰੇਮ ਤੇ ਟਿਕੇ ਹੋਏ ਹਨ। ਇਸ ਵਤਨ ਦੇ ਵਾਸੀ ਚਮਾਰ ਰਵਿਦਾਸ 'ਖਾਲਸਾ' ਫਰਮਾਉਂਦੇ ਹਨ ਕਿ ਜੋ ਵੀ ਇਸ ਵਿਸ਼ਵ-ਵਤਨ ਦਾ ਸ਼ਹਿਰੀ ਹੈ, ਓਹੋ ਹੀ ਸਾਡਾ ਮਿੱਤਰ ਹੈ, ਭਾਵ ਸਮੁੱਚਾ ਵਿਸ਼ਵ ਸਮਾਜ ਮਿੱਤਰਤਾ ਵਿੱਚ ਬੱਝਾ ਹੋਇਆ ਹੈ, ਵਿਸ਼ਵ ਭਾਈਚਾਰੇ ਦਾ ਆਧਾਰ ਕੇਵਲ ਤੇ ਕੇਵਲ ਆਪਸੀ ਪਿਆਰ ਹੀ ਹੈ।।੩।।

ਇਹੋ ਹੀ ਵਿਸ਼ਵ ਸਰਕਾਰ ਜਾਂ ਵਿਸ਼ਵ-ਖਾਲਸਾ ਰਾਜ ਦਾ ਆਧਾਰ ਹੈ ਅਤੇ ਇਹੋ ਹੀ 'ਬੇਗ਼ਮਪੁਰਾ' ਹੈ।

ੴ ਸਤਿਗੁਰ ਪ੍ਰਸਾਦਿ॥

ਗਉੜੀ ਬੈਰਾਗਣਿ ਰਵਿਦਾਸ ਜੀਉ॥

ਘਟ ਅਵਘਟ ਡੂਗਰ ਘਣਾ, ਇਕੁ ਨਿਰਗੁਣੁ ਬੈਲੁ ਹਮਾਰ॥
ਰਮਈਏ ਸਿਉ ਇਕ ਬੇਨਤੀ, ਮੇਰੀ ਪੂੰਜੀ ਰਾਖੁ ਮੁਰਾਰਿ॥ ੧॥
ਕੋ ਬਨਜਾਰੋ ਰਾਮ ਕੋ, ਮੇਰਾ ਟਾਂਡਾ ਲਾਦਿਆ ਜਾਇ ਰੇ॥ ੧॥ ਰਹਾਉ॥
ਹਉ ਬਨਜਾਰੋ ਰਾਮ ਕੋ, ਸਹਜ ਕਰਉ ਬਾਪਾਰੁ॥
ਮੈ ਰਾਮ ਨਾਮ ਧਨੁ ਲਾਦਿਆ, ਬਿਖੁ ਲਾਦੀ ਸੰਸਾਰਿ॥ ੨॥
ਉਰਵਾਰ ਪਾਰ ਕੇ ਦਾਨੀਆ, ਲਿਖਿ ਲੇਹੁ ਆਲ ਪਤਾਲੁ॥
ਮੋਹਿ ਜਮ ਡੰਡੁ ਨ ਲਾਗਈ, ਤਜੀਲੇ ਸਰਬ ਜੰਜਾਲ॥ ੩॥
ਜੈਸਾ ਰੰਗੁ ਕਸੁੰਭ ਕਾ, ਤੈਸਾ ਇਹੁ ਸੰਸਾਰੁ॥
ਮੇਰੇ ਰਮਈਏ ਰੰਗੁ ਮਜੀਠ ਕਾ, ਕਹੁ ਰਵਿਦਾਸ ਚਮਾਰ॥ ੪॥ ੧॥ [1]

ਪਦ ਅਰਥ :—ਘਟ = ਘਾਟੀ, ਸਰੀਰ, ਮਨ। **ਅਵਘਟ** = ਬਿਖੜਾ ਮਾਰਗ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਕਾਰਣ ਬਣਿਆ ਖਤਰਨਾਕ ਮਾਰਗ। **ਡੂਗਰ** = ਪਹਾੜੀ। **ਘਣਾ** = ਬਹੁਤਾ, ਅਧਿਕ। **ਨਿਰਗੁਣ** = ਕਮਜ਼ੋਰ, ਬਲਹੀਣ। **ਬੈਲ** = ਮਨ ਰੂਪੀ ਬੈਲ। **ਰਮਈਆ** = ਪ੍ਰਭ। **ਪੂੰਜੀ** = ਬ੍ਰਹਮ-ਗਿਆਨ ਦੀ ਪੂੰਜੀ। **ਮੁਰਾਰਿ** = ਪ੍ਰਭ॥ ੧॥

ਕੋ = ਕੋਈ। **ਬਨਜਾਰੋ** = ਵਣਜ ਕਰਨ ਵਾਲਾ, ਖਰੀਦ ਕਰਨ ਵਾਲਾ, ਵਪਾਰੀ। **ਕੋ** = ਦਾ। **ਟਾਂਡਾ** = ਸਮਗਰੀ ਨਾਲ ਲਦਿਆ ਹੋਇਆ ਗੱਡਿਆਂ ਦਾ ਕਾਫ਼ਲਾ। **ਰੇ** = ਹੇ ਭਾਈ॥ ੧॥ ਰਹਾਉ॥

ਹਉ = ਮੈਂ। **ਬਨਜਾਰੋ** = ਵੇਚਣ ਵਾਲਾ ਵਪਾਰੀ। **ਸਹਜ** = ਬ੍ਰਹਮ-ਗਿਆਨ। **ਕਰਉ** = ਕਰਦਾ ਹਾਂ। **ਬਿਖੁ** = ਜ਼ਹਿਰ, ਮਾਇਆ ਦੇ ਦੂਤ ਵਿਕਾਰਾਂ ਦੀ ਜ਼ਹਿਰ॥ ੨॥

ਉਰਵਾਰ ਪਾਰ = ਉਰਲਾ ਤੇ ਪਰਲਾ ਕੰਢਾ। **ਦਾਨੀਆ** = ਲੋਕ ਪਰਲੋਕ ਦੀ ਜਾਨਣ ਵਾਲੇ ਚਿਤਰ-ਗੁਪਤ। **ਆਲ ਪਤਾਲੁ** = ਊਲ ਜਲੂਲ। **ਤਜੀਲੇ** = ਤਜ ਦਿੱਤੇ ਹਨ, ਛੱਡ ਦਿੱਤੇ ਹਨ। **ਜੰਜਾਲ** = ਸੰਸਾਰ ਬੰਧਨ। **ਕਸੁੰਭ** = ਕੱਚਾ, ਅਸਥਿਰ॥ ੩॥

ਮਜੀਠ = ਪੱਕਾ, ਸਦੀਵੀ, ਸਥਿਰ॥ ੪॥

---

1. ਆਦਿ ਗ੍ਰੰਥ - ਪੰਨਾ : ੩੪੫-੩੪੬

ਬ੍ਰਹਮ ਗਿਆਨ ਦੇ ਕੇਵਲ ਤੇ ਕੇਵਲ ਇੱਕਲੇ ਮਾਲਕ ਅਤੇ ਵਿਕਰੇਤਾ ਗੁਰੂ ਰਵਿਦਾਸ ਜੀ

(ਸੰਸਾਰ ਦੇ ਧਰਮਾਂ ਅਤੇ ਲੋਕਾਂ ਪਾਸ ਕੇਵਲ ਤੇ ਕੇਵਲ ਵਿਸ਼ ਰੂਪੀ ਵਿਕਾਰ ਹੀ।)

ਸਮੁਚੇ ਗੁਰੂ ਗ੍ਰੰਥ ਸਾਹਿਬ ਵਿੱਚ ਕੇਵਲ ਗੁਰੂ ਰਵਿਦਾਸ ਜੀ ਨੇ ਹੀ ਇਹ ਚੁਣੌਤੀ ਦਿੱਤੀ ਹੈ ਕਿ ਉਹ ਕੇਵਲ ਤੇ ਕੇਵਲ ਇੱਕਲੇ ਹੀ ਬ੍ਰਹਮ ਗਿਆਨ ਦੇ ਮਾਲਕ ਅਤੇ ਵਿਕਰੇਤਾ ਹਨ। ਗੁਰੂ ਰਵਿਦਾਸ ਜੀ ਖੁਦ ਇਹ ਦ੍ਰਿੜ ਕਰਦੇ ਹਨ ਕਿ ਸਮੁੱਚੀ ਦੁਨੀਆਂ ਵਿੱਚ ਹੋਰ ਕੋਈ ਵੀ ਬ੍ਰਹਮ-ਗਿਆਨ ਦਾ ਵਿਕਰੇਤਾ ਨਹੀਂ ਹੈ। ਇਸ ਕਰਕੇ ਗੁਰੂ ਰਵਿਦਾਸ ਜੀ ਨੇ ਇਸ ਸ਼ਬਦ ਵਿੱਚ ਬਹੁਤ ਹੀ ਡੂੰਘੀ ਸੋਚ-ਵਿਚਾਰ, ਪਿੱਛੋਂ, ਜਾਣ ਬੁਝਕੇ ਇੱਕ ਹੀ ਸ਼ਬਦ ਵਿੱਚ ਨਿਯਮ ਬੱਧ ਤਰੀਕੇ ਨਾਲ ਪਹਿਲਾਂ ਸਿਧਾਂਤਕ-ਤੱਤ ਉਪਰ ਅਧਾਰਤ ਬ੍ਰਹਮ-ਗਿਆਨ ਦੀ ਪ੍ਰਾਪਤੀ ਬਾਰੇ ਵਿਚਾਰ ਦਿੱਤਾ ਹੈ ਅਤੇ ਫਿਰ ਬ੍ਰਹਮ-ਗਿਆਨ ਦੇ ਖਰੀਦਦਾਰਾਂ ਭਾਵ ਪ੍ਰਭ-ਪ੍ਰਾਪਤੀ ਦੇ ਸਾਧਕਾਂ ਨੂੰ ਬ੍ਰਹਮ-ਗਿਆਨ ਖਰੀਦਣ ਦਾ ਹੋਕਾ ਦਿੱਤਾ ਹੈ। ਨਾਲ ਦੀ ਨਾਲ ਇਸ ਸ਼ਬਦ ਵਿੱਚ, ਗੁਰੂ ਜੀ ਨੇ ਇਹ ਵੀ ਸਪਸ਼ਟ ਕਰ ਦਿੱਤਾ ਹੈ ਕਿ ਉਨ੍ਹਾਂ (ਗੁਰੂ ਰਵਿਦਾਸ ਜੀ) ਤੋਂ ਬਿਨ੍ਹਾਂ ਹੋਰ ਕਿਤੋਂ ਵੀ ਬ੍ਰਹਮ-ਗਿਆਨ ਪ੍ਰਾਪਤ ਨਹੀਂ ਹੋ ਸਕਦਾ ਕਿਉਂਕਿ ਸਮੁੱਚੀ ਦੁਨੀਆਂ ਦੇ ਧਰਮ ਅਤੇ ਲੋਕ ਕੇਵਲ ਜ਼ਹਿਰ ਭਾਵ ਵਿਕਾਰ ਹੀ ਵੇਚਦੇ ਹਨ।

ਇਥੇ ਹੀ ਬਸ ਨਹੀਂ, ਗੁਰੂ ਰਵਿਦਾਸ ਜੀ ਖਰੀਦਦਾਰ ਭਾਵ ਸਾਧਕ ਦੇ ਮਨ ਵਿੱਚ ਦ੍ਰਿੜ ਵਿਸ਼ਵਾਸ਼ ਪੈਦਾ ਕਰਨ ਲਈ ਆਪਣੇ ਆਪਦਾ ਹੀ ਸਬੂਤ ਦਿੰਦੇ, ਫਰਮਾਉਂਦੇ ਹਨ ਕਿ ਮੈਂ ਬ੍ਰਹਮ-ਗਿਆਨ ਪ੍ਰਾਪਤ ਕਰ ਲਿਆ ਹੈ। ਇਸ ਕਰਕੇ ਜਮਦੂਤ ਮੇਰਾ ਕੁਝ ਨਹੀਂ ਵਿਗਾੜ ਸਕਦੇ।

ਇਸ ਤਰ੍ਹਾਂ ਗੁਰੂ ਰਵਿਦਾਸ ਜੀ ਇਸ ਸ਼ਬਦ ਵਿੱਚ ਸਿਧਾਂਤਕ-ਤੱਤ ਉਪਰ ਆਧਾਰਤ ਦੋ ਚਣੌਤੀਆਂ (Challenges) ਦਿੰਦੇ ਹਨ :

1. ਗੁਰੂ ਰਵਿਦਾਸ ਜੀ ਕੇਵਲ ਤੇ ਕੇਵਲ ਇੱਕਲੇ ਆਪ ਹੀ ਬ੍ਰਹਮ-ਗਿਆਨ ਦੇ ਮਾਲਕ ਅਤੇ ਵਿਕਰੇਤਾ ਹਨ। ਬਾਕੀ ਦੁਨੀਆਂ ਦੇ ਲੋਕ ਅਤੇ ਸਾਰੇ ਧਰਮ ਵਿਸ਼ ਭਾਵ ਵਿਕਾਰਾਂ ਦੇ ਵਿਕਰੇਤਾ ਹਨ।

2. ਗੁਰੂ ਰਵਿਦਾਸ ਜੀ ਚਿਤਰ-ਗੁਪਤ ਨੂੰ ਵੀ ਚਨੌਤੀ ਦਿੰਦੇ ਹਨ ਕਿ ਉਹ ਜੋ ਮਰਜ਼ੀ ਊਲ ਜਲੂਲ ਲਿਖ ਲੈਣ, ਮੈਨੂੰ ਜਮਦੰਡ ਨਹੀਂ ਲਗ ਸਕਦਾ ਕਿਉਂਕਿ ਮੈਂ ਸੰਸਾਰ ਦੇ ਸਾਰੇ ਜੰਜਾਲ ਭਾਵ ਵਿਕਾਰ ਤਿਆਗ ਦਿੱਤੇ ਹਨ।

ਇਸ ਕਰਕੇ ਗੁਰੂ ਰਵਿਦਾਸ ਜੀ ਸ਼ਰੇਆਮ ਐਲਾਨ ਕਰਦੇ ਹਨ ਕਿ ਕੇਵਲ ਤੇ

ਕੇਵਲ ਉਹ (ਗੁਰੂ ਜੀ) ਹੀ ਸੰਸਾਰ ਦੇ ਲੋਕਾਂ ਨੂੰ ਬ੍ਰਹਮ-ਗਿਆਨ ਪ੍ਰਦਾਨ ਕਰਕੇ ਅਤੇ ਸਮਝਾਕੇ, ਉਨ੍ਹਾਂ (ਲੋਕਾਂ) ਨੂੰ ਵਿਕਾਰਾਂ ਤੋਂ ਮੁਕਤ ਕਰਵਾਉਣ ਦੇ ਸਮਰਥ ਹਨ। ਇਸ ਲਈ ਹੇ ਸੰਸਾਰ ਦੇ ਲੋਕੋ! ਆਓ ਅਤੇ ਮੇਰੇ ਪਾਸੋਂ ਬ੍ਰਹਮ-ਗਿਆਨ ਖਰੀਦੋ ਭਾਵ ਵਿਕਾਰਾਂ ਤੋਂ ਮੁਕਤੀ ਪ੍ਰਾਪਤ ਕਰਨ ਲਈ ਬ੍ਰਹਮ-ਗਿਆਨ ਪ੍ਰਾਪਤ ਕਰਕੇ ਉਸ ਅਨੁਸਾਰ ਅਮਲੀ ਜੀਵਨ ਜੀਉਣ ਦਾ ਢੰਗ ਤਰੀਕਾ ਵੀ ਮੇਰੇ ਕੋਲੋਂ ਸਮਝ ਲਓ ਤਾਂ ਕਿ ਪ੍ਰਭ ਪ੍ਰਾਪਤੀ ਸੰਭਵ ਹੋ ਸਕੇ।

ਗੁਰੂ ਰਵਿਦਾਸ ਜੀ ਨੇ ਕੇਵਲ ਇਹੋ ਹੀ ਨਹੀਂ ਫਰਮਾਇਆ ਕਿ ਉਹ ਕੇਵਲ ਤੇ ਕੇਵਲ ਇੱਕਲੇ ਹੀ ਬ੍ਰਹਮ-ਗਿਆਨ ਦੇ ਮਾਲਕ ਅਤੇ ਵਿਕ੍ਰੇਤਾ ਹਨ, ਉਨ੍ਹਾਂ ਨੇ ਇਹ ਵੀ ਦ੍ਰਿੜ ਕੀਤਾ ਹੈ ਕਿ ਦੁਨੀਆਂ ਦੇ ਲੋਕ ਅਤੇ ਧਰਮ ਕੇਵਲ ਤੇ ਕੇਵਲ ਵਿਸ਼ ਭਾਵ ਵਿਕਾਰ ਹੀ ਵੇਚਦੇ ਹਨ। ਇਹ ਗੁਰੂ ਰਵਿਦਾਸ ਜੀ ਦੀ ਦੁਨੀਆਂ ਦੇ ਧਰਮਾਂ ਅਤੇ ਲੋਕਾਂ ਨੂੰ ਪਹਿਲੀ ਚੁਣੌਤੀ ਹੈ। ਇਹ ਗੁਰੂ ਰਵਿਦਾਸ ਜੀ ਦੇ ਆਪਣੇ ਸ਼ਬਦਾਂ ਵਿੱਚ ਦਰਜ ਹੈ:

ਹਉ ਬਨਜਾਰੋ ਰਾਮ ਕੋ ਸਹਜ ਕਰਉ ਬਾਪਾਰੁ।।
ਮੈ ਰਾਮ ਨਾਮ ਧਨੁ ਲਾਦਿਆ ਬਿਖੁ ਲਾਦੀ ਸੰਸਾਰਿ ॥2॥ (੩੪੫)

ਸੰਸਾਰ ਨੂੰ ਪਰਪੱਕ ਕਰਣ ਪਿਛੋਂ ਕਿ ਉਹ (ਗੁਰੂ ਰਵਿਦਾਸ ਜੀ) ਇੱਕਲੇ ਹੀ ਬ੍ਰਹਮ-ਗਿਆਨ ਦੇ ਵਿਕਰੇਤਾ ਹਨ, ਹੁਣ ਉਹ ਸੰਸਾਰ ਦੇ ਲੋਕਾਂ ਨੂੰ ਹੋਕਾ ਦੇ ਰਹੇ ਹਨ ਕਿ ਹੈ ਕੋਈ! ਜੋ ਬ੍ਰਹਮ-ਗਿਆਨ ਖਰੀਦਣਾ ਚਾਹੁੰਦਾ ਹੈ, ਮੇਰਾ ਬ੍ਰਹਮ-ਗਿਆਨ ਨਾਲ ਲਦਿਆ ਗੱਡਿਆਂ ਦਾ ਕਾਫ਼ਲਾ ਲੰਘਦਾ ਜਾ ਰਿਹਾ ਹੈ:

ਕੋ ਬਨਜਾਰੋ ਰਾਮ ਕੋ
ਮੇਰਾ ਟਾਂਡਾ ਲਾਦਿਆ ਜਾਇ ਰੇ ॥੧॥ ਰਹਾਉ।। (੩੪੫)

ਗੁਰੂ ਰਵਿਦਾਸ ਜੀ ਬ੍ਰਹਮ-ਗਿਆਨ ਖਰੀਦਣ ਵਾਲੇ ਨੂੰ ਬੜੀ ਸਪਸ਼ਟਤਾ ਨਾਲ ਦ੍ਰਿੜ ਕਰਦੇ ਹਨ ਕਿ ਹੇ ਭਾਈ! ਬ੍ਰਹਮ-ਗਿਆਨ ਦੀ ਪ੍ਰਾਪਤੀ ਸਦਕਾ ਮੇਰਾ ਚਿਤਰ-ਗੁਪਤ ਵੀ ਕੁਝ ਨਹੀਂ ਵਿਗਾੜ ਸਕਦੇ ਭਾਵ ਉਨ੍ਹਾਂ ਨੂੰ ਜਮਦੰਡ ਨਹੀਂ ਲਗ ਸਕਦਾ। ਗੁਰੂ ਰਵਿਦਾਸ ਜੀ ਚਿਤਰ-ਗੁਪਤ ਨੂੰ ਚੁਣੌਤੀ ਦਿੰਦੇ ਹਨ ਕਿ ਉਹ ਜੋ ਮਰਜੀ ਊਲ ਜਲੂਲ ਲਿਖ ਲੈਣ, ਪਰ ਮੈਨੂੰ ਜਮ-ਦੰਡ ਨਹੀਂ ਲਗ ਸਕਦਾ ਕਿਉਂਕਿ ਮੈਂ ਬ੍ਰਹਮ-ਗਿਆਨ ਪ੍ਰਾਪਤ ਕਰਕੇ ਦੁਨੀਆਂ ਦੇ ਸਾਰੇ ਜੰਜਾਲਾਂ ਨੂੰ ਤਿਆਗ ਦਿੱਤਾ ਹੈ ਭਾਵ ਮੈਂ ਵਿਕਾਰਾ ਤੇ ਕਾਬੂ ਪਾ ਲਿਆ ਹੈ ਅਤੇ ਪ੍ਰਭ-ਪ੍ਰਾਪਤੀ ਹੋ ਗਈ ਹੈ।

ਗੁਰੂ ਰਵਿਦਾਸ ਜੀ ਦੀ ਇਹ ਦੂਜੀ ਚੁਣੌਤੀ ਹੈ ਜਿਹੜੀ ਖਰੀਦਦਾਰ ਭਾਵ ਸਾਧਕ ਦੇ ਮਨ ਵਿੱਚ ਪ੍ਰਭ-ਪ੍ਰਾਪਤੀ ਲਈ ਭਰੋਸਾ ਪਰਪੱਕ ਕਰਦੀ ਹੈ, ਜਿਸ

ਸਦਕਾ ਸਾਧਕ ਬ੍ਰਹਮ-ਗਿਆਨ ਦੀ ਪ੍ਰਾਪਤੀ ਭਾਵ ਪ੍ਰਭ-ਪ੍ਰਾਪਤੀ ਲਈ ਪੱਕੇ ਇਰਾਦੇ ਨਾਲ ਜੁਟ ਜਾਂਦਾ ਹੈ। ਦੂਜੇ ਇਹ ਚੁਣੌਤੀ ਨਾਲ ਸਾਧਕ-ਮਨ ਵਿੱਚ ਇਹ ਵੀ ਦ੍ਰਿੜ ਹੋ ਜਾਂਦਾ ਹੈ ਕਿ ਜਦੋਂ ਸਾਧਕ ਵਿਕਾਰਾਂ ਤੇ ਕਾਬੂ ਪਾ ਲੈਂਦਾ ਹੈ ਤਾਂ ਚਿਤਰ-ਗੁਪਤ ਸਾਧਕ ਦੇ ਵਿਰੁਧ ਕੁਝ ਵੀ ਲਿਖਣ ਦੇ ਅਸਮਰਥ ਹੋ ਜਾਂਦੇ ਹਨ। ਇਸ ਤਰ੍ਹਾਂ ਸਾਧਕ ਪੱਕੇ ਇਰਾਦੇ ਅਤੇ ਦ੍ਰਿੜ ਵਿਸ਼ਵਾਸ਼ ਨਾਲ ਪ੍ਰਭ-ਪ੍ਰਾਪਤੀ ਵਿੱਚ ਜੁਟ ਜਾਂਦਾ ਹੈ :

ਊਰਵਾਰ ਪਾਰ ਕੇ ਦਾਨੀਆ ਲਿਖਿ ਲੇਹੁ ਆਲ ਪਾਤਾਲੁ ॥
ਮੋਹਿ ਜਮਡੰਡੁ ਨ ਲਾਗਈ ਤਜੀਲੇ ਸਰਬ ਜੰਜਾਲ ॥੩॥ (੩੪੫)

ਉਪਰੋਕਤ ਦੋਹਾਂ ਚੁਣੌਤੀਆਂ ਉਪਰ ਕੀਤੀ ਚਰਚਾ ਤੋਂ ਹੇਠ ਲਿਖੇ ਸਿਟੇ ਨਿਕਲਦੇ ਹਨ:

1. ਗੁਰੂ ਰਵਿਦਾਸ ਜੀ ਭਗਤੀ ਲਹਿਰ ਦੇ ਸਭ ਤੋਂ ਪਹਿਲੇ ਸਿਧਾਂਤਕ-ਤੱਤ ਆਧਾਰਤ ਬ੍ਰਹਮ-ਗਿਆਨ ਦੇ ਮਾਲਕ ਅਤੇ ਵਿਕਰੇਤਾ ਹਨ।

2. ਗੁਰੂ ਰਵਿਦਾਸ ਜੀ ਦੇ ਸਮੇਂ ਵਿਚਰ ਰਹੇ ਦੁਨੀਆਂ ਦੇ ਧਰਮ ਅਤੇ ਲੋਕ ਕੇਵਲ ਵਿਸ਼ ਭਾਵ ਵਿਕਾਰ ਹੀ ਵੇਚਦੇ ਹਨ।

3. ਗੁਰੂ ਰਵਿਦਾਸ ਜੀ ਪਰਪਕਤਾ ਨਾਲ ਦ੍ਰਿੜ ਕਰਦੇ ਹਨ ਕਿ ਸਾਦਕ ਬ੍ਰਹਮ-ਗਿਆਨ ਦੀ ਪ੍ਰਾਪਤੀ ਨਾਲ ਵਿਕਾਰਾਂ ਤੋਂ ਮੁਕਤ ਹੋ, ਪ੍ਰਭ ਨੂੰ ਪ੍ਰਾਪਤ ਹੁੰਦਾ ਹੈ।

4. ਗੁਰੂ ਰਵਿਦਾਸ ਜੀ ਇੱਹ ਵੀ ਦ੍ਰਿੜ ਕਰਦੇ ਹਨ ਕਿ ਸਾਧਕ ਪ੍ਰਭ ਪ੍ਰਾਪਤੀ ਨਾਲ ਹਰ ਹਾਲਤ ਵਿੱਚ ਜਮਦੰਡ ਤੋਂ ਮੁਕਤ ਹੋ ਜਾਂਦਾ ਹੈ।

ਉਪਰੋਕਤ ਚਰਚਾ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਰਵਿਦਾਸ ਜੀ ਤੋਂ ਬਿਨ੍ਹਾਂ ਦੁਨੀਆਂ ਦੇ ਸਾਰੇ ਧਰਮ ਅਤੇ ਲੋਕ ਬ੍ਰਹਮ-ਗਿਆਨ ਪ੍ਰਦਾਨ ਕਰਨ ਦੇ ਸਮਰਥ ਨਹੀਂ ਹਨ। ਇਹ ਤੱਤ ਉਨ੍ਹਾਂ ਦੀ ਬਾਣੀ ਦੇ ਅਧਿਐਨ ਤੋਂ ਬੜੇ ਤਰਕ-ਯੁਕਤ ਢੰਗ ਨਾਲ ਸਾਬਤ ਹੋ ਜਾਂਦਾ ਹੈ। ਗੁਰੂ ਰਵਿਦਾਸ ਜੀ "ਸਤਜੁਗ ਸਤੁ ਤੇਤਾ ਜਗੀ" ਵਾਲੇ ਸ਼ਬਦ ਵਿੱਚ ਹਿੰਦੂ ਧਰਮ ਦੀ ਵਿਚਾਰਧਾਰਾ ਨੂੰ ਰੱਦ ਕਰਦੇ ਹਨ, "ਹਰਿ ਜਪਤ ਤੇਊ ਜਨਾ" ਵਾਲੇ ਸ਼ਬਦ ਵਿੱਚ ਹਿੰਦੂ ਧਰਮ ਦੇ ਅਵਤਾਰਾਂ, ਇਸਲਾਮ ਧਰਮ ਅਤੇ ਇਸਾਈ ਧਰਮ ਦੀ ਵਿਚਾਰਧਾਰਾ ਨੂੰ ਰੱਦ ਕਰਦੇ ਹਨ ਅਤੇ "ਬਿਨੁ ਦੇਖੇ ਉਪਜੈ ਨਹੀ ਆਸ" ਵਾਲੇ ਸ਼ਬਦ ਵਿੱਚ ਬੁੱਧ ਧਰਮ ਦੀ ਵਿਚਾਰਧਾਰਾ ਵਿੱਚ ਸੋਧ ਕਰਦੇ ਹਨ। ਇਸ ਤਰ੍ਹਾਂ ਗੁਰੂ ਰਵਿਦਾਸ ਜੀ ਦੀ ਹੇਠ ਲਿਖੀ ਚੁਣੌਤੀ ਅਟਲ ਸਚਾਈ ਸਿੱਧ ਹੋ ਗਈ ਹੈ ਕਿ ਉਹ ਇੱਕਲੇ ਹੀ ਬ੍ਰਹਮ-ਗਿਆਨ ਦੇ ਵਿਕਰੇਤਾ ਹਨ ਅਤੇ ਦੁਨੀਆਂ ਦੇ ਸਾਰੇ ਧਰਮ ਅਤੇ ਲੋਕ ਵਿਸ਼-ਰੂਪੀ ਵਿਕਾਰ ਵੇਚਦੇ ਹਨ :

ਹਉ ਬਨਜਾਰੋ ਰਾਮ ਕੋ ਸਹਜ ਕਰਉ ਬਾਪਾਰੁ॥
ਮੈ ਰਾਮ ਨਾਮ ਧਨੁ ਲਾਦਿਆ ਬਿਖੁ ਲਈ ਸੰਸਾਰਿ।।2।। (345)

ਉਪਰੋਕਤ ਚਰਚਾ ਤੋਂ ਸਾਬਤ ਹੋ ਗਿਆ ਹੈ ਕਿ ਕੇਵਲ ਤੇ ਕੇਵਲ ਗੁਰੂ ਰਵਿਦਾਸ ਜੀ ਹੀ ਬ੍ਰਹਮ ਗਿਆਨ ਦੇ ਮਾਲਕ ਅਤੇ ਵਿਕਰੇਤਾ ਹਨ ਅਤੇ ਖਰੀਦਦਾਰਾਂ ਦੀ ਭਾਲ ਵਿੱਚ ਹਨ। ਇਸ ਕਰਕੇ ਉਹ ਬ੍ਰਹਮ-ਗੁਰੂ ਵੀ ਸਿੱਧ ਹੁੰਦੇ ਹਨ ਅਤੇ ਉਨ੍ਹਾਂ ਦੀ ਬਾਣੀ ਦੇ ਅਧਿਐਨ ਤੋਂ ਇਹ ਵੀ ਪਰਪੱਕ ਹੋ ਜਾਂਦਾ ਹੈ ਕਿ ਉਹ ਸ੍ਰੋਮਣੀ ਬ੍ਰਹਮ-ਗਿਆਨੀ ਚਿੰਤਕ ਵੀ ਹਨ।

ਸੋ ਇਹ ਦ੍ਰਿੜ ਹੋ ਗਿਆ ਹੈ ਕਿ ਗੁਰੂ ਰਵਿਦਾਸ ਜੀ ਗਹਿਰ ਗੰਭੀਰ, ਡੂੰਘੀ ਸੂਝ-ਬੂਝ ਅਤੇ ਵਿਸ਼ਾਲ ਦ੍ਰਿਸ਼ਟੀ ਦੇ ਮਾਲਕ ਹਨ। ਇਹ ਗੁਣ ਉਨ੍ਹਾਂ ਦੇ ਸ਼ਬਦ "ਘਟ ਅਵਘਟ ਡੂਗਰ ਘਣਾ" ਵਿੱਚ ਨਿਰੂਪਤ ਮਹਾਨ ਵਿਚਾਰਧਾਰਾ ਵਿੱਚ ਉਤਪੋਤ ਹਨ, ਜਿਸ ਸਦਕਾ ਉਹ ਬ੍ਰਹਮ-ਗਿਆਨ ਦੇ ਮਾਲਕ ਅਤੇ ਵਿਕਰੇਤਾ ਅਤੇ ਸ੍ਰੋਮਣੀ ਬ੍ਰਹਮ-ਗਿਆਨੀ ਸਿੱਧ ਹੁੰਦੇ ਹਨ। ਇਸ ਸ਼ਬਦ ਦੀ ਸਿਰਜਣਾ ਰਾਗ ਗਉੜੀ ਦੇ ਨਿਰਦੇਸ਼ਨ ਵਿੱਚ ਹੋਈ ਹੈ।

ਇਸ ਸ਼ਬਦ ਦੀ ਸਿਰਜਣਾ ਗਉੜੀ-ਰਾਗ ਦੇ ਨਿਰਦੇਸ਼ਨ ਵਿੱਚ ਹੋਣ ਕਰਕੇ ਭਾਰਤ ਦੇ ਪ੍ਰਸਿਧ ਸੰਗੀਤ ਸ਼ਾਸ਼ਤਰੀਆਂ ਦੀ "ਰਾਗ ਨਿਰਣਾਇਕ ਕਮੇਟੀ" ਇਸ ਤੱਥ ਦੀ ਪੋ੍ੜਤ ਕਰਦੀ ਹੈ:

> "ਗਉੜੀ ਗੰਭੀਰ ਪ੍ਰਕ੍ਰਿਤੀ ਦਾ ਰਾਗ ਹੈ। ਵਿਲਕਦੀ ਆਤਮਾ ਕ੍ਰਿਪਾ ਦੀ ਜਾਚਨਾ ਕਰਦੀ ਹੈ ਤੇ ਆਪੇ ਦੀ ਖੋਜ ਕਰਦੀ ਹੈ, ਇਸ ਲਈ ਇਸ ਰਾਗ ਵਿੱਚ ਗੁਰੂ ਸਾਹਿਬਾਨ, ਮਨ, ਮਤਿ, ਬੁੱਧੀ, ਆਤਮਾ, ਮੌਤ, ਮੁਕਤੀ ਆਦਿਕ ਗੰਭੀਰ ਵਿਸ਼ਿਆ ਵਿੱਚ ਗੁਰਬਾਣੀ ਉਚਾਰਨ ਕੀਤੀ ਹੈ।"[1]

ਇਸ ਤਰ੍ਹਾਂ ਗੁਰੂ ਰਵਿਦਾਸ ਜੀ ਦੇ ਸਿਰਜੇ ਉਪਰੋਕਤ ਸ਼ਬਦ ਵਿੱਚ ਨਿਰੂਪਤ ਵਿਚਾਰਧਾਰਾ ਅਤੇ ਰਾਗ ਗਾਉੜੀ ਦੇ ਸੁਭਾ ਦੋਹਾਂ ਤੋ ਸਿੱਧ ਹੋ ਜਾਂਦਾ ਹੈ ਕਿ ਗੁਰੂ ਰਵਿਦਾਸ ਜੀ ਸ੍ਰੋਮਣੀ ਬ੍ਰਹਮ-ਗਿਆਨੀ ਚਿੰਤਕ ਹਨ। ਇਸ ਤੱਥ ਤੋਂ ਇਹ ਵੀ ਦ੍ਰਿੜ ਹੋ ਜਾਂਦਾ ਹੈ ਕਿ ਉਹ ਕੇਵਲ ਤੇ ਕੇਵਲ ਇੱਕਲੇ ਹੀ ਬ੍ਰਹਮ-ਗਿਆਨ ਦੇ ਵਿਕਰੇਤਾ ਹਨ ਅਤੇ ਬ੍ਰਹਮ-ਗਿਆਨ ਦੇ ਖਰੀਦਦਾਰਾਂ ਦੀ ਭਾਲ ਵਿੱਚ ਹਨ। ਉਪਰੋਕਤ ਤੱਥ ਕਿ ਬ੍ਰਹਮ-ਗਿਆਨ ਕੇਵਲ ਗੁਰੂ ਰਵਿਦਾਸ ਜੀ ਪਾਸ ਹੀ ਹੈ, ਇਸ ਦੀ ਪੋ੍ੜਤਾ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਰਵਿਦਾਸ ਜੀ ਦੀ ਬਾਣੀ ਤੋਂ ਹੀ ਹੋ ਜਾਂਦੀ ਹੈ।

---

1. ਰਾਗ ਨਾਦ ਸ਼ਬਦਿ ਸੋਹਣੇ — ਪੰਨਾ 52

ਗੁਰੂ ਰਵਿਦਾਸ ਜੀ ਪ੍ਰਭ ਨਾਲ ਗੋਸ਼ਟੀ ਕਰਦੇ ਫਰਮਾਉਂਦੇ ਹਨ ਕਿ ਹੇ ਪ੍ਰਭ! ਤੇਰੇ ਤੇ ਮੇਰੇ ਵਿੱਚ ਕਿਸੇ ਵੀ ਤਰ੍ਹਾਂ ਦਾ ਕੋਈ ਅੰਤਰ ਨਹੀਂ ਹੈ, ਜਿਵੇਂ ਸੋਨੇ ਅਤੇ ਸੋਨੇ ਤੋਂ ਬਣੇ ਗਹਿਣੀਆਂ ਵਿੱਚ ਅਤੇ ਪਾਣੀ ਅਤੇ ਪਾਣੀ ਉਪਰ ਉਠੀਆਂ ਲਹਿਰਾਂ ਵਿੱਚ ਕੋਈ ਅੰਤਰ ਨਹੀਂ। ਇਸ ਲਈ ਗੁਰੂ ਰਵਿਦਾਸ ਜੀ ਪ੍ਰਭ ਨੂੰ ਨਿਹੋਰਾ ਦਿੰਦੇ ਹਨ ਕਿ ਹੇ ਪ੍ਰਭ! ਤੇਰੀ ਮਹਤੱਤਾ ਵੀ ਮੇਰੇ ਕਾਰਣ ਹੀ ਬਣੀ ਹੈ ਕਿਉਂਕਿ ਜੇਕਰ ਮੈਂ ਪਾਪ ਨਾ ਕਰਦਾ ਤਾਂ ਤੈਨੂੰ ਕਿਸੇ ਨੇ ਪਾਪ-ਹਰਤਾ, ਮੁਕਤੀ-ਦਾਤਾ ਨਹੀਂ ਸੀ ਕਹਿਣਾ।

ਪ੍ਰਭ ਨੂੰ ਅਜਿਹਾ ਨਿਹੋਰਾ ਦੇਣਾ, ਇਕ ਮਹਾਨ ਘਟਨਾ ਹੈ ਕਿਉਂਕਿ ਅਜਿਹਾ ਬਹੁਤ ਨੇੜੇ ਦੇ ਡੂੰਘੇ ਪ੍ਰੇਮ ਸੰਬੰਧ ਕਾਰਣ ਹੀ ਸੰਭਵ ਹੋ ਸਕਦਾ ਹੈ। ਇਹੋ ਡੂੰਘੇ ਪ੍ਰੇਮ ਸੰਬੰਧ ਬ੍ਰਹਮ-ਗਿਆਨ ਦੀ ਪ੍ਰਾਪਤੀ ਦਾ ਸਾਧਨ ਬਣਦੇ ਹਨ:

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥
ਕਨਕ ਕਟਿਕ, ਜਲ ਤਰੰਗ ਜੈਸਾ ॥੧॥
ਜਉ ਪੈ ਹਮ ਨ ਪਾਪ ਕਰੰਤਾ, ਅਹੇ ਅਨੰਤਾ॥
ਪਤਿਤ ਪਾਵਨ ਨਾਮੁ ਕੈਸੇ ਹੁੰਤਾ॥੧॥ ਰਹਾਉ॥

ਇਥੇ ਹੀ ਬਸ ਨਹੀਂ, ਗੁਰੂ ਰਵਿਦਾਸ ਜੀ ਨੇ ਪ੍ਰਭ ਨੂੰ ਕੈਦ ਕਰ ਰਖਿਆ ਹੈ ਅਤੇ ਪ੍ਰਭ ਨੂੰ ਚਣੌਤੀ ਵੀ ਦਿੱਤੀ ਹੈ ਕਿ ਜੇ ਪ੍ਰਭ ਵਿੱਚ ਹਿੰਮਤ ਹੈ ਤਾਂ ਉਹ ਕੈਦ ਵਿੱਚੋਂ ਆਜ਼ਾਦ ਹੋ ਕੇ ਦੱਸੇ। ਇਹ ਪ੍ਰਭ ਨਾਲ ਪ੍ਰੇਮ ਦੀ ਇੰਤਹਾ ਹੈ। ਇਸ ਡੂੰਘੇ ਅਤਿ ਘਣੇ ਪ੍ਰੇਮ ਦੀ ਇੰਤਹਾ ਨੂੰ ਦ੍ਰਿੜ ਕਰਨ ਲਈ ਗੁਰੂ ਰਵਿਦਾਸ ਜੀ ਮੱਛੀ ਦੀ ਉਦਾਹਰਣ ਦਿੰਦੇ ਹਨ। ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਉਨ੍ਹਾਂ ਦਾ ਪ੍ਰਭ ਨਾਲ ਪ੍ਰੇਮ ਅਨੰਤ ਅਤੇ ਅਣਕਿਆਸਿਆ ਹੈ ਜਿਵੇਂ ਮੱਛੀ ਦਾ ਪਾਣੀ ਨਾਲ ਹੈ। ਮੱਛੀ ਦੀਆਂ ਅਨੇਕਾਂ ਫਾੜੀਆਂ ਕਰਕੇ ਉਸ ਦੇ ਬਰੀਕ-ਬਰੀਕ ਟੁਕੜੇ ਕਰਕੇ ਅਨੇਕਾਂ ਡੰਗਾਂ ਨਾਲ ਰਿੰਨਿਆਂ ਜਾਂਦਾ ਹੈ ਅਤੇ ਖਾਣ ਵੇਲੇ ਮੱਛੀ ਨੂੰ ਚਿੱਥ-ਚਿੱਥ ਕੇ ਮਹੀਨ ਕਰਕੇ ਖਾਧਾ ਜਾਂਦਾ ਹੈ। ਇਸ ਅਵਸਥਾ ਤੱਕ ਪਹੁੰਚਕੇ ਵੀ ਮੱਛੀ ਆਪਣਾ ਪ੍ਰੇਮ ਪਾਣੀ ਨਾਲੋਂ ਨਹੀਂ ਤੋੜਦੀ। ਮੱਛੀ ਖਾਣ ਵਾਲਾ ਮਨੁੱਖ ਵਾਰ-ਵਾਰ ਪਾਣੀ ਦੀ ਮੰਗ ਕਰਦਾ ਹੈ ਅਤੇ ਮੱਛੀ ਦੇ ਪ੍ਰੇਮ ਦੀ ਪੂਰਤੀ ਲਈ ਵਾਰ-ਵਾਰ ਪਾਣੀ ਪੀਂਦਾ ਹੈ। ਐਡੇ ਡੂੰਘੇ ਅਤੇ ਅਨੰਤ ਪਿਆਰ ਸਦਕਾ ਹੀ ਗੁਰੂ ਰਵਿਦਾਸ ਜੀ ਨੇ ਪ੍ਰਭ ਨੂੰ ਕੈਦ ਕਰ ਰਖਿਆ ਹੈ ਅਤੇ ਪ੍ਰਭ ਅਜਿਹੇ ਮਹਾਨ ਪ੍ਰੇਮ ਨੂੰ ਛੱਡ ਕੇ ਜਾਣ ਦੇ ਸਮਰਥ ਨਹੀਂ ਹੈ।

ਜਉ ਹਮ ਬਾਂਧੇ ਮੋਹ ਫਾਸ
ਹਮ ਪ੍ਰੇਮ ਬਧਨਿ ਤੁਮ ਬਾਧੇ॥

ਅਪਨੇ ਛੂਟਨ ਕੋ ਜਤਨੁ ਕਰਹੁ
ਹਮ ਛੂਟੇ ਤੁਮ ਆਰਾਧੇ॥੧॥
ਮਾਧਵੇ ਜਾਨਤ ਹਹੁ ਜੈਸੀ ਤੈਸੀ॥
ਅਬ ਕਹਾ ਕਰਹੁਗੇ ਐਸੀ॥੧॥ ਰਹਾਉ॥
ਮੀਨੁ ਪਕਰਿ ਫਾਂਕਿਓ ਅਰੁ ਕਾਟਿਓ
ਰਾਂਧਿ ਕੀਓ ਬਹੁ ਬਾਨੀ॥
ਖੰਡ ਖੰਡ ਕਰਿ ਭੋਜਨੁ ਕੀਨੋ
ਤਊ ਨ ਬਿਸਰਿਓ ਪਾਨੀ॥੨॥

ਇਸ ਡੂੰਘੇ ਤੇ ਅਨੰਤ ਪ੍ਰੇਮ ਦੀ ਪ੍ਰੌੜਤਾ, ਸਤਾਰ੍ਹਵੀਂ ਸਦੀ ਦੀ ਰਚਨਾ "ਪੁਰਾਤਨ ਗੋਸ਼ਟਿ-ਸੰਗ੍ਰੈਹ" ਦੇ ਕਰਤਾ ਸੋਢੀ ਮਿਹਰਬਾਨ ਨੇ ਬੜੇ ਹੀ ਸ਼ਕਤੀਸ਼ਾਲੀ ਢੰਗ ਨਾਲ ਕੀਤੀ ਹੈ। ਸੋਢੀ ਮਿਹਰਬਾਨ ਗੁਰੂ ਅਰਜਨ ਦੇਵ ਜੀ ਦੇ ਸਮਕਾਲੀ ਸਨ। ਸੋਢੀ ਮਿਹਰਬਾਨ ਨੇ ਗੁਰੂ ਅਰਜਨ ਦੇਵ ਜੀ ਦੇ ਬਸੰਤ ਰਾਗ ਵਿੱਚ ਹੇਠ ਦਿੱਤੇ ਬੰਦ ਦੀ ਹੀ ਇਸ ਸਾਖੀ ਰਾਹੀਂ ਵਿਆਖਿਆ ਕੀਤੀ ਹੈ:

ਰਵਿਦਾਸ ਧਿਆਏ ਪ੍ਰਭ ਅਨੂਪ।।
ਗੁਰੂ ਨਾਨਕ ਦੇਵ ਗੋਬਿੰਦ ਰੂਪ ।।2।। ਆਦਿ ਗ੍ਰੰਥ ਪੰਨਾ : ੧੧੯੨

ਇਸ ਬੰਦ ਦੀ ਵਿਆਖਿਆ :

"ਹੇ ਨਾਨਕ! ਰਵਿਦਾਸ ਨੇ ਸੋਹਣੇ ਸੁੰਦਰ ਪ੍ਰਭ ਦੀ ਅਰਾਧਨਾ ਕੀਤੀ ਤਾਂ ਉਹ ਬ੍ਰਹਮ-ਰੂਪ ਬਣ ਬ੍ਰਹਮ-ਗੁਰੂ ਦੇ ਪਦ ਨੂੰ ਪ੍ਰਾਪਤ ਹੋਏ।"

ਸੋ ਗੁਰੂ ਰਵਿਦਾਸ ਜੀ ਪ੍ਰਭ ਨਾਲ ਡੂੰਘੇ ਅਨੰਤ ਪ੍ਰੇਮ ਸਦਕਾ ਹੀ ਪ੍ਰਭ ਰੂਪ ਬਣ ਗਏ ਹਨ। ਇਸ ਕਾਰਨ ਹੀ ਬ੍ਰਹਮ-ਗੁਰੂ ਬਣੇ ਹਨ। ਗੁਰੂ ਰਵਿਦਾਸ ਜੀ ਦੇ ਸਿਧਾਂਤਕ ਵਾਕ "ਸੰਤ ਅਨਤਹਿ ਅੰਤਰੁ ਨਾਹੀ।।" ਅਤੇ ਗੁਰੂ ਅਰਜਨ ਦੇਵ ਜੀ ਦੇ ਸਿਧਾਂਤਕ ਵਾਕ "ਨਾਨਕ ਬ੍ਰਹਮ-ਗਿਆਨੀ ਆਪ ਪਰਮੇਸ਼ੁਰੁ।।" ਨੇ ਗੁਰੂ ਰਵਿਦਾਸ ਜੀ ਦੀ ਪ੍ਰਭ ਨਾਲ ਅਨਿਖੜ ਅਭੇਦਤਾ ਨੂੰ ਪਰਪੱਕ ਤੌਰ ਤੇ ਦ੍ਰਿੜ ਕੀਤਾ ਹੈ। ਇਸੇ ਤੱਥ ਨੂੰ ਹੀ ਸੋਢੀ ਮਿਹਰਬਾਨ ਬੜੇ ਸ਼ਕਤੀਸ਼ਾਲੀ ਢੰਗ ਨਾਲ ਪੇਸ਼ ਕਰਦੇ ਹਨ। ਉਹ ਲਿਖਦੇ ਹਨ :

"ਗੋਸਟ ਲਾਗੇ ਕਰਨੇ ਕਬੀਰ ਨਾਮੇ ਧੰਨੇ ਤ੍ਰਿਲੋਚਨ ਇਨਹੁ ਕੇ ਜੀ ਥੀ ਜਿ ਹਮਿ ਰਵਿਦਾਸ ਕਉ ਠਾਕੁਰ ਕੇ ਮਹਲ ਕੀਆ ਬਾਤਾ ਸੁਨਾਵਹਿਗੇ॥ ਰਵਿਦਾਸ ਸੁਨੈਗਾ ਖੁਸੀ ਹੋਇਗਾ ਹਮ ਉਪਰਿ॥ ਹੋਰ ਭੀ ਨਿਹਾਲੁ ਹੋਵਹਿਗੇ॥ ਜਦਿ ਉਇ ਦੇਖਹਿ ਭਗਤ ਸਾਧ ਜਨ ਤਾ ਜਿ ਕਿਛੁ ਠਾਕੁਰ ਕੀ ਝਝਰੀ ਗਗਰੀ ਪਾਨੀ ਕੀ ਥੀ ਸੁ ਉਹੀ ਹੈ॥

ਜੇ ਠਾਕੁਰ ਕੀ ਤ੍ਰਿਮਾਵਲੀ ਪਾਨੀ ਪੀਨੇ ਕੀ ਥੀ ਉਹੀ ਤ੍ਰਿਮਾਵਲੀ ਉਹੀ ਸਿਹਜਾ ਠਾਕਰ ਕੀ ਹੈ। ਉਹੀ ਪਉਐ ਠਾਕਰ ਕੇ॥ ਉਹੀ ਧੋਤੀਆ ਹੈ॥ ਜਿਤਨੀ ਠਾਕੁਰ ਕੀ ਆਰਭੱਟੀ ਬੈਕੁੰਠ ਕੇ ਬਿਖੇ ਦੇਖੀ ਥਈ ਓਹ ਭੀ ਰਵਿਦਾਸ ਪਹਿ ਹੈ। ਉਇ ਭਗਤ ਹੈਰਾਨ ਹੋਇ ਗਏ॥ ਓਇ ਨ ਪੂਛਿ ਸਕਹਿ ਜੁ ਏ ਬਸਤ੍ਰ ਠਾਕਰ ਕੇ ਹੈ। ਏ ਬਸਤ੍ਰ ਠਾਕੁਰ ਕੇ ਮਹਲ ਕੇ ਬੈਕੁੰਠ ਬਿਖੇ ਹਮਿ ਛੋਡੇ ਥੇ। ਏਹ ਕੋਈ ਲੈ ਆਇਆ ਹੈ? ਕੇ ਰਵਿਦਾਸ ਆਣੇ ਹੈ ਕੇ ਰਵਿਦਾਸ ਕਊ ਠਾਕੁਰ ਪਚਾਏ ਹੈ। ਕਿ ਉਨਹੀ ਜੈਸੇ ਇਨਹੁ ਕਰਾਏ ਹੈ। ਕਿ ਈਹਾ ਠਾਕੁਰ ਰਹਤਾ ਹੈ ਕਿ ਹਮਿ ਭੂਲੇ ਹੈ। ਕਿ ਏ ਬਸਤ੍ਰ ਸ੍ਰੀ ਠਾਕਰ ਕੇ ਹੈ। ਧੋਤੀਆ ਅੰਗਉਛੇ ਤੇ ਲੈ ਕਰਿ ਸਿ ਏਹੁ ਕਿਆ ਹੋਤਾ ਹੈ। ਜੇ ਰਬਿਦਾਸ ਕਹੈ ਜਿ ਇਸੁ ਸਿਹਜਾ ਉਪਰਿ ਬੈਠਹੁ ਜੀ ਤਉ ਏਹਿ ਕਹੈ ਹਾਂ ਜੀ ਨਾ ਜੀ ਏਹੁ ਤਉ ਸਿਹਜਾ ਠਾਕੁਰ ਜੀ ਕੀ ਹੈ। ਹਮਾਰੇ ਬੁਤੇ ਨਾਹੀ ਬੈਠਾ ਜਾਤਾ॥ ਜੇ ਰਬਿਦਾਸੁ ਕਹੈ ਜਿ ਜੀ ਪੈਰ ਧੁਵਈ ਆਹਿ ਤਉ ਏਹ ਕਹਹਿ ਨਾਂ ਜੀ ਏਹ ਤਉ ਤਾਬਹੜਾ ਠਾਕੁਰ ਚਰਨ ਪਖਾਲਨ ਕਾ ਹੈ। ਜੇ ਬਸਤ੍ਰ ਉਨ ਕੰਉ ਉਧਰਿ ਰਾਖੀਐ॥ ਸੋਈ ਕਹੈ ਜਿ ਏ ਬਸਤ੍ਰ ਏ ਪਰਾਏ ਜਿਤਨਾ ਕਿਛੁ ਸਭੁ ਠਾਕੁਰ ਕਾ ਹੈ। ਹਮਾਰੇ ਬੁਤੇ ਛੁਇਆ ਨਾਹੀ ਜਾਤਾ। ਜਬ ਤੇ ਠਾਕਰ ਕੇ ਮਹਲ ਮਹਿ ਥੀ ਸਭ ਉਈ ਬਾਤਾ ਰਵਿਦਾਸ ਕੇ ਦੇਖੀਆ॥ ਭਗਤਹੁ ਕਹਾ ਜਿ ਹਮ ਕਿਆ ਰਵਿਦਾਸ ਸਿਉ ਬਾਤਾ ਕਰਹਿ ਠਾਕੁਰ ਈਹਾ ਹੀ ਬਸਤੇ ਹੈ। ਏਹ ਆਰਭਟੀ ਸਭ ਠਾਕਰ ਕੀ ਹੈ।" [1]

ਸੋ ਅਜਿਹੇ ਮਹਾਨ ਅਤੇ ਅਟੁੱਟ ਪ੍ਰਭ-ਪ੍ਰੇਮ ਸਦਕਾ ਹੀ ਗੁਰੂ ਰਵਿਦਾਸ ਜੀ, ਕੇਵਲ ਤੇ ਕੇਵਲ ਗੁਰੂ ਰਵਿਦਾਸ ਜੀ ਨੂੰ ਹੀ ਬ੍ਰਹਮ-ਗਿਆਨ ਦੀ ਪ੍ਰਾਪਤੀ ਹੋਈ ਹੈ। ਬਾਕੀ ਦੁਨੀਆਂ ਦੇ ਧਰਮਾਂ ਅਤੇ ਲੋਕਾਂ ਨੂੰ ਇਹ ਦਾਤ ਪ੍ਰਾਪਤ ਨਹੀਂ ਹੋਈ। ਇਸ ਕਰਕੇ ਦੁਨੀਆਂ ਦੇ ਧਰਮ ਅਤੇ ਲੋਕ ਕੇਵਲ ਵਿਸ਼ ਹੀ ਵੇਚਦੇ ਹਨ ਅਤੇ ਕੇਵਲ ਤੇ ਕੇਵਲ ਗੁਰੂ ਰਵਿਦਾਸ ਜੀ ਹੀ ਬ੍ਰਹਮ-ਗਿਆਨ ਦੇ ਮਾਲਕ ਅਤੇ ਵਿਕਰੇਤਾ ਹਨ।

ਉਪਰੋਕਤ ਚਰਚਾ ਤੋਂ ਹੇਠ ਲਿਖੀਆਂ ਅਟੱਲ ਸੱਚਾਈਆਂ ਪ੍ਰਗਟ ਹੋਈਆਂ ਹਨ :

1. ਗੁਰੂ ਅਰਜਨ ਦੇਵ ਜੀ ਦੇ ਕਥਨ, "ਗੁਰੂ ਰਵਿਦਾਸ ਜੀ ਗੋਬਿੰਦ ਰੂਪ ਵੀ

1. ਭਗਤ ਸ੍ਰੋਤ ਪੁਸਤਕ – ਪੰਨਾ ੫੭ ਸੰਪਾਦਕ : ਡਾ. ਜਸਬੀਰ ਸਿੰਘ ਸਾਬਰ

ਹਨ ਅਤੇ ਬ੍ਰਹਮ ਗੁਰੂ ਵੀ" ਦੇ ਅਟੱਲ ਸੱਚ ਨੂੰ ਸੋਢੀ ਮਿਹਰਬਾਨ ਦੀ ਉਪਰੋਕਤ ਗੋਸ਼ਟ ਨੇ ਸਾਕਾਰ ਰੂਪ ਵਿਚ ਪ੍ਰਗਟ ਕਰਕੇ ਪਰਪੱਕ ਕਰ ਦਿੱਤਾ ਹੈ।

2. ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ ਰਵਿਦਾਸ ਜੀ ਦੇ ਕਥਨ, "ਕੇਵਲ ਗੁਰੂ ਰਵਿਦਾਸ ਜੀ ਹੀ ਬ੍ਰਹਮ-ਗਿਆਨ ਦੇ ਮਾਲਕ ਅਤੇ ਵਿਕਰੇਤਾ ਹਨ ਬਾਕੀ ਦੁਨੀਆਂ ਦੇ ਧਰਮ ਅਤੇ ਲੋਕ ਵਿਸ਼ ਭਾਵ ਵਿਕਾਰ ਵੇਚਦੇ ਹਨ" ਦੇ ਅਟੱਲ ਸੱਚ ਨੂੰ ਪ੍ਰਗਟ ਕਰਕੇ, ਗੁਰੂ ਅਰਜਨ ਦੇਵ ਜੀ ਨੇ ਸਵੀਕਾਰ ਕਰਕੇ ਮਾਨਤਾ ਪ੍ਰਦਾਨ ਕੀਤੀ ਹੈ।

3. ਬ੍ਰਹਮ-ਗਿਆਨ ਵੇਚਣ ਦਾ ਅਰਥ ਹੈ ਬ੍ਰਹਮ-ਗੁਰੂ ਦੁਆਰਾ ਆਪਣੇ ਸੇਵਕ ਨੂੰ ਬ੍ਰਹਮ ਗਿਆਨ ਪ੍ਰਦਾਨ ਕਰਨਾ। ਜੋ ਬ੍ਰਹਮ-ਗੁਰੂ ਰਵਿਦਾਸ ਜੀ ਆਪਣੇ ਸਮਿਆਂ ਵਿਚ ਆਪਣੇ ਸੇਵਕਾਂ ਨੂੰ ਬ੍ਰਹਮ-ਗਿਆਨ ਪ੍ਰਦਾਨ ਕਰਦੇ ਸਨ। ਇਸ ਅਟੱਲ ਸੱਚਾਈ ਨੂੰ ਗੁਰੂ ਅਰਜਨ ਦੇਵ ਜੀ ਨੇ ਦ੍ਰਿੜ ਕੀਤਾ ਹੈ।

(ਸਬੂਤ ਲਈ ਦੇਖੋ ਗੁਰੂ ਗ੍ਰੰਥ ਸਾਹਿਬ ਪੰਨਾ 1192)

ਗੁਰੂ ਰਵਿਦਾਸ ਜੀ ਅਤੇ ਗੁਰੂ ਨਾਨਕ ਦੇਵ ਜੀ ਦਾ ਸੱਚਾ ਸੌਦਾ

ਗੁਰੂ ਨਾਨਕ ਦੇਵ ਜੀ ਆਪਣੇ ਬਚਪਨ ਤੋਂ ਹੀ ਗੁਰੂ ਰਵਿਦਾਸ ਜੀ ਦੀ ਬਾਣੀ ਪੜ੍ਹਿਆ ਅਤੇ ਸੁਣਿਆਂ ਕਰਦੇ ਸਨ। ਇਸ ਤੱਥ ਤੋਂ ਇਹ ਪਰਪੱਕ ਹੋ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਪੁੰਗਰ ਦੇ ਕੋਮਲ ਮਨ ਨੂੰ ਗੁਰੂ ਰਵਿਦਾਸ ਜੀ ਦੀ ਬਾਣੀ ਨੇ ਪ੍ਰਭਾਵਿਤ ਕੀਤਾ ਹੋਇਆ ਸੀ। ਇਸ ਕਰਕੇ ਗੁਰੂ ਨਾਨਕ ਦੇਵ ਜੀ ਨੂੰ ਆਪਣੇ ਜੀਵਨ ਦਾ ਅਤੇ ਪ੍ਰਭ-ਪ੍ਰਾਪਤੀ ਦਾ ਆਧਾਰ ਹੀ ਗੁਰੂ ਰਵਿਦਾਸ ਜੀ ਦੀ ਬਾਣੀ ਨੂੰ ਬਣਾ ਲਿਆ। ਇਸ ਤਰ੍ਹਾਂ ਗੁਰੂ ਰਵਿਦਾਸ ਜੀ ਦੀ ਬਾਣੀ, ਸ਼ਬਦ-ਗੁਰੂ ਦੇ ਰੂਪ ਵਿਚ ਗੁਰੂ ਨਾਨਕ ਦੇਵ ਜੀ ਦੀ ਪ੍ਰਭ ਪ੍ਰਾਪਤੀ ਲਈ ਅਗਵਾਈ ਕਰਨ ਦਾ ਸਾਧਨ ਬਣੀ। ਸੋਢੀ ਮਿਹਰਬਾਨ ਦੀ ਲਿਖਤ "ਪੋਥੀ ਸੱਚ ਖੰਡ ਜਨਮ ਸਾਖੀ ਗੁਰੂ ਨਾਨਕ ਦੇਵ" ਪੰਨਾ-੭੩ ਤੇ ਦਰਜ ਹੈ:

"ਮਰਦਾਨਾ-ਤਲਵੰਡੀ ਰਾਇ ਭੋ ਐ ਕੀ ਰਹਦਾ, ਰਬਾਬ ਵਜਾਇਦਾ, ਨਾਮ (ਨਾਮਦੇਵ), ਕਬੀਰ, ਤਿਲੋਚਨ, ਰਵਿਦਾਸ, ਧੰਨਾ ਬੇਣੀ ਦੇ ਪਦੇ ਗਾਵਤਾ। ਗੁਰੂ ਬਾਬੇ ਨਾਨਕ ਕੇ ਆਗੇ ਪਦੇ ਗਾਵਤਾ।"

ਗੁਰੂ ਨਾਨਕ ਦੇਵ ਜੀ, ਗੁਰੂ ਰਵਿਦਾਸ ਜੀ ਦੀ ਬਾਣੀ ਤੋਂ ਕਿਉਂ ਪ੍ਰਭਾਵਤ ਹੋਏ? ਗੁਰੂ ਨਾਮਦੇਵ ਜੀ ਅਤੇ ਗੁਰੂ ਕਬੀਰ ਜੀ ਦੀ ਬਾਣੀ ਤੋਂ ਕਿਉਂ ਨਹੀਂ?

ਪਹਿਲੀ ਗੱਲ ਗੁਰੂ ਤ੍ਰਿਲੋਚਨ ਗੁਰੂ ਧੰਨਾ ਅਤੇ ਗੁਰੂ ਬੇਣੀ ਕਿਸੇ ਦੀ ਵੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਚਾਰ ਸ਼ਬਦਾਂ ਤੋਂ ਵਧ ਦਰਜ਼ ਨਹੀਂ ਹੈ। ਇਸ ਕਰਕੇ ਇਨ੍ਹਾਂ ਦੀ ਬਾਣੀ ਗੁਰੂ ਨਾਨਕ ਦੇਵ ਜੀ ਦੇ ਮਨ ਨੂੰ ਬਹੁਤਾ ਪ੍ਰਭਾਵਤ ਨਹੀਂ ਕਰ ਸਕੀ।

ਦੂਜੇ ਹੁਣ ਇਹ ਪਰਪੱਕ ਹੋ ਗਿਆ ਹੈ ਕਿ ਗੁਰੂ ਰਵਿਦਾਸ ਜੀ, ਗੁਰੂ ਕਬੀਰ ਜੀ ਤੋਂ ਉਮਰ ਵਿੱਚ ਵੱਡੇ ਸਨ।

ਤੀਜੀ ਗਲ, ਗੁਰੂ ਰਵਿਦਾਸ ਜੀ ਨੇ ਆਪਣੀ ਨਵੀਂ ਵਿਸ਼ਵ ਵਿਆਪੀ ਵਿਚਾਰਧਾਰਾ ਨੂੰ ਸਥਾਪਤ ਕਰਨ ਲਈ ਉਨ੍ਹਾਂ ਨੇ ਵਿਗਿਆਨਕ ਵਿਉਂਤਬੰਦੀ ਕਰਕੇ, ਸਿਧਾਂਤਾਤਮਕ ਤੌਰ ਤੇ ਗੁਰੂ ਰਵਿਦਾਸ ਜੀ ਤੋਂ ਪਹਿਲਾਂ ਵਿਚਰਦੇ ਚਾਰ ਧਰਮਾਂ- ਹਿੰਦੂ ਧਰਮ, ਬੁਧ ਧਰਮ, ਇਸਾਈ ਅਤੇ ਇਸਲਾਮ ਧਰਮ ਦੀ ਵਿਚਾਰਧਾਰਾ ਦਾ ਇਕ-ਇਕ ਸ਼ਬਦ ਵਿੱਚ ਖੰਡਨ ਕੀਤਾ ਹੈ ਅਤੇ ਨਾਲ ਦੀ ਨਾਲ ਉਸੇ ਹੀ ਸ਼ਬਦ ਵਿਚ ਰੱਦ ਕੀਤੀ ਗਈ ਵਿਚਾਰਧਾਰਾ ਦੀ ਥਾਂ ਤੇ ਆਪਣੀ ਵਿਚਾਰਧਾਰਾ ਨੂੰ ਸਥਾਪਤ ਕਰਕੇ ਇਕ ਨਵੇਂ ਵਿਸ਼ਵ ਵਿਆਪੀ ਧਰਮ ਦੀ

ਸਿਰਜਣਾ ਵੀ ਕੀਤੀ ਹੈ। "ਸਤਜੁਗਿ ਸਤ, ਤੇਤਾ ਜਗੀ...." ਵਾਲੇ ਸ਼ਬਦ ਵਿਚ ਹਿੰਦੂ ਧਰਮ ਦੀ ਵਿਚਾਰਧਾਰਾ ਅਤੇ ਕਰਮਕਾਂਡ ਨੂੰ ਰੱਦ ਕਰਕੇ ਇਸ ਦੀ ਥਾਂ ਆਪਣੀ ਵਿਚਾਰਧਾਰਾ ਨਿਰੂਪਤ ਕੀਤੀ ਹੈ। "ਹਰਿ ਜਪਤ ਤੇਊ ਜਨਾ...." ਵਾਲੇ ਸ਼ਬਦ ਵਿਚ ਪਹਿਲਾਂ ਸਿਧਾਂਤਕ-ਤੱਤ ਉਪਰ ਆਧਾਰਿਤ ਆਪਣੇ ਵਿਚਾਰਧਾਰਾ ਦੀ ਸਿਰਜਣਾ ਕਰਕੇ, ਇਸ ਸਿਧਾਂਤ ਅਨੁਸਾਰ ਹਿੰਦੂ ਧਰਮ ਦੇ ਅਵਤਾਰਾਂ, ਇਸਲਾਮ ਧਰਮ ਅਤੇ ਇਸਾਈ ਧਰਮ ਦੀ ਵਿਚਾਰਧਾਰਾ ਅਤੇ ਕਰਮਕਾਂਡ ਨੂੰ ਰੱਦ ਕੀਤਾ ਹੈ। "ਬਿਨੁ ਦੇਖੇ ਉਪਜੈ ਨਹੀਂ ਆਸਾ" ਵਿਚ ਪਹਿਲਾਂ ਆਪਣੀ ਵਿਚਾਰਧਾਰਾ ਦਿੱਤੀ ਅਤੇ ਫਿਰ ਬੁੱਧ ਧਰਮ ਦੀ ਵਿਚਾਰਧਾਰਾ ਨੂੰ ਆਪਣੀ ਵਿਚਾਰਧਾਰਾ ਅਨੁਕੂਲ ਸੋਧ ਕੇ ਇਕ ਨਵੀਂ ਵਿਚਾਰਧਾਰਾ ਦੀ ਸਿਰਜਣਾ ਕੀਤੀ ਹੈ।

ਭਾਵੇਂ ਗੁਰੂ ਨਾਮ ਦੇਵ ਜੀ ਅਤੇ ਗੁਰੂ ਕਬੀਰ ਜੀ ਦੀ ਵਿਚਰਾਧਾਰਾ ਬੁਨਿਆਦੀ ਤੌਰ ਤੇ ਇਕੋ ਹੀ ਹੈ। ਪਰ ਜਿਸ ਢੰਗ ਨਾਲ ਗੁਰੂ ਰਵਿਦਾਸ ਜੀ ਨੇ ਇੱਕ-ਇੱਕ ਸ਼ਬਦ ਵਿਚ ਸਿਧਾਂਤਕ-ਤੱਤ ਆਧਾਰਤ ਵਿਚਾਰਧਾਰਾ ਦੀ ਸਿਰਜਣਾ ਕੀਤੀ ਹੈ ਅਤੇ ਉਹਨਾਂ ਹੀ ਸਿਧਾਂਤਕ-ਤੱਤਾਂ ਦੀ ਵਿਰੋਧਤਾ ਕਰਨ ਵਾਲਿਆਂ ਦੂਜੇ ਧਰਮਾਂ ਦੀਆਂ ਵਿਚਾਰਧਾਰਾਵਾਂ ਨੂੰ ਰੱਦ ਕੀਤਾ ਹੈ; ਇਸ ਤਰ੍ਹਾਂ ਸੰਗਠਤ, ਸੰਕੁਚਤ, ਸਪਸ਼ਟ ਅਤੇ ਸਿਧਾਂਤਕ ਪੱਖ ਤੋਂ ਗੁਰੂ ਨਾਮ ਦੇਵ ਜੀ ਅਤੇ ਗੁਰੂ ਕਬੀਰ ਜੀ ਨੇ ਦੂਜੇ ਧਰਮਾਂ ਦੀਆਂ ਵਿਚਾਰਧਾਰਾਵਾਂ ਨੂੰ ਰੱਦ ਨਹੀਂ ਕੀਤਾ। ਇਹੋ ਹੀ ਇਕ ਬੁਨਿਆਦੀ ਅਤੇ ਵਿਗਿਆਨਕ ਤੱਥ ਹੈ, ਜਿਸ ਨਾਲ ਇਹ ਦ੍ਰਿੜ ਹੋ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਬਚਪਨ ਤੋਂ ਬੁਨਿਆਦੀ ਅਤੇ ਸਿਧਾਂਤਕ-ਤੱਤ ਦੇ ਅਧਾਰ ਤੇ ਸਿਰਜੀ ਵਿਚਾਰਧਾਰਾ ਦੇ ਕਾਇਲ ਸਨ। ਇਸ ਕਰਕੇ ਇਸ ਵਿਚਾਰਧਾਰਾ ਅਨੁਸਾਰ ਹੀ ਉਨ੍ਹਾਂ ਦੇ ਕੋਮਲ ਮਨ ਅੰਦਰ ਬ੍ਰਹਮ ਵਿਚਾਰ (ਬ੍ਰਹਮ ਗਿਆਨ) ਵਿਕਸਿਤ ਹੋਇਆ।

ਗੁਰੂ ਰਵਿਦਾਸ ਜੀ ਖੁਦ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਆਪਣੀ ਬਾਣੀ ਵਿਚ ਵੀ ਬੜੀ ਦ੍ਰਿੜਤਾ ਨਾਲ ਪਰਪੱਕ ਕਰਦੇ ਹਨ ਕਿ ਮੇਰੇ ਤੋਂ ਬਿਨਾਂ ਸੰਸਾਰ ਵਿਚ ਕੋਈ ਵੀ ਬ੍ਰਹਮ-ਗਿਆਨ ਦਾ ਵਿਕਰੇਤਾ ਨਹੀਂ ਹੈ- ਕੇਵਲ ਤੇ ਕੇਵਲ ਮੈਂ ਹੀ ਬ੍ਰਹਮ-ਗਿਆਨ ਵੇਚਦਾ ਹਾਂ, ਬਾਕੀ ਸਾਰੀ ਦੁਨਿਆਂ ਵਿਸ਼ (ਜ਼ਹਿਰ) ਵੇਚਦੀ ਹੈ। ਭਾਵ ਵਿਕਾਰਾਂ ਨੂੰ ਵੇਚਣ ਦਾ ਹੀ ਧੰਦਾ ਕਰਦੀ ਹੈ।

ਗੁਰੂ ਰਵਿਦਾਸ ਜੀ ਕੇਵਲ ਬ੍ਰਹਮ-ਗਿਆਨ ਵੇਚਦੇ ਹੀ ਨਹੀਂ ਸਗੋਂ ਉਹ ਬ੍ਰਹਮ-ਗਿਆਨ ਦੇ ਖਰੀਦਦਾਰਾਂ ਦੀ ਹੋਕਾ ਦੇ ਕੇ ਭਾਲ ਵੀ ਕਰਦੇ ਹਨ। ਇਹ ਤੱਥ ਉਨ੍ਹਾਂ ਦੇ ਆਪਣੇ ਮੁਖਾਰਬਿੰਦ ਤੋਂ ਉਚਾਰੇ ਸ਼ਬਦ ਵਿੱਚ ਦਰਜ ਹੈ :

"ਕੋ ਬਨਜਾਰੋ ਰਾਮ ਕੋ ਮੇਰਾ ਟਾਂਡਾ ਲਾਦਿਆ ਜਾਇ ਰੇ ॥੧॥ ਰਹਾਉ॥
ਹਉ ਬਨਜਾਰੋ ਰਾਮ ਕੋ ਸਹਜ ਕਰਉ ਬਾਪਾਰੁ।।
ਮੈ ਰਾਮ ਨਾਮ ਧਨੁ ਲਾਦਿਆ ਬਿਖੁ ਲਾਦੀ ਸੰਸਾਰਿ ॥੨॥
ਪੰਨਾ ੩੪੫-੪੬ (ਗਉੜੀ)

ਇਥੇ ਹੀ ਬਸ ਨਹੀਂ ਗੁਰੂ ਨਾਨਕ ਦੇਵ ਜੀ, ਗੁਰੂ ਰਵਿਦਾਸ ਜੀ ਦੀ ਬਾਣੀ ਰਾਹੀਂ ਪਰਮਾਤਮਾ ਦੀ ਪ੍ਰਾਪਤੀ ਲਈ ਗੁਰੂ ਰਵਿਦਾਸ ਜੀ ਦੀ ਬਾਣੀ ਗਾ-ਗਾ ਕੇ ਲੋਕਾਂ ਨੂੰ ਉਪਦੇਸ਼ ਦਿੰਦੇ ਹਨ। ਇਸ ਵਿੱਚ ਕੋਈ ਸ਼ਕ ਨਹੀਂ ਕਿ ਗੁਰੂ ਨਾਨਕ ਦੇਵ ਜੀ, ਗੁਰੂ ਰਵਿਦਾਸ ਜੀ ਦੇ ਬ੍ਰਹਮ ਗਿਆਨ ਨਾਲ ਲੋਕਾਂ ਨੂੰ ਮੁਕਤ ਕਰਦੇ ਹਨ ਅਤੇ ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਉਸ ਸਮੇਂ ਗੁਰੂ ਰਵਿਦਾਸ ਜੀ 'ਗੁਰੂ' ਰੂਪ ਹੁੰਦੇ ਹਨ। ਇਕ ਵਾਰੀ ਲੋਕਾਂ ਨੇ ਗੁਰੂ ਨਾਨਕ ਦੇਵ ਜੀ ਤੋਂ ਪ੍ਰਭ-ਸਿਮਰਣ ਬਾਰੇ ਪੁਛਿਆ ਤਾਂ ਉਨ੍ਹਾਂ ਨੇ ਪਰਮੇਸ਼ਵਰ ਦੇ ਸਿਮਰਨ ਲਈ ਗੁਰੂ ਰਵਿਦਾਸ ਜੀ ਦੀ ਬਾਣੀ ਨੂੰ ਅਪਨਾਉਣ ਦੀ ਅਤੇ ਇਸ ਬਾਣੀ ਵਿੱਚ ਨਿਰੂਪਤ ਬ੍ਰਹਮ-ਗਿਆਨ ਦੀ ਅਗਵਾਈ ਹੇਠ ਅਸਲੀ ਜੀਵਨ ਜਿਉਣ ਦੀ ਪ੍ਰੇਰਨਾ ਦਿੱਤੀ। ਲੋਕਾਂ ਪੁੱਛਿਆ :

"ਬਾਬਾ ਜੀ, ਸਿ ਕਵਣੁ ਸਿਮਰਣੁ ਜਿ ਕੀਜੀਐ?
ਕਹੈ ਪੁਰਖਾ ਸਿਮਰਣੁ ਉਹੀ ਜਿ ਭਗਤੀ ਜਸ ਕੀਆ ਹੈ ਪਰਮੇਸਰ ਕਾ ਸੋਈ ਤੁਮ ਗਾਵਹੁ। ਬੇਦ (ਗਿਆਨ) ਕੀ ਚਾਲਿ ਚਲਹੁ ਪਰਮੇਸਰ ਦਾ ਸਿਮਰਣ ਕਰਹੁ। ਤਬ ਸ੍ਰੀ ਨਾਮੇ, ਕਬੀਰ, ਰਵਿਦਾਸ ਦੇ ਪਦੇ ਬਾਬਾ ਜੀ ਕੀ ਬਾਣੀ ਸੈਨ ਬੇਣੀ ਕੀ ਬਾਣੀ ਲਾਗੈ ਗਾਵਣੇ ਪ੍ਰੇਮ ਕਰਿ ਕਰਿ।"

(ਸੋਢੀ ਮਿਹਰਬਾਨ, ਪੋਥੀ ਸੱਚ ਖੰਡ, ਪੰਨਾ-138)

ਉਪਰੋਕਤ ਚਰਚਾ ਤੋਂ ਸਪਸ਼ਟ ਹੋ ਗਿਆ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਬਚਪਨ ਤੋਂ ਹੀ ਗੁਰੂ ਰਵਿਦਾਸ ਜੀ ਦੀ ਬਾਣੀ ਖੁਦ ਗਾਈ ਅਤੇ ਗਾਕੇ ਲੋਕਾਂ ਨੂੰ ਸੁਣਾਈ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਆਪ ਵੀ ਗੁਰੂ ਰਵਿਦਾਸ ਜੀ ਤੋਂ ਸ਼ਬਦ-ਗੁਰੂ ਦੇ ਰੂਪ ਵਿੱਚ ਅਗਵਾਈ ਲਈ ਅਤੇ ਲੋਕਾਂ ਨੂੰ ਵੀ ਗੁਰੂ ਰਵਿਦਾਸ ਜੀ ਤੋਂ ਮੁਕਤੀ ਲਈ ਸ਼ਬਦ-ਗੁਰੂ ਰੂਪ ਵਿੱਚ ਅਗਵਾਈ ਲੈਣ ਲਈ ਪ੍ਰੇਰਿਆ।

ਸੋ ਸਪਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸ਼ਬਦ-ਗੁਰੂ ਦੇ ਰੂਪ ਵਿੱਚ ਪ੍ਰਵਾਨ ਕਰਕੇ ਗੁਰੂ ਰਵਿਦਾਸ ਜੀ ਦੀ ਬਾਣੀ ਨੂੰ ਉੱਚਤਮ ਸਤਿਕਾਰ ਦਿੱਤਾ। ਗੁਰੂ ਦੀ ਉਚਾਰੀ ਹੋਈ ਬਾਣੀ ਹੀ ਸ਼ਬਦ-ਗੁਰੂ ਬਣ ਸਕਦੀ ਹੈ।

ਗੁਰੂ ਰੂਪ ਵਿੱਚ ਗੁਰੂ ਰਵਿਦਾਸ ਜੀ ਦੀ ਅਗਵਾਈ ਦੇਣ ਦੀ ਸਮਰਥਾ ਨੂੰ ਡਾ: ਹਜ਼ਾਰੀ ਪ੍ਰਸਾਦ ਦਵੇਦੀ, "ਯੁਗ ਪਰਵਰਤਕ ਸੰਤ ਗੁਰੂ ਰਵਿਦਾਸ" (ਹਿੰਦੀ)

ਦੇ ਪੰਨਾ ਨੰ.48 ਉੱਪਰ ਦ੍ਰਿੜ ਕਰਦੇ ਲਿਖਦੇ ਹਨ :

"ਕਿ ਸਵਰਗੀਯ ਆਚਾਰੀਆ ਸ਼ਿਤਿਮੋਹਨ ਸੇਨ ਨੇ ਸੰਤੋਂ ਮੇਂ ਪ੍ਰਚਲਿਤ ਏਕ ਅਨੁਸ਼ਰੁਤੀ ਕਾ ਹਵਾਲਾ ਦੇਤੇ ਹੋਏ ਬਤਾਇਆ ਥਾ ਕਿ ਸੰਭਵਤ ਵਹ (ਗੁਰੂ ਰਵਿਦਾਸ ਜੀ) ਕਬੀਰ ਸੇ ਆਯੂ ਮੇਂ ਬੜੇ ਥੇ। ਕਹਿਤੇ ਹੈਂ ਕਿ ਜਬ ਕਿਸੀ ਨੇ ਕਬੀਰ ਸੇ ਪੁਛਾ ਕਿ ਭਗਵਤ ਭਗਤਿ ਕਾ ਮਾਰਗ ਬਤਾਈਏ, ਤੋ ਉਨਹੋਂ ਨੇ ਕਹਾ ਥਾ ਕਿ ਭਾਈ ਮੈਂ ਤੋਂ ਮਾਂ ਕੀ ਗੋਦ ਮੇਂ ਬੈਠਾ ਗੰਤਬਯ ਸਥਾਨ ਪਰ ਪਹੁੰਚ ਗਿਆ। ਮੈ ਕਿਆ ਜਾਨੂ ਕਿ ਰਾਸਤਾ ਕੀਆ ਹੋਤਾ ਹੈ। ਰਾਸਤਾ ਪੂਛਨਾ ਹੋ ਤੋ ਰਵਿਦਾਸ ਸੇ ਪੂਛੋ ਜਿਨ ਕੇ ਸਿਰ ਉਪਰ ਮਾਂ ਨੇ ਏਕ ਗਠਰੀ ਵੀ ਰਖਦੀ ਥੀ :

ਮੈਂ ਤੋ ਆਇਆ ਮਾਂ ਕੀ ਗੋਦ ਮੇਂ ਕਿਆ ਜਾਨੂੰ ਮਾਰਗ ਕਿਆ ਹੋਏ।।
ਰਾਹ ਪੂਛੋ ਰਵਿਦਾਸ ਸੇ, ਜਿਨ ਗਠਰੀ ਲਾਈ ਢੋਏ।।"

ਉਪਰੋਕਤ ਚਰਚਾ ਤੋਂ ਦ੍ਰਿੜ ਹੋ ਗਿਆ ਹੈ ਕਿ ਗੁਰੂ ਰਵਿਦਾਸ ਜੀ ਸ਼ਬਦ-ਗੁਰੂ ਦੇ ਰੂਪ ਵਿੱਚ ਵੀ ਅਗਵਾਈ ਕਰਦੇ ਹਨ ਅਤੇ ਇਹ ਉਪਦੇਸ਼-ਗੁਰੂ ਬਣ, ਸਾਧਕ ਦਾ ਮਾਰਗ ਦਰਸ਼ਨ ਵੀ ਕਰਦੇ ਹਨ। ਇਸ ਤਰ੍ਹਾਂ ਉਹ ਬ੍ਰਹਮ-ਗਿਆਨ ਦੇ ਵਿਕਰੇਤਾ ਅਤੇ ਧਾਰਮਕ-ਗੁਰੂ ਦ੍ਰਿੜ ਹੋ ਜਾਂਦੇ ਹਨ। ਗੁਰੂ ਕਬੀਰ ਜੀ ਦੇ ਉਪਰੋਕਤ ਤੱਥ ਤੋਂ ਇਹ ਵੀ ਦ੍ਰਿੜ ਹੋ ਜਾਂਦਾ ਹੈ ਕਿ ਗੁਰੂ ਰਵਿਦਾਸ ਜੀ ਤੋਂ ਬ੍ਰਹਮ-ਗਿਆਨ ਖਰੀਦਣ ਵਾਲੇ ਭਾਵ ਬ੍ਰਹਮ-ਗਿਆਨ ਪ੍ਰਾਪਤ ਕਰਨ ਵਾਲੇ ਅਨੇਕਾਂ ਸਾਧਕ ਹਨ। ਇਨ੍ਹਾਂ ਬ੍ਰਹਮ-ਗਿਆਨ ਦੇ ਖਰੀਦਦਾਰਾਂ ਵਿੱਚੋਂ ਇੱਕ ਮਹਤਵਪੂਰਨ ਖਰੀਦਦਾਰ, ਪੰਜਾਬ ਦੇ ਗੁਰੂ ਨਾਨਕ ਦੇਵ ਜੀ ਵੀ ਹਨ।

ਚੂਹੜਕਾਣੇ ਇਕਤਰਤ ਹੋਏ ਮਹਾਂਪੁਰਸ਼-ਸੰਤਾਂ ਵਿੱਚੋਂ ਗੁਰੂ ਰਵਿਦਾਸ ਜੀ ਹੀ ਗਹਿਰ ਗੰਭੀਰ, ਡੂੰਘੀ ਨੀਝ ਅਤੇ ਸੋਚ ਵਿਚਾਰ ਅਤੇ ਦੂਰ ਦ੍ਰਿਸ਼ਟੀ ਵਾਲੇ ਬ੍ਰਹਮ-ਗਿਆਨੀ ਚਿੰਤਕ ਅਤੇ ਬ੍ਰਹਮ-ਗਿਆਨ ਵਿਕਰੇਤਾ ਸਨ ਅਤੇ ਸੰਤਾਂ ਵਿੱਚੋਂ ਸਭ ਤੋਂ ਵੱਧ ਉਮਰ ਦੇ ਸਿਆਣੇ ਬਜ਼ੁਰਗ ਸਨ। ਇਸ ਕਰਕੇ ਗੁਰੂ ਰਵਿਦਾਸ ਜੀ ਚੂਹੜਕਾਣੇ ਦੇ ਸੰਤ ਸਮੇਲਨ ਦੇ ਮੁੱਖੀ ਵੀ ਸਨ। ਇਸ ਸੰਤ ਸਮੇਲਨ ਵਿੱਚ ਗੁਰੂ ਰਵਿਦਾਸ ਜੀ ਦੇ ਪ੍ਰਵਚਨ ਸੁਣ ਕੇ ਗੁਰੂ ਨਾਨਕ ਦੇਵ ਜੀ ਬਹੁਤ ਹੀ ਪ੍ਰਭਾਵਤ ਹੋਏ। ਚੂਹੜਕਾਣੇ (ਨਨਕਾਣਾ ਸਾਹਿਬ) ਵਿੱਚ ਗੁਰੂ ਨਾਨਕ ਦੇਵ ਜੀ ਨੇ ਗੁਰੂ ਰਵਿਦਾਸ ਜੀ ਨਾਲ ਬ੍ਰਹਮ-ਗਿਆਨ ਬਾਰੇ ਗੋਸ਼ਟ ਕਰਕੇ ਆਤਮਕ ਅਨੰਦ ਪ੍ਰਾਪਤ ਕੀਤਾ ਅਤੇ ਗੁਰੂ ਨਾਨਕ ਦੇਵ ਜੀ ਨੇ ਗੁਰੂ ਰਵਿਦਾਸ ਜੀ ਤੋਂ ਬ੍ਰਹਮ-ਗਿਆਨ ਦਾ ਸੱਚਾ ਸੌਦਾ ਖਰੀਦਿਆ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਗੁਰੂ ਰਵਿਦਾਸ ਜੀ

ਨੂੰ ਉਪਦੇਸ਼ ਗੁਰੂ ਪ੍ਰਵਾਨ ਕੀਤਾ। ਗੁਰੂ ਰਵਿਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਨੂੰ ਬ੍ਰਹਮ-ਗਿਆਨ ਦੀ ਦਾਤ ਬਖਸੀਸ਼ ਕਰਕੇ ਅਸ਼ੀਰਵਾਦ ਦਿੱਤਾ। ਗੁਰੂ ਨਾਨਕ ਦੇਵ ਜੀ ਉਪਰੋਕਤ ਤੱਥ ਦੀ ਪੁਸ਼ਟੀ ਕਰਦੇ ਫਰਮਾਉਂਦੇ ਹਨ :

ਹਰਿ ਹਰਿ ਨਾਮੁ ਵਖਰੁ ਲੈ ਚਲਹੁ॥
ਦਰਸਨੁ ਪਾਵਹੁ ਸਹਜਿ ਮਹਲਹੁ॥
ਗੁਰਮੁਖਿ ਖੋਜਿ ਲਹਹਿ ਜਨ ਪੂਰੇ
ਇਉ ਸਮਦਰਸੀ ਚੀਨਾ ਹੇ ॥੧੩॥

ਪੰਨਾ : ੧੦੨੭ (ਮਾਰੂ ਰਾਗ ਮ.੧)

ਇਸ ਤੱਥ ਦੀ ਤਸਦੀਕ ਡਾ. ਲੇਖ ਰਾਜ ਪ੍ਰਵਾਨਾ ਆਪਣੇ ਥੀਸਸ "ਗੁਰੂ ਰਵਿਦਾਸ, ਜੀਵਨ ਅਤੇ ਕਿਰਤਾਂ" ਵਿਚ ਕਰਦੇ ਹਨ;

> "ਉਸ ਸਮੇਂ ਵਿਚ ਗੁਰੂ ਨਾਨਕ ਸਾਹਬ ਦੀਆਂ ਸੰਤ ਰਵਿਦਾਸ ਜੀ ਨਾਲ ਤਿੰਨ ਮੁਲਾਕਾਤਾਂ ਹੋਈਆਂ ਦੱਸੀਆਂ ਜਾਂਦੀਆਂ ਹਨ। ਪਹਿਲੀ ਗੋਸ਼ਟੀ ਚੂਹੜਕਾਣੇ (ਨਨਕਾਣਾ ਸਾਹਿਬ) ਵਿਖੇ ਉਦੋਂ ਹੋਈ, ਜਦੋਂ ਗੁਰੂ ਨਾਨਕ ਸਾਹਿਬ ਅਜੇ ਕਿਸ਼ੋਰ ਅਵਸਥਾ ਵਿਚ ਸਨ। ਪੰਜ ਸੰਤ : ਕਬੀਰ, ਤ੍ਰਿਲੋਚਨ, ਰਵਿਦਾਸ, ਸੇਨ ਅਤੇ ਧੰਨਾ ਧਰਮ ਪ੍ਰਚਾਰ ਹਿਤ ਪੰਜਾਬ ਆਏ ਸਨ। ਗੁਰੂ ਨਾਨਕ ਦੇਵ ਜੀ ਨੇ ਜਿਹੜੇ ਵੀਹ ਰੁਪਏ ਆਪਣੇ ਪਿਤਾ ਮਹਿਤਾ ਕਾਲੂ ਜੀ ਪਾਸੋਂ ਵਪਾਰ ਲਈ ਪ੍ਰਾਪਤ ਕੀਤੇ ਸਨ, ਉਹ ਇਨ੍ਹਾਂ ਸੰਤਾਂ ਦੀ ਸੇਵਾ ਤੇ ਹੀ ਲਾ ਕੇ ਸੱਚਾ ਸੌਦਾ ਕੀਤਾ ਸੀ ਤੇ ਸੰਤਾਂ ਦਾ ਅਸ਼ੀਰਵਾਦ ਪ੍ਰਾਪਤ ਕੀਤਾ ਸੀ। ਬਾਬਾ ਜੀ ਜਾਣੀ ਜਾਣ ਸਨ। ਉਹਨਾਂ ਨੇ ਸੰਤਾਂ ਦੇ ਅੰਦਰ ਜ਼ਰੂਰ ਕੋਈ ਸਾਤਵਿਕ ਤੇ ਆਤਮਿਕ ਸ਼ਕਤੀ ਦੇਖੀ ਹੋਵੇਗੀ, ਜਿਸ ਤੋਂ ਪ੍ਰਭਾਵਤ ਹੋ ਕੇ ਉਨ੍ਹਾਂ ਨੇ ਸੰਤਾਂ ਦੀ ਸੇਵਾ ਕੀਤੀ। ਪਿਤਾ ਕਾਲੂ ਜੀ ਨੂੰ ਜਦੋਂ ਪਤਾ ਲਗਾ ਕਿ ਇਨ੍ਹਾਂ ਸੰਤਾਂ ਵਿਚ ਨੀਚ ਜਾਤਿ ਨਾਲ ਸੰਬੰਧ ਰਖਣ ਵਾਲੇ ਵੀ ਹਨ ਤਾਂ ਲੋਕ ਲਾਜ ਦੇ ਮਾਰੇ ਉਨ੍ਹਾਂ ਨੇ ਬਾਬੇ ਦੇ ਥਪੜ ਮਾਰੇ ਅਤੇ ਝਿੜਕਿਆ ਕਿ "ਰਵਿਦਾਸ-ਕਬੀਰ ਨੀਚ ਜਾਤਿ ਦੇ ਹਨ, ਤੂੰ ਉਹਨਾਂ ਨਾਲ ਕਿਉਂ ਸ਼ਿਸ਼ਟਾਚਾਰ ਵਧਾਇਆ ਹੈ?" ਬਾਬਾ ਜੀ ਨੇ ਆਪਣੇ ਪਿਤਾ ਜੀ ਨੂੰ ਨਿਝੱਕ ਹੋ ਕੇ ਸਪਸ਼ਟ ਉਤੱਰ ਦਿੱਤਾ ਸੀ ਤੇ ਜਾਤਿ ਪਾਤਿ ਦਾ ਖੰਡਣ ਕਰਦਿਆਂ ਨਿਧੜਕ ਹੋ ਕੇ ਕਿਹਾ ਸੀ :

> "ਨੀਚਾ ਅੰਦਰ, ਨੀਚ ਜਾਤਿ ਨੀਚੀ ਹੂੰ ਅਤਿ ਨੀਚ।
> ਨਾਨਕ ਤਿਨ ਕੇ ਸੰਗ ਸਾਥ ਵਡਿਆ ਸੌ ਕਿਆ ਰੀਸ।।"[1]

ਡਾ. ਦਰਸ਼ਨ ਸਿੰਘ ਪ੍ਰੋਫੇਸਰ ਅਤੇ ਚੇਅਰਮੈਨ, ਗੁਰੂ ਨਾਨਕ ਸਿੱਖ ਸਟੱਡੀਜ਼ ਵਿਭਾਗ ਪੰਜਾਬ ਯੂਨਿਵਰਸਿਟੀ, ਚੰਡੀਗੜ ਵੀ ਗੁਰੂ ਰਵਿਦਾਸ ਜੀ ਨਾਲ ਹੋਈ ਗੁਰੂ ਨਾਨਕ ਦੇਵ ਜੀ ਦੀ ਪਹਿਲੀ ਗੋਸ਼ਟ ਦੀ ਤਸਦੀਕ ਕਰਦੇ ਹੋਏ ਡਾ. ਲੇਖ ਰਾਜ ਪਰਵਾਨਾ ਦੇ ਥੀਸਸ "ਸ਼੍ਰੀ ਗੁਰੂ ਰਵਿਦਾਸ, ਜੀਵਨ ਤੇ ਕੀਰਤਾਂ"- ੧੯੯੩ ਦੇ ਪੰਨਾ ਨੰ. ੩ (ਤਿੰਨ) ਤੇ ਵਿਚਾਰ ਦਿੰਦੇ ਹੋਏ ਹੋਰ ਵੀ ਪਰਪੱਕਤਾ ਪ੍ਰਧਾਨ ਕਰਦੇ ਹਨ। ਉਹ ਲਿਖਦੇ ਹਨ :

> "ਇਸ ਗ੍ਰੰਥ ਦੇ ਪਾਠ ਤੋਂ ਇਹ ਭਲੀ ਭਾਂਤ ਸਿੱਧ ਹੋ ਜਾਏਗਾ ਕਿ ਇਹ ਗ੍ਰੰਥ ਸਿਰਫ਼ ਆਕਾਰ ਵਿੱਚ ਹੀ ਵੱਡਾ ਨਹੀਂ ਹੈ ਗੁਣਾਂ ਵਿੱਚ ਵੀ ਵੱਡਾ ਹੈ। ਸੰਤ ਜੀ ਦੇ ਜੀਵਨ ਅਤੇ ਰਚਨਾਵਾਂ ਬਾਰੇ ਪ੍ਰਾਪਤ ਧਾਰਨਾਵਾਂ ਦੁਆਲੇ ਉਸਰੇ ਧੁੰਧਲੇ ਪਨ ਨੂੰ ਜਿਸ ਤਰੀਕੇ ਨਾਲ ਡਾ. ਪ੍ਰਵਾਨਾ ਨੇ ਸਾਫ਼ ਕੀਤਾ ਹੈ, ਮੇਰੇ ਖਿਆਲ ਵਿੱਚ ਇਹ ਇੱਕ ਵਿੱਲਖਣ ਦੇਣ ਹੈ। ਇੰਝ ਇਹ ਗੁਣ ਅਤੇ ਆਕਾਰ ਦੋਹਾਂ ਪੱਖੋਂ ਇਕ ਮਹੱਤਵ ਪੂਰਨ ਰਚਨਾ ਹੈ।" (ਪੰਨਾ : ੧੧੬-੧੧੭)

ਸਪਸ਼ਟ ਹੈ ਕਿ ਡਾ. ਦਰਸ਼ਨ ਸਿੰਘ ਜੀ ਨੇ ਪੂਰੇ ਧਿਆਨ ਨਾਲ ਡਾ. ਪਰਵਾਨਾ ਦੀ ਪੁਸਤਕ (ਗ੍ਰੰਥ) ਦਾ ਅਧਿਅਨ ਕਰਕੇ ਹੀ ਉਪਰੋਕਤ ਪੈਰਾ ਲਿਖਿਆ ਹੈ। ਜਿਸ ਤੋਂ ਸਾਬਤ ਹੁੰਦਾ ਹੈ ਕਿ ਪੰਨਾ ੧੧੬-੧੧੭ ਤੇ ਦਿੱਤੀ ਗੁਰੂ ਰਵਿਦਾਸ ਜੀ ਨਾਲ ਗੁਰੂ ਨਾਨਕ ਦੇਵ ਜੀ ਦੀ ਹੋਈ ਪਹਿਲੀ ਗੋਸ਼ਟ ਵਿਚ ਕੀਤੇ ਵਿਚਾਰਾਂ ਨਾਲ ਆਪ ਪੂਰੀ ਤਰ੍ਹਾਂ ਸਹਿਮਤ ਹਨ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਗੁਰੂ ਰਵਿਦਾਸ ਜੀ ਨਾਲ ਸੱਚਾ ਸੌਦਾ ਕਰਕੇ ਗੁਰੂ ਰਵਿਦਾਸ ਜੀ ਨੂੰ ਉਪਦੇਸ਼ ਗੁਰੂ ਪ੍ਰਵਾਨ ਕਰਨ ਉਪਰੰਤ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਤਰ੍ਹਾਂ ਸ੍ਰੀ ਕੇ.ਐਮ. ਮੁਨਸ਼ੀ ਦਾ ਹੇਠ ਦਿੱਤਾ ਕਥਨ ਵੀ ਦ੍ਰਿੜਤਾ ਨਾਲ ਸਾਬਤ ਹੋ ਗਿਆ ਹੈ : "Guru Nanak was discifole of Guru Ravidass". ਇਸ ਖੁਸ਼ੀ ਵਿਚ ਗੁਰੂ ਨਾਨਕ ਦੇਵ ਜੀ ਨੇ ਗੁਰੂ ਰਵਿਦਾਸ ਜੀ ਦੇ ਸਤਿਕਾਰ ਵਿੱਚ ਸੰਤਾਂ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਨੂੰ ੨੦* ਰੁਪਏ ਨਾਲ ਬ੍ਰਹਮ-ਭੋਜ ਕੀਤਾ। ਡਾ. ਦਰਸ਼ਨ ਸਿੰਘ ਜੀ ਨੇ ਇਸ ਤੱਥ ਦੀ ਪ੍ਰੋੜਤਾ ਨੂੰ ਪਰਪੱਕਤਾ ਨਾਲ ਦ੍ਰਿੜ ਕੀਤਾ ਹੈ।

ਹੁਣ ਅਸੀਂ ਇਕ ਹੋਰ ਪੱਖ ਤੋਂ ਸੱਚੇ ਸੌਦੇ ਬਾਰੇ ਵਿਚਾਰ ਕਰਦੇ ਹਾਂ। ਜਨਮ

**. ਉਨ੍ਹਾਂ ਸਮਿਆਂ ਵਿੱਚ ੨੦ ਰੁਪਏ ਨਾਲ ਹਜ਼ਾਰਾਂ ਹੀ ਬੰਦਿਆ ਦਾ ਭੋਜਨ ਤਿਆਰ ਕੀਤਾ ਜਾ ਸਕਦਾ ਸੀ।*

ਸਾਖੀ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਭੁੱਖੇ ਸਾਧੂਆਂ ਨੂੰ ਭੋਜਨ ਛਕਾ ਕੇ ਸੱਚਾ ਸੌਦਾ ਕੀਤਾ। ਪਰ ਪ੍ਰਸ਼ਨ ਉੱਠਦਾ ਹੈ ਕਿ ਕੀ ਤਰਸ ਖਾ ਕੇ ਦਇਆ ਕਰਕੇ ਭੁੱਖੇ ਸਾਧੂਆਂ ਨੂੰ ਭੋਜਨ ਛਕਾਉਣਾ ਸੱਚਾ ਸੌਦਾ ਹੈ? ਨਹੀਂ। ਗੁਰੂ ਨਾਨਕ ਸਾਹਿਬ ਨੇ ਸਾਖੀ ਅਨੁਸਾਰ ਭੁੱਖੇ ਸਾਧੂਆਂ ਨੂੰ ਤਰਸ ਕਰਕੇ, ਦਇਆ ਕਰਕੇ 20 ਰੁਪਏ ਨਾਲ ਉਨ੍ਹਾਂ ਦੀ ਭੁੱਖ ਮਿਟਾਈ। ਪਰ ਗੁਰੂ ਨਾਨਕ ਸਾਹਿਬ ਜਪੁਜੀ ਵਿਚ ਫਰਮਾਉਂਦੇ ਹਨ :

ਤੀਰਥੁ ਤਪੁ ਦਇਆ ਦਤ ਦਾਨੁ॥
ਜੇ ਕੋ ਪਾਵੈ ਤਿਲ ਕਾ ਮਾਨੁ॥ ਜਪੁ ਜੀ (ਪਉੜੀ - 21)

ਗੁਰੂ ਨਾਨਕ ਸਾਹਿਬ ਪਰਪੱਕਤਾ ਨਾਲ ਦ੍ਰਿੜ ਕਰਦੇ ਹਨ ਕਿ ਦਇਆ ਕਰਨ ਨਾਲ ਕੁਝ ਪ੍ਰਾਪਤ ਨਹੀਂ ਹੁੰਦਾ। ਜੇ ਹੁੰਦਾ ਵੀ ਹੈ ਤਾਂ ਕੇਵਲ ਤਿਲ ਕੁ ਜਿੰਨਾ ਭੋਰਾ ਭਰ ਮਾਨ ਇੱਜ਼ਤ ਹੀ ਪ੍ਰਾਪਤ ਹੁੰਦਾ ਹੈ। ਕੀ ਤਿਲ ਕੁ ਜਿੰਨੇ ਮਾਣ ਸਤਿਕਾਰ, ਇੱਜ਼ਤ ਨੂੰ ਸੱਚਾ ਸੌਦਾ ਕਿਹਾ ਜਾ ਸਕਦਾ ਹੈ? ਕਦਾਚਿਤ ਨਹੀਂ। ਸੱਚੇ ਸੌਦੇ ਬਾਰੇ ਗੁਰੂ ਨਾਨਕ ਜੀ ਖੁਦ ਫੁਰਮਾਉਂਦੇ ਹਨ :

ਪ੍ਰੇਮ ਪਦਾਰਥੁ ਲਹੈ ਅਮੋਲੋ॥ ਕਬਹੀ ਨ ਘਾਟਸਿ ਪੂਰਾ ਤੋਲੋ॥
ਸਚੇ ਕਾ ਵਾਪਾਰੀ ਹੋਵੈ ਸਚੋ ਸਉਦਾ ਪਾਇਦਾ॥੮॥

(ਪੰਨਾ ਆਦਿ ਗ੍ਰੰਥ : 1026)

ਜਿਸ ਬ੍ਰਹਮ ਗਿਆਨ ਦੇ ਗੁਰੂ ਰਵਿਦਾਸ ਜੀ ਮਾਲਕ ਅਤੇ ਵਿਕਰੇਤਾ ਹਨ, ਉਸੇ ਹੀ ਬ੍ਰਹਮ ਗਿਆਨ ਦੀ ਪ੍ਰਾਪਤੀ ਨੂੰ ਗੁਰੂ ਨਾਨਕ ਸਾਹਿਬ ਸੱਚਾ ਸੌਦਾ ਕਹਿੰਦੇ ਹੋਏ ਇਸੇ ਨੂੰ ਹੀ ਸੱਚਾ ਭੋਜਨ ਸੱਚਾ ਪਿਆਰ ਅਤੇ ਇਸ ਨੂੰ ਸੱਚੇ ਨਾਮ ਦਾ ਅਧਾਰ ਫਰਮਾਉਂਦੇ ਹਨ ਅਤੇ ਇਹ ਵੀ ਸਪੱਸ਼ਟ ਕਰਦੇ ਹਨ ਕਿ ਪ੍ਰਭ ਦੇ ਨਾਮ ਦਾ ਵਾਪਾਰ ਹੀ ਸੱਚਾ ਸੌਦਾ ਹੈ।

ਸਚਾ ਵਖਰੁ ਨਾਮੁ ਹੈ ਸਚਾ ਵਾਪਾਰਾ॥
ਲਾਹਾ ਨਾਮੁ ਸੰਸਾਰਿ ਹੈ ਗੁਰਮਤੀ ਵੀਚਾਰਾ॥
ਦੂਜੇ ਭਾਇ ਕਾਰ ਕਮਾਵਣੀ ਨਿਤ ਤੋਟਾ ਸੈਸਾਰਾ॥੫॥
ਸਾਚੀ ਸੰਗਤਿ ਥਾਨੁ ਸਚੁ ਸਚੇ ਘਰ ਬਾਰਾ॥
ਸਚਾ ਭੋਜਨ ਭਾਉ ਸਚੁ ਸਚੁ ਨਾਮੁ ਅਧਾਰਾ॥
ਸਚੀ ਬਾਣੀ ਸੰਤੋਖਿਆ ਸਚਾ ਸਬਦੁ ਵੀਚਾਰਾ॥੬॥

(ਆਦਿ ਗ੍ਰੰਥ ਪੰਨਾ : 1009)

ਗੁਰੂ ਨਾਨਕ ਸਾਹਿਬ ਸਪੱਸ਼ਟ ਕਰਦੇ ਹਨ ਕਿ ਨਾਮ ਵਪਾਰ ਸਦਾ ਲਾਹੇਵੰਦਾ ਹੈ ਕਦੇ ਘਾਟੇ ਵਾਲਾ ਨਹੀਂ ਹੁੰਦਾ। ਸੱਚੀ ਸੰਗਤ ਵਾਲਾ ਥਾਂ ਉਸ ਪ੍ਰਭ ਦਾ ਸਥਾਨ

ਬਣ ਜਾਂਦਾ ਹੈ, ਜਿਵੇਂ ਗੁਰੂ ਰਵਿਦਾਸ ਜੀ ਆਦਿ ਮਹਾਂਪੁਰਸ਼ਾਂ ਦੀ ਸੰਗਤ। ਉਸ ਸੰਗਤ ਵਿਚ ਭੋਜਨ ਵੀ ਸੱਚਾ ਸੌਦਾ ਹੈ, ਉਥੇ ਹੀ ਸੱਚੀ ਬਾਣੀ ਉੱਪਰ ਵਿਚਾਰ ਕੀਤਿਆਂ ਸੱਚ ਦਾ ਸੰਤੋਖ ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ ਪ੍ਰਭ ਦੇ ਨਾਮ ਦਾ ਹੀ ਸੱਚਾ ਸੌਦਾ ਹੈ, ਹੋਰ ਕੋਈ ਸੱਚਾ ਸੌਦਾ ਹੋ ਹੀ ਨਹੀਂ ਸਕਦਾ ਸਚ ਵਖਰੁ ਨਾਮ ਹੈ ਸਚਾ ਵਾਪਾਰਾ॥

ਉਪਰੋਕਤ ਚਰਚਾ ਤੋਂ ਸਪਸ਼ਟ ਹੋ ਗਿਆ ਹੈ ਕਿ ਗੁਰੂ ਰਵਿਦਾਸ ਜੀ ਖਰੀਦਾਰਾਂ ਦੀ ਭਾਲ ਕਰਨ ਵਿਚ ਸਫਲ ਰਹੇ ਹਨ। ਇਸ ਤੱਥ ਤੋਂ ਇਹ ਵੀ ਦ੍ਰਿੜ ਹੋ ਜਾਂਦਾ ਹੈ ਕਿ ਉਹ ਬ੍ਰਹਮ ਗਿਆਨ ਦੇ ਵਿਕਰੇਤਾ ਹਨ।

ਉਪਰੋਕਤ ਸਮੁੱਚੀ ਚਰਚਾ ਦਾ ਤੱਤ-ਨਿਚੋੜ ਇਹ ਹੈ —

1. ਕੇਵਲ ਤੇ ਕੇਵਲ ਗੁਰੂ ਰਵਿਦਾਸ ਜੀ ਹੀ ਬ੍ਰਹਮ-ਗਿਆਨ ਦੇ ਵਿਕਰੇਤਾ ਹਨ।
2. ਗੁਰੂ ਰਵਿਦਾਸ ਜੀ ਬਜ਼ੁਰਗ ਬ੍ਰਹਮ ਗਿਆਨੀ ਚਿੰਤਕ ਹਨ। ਗੁਰੂ ਰਵਿਦਾਸ ਜੀ ਚੂਹੜਕਾਣੇ ਦੇ ਸੰਤ ਸਮੇਲਨ ਦੇ ਮੁੱਖ ਸੰਚਾਲਕ ਹਨ।
3. ਗੁਰੂ ਕਬੀਰ ਜੀ ਪ੍ਰਵਾਨ ਕਰਦੇ ਹਨ ਕਿ ਕੇਵਲ ਗੁਰੂ ਰਵਿਦਾਸ ਜੀ ਹੀ ਪ੍ਰਭ-ਸਿਮਰਣ ਦੇ ਮਾਰਗ ਦਰਸ਼ਨ ਕਰਨ ਦੇ ਯੋਗ ਹਨ, ਸਮਰਥ ਹਨ।
4. ਗੁਰੂ ਨਾਨਕ ਦੇਵ ਜੀ ਕਿਸ਼ੋਰ ਅਵਸਥਾ ਵਿੱਚ ਹੀ ਗੁਰੂ ਰਵਿਦਾਸ ਜੀ ਨੂੰ ਸ਼ਬਦ-ਗੁਰੂ ਦੇ ਰੂਪ ਵਿੱਚ ਮਾਨਤਾ ਦੇ ਚੁੱਕੇ ਹਨ
5. ਗੁਰੂ ਨਾਨਕ ਦੇਵ ਜੀ ਨੇ ਚੂਹੜਕਾਣੇ ਵਿਖੇ, ਗੁਰੂ ਰਵਿਦਾਸ ਜੀ ਦੇ ਪ੍ਰਵਚਨ ਸੁਣੇ ਅਤੇ ਪਿੱਛੋਂ ਗੋਸ਼ਟ ਕਰਕੇ ਬ੍ਰਹਮ-ਗਿਆਨ ਦਾ ਸੱਚਾ ਸੌਦਾ ਕੀਤਾ।
6. ਗੁਰੂ ਨਾਨਕ ਦੇਵ ਜੀ ਨੇ ਗੁਰੂ ਰਵਿਦਾਸ ਜੀ ਨੂੰ ਉਪਦੇਸ਼ ਗੁਰੂ ਪ੍ਰਵਾਨ ਕੀਤਾ।
7. ਸੱਚਾ-ਸੌਦਾ ਕਰਨ ਦੀ ਅਤੇ ਗੁਰੂ ਰਵਿਦਾਸ ਜੀ ਨੂੰ ਉਪਦੇਸ਼ ਗੁਰੂ ਪ੍ਰਵਾਨ ਕਰਨ ਦੀ ਖੁਸ਼ੀ ਵਿੱਚ ਗੁਰੂ ਨਾਨਕ ਦੇਵ ਜੀ ਨੇ ਗੁਰੂ ਰਵਿਦਾਸ ਜੀ, ਸੰਤਾਂ ਅਤੇ ਸੰਗਤਾਂ ਨੂੰ ਬ੍ਰਹਮ-ਭੋਜ ਦਿੱਤਾ।

———————

ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ

ਇਸ ਸ਼ਬਦ ਦੀ ਸਿਰਜਣਾ ਗੁਰੂ ਰਵਿਦਾਸ ਜੀ ਨੇ ਬੜੇ ਵੈਰਾਗ ਵਿੱਚ, ਬੜੀ ਗਹਿਰ ਗੰਭੀਰ ਹੋਕੇ ਕੀਤੀ ਹੈ। ਨਾਲ ਦੀ ਨਾਲ ਇਸ ਵਿੱਚ ਪ੍ਰਭ-ਪ੍ਰੇਮ ਵਿੱਚ ਵਹਿਵਲ, ਧੁਰ ਆਤਮਾ ਦੀ ਹੂਕ ਵੀ ਹੈ ਕਿ ਹੇ ਪ੍ਰਭ! ਮੇਰੀ ਮਹਿੰਗੀ ਪੂੰਜੀ-ਬ੍ਰਹਮ-ਗਿਆਨ ਨੂੰ ਇਨ੍ਹਾਂ ਵਿਕਾਰ ਰੂਪੀ ਡਾਕੂਆਂ ਤੋਂ ਆਪਣੀ ਮਿਹਰ ਕਰਕੇ ਬਚਾਈ ਰੱਖੀਂ। ਸੋ ਗੁਰੂ ਜੀ ਨੇ ਪਹਿਲੇ ਬੰਦ ਵਿੱਚ ਬ੍ਰਹਮ-ਗਿਆਨ ਦੀ ਪ੍ਰਾਪਤੀ ਅਤੇ ਉਸ ਦੀ ਰੱਖਿਆ ਦੀ ਗੱਲ ਕੀਤੀ ਹੈ। ਉਹ ਇਸ ਨੂੰ ਘਰ ਘਰ ਪਹੁੰਚਾਉਣ ਲਈ ਤਤਪਰ ਹਨ।

'ਰਹਾਉ' ਵਿੱਚ ਗੁਰੂ ਰਵਿਦਾਸ ਜੀ ਵਿਸ਼ਵ ਨੂੰ ਪਰਮ ਅਨੰਦ ਨਾਲ ਭਰਪੂਰ ਕਰਨ ਲਈ, ਬ੍ਰਹਮ-ਗਿਆਨ ਦੇ ਖਰੀਦਦਾਰਾਂ ਨੂੰ ਹੋਕਾ ਦੇਕੇ ਭਾਵ, ਪ੍ਰਚਾਰ ਨਾਲ ਬ੍ਰਹਮ-ਗਿਆਨ ਖਰੀਦਣ ਲਈ ਪ੍ਰੇਰਦੇ ਜਾ ਰਹੇ ਹਨ। ਸੋ ਗੁਰੂ ਜੀ ਬ੍ਰਹਮ-ਗਿਆਨ ਦੇ ਖਰੀਦਦਾਰਾਂ ਦੀ ਭਾਲ ਵਿੱਚ ਹਨ। ਭਾਵ ਲੋਕਾਂ ਨੂੰ ਪ੍ਰਭ ਦੇ ਲੜ ਲਾਉਣ ਲਈ ਤਤਪਰ ਹਨ।

ਬੰਦ ਨੰ. ੨ ਵਿੱਚ ਗੁਰੂ ਰਵਿਦਾਸ ਜੀ ਦ੍ਰਿੜ ਕਰਦੇ ਹਨ ਕਿ ਮੈਂ ਰਾਮ ਨਾਮ ਵੇਚਣ ਦਾ ਕੇਵਲ ਤੇ ਕੇਵਲ ਇਕੱਲਾ ਹੀ ਵਪਾਰੀ ਹਾਂ ਅਤੇ ਇਸ ਦਾ ਵਪਾਰ ਕਰਦਾ ਹਾਂ। ਉਹ ਇਹ ਵੀ ਦ੍ਰਿੜ ਕਰਦੇ ਹਨ ਕਿ ਬ੍ਰਹਮ-ਗਿਆਨ ਕੇਵਲ ਮੇਰੇ ਪਾਸ ਹੀ ਹੈ, ਬਾਕੀ ਦੁਨੀਆਂ ਜ਼ਹਿਰ ਦਾ ਵਪਾਰ ਕਰਦੀ ਹੈ, ਭਾਵ- ਵਿਕਾਰਾਂ ਦਾ ਵਪਾਰ ਕਰਦੀ ਹੈ। ਸੋ ਗੁਰੂ ਜੀ ਵਿਕਾਰਾਂ ਤੋਂ ਬਚਾਕੇ, ਜੀਵਾਂ ਨੂੰ ਪਰਮ ਅਨੰਦ ਦੀ ਪ੍ਰਾਪਤੀ ਲਈ ਨਾਮ-ਪ੍ਰਾਪਤੀ ਲਈ ਪ੍ਰੇਰਦੇ ਹਨ।

ਬੰਦ ਨੰ. ੩ ਵਿੱਚ ਗੁਰੂ ਰਵਿਦਾਸ ਜੀ ਜੀਵਾਂ ਨੂੰ ਭਰੋਸੇ ਵਿੱਚ ਪਰਪੱਕ ਕਰਨ ਲਈ ਸਬੂਤ ਦਿੰਦੇ ਹਨ ਕਿ ਉਨ੍ਹਾਂ ਪਾਸ ਬ੍ਰਹਮ-ਗਿਆਨ ਹੈ। ਇਸ ਕਰਕੇ ਹੀ ਉਹ ਧੜੱਲੇਦਾਰੀ ਨਾਲ ਡੰਕੇ ਦੀ ਚੋਟ ਤੇ ਚਿਤਰ ਗੁਪਤ ਨੂੰ ਵੰਗਾਰਦੇ (Challenge) ਹਨ ਕਿ ਉਹ ਜੋ ਕੁਝ ਮਰਜ਼ੀ ਲਿਖ ਲੈਣ ਮੈਨੂੰ ਜਮਦੂਤਾਂ ਦੀ ਸਜ਼ਾ ਨਹੀਂ ਲਗ ਸਕਦੀ ਕਿਉਂਕਿ ਮੈਂ ਸੰਸਾਰ ਦੇ ਸਭ ਵਿਸ਼ੇ ਵਿਕਾਰਾਂ ਨੂੰ ਤਿਆਗ ਦਿੱਤਾ ਹੈ।

ਬੰਦ ਨੰ. ੪ ਵਿੱਚ ਗੁਰੂ ਰਵਿਦਾਸ ਜੀ ਸਪਸ਼ਟ ਕਰਦੇ ਹਨ ਕਿ ਕਿ ਸੰਸਾਰ ਕਸੁੰਭੜੇ ਦੇ ਕੱਚੇ ਰੰਗ ਵਾਂਗ ਅਸਥਿਰ ਹੈ। ਪਰ ਪ੍ਰਭ ਦਾ ਰੰਗ ਕਸੁੰਭੜੇ ਵਾਂਗ ਕੱਚਾ ਨਹੀਂ ਹੈ, ਉਹ ਅਸਥਿਰ ਨਹੀਂ ਹੈ। ਉਹ ਤਾਂ ਸਦਾ ਸਲਾਮਤ ਹੈ, ਉਸ ਦੀ ਹੋਂਦ ਸਦੀਵੀ ਹੈ। ਉਸ ਦਾ ਰੰਗ ਮਜੀਠ ਵਾਂਗ ਪੱਕਾ ਹੈ ਭਾਵ ਸਥਿਰ ਹੈ।

ਇਸ ਬ੍ਰਹਮ-ਗਿਆਨ ਦੀ ਪ੍ਰਾਪਤੀ ਨਾਲ ਜੀਵ ਵੀ ਚੁਰਾਸੀ ਦੇ ਚੱਕਰ ਤੋਂ ਸਦਾ-ਸਦਾ ਲਈ ਮੁਕਤ ਹੋ ਜਾਂਦਾ ਹੈ, ਪ੍ਰਭ-ਰੂਪ ਹੋ ਜਾਂਦਾ ਹੈ।

ਸ਼ਬਦ ਅਰਥ :—ਗੁਰੂ ਰਵਿਦਾਸ ਜੀ ਬ੍ਰਹਮ-ਗਿਆਨ ਪ੍ਰਾਪਤ ਕਰਨ ਪਿਛੋਂ ਪ੍ਰਭ ਨੂੰ ਅਰਦਾਸ ਕਰਦੇ ਹਨ ਕਿ ਹੇ ਪ੍ਰਭ ਜੀ! ਕਿਰਪਾ ਕਰਕੇ ਮੇਰੀ ਇਸ ਬ੍ਰਹਮ-ਗਿਆਨ ਦੀ ਪੂੰਜੀ ਦੀ ਆਪ ਹੀ ਰਖਿਆ ਕਰੋ। ਕਿਉਂਕਿ ਮੇਰੇ ਬੈਲ ਰੂਪੀ ਅਤਿ ਕਮਜ਼ੋਰ ਮਨ ਉੱਪਰ ਤੇਰੀ ਬਖਸ਼ਿਸ਼ ਨਾਲ ਪ੍ਰਾਪਤ ਕੀਤੀ ਬ੍ਰਹਮ-ਗਿਆਨ ਦੀ ਲੱਦੀ ਹੋਈ ਪੂੰਜੀ ਲੈਕੇ ਖ਼ਤਰਨਾਕ ਅਤੇ ਕਠਨ ਪਹਾੜੀ ਰਸਤਿਆਂ ਭਾਵ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਇਨ੍ਹਾਂ ਖਤਰਨਾਕ ਡਾਕੂਆਂ ਨਾਲ ਭਰੇ ਰਸਤਿਆਂ ਤੋਂ ਲੰਘਣਾ ਬੜਾ ਕਠਨ ਹੈ। ਇਸ ਲਈ ਹੇ ਪ੍ਰਭ! ਮੇਰੀ ਇਹ ਮਹਿੰਗੀ ਪੂੰਜੀ ਇਨ੍ਹਾਂ ਡਾਕੂਆਂ ਤੋਂ ਬਚਾਈ ਰੱਖੀਂ॥ ੧॥

ਹੇ ਭਾਈ! ਹੈ ਕੋਈ ਬ੍ਰਹਮ-ਗਿਆਨ ਖਰੀਦਣ ਵਾਲਾ ਵਪਾਰੀ, ਰਾਮ ਨਾਮ ਦੀ ਪ੍ਰਾਪਤੀ ਦਾ ਅਭਿਲਾਸੀ? ਮੇਰਾ ਰਾਮ ਨਾਮ ਦੀ ਪੂੰਜੀ ਨਾਲ ਲੱਦਿਆ ਕਾਫ਼ਲਾ ਲੰਘਦਾ ਜਾ ਰਿਹਾ ਹੈ ਭਾਵ ਸਮਾਂ ਬੀਤਦਾ ਜਾ ਰਿਹਾ ਹੈ। ਸੋ ਗੁਰੂ ਰਵਿਦਾਸ ਜੀ ਵਿਸ਼ਵ ਦੇ ਦੁੱਖਾਂ ਨੂੰ ਕੱਟਣ ਲਈ ਬ੍ਰਹਮ-ਗਿਆਨ ਦਾ ਪ੍ਰਵਾਹ ਘਰ ਘਰ ਚਲਾਉਣ ਲਈ ਤਤਪਰ ਹਨ॥ ੧॥ ਰਹਾਉ॥

ਗੁਰੂ ਜੀ ਸਪਸ਼ਟ ਕਰਦੇ ਹਨ ਕਿ ਮੈਂ ਹੀ ਰਾਮ ਨਾਮ ਦਾ ਵਪਾਰੀ ਹਾਂ ਅਤੇ ਕੇਵਲ ਬ੍ਰਹਮ-ਗਿਆਨ ਹੀ ਵੇਚਦਾ ਹਾਂ। ਇਸ ਕਰਕੇ ਉਹ ਡੰਕੇ ਦੀ ਚੋਟ ਤੇ ਕਹਿੰਦੇ ਹਨ ਕਿ ਕੇਵਲ ਮੇਰੇ ਪਾਸ ਹੀ ਬ੍ਰਹਮ-ਗਿਆਨ ਦਾ ਧਨ ਹੈ, ਬਾਕੀ ਸਾਰਾ ਸੰਸਾਰ ਤਾਂ ਜ਼ਹਿਰ ਲੱਦੀ ਫਿਰਦਾ ਹੈ ਅਤੇ ਵਿਕਾਰਾਂ ਵਿੱਚ ਫਸਾਕੇ ਸੰਸਾਰ ਨੂੰ ਦੁੱਖਾਂ ਵਿੱਚ ਫਸਾ ਰਿਹਾ ਹੈ। ਗੁਰੂ ਜੀ ਮਨੁੱਖ ਨੂੰ ਵਿਕਾਰਾਂ ਤੋਂ ਮੁਕਤ ਕਰਨ ਲਈ ਹੀ ਰਾਮ ਨਾਮ ਧਨ ਵੇਚਦੇ ਹਨ॥ ੨॥

ਗੁਰੂ ਰਵਿਦਾਸ ਜੀ ਆਪਣੇ ਪਾਸ ਬ੍ਰਹਮ-ਗਿਆਨ ਸਦਕਾ ਮੁਕਤੀ ਦਾ ਸਬੂਤ ਦਿੰਦੇ ਹੋਏ ਖਰੀਦਦਾਰ ਨੂੰ ਦ੍ਰਿੜਤਾ ਨਾਲ ਪਰਪੱਕ ਕਰਨ ਲਈ, ਲੋਕ ਪਰਲੋਕ ਦੀ ਜਾਨਣ ਵਾਲੇ ਚਿਤਰ ਗੁਪਤ ਨੂੰ ਚੁਣੌਤੀ (Challenge) ਦਿੰਦੇ ਹਨ ਅਤੇ ਕਹਿੰਦੇ ਹਨ ਕਿ ਉਹ ਮੇਰੇ ਲੇਖ ਵਿੱਚ ਜੋ ਮਰਜ਼ੀ ਊਲ ਜਲੂਲ ਲਿਖ ਲੈਣ, ਪਰ ਉਸ ਨੂੰ (ਰਵਿਦਾਸ ਨੂੰ) ਜਮ ਦਾ ਦੰਡ ਨਹੀਂ ਮਿਲ ਸਕਦਾ। ਕਾਰਣ : ਕਿਉਂਕਿ ਰਵਿਦਾਸ ਨੇ ਮਾਇਆ ਨੂੰ ਕਾਬੂ ਕਰਕੇ ਸਾਰੇ ਜੰਜਾਲ ਤਿਆਗ ਦਿੱਤੇ ਹਨ। ਸੋ ਗੁਰੂ ਰਵਿਦਾਸ ਜੀ ਸਪਸ਼ਟ ਕਰਦੇ ਹਨ ਕਿ ਬ੍ਰਹਮ-ਗਿਆਨ ਦੀ ਪ੍ਰਾਪਤੀ ਨਾਲ ਹਰ ਹਾਲਤ ਵਿਚ ਮੁਕਤੀ ਪ੍ਰਾਪਤ ਹੋ ਜਾਂਦੀ ਹੈ॥ ੩॥

ਸੋ ਗੁਰੂ ਰਵਿਦਾਸ ਜੀ ਸੰਸਾਰ ਦੀ ਅਸਥਿਰਤਾ ਦੀ ਅਤੇ ਪ੍ਰਭ ਦੀ ਸਦੀਵੀ ਸਥਿਰਤਾ ਦਾ ਪ੍ਰਵਚਨ ਕਰਦੇ ਫਰਮਾਉਂਦੇ ਹਨ ਕਿ ਇਹ ਸੰਸਾਰ ਤਾਂ ਕਸੁੰਭੜੇ ਦੇ ਰੰਗ ਵਾਂਗ ਕੱਚਾ ਹੈ, ਅਸਥਿਰ ਹੈ। ਪਰ ਮੇਰੇ ਪ੍ਰਭ ਦਾ ਰੰਗ ਮਜੀਠ ਵਰਗਾ ਪੱਕਾ ਹੈ, ਸਥਿਰ ਅਤੇ ਸਦੀਵੀ ਹੈ॥ ੪॥

ੴ ਸਤਿਗੁਰ ਪ੍ਰਸਾਦਿ॥

ਗਉੜੀ ਪੂਰਬੀ ਰਵਿਦਾਸ ਜੀਉ॥

ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ॥
ਐਸੇ ਮੇਰਾ ਮਨੁ ਬਿਖਿਆ ਬਿਮੋਹਿਆ
ਕਛੁ ਆਰਾ ਪਾਰੁ ਨ ਸੂਝ॥ ੧॥
ਸਗਲ ਭਵਨ ਕੇ ਨਾਇਕਾ
ਇਕੁ ਛਿਨੁ ਦਰਸੁ ਦਿਖਾਇ ਜੀ॥ ੧॥ ਰਹਾਉ॥
ਮਲਿਨ ਭਈ ਮਤਿ ਮਾਧਵਾ
ਤੇਰੀ ਗਤਿ ਲਖੀ ਨ ਜਾਇ॥
ਕਰਹੁ ਕ੍ਰਿਪਾ ਭ੍ਰਮ ਚੂਕਈ
ਮੈ ਸੁਮਤਿ ਦੇਹੁ ਸਮਝਾਇ॥ ੨॥
ਜੋਗੀਸਰ ਪਾਵਹਿ ਨਹੀ
ਤੁਅ ਗੁਣ ਕਥਨੁ ਅਪਾਰ॥
ਪ੍ਰੇਮ ਭਗਤਿ ਕੈ ਕਾਰਣੈ
ਕਹੁ ਰਵਿਦਾਸ ਚਮਾਰ॥ ੩॥ ੧॥[1]

ਪਦ ਅਰਥ :—ਕੂਪ = ਖੂਹ। **ਦਾਦਿਰਾ** = ਡੱਡੂ। **ਦੇਸੁ ਬਿਦੇਸੁ** = ਲੋਕ ਪਰਲੋਕ। **ਬੂਝ** = ਬੋਧ, ਸਮਝ। **ਬਿਖਿਆ** = ਵਿਸ਼ ਰੂਪੀ ਮਾਇਆ। **ਬਿਮੋਹਿਆ** = ਚੰਗੀ ਤਰ੍ਹਾਂ ਵਸ ਕੀਤਾ ਹੋਇਆ, ਚੰਗੀ ਤਰ੍ਹਾਂ ਮੋਹਿਆ ਹੋਇਆ। **ਆਰਾ ਪਾਰੁ** = ਉਰਲਾ ਤੇ ਪਰਲਾ ਕਿਨਾਰਾ। **ਸੂਝ** = ਸਮਝ, ਗਿਆਨ॥ ੧॥

ਸਗਲ = ਸਰਵ, ਸਭ। **ਭਵਨ** = ਸ੍ਰਿਸ਼ਟੀ। **ਨਾਇਕ** = ਅਗਵਾਈ ਕਰਨ ਵਾਲਾ ਮਾਲਕ ਭਾਵ ਬ੍ਰਹਮ-ਗੁਰੂ॥ ੧॥ ਰਹਾਉ॥

ਮਲਿਨ = ਵਿਕਾਰਾਂ ਕਾਰਣ ਅਪਵਿੱਤਰ, ਪਤਿਤ। **ਮਤਿ** = ਵਿਚਾਰ, ਗਿਆਨ। **ਗਤਿ** = ਗਿਆਨ, ਸਥਿਰ, ਟਿਕਾਉ। **ਲਖੀ** = ਜਾਣੀ, ਪਛਾਣੀ। **ਭ੍ਰਮ** = ਭਟਕਣਾ। **ਚੂਕਈ** = ਮੁੱਕ ਜਾਵੇ। **ਸੁਮਤਿ** = ਉੱਤਮ ਮੱਤ, ਬ੍ਰਹਮ-ਗਿਆਨ। **ਦੇਹ ਸਮਝਾਇ** = ਦੇਕੇ ਸਮਝਾ ਦਿਉ। **ਮੈਂ... ਸਮਝਾਇ** = ਮੈਨੂੰ ਆਪਣਾ ਬ੍ਰਹਮ-ਗਿਆਨ (ਉੱਤਮ ਮੱਤ) ਦੇਕੇ ਸਮਝਾ ਵੀ ਦਿਉ॥ ੨॥

ਜੋਗੀਸਰ = ਸਾਰੇ ਜੋਗੀਆਂ ਦਾ ਮੁੱਖੀ-ਸ਼ਿਵ, ਵੱਡੇ ਵੱਡੇ ਜੋਗੀ। **ਪਾਵਹਿ ਨਹੀਂ** = ਥਾਹ ਨਹੀਂ ਪਾ ਸਕੇ, ਅੰਤ ਨਹੀਂ ਪਾ ਸਕੇ। **ਅਪਾਰ** = ਬੇਅੰਤ, ਅਥਾਹ। **ਕੈ ਕਾਰਣੈ** = ਦੇ ਕਾਰਣ, ਦੀ ਖਾਤਰ। **ਕਹੁ** = ਆਖ। **ਗੁਣ ਕਹੁ** = ਗੁਣ ਬਿਆਨ ਕਰ, ਸਿਫਤ-ਸਲਾਹ ਕਰ॥ ੩॥ ੧॥

---

1. ਆਦਿ ਗ੍ਰੰਥ - ਪੰਨਾ-੩੪੬.

ਬ੍ਰਹਮ-ਗਿਆਨ ਦੀ ਪ੍ਰਾਪਤੀ ਦਾ ਸਿਧਾਂਤ

ਗੁਰੂ ਰਵਿਦਾਸ ਜੀ ਇਸ ਸ਼ਬਦ ਵਿੱਚ ਬ੍ਰਹਮ-ਗਿਆਨ ਦੀ ਪ੍ਰਾਪਤੀ ਦਾ ਸਿਧਾਂਤ ਪੇਸ਼ ਕਰਦੇ ਸਪਸ਼ਟ ਕਰਦੇ ਹਨ ਕਿ ਪਾਰਬ੍ਰਹਮ ਹੀ ਬ੍ਰਹਮ-ਗੁਰੂ ਹੈ ਅਤੇ ਬ੍ਰਹਮ-ਗੁਰੂ ਦੇ ਰੂਪ ਵਿੱਚ ਸਾਧਕ ਨੂੰ ਬ੍ਰਹਮ-ਗਿਆਨ ਪ੍ਰਦਾਨ ਕਰਦਾ ਹੈ। ਦੂਜੇ ਬ੍ਰਹਮ-ਗੁਰੂ, ਬ੍ਰਹਮ-ਗਿਆਨ ਪ੍ਰਦਾਨ ਕਰਕੇ ਨਾਇਕ ਬਣ ਸਾਧਕ ਦੀ ਪ੍ਰਭ-ਪ੍ਰਾਪਤੀ ਲਈ ਅਗਵਾਈ ਵੀ ਕਰਦਾ ਹੈ।

ਗੁਰੂ ਜੀ ਨੂੰ ਸੰਸਾਰ ਧਰਮਾਂ ਦਾ ਗਿਆਨ ਹੋ ਗਿਆ ਹੈ ਕਿ ਉਹ ਪ੍ਰਭ ਨਾਲ ਮੇਲਣ ਦੇ ਸਮਰਥ ਨਹੀਂ ਹਨ ਅਤੇ ਨਾ ਹੀ ਉਨ੍ਹਾਂ ਵਿੱਚ ਕੋਈ ਅਜਿਹਾ ਸੰਤ ਹੈ ਜਿਹੜਾ ਉਸ ਪ੍ਰਭ ਨਾਲ ਮਿਲਾਉਣ ਦੀ ਸਮਰਥਾ ਰੱਖਦਾ ਹੋਵੇ। ਇਸ ਲਈ ਗੁਰੂ ਜੀ ਨੇ ਪ੍ਰਭ ਤੋਂ ਬ੍ਰਹਮ-ਗਿਆਨ ਦੇ ਦਾਨ ਦੀ ਅਰਦਾਸ ਕੀਤੀ ਹੈ। ਉਹ ਅਰਜ਼ੋਈ ਕਰਦੇ ਹਨ ਕਿ ਹੇ ਪ੍ਰਭ! ਮੇਰੇ ਵਿਚਾਰ, ਵਿਕਾਰਾਂ ਕਾਰਣ ਪਤਿਤ ਹੋ ਗਏ ਹਨ, ਮੈਂ ਗਿਆਨ ਵਿਹੂਣਾ ਹਾਂ। ਇਸ ਕਰਕੇ ਮੈਨੂੰ ਤੇਰੇ ਬਾਰੇ ਕੋਈ ਸਮਝ ਨਹੀਂ ਹੈ ਅਤੇ ਨਾ ਹੀ ਗੁਣ ਗਾਣ ਕਰਨ ਦੇ ਸਮਰਥ ਹਾਂ। ਹੇ ਪ੍ਰਭ! ਮੇਰੀ ਅਰਜ਼ੋਈ ਹੈ, ਮੇਰੇ ਤੇ ਕ੍ਰਿਪਾ ਕਰਕੇ ਮੈਨੂੰ ਵਿਕਾਰਾਂ ਤੋਂ ਮੁਕਤ ਕਰੋ ਅਤੇ ਬ੍ਰਹਮ-ਗਿਆਨ ਦੇਕੇ ਸਮਝਾ ਵੀ ਦਿਉ। ਸੋ ਉਹ ਸਪਸ਼ਟ ਰੂਪ ਵਿੱਚ ਪ੍ਰਭ (ਬ੍ਰਹਮ-ਗੁਰੂ) ਨੂੰ ਆਪਣਾ 'ਗੁਰੂ' ਸਵੀਕਾਰਦੇ ਹੋਏ ਬ੍ਰਹਮ-ਗਿਆਨ ਅਤੇ ਗੁਰੂ (ਪ੍ਰਭ) ਦੇ ਦਰਸ਼ਨ ਲਈ ਅਰਜ਼ ਕਰਦੇ ਹਨ। ਉਹ ਇਹ ਵੀ ਅਰਜ਼ ਕਰਦੇ ਹਨ ਕਿ ਉਹ ਬ੍ਰਹਮ ਗਿਆਨ ਦੀਆਂ ਬਰੀਕੀਆਂ ਸਮਝਾਕੇ ਅਗਵਾਈ ਵੀ ਕਰਨ। ਇਨ੍ਹਾਂ ਵਿਚਾਰਾਂ ਦੀ ਸਿਰਜਣਾ, ਗਉੜੀ ਰਾਗ ਦੀ ਪ੍ਰਕ੍ਰਿਤੀ ਅਰਥਾਤ ਸੁਭਾਵ ਅਨੁਸਾਰ ਹੋਈ ਹੈ।

ਸੋ ਉਪਰੋਕਤ ਸਿਧਾਂਤ ਦਾ ਤੱਤ-ਸਾਰ ਇਸ ਤਰ੍ਹਾਂ ਹੈ :—

੧. ਪਾਰਬ੍ਰਹਮ ਹੀ ਬ੍ਰਹਮ-ਗੁਰੂ ਹੈ।

੨. ਬ੍ਰਹਮ-ਗੁਰੂ ਗਿਆਨ ਪ੍ਰਦਾਨ ਕਰਦਾ ਹੈ।

੩. ਸਾਧਕ ਨਿਮਾਣਾ ਬਣ, ਬ੍ਰਹਮ-ਗੁਰੂ ਤੋਂ ਬ੍ਰਹਮ-ਗਿਆਨ ਦੇ ਦਾਨ ਦੀ ਬਖਸ਼ਿਸ਼ ਲਈ ਅਰਜ਼ ਕਰਦਾ ਹੈ।

੪. ਉਸ ਦੇ ਪਰਸਾਦਿ (ਕਿਰਪਾ) ਤੋਂ ਬਿਨਾਂ ਬ੍ਰਹਮ-ਗਿਆਨ ਪ੍ਰਾਪਤ ਨਹੀਂ ਹੁੰਦਾ।

੫. ਬ੍ਰਹਮ-ਗੁਰੂ, ਬ੍ਰਹਮ-ਗਿਆਨ ਪ੍ਰਦਾਨ ਕਰਕੇ, ਸਮਝਾਉਂਦਾ ਅਤੇ ਨਾਇਕ (ਬ੍ਰਹਮ-ਗੁਰੂ) ਬਣ ਪ੍ਰਭ ਪ੍ਰਾਪਤੀ ਲਈ ਅਗਵਾਈ ਵੀ ਕਰਦਾ ਹੈ।

ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ

ਗੁਰੂ ਰਵਿਦਾਸ ਜੀ ਨੇ ਇਸ ਸ਼ਬਦ ਦੇ ਵਿਚਾਰਾਂ ਦੀ ਸੂਤਰ-ਬਧ (ਨਿਯਮਬਧ) ਉਸਾਰੀ ਕੀਤੀ ਹੈ। ਪਹਿਲੇ ਬੰਦ ਵਿੱਚ ਅਗਿਆਨਤਾ ਦਾ ਬੋਧ ਕਰਾਇਆ ਗਿਆ ਹੈ, ਫਿਰ ਰਹਾਉ ਵਿੱਚ ਦਰਸ਼ਨਾਂ ਲਈ ਤੜਫ ਦਰਸਾਈ ਗਈ ਹੈ। ਦਰਸ਼ਨ ਦੀ ਇੱਛਾ ਦੀ ਪੂਰਤੀ ਲਈ ਬ੍ਰਹਮ ਗੁਰੂ (ਪ੍ਰਭ) ਤੋਂ ਬ੍ਰਹਮ-ਗਿਆਨ ਦੇ ਨਾਲ ਨਾਲ ਪ੍ਰੇਮ-ਭਗਤੀ ਲਈ ਅਗਵਾਈ ਕਰਨ ਦੀ ਵੀ ਅਰਜ਼ੋਈ ਕੀਤੀ ਗਈ ਹੈ।

ਗੁਰੂ ਜੀ ਬੰਦ ਨੰ. ੧ ਵਿੱਚ ਆਪਣੀ ਅਗਿਆਨਤਾ ਬਾਰੇ ਸਪਸ਼ਟ ਕਰਦੇ ਹਨ। ਉਹ ਫਰਮਾਉਂਦੇ ਹਨ ਕਿ ਖੂਹ ਦੇ ਡੱਡੂ ਵਾਂਗ ਮੈਂ ਅਗਿਆਨੀ ਹਾਂ। ਮੇਰਾ ਮਨ ਵਿਸ਼ਿਆਂ ਵਿਕਾਰਾਂ ਨੇ ਮੋਹ ਲਿਆ ਹੈ। ਇਸ ਕਰਕੇ ਮੈਨੂੰ ਰਤਾ ਭਰ ਵੀ ਸਮਝ ਸੂਝ ਨਹੀਂ ਹੈ।

'ਰਹਾਉ' ਵਿੱਚ ਉਹ ਸ੍ਰਿਸ਼ਟੀ ਦੇ ਮਾਲਕ ਅਗਵਾਈ ਕਰਨ ਵਾਲੇ ਪ੍ਰਭ-ਗੁਰੂ (ਬ੍ਰਹਮ-ਗੁਰੂ) ਨੂੰ ਤੜਪਦੇ ਹੋਏ ਤਰਲਾ ਕਰਦੇ ਅਰਜ਼ ਗੁਜ਼ਾਰਦੇ ਹਨ ਕਿ ਹੇ ਪ੍ਰਭ! ਮੈਨੂੰ ਇੱਕ ਪਲ ਲਈ ਹੀ ਦਰਸ਼ਨ ਦਿਉ ਜੀ!

ਰਾਗ ਗਉੜੀ ਦੀ ਬੁਨਿਆਦੀ ਪ੍ਰਕ੍ਰਿਤੀ ਬਾਰੇ ਭਾਰਤ ਦੇ ਪ੍ਰਸਿੱਧ ਸੰਗੀਤ ਸ਼ਾਸਤਰੀ ਲਿਖਦੇ ਹਨ "ਵਿਲਕਦੀ ਆਤਮਾ, ਕ੍ਰਿਪਾ ਦੀ ਜਾਚਨਾ ਕਰਦੀ ਹੈ ਤੇ ਆਪੇ ਦੀ ਖੋਜ ਕਰਦੀ ਹੈ।" ਇਸ ਸ਼ਬਦ ਵਿੱਚ ਵਿਲਕਦੀ ਆਤਮਾ ਦੀ ਹੂਕ ਵੀ ਹੈ ਅਤੇ ਬ੍ਰਹਮ-ਗੁਰੂ ਦੀ ਅਗਵਾਈ ਵਿੱਚ ਆਪੇ ਦੀ ਪੜਤਾਲ ਵੀ ਕੀਤੀ ਗਈ। ਇਸ ਲਈ ਇਹ ਸ਼ਬਦ ਰਾਗ ਦੀ ਪ੍ਰਕ੍ਰਿਤੀ ਤੇ ਪੂਰਾ ਉੱਤਰਦਾ ਹੈ।

ਬੰਦ ਨੰ. ੨ ਵਿੱਚ ਗੁਰੂ ਜੀ ਪ੍ਰਭ ਅੱਗੇ ਤਰਲਾ ਕਰਦੇ ਪ੍ਰਵਾਨ ਕਰਦੇ ਹਨ ਕਿ ਮੇਰਾ ਮਨ ਪਾਪਾਂ ਨਾਲ ਭਰਿਆ ਹੋਇਆ ਹੈ। ਮੈਂ ਅਗਿਆਨੀ ਹੋਣ ਕਰਕੇ ਤੇਰੀ ਪਛਾਣ ਕਰਨ ਦੇ ਅਸਮਰਥ ਹਾਂ। ਇਸ ਕਰਕੇ ਮੈਂ ਤੇਰੇ ਬ੍ਰਹਮ-ਗਿਆਨ ਨੂੰ ਜਾਣਨ ਦੇ ਅਸਮਰਥ ਹਾਂ। ਸੋ ਪ੍ਰਭ ਜੀ ਮਿਹਰ ਕਰੋ, ਬਖਸ਼ਿਸ਼ ਕਰੋ ਅਤੇ ਮੈਨੂੰ ਸੁਮਤ ਭਾਵ ਆਪਣਾ ਬ੍ਰਹਮ-ਗਿਆਨ ਦੇ ਕੇ ਸਮਝਾ ਵੀ ਦਿਉ ਤਾਂ ਕਿ ਮੇਰੇ ਸਾਰੇ ਭਰਮ ਭੁਲੇਖੇ ਦੂਰ ਹੋ ਜਾਣ ਅਤੇ ਤੇਰੇ ਦਰਸ਼ਨ ਵੀ ਹੋ ਜਾਣ। ਇਸ ਬੰਦ ਵਿੱਚ ਗੁਰੂ ਰਵਿਦਾਸ ਜੀ ਸਪਸ਼ਟ ਤੌਰ ਤੇ ਪ੍ਰਭ (ਬ੍ਰਹਮ-ਗੁਰੂ) ਨੂੰ ਆਪਣਾ ਗੁਰੂ ਸਵਿਕਾਰਦੇ ਹਨ ਬ੍ਰਹਮ ਗਿਆਨ ਅਤੇ ਦਰਸ਼ਨ ਲਈ ਅਗਵਾਈ ਵਾਸਤੇ ਅਰਜੋਈ ਕਰਦੇ ਹਨ।

ਆਖਰੀ ਬੰਦ ਨੰ. ੩ ਵਿੱਚ ਗੁਰੂ ਜੀ ਪ੍ਰਭ ਪਾਸੋਂ ਪ੍ਰੇਮ-ਭਗਤੀ ਦੀ ਦਾਤ ਲਈ ਅਰਜ਼ ਕਰਦੇ ਹਨ। ਇਸ ਮੰਤਵ ਲਈ ਉਹ ਸਪਸ਼ਟ ਕਰਦੇ ਹਨ ਕਿ ਉਹ ਪ੍ਰੇਮ-ਭਗਤੀ ਲਈ ਤੇਰੇ ਗੁਣਾਂ ਦੀ ਸਿਫ਼ਤ ਸਲਾਹ ਵਿੱਚ ਮਗਨ ਹਨ।

ਸ਼ਬਦ ਅਰਥ :—ਜਿਵੇਂ ਖੂਹ ਦੇ ਡੱਡੂਆਂ ਨੂੰ ਖੂਹ ਤੋਂ ਬਾਹਰ ਲੋਕ ਪਰਲੋਕ ਦਾ ਕੋਈ ਬੋਧ ਨਹੀਂ ਹੁੰਦਾ, ਕੋਈ ਸਮਝ ਨਹੀਂ ਹੁੰਦੀ ਉਸੇ ਤਰ੍ਹਾਂ ਮੇਰਾ ਮਨ ਮਾਇਆ ਦੇ ਵਿਕਾਰਾਂ ਦੇ ਐਨੀ ਬੁਰੀ ਤਰ੍ਹਾਂ ਵਸ ਵਿਚ ਹੋਇਆ ਹੈ ਕਿ ਮੈਨੂੰ ਮਾਇਆ ਦੇ ਚੱਕਰ ਤੋਂ ਬਾਹਰ ਉਰਲੇ ਅਤੇ ਪਰਲੇ ਕਿਨਾਰੇ ਭਾਵ ਲੋਕ ਪਰਲੋਕ ਦੀ ਕੋਈ ਸਮਝ ਨਹੀਂ ਹੈ। ਮੈਂ ਅਗਿਆਨੀ ਹਾਂ॥ ੧॥

ਅਗਿਆਨਤਾ ਕਾਰਣ ਗੁਰੂ ਰਵਿਦਾਸ ਜੀ ਕੁਰਲਾ ਉੱਠਦੇ ਹਨ, ਅੰਦਰੋਂ ਮਿਲਣ ਦੀ ਤੀਬਰ ਹੂਕ ਉਠਦੀ ਹੈ ਅਤੇ ਤੜਪਦੇ ਹੋਏ ਤਰਲਾ ਕਰਦੇ ਹਨ " ਹੇ ਸਾਰੀ ਸ੍ਰਿਸ਼ਟੀ ਦੇ ਮਾਲਕ ਅਗਵਾਈ ਕਰਨ ਵਾਲੇ ਬ੍ਰਹਮ-ਗੁਰੂ! ਮੈਨੂੰ ਅਗਵਾਈ ਦੇਕੇ ਇੱਕ ਪਲ ਲਈ ਹੀ ਦਰਸ਼ਨ ਦਿਉ ਜੀ॥ ੧॥ ਰਹਾਉ॥

ਗੁਰੂ ਰਵਿਦਾਸ ਜੀ ਨੂੰ ਸਪਸ਼ਟ ਹੋ ਜਾਂਦਾ ਹੈ ਕਿ ਅਗਿਆਨਤਾ ਕਾਰਣ ਪ੍ਰਭ ਦੇ ਦਰਸ਼ਨ ਨਹੀਂ ਹੋ ਸਕਦੇ। ਇਸ ਲਈ ਉਹ ਪ੍ਰਭ ਅੱਗੇ ਅਰਦਾਸ ਕਰਦੇ ਹਨ ਕਿ ਹੇ ਪ੍ਰਭ-ਗੁਰੂ (ਬ੍ਰਹਮ-ਗੁਰੂ)! ਮੇਰੇ ਵਿਚਾਰ ਵਿਕਾਰਾਂ ਕਾਰਣ ਪਤਿਤ ਹੋ ਗਏ ਹਨ, ਮੈਂ ਗਿਆਨ ਵਿਹੂਣਾ ਹਾਂ। ਇਸ ਕਰਕੇ ਤੇਰੇ ਸਥਾਈ ਅਤੇ ਟਿਕਾਊ ਸਰੂਪ ਨੂੰ ਨਹੀਂ ਪਛਾਣ ਸਕਦਾ। ਸੋ ਮੇਰੇ ਤੇ ਕ੍ਰਿਪਾ ਕਰਕੇ ਆਪਣਾ ਬ੍ਰਹਮ-ਗਿਆਨ ਦੇਕੇ ਸਮਝਾ ਵੀ ਦਿਉ ਜਿਸ ਸਦਕਾ ਪਲ ਭਰ ਲਈ ਦਰਸ਼ਨ ਹੋ ਜਾਣ॥ ੨॥

ਹੇ ਪ੍ਰਭ! ਤੇਰੇ ਬੇਅੰਤ ਗੁਣਾਂ ਦਾ ਤਾਂ ਵੱਡੇ ਵੱਡੇ ਜੋਗੀ ਵੀ ਅੰਤ ਨਹੀਂ ਪਾ ਸਕੇ। ਪਰ ਮੈਂ ਰਵਿਦਾਸ ਚਮਾਰ ਤੇਰੀ ਪ੍ਰੇਮ ਭਗਤੀ ਪ੍ਰਾਪਤ ਕਰਨ ਲਈ ਤੇਰੀ ਸਿਫ਼ਤ ਸਲਾਹ ਵਿੱਚ ਮਗਨ ਹਾਂ॥ ੩॥ ੧॥

ੴ ਸਤਿਗੁਰ ਪ੍ਰਸਾਦਿ॥

ਗਾਉੜੀ ਬੈਰਾਗਣਿ ਰਵਿਦਾਸ ਜੀਉ

ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ॥
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਆਧਾਰ॥ ੧॥
ਪਾਰੁ ਕੈਸੇ ਪਾਇਬੋ ਰੇ
ਮੋ ਸਉ ਕੋਊ ਨ ਕਹੈ ਸਮਝਾਇ॥
ਜਾ ਤੇ ਆਵਾ ਗਵਨੁ ਬਿਲਾਇ॥ ੧॥ ਰਹਾਉ॥
ਬਹੁ ਬਿਧਿ ਧਰਮ ਨਿਰੂਪੀਐ ਕਰਤਾ ਦੀਸੈ ਸਭ ਲੋਇ॥
ਕਵਨ ਕਰਮ ਤੇ ਛੂਟੀਐ ਜਿਹ ਸਾਧੇ ਸਭ ਸਿਧਿ ਹੋਇ॥ ੨॥
ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ॥
ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਮਾਨੁ॥ ੩॥
ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧਿ ਬਿਕਾਰ॥
ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ॥ ੪॥
ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ॥
ਪਾਰਸ ਮਾਨੌ ਤਾਬੋ ਛੁਏ ਕਨਕ ਹੋਤ ਨਹੀ ਬਾਰ॥ ੫॥
ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ॥
ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ॥ ੬॥
ਭਗਤਿ ਜੁਗਤਿ ਮਤਿ ਸਤਿ ਕਰੀ ਭ੍ਰਮ ਬੰਧਨ ਕਾਟਿ ਬਿਕਾਰ॥
ਸੋਈ ਬਸਿ ਰਸਿ ਮਨ ਮਿਲੈ ਗੁਨ ਨਿਰਗੁਨ ਏਕ ਬਿਚਾਰ॥ ੭॥
ਅਨਿਕ ਜਤਨ ਨਿਗ੍ਰਹ ਕੀਏ ਟਾਰੀ ਨ ਟਰੈ ਭ੍ਰਮ ਫਾਸ॥
ਪ੍ਰੇਮ ਭਗਤਿ ਨਹੀ ਊਪਜੈ ਤਾ ਤੇ ਰਵਿਦਾਸ ਉਦਾਸ॥ ੮॥ ੧॥[1]

ਪਦ ਅਰਥ :—ਸਤੁ = ਦਾਨ। (ਨੋਟ ਸਤੁ=ਸੰਃ ਸਤੁ=ਦਾਨ)[2] **ਪੂਜਾਚਾਰ** = ਪੂਜਾ ਆਚਾਰ, ਦੇਵਤਿਆਂ ਦੀ ਪੂਜਾ ਦਾ ਸ਼ਾਸਤਰ ਅਨੁਸਾਰ ਧਰਮ-ਕਰਮ। **ਦ੍ਰਿੜੇ** = ਪਰਪੱਕ ਕਰ ਰਹੇ ਹਨ, ਜ਼ੋਰ ਦੇ ਰਹੇ ਹਨ। **ਨਾਮ** = ਸ੍ਰੀ ਰਾਮ, ਸ੍ਰੀ ਕ੍ਰਿਸ਼ਨ ਅਵਤਾਰ, ਭਾਵ ਮੂਰਤੀ ਪੂਜਾ॥ ੧॥

ਪਾਰੁ = ਵਿਕਾਰਾਂ ਤੋਂ ਮੁਕਤੀ। **ਪਾਇਬੋ** = ਹੋਵੇਗੇ। **ਆਵਾਗਵਨ** = ਜਨਮ ਮਰਨ ਦਾ ਚੱਕਰ, ਚੌਰਾਸੀ ਲੱਖ ਜੂਨਾਂ ਦਾ ਚੱਕਰ। **ਬਿਲਾਇ** = ਚੱਕਰ ਤੋਂ ਮੁਕਤੀ॥ ੧॥ ਰਹਾਉ॥

ਬਹੁ ਬਿਧਿ = ਬਹੁਤ ਵਿਧੀਆਂ ਨਾਲ, ਬਹੁਤ ਢੰਗਾਂ ਨਾਲ। **ਧਰਮ** = ਧਰਮ-ਕਰਮ। ਸ਼ਾਸਤਰਾਂ ਅਨੁਸਾਰ ਹਰ ਯੁੱਗ ਦੇ ਵੱਖ-ਵੱਖ ਧਰਮ-ਕਰਮ ਅਤੇ ਫਿਰ ਹਰ ਇਕ ਵਰਣ-ਆਸ਼ਰਮ (ਜਾਤ-ਪਾਤ) ਦੇ ਵੱਖ-ਵੱਖ ਧਰਮ-ਕਰਮ। **ਨਿਰੂਪੀਐ** = ਦ੍ਰਿੜ ਕੀਤੇ ਗਏ ਹਨ, ਮਿਥੇ ਗਏ ਹਨ। **ਲੋਇ** = ਸਾਰਾ ਸੰਸਾਰ। **ਜਿਹ ਸਾਧੇ** = ਜਿਸ ਧਾਰਮਕ ਕਰਮ ਦ੍ਰਿੜ ਕਰਨ ਨਾਲ। **ਸਿਧਿ** = ਮੁਕਤ, ਸਫ਼ਲਤਾ॥ ੨॥

ਕਰਮ = ਹਿੰਦੂ ਧਰਮ ਸ਼ਾਸਤਰਾਂ ਅਨੁਸਾਰ ਜਾਤੀ ਦੇ ਆਧਾਰਤ ਨਿਸ਼ਚਤ ਕੀਤੇ ਧਾਰਮਕ ਕਰਮ, ਰਸਮਾਂ। **ਅਕਰਮ** = ਹਿੰਦੂ ਸ਼ਾਸਤਰਾਂ ਅਨੁਸਾਰ ਜਾਤੀ ਦੇ ਆਧਾਰ ਤੇ ਵਰਜਤ ਕੀਤੇ ਕਰਮ, ਰਸਮਾਂ। **ਸੰਸਾ** = ਸ਼ੱਕ, ਸੰਦੇਹ, ਭਰਮ। **ਹਿਰੈ** = ਮੁਕਤ ਕਰੇ, ਦੂਰ ਕਰੇ॥ ੩॥

ਉਦਕਿ = ਪਾਣੀ ਨਾਲ। **ਪਖਾਰੀਐ** = ਧੋ ਲੈਣਾ, ਇਸ਼ਨਾਨ ਕਰਨਾ। **ਘਟ** = ਸਰੀਰ। **ਬਿਬਿਧ** = ਅਨੇਕ ਪ੍ਰਕਾਰ ਦੇ। **ਕੁੰਚਰ** = ਹਾਥੀ। **ਬਿਧਿ** = ਜਿਵੇਂ। **ਬਿਉਹਾਰ** = ਵਰਤਾਰਾ, ਵਿਹਾਰ॥ ੪॥

ਪਾਰਸ = ਗੁਰੂ ॥ ੫॥

ਪਰਮ ਪਰਸ = ਪਾਰਸਾਂ ਦਾ ਪਾਰਸ। **ਪਰਮ ਪਰਸ ਗੁਰੂ** = ਗੁਰੂਆਂ ਦਾ ਗੁਰੂ ਭਾਵ ਬ੍ਰਹਮ ਗੁਰੂ। **ਭੇਟੀਐ** = ਪ੍ਰਾਪਤ ਹੋ ਜਾਵੇ, ਮਿਲ ਜਾਵੇ। **ਪੂਰਬ ਲਿਖਤ** = ਜਨਮ ਲੈਣ ਤੋਂ ਪਿੱਛੋਂ ਕੀਤੇ ਕਰਮਾਂ ਸਦਕਾ। **ਲਿਲਾਟ** = ਕਿਸਮਤ, ਭਾਗ। **ਉਨਮਨ** = ਉੱਤਮ ਮਨ, ਉੱਚਾ ਮਨ। **ਛੁਟਕਤ** = ਖੁੱਲ ਜਾਂਦੇ ਹਨ। **ਬਜਰ** = ਸਖ਼ਤ, ਪੱਕੇ। **ਕਪਾਟ** = ਦਰਵਾਜੇ ਦੇ ਤਾਕ॥ ੬॥

ਜੁਗਤਿ = ਵਿਧੀ, ਸਾਧਨ, ਤਰਕ, ਦਲੀਲ। **ਮਤਿ** = ਵਿਚਾਰ ਦ੍ਰਿੜ ਕਰਨਾ, ਸੂਝ-ਬੂਝ। **ਸੋਈ** = ਪ੍ਰਭ। **ਬਸਿ** = ਵਿਰਾਜਦਾ ਹੈ। **ਰਸਿ** = ਆਨੰਦ ਵਿਚ। **ਗੁਨ** = ਮਾਇਆ ਦੇ ਤਿੰਨ ਗੁਣ—ਸਤੋ, ਰਜੋ, ਤਮੋ। **ਨਿਰਗੁਨ** = ਮਾਇਆ ਦੇ ਤਿੰਨਾਂ ਗੁਣਾਂ ਤੋਂ ਰਹਿਤ॥ ੭॥

ਨਿਗ੍ਰਹ = ਰੋਕਣਾ, ਸ਼ਾਸਤਰ ਅਨੁਸਾਰ ਕਰਮ ਇੰਦਰੇ ਰੋਕਣਾ ਭਾਵ ਹੱਠ ਨਾਲ ਰੋਕਣਾ। **ਫਾਸ** = ਫਾਂਸੀ, ਫਾਹੀ। **ਉਦਾਸ** = ਧਰਮ ਕਰਮ ਤੋਂ ਉਪਰਾਮ॥ ੮॥ ੧॥

---

1. ਆਦਿ ਗ੍ਰੰਥ – ਪੰਨਾ-੩੪੬. 2. ਮਹਾਨ ਕੋਸ਼-੧੧੨.

ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ

(ਹਿੰਦੂ ਧਰਮ ਦੀ ਵਿਚਾਰਧਾਰਾ ਦਾ ਖੰਡਨ ਅਤੇ ਨਵੇਂ ਵਿਸ਼ਵ-ਧਰਮ ਦੀ ਵਿਚਾਰਧਾਰਾ ਦੀ ਉਤਪਤੀ)

ਇਸ ਸ਼ਬਦ ਵਿੱਚ ਪਾਰਬ੍ਰਹਮ ਨੂੰ ਕਿਸੇ ਵੀ ਨਾਮ ਨਾਲ ਸੰਬੋਧਨ ਨਹੀਂ ਕੀਤਾ ਗਿਆ, ਕਿਸੇ ਵੀ ਅਵਤਾਰੀ ਨਾਮ ਦੀ ਵਰਤੋਂ ਨਹੀਂ ਕੀਤੀ ਗਈ। ਇਸ ਲਈ ਇਸ ਸ਼ਬਦ ਦੀ ਵਿਚਾਰਧਾਰਾ ਨਿਰਪੱਖ ਰੂਪ ਵਿੱਚ ਅੰਤਰ-ਰਾਸ਼ਟਰੀ ਭਾਵਨਾ ਦਾ ਬੋਧ ਕਰਾਉਂਦੀ ਹੈ। ਨਾਲ ਦੀ ਨਾਲ ਇਹ ਬੋਧ ਵੀ ਹੋ ਜਾਂਦਾ ਹੈ ਕਿ ਇਸ ਸ਼ਬਦ ਵਿਚ ਨਿਰੂਪਤ ਵਿਚਾਰਧਾਰਾ ਸਹੀ ਅਰਥਾਂ ਵਿੱਚ ਨਵੇਂ ਵਿਸ਼ਵ-ਧਰਮ ਦੀ ਵਿਚਾਰਧਾਰਾ ਹੈ। ਇਸ ਕਰਕੇ ਵਿਸ਼ਵ ਦਾ ਕੋਈ ਵੀ ਵਿਅਕਤੀ ਇਸ ਵਿਗਿਆਨਕ ਅਤੇ ਨਿਰਪੱਖ ਵਿਚਾਰਧਾਰਾ ਅਨੁਸਾਰ ਪ੍ਰਭ ਪ੍ਰਾਪਤੀ ਕਰ ਸਕਦਾ ਹੈ।

ਕਿਸੇ ਵੀ ਸ਼ਬਦ ਦੇ ਵਿਚਾਰ-ਵਿਧਾਨ ਦੀ ਤਰਤੀਬ ਨੂੰ ਤੋੜਿਆ ਨਹੀਂ ਜਾ ਸਕਦਾ। ਇਸ ਸ਼ਬਦ ਦਾ ਵਿਚਾਰ-ਵਿਧਾਨ ਖਾਸ ਧਿਆਨ ਦੀ ਮੰਗ ਕਰਦਾ ਹੈ। ਸੋ ਇਸ ਸ਼ਬਦ ਦੇ ਪਹਿਲੇ ਬੰਦ ਨੰ. ੧ ਦੀ ਵਿਆਖਿਆ ਲਈ ਤਿੰਨ ਗੱਲਾਂ ਦਾ ਧਿਆਨ ਰੱਖੇ ਬਿਨਾਂ, ਵਿਆਖਿਆ ਸੰਭਵ ਨਹੀਂ ਹੈ। ਪਹਿਲੀ ਗਲ, ਹਰ ਸ਼ਬਦ ਦੇ ਵਿਚਾਰਾਂ ਦਾ ਕੇਂਦਰ ਬਿੰਦੂ 'ਰਹਾਉ' ਹੁੰਦਾ ਹੈ। 'ਰਹਾਉ' ਵਿੱਚ ਆਮ ਤੌਰ ਤੇ ਬੁਨਿਆਦੀ ਵਿਚਾਰ ਜਾਂ ਸਿਧਾਂਤ ਦਿੱਤਾ ਹੁੰਦਾ ਹੈ। ਇਸ ਲਈ ਵਿਆਖਿਆ ਕਰਨ ਸਮੇਂ 'ਰਹਾਉ' ਦਾ ਦ੍ਰਿਸ਼ਟੀ ਗੋਚਰ ਹੋਣਾ ਬਹੁਤ ਜ਼ਰੂਰੀ ਹੈ। ਬੰਦ ਨੰ. ੧ ਦੀ ਵਿਆਖਿਆ ਲਈ ਸਮੁੱਚੇ ਸ਼ਬਦ ਦਾ, ਖਾਸ ਕਰਕੇ 'ਰਹਾਉ' ਦਾ ਪ੍ਰਸੰਗ ਵਿੱਚ ਰੱਖੇ ਬਿਨ੍ਹਾਂ ਇਸ ਬੰਦ ਦੇ ਅਰਥ ਸਪਸ਼ਟ ਨਹੀਂ ਹੋ ਸਕਦੇ, ਬਹੁਤੀ ਸੰਭਾਵਨਾ ਅਰਥ ਦੇ ਗਲਤ ਹੋਣ ਦੀ ਹੀ ਹੈ। ਦੂਜੀ ਗਲ, ਗੁਰਬਾਣੀ ਵਿੱਚ ਸ਼ਬਦਾਂ ਵਿੱਚ ਦਿੱਤੇ ਵਿਚਾਰ-ਵਿਧਾਨ ਦੀ ਤਰਤੀਬ ਨੂੰ ਤੋੜਕੇ ਵਿਆਖਿਆ ਨਾਲ ਵੀ ਅਰਥ ਗਲਤ ਹੋ ਸਕਦੇ ਹਨ। ਇਸ ਸ਼ਬਦ ਵਿੱਚ ਬੰਦਾਂ ਦੀ ਤਰਤੀਬ, ਵਿਚਾਰਾਂ ਦੀ ਤਰਤੀਬ ਨੂੰ ਮੁੱਖ ਰੱਖਕੇ ਕੀਤੀ ਗਈ ਹੈ। ਦੂਜੇ ਅਰਥਾਂ ਵਿੱਚ ਵਿਚਾਰਾਂ ਨੂੰ ਕਿਸੇ ਖਾਸ ਵਿਚਾਰ-ਵਿਧਾਨ ਵਿੱਚ ਰੱਖਕੇ ਸਿਰਜਿਆ ਗਿਆ ਹੈ। ਇਸ ਵਿਚਾਰ-ਵਿਧਾਨ ਅਨੁਸਾਰ ਹਰ ਬੰਦ ਦਾ ਵਿਚਾਰ ਇੱਕ ਲੜੀ ਵਿੱਚ ਬੱਝਾ ਹੋਇਆ ਹੈ। ਇਸ ਲਈ ਲੜੀ ਦੇ ਟੁੱਟਣ ਨਾਲ ਵਿਆਖਿਆ ਕਰਨ ਵਿੱਚ ਟਪਲਾ ਲਗ ਸਕਦਾ ਹੈ ਅਤੇ ਅਰਥ ਗਲਤ ਹੋ ਸਕਦੇ ਹਨ। ਤੀਜੀ ਗਲ, ਜਿਹੜੀ ਉਪਰੋਕਤ ਦੋਹਾਂ ਗੱਲਾਂ ਨਾਲੋਂ ਵੱਧ ਮਹੱਤਵਪੂਰਨ ਹੈ, ਉਹ ਹੈ ਰਾਗ। ਹਰ ਸ਼ਬਦ ਦੀ ਵਿਆਖਿਆ ਉਸ ਰਾਗ ਦੇ ਸਿਧਾਂਤ ਜਾਂ ਬੁਨਿਆਦੀ ਵਿਚਾਰ ਦੇ ਨਿਰਦੇਸ਼ਨ (Direction) ਅਨੁਸਾਰ ਹੋਣੀ ਜ਼ਰੂਰੀ ਹੈ। ਅਜਿਹਾ ਨਾ ਕਰਨ ਨਾਲ ਹਰ ਹਾਲਤ ਵਿੱਚ ਅਰਥ ਕਰਨ ਵੇਲੇ ਟਪਲਾ ਲਗੇਗਾ, ਕਿਉਂਕਿ ਰਾਗ ਦਾ ਸੁਭਾ ਅਤੇ ਸਿਧਾਂਤ ਸ਼ਬਦ ਵਿੱਚ ਆਏ

ਵਿਚਾਰਾਂ ਨੂੰ ਸਮਝਣ ਲਈ ਸਾਨੂੰ ਸਿਧਾਂਤਕ ਸੇਧ ਦਿੰਦਾ ਹੈ। ਰਾਗ ਦੇ ਸੁਭਾ ਅਤੇ ਸਿਧਾਂਤ ਨੂੰ ਛੱਡ ਕੇ ਕੀਤੀ ਵਿਆਖਿਆ ਹਰ ਹਾਲਤ ਵਿੱਚ ਗਲਤ ਹੋਵੇਗੀ, ਅਸਪਸ਼ਟ ਹੋਵੇਗੀ। ਹੁਣ ਅਸੀਂ ਇਸ ਅਨੁਸਾਰ ਵਿਚਾਰ ਵਿਧਾਨ ਤੇ ਚਰਚਾ ਕਰਦੇ ਹਾਂ।

ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਸਮੁੱਚੇ ਗੁਰੂ ਗ੍ਰੰਥ ਸਾਹਿਬ ਵਿੱਚ ਨਾ ਤਾਂ ਯੁੱਗਾਂ ਨੂੰ ਮਾਨਤਾ ਦਿੱਤੀ ਗਈ ਹੈ ਅਤੇ ਨਾ ਹੀ ਇਸ ਨਾਲ ਸੰਬੰਧਤ ਵਿਚਾਰਧਾਰਾ ਨੂੰ। ਸੋ ਗੁਰੂ ਜੀ ਇਸ ਸ਼ਬਦ ਦੇ ਬੰਦ ਨੰ. ੧ ਵਿੱਚ ਹੀ ਹਿੰਦੂ ਧਰਮ ਦੀ ਆਦਿ ਤੋਂ ਲੈਕੇ ਅੰਤ ਤੱਕ ਦੀ ਚਾਰੇ ਯੁਗਾਂ ਦੀ ਵਿਚਾਰਧਾਰਾ ਨੂੰ ਰੱਦ ਦਿੰਦੇ ਹਨ। ਇਸ ਬੰਦ ਦੀ ਵਿਚਾਰਧਾਰਾ ਵੇਦਾਂ ਦੀ ਵਿਚਾਰਧਾਰਾ ਹੈ। ਸੋ ਵੇਦਾਂ ਅਨੁਸਾਰ 'ਸਤੁ' ਦਾ ਅਰਥ ਗਿਆਨ ਹੈ। ਗਿਆਨ ਮਾਇਆ ਦੇ ਤਿੰਨਾਂ ਗੁਣਾਂ ਵਿਚੋਂ ਹੈ ਅਤੇ ਸਾਤਵਕੀ ਗੁਣ ਹੈ। ਇਸ ਗਿਆਨ ਨੂੰ ਪ੍ਰਾਪਤ ਕਰਨ ਦਾ ਅਧਿਕਾਰ ਕੇਵਲ ਬ੍ਰਾਹਮਣ ਨੂੰ ਹੈ। ਇਸ ਗਿਆਨ ਪ੍ਰਾਪਤੀ ਦੇ ਅਧਿਕਾਰ ਅਨੁਸਾਰ ਉਸ ਦੇ ਕਰਮ ਹਨ—ਵਿਦਿਆ ਪੜ੍ਹਨਾ, ਪੜ੍ਹਾਉਣਾ, ਦਾਨ ਲੈਣਾ ਤੇ ਦੇਣਾ; ਯਗ ਕਰਨਾ, ਕਰਾਣਾ। ਸੋ ਬ੍ਰਾਹਮਣ ਦਾ ਗਿਆਨ ਪ੍ਰਾਪਤ ਕਰਨ ਦਾ ਮੰਤਵ ਆਪਣੇ ਉਪਰੋਕਤ ਕਰਮਾਂ ਨੂੰ ਨਿਭਾਉਣਾ ਹੈ, ਆਪਣੇ ਭਗਵਾਨ ਦੀ ਪ੍ਰਾਪਤੀ ਉਸ ਦਾ ਮੰਤਵ ਨਹੀਂ ਹੈ। ਇਹ ਤੱਥ ਭਗਵਤ ਗੀਤਾ ਤੋਂ ਵੀ ਸਪਸ਼ਟ ਹੋ ਜਾਂਦਾ ਹੈ। ਭਗਵਤ ਗੀਤਾ ਵੇਦਾਂ ਨੂੰ ਈਸ਼ਵਰ ਪ੍ਰਾਪਤੀ ਦਾ ਸਾਧਨ ਨਹੀਂ ਮੰਨਦੀ। ਦੂਜੇ ਅਧਿਆਏ ਵਿੱਚ ਸ੍ਰੀ ਕ੍ਰਿਸ਼ਨ, ਅਰਜਣ ਨੂੰ ਸਮਝਾ ਰਹੇ ਹਨ :

> "ਹੇ ਅਰਜਨ! ਮੂਰਖ ਆਦਮੀ ਫੋਕੀ ਵਾਹਵਾ ਲਈ ਬਾਣੀ ਬੋਲਦੇ ਹੋਏ ਵੇਦ-ਵਾਦ ਵਿੱਚ ਖੁਸ਼ ਰਹਿੰਦੇ ਹਨ, ਇਹ ਕਹਿੰਦੇ ਹੋਏ ਕਿ "ਇਸ ਤੋਂ ਬਿਨ੍ਹਾਂ ਹੋਰ ਕੋਈ ਠੀਕ ਨਹੀਂ"॥ ੪੨॥
>
> ਕਾਮਨਾ ਰੱਖਣ ਵਾਲੇ ਅਤੇ ਸਵਰਗ ਨੂੰ ਹੀ ਪਰਮ ਮੰਨਣ ਵਾਲੇ ਜਨਮ ਕਰਮ ਫਲ ਅਤੇ ਭੋਗ, ਐਸ਼ੂਰਯ ਦੇਣ ਵਾਲੀਆਂ ਕਈ ਪ੍ਰਕਾਰ ਦੀਆਂ (ਵੈਦਿਕ) ਕ੍ਰਿਆਵਾਂ ਦਸਦੇ ਹਨ॥ ੪੩॥
>
> ਉਪਰੋਕਤ ਬਾਣੀ ਦੁਆਰਾ ਹਰੇ ਹੋਏ ਚਿਤ ਵਾਲੇ ਅਤੇ ਭੋਗ ਐਸ਼ੂਰਯ ਵਿੱਚ ਖਚਤ ਹੋਏ ਪੁਰਸ਼ ਦੇ ਮਨ ਵਿੱਚ ਇਸਥਿਤ ਬੁਧੀ ਨਹੀਂ ਹੁੰਦੀ॥ ੪੪॥
>
> ਹੇ ਅਰਜਨ! ਵੇਦ ਤਿੰਨ* ਗੁਣਾਂ ਦੇ ਵਿਸ਼ਿਆਂ ਵਿੱਚ ਹੀ ਵਰਤਦੇ ਹਨ, ਤੂੰ ਤਿੰਨਾਂ ਗੁਣਾਂ ਤੋਂ ਪਰੇ, ਸੁਖ-ਦੁਖ ਆਦਿ ਝਗੜਿਆਂ ਤੋਂ ਰਹਿਤ, ਸਤ ਵਿਚ ਸਦਾ ਇਸਥਿਤ ਯੋਗ[ਖ] ਖੇਮ[ਖਖ] ਨੂੰ ਨਾ ਚਾਹੁਣ ਵਾਲਾ ਅਤੇ [ਖਖਖ]ਆਤਮਵਾਨ ਹੈ॥ ੪੫॥
>
> * ਤਿੰਨ ਗੁਣ = ਸਤ, ਰਜ, ਤਮ।

* ਅਪ੍ਰਾਪਤੀ ਦੀ ਪ੍ਰਾਪਤੀ ਦਾ ਨਾਮ ਯੋਗ ਹੈ।

▲ ਪ੍ਰਾਪਤ ਵਸਤੂ ਦੀ ਰਖਿਆ ਦਾ ਨਾਮ ਖੇਮ ਏ।

↔ ਆਤਮਵਾਨ = ਆਤਮਾ ਨਾਲ ਭਰਪੂਰ।"[1]

ਸੋ ਗੀਤਾ ਦੇ ਉਪਰੋਕਤ ਸਲੋਕਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਬ੍ਰਾਹਮਣ, ਖੱਤਰੀ, ਵੈਸ਼ ਆਪਣੇ ਪਦਾਰਥਕ ਮੰਤਵ ਨੂੰ ਮੁੱਖ ਰੱਖ ਕੇ ਪੂਜਾ ਕਰਦੇ ਹਨ ਕਿਉਂਕਿ ਉਹ ਪ੍ਰਕ੍ਰਿਤੀ ਦੇ ਤਿੰਨਾਂ ਗੁਣਾਂ —ਸਤ, ਰਜ, ਤਮ ਵਿੱਚ ਹੀ ਵਿਚਰਦੇ ਹਨ। ਭਗਵਤ ਗੀਤਾ ਦੇ ਤੀਜੇ ਅਧਿਆਏ ਅਨੁਸਾਰ :

"ਪ੍ਰਕ੍ਰਿਤੀ ਦੇ ਗੁਣਾਂ"* ਨਾਲ ਮੋਹਿਤ ਹੋਏ ਆਦਮੀ ਗੁਣਾਂ ਅਤੇ ਕਰਮਾਂ ਵਿੱਚ ਲਿਪਤ ਹੁੰਦੇ ਹਨ ਇਨ੍ਹਾਂ ਸਾਧਾਰਨ ਬੰਦਿਆਂ ਨੂੰ ਗਿਆਨੀ ਪੁਰਸ਼ ਭਰਮ ਵਿੱਚ ਨਾ ਪਾਵੇ॥ ੨੯॥

ਆਤਮਾ ਵਿਚ ਮਨ ਲਾਕੇ ਸਭ ਕਰਮ ਮੇਰੇ ਅਰਪਣ ਕਰ, ਵਾਸ਼ਨਾ ਅਤੇ ਮਮਤਾ ਨੂੰ ਤਿਆਗ ਕੇ ਸ਼ੋਕ ਤੋਂ ਰਹਿਤ ਹੋਕੇ ਯੁਧ ਕਰੁ॥ ੩੦॥

* ਪ੍ਰਕ੍ਰਿਤੀ ਦੇ ਗੁਣ = ਸਤ, ਰਜ, ਤਮ।"[2]

ਉਪਰੋਕਤ ਦੋਹਾਂ ਸਲੋਕਾਂ ਤੋਂ ਸਪਸ਼ਟ ਹੋ ਗਿਆ ਹੈ ਕਿ

੧. ਵੇਦਾਂ ਅਨੁਸਾਰ ਧਰਮ ਕਰਮ ਕਰਨ ਵਾਲੇ ਸਾਧਾਰਨ ਹੁੰਦੇ ਹਨ।

੨. ਪ੍ਰਕ੍ਰਿਤੀ ਦੇ ਗੁਣ ਅਤੇ ਕਰਮ ਮਨੁੱਖ ਨੂੰ ਸਾਧਾਰਨ ਬਣਾਉਂਦੇ ਹਨ।

੩. ਵੇਦਾਂ ਅਨੁਸਾਰ ਧਰਮ-ਕਰਮ ਕਰਨ ਵਾਲੇ ਆਤਮਾ ਵਿੱਚ ਮਨ ਲਾਕੇ ਧਰਮ ਕਰਮ ਨਹੀਂ ਕਰਦੇ।

੪. ਇਸ ਕਾਰਣ ਵੇਦਾਂ ਅਨੁਸਾਰ ਧਰਮ-ਕਰਮ ਕਰਨ ਨਾਲ ਮਨੁੱਖ ਬ੍ਰਹਮ-ਗਿਆਨੀ ਨਹੀਂ ਬਣ ਸਕਦਾ। ਇਸ ਕਰਕੇ ਪ੍ਰਭ ਪ੍ਰਾਪਤੀ ਨਹੀਂ ਹੋ ਸਕਦੀ।

੫. ਆਤਮਾ ਵਿਚ ਮਨ ਲਾ ਕੇ ਧਰਮ ਕਰਮ ਕਰਨ ਵਾਲਾ ਵਾਸ਼ਨਾ, ਮਮਤਾ ਆਦਿ ਗੁਣਾਂ ਨੂੰ ਤਿਆਗ ਦਿੰਦਾ ਹੈ : ਪਰ ਵੇਦਾਂ ਅਨੁਸਾਰ ਨਹੀਂ।

ਉਪਰੋਕਤ ਨਿਰਣਿਆਂ ਤੋਂ ਸਪਸ਼ਟ ਹੈ ਕਿ ਵੇਦਾਂ ਅਨੁਸਾਰ ਪੂਜਾ ਕਰਨ ਨਾਲ ਪ੍ਰਭ ਪ੍ਰਾਪਤੀ ਨਹੀਂ ਹੋ ਸਕਦੀ, ਪਰ ਮਾਇਆ ਦੇ ਗੁਣਾਂ ਅਨੁਸਾਰ ਪਦਾਰਥਕ ਮੰਤਵ ਪ੍ਰਾਪਤੀ ਜ਼ਰੂਰ ਹੁੰਦੀ ਹੈ।

ਸੋ ਸਤਿਜੁਗ ਵਿਚ ਧਿਆਨ, ਪਦਾਰਥਕ ਮੰਤਵ ਪ੍ਰਾਪਤੀ ਤੇ ਦਿੱਤਾ ਜਾਂਦਾ ਹੈ। ਇਸ ਯੁਗ ਵਿੱਚ ਪੂਜਾ ਪਾਠ ਦੇ ਧਿਆਨ ਦਾ ਕੇਂਦਰ ਖਾਸ ਕਰਕੇ ਦਾਨ ਦੇਣਾ ਅਤੇ ਲੈਣਾ ਅਤੇ ਯਗ ਕਰਨਾ, ਕਰਾਣਾ, ਵਿਦਿਆ ਪੜ੍ਹਨਾ, ਪੜ੍ਹਾਣਾ ਹੈ। ਵੇਦਾਂ ਅਨੁਸਾਰ ਇਸ ਯੁਗ ਦਾ ਪਦਾਰਥਕ ਮੰਤਵ ਦਾਨ ਮਿਥਿਆ ਹੈ। ਸੰਸਕ੍ਰਿਤ ਅਨੁਸਾਰ ਵੀ 'ਸਤੁ' ਦਾ ਅਰਥ ਦਾਨ ਹੀ ਹੈ। ਸਤਿਜੁਗ ਵਿੱਚ 'ਭਗਵਾਨ' ਦਾਨ

1. ਸ੍ਰੀਮਦ ਭਗਵਤ ਗੀਤਾ (ਪੰਜਾਬੀ) ਭਾਸ਼ਾ ਵਿਭਾਗ ਪੰਜਾਬ-੧੧

2. ਓਹੀ ੧੭

ਨਾਲ ਪ੍ਰਸੰਨ ਹੁੰਦੇ ਸਨ। ਇਸ ਯੁਗ ਦੇ ਭਗਵਾਨ ਬ੍ਰਹਮਾ, ਵਿਸ਼ਨੂੰ, ਮਹੇਸ਼ ਦੇਹਧਾਰੀ ਹਨ। ਗੀਤਾ ਇਸ ਬਾਰੇ ਅਠ੍ਹਾਰਵੇਂ ਅਧਿਆਏ ਵਿੱਚ ਸਪਸ਼ਟ ਕਰਦੀ ਹੈ-

"ਇਸ ਲੋਕ ਵਿਚ ਸੁਰਗ ਵਿਚ ਯਾ ਦੇਵਤਿਆਂ ਵਿਚ ਕੋਈ ਵੀ ਜੀਵ ਨਹੀਂ ਜੋ ਇਨ੍ਹਾਂ ਪ੍ਰਕ੍ਰਿਤੀ ਵਿਚੋਂ ਉਪਜੇ ਹੋਏ ਤਿੰਨਾਂ ਗੁਣਾਂ ਤੋਂ ਰਹਿਤ ਹੋਵੇ॥ ੪੦॥[1]

ਸੋ ਬ੍ਰਹਮਾ, ਵਿਸ਼ਨੂੰ, ਮਹੇਸ਼ ਆਦਿ ਦੇਵਤੇ/ਭਗਵਾਨ ਦੇਹਧਾਰੀ (ਆਮ ਮਨੁੱਖ) ਹਨ ਅਤੇ ਪ੍ਰਕ੍ਰਿਤੀ ਦੇ ਤਿੰਨੇ ਗੁਣਾਂ ਵਿੱਚ ਲਿਪਤ ਹਨ। ਇਸ ਕਰਕੇ ਇਹ ਦੇਵਤੇ ਦਾਨ ਆਦਿ ਨਾਲ ਖੁਸ਼ ਹੁੰਦੇ ਹਨ।

ਪਰ ਤ੍ਰੇਤੇ ਯੁਗ ਵਿੱਚ ਦੇਵਤੇ ਦਾਨ ਨਾਲ ਖੁਸ਼ ਨਹੀਂ ਸਨ ਹੁੰਦੇ। ਹੁਣ ਉਹ ਯਗ ਅਤੇ ਪਸ਼ੂ ਬਲੀ ਨਾਲ ਖੁਸ਼ ਹੁੰਦੇ ਸਨ। ਤ੍ਰੇਤੇ ਯੁਗ ਦੇ ਅਵਤਾਰ 'ਭਗਵਾਨ' ਰਾਮ ਹਨ। ਉਹ ਵਿਸ਼ਨੂੰ ਭਗਵਾਨ ਦੇ ਅਵਤਾਰ ਹਨ। ਭਗਵਾਨ ਵਿਸ਼ਨੂੰ ਪਸ਼ੂਆਂ ਦਾ ਮਾਸ ਖਾ ਕੇ ਖੁਸ਼ ਹੁੰਦੇ ਸਨ। ਯੱਗ ਵਿੱਚ ਪਸ਼ੂ ਬਲੀ ਦਾ ਅਰਥ ਹੀ ਦੇਵਤਿਆਂ ਨੂੰ ਪਸ਼ੂਆਂ ਦਾ ਮਾਸ ਭੇਟ ਕਰਨਾ ਹੈ। ਇਹ ਰੀਤ ਅੱਜ ਕੱਲ ਵੀ ਕਾਲੀ ਦੇਵੀ ਨੂੰ ਪਸ਼ੂਆਂ ਦਾ ਮਾਸ ਭੇਟ ਕਰਨ ਦੇ ਰੂਪ ਵਿੱਚ ਪ੍ਰਚਲਤ ਹੈ। ਡਾ. ਬੀ.ਆਰ. ਅੰਬੇਡਕਰ ਰਿਗਵੇਦ ਦਾ ਹਵਾਲਾ ਦੇਕੇ ਸਪਸ਼ਟ ਕਰਦੇ ਹਨ ਕਿ ਹਰ ਇੱਕ ਦੇਵਤੇ ਦੀ ਪਸ਼ੂ ਦੇ ਮਾਸ ਖਾਣ ਦੀ ਉਨ੍ਹਾਂ ਦੀ ਆਪਣੀ ਪਸੰਦ ਵੱਖ-ਵੱਖ ਸੀ, ਜਿਸ ਦਾ ਯਗ ਵਿੱਚ ਬਲੀ ਦੇਣ ਵੇਲੇ ਧਿਆਨ ਰੱਖਿਆ ਜਾਂਦਾ ਸੀ। ਇਸ ਤੋਂ ਇਹ ਵੀ ਦ੍ਰਿੜ ਹੋ ਜਾਂਦਾ ਹੈ ਕਿ ਪਸ਼ੂ ਬਲੀ ਯਗ ਦਾ ਜ਼ਰੂਰੀ ਅੰਗ ਹੈ :

"ਤੈਤਰੀਆ ਬ੍ਰਾਹਮਣ ਵਿੱਚ ਜਿਨ੍ਹਾਂ ਕਾਮੇਸ਼ਟੀ ਯੱਗ ਦਾ ਜ਼ਿਕਰ ਆਉਂਦਾ ਹੈ.....। ਵਿਸ਼ਨੂੰ ਨੂੰ ਬਲੀ ਦੇਣੀ ਹੋਵੇ ਤਾਂ ਬੌਨਾ ਬਲਦ ਚੁਣਨਾ ਚਾਹੀਦਾ ਹੈ ਵ੍ਰਿਤਰ ਦੇ ਨਾਸ਼ਕ ਇੰਦਰ ਨੂੰ ਬਲੀ ਚੜ੍ਹਾਉਣੀ ਹੋਵੇ ਤਾਂ ਅਜਿਹਾ ਬੈਲ ਚੁਣਨਾ ਚਾਹੀਦਾ ਹੈ ਜਿਸ ਦੇ ਸਿੰਗ ਲਟਕਦੇ ਹੋਣ ਅਤੇ ਜਿਸ ਦੇ ਮੱਥੇ ਤੇ ਟਿੱਕਾ ਹੋਵੇ।"[2]

ਇਹੋ ਕਾਰਣ ਹੈ ਕਿ ਗੁਰੂ ਰਵਿਦਾਸ ਜੀ ਨੇ ਤ੍ਰੇਤੇ ਯੁਗ ਵਿੱਚ ਯਗ ਨੂੰ ਅਤੇ ਇਸ ਨਾਲ ਸੰਬੰਧਤ ਕਰਮ-ਕਾਂਡ ਨੂੰ ਬੜੇ ਸ਼ਕਤੀਸ਼ਾਲੀ ਢੰਗ ਨਾਲ ਰੱਦ ਕੀਤਾ ਹੈ। ਇਸ ਨਾਲ ਜੀਵ ਹੱਤਿਆ ਵੀ ਬੰਦ ਹੋ ਗਈ।

ਪਰ ਦੁਆਪਰ ਯੁਗ ਵਿੱਚ ਯਗ ਅਤੇ ਪਸ਼ੂ ਬਲੀ ਦਾ ਮਹੱਤਵ ਖਤਮ ਹੋ ਗਿਆ। ਸ੍ਰੀ ਕ੍ਰਿਸ਼ਨ ਭਾਵੇਂ ਵਿਸ਼ਨੂੰ ਦੇ ਅਵਤਾਰ ਸਨ ਪਰ ਉਹ ਵੇਦਾਂ ਨੂੰ ਨਹੀਂ ਸਨ ਮੰਨਦੇ। ਵੇਦਾਂ ਦੇ ਨਾਲ ਹੀ ਯਗ ਅਤੇ ਪਸ਼ੂ ਬਲੀ ਜੁੜੀ ਹੋਈ ਹੈ। ਇਸ ਕਰਕੇ ਦੁਆਪਰ ਯੁਗ ਵਿਚ ਯਗ ਅਤੇ ਪਸ਼ੂ ਬਲੀ ਖਤਮ ਹੋ ਗਈ। ਹੁਣ ਕੇਵਲ ਦੇਵਤਿਆਂ ਦੀ ਪੂਜਾ ਹੀ ਹੁੰਦੀ ਸੀ।

1. ਓਹੀ -੮੩

2. ਅਛੂਤ ਕੌਣ ਤੇ ਕਿਵੇਂ- ਡਾ. ਬੀ. ਆਰ. ਅੰਬੇਡਕਰ ੧੨੫-੨੬

"ਕਲਿ ਕੇਵਲ ਨਾਮ ਆਧਾਰ" ਤੁਕ ਦੇ ਅਰਥਾਂ ਬਾਰੇ ਵਿਦਵਾਨਾਂ ਵਿੱਚ ਮਤ ਭੇਦ ਹੈ। ਬਹੁਤੇ ਵਿਦਵਾਨ ਇਸ ਦਾ ਅਰਥ, ਕਲਿਯੁਗ ਵਿੱਚ ਕੇਵਲ ਪ੍ਰਭ ਦੇ ਨਾਮ ਸਿਮਰਨ ਨਾਲ ਮੁਕਤੀ ਮਿਲ ਸਕਦੀ ਹੈ, ਕਰਦੇ ਹਨ। ਇਨ੍ਹਾਂ ਅਰਥਾਂ ਨੂੰ ਮੰਨਣ ਨਾਲ ਕਈ ਰੁਕਾਵਟਾਂ ਖੜੀਆਂ ਹੋ ਜਾਂਦੀਆਂ ਹਨ।

ਜੇ ਇਹ ਅਰਥ ਮੰਨ ਲਏ ਜਾਣ ਤਾਂ 'ਰਹਾਉ' ਵਿੱਚ ਨਿਰੂਪਤ "ਮੋ ਸਉ ਕੋਊ ਨ ਕਹੈ ਸਮਝਾਇ" ਤੁਕ ਬੇਅਰਥ ਬਣ ਜਾਂਦੀ ਹੈ ਕਿਉਂਕਿ ਪਹਿਲੇ ਬੰਦ ਦੀ ਦੂਜੀ ਤੁਕ ਦੇ ਦੂਜੇ ਅੱਧ ਵਿੱਚ ਇਹ ਗਲ ਸਮਝਾ ਦਿੱਤੀ ਗਈ ਹੈ ਕਿ ਕਲਿਜੁਗ ਵਿੱਚ ਨਾਮ ਸਿਮਰਨ ਨਾਲ ਮੁਕਤੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਇਸ ਤਰ੍ਹਾਂ ਬੰਦ ਨੰ. ੧ ਅਤੇ 'ਰਹਾਉ' ਦੇ ਅਰਥਾਂ ਵਿੱਚ ਵਿਰੋਧਤਾ ਪੈਦਾ ਹੋ ਗਈ ਹੈ। ਇਸ ਵਿਰੋਧਤਾ ਦੇ ਪੈਦਾ ਹੋਣ ਦਾ ਕਾਰਣ, ਪਹਿਲੇ ਬੰਦ ਦੇ ਅਰਥ ਕਰਨ ਵੇਲੇ 'ਰਹਾਉ' ਵਿੱਚ ਦਿੱਤੇ ਬੁਨਿਆਦੀ ਅਰਥਾਂ ਨੂੰ ਧਿਆਨ ਵਿੱਚ ਨਹੀਂ ਰੱਖਿਆ ਗਿਆ ਅਤੇ ਨਾ ਹੀ ਸ਼ਬਦ ਵਿੱਚ ਦਿੱਤੀ ਵਿਚਾਰ-ਲੜੀ ਨੂੰ ਧਿਆਨ ਵਿੱਚ ਰੱਖਿਆ ਗਿਆ ਹੈ। ਜੇਕਰ ਵਿਚਾਰ ਵਿਧਾਨ ਅਨੁਸਾਰ ਸਿਰਜੇ ਵਿਚਾਰਾਂ ਦੀ ਲੜੀ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਤਾਂ ਇਸ ਸ਼ਬਦ ਦੇ ਦੂਜੇ ਅਤੇ ਤੀਜੇ ਬੰਦਾਂ ਦੇ ਅਰਥ ਹੀ ਪਹਿਲੇ ਬੰਦ ਦੀ ਦੂਜੀ ਤੁਕ ਦੇ ਦੂਜੇ ਅੱਧ ਦੇ ਅਰਥਾਂ ਵਿੱਚ ਕੀਤੀ ਜਾ ਰਹੀ ਗ਼ਲਤੀ ਨੂੰ ਠੀਕ ਕੀਤਾ ਜਾ ਸਕਦਾ ਸੀ ਕਿਉਂਕਿ ਬੰਦ ਨੰ. ੨ ਅਤੇ ੩, ਪਹਿਲੇ ਬੰਦ ਦੀ ਹੀ ਖੋਲਕੇ ਵਿਆਖਿਆ ਕਰਦੇ ਹਨ। ਇਸ ਤਰ੍ਹਾਂ ਬੰਦ ਨੰ. ੧ ਤੋਂ ੪ ਤੱਕ ਹਿੰਦੂ ਧਰਮ ਦੇ ਚਾਰ ਜੁੱਗਾਂ ਵਿੱਚ ਵੱਖ-ਵੱਖ ਧਰਮ-ਕਰਮ ਦੇ ਬਾਰੇ ਹੀ ਵਿਚਾਰ ਕੀਤਾ ਜਾ ਰਿਹਾ ਹੈ। ਫਿਰ ਪਹਿਲੇ ਬੰਦ ਦੀ ਕੇਵਲ ਅੱਧੀ ਤੁਕ ਹੀ ਗੁਰੂ ਰਵਿਦਾਸ ਜੀ ਦਾ ਵਿਚਾਰ ਕਿਵੇਂ ਹੋ ਸਕਦੀ ਹੈ? ਇਸ ਤਰ੍ਹਾਂ ਪਹਿਲੇ ਚਾਰਾਂ ਬੰਦਾਂ ਵਿੱਚ ਹਿੰਦੂ ਧਰਮ ਦੇ ਧਰਮ-ਕਰਮ ਦੀ ਹੀ ਚਰਚਾ ਹੋ ਰਹੀ ਹੈ। ਇਸ ਕਰਕੇ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਇਨ੍ਹਾਂ ਬੰਦਾਂ ਵਿੱਚ ਨਹੀਂ ਆ ਸਕਦੀ। ਸੋ ਜਿਹੜੇ ਵਿਦਵਾਨਾਂ ਨੇ ਪਹਿਲੇ ਬੰਦ ਦੀ ਦੂਜੀ ਤੁਕ ਦੇ ਦੂਜੇ ਅੱਧ ਦਾ ਅਰਥ "ਕਲਿਜੁਗ ਵਿੱਚ ਕੇਵਲ ਪ੍ਰਭ ਸਿਮਰਨ ਨਾਲ ਹੀ ਮੁਕਤੀ ਪ੍ਰਾਪਤ ਹੋ ਸਕਦੀ ਹੈ," ਕੀਤਾ ਹੈ ਉਸ ਨਾਲ ਪਹਿਲੇ ਚਾਰ ਬੰਦਾਂ ਦੀ ਵਿਚਾਰਧਾਰਾ ਵਿੱਚ ਵਿਰੋਧਤਾ ਪੈਦਾ ਹੋ ਜਾਂਦੀ ਹੈ। ਇਸ ਤਰ੍ਹਾਂ 'ਰਹਾਉ' ਵਿੱਚ ਨਿਰੂਪਤ ਬੁਨਿਆਦੀ ਵਿਚਾਰਧਾਰਾ ਨਾਲ ਵੀ ਵਿਰੋਧ ਪੈਦਾ ਹੋ ਜਾਂਦਾ ਹੈ।

ਇਸ ਚਰਚਾ ਤੋਂ ਸਿੱਟਾ ਇਹੋ ਨਿਕਲਦਾ ਹੈ ਕਿ ਬੰਦ ਨੰ. ੧ ਦੀ ਦੂਜੀ ਤੁਕ ਦੇ ਦੂਜੇ ਅੱਧ ਦਾ ਅਰਥ ਹਿੰਦੂ ਧਰਮ ਦੀ ਵਿਚਾਰਧਾਰਾ ਨਾਲ ਹੀ ਸੰਬੰਧਤ ਹੈ। ਇਸ ਨੂੰ ਅਸੀਂ ਹਿੰਦੂ ਧਰਮ ਗ੍ਰੰਥਾਂ ਵਿੱਚ ਆਏ ਚਾਰ ਜੁੱਗਾਂ ਦੇ ਵਿਚਾਰਾਂ ਨਾਲ ਤੁਲਨਾਤਮਕ ਅਧਿਐਨ ਕਰਕੇ ਸਪਸ਼ਟ ਕਰਾਂਗੇ।

ਗੁਰੂ ਰਵਿਦਾਸ ਜੀ ਯੁਗਾਂ ਦੀ ਵੰਡ ਦੇ ਵਿਰੁਧ ਹਨ, ਉਨ੍ਹਾਂ ਨੇ ਯੁੱਗ ਵੰਡ

ਨਹੀਂ ਕੀਤੀ। ਯੁਗਾਂ ਦੀ ਵੰਡ ਹਿੰਦੂ ਧਰਮ ਦੇ ਅਨੇਕਾਂ ਗ੍ਰੰਥਾਂ ਵਿੱਚ ਦਰਜ ਹੈ। ਕਮਾਲ ਦੀ ਗਲ ਤਾਂ ਇਹ ਹੈ ਕਿ ਯੁੱਗਾਂ ਦੀ ਜਿਹੜੀ ਤਰਤੀਬ ਹਿੰਦੂ ਧਰਮ ਗ੍ਰੰਥਾਂ ਵਿੱਚ ਉਪਲਭਧ ਹੈ, ਇੰਨ ਬਿੰਨ ਓਹੀ ਤਰਤੀਬ ਗੁਰੂ ਰਵਿਦਾਸ ਜੀ ਦੇ ਬੰਦ ਨੰ. ੧ ਵਿੱਚ ਨਿਰੂਪਤ ਹੈ, ਇਥੋਂ ਤੱਕ ਕਿ ਇਸ ਬੰਦ ਦਾ ਅੱਖਰ-ਅੱਖਰ ਹਿੰਦੂ ਧਰਮ ਗ੍ਰੰਥਾਂ ਦੇ ਸਲੋਕਾਂ ਨਾਲ ਮਿਲਦਾ ਹੈ। ਇਸ ਤੋਂ ਪਰਪੱਕ ਹੋ ਜਾਂਦਾ ਹੈ ਕਿ "ਕਲਿ ਕੇਵਲ ਨਾਮ ਅਧਾਰ" ਵਾਲੀ ਤੁਕ ਵਿੱਚ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨਹੀਂ ਹੈ, ਇਹ ਹਿੰਦੂ ਧਰਮ ਦੇ ਕਲਿਜੁਗ ਦੀ ਵਿਚਾਰਧਾਰਾ ਹੀ ਹੈ।

ਦੂਜੇ ਵਿਚਾਰਧਾਰਕ ਦ੍ਰਿਸ਼ਟੀਕੋਣ ਤੋਂ ਪਰਖਿਆਂ ਵੀ ਇਹੋ ਸਾਬਤ ਹੁੰਦਾ ਹੈ ਕਿ ਇਸ ਤੁਕ ਵਿਚ ਦਿੱਤੀ ਵਿਚਾਰਧਾਰਾ ਹਿੰਦੂ ਧਰਮ ਦੀ ਹੀ ਵਿਚਾਰਧਾਰਾ ਹੈ। ਬੰਦ ਨੰ. ੧ ਵਿੱਚ ਗੁਰੂ ਰਵਿਦਾਸ ਜੀ ਹਿੰਦੂ ਧਰਮ ਗ੍ਰੰਥਾਂ ਵਿੱਚ ਦਰਜ ਯੁਗਾਂ ਦੀ ਵਿਚਾਰਧਾਰਾ ਅਤੇ ਧਰਮ ਕਰਮ ਬਾਰੇ ਵਿਚਾਰ ਕਰ ਰਹੇ ਹਨ। ਪਹਿਲੇ ਤਿੰਨ ਯੁਗ—ਸਤਿਜੁਗ, ਤ੍ਰੇਤਾ ਜੁਗ ਅਤੇ ਦੁਆਪਰ ਜੁਗ ਦੀ ਵਿਚਾਰਧਾਰਾ ਅਤੇ ਇਸ ਨਾਲ ਸੰਬੰਧਤ ਧਰਮ-ਕਰਮ ਤਾਂ ਦੇ ਦਿੱਤੇ ਹਨ, ਪਰ ਇਹ ਕਿਵੇਂ ਮੰਨ ਲਿਆ ਜਾਵੇ ਕਿ ਕਲਿਜੁਗ ਦੀ ਵਿਚਾਰਧਾਰਾ ਅਤੇ ਧਰਮ ਕਰਮ ਹਿੰਦੂ ਧਰਮ ਗ੍ਰੰਥਾਂ ਵਿੱਚ ਨਿਰੂਪਤ ਹੀ ਨਹੀਂ ਹੈ? ਪਰ ਹਿੰਦੂ ਧਰਮ ਗ੍ਰੰਥਾਂ ਦੇ ਅਧਿਐਨ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਉਨ੍ਹਾਂ ਵਿੱਚ ਚਾਰੇ ਹੀ ਯੁਗਾਂ ਦੀ ਵਿਚਾਰਧਾਰਾ ਅਤੇ ਧਰਮ-ਕਰਮ ਇੱਕ ਹੀ ਸਲੋਕ ਵਿੱਚ ਦਰਜ ਕੀਤੇ ਗਏ ਹਨ। ਇਸੇ ਤੱਥ ਤੋਂ ਸਪਸ਼ਟ ਹੋ ਜਾਂਦਾ ਹੈ ਕਿ "ਕਲਿ ਕੇਵਲ ਨਾਮ ਅਧਾਰ" ਵਿੱਚ ਹਿੰਦੂ ਧਰਮ ਦੀ ਵਿਚਾਰਧਾਰਾ ਅਤੇ ਧਰਮ ਕਰਮ ਦਾ ਹੀ ਉਲੇਖ ਹੈ :

"ਮਨੂ ਸਿਮਰਤੀ ਅਤੇ ਪਰਾਸਰ ਸਿਮਰਤੀ ਵਿੱਚ ਯੁਗਾਂ ਦੀ ਵਿਚਾਰਧਾਰਾ ਅਤੇ ਧਰਮ ਕਰਮ ਇੱਕੋ ਜਹੇ ਹੀ ਹਨ। ਪਰ ਉਨ੍ਹਾਂ ਦੀ ਵਿਚਾਰਧਾਰਾ ਅਤੇ ਧਰਮ-ਕਰਮ ਦੀ ਤਰਤੀਬ ਪੁਰਾਣ ਅਤੇ ਮਹਾਂਭਾਰਤ ਦੇ ਯੁਗਾਂ ਦੀ ਵਿਚਾਰਧਾਰਾ ਦੀ ਤਰਤੀਬ ਨਾਲੋਂ ਵਖਰੀ ਹੈ। ਭਾਈ ਕਾਹਨ ਸਿੰਘ ਨਾਭਾ, ਮਨੂ ਸਿਮਰਤੀ, ਪਰਾਸਰ ਸਿਮਰਤੀ ਅਤੇ ਵਿਸ਼ਨੂੰ ਪੁਰਾਣ ਦੇ ਸਲੋਕ ਦੇਕੇ ਉਨ੍ਹਾਂ ਦਾ ਅਨੁਵਾਦ ਵੀ ਦਿੰਦੇ ਹਨ :—

"੧. तपः पर कृत्तयुगे त्रेताया ज्ञानमुच्यते
द्वापरे यज्ञमेवाहुर्दानमेकं कलौ युगे

(ਮਨੁ ਆ. ੧ ਸः ੮੬ ਅਤੇ ਪਰਾਸਰ ਸਿਮ੍ਰਿਤਿਆ : ੧ ਸ : 23 ਅਤੇ ੨੪)

੨. ध्यायन्कृते यजन्यज्ञैस्त्रैयां द्वापरेऽर्चयन्
यदाप्नोति तदाप्नोति क्लौ श्री राम कीर्तनात
(ਵਿਸ਼ਨੁ ਪੁਰਾਣ ਅੰਸ਼ -੬-ਆः੨)

ਇਸ ਦਾ ਅਨੁਵਾਦ :

੧. ਮਨੁ ਸਿਮ੍ਰਿਤਿ ਅਤੇ ਪਰਾਸਰ ਸਿਮ੍ਰਿਤੀ ਅਨੁਸਾਰ ਚਾਰੇ ਯੁਗਾਂ ਦੇ ਯਥਾਕ੍ਰਮ ਤਪ, ਗਯਾਨ, ਯਗਯ ਅਤੇ ਦਾਨ।

ਵਿਸ਼ਨੂੰ ਪੁਰਾਣ ਦਾ ਅਨੁਵਾਦ :

੨. ਚਾਰੇ ਯੁਗਾਂ ਦੇ ਜੁਦੇ ਜੁਦੇ ਧਰਮ, ਪੁਰਾਣਾਂ ਅਨੁਸਾਰ ਸਤਯੁਗ ਵਿੱਚ ਧਿਆਨ, ਤ੍ਰੇਤਾ ਵਿੱਚ ਯਗਯ, ਦ੍ਵਾਪਰ ਵਿੱਚ ਪੂਜਨ ਅਤੇ ਕਲਿਯੁਗ ਵਿੱਚ ਹਰਿਨਾਮ ਕੀਰਤਨ।" [1]

ਗੁਰੂ ਰਵਿਦਾਸ ਜੀ ਦਾ ਬੰਦ ਨੰ. ੧ ਇੰਨ ਬਿੰਨ ਵਿਸ਼ਨੂੰ ਪੁਰਾਣ ਦੇ ਸਲੋਕ ਨਾਲ ਅੱਖਰ ਅੱਖਰ ਮਿਲਦਾ ਹੈ। ਇਸ ਤੋਂ ਦ੍ਰਿੜ ਹੋ ਜਾਂਦਾ ਹੈ ਕਿ ਗੁਰੂ ਜੀ ਸੰਸਕ੍ਰਿਤ ਦੇ ਮੰਨੇ ਪ੍ਰਮੰਨੇ ਵਿਦਵਾਨ ਸਨ। ਵਿਸ਼ਨੂੰ ਪੁਰਾਣ ਦੇ ਸਲੋਕ ਨਾਲ ਬੰਦ ਨੰ.੧ ਦਾ ਇੰਨ ਬਿੰਨ ਮਿਲਣਾ ਇਤਫਾਕ ਹੀ ਨਹੀਂ ਹੈ, ਸਗੋਂ ਇਹ ਗਲ ਪੱਕੀ ਹੈ ਕਿ ਜਦੋਂ ਗੁਰੂ ਜੀ ਨੇ ਪਹਿਲੇ ਬੰਦ ਦੀ ਰਚਨਾ ਕੀਤੀ ਸੀ ਉਸ ਵੇਲੇ ਉਨ੍ਹਾਂ ਨੇ ਹਿੰਦੂ ਧਰਮ ਦੇ ਸੰਸਕ੍ਰਿਤ ਗ੍ਰੰਥਾਂ ਦਾ ਡੂੰਘਾ ਅਧਿਐਨ ਕੀਤਾ ਸੀ ਅਤੇ ਬੰਦ ਨੰ. ੧ ਦੀ ਸਿਰਜਣਾ ਲਈ ਉਨ੍ਹਾਂ ਨੇ ਵਿਸ਼ਨੂੰ ਪੁਰਾਣ ਦੇ ਉਪਰੋਕਤ ਸਲੋਕ ਨੂੰ ਹੀ ਚੁਣਿਆ ਸੀ। ਸਪਸ਼ਟ ਹੈ ਕਿ ਬੰਦ ਨੰ. ੧ ਦੀ ਸਿਰਜਣਾ ਵੇਲੇ ਵਿਸ਼ਨੂੰ ਪੁਰਾਣ ਦਾ ਉਪਰੋਕਤ ਸਲੋਕ ਉਨ੍ਹਾਂ ਨੇ ਆਪਣੇ ਸਾਹਮਣੇ ਰੱਖਿਆ ਹੋਇਆ ਸੀ। ਫਰਕ ਕੇਵਲ ਬੰਦ ਨੰ. ੧ ਦੇ 'ਸਤੁ' ਦੀ ਥਾਂ ਤੇ ਪੁਰਾਣ ਵਿੱਚ ਧਿਆਨ ਸ਼ਬਦ ਦਰਜ ਹੈ। ਧਿਆਨ ਦਾ ਅਰਥ ਖਿਆਲ, ਚਿੰਤਨ ਵੀ ਹੈ ਭਾਵ ਗਿਆਨ ਪ੍ਰਾਪਤੀ ਹੈ। ਧਿਆਨ ਬਾਰੇ ਉੱਪਰ ਚਰਚਾ ਕੀਤੀ ਗਈ ਹੈ। ਜਿਸ ਅਨੁਸਾਰ 'ਸਤੁ' ਦੇ ਅਰਥ 'ਦਾਨ' ਪ੍ਰਾਪਤ ਹੁੰਦੇ ਹਨ। ਸੋ 'ਧਿਆਨ' ਦਾ ਮੰਤਵ 'ਗਿਆਨ' ਪ੍ਰਾਪਤੀ ਹੀ ਹੈ ਅਤੇ 'ਗਿਆਨ' ਪ੍ਰਾਪਤੀ ਬ੍ਰਾਹਮਣ ਦੇ 'ਦਾਨ' ਆਦਿ ਛੇ ਕਰਮਾਂ ਨੂੰ ਨਿਭਾਉਣ ਲਈ ਜ਼ਰੂਰੀ ਹੈ। ਇਸ ਤਰ੍ਹਾਂ ਗੁਰੂ ਜੀ ਦਾ ਬੰਦ ਨੰ.੧ ਅਤੇ ਵਿਸ਼ਨੂੰ ਪੁਰਾਣ ਦਾ ਸਲੋਕ ਇੰਨ ਬਿੰਨ ਇਕੋ ਹੀ ਹਨ :

ਪਹਿਲੀ ਤੁਕ

1.	ध्यायन्कृते	1.	ਸਤਜੁਗਿ ਸਤੁ
2.	यजन्यज्ञैस्त्रैयां	2.	ਤੇਤਾ ਜਗੀ
3.	द्वापरेऽर्चयन्	3.	ਦੁਆਪਰ ਪੂਜਾ ਚਾਰ॥

ਦੂਜੀ ਤੁਕ

1.	यदाप्नोति तदाप्नोति	1.	ਤੀਨੋ ਜੁਗ ਤੀਨੋ ਦ੍ਰਿੜੇ
2.	कलौ श्री राम कीर्तनात	2.	ਕਲਿ ਕੇਵਲ ਨਾਮ ਆਧਾਰ॥

1. ਮਹਾਨ ਕੋਸ਼ - ਪੰਨਾ ੭੫੬

ਸਿੱਧ ਹੋ ਗਿਆ ਹੈ ਕਿ ਵਿਸ਼ਨੂੰ ਪੁਰਾਣ ਦਾ ਸਲੋਕ ਅਤੇ ਗੁਰੂ ਰਵਿਦਾਸ ਜੀ ਦੇ ਬੰਦ ਨੰ. ੧ ਦੀ ਸੰਪੂਰਨ ਰੂਪ ਵਿੱਚ ਹਰ ਪੱਖੋਂ ਸਮਰੂਪਤਾ ਹੈ। ਇਸ ਸਿੱਟੇ ਤੋਂ ਇਹ ਵੀ ਦ੍ਰਿੜ ਹੋ ਗਿਆ ਹੈ ਕਿ "ਕਲਿ ਕੇਵਲ ਨਾਮ ਅਧਾਰ" ਹਿੰਦੂ ਧਰਮ ਗ੍ਰੰਥਾਂ ਦੀ ਵਿਚਾਰਧਾਰਾ ਨਾਲ ਸੰਬੰਧਤ ਹੈ ਅਤੇ ਇਸ ਦਾ ਅਰਥ ਹੈ "ਕਲਿਯੁਗ ਵਿੱਚ ਇਸ਼ਟ ਪ੍ਰਾਪਤੀ ਕੇਵਲ ਸ੍ਰੀ ਰਾਮ ਅਤੇ ਸ੍ਰੀ ਕ੍ਰਿਸ਼ਨ ਭਾਵ ਅਵਤਾਰ ਪੂਜਾ ਅਰਥਾਤ ਮੂਰਤੀ ਪੂਜਾ ਨਾਲ ਹੀ ਸੰਭਵ ਹੈ।"

ਇਸ ਤਰ੍ਹਾਂ ਵਿਸ਼ਨੂੰ ਪੁਰਾਣ ਦੀ ਸਹਾਇਤਾ ਨਾਲ ਇਹ ਪਰਪੱਕ ਹੋ ਗਿਆ ਹੈ ਕਿ ਬੰਦ ਨੰ. ੧ ਵਿੱਚ ਹਿੰਦੂ ਧਰਮ ਦੇ ਚਾਰ ਯੁਗਾਂ ਦੀ ਵਿਚਾਰਧਾਰਾ ਅਤੇ ਧਰਮ ਕਰਮ ਨੂੰ ਹੀ ਵਿਚਾਰਿਆ ਗਿਆ ਹੈ।

ਸੋ ਜਿਹੜੇ ਵਿਦਵਾਨ "ਕਲਿ ਕੇਵਲ ਨਾਮ ਅਧਾਰ" ਦਾ ਅਰਥ "ਨਿਰਾ ਨਾਮ ਦਾ ਹੀ ਆਸਰਾ ਹੈ" ਜਾਂ "ਕਲਯੁਗ ਵਿੱਚ ਪ੍ਰਮੇਸ਼ਰ ਪ੍ਰਾਪਤੀ ਦਾ ਮੁਖ ਸਾਧਨ ਨਾਮ ਹੈ" ਕਰਦੇ ਹਨ, ਉਨ੍ਹਾਂ ਦੇ ਇਹ ਅਰਥ ਗ਼ਲਤ ਹਨ ਅਤੇ ਦੋ ਰੁਕਾਵਟਾਂ ਵੀ ਖੜੀਆਂ ਕਰਦੇ ਹਨ :

੧. ਇਹ ਅਰਥ ਮੰਨਣ ਨਾਲ ਹਿੰਦੂ ਧਰਮ ਦਾ ਦਰਸ਼ਨ ਅਧੂਰਾ ਰਹਿ ਜਾਂਦਾ ਹੈ।

੨. 'ਰਹਾਉ' ਦਾ ਬੰਦ ਨੰ: ੧ ਦੇ ਅਰਥਾਂ ਨਾਲ ਟਕਰਾ ਪੈਦਾ ਹੋ ਜਾਂਦਾ ਹੈ। ਇਸ ਲਈ ਇਨ੍ਹਾਂ ਵਿਦਵਾਨਾਂ ਦੇ ਅਰਥ ਸਹੀ ਨਹੀਂ ਹਨ।

ਡਾ. ਸਾਹਿਬ ਸਿੰਘ ਇਸ ਤੁਕ ਦੇ ਅਰਥਾਂ ਨੂੰ ਇੱਕ ਹੋਰ ਦ੍ਰਿਸ਼ਟੀਕੋਣ ਤੋਂ ਗੁਰੂ ਗ੍ਰੰਥ ਸਾਹਿਬ ਦੀ ਉਦਾਹਰਣ ਦੇਕੇ ਸਪਸ਼ਟ ਕਰਦੇ ਹਨ :

[ਇਸੇ ਤਰ੍ਹਾਂ ਰਵਿਦਾਸ ਜੀ "ਕਲਿ ਕੇਵਲ ਨਾਮ ਆਧਾਰ" ਵਿੱਚ ਆਪਣਾ ਮਤ ਨਹੀਂ ਦੱਸ ਰਹੇ, ਉਹ ਤਾਂ ਇਹ ਗਲ ਆਖ ਕੇ ਅਗਾਂਹ ਨਾਲ ਹੀ ਆਖਦੇ ਹਨ ਕਿ —

"ਪਾਰੁ ਕੈਸੇ ਪਾਇਬੋ ਰੇ॥
ਮੋ ਸਉ ਕੋਊ ਨ ਕਹੈ ਸਮਝਾਇ॥
ਜਾ ਤੇ ਆਵਾ ਗਵਨੁ ਬਿਲਾਇ॥ ੧॥ ਰਹਾਉ॥"

ਤਾਂ ਤੇ ਰਵਿਦਾਸ ਜੀ ਦੇ ਖਿਆਲ ਅਨੁਸਾਰ ਇਹ "ਨਾਮ ਆਧਾਰ" ਐਸਾ ਨਹੀਂ ਹੈ "ਜਾ ਤੇ ਆਵਾਗਵਨ ਬਿਲਾਇ॥"

ਤਾਂ ਫਿਰ ਜਿਨ੍ਹਾਂ ਲੋਕਾਂ ਨੇ ਜੁੱਗਾਂ ਦੀ ਵੰਡ ਕਰਕੇ "ਕਲਿ ਕੇਵਲ ਨਾਮ ਆਧਾਰ" ਆਖਿਆ, ਉਨ੍ਹਾਂ ਨੇ ਇਥੇ "ਨਾਮ" ਨੂੰ ਕੀ ਸਮਝਿਆ ਸੀ, ਅਤੇ ਰਵਿਦਾਸ ਜੀ ਕਿਉਂ ਇਸ ਦੀ ਨਿਖੇਧੀ ਕਰਦੇ ਹਨ?

ਇਸ ਪ੍ਰਸ਼ਨ ਦਾ ਸਹੀ ਉੱਤਰ ਲੱਭਣ ਲਈ ਭੈਰਉ ਰਾਗ ਵਿੱਚ ਕਬੀਰ ਜੀ ਦੇ ਇੱਕ ਸ਼ਬਦ ਤੋਂ ਸਹਾਇਤਾ ਮਿਲਦੀ ਹੈ। ਸ਼ਬਦ ਨੰ. ੧੧ ਵਿੱਚ ਕਬੀਰ ਜੀ ਮੁੱਲਾ, ਕਾਜੀ, ਸੁਲਤਾਨ, ਜੋਗੀ ਤੇ ਹਿੰਦੂ ਦਾ ਜ਼ਿਕਰ ਕਰਦੇ ਹੋਏ ਅਖੀਰਲੇ ਬੰਦ ਵਿੱਚ ਲਿਖਦੇ ਹਨ :

ਜੋਗੀ ਗੋਰਖੁ ਗੋਰਖੁ ਕਰੈ॥
ਹਿੰਦੂ ਰਾਮ ਨਾਮ ਉਚਰੈ॥
ਮੁਸਲਮਾਨ ਕਾ ਏਕੁ ਖੁਦਾਇ॥
ਕਬੀਰ ਕਾ ਸੁਆਮੀ ਰਹਿਆ ਸਮਾਇ॥ ੪॥ ੩॥ ੧੧॥

ਇਥੇ ਕਬੀਰ ਜੀ ਜੋਗੀ, ਹਿੰਦੂ ਤੇ ਮੁਸਲਮਾਨ ਦੇ ਮਿਥੇ ਹੋਏ ਇਸ਼ਟ-ਪਰਮਾਤਮਾ ਦੀ ਨਿਖੇਧੀ ਕਰਦੇ ਹਨ, ਤੇ ਆਪਣੇ ਸੁਆਮੀ ਬਾਰੇ ਆਖਦੇ ਹਨ ਕਿ ਉਹ "ਰਹਿਆ ਸਮਾਇ", 'ਰਹਾਉ' ਵਿਚ ਭੀ ਆਪਣੇ ਸੁਆਮੀ ਦੀ ਬਾਬਤ ਲਿਖਦੇ ਹਨ :

"ਹੈ ਹਜੂਰਿ ਕਤ ਦੂਰਿ ਬਤਾਵਹੁ॥
ਦੁੰਦਰ ਬਾਧਹੁ ਸੁੰਦਰ ਪਾਵਹੁ॥"

[ਨੋਟ : ਇਸ ਸ਼ਬਦ ਦੀ ਘੁੰਡੀ ਨੂੰ ਵਿਸਥਾਰ ਨਾਲ ਸਮਝਣ ਵਾਸਤੇ ਭੈਰਉ ਰਾਗ ਵਿੱਚ ਇਸ ਸ਼ਬਦ ਦੇ ਨਾਲ ਲਿਖਿਆ ਮੇਰਾ ਨੋਟ ਪੜ੍ਹੋ।]

ਕਬੀਰ ਜੀ ਹਿੰਦੂ ਦੇ ਜਿਸ "ਰਾਮ ਨਾਮ" ਦੀ ਨਿਖੇਧੀ ਕਰ ਰਹੇ ਹਨ, ਉਸੇ "ਨਾਮ ਆਧਾਰ" ਦੀ ਬਾਬਤ ਰਵਿਦਾਸ ਜੀ ਆਖਦੇ ਹਨ ਕਿ "ਪਾਰੁ ਕੈਸੇ ਪਾਇਬੋ ਰੇ।"

ਸੋ ਇਹ "ਰਾਮ ਨਾਮ" ਕਿਹੜਾ ਹੈ? ਇਹ ਹੈ "ਅਵਤਾਰੀ ਰਾਮ ਦਾ ਨਾਮ", ਇਹ ਹੈ ਅਵਤਾਰ ਭਗਤੀ। ਸ਼ਾਸਤਰਾਂ ਦੀ ਵੰਡ ਅਨੁਸਾਰ ਦਾਨ ਆਦਿਕ ਸਤਯੁਗ ਦਾ ਧਰਮ, ਯਗ ਤ੍ਰੇਤੇ ਦਾ ਧਰਮ, ਦੇਵਤਿਆਂ ਦੀ ਪੂਜਾ ਦੁਆਪਰ ਦਾ ਧਰਮ ਅਤੇ ਅਵਤਾਰ-ਭਗਤੀ (ਮੂਰਤੀ ਪੂਜਾ) ਕਲਯੁਗ ਦਾ ਧਰਮ ਹੈ। ਪਰ, ਰਵਿਦਾਸ ਜੀ ਲਿਖਦੇ ਹਨ ਕਿ ਇਹ ਚਾਰੇ ਹੀ ਧਰਮ ਕਮਾਉਣ ਨਾਲ—

ਪ੍ਰੇਮ ਭਗਤਿ ਨਹੀਂ ਉਪਜੈ, ਤਾ ਤੇ ਰਵਿਦਾਸ ਉਦਾਸ।।]" [1]

ਸੋ ਇਹ ਦ੍ਰਿੜ ਹੋ ਗਿਆ ਹੈ ਕਿ "ਕਲਿ ਕੇਵਲ ਨਾਮ ਆਧਾਰ" ਦੇ ਸਹੀ ਅਰਥ ਹਨ— ਕਲਿਯੁਗ ਵਿੱਚ ਕੇਵਲ ਸ੍ਰੀ ਰਾਮ, ਸ੍ਰੀ ਕ੍ਰਿਸ਼ਨ ਦੀ ਪੂਜਾ ਭਾਵ ਅਵਤਾਰ ਪੂਜਾ ਅਰਥਾਤ ਮੂਰਤੀ ਪੂਜਾ ਹੈ।

ਉਪਰੋਕਤ ਚਰਚਾ ਤੋਂ ਭਲੀ ਭਾਂਤ ਪਰਪੱਕ ਹੋ ਗਿਆ ਹੈ ਕਿ

1. ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ - ਪੰਨਾ ੧੦੨੪-੧੦੨੫

੧. ਗੁਰੂ ਰਵਿਦਾਸ ਜੀ ਨੇ ਬੜੀ ਡੂੰਘਾਈ ਨਾਲ ਵੇਦ ਆਦਿ ਸ਼ਾਸਤਰਾਂ ਦਾ ਅਧਿਐਨ ਕੀਤਾ ਹੈ ਅਤੇ ਬੜੀ ਸਰਲਤਾ ਨਾਲ ਹਿੰਦੂ ਧਰਮ ਦੇ ਯੁਗਾਂ ਦੇ ਸਾਰ-ਤੱਤ ਨੂੰ ਇਸ ਸ਼ਬਦ ਦੇ ਬੰਦ ਨੰ. ੧ ਵਿੱਚ ਗਾਗਰ ਵਿੱਚ ਸਾਗਰ ਨੂੰ ਬੰਦ ਕਰਕੇ ਦ੍ਰਿੜ ਕੀਤਾ ਹੈ। **ਇਸ ਤੋਂ ਇਹ ਵੀ ਪਰਪੱਕ ਹੋ ਗਿਆ ਹੈ ਕਿ ਉਹ ਸੰਸਕ੍ਰਿਤ ਦੇ ਮੰਨੇ ਪ੍ਰਮੰਨੇ ਵਿਦਵਾਨ ਹਨ।**

੨. ਇਹ ਕ੍ਰਿਸ਼ਮਾ ਗੁਰੂ ਰਵਿਦਾਸ ਜੀ ਦੇ ਡੂੰਘੇ ਗਿਆਨ, ਮਹਾਨ ਪ੍ਰਤਿਭਾ ਅਤੇ ਅਦਭੁਤ ਸ਼ੈਲੀ ਦਾ ਹੀ ਕਮਾਲ ਹੈ ਕਿ ਉਨ੍ਹਾਂ ਨੇ ਇੱਕ ਹੀ ਬੰਦ ਵਿੱਚ ਆਦਿ ਤੋਂ ਲੈ ਕੇ ਅੰਤ ਤੱਕ ਦੀ ਹਿੰਦੂ ਧਰਮ ਦੀ ਵਿਚਾਰਧਾਰਾ ਨੂੰ ਰੱਦ ਕਰ ਦਿੱਤਾ ਹੈ।

ਬੰਦ ਨੰ. ੧ ਦੇ ਉਪਰੋਕਤ ਅਰਥ ਕਰਨ ਨਾਲ 'ਰਹਾਉ' ਵਿਚਲੇ ਅਰਥਾਂ ਦਾ ਵਿਰੋਧ ਵੀ ਖਤਮ ਹੋ ਗਿਆ ਹੈ। ਚਾਰੇ ਜੁਗਾਂ ਦੀ ਵਿਚਾਰਧਾਰਾ ਵੀ ਸੰਪੂਰਨ ਹੋ ਗਈ ਹੈ ਅਤੇ ਇਹ ਵੀ ਸਪਸ਼ਟ ਹੋ ਗਿਆ ਹੈ ਕਿ ਹਿੰਦੂ ਧਰਮ ਦੇ ਚਾਰ ਯੁਗਾਂ ਦੀ ਵਿਚਾਰਧਾਰਾ ਅਤੇ ਧਰਮ ਕਰਮ ਨਾਲ ਪ੍ਰਭ ਪ੍ਰਾਪਤੀ ਨਹੀਂ ਹੋ ਸਕਦੀ। ਇਸ ਕਰਕੇ ਗੁਰੂ ਰਵਿਦਾਸ ਜੀ ਨਿਰਾਸ਼ਾ ਪ੍ਰਗਟ ਕਰਦੇ ਹੋਏ ਰਹਾਉ ਵਿੱਚ ਫਰਮਾਉਂਦੇ ਹਨ ਕਿ ਹੇ ਦੁਨੀਆਂ ਦੇ ਲੋਕੋ! ਤੁਸੀਂ ਮੁਕਤੀ ਪਰਾਪਤ ਕਿਵੇਂ ਕਰੋਗੇ? ਤੁਸੀਂ ਚੁਰਾਸੀ ਲੱਖ ਜੂਨਾਂ ਦੇ ਚੱਕਰ ਵਿੱਚੋਂ ਕਿਵੇਂ ਨਿਕਲੋਗੇ? ਇਸ ਬਾਰੇ ਕੋਈ ਸਮਝਾਕੇ ਨਹੀਂ ਦੱਸਦਾ।

ਬੰਦ ਨੰ. ੨ ਵਿੱਚ ਗੁਰੂ ਰਵਿਦਾਸ ਜੀ ਸਪਸ਼ਟ ਕਰਦੇ ਹਨ ਕਿ ਹਿੰਦੂ ਧਰਮ ਦੇ ਸ਼ਾਸਤਰਾਂ ਅਨੁਸਾਰ ਹਰ ਯੁਗ ਦੇ ਵੱਖ-ਵੱਖ ਧਰਮ-ਕਰਮ ਹਨ। "ਬਹੁ ਬਿਧਿ ਧਰਮ ਨਿਰੂਪੀਐ" ਦਾ ਗੁਰੂ ਰਵਿਦਾਸ ਜੀ ਦਾ ਕਥਨ, ਜਿਸ ਨੂੰ ਪਹਿਲੇ ਬੰਦ ਵਿੱਚ ਵਿਆਖਿਆ ਸਹਿਤ ਵਿਚਾਰਿਆ ਗਿਆ ਹੈ, ਇਸ ਬੰਦ ਨੰ. ੨ ਦੀ ਪਹਿਲੀ ਤੁਕ ਵਿੱਚ ਹੋਰ ਸਪਸ਼ਟ ਕਰ ਦਿੱਤਾ ਗਿਆ ਹੈ ਕਿ ਇਸ ਧਰਮ-ਕਰਮ ਨੂੰ ਸਾਰੀ ਦੁਨੀਆਂ ਕਰਦੀ ਨਜ਼ਰ ਆ ਰਹੀ ਹੈ। ਪਰ ਗੁਰੂ ਰਵਿਦਾਸ ਜੀ ਪ੍ਰਸ਼ਨ ਕਰਦੇ ਹਨ ਕਿ ਅਨੇਕਾਂ ਕਰਮਾਂ ਵਿਚੋਂ ਕਿਹੜਾ ਕਰਮ ਕੀਤਾ ਜਾਵੇ ਜਿਸ ਨਾਲ ਪ੍ਰਭ ਪ੍ਰਾਪਤੀ ਹੋ ਸਕਦੀ ਹੈ ? ਗੁਰੂ ਜੀ ਸਮਝਾਉਂਦੇ ਹਨ ਕਿ ਹਿੰਦੂ ਧਰਮ ਅਨੁਸਾਰ ਧਰਮ-ਕਰਮ ਕਰਕੇ ਪ੍ਰਭ ਨਹੀਂ ਮਿਲ ਸਕਦਾ ਕਿਉਂਕਿ ਇਨ੍ਹਾਂ ਅਣਗਿਣਤ ਕਰਮਾਂ ਵਿਚੋਂ ਦ੍ਰਿੜ ਨਹੀਂ ਹੁੰਦਾ ਕਿ ਕਿਹੜੇ ਕਰਮ ਕਰਨ ਨਾਲ ਮੁਕਤੀ ਮਿਲ ਸਕਦੀ ਹੈ। ਇਸ ਕਾਰਣ ਗੁਰੂ ਜੀ ਨੇ ਚਾਰੇ ਯੁਗਾਂ ਦੀ ਵਿਚਾਰਧਾਰਾ ਅਤੇ ਧਰਮ-ਕਰਮ ਨੂੰ ਰੱਦ ਕੀਤਾ ਹੈ।

ਬੰਦ ਨੰ. ੧ ਅਤੇ ੨ ਵਿੱਚ ਪੂਰਨ ਤੌਰ ਤੇ ਆਦਿ ਤੋਂ ਲੈ ਕੇ ਅੰਤ ਤੱਕ ਦੀ ਹਿੰਦੂ ਧਰਮ ਦੀ ਵਿਚਾਰਧਾਰਾ ਅਤੇ ਧਰਮ ਕਰਮ ਨੂੰ ਰੱਦ ਕੀਤਾ ਗਿਆ ਹੈ।

ਬੰਦ ਨੰ. ੩ ਅਤੇ ੪ ਵਿੱਚ ਉਪਰੋਕਤ ਹਿੰਦੂ ਧਰਮ ਦੀ ਰੱਦ ਕੀਤੀ ਵਿਚਾਰਧਾਰਾ ਅਤੇ ਧਰਮ-ਕਰਮ ਵਿਚੋਂ ਗੁਰੂ ਰਵਿਦਾਸ ਜੀ ਨੇ ਸਭ ਤੋਂ ਵੱਧ

ਮਨੁੱਖਤਾ ਮਾਰੂ ਵਿਚਾਰਧਾਰਾ ਅਤੇ ਧਰਮ ਕਰਮ ਨੂੰ ਨਿਖੇੜਕੇ ਉਸ ਦਾ ਉਲੇਖ ਕੀਤਾ ਹੈ ਅਤੇ ਵੱਖਰੇ ਤੌਰ ਤੇ ਇਸ ਦਾ ਖੰਡਨ ਕੀਤਾ ਹੈ।

ਸੋ ਬੰਦ ਨੰ. ੩ ਵਿੱਚ ਵਰਣ-ਆਸ਼ਰਮ ਭਾਵ ਜਾਤ-ਪਾਤ ਅਤੇ ਛੂਤ-ਛਾਤ ਉਤੇ ਗੁਰੂ ਰਵਿਦਾਸ ਜੀ ਨੇ ਸ਼ਕਤੀਸ਼ਾਲੀ ਹਮਲਾ ਕਰਕੇ ਇਸ ਨੂੰ ਜੜ੍ਹਾਂ ਤੋਂ ਉਖੇੜ ਦਿੱਤਾ ਹੈ। ਉਨ੍ਹਾਂ ਨੇ ਹਿੰਦੂ ਧਰਮ ਦੇ ਗ੍ਰੰਥਾਂ ਦਾ ਡੂੰਘਾ ਅਧਿਐਨ ਕਰਕੇ ਵਰਣ-ਆਸ਼ਰਮ ਨੂੰ ਹਿੰਦੂ ਧਰਮ ਦਾ ਬੁਨਿਆਦੀ ਥੰਮ ਮੰਨਿਆ ਹੈ। ਇਸ ਲਈ ਵਰਣ-ਆਸ਼ਰਮ ਆਧਾਰਤ ਹਿੰਦੂ ਧਰਮ ਦੀ ਵਿਚਾਰਧਾਰਾ, ਮਨੁੱਖਤਾ ਲਈ ਸਭ ਤੋਂ ਵਧ ਮਾਰੂ ਅਤੇ ਘਿਨਾਉਣੀ ਵਿਚਾਰਧਾਰਾ ਹੈ। ਕਿਸੇ ਇਕ ਇਸ਼ਟ ਨੂੰ ਪੂਜਣ ਲਈ ਬ੍ਰਾਹਮਣ ਲਈ ਹੋਰ ਧਰਮ-ਕਰਮ ਹਨ, ਖੱਤਰੀ ਲਈ ਹੋਰ ਅਤੇ ਵੈਸ਼ ਲਈ ਹੋਰ ਧਰਮ ਕਰਮ ਹਨ। ਪਰ ਸ਼ੂਦਰ ਨੂੰ ਇਸ਼ਟ ਪੂਜਣ ਲਈ ਕੋਈ ਵੀ ਧਰਮ ਕਰਮ ਨਿਸ਼ਚਤ ਨਹੀਂ ਕੀਤਾ ਗਿਆ।

ਕਾਰਣ : ਹਿੰਦੂ ਧਰਮ ਗ੍ਰੰਥਾਂ ਅਨੁਸਾਰ ਸ਼ੂਦਰ ਇਸ਼ਟ ਦੀ ਪੂਜਾ ਹੀ ਨਹੀਂ ਕਰ ਸਕਦਾ, ਫਿਰ ਧਰਮ "ਕਰਮ" ਨਿਸ਼ਚਤ ਕਰਨ ਦੀ ਕੀ ਜ਼ਰੂਰਤ ਸੀ। *ਉਹ ਕੇਵਲ ਸੇਵਾ ਕਰੇ—ਇਸ਼ਟ ਦੀ ਨਹੀਂ, ਉਪਰਲੇ ਤਿੰਨਾਂ ਵਰਗਾਂ ਦੀ।* ਇਸ ਤੋਂ ਵੱਡਾ ਖਤਰਨਾਕ ਮਨੁੱਖਤਾ ਮਾਰੂ ਜ਼ੁਲਮ ਦੁਨੀਆਂ ਦੇ ਕਿਸੇ ਹੋਰ ਧਰਮ ਵਿੱਚ ਨਹੀਂ ਮਿਲਦਾ।

ਇਹ ਮਨੁੱਖਤਾ ਮਾਰੂ ਹਮਲਾ ਹੋਰ ਵੀ ਭਿਆਨਕ ਅਤੇ ਜ਼ਾਲਮਾਨਾ ਹੋ ਜਾਂਦਾ ਹੈ ਜਦੋਂ ਹਿੰਦੂ ਧਰਮ "ਅਕਰਮ" ਭਾਵ ਵਰਜਤ ਕਰਮਾਂ ਦੀ ਗਲ ਕਰਦਾ ਹੈ। ਸ਼ੂਦਰ ਲਈ ਵਰਜਤ ਧਰਮ ਕਰਮ ਇਹ ਹਨ—ਉਹ ਪ੍ਰਭ-ਪ੍ਰਾਪਤੀ ਲਈ ਭਗਤੀ ਨਹੀਂ ਕਰ ਸਕਦਾ। ਭਗਤੀ ਕਰਨ ਦੀ ਸਜ਼ਾ ਮੌਤ ਹੈ। ਮਹਾਂਰਿਸ਼ੀ ਸ਼ੰਭੂਕ ਦੀ ਉਦਾਹਰਣ ਹੀ ਇਸ ਸਜ਼ਾ ਨੂੰ ਸਾਬਤ ਕਰਨ ਲਈ ਕਾਫੀ ਹੈ। ਵੇਦ ਨਹੀਂ ਪੜ ਸਕਦਾ; ਇਸ ਦੀ ਕੁਤਾਹੀ ਕਰਨ ਨਾਲ ਜੀਭ ਕੱਟੀ ਜਾਂਦੀ ਹੈ, ਵੇਦ ਸੁਣ ਨਹੀਂ ਸਕਦਾ; ਇਸ ਦੀ ਕੁਤਾਹੀ ਕਾਰਣ ਕੰਨਾਂ ਵਿੱਚ ਸਿੱਕਾ ਢਾਲ ਕੇ ਪਾ ਦਿੱਤਾ ਜਾਂਦਾ ਹੈ; ਉਹ ਵਿਦਿਆ ਨਹੀਂ ਪੜ੍ਹ ਸਕਦਾ, ਮੰਦਰ ਨਹੀਂ ਜਾ ਸਕਦਾ ਅਤੇ ਹੋਰ ਹਜ਼ਾਰਾਂ ਅਜਿਹੇ ਦਿਲ ਹਿਲਾ ਦੇਣ ਵਾਲੇ ਜ਼ੁਲਮ ਹਿੰਦੂ ਧਰਮ ਵਿੱਚ ਦਰਜ ਹਨ। ਇਸ ਕਰਕੇ ਗੁਰੂ ਰਵਿਦਾਸ ਜੀ ਨੇ ਉਚੇਚੇ ਤੌਰ ਤੇ ਅਜਿਹੇ ਘਿਨਾਉਣੇ, ਖਤਰਨਾਕ, ਮਨੁੱਖਤਾ ਮਾਰੂ ਜ਼ੁਲਮਾਂ ਦਾ ਖਾਤਮਾ ਕਰਨ ਲਈ ਵੇਦਾਂ ਅਤੇ ਪੁਰਾਣਾਂ ਦੇ ਸਾਰੇ ਧਰਮਾਂ, ਕਰਮਾਂ, ਅਕਰਮਾਂ ਨੂੰ ਰੱਦ ਕਰ ਦਿੱਤਾ ਹੈ, ਭਾਵ ਹਿੰਦੂ ਧਰਮ ਦੀ ਖਤਰਨਾਕ ਮਨੁੱਖਤਾ ਮਾਰੂ ਵਿਚਾਰਧਾਰਾ ਨੂੰ ਮੁੱਢੋਂ ਹੀ ਰੱਦ ਕਰ ਦਿੱਤਾ ਹੈ ਅਤੇ ਸਪਸ਼ਟ ਕੀਤਾ ਹੈ ਕਿ ਵੇਦਾਂ ਅਤੇ ਪੁਰਾਣਾਂ ਤੇ ਪੂਰਨ ਤੌਰ ਤੇ ਵਿਚਾਰ ਕਰਨ ਪਿਛੋਂ ਇਹ ਸਿੱਟਾ ਨਿਕਲਦਾ ਹੈ ਕਿ ਵੇਦਾਂ ਅਤੇ ਪੁਰਾਣਾਂ ਨੂੰ ਸੁਣਕੇ ਅਤੇ ਇਨ੍ਹਾਂ ਅਨੁਸਾਰ ਕਰਮ-ਅਕਰਮ ਵਿਚਾਰ ਕੇ ਧਰਮ ਕਰਮ ਕਰਨ ਨਾਲ ਪ੍ਰਭ ਪ੍ਰਾਪਤੀ ਦੀ

ਥਾਂ ਗਿਰਾਵਟ ਹੀ ਪੱਲੇ ਪੈਂਦੀ ਹੈ। ਸ਼ੱਕ, ਸੰਸੇ ਅਤੇ ਭਰਮ ਹੀ ਉਤਪੰਨ ਹੁੰਦੇ ਹਨ। ਇਨ੍ਹਾਂ ਵੇਦਾਂ ਅਤੇ ਪੁਰਾਣਾਂ ਦੀ ਵਿਚਾਰਧਾਰਾ ਹੰਕਾਰ ਨੂੰ ਮਿਟਾਉਣ ਦੇ ਸਮਰਥ ਨਹੀਂ ਹੈ, ਸਗੋਂ ਇਸ ਦੀ ਪਾਲਣਾ ਕਰਨ ਨਾਲ ਹੰਕਾਰ ਅਤੇ ਜ਼ੁਲਮ ਕਰਨ ਦੀ ਭਾਵਨਾ ਵਧਦੀ ਅਤੇ ਤੀਖਣ ਹੁੰਦੀ ਹੈ। ਸੋ ਗੁਰੂ ਜੀ ਦ੍ਰਿੜ ਕਰਦੇ ਹਨ ਕਿ ਵੇਦਾਂ ਅਤੇ ਪੁਰਾਣਾਂ ਦੀ ਵਿਚਾਰਧਾਰਾ ਮੂਲੋਂ ਹੀ ਮਨੁੱਖਤਾ ਮਾਰੂ ਅਤੇ ਜ਼ੁਲਮ ਪੈਦਾ ਕਰਨ ਵਾਲੀ ਹੈ। ਇਸ ਕਰਕੇ ਉਹ ਸ਼ਕਤੀਸ਼ਾਲੀ ਦਲੀਲਾਂ ਦੇਕੇ ਇਸ ਵਿਚਾਰਧਾਰਾ ਦਾ ਖੰਡਨ ਕਰਦੇ ਹਨ ਅਤੇ ਪ੍ਰਸ਼ਨ ਕਰਦੇ ਹਨ ਕਿ ਹਿੰਦੂ ਧਰਮ ਦੀ ਵਿਚਾਰਧਾਰਾ ਤਾਂ ਪ੍ਰਭ-ਮਿਲਾਪ ਦੇ ਸਮਰਥ ਨਹੀਂ ਹੈ ਅਤੇ ਨਾ ਹੀ ਹੰਕਾਰ ਨੂੰ ਕਾਬੂ ਕਰਨ ਦਾ ਸਾਧਨ ਬਣ ਸਕਦੀ ਹੈ। ਫਿਰ ਹੰਕਾਰ ਨੂੰ ਕਿਵੇਂ ਕਾਬੂ ਕੀਤਾ ਜਾਵੇ?

ਗੁਰੂ ਰਵਿਦਾਸ ਜੀ ਨੇ ਬੰਦ ਨੰ. ੪ ਵਿੱਚ ਸਪਸ਼ਟ ਕੀਤਾ ਹੈ ਕਿ ਤੀਰਥਾਂ ਦਾ ਇਸ਼ਨਾਨ ਹਾਥੀ ਦੇ ਇਸ਼ਨਾਨ ਵਾਂਗ ਹੈ ਜਿਹੜਾ ਇਸ਼ਨਾਨ ਪਿੱਛੋਂ ਆਪਣੇ ਸਿਰ ਖੇਹ ਪਾ ਲੈਂਦਾ ਹੈ। ਇਸੇ ਤਰ੍ਹਾਂ ਜੀਵ ਇਸ਼ਨਾਨ ਤੋਂ ਝਟਪਟ ਪਿਛੋਂ ਪੂਰੇ ਜ਼ੋਰ ਸ਼ੋਰ ਨਾਲ ਵਿਕਾਰੀ ਕਰਮ ਕਰਨ ਵਿੱਚ ਜੁਟ ਜਾਂਦਾ ਹੈ। ਕਾਰਣ : ਇਸ਼ਨਾਨ ਕਰਨ ਨਾਲ ਮਨ ਤਾਂ ਪਵਿੱਤਰ ਹੋਇਆ ਹੀ ਨਹੀਂ, ਵਿਕਾਰ ਜਿਉਂ ਦੇ ਤਿਉਂ ਮਨ ਵਿੱਚ ਕਾਇਮ ਰਹਿੰਦੇ ਹਨ। ਵਿਕਾਰ, ਇਸ਼ਨਾਨ ਕਰਨ ਪਿੱਛੋਂ ਸਗੋਂ ਪਹਿਲਾਂ ਨਾਲੋਂ ਵਧ ਵਿਕਾਸ ਕਰਦੇ ਹਨ ਕਿਉਂਕਿ ਇਸ਼ਨਾਨ ਕਰਨ ਨਾਲ ਪਵਿੱਤਰਤਾ ਦਾ ਸਰਟੀਫਿਕੇਟ ਮਿਲ ਜਾਂਦਾ ਹੈ ਅਤੇ ਜੀਵ ਇਸ ਦੀ ਆੜ ਵਿੱਚ ਵਧ ਜ਼ੋਰ ਅਤੇ ਜੋਸ਼ ਨਾਲ ਕੁਕਰਮਾਂ ਰਾਹੀਂ ਪਾਪਾਂ ਨੂੰ ਫੈਲਾਉਣਾ ਅਰੰਭ ਕਰ ਦਿੰਦਾ ਹੈ। ਗੁਰੂ ਰਵਿਦਾਸ ਜੀ ਸਪਸ਼ਟ ਕਰਦੇ ਹਨ ਕਿ ਫਿਰ ਅਜਿਹੇ ਵਿਖਾਵੇ ਵਾਲੇ ਇਸ਼ਨਾਨ ਆਦਿ ਕਰਮ ਨਾਲ ਸ਼ੁੱਧ ਕਿਵੇਂ ਹੋਇਆ ਜਾ ਸਕਦਾ ਹੈ ?

ਉਪਰੋਕਤ ਚਰਚਾ ਤੋਂ ਸਪਸ਼ਟ ਹੁੰਦਾ ਹੈ ਕਿ ਗੁਰੂ ਰਵਿਦਾਸ ਜੀ ਨੇ ਹਿੰਦੂ ਧਰਮ ਦੀ ਮਨੁੱਖਤਾ ਮਾਰੂ ਵਿਚਾਰਧਾਰਾ ਦਾ ਆਦਿ ਤੋਂ ਲੈਕੇ ਅੰਤ ਤੱਕ ਹਰ ਪੱਖੋਂ ਖੰਡਨ ਕੀਤਾ ਹੈ। ਇਸ ਦੀ ਥਾਂ ਉਹ ਬੰਦ ਨੰ: ੫ ਤੋਂ ੮ ਤੱਕ ਆਪਣੀ ਵਿਗਿਆਨਕ, ਸਰਵ ਪ੍ਰਵਾਨਤ ਅਤੇ ਸਰਬਤ ਦੇ ਭਲੇ ਲਈ ਇਕ ਨਵੀਂ ਵਿਸ਼ਵ-ਵਿਆਪੀ ਵਿਚਾਰਧਾਰਾ ਦੀ ਸਿਰਜਣਾ ਕਰਕੇ ਨਵੇਂ ਵਿਸ਼ਵ-ਧਰਮ ਦੀ ਸਿਰਜਣਾ ਕਰਦੇ ਹਨ।

ਬੰਦ ਨੰ: ੫ ਵਿੱਚ ਗੁਰੂ ਰਵਿਦਾਸ ਜੀ ਆਪਣੀ ਵਿਚਾਰਧਾਰਾ ਦਿੰਦੇ ਸਪਸ਼ਟ ਕਰਦੇ ਹਨ। ਪ੍ਰਭ ਪ੍ਰਾਪਤੀ ਲਈ ਗੁਰੂ ਦੀ ਲੋੜ ਹੈ ਜਿਹੜਾ ਬ੍ਰਹਮ-ਗਿਆਨ ਨਾਲ ਭਰਪੂਰ ਕਰਕੇ ਸਾਧਕ ਨੂੰ ਪ੍ਰਭ ਨਾਲ ਮਿਲਾਉਂਦਾ ਹੈ। ਇਸ ਤੱਥ ਨੂੰ ਗੁਰੂ ਜੀ ਦ੍ਰਿੜ ਕਰਦੇ ਹਨ ਕਿ ਜਿਵੇਂ ਸੂਰਜ ਦਾ ਪ੍ਰਕਾਸ਼ ਘੁੱਪ ਹਨੇਰੀ ਰਾਤ ਨੂੰ ਅੱਖ ਦੇ ਝਪਕਾਰੇ ਨਾਲ ਪ੍ਰਕਾਸ਼ਮਾਨ ਕਰ ਦਿੰਦਾ ਹੈ, ਜਿਸ ਤਰ੍ਹਾਂ ਪਾਰਸ ਨਾਲ ਛੁਹਦਿਆਂ ਹੀ ਤਾਂਬੇ ਨੂੰ ਸੋਨਾ ਬਣਨ ਵਿੱਚ ਢਿੱਲ ਨਹੀਂ ਲਗਦੀ, ਉਸੇ ਤਰ੍ਹਾਂ ਪਰਮ ਗੁਰੂ ਭਾਵ ਬ੍ਰਹਮ-ਗੁਰੂ ਅੱਗੇ ਤਨ ਅਤੇ ਮਨ ਅਰਪਨ ਕਰਦਿਆਂ ਹੀ ਮਨੁੱਖ ਉਸ

ਦੇ ਬ੍ਰਹਮ-ਪ੍ਰਕਾਸ਼ ਭਾਵ ਬ੍ਰਹਮ-ਗਿਆਨ ਨਾਲ ਪ੍ਰਕਾਸ਼ਮਾਨ ਹੋ ਬ੍ਰਹਮ ਵਰਗਾ ਹੀ ਹੋ ਜਾਂਦਾ ਹੈ। ਇਸ ਅਟੱਲ ਸਚਾਈ ਨੂੰ ਸਾਰੀ ਦੁਨੀਆਂ ਜਾਣਦੀ ਹੈ।

ਇਹ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਦਾ ਪਹਿਲਾ ਸਿਧਾਂਤ ਹੈ। ਪ੍ਰਭ ਪ੍ਰਾਪਤੀ ਲਈ ਗੁਰੂ ਦੀ ਲੋੜ ਹੈ ਅਤੇ ਗੁਰੂ ਵੀ ਅਜਿਹਾ ਹੋਵੇ ਜਿਸ ਅੱਗੇ ਤਨਮਨ ਅਰਪਨ ਕਰਦਿਆਂ ਹੀ ਜਿਸ ਦੀ ਛੋਹ ਨਾਲ ਭਾਵ ਜਿਸ ਦੀ ਅਗਵਾਈ ਨਾਲ ਪ੍ਰਭ ਪ੍ਰਾਪਤੀ ਦੇ ਕਵਾੜ ਖੁਲ ਜਾਂਦੇ ਹਨ। ਸੂਰਜ ਦੇ ਪ੍ਰਕਾਸ਼ ਵਾਂਗ ਗੁਰੂ ਦਾ ਗਿਆਨ ਵੀ ਵਿਸ਼ਵ ਵਿਆਪੀ, ਸਰਬੱਤ ਦੇ ਭਲੇ ਵਾਲਾ ਅਤੇ ਮਾਇਆ ਦੇ ਸਾਰੇ ਵਿਕਾਰਾਂ ਦਾ ਨਾਸ਼ ਕਰਨ ਵਾਲਾ ਹੈ।

ਅਗਲੇ ਬੰਦ ਨੰ: ੬ ਵਿੱਚ ਸਪਸ਼ਟ ਕਰਦੇ ਹਨ ਕਿ ਪਰਮ ਪਾਰਸ ਗੁਰੂ ਭਾਵ ਬ੍ਰਹਮ-ਗੁਰੂ ਤਾਂ ਪ੍ਰਾਪਤ ਹੀ ਤਾਂ ਹੁੰਦਾ ਹੈ ਜੇਕਰ ਮਨੁੱਖ ਆਪਣੇ ਇਸੇ ਜਨਮ ਵਿੱਚ ਗੁਰੂ ਨੂੰ ਮਿਲਣ ਲਈ ਕਿਰਿਆਸ਼ੀਲ ਹੈ ਅਤੇ ਇਸ ਮੰਤਵ ਲਈ ਉਪਰਾਲੇ ਕਰ ਰਿਹਾ ਹੈ। "ਪੂਰਬ ਲਿਖਤ ਲਿਲਾਟ" ਦਾ ਅਰਥ ਹਰਗਿਜ਼ "ਪਿਛਲੇ ਜਨਮ ਦੇ ਕਰਮਾਂ ਦੀ ਕਿਸਮਤ" ਨਹੀਂ ਹੈ। ਜੇ ਗੁਰੂ ਦੀ ਪ੍ਰਾਪਤੀ ਪਿਛਲੇ ਜਨਮ ਦੇ ਕਰਮਾਂ ਤੇ ਆਧਾਰਤ ਹੈ ਤਾਂ ਮਨੁੱਖ ਲਈ ਪ੍ਰਭ ਨੂੰ ਮਿਲਣ ਲਈ ਕੋਸ਼ਿਸ਼ ਕਰਨ ਦਾ ਕੋਈ ਅਰਥ ਹੀ ਨਹੀਂ ਰਹਿੰਦਾ।

ਦੂਜੇ, ਜੇ ਪਿਛਲੇ ਜਨਮ ਅਨੁਸਾਰ ਮਨੁੱਖ ਨੇ ਕਰਮ ਕਰਨੇ ਹਨ ਤਾਂ ਫਿਰ ਇਕ ਵਾਰ ਕੀਤੇ ਭੈੜੇ ਕਰਮ ਕਦੇ ਵੀ ਧੋਤੇ ਨਹੀਂ ਜਾ ਸਕਣਗੇ। ਕਿਉਂਕਿ ਕਿਸੇ ਵੀ ਜਨਮ ਵਿੱਚ ਪੂਰਬਾਲੇ ਜਨਮ ਦੇ ਕਰਮ ਉਸ ਦਾ ਪਿਛਾ ਨਹੀਂ ਛਡਣਗੇ। ਫਿਰ ਗੁਰਬਾਣੀ ਜਾਂ ਗੁਰੂ ਦੀ ਕੀ ਲੋੜ ਹੈ, ਜਦ ਚੁਰਾਸੀ ਦਾ ਚਕਰ ਮੁਕਣਾ ਹੀ ਨਹੀਂ? ਸੋ "ਪੂਰਬ ਲਿਖਤ ਲਿਲਾਟ" ਦਾ ਅਰਥ ਹੈ- ਇਸੇ ਜਨਮ ਵਿੱਚ ਕੀਤੇ ਜਨਮ ਤੋਂ ਲੈਕੇ ਅੱਜ ਤੱਕ ਦੇ ਕਰਮਾਂ ਕਾਰਣ ਬਣੀ ਕਿਸਮਤ। ਇਨਾਂ ਅਰਥਾਂ ਦਾ ਸਮਰਥਨ ਗੁਰੂ ਰਵਿਦਾਸ ਜੀ ਦੇ ਕਈ ਸ਼ਬਦਾਂ ਤੋਂ ਹੋ ਜਾਂਦਾ ਹੈ। ਉਹ ਤਾਂ ਮਨੁੱਖਾਂ ਜਨਮ ਨੂੰ ਬਿਲਕੁਲ ਪਵਿਤਰ ਅਤੇ 'ਪੁੰਨ ਫਲ' ਭਾਵ ਪੁੰਨ ਦੇ ਕਰਮਾਂ ਦੇ ਸਿੱਟੇ ਵਜੋਂ ਦ੍ਰਿੜ ਕਰਦੇ ਹਨ। ਉਹ ਤਾਂ ਮਨੁੱਖਾ ਜਨਮ ਨੂੰ "ਮਨੁਖਾ ਅਵਤਾਰ ਦੁਲਭ" ਕਹਿੰਦੇ ਹਨ ਭਾਵ ਮਨੁੱਖ ਦਾ ਜਨਮ ਅਵਤਾਰ ਭਾਵ ਪਵਿੱਤਰ ਹੈ। ਇਸ ਕਰਕੇ ਇਹ ਪਵਿੱਤਰ ਮਨੁੱਖਾ ਜਨਮ ਚੁਰਾਸੀ ਲੱਖ ਜੂਨਾਂ ਵਿਚੋ ਦੁਰਲਭ ਹੈ ਭਾਵ ਇਹ ਬੜੀ ਮੁਸ਼ਕਲ ਨਾਲ ਪ੍ਰਾਪਤ ਹੁੰਦਾ ਹੈ। ਇਸ ਚਰਚਾ ਤੋਂ ਦ੍ਰਿੜ ਹੋ ਜਾਂਦਾ ਹੈ ਕਿ ਮਨੁੱਖ ਦੇ ਜਨਮ ਨਾਲ ਕੋਈ ਪੂਰਵਲੇ ਕਰਮ ਨਹੀਂ ਜੁੜੇ ਹੁੰਦੇ। ਸਗੋਂ ਜਨਮ ਵੇਲੇ ਮਨੁੱਖ ਬਿਲਕੁਲ ਪਵਿਤਰ ਅਤੇ ਸਾਫ ਮਨ ਹੁੰਦਾ ਹੈ। ਸੋ ਜਨਮ ਤੋਂ ਪਿਛੋ ਜੋ ਵੀ ਕਰਮ ਕਰਦਾ ਹੈ ਉਹ ਹੀ ਉਨ੍ਹਾਂ ਦੀ ਕਿਸਮਤ ਬਣਦੀ ਹੈ।

ਸੋ ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਉਸ ਜਨਮ ਦੇ ਸ਼ੁਰੂ ਤੋਂ ਹੁਣ

ਤੱਕ ਦੇ ਕੀਤੇ ਕਰਮ ਭਾਵ ਇਸ ਜਨਮ ਦੇ ਪੂਰਵਲੇ ਕਰਮ ਜੇ ਮਥੇ ਤੇ ਲਿਖੇ ਜਾਣ ਭਾਵ ਪ੍ਰਵਾਨ ਹੋ ਜਾਣ ਤਾਂ ਬ੍ਰਹਮ-ਗੁਰੂ ਦੀ ਪ੍ਰਾਪਤੀ ਅਰਥਾਤ ਗੁਰੂ ਦੇ ਬ੍ਰਹਮ-ਗਿਆਨ ਦੀ ਪ੍ਰਾਪਤੀ ਹੁੰਦੀ ਹੈ ਅਤੇ ਫਿਰ ਗੁਰੂ ਦੀ ਕ੍ਰਿਪਾ ਨਾਲ ਮਨ ਸੰਸਾਰ ਵਲੋਂ ਨਿਰ-ਸੰਕਲਪ ਹੋਕੇ ਭਾਵ ਮਾਇਆ ਤੋਂ ਮੁਕਤ ਹੋ ਕੇ ਮੁੜ ਅੰਦਰਲੇ ਮਨ ਨਾਲ ਆ ਜੁੜਦਾ ਹੈ ਤਾਂ ਮਨ ਦੇ ਕਵਾੜ ਖੁਲ ਜਾਂਦੇ ਹਨ ਭਾਵ ਪ੍ਰਭ ਪ੍ਰਾਪਤ ਹੋ ਜਾਂਦਾ ਹੈ।

ਇਸ ਤੋਂ ਅਗਲੇ ਬੰਦ ਨੰ;੭ ਵਿੱਚ ਗੁਰੂ ਰਵਿਦਾਸ ਜੀ ਦ੍ਰਿੜ ਕਰਦੇ ਹਨ ਕਿ ਇਸ ਢੰਗ ਨਾਲ ਬ੍ਰਹਮ-ਗੁਰੂ ਦੇ ਬ੍ਰਹਮ-ਗਿਆਨ (ਜੁਗਤਿ) ਨੂੰ ਅਮਲੀ (Practical) ਰੂਪ ਵਿੱਚ ਉਪਾਸਨਾ (ਭਗਤਿ) ਨਾਲ ਪਰਪੱਕ ਕਰਕੇ ਭਰਮ, ਸ਼ਾਸਤਰਾਂ ਦੇ ਬੰਧਨ ਅਤੇ ਮਾਇਆ ਦੇ ਸਭ ਵਿਕਾਰ ਨਾਸ਼ ਹੋ ਗਏ ਹਨ ਅਤੇ ਮੇਰੇ ਅੰਤਹਿਕਰਣ (ਮਨ) ਦੇ ਵਿਚਾਰ (ਮਤਿ) ਪਵਿੱਤਰ (ਸਤਿ) ਹੋ ਗਏ ਹਨ। ਇਸ ਕਰਕੇ ਪ੍ਰਭ ਦਾ ਅੰਮ੍ਰਿਤਮਈ ਆਨੰਦ ਮਨ ਵਿੱਚ ਵਸ ਗਿਆ ਹੈ। ਹੁਣ ਇੱਕੋ ਇੱਕ ਪ੍ਰਭ ਦਾ ਬ੍ਰਹਮ-ਗਿਆਨ ਮਨ ਵਿੱਚ ਰਹਿ ਗਿਆ ਹੈ।

ਇਹ ਦੂਜਾ ਸਿਧਾਂਤ ਹੈ ਜਿਸ ਵਿਧੀ ਨਾਲ ਪ੍ਰਭ ਪ੍ਰਾਪਤ ਕੀਤਾ ਜਾ ਸਕਦਾ ਹੈ। ਗਿਆਨ ਦੀ ਉਪਾਸਨਾ ਰਾਹੀਂ ਅਮਲੀ ਰੂਪ ਵਿੱਚ ਹਰ ਰੋਜ਼ ਦੇ ਕੰਮਾਂ ਵਿੱਚ ਵਰਤੋਂ ਜ਼ਰੂਰੀ ਹੈ।

ਸੋ ਛੇਵੇਂ ਬੰਦ ਵਿੱਚ ਪ੍ਰਭ-ਪ੍ਰਾਪਤੀ ਲਈ ਸਿਧਾਂਤ ਦਸਿਆ ਹੈ ਅਤੇ ਸਤਵੇਂ ਬੰਦ ਵਿੱਚ, ਇਸ ਸਿਧਾਂਤ ਨੂੰ ਅਮਲ (Practice) ਵਿੱਚ ਲਿਆ ਕੇ ਪ੍ਰਭ-ਪ੍ਰਾਪਤੀ ਦੀ ਵਿਧੀ ਰਾਹੀਂ ਪ੍ਰਭ-ਪ੍ਰਾਪਤੀ ਦ੍ਰਿੜ ਕੀਤੀ ਗਈ ਹੈ।

ਗੁਰੂ ਰਵਿਦਾਸ ਜੀ ਆਖਰ ਵਿੱਚ ਬੰਦ ਨੰ;੮ ਵਿੱਚ ਹੋਰ ਸਪਸ਼ਟ ਕਰਦੇ ਹਨ ਕਿ ਉਪਰੋਕਤ ਵਿਧੀ ਤੋਂ ਬਿਨਾਂ ਪ੍ਰਭ ਪ੍ਰਾਪਤੀ ਸੰਭਵ ਨਹੀ ਹੈ। ਉਹ ਦ੍ਰਿੜ ਕਰਦੇ ਹਨ ਕਿ ਮੈਂ ਬ੍ਰਹਮ-ਗੁਰੂ ਦੇ ਬ੍ਰਹਮ-ਗਿਆਨ ਤੋਂ ਬਿਨਾਂ ਹੋਰ ਹਿੰਦੂ ਧਰਮ ਸ਼ਾਸਤਰਾਂ ਅਨੁਸਾਰ ਹੱਠ ਕਰਕੇ ਮਨ ਨੂੰ ਭਰਮਾਂ, ਬੰਧਨਾਂ ਅਤੇ ਵਿਕਾਰਾਂ ਤੋਂ ਰੋਕਣ ਦੇ ਅਨੇਕਾਂ ਯਤਨ ਕੀਤੇ, ਪਰ ਮਨ ਇਨ੍ਹਾਂ ਤੋਂ ਮੁਕਤ ਨਹੀਂ ਹੋ ਸਕਿਆ। ਇਨ੍ਹਾਂ ਹਿੰਦੂ ਧਰਮ ਦੇ ਗ੍ਰੰਥਾਂ ਨਾਲ ਪ੍ਰਭੂ ਪ੍ਰਾਪਤੀ ਲਈ ਪ੍ਰਭ ਨਾਲ ਪ੍ਰੇਮ ਦੀ ਉਤਪਤੀ ਨਹੀਂ ਹੁੰਦੀ। ਇਸ ਕਰਕੇ ਮੈਂ (ਰਵਿਦਾਸ) ਉਦਾਸ ਹਾਂ।

ਇਸ ਤਰ੍ਹਾਂ ਗੁਰੂ ਰਵਿਦਾਸ ਜੀ ਦੀ ਨਵੇਂ ਵਿਸ਼ਵ ਧਰਮ ਦੀ ਨਵੀਂ ਵਿਸ਼ਵ-ਵਿਆਪੀ ਵਿਚਾਰਧਾਰਾ ਦੀ ਉਤਪਤੀ ਹੁੰਦੀ ਹੈ। ਜਿਸ ਵਿੱਚ ਇਕ ਪ੍ਰਭ ਦੀ ਉਪਾਸਨਾ ਹੈ। ਗੁਰੂ ਦੇ ਗਿਆਨ ਨਾਲ ਉਪਾਸਨਾ ਕਰਕੇ ਪ੍ਰਭ ਪ੍ਰਾਪਤੀ ਕੀਤੀ ਜਾ ਸਕਦੀ ਹੈ। ਹਿੰਦੂ ਧਰਮ ਗ੍ਰੰਥ ਅਤੇ ਸ਼ਾਸਤਰਾਂ ਨਾਲ ਪ੍ਰਭ ਪ੍ਰਾਪਤੀ ਉੱਕਾ ਹੀ ਨਹੀਂ ਹੋ ਸਕਦੀ।

ਸ਼ਬਦ ਅਰਥ :— ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਹਿੰਦੂ ਧਰਮ ਦੇ ਗ੍ਰੰਥਾਂ ਅਤੇ ਸ਼ਾਸਤਰਾਂ ਅਨੁਸਾਰ ਸਤਿਯੁਗ ਵਿੱਚ ਇਸ਼ਟ ਨੂੰ ਖੁਸ਼ ਕਰਨ ਲਈ ਦਾਨ, ਤ੍ਰੇਤਾ ਯੁੱਗ ਵਿੱਚ ਯੱਗ ਅਤੇ ਪਸ਼ੂਬਲੀ, ਦੁਆਪਰ ਯੁੱਗ ਵਿੱਚ ਦੇਵਤਿਆਂ ਦੀ ਪੂਜਾ ਅਤੇ ਕਲਿਯੁਗ ਵਿੱਚ ਕੇਵਲ ਸ੍ਰੀ ਰਾਮ, ਸ੍ਰੀ ਕ੍ਰਿਸ਼ਨ ਅਵਤਾਰ ਪੂਜਾ ਭਾਵ ਮੂਰਤੀ ਪੂਜਾ ਆਦਿ ਹਰ ਇਕ ਯੁੱਗ ਦੇ ਲਈ ਵੱਖ ਵੱਖ ਧਰਮ ਕਰਮ ਜ਼ਰੂਰੀ ਹਨ॥ ੧॥

ਇਸ ਕਰਕੇ ਗੁਰੂ ਜੀ ਸਪਸ਼ਟ ਕਰਦੇ ਹਨ ਕਿ ਉਪਰੋਕਤ ਹਿੰਦੂ ਧਰਮ ਦੇ ਧਰਮ ਕਰਮ ਨਾਲ ਪ੍ਰਭ ਪ੍ਰਾਪਤੀ ਨਹੀਂ ਹੋ ਸਕਦੀ। ਇਸ ਕਰਕੇ ਹਿੰਦੂ ਧਰਮ ਦੀ ਵਿਚਾਰਧਾਰਾ ਅਤੇ ਧਰਮ ਕਰਮ ਨੂੰ ਰੱਦ ਕਰਕੇ ਪ੍ਰਸ਼ਨ ਕਰਦੇ ਹਨ ਕਿ ਮੈਂ ਇਸ ਭਵ-ਸਾਗਰ ਤੋਂ ਪਾਰ ਕਿਵੇਂ ਹੋਵਾਂਗਾ? ਮੈਨੂੰ ਕੋਈ ਵੀ ਇਹ ਸਮਝਾ ਕੇ ਸਪਸ਼ਟ ਨਹੀਂ ਕਰ ਰਿਹਾ ਕਿ ਚੁਰਾਸੀ ਲੱਖ ਜੂਨਾਂ ਦੇ ਚੱਕਰ ਵਿਚੋਂ ਮੇਰਾ ਪਾਰ ਉਤਾਰਾ ਕਿਵੇਂ ਹੋਵੇਗਾ?। ੧॥ ਰਹਾਉ॥

ਹਿੰਦੂ ਧਰਮ ਗ੍ਰੰਥਾਂ ਅਤੇ ਸ਼ਾਸਤਰਾਂ ਅਨੁਸਾਰ ਅਨੇਕਾ ਵਿਧੀਆਂ ਰਾਹੀਂ ਹਰ ਯੁਗ ਦੇ ਵੱਖ-ਵੱਖ ਧਰਮ ਕਰਮ ਨਿਸ਼ਚਤ ਕੀਤੇ ਗਏ ਹਨ, ਜਿਸ ਨੂੰ ਦੁਨੀਆਂ ਕਰਦੀ ਨਜ਼ਰ ਆਉਂਦੀ ਹੈ। ਪਰ ਗੁਰੂ ਰਵਿਦਾਸ ਜੀ ਪ੍ਰਸ਼ਨ ਕਰਦੇ ਹਨ ਕਿ ਕਿਹੜੇ ਕਰਮ ਨੂੰ ਸਾਧਿਆ ਜਾਵੇ ਭਾਵ ਕਿਹੜੇ ਕਰਮ ਅਨੁਸਾਰ ਭਗਤੀ ਕੀਤੀ ਜਾਵੇ ਜਿਸ ਨਾਲ ਮੁਕਤੀ ਪ੍ਰਾਪਤ ਹੋ ਸਕੇ?। ੨॥

ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਇਥੇ ਹੀ ਬਸ ਨਹੀਂ, ਹਿੰਦੂ ਧਰਮ ਦੇ ਗ੍ਰੰਥ ਅਤੇ ਸ਼ਾਸਤਰ ਹਰ ਯੁਗ ਦਾ ਵੱਖ-ਵੱਖ ਧਰਮ ਕਰਮ ਤਾਂ ਨਿਸ਼ਚਤ ਕਰਦੇ ਹੀ ਹਨ, ਉਹ ਬ੍ਰਾਹਮਣ, ਖਤਰੀ, ਵੈਸ਼ ਅਤੇ ਸ਼ੂਦਰ ਦੇ ਵੀ ਧਰਮ ਕਰਮ ਨਿਸ਼ਚਤ ਕਰਦੇ ਹਨ। ਜਿਨ੍ਹਾਂ ਵਿੱਚੋਂ ਵੇਦ, ਪੁਰਾਣ ਕੁਝ ਕਰਮ ਕਰਨ ਦੀ ਆਗਿਆ ਦਿੰਦੇ ਹਨ ਅਤੇ ਕੁਝ ਕਰਮ ਕਰਨ ਤੋਂ ਵਰਜਦੇ ਹਨ। ਜਿਸ ਕਾਰਣ ਵੇਦਾਂ, ਪੁਰਾਣਾਂ ਆਦਿ ਨੂੰ ਸੁਣ ਕੇ ਸ਼ੰਕਾ ਹੋਰ ਵੀ ਵਧ ਜਾਂਦਾ ਹੈ ਅਤੇ ਭਰਮ ਅਤੇ ਵਿਕਾਰ ਮਨ ਵਿੱਚ ਹੋਰ ਪੀਡੇ ਹੋ ਜਾਂਦੇ ਹਨ। ਇਸ ਕਰਕੇ ਗੁਰੂ ਜੀ ਪ੍ਰਸ਼ਨ ਕਰਦੇ ਹਨ ਕਿ ਵੇਦਾਂ ਪੁਰਾਣਾਂ ਨੂੰ ਸੁਣ ਕੇ ਤਾਂ ਭਰਮ ਵਿਕਾਰ ਮਨ ਵਿੱਚ ਸਦਾ ਲਈ ਟਿਕ ਗਏ ਹਨ, ਹੁਣ ਇਨ੍ਹਾਂ ਸਦਕਾ ਪੈਦਾ ਹੋਏ ਹੰਕਾਰ ਨੂੰ ਅਭਿਮਾਨ ਨੂੰ ਮਨ ਵਿਚੋਂ ਕਿਵੇਂ ਦੂਰ ਕੀਤਾ ਜਾਵੇ?। ੩॥

ਹਿੰਦੂ ਧਰਮ ਦੇ ਕਰਮ-ਕਾਂਡਾਂ ਨੂੰ ਰੱਦ ਕਰਨ ਪਿਛੋਂ ਗੁਰੂ ਰਵਿਦਾਸ ਜੀ ਤੀਰਥਾਂ ਦੇ ਇਸ਼ਨਾਨ ਨੂੰ ਰੱਦ ਕਰਦੇ ਹੋਏ ਫਰਮਾਉਂਦੇ ਹਨ ਕਿ ਤੀਰਥਾਂ ਦਾ ਇਸ਼ਨਾਨ ਤਾਂ ਹਾਥੀ ਦੇ ਇਸ਼ਨਾਨ ਵਾਂਗ ਹੈ, ਜਿਹੜਾ ਇਸ਼ਨਾਨ ਪਿੱਛੋਂ ਸਿਰ ਵਿੱਚ ਖੇਹ ਪਾ ਲੈਂਦਾ ਹੈ। ਇਸੇ ਤਰ੍ਹਾਂ ਜੀਵ ਇਸ਼ਨਾਨ ਤੋਂ ਝਟਪਟ ਪਿਛੋਂ ਹੀ ਪੂਰੇ

ਜ਼ੋਰ ਸ਼ੋਰ ਨਾਲ ਵਿਕਾਰੀ ਕਰਮਾਂ ਵਿੱਚ ਜੁਟ ਜਾਂਦਾ ਹੈ। ਕਾਰਣ : ਇਸ਼ਨਾਨ ਕਰਨ ਨਾਲ ਮਨ ਤਾਂ ਪਵਿੱਤਰ ਹੋਇਆ ਹੀ ਨਹੀਂ। ਮਨ ਵਿੱਚ ਤਾਂ ਉਸੇ ਤਰ੍ਹਾਂ ਹੀ ਵਿਕਾਰ ਵਿਕਸਤ ਹੋ ਰਹੇ ਹਨ। ਇਸ ਕਰਕੇ ਗੁਰੂ ਜੀ ਪ੍ਰਸ਼ਨ ਕਰਦੇ ਹਨ ਕਿ ਫਿਰ ਅਜਿਹੇ ਵਿਖਾਵੇ ਦੇ ਇਸ਼ਨਾਨ ਆਦਿ ਕਰਮਾਂ ਨਾਲ ਪਵਿੱਤਰ ਕਿਵੇਂ ਹੋਇਆ ਜਾ ਸਕਦਾ ਹੈ?। ੪॥

ਹੁਣ ਗੁਰੂ ਰਵਿਦਾਸ ਜੀ ਆਪਣਾ ਮਤ ਆਰੰਭ ਕਰਦੇ ਹਨ ਅਤੇ ਫਰਮਾਉਂਦੇ ਹਨ ਕਿ ਸਾਰੀ ਦੁਨੀਆਂ ਜਾਣਦੀ ਹੈ ਕਿ ਜਿਵੇਂ ਸੂਰਜ ਦਾ ਪ੍ਰਕਾਸ਼ ਘੁੱਪ ਹਨੇਰੀ ਰਾਤ ਨੂੰ ਅੱਖ ਦੇ ਝਪਕਾਰੇ ਨਾਲ ਪ੍ਰਕਾਸ਼ਮਾਨ ਕਰ ਦਿੰਦਾ ਹੈ। ਜਿਵੇਂ ਪਾਰਸ ਨਾਲ ਛੂੰਹਦਿਆਂ ਹੀ ਤਾਂਬੇ ਨੂੰ ਸੋਨਾ ਬਣਨ ਵਿੱਚ ਢਿੱਲ ਨਹੀਂ ਲਗਦੀ ਉਸੇ ਤਰ੍ਹਾਂ ਪਰਮ ਗਰੂ ਭਾਵ ਬ੍ਰਹਮ ਗੁਰੂ ਅੱਗੇ ਤਨ ਅਤੇ ਮਨ ਅਰਪਨ ਕਰਦਿਆਂ ਹੀ ਮਨੁੱਖ ਉਸ ਦੇ ਗਿਆਨ-ਪ੍ਰਕਾਸ਼ ਨਾਲ ਪ੍ਰਕਾਸ਼ਮਾਨ ਹੋ ਜਾਂਦਾ ਹੈ। ਇਸ ਅਟੱਲ ਸੱਚਾਈ ਨੂੰ ਸਾਰੀ ਦੁਨੀਆਂ ਜਾਣਦੀ ਹੈ॥ ੫॥

ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਪਰਮ ਪਾਰਸ ਗੁਰੂ ਭਾਵ ਬ੍ਰਹਮ ਗੁਰੂ ਤਾਂ ਪ੍ਰਾਪਤ ਹੀ ਤਾਂ ਹੁੰਦਾ ਹੈ ਜੇਕਰ ਮਨੁੱਖ ਆਪਣੇ ਇਸੇ ਜਨਮ ਵਿੱਚ ਹੀ ਗੁਰੂ ਨੂੰ ਪ੍ਰਾਪਤ ਕਰਨ ਲਈ ਕਿਰਿਆਸ਼ੀਲ ਹੈ ਅਤੇ ਇਸ ਮੰਤਵ ਲਈ ਉਪਰਾਲੇ ਕਰ ਰਿਹਾ ਹੈ। ਇਸੇ ਜੀਵਨ ਵਿੱਚ ਕੀਤੇ ਪੂਰਬਲੇ ਪਵਿੱਤਰ ਕਰਮ ਜੇ ਮਥੇ ਤੇ ਲਿਖੇ ਜਾਣ ਭਾਵ ਪ੍ਰਵਾਨ ਹੋ ਜਾਣ ਤਾਂ ਗੁਰੂ ਦੀ ਪ੍ਰਾਪਤੀ ਨਾਲ ਮਨ ਸੰਸਾਰ ਵਲੋਂ ਨਿਰ-ਸੰਕਲਪ ਹੋ ਕੇ ਭਾਵ ਮਾਇਆ ਤੋਂ ਮੁਕਤ ਹੋ ਕੇ ਮੁੜ ਅੰਦਰਲੇ ਮਨ ਨਾਲ ਆ ਜੁੜਦਾ ਹੈ ਤਾਂ ਮਨ ਦੇ ਕਵਾੜ ਖੁੱਲ੍ਹ ਜਾਂਦੇ ਹਨ ਭਾਵ ਪ੍ਰਭ ਪ੍ਰਾਪਤੀ ਹੋ ਜਾਂਦੀ ਹੈ॥ ੬॥

ਇਸ ਤਰ੍ਹਾਂ ਬ੍ਰਹਮ ਗੁਰੂ ਦੇ ਬ੍ਰਹਮ-ਗਿਆਨ (ਜੁਗਤਿ) ਨੂੰ ਉਪਾਸਨਾ (ਭਗਤਿ) ਨਾਲ ਦ੍ਰਿੜ ਕਰਕੇ ਭਰਮ, ਸ਼ਾਸਤਰਾਂ ਦੇ ਬੰਧਨ ਅਤੇ ਮਾਇਆ ਦੇ ਵਿਕਾਰ ਸਭ ਨਾਸ਼ ਹੋ ਗਏ ਹਨ ਅਤੇ ਪ੍ਰਭ ਦਾ ਅੰਮ੍ਰਿਤਮਈ ਆਨੰਦ ਮਨ ਵਿੱਚ ਵਸ ਗਿਆ ਹੈ। ਹੁਣ ਕੇਵਲ ਇੱਕੋ ਇੱਕ ਪ੍ਰਭ ਦਾ ਬ੍ਰਹਮ-ਗਿਆਨ ਮਨ ਵਿੱਚ ਰਹਿ ਗਿਆ ਹੈ॥ ੭॥

ਪਰ ਹਿੰਦੂ ਧਰਮ ਦੇ ਗ੍ਰੰਥਾਂ-ਸ਼ਾਸਤਰਾਂ ਅਨੁਸਾਰ ਹੱਠ ਕਰਕੇ ਮਨ ਨੂੰ ਵਿਕਾਰਾਂ ਤੋਂ ਰੋਕਣ ਦੇ ਅਨੇਕਾਂ ਜਤਨ ਕੀਤੇ, ਪਰ ਮਨ ਭਰਮਾਂ, ਸ਼ਾਸਤਰਾਂ ਦੇ ਬੰਧਨਾਂ ਅਤੇ ਮਾਇਆ ਦੇ ਵਿਕਾਰਾਂ ਤੋਂ ਮੁਕਤ ਨਾ ਹੋ ਸਕਿਆ ਅਤੇ ਨਾ ਹੀ ਪ੍ਰਭ ਪ੍ਰਾਪਤੀ ਲਈ ਪ੍ਰੇਮ ਭਗਤੀ ਦੀ ਉਤਪਤੀ ਹੋ ਸਕੀ ਹੈ। ਇਸ ਕਰਕੇ ਹੀ ਮੈਂ (ਰਵਿਦਾਸ) ਉਦਾਸ ਹਾਂ। (ਪਰ ਮੈਂ ਬ੍ਰਹਮ-ਗੁਰੂ ਦੇ ਬ੍ਰਹਮ-ਗਿਆਨ ਨਾਲ ਪ੍ਰਭ ਪ੍ਰਾਪਤ ਕਰ ਲਿਆ ਹੈ।)॥ ੮॥

"ੴ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥
ਰਾਗ ਆਸਾ ਬਾਣੀ ਭਗਤਾ ਕੀ
ਕਬੀਰ ਜੀਉ ਨਾਮਦੇਵ ਜੀਉ ਰਵਿਦਾਸ ਜੀਉ॥"[1]

ੴ ਸਤਿਗੁਰ ਪ੍ਰਸਾਦਿ

ਆਸਾ ਬਾਣੀ ਸ੍ਰੀ ਰਵਿਦਾਸ ਜੀਉ ਕੀ

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ
ਏਕ ਦੋਖ ਬਿਨਾਸ॥
ਪੰਚ ਦੋਖ ਅਸਾਧ ਜਾ ਮਹਿ
ਤਾ ਕੀ ਕੇਤਕ ਆਸ॥ ੧॥
ਮਾਧੋ ਅਬਿਦਿਆ ਹਿਤ ਕੀਨ॥
ਬਿਬੇਕ ਦੀਪ ਮਲੀਨ॥ ੧॥ ਰਹਾਉ॥
ਤ੍ਰਿਗਦ ਜੋਨਿ ਅਚੇਤ,
ਸੰਭਵ ਪੁੰਨ ਪਾਪ ਅਸੋਚ॥
ਮਾਨੁਖਾ ਅਵਤਾਰ ਦੁਲਭ
ਤਿਹੀ ਸੰਗਤਿ ਪੋਚ॥ ੨॥
ਜੀਅ ਜੰਤ ਜਹਾ ਜਹਾ ਲਗੁ
ਕਰਮ ਕੇ ਬਸਿ ਜਾਇ॥
ਕਾਲ ਫਾਸ ਅਬਧ ਲਾਗੇ
ਕਛੁ ਨ ਚਲੈ ਉਪਾਇ॥ ੩॥
ਰਵਿਦਾਸ ਦਾਸ ਉਦਾਸ ਤਜੁ ਭ੍ਰਮ
ਤਪਨ ਤਪੁ ਗੁਰ ਗਿਆਨ॥
ਭਗਤ ਜਨ ਭੈ ਹਰਨ
ਪਰਮਾਨੰਦ ਕਰਹੁ ਨਿਦਾਨ ॥ ੪॥ ੧॥[2]

ਪਦ ਅਰਥ :—ਮ੍ਰਿਗ = ਹਿਰਨ। **ਮੀਨ** = ਮੱਛੀ। **ਭ੍ਰਿਗ** = ਭੌਰਾ। **ਪਤੰਗ** = ਭੰਬਟ। **ਕੁੰਚਰ** = ਹਾਥੀ।

੧. ਹਿਰਨ ਨੂੰ ਘੰਡੇ ਹੇੜੇ ਦਾ ਨਾਦ ਸੁਣਨ ਦਾ ਰਸ—ਕੰਨ-ਰਸ।
੨. ਮੱਛੀ ਨੂੰ ਜੀਭ ਦਾ ਸੁਆਦ—ਜੀਭ-ਰਸ।

1. ਆਦਿ ਗ੍ਰੰਥ - ਪੰਨਾ ੪੭੫ 2. ਓਹੀ - ਪੰਨਾ ੪੮੬

੩. ਭੌਰ ਨੂੰ ਫੁੱਲ ਸੁੰਘਣ ਦਾ ਰਸ—ਨੱਕ-ਰਸ।
੪. ਭੰਬਟ ਦਾ ਦੀਵੇ ਉੱਤੇ ਸੜ ਮਰਨਾ—ਅੱਖਾਂ ਨਾਲ ਵੇਖਣ ਦਾ ਰਸ ਰੂਪ-ਰਸ, ਅੱਖ-ਰਸ।
੫. ਹਾਥੀ ਨੂੰ ਕਾਮ ਵਾਸਨਾ—ਕਾਮ-ਰਸ।

ਅਸਾਧ = ਨਾ ਕਾਬੂ ਆਉਣ ਵਾਲਾ॥ ੧॥

ਮਾਧੋ = ਪ੍ਰਭ। **ਅਬਿਦਿਆ** = ਅਗਿਆਨਤਾ। **ਬਿਬੇਕ** = ਵਸਤ ਦੇ ਠੀਕ ਠੀਕ ਸਰੂਪ ਦਾ ਨਿਸ਼ਚਿਤ ਕਰਨਾ, ਵਿਚਾਰ। **ਮਲੀਨ** = ਮੰਦ॥ ੧॥ ਰਹਾਉ॥

ਤ੍ਰਿਗਦ = ਪਸ਼ੂ, ਪੰਛੀ, ਬੇਲਾਂ, ਬ੍ਰਿਛ ਆਦਿ ਅਤੇ ਅੰਡਜ ਤੋਂ ਪੈਦਾ ਹੋਣ ਵਾਲੇ ਜੀਵ —ਮਨੁੱਖ ਨੂੰ ਛੱਡ ਕੇ ਬਾਕੀ ਸਭ ਜੀਵ ਜੰਤ ਤ੍ਰਿਗਦ ਜੂਨ ਹਨ। **ਅਚੇਤ** = ਜੜ ਮਤਿ, ਮੋਟੀ ਅਕਲ। **ਅਸੋਚ** = ਸੋਚਹੀਣ, ਵਿਚਾਰਹੀਣ। **ਅਵਤਾਰ** = ਮਨੁੱਖ ਦਾ ਜਨਮ ਸਰਵ-ਗੁਣ ਸੰਪੰਨ ਹੈ। **ਦੁਲਭ** = ਅਮੁਲ (ਇਸ ਸ਼ਬਦ ਦੀ ਵਰਤੋਂ ਮਨ ਦੇ ਸਰਵ-ਗੁਣ ਸੰਪੰਨ ਹੋਣ ਦੀ ਗਵਾਹੀ ਹੈ। **ਪੋਚ** = ਨੀਚ-ਪੰਜ ਵਿਕਾਰ॥ ੨॥

ਕਰਮ = ਕੀਤੇ ਕਰਮ। **ਜਾਇ** = ਜਨਮ ਲੈਕੇ। **ਕਾਲ ਫਾਸ** = ਸਰੀਰਕ ਮੌਤ, ਆਤਮਕ ਮੌਤ। **ਅਬਧ** = ਕੱਟੀ ਨ ਜਾਣ ਵਾਲੀ, ਜੋ ਨਾਸ਼ ਨਾ ਹੋ ਸਕੇ॥ ੩॥

ਉਦਾਸ = ਵਿਕਾਰਾਂ ਤੋਂ ਉਪਰਾਮ। **ਨਿਦਾਨ** = ਅੰਤ, ਬੇਸਮਝ॥ ੪॥ ੧॥

ਗੁਰੂ ਰਵਿਦਾਸ ਜੀ ਅਤੇ ਮੂਲ ਮੰਤਰ

ਰਾਗ ਆਸਾ ਵਿੱਚ "ਭਗਤਾਂ ਕੀ ਬਾਣੀ" ਆਰੰਭ ਹੋਣ ਤੋਂ ਪਹਿਲਾਂ ਪੂਰਾ ਮੂਲ ਮੰਤਰ ਦਰਜ ਹੈ, ਜਿਸ ਨਾਲ ਤਿੰਨ ਬ੍ਰਹਮ-ਗਿਆਨੀ ਚਿੰਤਕਾਂ ਦੇ ਨਾਮ ਦਰਜ ਹਨ।

"ੴ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ
ਅਜੂਨੀ ਸੈਭੰ ਗੁਰ ਪ੍ਰਸਾਦਿ॥ ਰਾਗ ਆਸਾ ਬਾਣੀ ਭਗਤਾ ਕੀ
ਕਬੀਰ ਜੀਉ, ਨਾਮਦੇਵ ਜੀਉ, ਰਵਿਦਾਸ ਜੀਉ॥
ਆਸਾ ਸ੍ਰੀ ਕਬੀਰ ਜੀਉ॥" [1]

ਰਾਗ ਆਸਾ ਵਿੱਚ ਇਸ ਮੂਲ ਮੰਤਰ ਦੀ ਸਿਰਜਣਾ ਨੇ ਸਮੁੱਚੇ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਮੂਲ-ਮੰਤਰ ਦੀ ਰਵਾਇਤ ਨੂੰ ਪੂਰੀ ਤਰ੍ਹਾਂ ਤੋੜ ਦਿੱਤਾ ਹੈ। ਗੁਰੂ ਗ੍ਰੰਥ ਸਾਹਿਬ ਦੀ ਰਵਾਇਤ ਗਉੜੀ ਅਤੇ ਆਸਾ ਰਾਗ ਵਿੱਚ ਹੇਠ ਲਿਖੇ ਅਨੁਸਾਰ ਹੈ :

ਰਾਗ ਗਉੜੀ :

੧. ਪਹਿਲਾਂ ਪੂਰਾ ਮੂਲ ਮੰਤਰ ਦਰਜ ਹੈ, ਫਿਰ
੨. "ਰਾਗ ਗਉੜੀ ਗੁਆਰੇਰੀ ਮਹਲਾ ੧" ਦਿੱਤਾ ਹੈ। [2]

ਰਾਗ ਆਸਾ :

(ੳ) ੧. ਪਹਿਲਾਂ ਪੂਰਾ ਮੂਲ ਮੰਤਰ ਦਰਜ ਹੈ, ਫਿਰ
੨. "ਰਾਗ ਆਸਾ ਮਹਲਾ ੧" ਦਿੱਤਾ ਹੈ। [3]

(ਅ) ੧. ਪਹਿਲਾਂ ਪੂਰਾ ਮੂਲ ਮੰਤਰ ਦਰਜ ਹੈ, ਫਿਰ
੨. "ਆਸਾ ਮਹਲਾ ੧" ਦਿੱਤਾ ਹੈ। [4]

ਉਪਰੋਕਤ ਰਾਗ ਗਉੜੀ ਅਤੇ ਰਾਗ ਆਸਾ ਵਿੱਚ ਰਵਾਇਤ ਇਸ ਤਰ੍ਹਾਂ ਦ੍ਰਿੜ ਹੋਈ ਹੈ ਕਿ ਪਹਿਲਾਂ ਪੂਰਾ ਮੂਲ ਮੰਤਰ ਆਉਂਦਾ ਹੈ, ਫਿਰ ਰਾਗ ਦਾ ਨਾਮ ਅਤੇ ਫਿਰ ਸਿਰਜਣਹਾਰ ਦਾ ਨਾਮ ਦਰਜ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸਾਰੇ ਰਾਗਾਂ ਵਿੱਚ ਮੂਲ ਮੰਤਰ ਦੀ ਇਸ ਤਰ੍ਹਾਂ ਦੀ ਹੀ ਰਵਾਇਤ ਹੈ।

ਪਰ ਰਾਗ ਆਸਾ ਵਿੱਚ ਪੰਨਾ ਨੰ. ੪੭੫ ਤੇ "ਭਗਤਾ ਕੀ ਬਾਣੀ" ਦੇ ਆਰੰਭ ਵਿੱਚ ਅੰਕਿਤ ਮੂਲ ਮੰਤਰ ਦੀ ਰਵਾਇਤ ਉਪਰੋਕਤ ਰਵਾਇਤ ਤੋਂ ਬਿਲਕੁਲ ਹੀ ਭਿੰਨ ਹੈ।

੧. ਪਹਿਲਾਂ ਪੂਰਾ ਮੂਲ ਮੰਤਰ ਦਰਜ ਹੈ, ਫਿਰ
੨. "ਰਾਗੁ ਆਸਾ ਬਾਣੀ ਭਗਤਾ ਕੀ" ਦਰਜ ਹੈ, ਫਿਰ
੩. ਤਿੰਨ ਨਾਮ ਦਰਜ ਹਨ—"ਕਬੀਰ ਜੀਉ, ਨਾਮਦੇਵ ਜੀਉ, ਰਵਿਦਾਸ ਜੀਉ।" ਅਤੇ ਫਿਰ
੪. "ਆਸਾ ਸ੍ਰੀ ਕਬੀਰ ਜੀਉ", ਦਰਜ ਹੈ।

---

1. ਆਦਿ ਗ੍ਰੰਥ-ਪੰਨਾ ੪੭੫ 2. ਓਹੀ-੧੫੧ 3. ਓਹੀ-੩੪੭ 4. ਓਹੀ-੪੬੨

ਉਪਰੋਕਤ ਦਿੱਤੇ ਰਾਗ ਗਉੜੀ ਦਾ ਇੱਕ ਮੂਲ ਮੰਤਰ ਪੰਨਾ:੧੫੧ ਅਤੇ ਰਾਗ ਆਸਾ ਦੇ ਪੰਨਾ ੩੬੭ ਅਤੇ ੪੬੨ ਉਪਰ ਅੰਕਿਤ ਦੋ ਮੂਲ ਮੰਤਰਾਂ ਦੀ ਰਵਾਇਤ ਨੰ. ੧ ਅਤੇ ੨ ਨਾਲ ਪੰਨਾ ਨੰ. ੪੭੫ ਉੱਪਰ 'ਭਗਤਾ ਕੀ ਬਾਣੀ' ਦੇ ਆਰੰਭ ਵਿੱਚ ਆਸਾ ਰਾਗ ਵਿੱਚ ਦਰਜ ਮੂਲ ਮੰਤਰ ਦੀ ਉਪਰੋਕਤ ਰਵਾਇਤ ਨੰ. ੧ ਅਤੇ ਨੰ. ੪ ਵਿੱਚ ਕੋਈ ਫਰਕ ਨਹੀਂ ਹੈ। ਪਰ ਪੰਨਾ ਨੰ. ੪੭੫ ਦੇ ਮੂਲ ਮੰਤਰ ਵਿੱਚ ਦੋ ਹੋਰ ਮਹੱਤਵਪੂਰਨ ਨੁਕਤੇ ਨੰ. ੨ ਅਤੇ ਨੰ. ੩ ਉਜਾਗਰ ਹੁੰਦੇ ਹਨ। ਇਹ ਸਮੁੱਚੇ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਮੂਲ ਮੰਤਰਾਂ ਦੀ ਰਵਾਇਤ ਤੋਂ ਭਿੰਨ ਹਨ। ਇਸ ਤੋਂ ਪਰਪੱਕਤਾ ਨਾਲ ਦ੍ਰਿੜ ਹੋ ਗਿਆ ਹੈ ਕਿ ਨੁਕਤਾ ਨੰ. 2 ਅਤੇ 3 ਵਾਂਗ ਗੁਰੂ ਨਾਨਕ ਦੇਵ ਜੀ ਜਾਂ ਕਿਸੇ ਹੋਰ ਮਹਾਂਪੁਰਸ਼ ਦਾ ਨਾਮ ਮੂਲ ਮੰਤਰ ਨਾਲ ਅੰਕਿਤ ਨਹੀਂ ਹੈ।

ਫਿਰ "ਭਗਤਾ ਕੀ ਬਾਣੀ" ਦੇ ਆਰੰਭ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪੰਨਾ ਨੰ. ੪੭੫ ਵਾਲਾ ਮੂਲ ਮੰਤਰ ਕਿਉਂ ਵੱਖਰਾ ਹੈ? ਜਦਕਿ ਗੁਰੂ ਨਾਨਕ ਦੇਵ ਜੀ ਜਾਂ ਕਿਸੇ ਹੋਰ ਮਹਾਂਪੁਰਸ਼ ਦਾ ਨਾਮ, ਇਸ ਤਰ੍ਹਾਂ ਨਾਲ ਮੂਲ ਮੰਤਰ ਨਾਲ ਅੰਕਿਤ ਨਹੀਂ ਹੈ, ਫਿਰ ਗੁਰੂ ਕਬੀਰ ਜੀ, ਗੁਰੂ ਨਾਮਦੇਵ ਜੀ ਅਤੇ ਗੁਰੂ ਰਵਿਦਾਸ ਜੀ ਦਾ ਨਾਮ ਮੂਲ ਮੰਤਰ ਨਾਲ ਕਿਉਂ ਅੰਕਿਤ ਹੈ? ਕਿਉਂਕਿ:

੧. ਗੁਰੂ ਅਰਜਨ ਦੇਵ ਜੀ ਨੇ ਗੁਰੂ ਕਬੀਰ ਜੀ, ਗੁਰੂ ਨਾਮਦੇਵ ਜੀ ਅਤੇ ਗੁਰੂ ਰਵਿਦਾਸ ਜੀ ਨੂੰ ਬ੍ਰਹਮ-ਗਿਆਨੀ ਚਿੰਤਕ ਪ੍ਰਵਾਨ ਕੀਤਾ ਹੈ।

੨. ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਮਹਾਂਪੁਰਸ਼ਾਂ ਦਾ ਮੂਲ ਮੰਤਰ ਨਾਲ ਡੂੰਘਾ ਸੰਬੰਧ ਨਿਸ਼ਚਤ ਕੀਤਾ ਹੈ।

੩. ਇਸ ਤੱਥ ਨਾਲ ਸਾਂਝੀਵਾਲਤਾ ਅਤੇ ਗੁਰ-ਭਾਈ ਭਾਈਚਾਰੇ ਦਾ ਸੰਕਲਪ ਦ੍ਰਿੜ ਹੁੰਦਾ ਹੈ।

ਸੋ ਵਿਦਵਾਨ ਖੋਜੀਆਂ ਲਈ ਖੋਜ ਦਾ ਅਤਿ ਮਹੱਤਵਪੂਰਨ ਤੱਥ ਇਹ ਹੈ ਕਿ ਜਿਸ ਵਿਲੱਖਣਤਾ ਨਾਲ ਇਨ੍ਹਾਂ ਤਿੰਨ ਬ੍ਰਹਮ-ਗਿਆਨੀ ਚਿੰਤਕਾਂ ਦਾ ਨਾਮ ਪੰਨਾ:੪੭੫ ਵਾਲੇ ਮੂਲ ਮੰਤਰ ਨਾਲ ਅੰਕਿਤ ਹੈ, ਸਮੁੱਚੇ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਢੰਗ ਨਾਲ ਕਿਸੇ ਵੀ ਹੋਰ ਬ੍ਰਹਮ-ਗਿਆਨੀ ਚਿੰਤਕ ਦਾ ਨਾਮ ਮੂਲ ਮੰਤਰ ਨਾਲ ਅੰਕਿਤ ਨਹੀਂ ਕੀਤਾ ਗਿਆ। ਅਜਿਹਾ ਕਿਉਂ? ਇਹ ਵਿਚਾਰ ਉੱਭਰ ਕੇ ਸਪਸ਼ਟ ਭ੍ਰਾਂਤ ਪਰਪੱਕ ਹੋ ਗਿਆ ਹੈ ਕਿ ਗੁਰੂ ਅਰਜਨ ਦੇਵ ਜੀ ਨੇ 'ਭਗਤਾ ਕੀ ਬਾਣੀ' ਦੇ ਬਾਣੀਕਾਰਾਂ ਵਿੱਚੋਂ ਕੇਵਲ ਇਨ੍ਹਾਂ ਤਿੰਨਾਂ ਨੂੰ ਬ੍ਰਹਮ-ਗਿਆਨੀ ਚਿੰਤਕਾਂ ਦਾ ਦਰਜਾ ਦਿੱਤਾ ਹੈ। ਭਾਵੇਂ ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਦੀ ਬਾਣੀ ਨਾਲ ਸਮੁੱਚੇ ਗੁਰੂ ਗ੍ਰੰਥ ਸਾਹਿਬ ਵਿੱਚ ਪੂਰਾ ਮੂਲ ਮੰਤਰ ਅੰਕਿਤ ਨਹੀਂ ਕੀਤਾ ਗਿਆ। ਪਰ ਇਸ ਦਾ ਅਰਥ ਇਹ ਨਹੀਂ ਹੈ ਕਿ ਉਹ ਬ੍ਰਹਮ ਗਿਆਨੀ

ਨਹੀਂ ਹਨ। ਉਹ ਹਰ ਹਾਲਤ ਵਿੱਚ ਬ੍ਰਹਮ-ਗਿਆਨੀ ਹਨ। "ਭਗਤਾ ਕੀ ਬਾਣੀ" ਵਿੱਚੋਂ ਬ੍ਰਹਮ-ਗਿਆਨੀ ਚਿੰਤਕ ਦੇ ਤੌਰ ਤੇ ਮਾਨਤਾ, ਇਸ ਕਰਕੇ ਵਿਲੱਖਣ ਹੈ ਕਿਉਂਕਿ ਪੰਜਾਬ ਦੇ ਗੁਰੂ ਸਾਹਿਬਾਨ ਤੋਂ ਬਿਨਾਂ ਅਤੇ ਸਰਵਗੁਰੂ ਕਬੀਰ ਜੀ, ਨਾਮਦੇਵ ਜੀ ਅਤੇ ਰਵਿਦਾਸ ਜੀ ਤੋਂ ਬਿਨਾਂ ਹੋਰ ਕੋਈ ਬ੍ਰਹਮ-ਗਿਆਨੀ ਚਿੰਤਕ ਨਹੀਂ ਹੈ। ਹਾਂ ਬਾਕੀ ਸਾਰੇ ਬ੍ਰਹਮ-ਗਿਆਨੀ ਜਰੂਰ ਹਨ।

ਦੂਜੇ, ਗੁਰੂ ਨਾਨਕ ਦੇਵ ਜੀ ਤੋਂ ਗੁਰੂ ਤੇਗ ਬਹਾਦਰ ਜੀ ਤੱਕ ਇਨ੍ਹਾਂ ਸਾਰੇ ਮਹਾਂਪੁਰਸ਼ਾਂ ਨੇ ਆਪਣੀ ਬਾਣੀ 'ਨਾਨਕ' ਨਾਮ ਹੇਠ ਸਿਰਜੀ ਹੈ। ਇਸ ਦਾ ਅਰਥ ਇਹ ਹੈ ਗੁਰੂ ਨਾਨਕ ਦੇਵ ਜੀ ਦੀ ਜੋਤ ਹੀ ਗੁਰੂ ਤੇਗ ਬਹਾਦਰ ਜੀ ਤੱਕ ਵਿਚਰਦੀ ਹੈ। ਸੋ ਸਿੱਟਾ ਪਰਪੱਕ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਬ੍ਰਹਮ-ਗਿਆਨੀ ਚਿੰਤਕ ਹੋਣ ਨਾਲ, ਗੁਰੂ ਤੇਗ ਬਹਾਦਰ ਜੀ ਤੱਕ ਸਾਰੇ ਗੁਰੂ ਸਾਹਿਬਾਨ ਬ੍ਰਹਮ-ਗਿਆਨੀ ਚਿੰਤਕ ਹਨ। ਪਰ ਇਹ ਸਪਸ਼ਟ ਹੋ ਜਾਣਾ ਚਾਹੀਦਾ ਹੈ ਕਿ ਇਹ ਸਿਧਾਂਤ "ਭਗਤਾ ਕੀ ਬਾਣੀ" ਦੇ ਸਿਰਜਣਹਾਰਿਆਂ ਤੇ ਲਾਗੂ ਨਹੀਂ ਹੁੰਦਾ। ਇਨ੍ਹਾਂ ਸਾਰਿਆਂ ਨੇ ਆਪਣੇ ਆਪਣੇ ਨਾਮ ਹੇਠ ਬਾਣੀ ਦੀ ਸਿਰਜਣਾ ਕੀਤੀ ਹੈ। ਇਸ ਕਰਕੇ ਜੇ ਗੁਰੂ ਅਰਜਨ ਦੇਵ ਜੀ ਗੁਰੂ ਕਬੀਰ ਗੁਰੂ ਨਾਮ ਦੇਵ ਅਤੇ ਗੁਰੂ ਰਵਿਦਾਸ ਜੀ ਨੂੰ ਬ੍ਰਹਮ-ਗਿਆਨੀ ਚਿੰਤਕ ਪ੍ਰਵਾਨ ਕਰਦੇ ਹਨ ਤਾਂ ਇਸ ਦਾ ਹਰ ਹਾਲਤ ਵਿੱਚ ਇਹ ਅਰਥ ਨਹੀਂ ਹੈ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਵਿਰਾਜਮਾਨ ਬਾਕੀ "ਭਗਤਾ ਕੀ ਬਾਣੀ" ਦੇ ਸਿਰਜਣਹਾਰ ਵੀ ਬ੍ਰਹਮ-ਗਿਆਨੀ ਚਿੰਤਕ ਹਨ। ਉਹ ਨਿਸਚੇ ਹੀ ਬ੍ਰਹਮ-ਗਿਆਨੀ ਚਿੰਤਕ ਨਹੀਂ ਹਨ। ਸਗੋਂ ਕੇਵਲ ਬ੍ਰਹਮ-ਗਿਆਨੀ ਹਨ। ਇਹ ਤੱਥ ਇਕ ਹੋਰ ਨੁਕਤੇ ਤੋਂ ਵੀ ਸਾਬਤ ਹੋ ਜਾਂਦਾ ਹੈ। ਸਰਵ ਗੁਰੂ ਕਬੀਰ ਜੀ, ਨਾਮਦੇਵ ਜੀ ਅਤੇ ਰਵਿਦਾਸ ਜੀ ਤੋਂ ਬਿਨਾਂ ਬਾਕੀ ਸਾਰੇ ਬ੍ਰਹਮ-ਗਿਆਨੀ, ਜਿਨਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ "ਭਗਤਾ ਕੀ ਬਾਣੀ" ਦੇ ਸਿਰਲੇਖ ਹੇਠ ਦਰਜ ਹੈ—ਚਾਰ ਤੋਂ ਵੱਧ ਸ਼ਬਦ ਕਿਸੇ ਦੇ ਵੀ ਦਰਜ ਨਹੀਂ ਹਨ। ਇਨ੍ਹਾਂ ਨਾਲ ਮੂਲ ਮੰਤਰ ਵਿੱਚ ਸਿਰਜੇ ਬ੍ਰਹਮ ਦੇ ਸਰੂਪ ਨੂੰ ਪੂਰਨ ਰੂਪ ਵਿੱਚ ਨਹੀਂ ਸਿਰਜਿਆ ਜਾ ਸਕਦਾ। ਇਸ ਕਰਕੇ ਇਨ੍ਹਾਂ ਦਾ ਨਾਮ ਮੂਲ ਮੰਤਰ ਨਾਲ ਅੰਕਿਤ ਨਹੀਂ ਕੀਤਾ ਗਿਆ।

ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ ਤਿੰਨ ਮਹਾਨ ਬ੍ਰਹਮ-ਗਿਆਨੀ ਚਿੰਤਕਾਂ ਦੇ ਨਾਮ ਮੂਲ ਮੰਤਰ ਨਾਲ ਅੰਕਿਤ ਕਰਕੇ ਬ੍ਰਹਮ ਦੇ ਸਰੂਪ ਦੀ ਸਿਰਜਣਾ ਨੂੰ ਸਾਂਝੀ ਰੰਗਤ ਦੇਕੇ ਗੁਰ-ਭਾਈ ਭਾਈਚਾਰੇ ਨੂੰ ਸਦੀਵੀ ਦ੍ਰਿੜਤਾ ਪ੍ਰਦਾਨ ਕੀਤੀ ਹੈ।

ਇਸ ਲਈ ਅਸੀਂ ਰਾਗ ਆਸਾ ਦੇ ਗੁਰੂ ਰਵਿਦਾਸ ਜੀ ਦੇ ਪਹਿਲੇ ਸ਼ਬਦ ਦੇ ਆਰੰਭ ਵਿੱਚ ਪੂਰਾ ਮੂਲ ਮੰਤਰ ਦੇ ਰਹੇ ਹਾਂ, ਕਿਉਂਕਿ ਮੂਲ ਮੰਤਰ ਨਾਲ ਗੁਰੂ ਰਵਿਦਾਸ ਜੀ ਦਾ ਨਾਮ ਅੰਕਿਤ ਹੈ।

ਸ਼ਬਦ ਵਿੱਚ ਸਿਧਾਤਾਂ ਦੀ ਸਿਰਜਣਾ

ਗੁਰੂ ਰਵਿਦਾਸ ਜੀ ਨੇ ਇਸ ਸ਼ਬਦ ਵਿੱਚ ਅਟੱਲ ਸੱਚਾਈਆਂ ਨਿਰੂਪਤ ਕੀਤੀਆਂ ਹਨ। ਇਨ੍ਹਾਂ ਦਾ ਵਿਗਿਆਨਕ ਆਧਾਰ ਹੋਣ ਕਰਕੇ ਇਹ ਅਟੱਲ ਸਿਧਾਂਤ ਹੀ ਹਨ।

੧. ਤ੍ਰਿਗਦ ਜੂਨਾਂ ਵਿੱਚ ਕੇਵਲ ਇੱਕ ਇੱਕ ਵਿਕਾਰ ਹੈ। ਇਸ ਇਕ ਨਾਲ ਹੀ ਉਨ੍ਹਾਂ ਦਾ ਨਾਸ਼ ਹੋ ਜਾਂਦਾ ਹੈ। ਪਰ ਮਨੁੱਖ ਵਿੱਚ ਤਾਂ ਇਹ ਅਸਾਧ, ਪੰਜੇ ਵਿਕਾਰ ਹਨ, ਇਨ੍ਹਾਂ ਤੋਂ ਬਚਣਾ ਸੰਭਵ ਨਹੀਂ ਹੈ।

੨. ਮਨੁੱਖ ਦੇ ਵਿਕਾਰਾਂ ਵਿੱਚ ਫਸਣ ਦਾ ਕਾਰਣ ਮਨੁੱਖ ਦੀ ਭ੍ਰਿਸਟ ਹੋਈ ਬੁੱਧੀ ਸਦਕਾ ਸੋਚ-ਵਿਚਾਰ ਤੋਂ ਕੰਮ ਨਾ ਲੈਣਾ ਹੈ। ਜਿਸ ਕਰਕੇ ਉਹ ਆਪਣੇ ਆਪ ਹੀ ਜਾਣ ਬੁੱਝ ਕੇ ਅਗਿਆਨਤਾ ਵਿੱਚ ਜਾ ਫਸਦਾ ਹੈ।

੩. ਮਨੁੱਖ ਜਨਮ ਵੇਲੇ ਹੀ ਉਹ ਸਾਰੇ ਗੁਣ ਧਾਰਨ ਕਰਕੇ ਸੰਸਾਰ ਵਿੱਚ ਆਉਂਦਾ ਹੈ, ਜਿਹੜੇ ਬ੍ਰਹਮ-ਗਿਆਨੀਆਂ ਵਿੱਚ ਹੁੰਦੇ ਹਨ। ਲਫਜ਼ 'ਅਵਤਾਰ' ਦੀ ਵਰਤੋਂ ਇਸ ਤੱਥ ਦਾ ਸਬੂਤ ਹੈ। ਜਨਮ ਦਾ ਅਮੁਲਾ (ਦੁਲਭ) ਹੋਣਾ ਬ੍ਰਹਮ-ਗਿਆਨੀ ਦੀ ਹੋਂਦ ਦੀ ਗਵਾਹੀ ਹੈ। ਪਰ ਮੂਰਖ ਮਨੁੱਖ ਨੇ ਨੀਚ ਵਿਕਾਰਾਂ ਦਾ ਸੰਗ ਕਰਕੇ ਇਨ੍ਹਾਂ ਗੁਣਾਂ ਦਾ ਨਾਸ਼ ਕਰ ਦਿੱਤਾ ਹੈ।

੪. ਮਨੁੱਖ, ਵਿਕਾਰਾਂ ਦੇ ਸੰਗ ਕਾਰਣ ਆਪਣੀ ਜੂਨ ਆਪ ਤੈਅ ਕਰਦਾ ਹੈ। ਜੇ ਉਹ ਭੈੜੇ ਕਰਮ ਕਰਦਾ ਹੈ ਤਾਂ ਭੈੜੀ ਜੂਨ ਵਿਹਾਜ ਲੈਂਦਾ ਹੈ। ਜੇ ਮਨੁੱਖ ਚੰਗੇ ਕਰਮ ਕਰਦਾ ਹੈ ਤਾਂ ਜੂਨਾਂ ਤੋਂ ਮੁਕਤੀ ਪ੍ਰਾਪਤ ਕਰਕੇ ਪ੍ਰਭ ਦਾ ਸਤਿ ਦਰਬਾਰੀ ਬਣ ਜਾਂਦਾ ਹੈ।

ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ

ਸ਼ਬਦ ਦੇ ਬੰਦ ਨੰ. ੧ ਵਿੱਚ ਪੰਜ ਤ੍ਰਿਗਦ ਜੂਨਾਂ ਦਾ ਉਲੇਖ ਕੀਤਾ ਗਿਆ ਹੈ ; ਇਨ੍ਹਾਂ ਤ੍ਰਿਗਦ ਜੂਨਾਂ ਵਿੱਚ ਮਨੁੱਖੀ ਜੀਵ ਸ਼ਾਮਲ ਨਹੀਂ ਹੈ, ਬਾਕੀ ਸਭ ਸ਼ਾਮਲ ਹਨ। ਤ੍ਰਿਗਦ ਜੂਨਾਂ ਵਿੱਚ ਕੇਵਲ ਇੱਕ ਇੱਕ ਵਿਕਾਰ ਹੈ—ਜਿਵੇਂ ਹਿਰਨ ਵਿੱਚ ਕੰਨ-ਰਸ ਦਾ, ਮੱਛੀ ਵਿੱਚ ਜੀਭ-ਰਸ ਦਾ, ਭੌਰੇ ਵਿੱਚ ਫੁਲ ਸੁੰਘਣ ਦਾ, ਨੱਕ-ਰਸ, ਭੰਬਟ ਦਾ ਅੱਖਾਂ ਨਾਲ ਦੇਖਕੇ ਸੜ ਮਰਨ ਦਾ—ਰੂਪ-ਰਸ ਅਤੇ ਹਾਥੀ ਵਿੱਚ ਕਾਮ ਤ੍ਰਿਸ਼ਨਾ (ਤੁਚਾ ਨਾਲ ਸਪਰਸ਼ ਕਰਕੇ) ਕਾਮ-ਰਸ। ਗੁਰੂ ਰਵਿਦਾਸ ਜੀ ਅਟੱਲ ਸੱਚਾਈ ਦਾ ਪ੍ਰਗਟਾਵਾ ਕਰਦੇ ਹਨ ਕਿ ਇਨ੍ਹਾਂ ਤ੍ਰਿਗਦ ਜੂਨਾਂ ਦੇ ਇੱਕ ਇੱਕ ਵਿਕਾਰ ਨਾਲ ਹੀ ਉਨ੍ਹਾਂ ਦਾ ਨਾਸ਼ ਹੋ ਜਾਂਦਾ ਹੈ। ਪਰ ਮਨੁੱਖ ਵਿੱਚ ਤਾਂ ਇਹ ਪੰਜੇ ਵਿਕਾਰ ਹਨ, ਇਹ ਹਨ ਵੀ ਅਸਾਧ। ਇਨ੍ਹਾਂ ਤੇ ਕਾਬੂ ਪਾਉਣਾ ਬਹੁਤ ਹੀ ਕਠਨ ਹੈ।

ਸੋ ਗੁਰੂ ਜੀ ਨੇ ਅਮਲੀ ਰੂਪ ਵਿੱਚ ਵਾਪਰ ਰਹੀਆਂ ਘਟਨਾਵਾਂ ਦੀ ਗਵਾਹੀ ਦੇਕੇ ਮਨੁੱਖ ਨੂੰ ਸ਼ਕਤੀਸ਼ਾਲੀ ਢੰਗ ਨਾਲ ਸਾਵਧਾਨ ਕੀਤਾ ਹੈ ਕਿ ਇਨ੍ਹਾਂ ਅਸਾਧ ਵਿਕਾਰਾਂ ਤੋਂ ਉਸ ਲਈ ਬਚਣਾ ਅਤਿ ਮੁਸ਼ਕਲ ਹੈ।

'ਰਹਾਉ' ਵਿੱਚ ਗੁਰੂ ਜੀ ਮਨੁੱਖ ਦੇ ਵਿਕਾਰਾਂ ਦੇ ਪੰਜੇ ਵਿੱਚ ਫਸਣ ਦਾ ਕਾਰਨ ਦਸਦੇ ਹਨ। ਜੇ ਬਿਮਾਰੀ ਦੇ ਕਾਰਨ ਦਾ ਪਤਾ ਲੱਗ ਜਾਵੇ ਤਾਂ ਅੱਧਾ ਇਲਾਜ ਤਾਂ ਉਸੇ ਵੇਲੇ ਹੋ ਜਾਂਦਾ ਹੈ ਅਤੇ ਬਾਕੀ ਇਲਾਜ ਉਸ ਦਾ ਹੀਲਾ ਕਰਨ ਨਾਲ ਹੋ ਜਾਂਦਾ ਹੈ।

ਮਨੁੱਖ ਦੇ ਵਿਕਾਰਾਂ ਵਿੱਚ ਫਸਣ ਦਾ ਕਾਰਣ ਮਨੁੱਖ ਦਾ, ਸੋਚ-ਵਿਚਾਰ ਤੋਂ ਕੰਮ ਨਾ ਲੈਣ ਕਰਕੇ ਮੰਦ-ਬੁੱਧੀ ਦਾ ਵਿਕਸਤ ਹੋਣਾ ਹੈ। ਜਿਸ ਕਾਰਣ ਮਨੁੱਖ ਅਗਿਆਨੀ ਬਣ ਜਾਂਦਾ ਹੈ, ਵਿਕਾਰਾਂ ਵਿੱਚ ਫਸ ਜਾਂਦਾ ਹੈ।

ਇਥੇ ਹੀ ਬਸ ਨਹੀਂ ਗੁਰੂ ਜੀ ਬੰਦ ਨੰ. ੨ ਵਿੱਚ ਤ੍ਰਿਗਦ ਜੂਨਾਂ ਨੂੰ ਤਾਂ ਤਰਕ ਨਾਲ ਇਹ ਕਹਿਕੇ ਬਰੀ ਕਰ ਦਿੰਦੇ ਹਨ ਕਿ ਇਹ ਜੂਨਾਂ ਤਾਂ ਜੜ੍ਹ ਮਤਿ (ਮੋਟੀ ਅਕਲ ਕਾਰਣ ਸਮਝ ਬੂਝ ਤੋਂ ਕੋਰੀਆਂ ਹਨ: ਸੰਭਵਤ, ਵਿਚਾਰ-ਹੀਣ ਹੋਣ ਕਰਕੇ ਇਨ੍ਹਾਂ ਨੂੰ ਪੁੰਨ ਅਤੇ ਪਾਪ ਭਾਵ ਕੀ ਚੰਗਾ ਅਤੇ ਕੀ ਮੰਦਾ ਹੈ, ਇਸ ਦਾ ਗਿਆਨ ਹੀ ਨਹੀਂ ਹੈ। ਪਰ ਮਨੁੱਖ ਪਾਸ ਤਾਂ ਸਭ ਕੁਝ ਹੈ।

ਇਸ ਪ੍ਰਸੰਗ ਵਿੱਚ ਗੁਰੂ ਜੀ ਨੇ ਲਫ਼ਜ 'ਅਵਤਾਰ' ਦੀ ਵਰਤੋਂ ਕੀਤੀ ਹੈ। ਅਵਤਾਰ ਦਾ ਅਰਥ ਇਸ ਪ੍ਰਸੰਗ ਵਿੱਚ ਕੇਵਲ ਜਨਮ ਹੀ ਨਹੀਂ ਹੈ। ਉਹ ਤਾਂ ਸਪਸ਼ਟ ਕਰਦੇ ਹਨ ਕਿ ਜਨਮ ਵੇਲੇ, ਮਨੁੱਖ ਸਾਰੇ ਗੁਣ ਧਾਰਨ ਕਰਕੇ ਇਸ ਸੰਸਾਰ ਵਿੱਚ ਆਉਂਦਾ ਹੈ। ਜਿਹੜੇ ਕੇਵਲ ਬ੍ਰਹਮ-ਗਿਆਨੀ ਵਿੱਚ ਹੀ ਹੁੰਦੇ ਹਨ। ਜਨਮ ਦਾ ਅਮੁੱਲਾ (ਦੁਲਭ) ਹੋਣਾ ਬ੍ਰਹਮ-ਗਿਆਨ ਦੀ ਹੋਂਦ ਦਾ ਸਬੂਤ ਹੈ।

ਇਸ ਤਰ੍ਹਾਂ ਲਫ਼ਜ਼ 'ਅਵਤਾਰ' ਅਤੇ 'ਦੁਲਭ' ਦੀ ਵਰਤੋਂ ਨਾਲ ਗੁਰੂ ਜੀ ਮਨੁੱਖ ਨੂੰ ਉਸ ਦੀਆਂ ਮੌਲਿਕ ਸ਼ਕਤੀਆਂ ਦਾ ਬੋਧ ਕਰਾਕੇ ਉਸ ਨੂੰ ਪਰਪੱਕ ਕਰ ਰਹੇ ਹਨ ਕਿ ਤੇਰਾ ਜਨਮ ਦੁਰਲਭ ਹੈ, ਤੂੰ ਇਸ ਸੰਸਾਰ ਵਿੱਚ ਜੋ ਚਾਹੇਂ ਸੋ ਕਰ ਸਕਦਾ ਹੈਂ। ਪਰ ਅਫਸੋਸ ਤੂੰ ਆਪਣੀ ਸੰਗਤ, ਘਟੀਆ, ਮਕਾਰ ਅਤੇ ਅਤਿ ਨੀਚ ਵਿਕਾਰਾਂ ਨਾਲ ਕਰ ਲਈ ਹੈ।

ਇਸ ਤੋਂ ਵੱਡੀ ਦੁਰਘਟਨਾ (Accident) ਮਨੁੱਖ ਨਾਲ ਹੋਰ ਕੀ ਵਾਪਰ ਸਕਦੀ ਹੈ ਕਿ ਉਹ ਮਹਾਨ ਹੁੰਦਾ ਹੋਇਆ ਵੀ ਆਪਣੇ ਆਪ ਹੀ ਜਾਣ ਬੁੱਝ ਕੇ, ਇਸ ਸ਼ਕਤੀਸ਼ਾਲੀ ਦੁਰਘਟਨਾ ਦਾ ਸ਼ਿਕਾਰ ਹੋ ਗਿਆ ਹੈ। ਜਿਸ ਤੋਂ ਬਚਣਾ ਮਨੁੱਖ ਲਈ ਅਤਿ ਔਖਾ ਹੈ।

ਬੰਦ ਨੰ. ੩ ਵਿੱਚ ਗੁਰੂ ਜੀ ਨੇ ਇਨ੍ਹਾਂ ਵਿਕਾਰਾਂ ਕਾਰਣ ਮਨੁੱਖ ਦੇ ਜੀਵਨ ਵਿੱਚ ਪਏ ਘਾਤਕ, ਮਾਰੂ ਪ੍ਰਭਾਵਾਂ ਦਾ ਜ਼ਿਕਰ ਕੀਤਾ ਹੈ। ਉਹ ਦ੍ਰਿੜਾਉਂਦੇ ਹਨ ਕਿ ਇਨ੍ਹਾਂ ਵਿਕਾਰਾਂ ਕਾਰਣ ਮਨੁੱਖ ਦੀ ਆਤਮਕ ਤੌਰ ਤੇ ਮੌਤ ਹੋ ਜਾਂਦੀ ਹੈ; ਇਹ ਅਟੱਲ ਹੈ। ਇਸ ਨੂੰ ਕੋਈ ਨਹੀਂ ਰੋਕ ਸਕਦਾ। ਇਸ ਲਈ ਸੰਸਾਰ ਦੇ ਜੀਵ ਬਿਨ੍ਹਾਂ ਮੁਕਤੀ ਪ੍ਰਾਪਤ ਕੀਤਿਆਂ, ਇਸ ਜਨਮ ਵਿੱਚ ਆਪਣੇ ਕੀਤੇ ਕਰਮਾਂ ਅਨੁਸਾਰ ਇਸ ਦੁਨੀਆਂ ਤੋਂ ਕੂਚ ਕਰ ਜਾਂਦੇ ਹਨ ਅਤੇ ਇਨ੍ਹਾਂ ਕੀਤੇ ਕਰਮਾਂ ਅਨੁਸਾਰ ਹੀ ਹੋਰ ਜੂਨਾਂ ਵਿੱਚ ਜਾ ਪ੍ਰਵੇਸ਼ ਕਰਦੇ ਹਨ।

ਸੋ ਮਨੁੱਖ ਆਪਣੀ ਜੂਨ ਆਪ ਤੈਅ ਕਰਦਾ ਹੈ—ਜੇ ਉਹ ਮੰਦੇ ਕਰਮ ਕਰਦਾ ਹੈ ਤਾਂ ਭੈੜੀ ਜੂਨ ਵਿੱਚ ਜਾਂਦਾ ਹੈ ਅਤੇ ਜੇ ਉਹ ਚੰਗੇ ਕਰਮ ਕਰਦਾ ਹੈ ਤਾਂ ਮੁਕਤੀ ਪ੍ਰਾਪਤ ਕਰਕੇ ਪ੍ਰਭ ਦਾ ਸਤਿ ਦਰਬਾਰੀ ਬਣ ਜਾਂਦਾ ਹੈ।

ਬੰਦ ਨੰ. ੪ ਵਿੱਚ ਪ੍ਰਭ ਦਾ ਸਤਿ ਦਰਬਾਰੀ ਕਿਵੇਂ ਬਣਿਆਂ ਜਾ ਸਕਦਾ ਹੈ? ਗੁਰੂ ਰਵਿਦਾਸ ਜੀ ਮਨੁੱਖ ਨੂੰ ਇਸ ਬਾਰੇ ਸੂਚਿਤ ਕਰਦੇ ਫਰਮਾਉਂਦੇ ਹਨ ਕਿ ਮਨੁੱਖ ਵਿਕਾਰਾਂ ਤੋਂ ਉਪਰਾਮ ਹੋਕੇ ਭਟਕਣ ਛੱਡੇ ਅਤੇ ਗੁਰੂ ਦੇ ਉੱਤਮ ਗਿਆਨ ਨੂੰ ਪ੍ਰਾਪਤ ਕਰਦਾ ਹੋਇਆ ਪ੍ਰਭ ਦੀ ਬਖਸ਼ਿਸ਼ ਪ੍ਰਾਪਤ ਕਰਨ ਲਈ ਅਰਜ਼ੋਈ ਕਰੇ, ਤਾਂ ਉਸ ਨੂੰ ਪਰਮ ਅਨੰਦ ਦੀ ਬਖਸ਼ਿਸ਼ ਹੁੰਦੀ ਹੈ।

ਸ਼ਬਦ ਅਰਥ :—ਹੇ ਪ੍ਰਭ! ਇਹ ਤ੍ਰਿਗਦ ਜੂਨਾਂ ਜਿਵੇਂ ਹਰਨ, ਮੱਛੀ, ਭੌਰਾ, ਭੰਬਟ ਅਤੇ ਹਾਥੀ ਵਿਚ ਇੱਕ ਇੱਕ ਵਿਕਾਰ ਹੈ, ਜਿਸ ਕਾਰਣ ਇਨ੍ਹਾਂ ਦਾ ਨਾਸ਼ ਹੋ ਜਾਂਦਾ ਹੈ, ਫਿਰ ਮਨੁੱਖ ਵਿੱਚ ਤਾਂ ਇਹ ਪੰਜੇ ਅਸਾਧ ਵਿਕਾਰ ਹਨ, ਉਸ ਦੇ ਬਚਣ ਦੀ ਆਸ ਕਿੰਨਾ ਚਿਰ ਤੱਕ ਹੋ ਸਕਦੀ ਹੈ? ਮਨੁੱਖ ਲਈ ਇਨ੍ਹਾਂ ਤੋਂ ਬਚਣਾ ਬਹੁਤ ਕਠਨ ਹੈ॥ ੧॥

ਹੇ ਪ੍ਰਭ! ਮਨੁੱਖ ਦੇ ਵਿਕਾਰਾਂ ਵਿੱਚ ਫਸਣ ਦਾ ਕਾਰਨ ਮਨੁੱਖ ਦਾ ਸੋਚ ਵਿਚਾਰ ਤੋਂ ਕੰਮ ਨਾ ਲੈਣ ਕਰਕੇ ਬੁੱਧੀ ਭ੍ਰਿਸ਼ਟ ਹੋ ਜਾਂਦੀ ਹੈ। ਜਿਸ ਕਰਕੇ ਮਨੁੱਖ ਅਗਿਆਨੀ ਬਣ ਜਾਂਦਾ ਹੈ, ਵਿਕਾਰਾਂ ਵਿੱਚ ਫਸ ਜਾਂਦਾ ਹੈ॥ ੧॥ ਰਹਾਉ॥

ਤ੍ਰਿਗਦ ਜੂਨਾਂ ਨੂੰ ਤਾਂ ਗੁਰੂ ਜੀ ਇਹ ਕਹਿ ਕੇ ਬਰੀ ਕਰ ਦਿੰਦੇ ਹਨ ਕਿ ਇਹ ਜੜ੍ਹ ਮਤਿ (ਮੋਟੀ ਅਕਲ) ਕਾਰਣ ਸਮਝ ਬੂਝ ਤੋਂ ਕੋਰੀਆਂ ਹਨ; ਸੰਭਵਤ, ਵਿਚਾਰ-ਹੀਣ ਹੋਣ ਕਰਕੇ ਇਨ੍ਹਾਂ ਨੂੰ ਪੁੰਨ ਪਾਪ ਭਾਵ ਕੀ ਚੰਗਾ ਅਤੇ ਕੀ ਮੰਦਾ ਹੈ ਇਸ ਦਾ ਗਿਆਨ ਨਹੀਂ।

ਪਰ ਮਨੁੱਖ ਤਾਂ ਜਨਮ ਵੇਲੇ ਸਰਵ-ਗੁਣ ਸੰਪੰਨ ਪੈਦਾ ਹੁੰਦਾ ਹੈ ਅਤੇ ਦੁਰਲਭ (ਦੁਲਭ) ਭਾਵ ਅਮੁਲਾ ਹੋਣਾ ਇਸ ਦੇ ਸਰਵ-ਗੁਣ ਸੰਪੰਨ ਹੋਣ ਦੀ ਗਵਾਹੀ ਹੈ। ਪਰ ਹੈਰਾਨੀ ਦੀ ਗੱਲ ਹੈ ਕਿ ਮਨੁੱਖ ਨੇ ਆਪਣੀ ਸੰਗਤ ਘਟੀਆ, ਮਕਾਰ ਅਤੇ ਅਤਿ ਨੀਚ ਵਿਕਾਰਾਂ ਨਾਲ ਕਰ ਲਈ ਹੈ। ਉਸ ਨੇ ਇਸ ਦੁਰਲਭ ਬੁੱਧੀ ਨਾਲ ਵੀ ਕੁਝ ਸਮਝਿਆ ਸੋਚਿਆ ਨਹੀਂ ਹੈ॥ ੨॥

ਅਜਿਹੇ ਜੀਵ ਜੰਤੂ ਆਪਣੇ ਕੀਤੇ ਕਰਮਾਂ ਅਨੁਸਾਰ ਆਤਮਕ ਮੌਤ ਮਰ ਜਾਂਦੇ ਹਨ, ਇਸ ਨੂੰ ਕੋਈ ਰੋਕ ਨਹੀਂ ਸਕਦਾ। ਇਸ ਤਰ੍ਹਾਂ ਇਨ੍ਹਾਂ ਕਰਮਾਂ ਅਨੁਸਾਰ ਹੋਰ ਜੂਨਾਂ ਵਿੱਚ ਜਾ ਪ੍ਰਵੇਸ਼ ਕਰਦੇ ਹਨ॥ ੩॥

ਗੁਰੂ ਰਵਿਦਾਸ ਜੀ ਪ੍ਰਭ ਨੂੰ ਸੰਬੋਧਨ ਕਰਦੇ ਫਰਮਾਉਂਦੇ ਹਨ ਕਿ ਹੇ ਪ੍ਰਭ! ਤੇਰਾ ਦਾਸ, ਰਵਿਦਾਸ, ਇਨ੍ਹਾਂ ਵਿਕਾਰਾਂ ਤੋਂ ਉਪਰਾਮ ਹੋ ਭਟਕਣ ਛੱਡ ਅਤੇ ਤਪਾਂ ਦੇ ਤਪ ਭਾਵ ਉੱਤਮ ਗੁਰੂ ਦੇ ਗਿਆਨ ਨੂੰ ਪ੍ਰਾਪਤ ਕਰਨ ਵਿੱਚ ਤਤਪਰ ਹੈ। ਹੇ ਪ੍ਰਭ! ਤੂੰ ਆਪਣੇ ਭਗਤਾਂ ਨੂੰ ਵਿਕਾਰਾਂ ਦੇ ਡਰ ਤੋਂ ਮੁਕਤ ਕਰਦਾ ਹੈਂ; ਮੈਨੂੰ ਬੇਸਮਝ ਨੂੰ ਵੀ ਇਨ੍ਹਾਂ ਤੋਂ ਮੁਕਤ ਕਰਕੇ ਪਰਮ ਅਨੰਦ ਦੀ ਬਖਸ਼ਿਸ਼ ਕਰੋ ਜੀ॥ ੪॥ ੧॥

ੴ ਸਤਿਗੁਰ ਪ੍ਰਸਾਦਿ॥

ਆਸਾ ਬਾਣੀ ਸ੍ਰੀ ਰਵਿਦਾਸ ਜੀਉ ਕੀ॥

ਸੰਤ ਤੁਝੀ ਤਨੁ ਸੰਗਤਿ ਪ੍ਰਾਨ॥
ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ॥ ੧॥
ਸੰਤ ਚੀ ਸੰਗਤਿ, ਸੰਤ ਕਥਾ ਰਸੁ॥
ਸੰਤ ਪ੍ਰੇਮ ਮਾਝੈ ਦੀਜੈ ਦੇਵਾ ਦੇਵ॥ ੧॥ ਰਹਾਉ॥
ਸੰਤ ਆਚਰਣ, ਸੰਤ ਚੋ ਮਾਰਗੁ
ਸੰਤ ਚ ਓਲ੍ਹਗ ਓਲ੍ਹਗਣੀ॥ ੨॥
ਅਉਰ ਇਕ ਮਾਗਉ ਭਗਤਿ ਚਿੰਤਾਮਣਿ॥
ਜਣੀ ਲਖਾਵਹੁ ਅਸੰਤ ਪਾਪੀ ਸਣਿ॥ ੩॥
ਰਵਿਦਾਸੁ ਭਣੈ ਜੋ ਜਾਣੈ ਸੋ ਜਾਣੁ॥
ਸੰਤ ਅਨੰਤਹਿ ਅੰਤਰੁ ਨਾਹੀ॥ ੪॥ ੨॥[1]

ਪਦ ਅਰਥ :— ਤੁਝੀ = ਤੇਰਾ। **ਤਨੁ** = ਸਰੀਰ। **ਸਤਿਗੁਰੂ** = ਬ੍ਰਹਮ-ਗੁਰੂ। **ਜਾਨੈ** = ਪ੍ਰਾਪਤ ਕਰ ਲੈਂਦਾ ਹੈ, ਪਛਾਣ ਲੈਂਦਾ ਹੈ। **ਦੇਵਾ ਦੇਵ** = ਦੇਵਤਿਆਂ ਦਾ ਦੇਵਤਾ-ਪ੍ਰਭ॥ ੧॥

ਚੀ = ਦੀ। **ਰਸੁ** = ਅਨੰਦ। **ਮਾਝੈ** = ਮੈਨੂੰ। **ਦੀਜੈ** = ਦਿਉ॥ ੧॥ ਰਹਾਉ॥

ਆਚਰਣ = ਰਹਿਣੀ ਬਹਿਣੀ, ਚਾਲ ਚਲਨ। **ਚੋ** = ਦਾ। **ਮਾਰਗ** = ਰਸਤਾ। **ਓਲਗ ਓਲਗਣੀ** = ਸੰਤਾਂ ਦੀ ਜੂਠ ਸਾਫ ਕਰਨੀ, ਅਤਿ ਦੀ ਨਿਮਰਤਾ ਨਾਲ ਸ਼ਰਨ ਜਾਣਾ। ਭਾਈ ਜੋਧ ਸਿੰਘ ਅਨੁਸਾਰ ਇਹ ਸ਼ਬਦ ਮਰਾਠੀ ਭਾਸ਼ਾ ਦਾ ਹੈ॥ ੨॥

ਅਉਰ = ਹੋਰ। **ਚਿੰਤਾਮਣਿ** = ਹਿੰਦੂ ਸ਼ਾਸਤਰਾਂ ਅਨੁਸਾਰ ਅਰਥ ਹਨ, ਮਨਚਿੰਦੇ ਫਲ ਦੇਣ ਵਾਲੀ ਮਣੀ, ਗੁਰਬਾਣੀ ਅਨੁਸਾਰ ਅਰਥ ਹਨ—ਪਾਰਬ੍ਰਹਮ। ਸੋ ਅਰਥ ਹਨ— ਪਾਰਬ੍ਰਹਮ। **ਜਣੀ** = ਕਦੇ ਨਾ। ਲਖਾਵਹੁ = ਦਿਖਾਵੀਂ। **ਸਣਿ** = ਨਾਲ, ਸਾਥ॥ ੩॥

ਭਣੈ = ਆਖਦਾ ਹੈ। **ਜਾਣੈ** = ਸਮਝਦਾ ਹੈ। **ਜਾਣੁ** = ਪਛਾਣਦਾ ਹੈ। **ਅੰਨਤਹਿ** = ਪਾਰਬ੍ਰਹਮ। **ਅੰਤਰੁ** = ਭੇਦ॥ ੪॥ ੨॥

---

1. ਆਦਿ ਗ੍ਰੰਥ - ਪੰਨਾ ੪੮੬

ਸ਼ਬਦ ਵਿੱਚ ਸਿਧਾਂਤਾਂ ਦੀ ਸਿਰਜਣਾ

ਇਸ ਸ਼ਬਦ ਵਿੱਚ ਗੁਰੂ ਰਵਿਦਾਸ ਜੀ ਨੇ ਬ੍ਰਹਮ-ਗਿਆਨ ਦਾ ਸ੍ਰੋਤ, ਸੰਤਾਂ ਦੀ ਮਹਾਨਤਾ ਅਤੇ ਮਹੱਤਵ ਬਾਰੇ ਅਤੇ ਸੰਤ ਸੰਗਤ/ਸਾਧ ਸੰਗਤ/ਸਤਿ ਸੰਗਤ ਦੀ ਮਹਾਨਤਾ ਅਤੇ ਮਹੱਤਵ ਬਾਰੇ ਵਿਚਾਰ ਪ੍ਰਗਟ ਕੀਤੇ ਹਨ। ਇਸ ਵਿੱਚ ਅਨੇਕਾਂ ਪਰਿਭਾਸ਼ਾਵਾਂ ਜਾਂ ਸਿਧਾਤਾਂ ਦੀ ਸਿਰਜਣਾ ਵੀ ਕੀਤੀ ਗਈ ਹੈ। ਇਸ ਤੋਂ ਪਹਿਲਾਂ ਬ੍ਰਹਮ-ਗਿਆਨ ਦੇ ਸ੍ਰੋਤ ਬਾਰੇ ਸਪਸ਼ਟ ਕੀਤਾ ਗਿਆ ਹੈ।

੧. **ਬ੍ਰਹਮ ਗਿਆਨ ਦਾ ਸ੍ਰੋਤ** —

ਬ੍ਰਹਮ-ਗਿਆਨ ਦਾ ਸ੍ਰੋਤ ਕੇਵਲ ਤੇ ਕੇਵਲ ਬ੍ਰਹਮ-ਗੁਰੂ (ਪਾਰਬ੍ਰਹਮ) ਆਪ ਹੀ ਹੈ।

ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ॥

ਇਸ ਸਿਧਾਂਤ ਦੀ ਵਿਆਖਿਆ ਅਤੇ ਸਪਸ਼ਟਤਾ "ਕੂਪ ਭਰਿਓ ਜੈਸੇ ਦਾਦਿਰਾ" ਸ਼ਬਦ ਵਿੱਚ ਕੀਤੀ ਗਈ ਹੈ। ਇਸ ਸ਼ਬਦ ਵਿੱਚ ਪਾਰਬ੍ਰਹਮ ਤੋਂ ਬ੍ਰਹਮ-ਗਿਆਨ ਦੀ ਮੰਗ ਕੀਤੀ ਗਈ ਹੈ :

ਕਰਹੁ ਕ੍ਰਿਪਾ ਭ੍ਰਮੁ ਚੂਕਈ
ਮੈਂ ਸੁਮਤਿ ਦੇਹੁ ਸਮਝਾਇ॥੨॥

੨. **ਸੰਤਾਂ ਦੀ ਪਰਿਭਾਸ਼ਾ**

"ਸੰਤ ਉਹ ਹੈ ਜਿਸਨੇ ਬ੍ਰਹਮ-ਗੁਰੂ (ਸਤਿਗੁਰੂ) ਤੋਂ ਬ੍ਰਹਮ-ਗਿਆਨ ਪ੍ਰਾਪਤ ਕਰ ਲਿਆ ਹੈ ਅਤੇ ਪ੍ਰਭ ਉਸ ਦੇ ਮਨ ਵਿੱਚ ਪ੍ਰਵੇਸ਼ ਕਰ ਗਿਆ ਹੈ। ਇਸ ਤਰ੍ਹਾਂ ਉਹ (ਸੰਤ) ਪ੍ਰਭ ਦਾ ਸਰੀਰ ਹੋ ਨਿਬੜਦਾ ਹੈ।"

੩. **ਪ੍ਰਭ ਦੇ ਸਰਗੁਣ ਸਰੂਪ ਦੇ ਪ੍ਰਗਟ ਹੋਣ ਦਾ ਸਿਧਾਂਤ :**

"ਜਦੋਂ ਜੀਵ, ਬ੍ਰਹਮ ਗਿਆਨੀ ਸੰਤ ਬਣਦਾ ਹੈ, ਓਦੋਂ ਪ੍ਰਭ ਸਰੀਰ ਧਾਰਨ ਕਰਦਾ ਹੈ ਅਤੇ ਜਦੋਂ ਅਜਿਹੇ ਸੰਤ ਸਮੂਹਕ ਰੂਪ ਵਿੱਚ ਇੱਕ ਸੁਰ ਹੋਕੇ ਸੰਗਤ ਦਾ ਰੂਪ ਧਾਰਦੇ ਹਨ ਓਦੋਂ ਪ੍ਰਭ ਦੇ ਪ੍ਰਾਣ ਸੰਗਤ ਵਿੱਚ ਧੜਕ ਪੈਂਦੇ ਹਨ ਅਤੇ ਪ੍ਰਭ ਸਰਗੁਣ ਰੂਪ ਵਿੱਚ ਪ੍ਰਗਟ ਹੋ ਜਾਂਦਾ ਹੈ।"

(ੳ) ਸੰਤ ਅਨੰਤਹਿ ਅੰਤਰੁ ਨਾਹੀ॥
(ਅ) ਸੰਤ ਤੁਝੀ ਤਨੁ ਸੰਗਤਿ ਪ੍ਰਾਨ॥
ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ॥

੪. **ਇਸ ਸ਼ਬਦ ਵਿੱਚ ਅਗਲਾ ਸਿਧਾਂਤ ਸਾਧ ਸੰਗਤ ਦਾ ਹੈ :**

"ਸਤਿ ਸੰਗਤ ਜਾਂ ਸਾਧ ਸੰਗਤ, ਉਨ੍ਹਾਂ ਸੰਤਾਂ ਦਾ ਇਕੱਠ ਹੈ, ਜਿਨ੍ਹਾਂ ਨੇ ਬ੍ਰਹਮ-ਗਿਆਨ ਪ੍ਰਾਪਤ ਕਰ ਲਿਆ ਹੈ। ਅਜਿਹੇ ਸੰਤ ਪ੍ਰਭ ਦਾ ਤਨ ਹਨ

ਅਤੇ ਅਜਿਹੇ ਸੰਤਾਂ ਦੀ ਸੰਗਤ ਵਿਚ ਪ੍ਰਭ ਦੇ ਪ੍ਰਾਣ ਹਨ। ਇਹ ਸੰਗਤ ਪ੍ਰਭ ਰੂਪ ਬਣ ਜਾਂਦੀ ਹੈ।

ਸੰਤ ਤੁਝੀ ਤਨੁ ਸੰਗਤਿ ਪ੍ਰਾਨ॥
ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ॥

ਇਸ ਤਰ੍ਹਾਂ ਸੰਤ ਪ੍ਰਭ ਦਾ ਤਨ ਹਨ ਅਤੇ ਸਾਧ-ਸੰਗਤ (ਇਕੱਠ) ਵਿੱਚ ਪ੍ਰਭ ਦੇ ਪ੍ਰਾਣ ਹਨ।

੫. **ਅਸੰਤ ਦੀ ਪਰਿਭਾਸ਼ਾ ਜਾਂ ਸਿਧਾਂਤ :**

"ਅਸੰਤ ਉਹ ਹੈ, ਜਿਸ ਦਾ ਕਿਰਦਾਰ, ਸੰਤਾਂ ਦੇ ਕਿਰਦਾਰ ਤੋਂ ਹਰ ਪੱਖੋਂ ਉਲਟ ਹੈ ਅਤੇ ਉਹ ਹਰ ਪੱਖੋਂ ਪਾਪੀ ਹੈ।"

ਜਣੀ ਲਖਾਵਹੁ ਅਸੰਤ ਪਾਪੀ ਸਣਿ॥

ਸੰਤ ਅਤੇ ਸਾਧ ਸੰਗਤ ਦਾ ਮਹੱਤਵ ਵੀ ਅਸੀਮ ਅਤੇ ਵਿਸ਼ਾਲ ਹੈ :

੧. **ਸੰਤ ਦਾ ਮਹੱਤਵ :**

"ਸੰਤ ਪਾਰਬ੍ਰਹਮ ਦਾ ਤਨ ਹੈ। ਇਸ ਕਰਕੇ ਸੰਤ ਦਾ ਮਹੱਤਵ ਓਨਾ ਹੀ ਅਸੀਮ ਅਤੇ ਵਿਸ਼ਾਲ ਹੈ ਜਿੰਨਾ ਪਾਰਬ੍ਰਹਮ ਆਪ ਹੈ।"

੨. **ਸਾਧ ਸੰਗਤ ਦਾ ਮਹੱਤਵ :**

"ਸਾਧ ਸੰਗਤ ਵਿੱਚ ਪਾਰਬ੍ਰਹਮ ਦੇ ਪ੍ਰਾਣ ਹਨ। ਸੋ ਸਾਧ-ਸੰਗਤ ਦਾ ਮਹੱਤਵ ਵੀ ਓਨਾ ਹੀ ਅਸੀਮ ਅਤੇ ਵਿਸ਼ਾਲ ਹੈ ਜਿੰਨਾ ਪਾਰਬ੍ਰਹਮ ਆਪ ਹੈ।"

ਸੰਗਤ ਦੀ ਪਰਿਭਾਸ਼ਾ ਅਤੇ ਸਿੱਖ ਵਿਦਵਾਨ

ਡਾ. ਬਲਕਾਰ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਧਰਮ ਅਧਿਐਨ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਪ੍ਰੋਫੈਸਰ ਹਨ। ਜਿਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਸੰਗਤ-ਵਿਸ਼ੇਸ਼ ਅੰਕ ਸੰਪਾਦਿਤ ਕੀਤਾ ਹੈ, ਉਹ ਸੰਗਤ ਦੀ ਪਰਿਭਾਸ਼ਾ ਨੂੰ ਸੰਗਤ-ਵਿਸ਼ੇਸ਼ ਅੰਕ ਵਿੱਚ ਸ਼ਾਮਲ ਕਰਨਾ ਯਕੀਨੀ ਨਹੀਂ ਬਣਾ ਸਕੇ। ਦੂਜੇ, ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਨਾ ਤਾਂ ਇਸ ਅੰਕ ਦੇ ਸੰਪਾਦਕ ਡਾ. ਬਲਕਾਰ ਸਿੰਘ ਨੂੰ ਸੰਗਤ ਦੀ ਪਰਿਭਾਸ਼ਾ ਉਪਲਭਧ ਹੋਈ ਅਤੇ ਨਾ ਹੀ ਇਸ ਅੰਕ ਵਿੱਚ ਸ਼ਾਮਲ ਉੱਨੀ (19) ਹੋਰ ਵਿਦਵਾਨਾਂ ਨੂੰ। ਸਪਸ਼ਟ ਹੈ ਕਿ ਡਾ. ਬਲਕਾਰ ਸਿੰਘ ਅਤੇ ਬਾਕੀ ਵਿਦਵਾਨਾਂ ਨੇ ਸੰਗਤ ਦੀ ਪਰਿਭਾਸ਼ਾ ਜਾਂ ਸਿਧਾਂਤ ਦੇਣ ਦੀ ਖੇਚਲ ਹੀ ਨਹੀਂ ਕੀਤੀ ਅਤੇ ਪਰਿਭਾਸ਼ਾ ਦੇਣਾ ਜ਼ਰੂਰੀ ਵੀ ਨਹੀਂ ਸਮਝਿਆ ਗਿਆ। ਇਨ੍ਹਾਂ ਵਿਦਵਾਨਾਂ ਨੇ ਇਸ ਸੰਕਲਪ ਨੂੰ ਤਾਂ ਸਪਸ਼ਟ ਕੀਤਾ ਹੈ ਕਿ ਸੰਗਤ ਵਿੱਚ ਜਾਣ ਦਾ ਮਹੱਤਵ ਕੀ ਹੈ। ਪਰ ਸੰਗਤ ਦੀ ਬਣਤਰ ਵਿੱਚ ਕਿਹੜੇ ਕਿਹੜੇ ਤੱਤ ਸ਼ਾਮਲ ਹਨ, ਉਨ੍ਹਾਂ ਦੀ ਚਰਚਾ ਕਿਸੇ ਵੀ ਵਿਦਵਾਨ ਨੇ ਨਹੀਂ ਕੀਤੀ।

ਇਸ ਚਰਚਾ ਤੋਂ ਦ੍ਰਿੜ ਹੋ ਜਾਂਦਾ ਹੈ ਕਿ ਇਨ੍ਹਾਂ ਵਿਦਵਾਨਾਂ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਸੰਗਤ ਦੀ ਪਰਿਭਾਸ਼ਾ ਹੀ ਉਪਲਬਧ ਨਹੀਂ ਹੋਈ। ਕੀ ਸੱਚਮੁੱਚ ਹੀ ਗੁਰੂ ਗ੍ਰੰਥ ਸਾਹਿਬ ਵਿੱਚ ਸੰਗਤ ਦੀ ਪਰਿਭਾਸ਼ਾ ਉਪਲਬਧ ਨਹੀਂ ਹੈ? ਗੁਰੂ ਗ੍ਰੰਥ ਸਾਹਿਬ ਵਿੱਚ ਪਰਿਭਾਸ਼ਾ ਤਾਂ ਹੈ, ਪਰ ਉਸ ਦੀ ਸਿਰਜਣਾ ਪੰਜਾਬ ਦੇ ਗੁਰੂ ਸਾਹਿਬਾਨ ਨੇ ਨਹੀਂ ਕੀਤੀ। ਇਹੋ ਕਾਰਣ ਹੈ ਕਿ ਸੰਗਤ-ਵਿਸ਼ੇਸ਼ ਅੰਕ ਦੇ ਕਿਸੇ ਵੀ ਵਿਦਵਾਨ ਨੇ ਸੰਗਤ ਦੀ ਪਰਿਭਾਸ਼ਾ ਦੀ ਪ੍ਰਾਪਤੀ ਲਈ ਗੁਰੂ ਰਵਿਦਾਸ ਜੀ, ਗੁਰੂ ਕਬੀਰ ਜੀ ਆਦਿ ਬ੍ਰਹਮ-ਗਿਆਨੀ ਚਿੰਤਕਾਂ ਦੀ ਬਾਣੀ ਵਿੱਚੋਂ ਸੰਗਤ ਦੀ ਪਰਿਭਾਸ਼ਾ ਖੋਜਣ ਦੀ ਕੋਸ਼ਿਸ਼ ਨਹੀਂ ਕੀਤੀ। ਅਜਿਹੀ ਭਾਵਨਾ ਕੇਵਲ ਸੰਗਤ ਦੇ ਸਿਧਾਂਤ ਖੋਜਣ ਤੱਕ ਹੀ ਸੀਮਤ ਨਹੀਂ। ਇਹ ਵਿਤਕਰਾ ਖੋਜ ਦੇ ਹਰ ਖੇਤਰ ਵਿੱਚ ਅਤੇ ਹਰ ਸਿੱਖ ਵਿਦਵਾਨ ਦੁਆਰਾ ਕੀਤਾ ਜਾਂਦਾ ਹੈ (ਹੋਰ ਜਾਣਕਾਰੀ ਲਈ ਪੜੋ। ਮੇਰੀ ਪੁਸਤਕ "ਸ੍ਰੀ ਗੁਰੂ ਰਵਿਦਾਸ ਜੀ ਉਨ੍ਹਾਂ ਦਾ ਗੁਰੂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ") ਉਦਾਹਰਣ ਦੇ ਤੌਰ ਤੇ ਇੱਕ ਅੰਤਰ-ਰਾਸ਼ਟਰੀ ਪ੍ਰਸਿੱਧੀ ਦੇ ਵਿਦਵਾਨ ਨੇ ਮਾਰਕਸ ਦੀ ਵਿਚਾਰਧਾਰਾ ਨੂੰ ਗੁਰੂ ਗ੍ਰੰਥ ਸਾਹਿਬ ਵਿੱਚੋਂ ਲੱਭਣ ਲਗਿਆਂ, ਉਨ੍ਹਾਂ ਨੇ ਪੰਜਾਬ ਦੇ ਗੁਰੂਆਂ ਤੋਂ ਬਿਨ੍ਹਾਂ ਹੋਰ ਗੁਰੂਆਂ ਦੀ ਬਾਣੀ ਵਿੱਚੋਂ ਲੱਭਣ ਦੀ ਉੱਕਾ ਹੀ ਕੋਸ਼ਿਸ ਨਹੀਂ ਕੀਤੀ; ਜਦ ਕਿ ਗੁਰੂ ਰਵਿਦਾਸ ਜੀ ਦੇ ਇਕੱਲੇ ਇੱਕ ਸ਼ਬਦ ਵਿੱਚ ਹੀ ਮਾਰਕਸ ਦੀ ਵਿਚਾਰਧਾਰਾ ਉਪਲਭਧ ਹੈ। ਕਾਰਣ ਬੜੇ ਸਪਸ਼ਟ ਹਨ :

੧. ਪੰਜਾਬ ਦੇ 99% ਵਿਦਵਾਨ, ਜਾਤ ਪਾਤ, ਕਾਰਣ ਪੰਜਾਬ ਦੇ ਗੁਰੂਆਂ ਤੋਂ ਬਿਨਾਂ ਬਾਕੀਆਂ ਨੂੰ ਵਾਧੂ ਸਮਝਕੇ ਮਹੱਤਵ ਨਹੀਂ ਦਿੰਦੇ।

੨. ਇਹ ਵਿਦਵਾਨ ਨਹੀਂ ਚਾਹੁੰਦੇ ਕਿ ਗੁਰੂ ਰਵਿਦਾਸ ਜੀ, ਗੁਰੂ ਕਬੀਰ ਜੀ ਆਦਿ ਮਹਾਨ ਬ੍ਰਹਮ-ਗਿਆਨੀ ਚਿੰਤਕਾਂ ਦਾ ਸਿਰ ਉੱਚਾ ਹੋਵੇ।

ਇਹੋ ਕਾਰਣ ਹੈ ਕਿ ਡਾ. ਬਲਕਾਰ ਸਿੰਘ ਸੰਗਤ ਦੇ ਸੰਕਲਪ ਲਈ ਗੁਰੂ ਰਵਿਦਾਸ ਜੀ, ਗੁਰੂ ਕਬੀਰ ਜੀ ਆਦਿ ਦੀ ਬਾਣੀ ਵਿੱਚੋਂ ਅਗਵਾਈ ਨਹੀਂ ਸਨ ਲੈ ਸਕਦੇ। ਕਿਉਂਕਿ ਅਗਵਾਈ ਤਾਂ ਕੇਵਲ 'ਗੁਰੂ' ਤੋਂ ਹੀ ਲਈ ਜਾ ਸਕਦੀ ਹੈ। ਡਾ. ਬਲਕਾਰ ਸਿੰਘ ਉਪਰੋਕਤ ਮਹਾਂਪੁਰਸ਼ਾਂ ਨੂੰ 'ਗੁਰੂ' ਨਹੀਂ ਮੰਨਦੇ, ਭਗਤ ਮੰਨਦੇ ਹਨ। ਉਨ੍ਹਾਂ ਨੇ "ਅੱਜ ਦੀ ਆਵਾਜ਼" ਵਿੱਚ ਪੰਜ ਕੁ ਲੇਖ ਲਿਖਕੇ ਗੁਰੂ ਰਵਿਦਾਸ ਜੀ ਨੂੰ 'ਗੁਰੂ' ਕਹਿਣ ਤੇ ਇਤਰਾਜ਼ ਕੀਤਾ ਹੈ। ਇਨ੍ਹਾਂ ਵਿੱਚੋਂ ਤਿੰਨ ਲੇਖ ਮੇਰੀ ਮੇਜ਼ ਤੇ ਮੇਰੇ ਸਾਹਮਣੇ ਹਨ। ਇਹ ਲੇਖ ੨੨, ੨੩ ਅਤੇ ੨੪ ਮਈ ੧੯੯੭ ਦੇ ਹਨ। ਇੱਕ ਲੇਖ ੧੫ ਮਈ, ੧੯੯੭ ਦਾ ਪ੍ਰੋ. ਬਲਵਿੰਦਰ ਪਾਲ ਸਿੰਘ ਦਾ ਲਿਖਿਆ ਹੋਇਆ ਹੈ। ਜਿਸ ਵਿੱਚ ਉਨ੍ਹਾਂ ਦੇ ਡਾ. ਬਲਕਾਰ ਸਿੰਘ ਦੇ ਲੇਖ ਦਾ ਖੰਡਨ ਕਰਕੇ ਸਪਸ਼ਟ ਕੀਤਾ ਹੈ ਕਿ ਹਰ ਵਿਅਕਤੀ ਨੂੰ ਆਪਣੇ ਮਹਾਂਪੁਰਸ਼ ਨੂੰ 'ਗੁਰੂ' ਕਹਿਣ ਦਾ ਹੱਕ ਪ੍ਰਾਪਤ ਹੈ। ਇਸ ਲੇਖ ਨੂੰ ਰੱਦ ਕਰਨ ਲਈ ਡਾ. ਬਲਕਾਰ ਸਿੰਘ ਨੇ ਉਪਰੋਕਤ ਤਿੰਨਾਂ ਲੇਖਾਂ ਵਿੱਚ ਅਢੁਕਵੀਆਂ ਦਲੀਲਾਂ ਦੇਕੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਗੁਰੂ ਰਵਿਦਾਸ ਜੀ ਲਈ 'ਗੁਰੂ' ਪਦ ਵਰਤਣਾ ਗ਼ਲਤ ਹੈ ਅਤੇ 'ਭਗਤ' ਪਦ ਹੀ ਸਹੀ ਹੈ। ਇਨ੍ਹਾਂ ਲੇਖਾਂ ਨੂੰ ਡਾ. ਅਵਤਾਰ ਸਿੰਘ ਲੁਧਿਆਣਾ ਨੇ ਸ਼ਕਤੀਸ਼ਾਲੀ ਦਲੀਲਾਂ ਦੇਕੇ ਰੱਦ ਕੀਤਾ ਹੈ ਅਤੇ "ਅੱਜ ਦੀ ਆਵਾਜ਼" ਨੂੰ ਛਾਪਣ ਲਈ ਭੇਜਿਆ ਹੈ। ਪਰ ਦੁੱਖ ਦੀ ਗਲ ਹੈ ਕਿ "ਅੱਜ ਦੀ ਆਵਾਜ਼" ਨੇ ਇਹ ਲੇਖ ਅੱਜ ਤੱਕ ਨਹੀਂ ਛਾਪਿਆ। ਜੇ ਇਹ ਲੇਖ ਛਪ ਜਾਂਦਾ, ਤਾਂ ਇਸ ਨੇ ਤਿੰਨ ਮਹੱਤਵਪੂਰਨ ਕਾਰਜ ਕਰਨੇ ਸਨ—(1) ਡਾ. ਬਲਕਾਰ ਸਿੰਘ ਦਾ ਦਲਿਤ-ਵਿਰੋਧੀ, ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦਾ ਵਿਰੋਧੀ, ਗੁਰੂ ਗੋਬਿੰਦ ਸਿੰਘ ਦਾ ਵਿਰੋਧੀ ਐਲਾਨਿਆ ਜਾਣਾ ਸੀ। (2) ਡਾ. ਬਲਕਾਰ ਸਿੰਘ ਦੀ "ਭਗਤਾ ਕੀ ਬਾਣੀ" ਸੰਬੰਧੀ ਥੋਥੀ ਵਿਦਵਤਾ ਦਾ ਪਾਜ ਖੁਲ੍ਹ ਜਾਣਾ ਸੀ। (3) ਡਾ. ਬਲਕਾਰ ਸਿੰਘ ਨੂੰ ਡਾ. ਅਵਤਾਰ ਸਿੰਘ ਦਾ ਲੇਖ ਪੜ੍ਹਕੇ ਇਕ ਸੁਹਿਰਦ ਸਿੱਖ ਵਾਂਗ—ਗੁਰੂ ਰਵਿਦਾਸ ਜੀ ਨੂੰ 'ਗੁਰੂ' ਕਹਿਣਾ ਪੈਣਾ ਸੀ ਜਿਵੇਂ ਮੇਰੇ (ਪ੍ਰੋ. ਲਾਲ ਸਿੰਘ) ਨਾਲ ਗਲ ਬਾਤ ਕਰਨ ਪਿਛੋਂ ਸ. ਇੰਦਰਜੀਤ ਸਿੰਘ ਸੇਖੋਂ "ਖਾਲਸਾ"—ਸੀਨੀਅਰ ਵਕੀਲ ਫਰੀਦ ਕੋਟ ਅਤੇ ਸਾਬਕ ਜਨਰਲ ਸਕੱਤਰ ਸੰਯੁਕਤ ਅਕਾਲੀ ਦਲ ਨੇ ਗੁਰੂ ਰਵਿਦਾਸ ਜੀ ਦੇ ਜਨਮ ਦਿਵਸ ਤੇ 'ਗੁਰੂ ਰਵਿਦਾਸ ਜੀ' ਕਹਿਕੇ ਗੁਰੂ ਗ੍ਰੰਥ

ਸਾਹਿਬ, ਗੁਰੂ ਗੋਬਿੰਦ ਸਿੰਘ ਜੀ ਅਤੇ ਦਲਿਤ ਸਮਾਜ ਨੂੰ ਨਵਾਜਿਆ ਸੀ। (ਪੜ੍ਹੋ ਪ੍ਰੋ. ਲਾਲ ਸਿੰਘ ਦੀ ਪੁਸਤਕ " ਸ੍ਰੀ ਗੁਰੂ ਰਵਿਦਾਸ ਜੀ ਉਨ੍ਹਾਂ ਦਾ ਗੁਰੂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ)

ਸੰਗਤ ਦੀ ਪਰਿਭਾਸ਼ਾ ਗੁਰੂ ਰਵਿਦਾਸ ਜੀ ਦੇ ਸਬਦ "ਸੰਤ ਤੁਝੀ ਤਨੁ" ਵਿੱਚ ਉਪਲਭਧ ਹੈ। ਪਰ ਡਾ. ਦੀਵਾਨ ਸਿੰਘ ਨੇ ਭਾਈ ਗੁਰਦਾਸ ਦੀ "ਕੱਚੀ ਬਾਣੀ" ਦੀ ਪਰਿਭਾਸ਼ਾ ਤਾਂ ਗਵਾਹੀ ਤੋਂ ਬਿਨਾਂ ਹੀ ਕਬੂਲ ਕਰ ਲਈ ਪਰ ਉਨ੍ਹਾਂ ਨੇ ਗੁਰੂ ਰਵਿਦਾਸ ਜੀ ਦੀ ਪ੍ਰਮਾਣਿਤ ਅਤੇ ਪਵਿੱਤਰ "ਧੁਰ ਕੀ ਬਾਣੀ" ਦੀ ਪਰਿਭਾਸ਼ਾ ਨੂੰ ਪ੍ਰਵਾਨ ਨਹੀਂ ਕੀਤਾ। ਗੁਰੂ ਰਵਿਦਾਸ ਜੀ ਸੰਗਤ ਦੀ ਪਰਿਭਾਸ਼ਾ ਦੀ ਸਿਰਜਣਾ ਕਰਦਿਆਂ ਫਰਮਾਉਂਦੇ ਹਨ :

ਸੰਤ ਤੁਝੀ ਤਨੁ ਸੰਗਤਿ ਪ੍ਰਾਨ॥
ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ॥ ੧॥
ਸੰਤ ਚੀ ਸੰਗਤਿ ਸੰਤ ਕਥਾ ਰਸੁ॥
ਸੰਤ ਪ੍ਰੇਮ ਮਾਝੈ ਦੀਜੈ ਦੇਵਾ ਦੇਵ॥ ੧॥ ਰਹਾਉ॥

ਉਪਰੋਕਤ ਸ਼ਬਦ ਤੋਂ ਸੰਗਤ ਦੀ ਪਰਿਭਾਸ਼ਾ ਦੀ ਸਿਰਜਣਾ ਹੁੰਦੀ ਹੈ।

"ਸਤਿ ਸੰਗਤ ਜਾਂ ਸਾਧ-ਸੰਗਤ, ਉਨ੍ਹਾਂ ਸੰਤਾਂ ਦਾ ਇਕੱਠ ਹੈ ਜਿਨ੍ਹਾਂ ਨੇ ਬ੍ਰਹਮ-ਗਿਆਨ ਪ੍ਰਾਪਤ ਕਰ ਲਿਆ ਹੈ। ਅਜਿਹੇ ਸੰਤ ਪ੍ਰਭ ਦਾ ਤਨ ਹਨ ਅਤੇ ਅਜਿਹੇ ਸੰਤਾਂ ਦੀ ਸੰਗਤ ਵਿਚ ਪ੍ਰਭ ਦੇ ਪ੍ਰਾਣ ਹਨ। ਇਹ ਸੰਗਤ ਪ੍ਰਭ ਦਾ ਰੂਪ ਬਣ ਜਾਂਦੀ ਹੈ।

ਇਸ ਤਰ੍ਹਾਂ ਬ੍ਰਹਮ-ਗਿਆਨੀ ਸੰਤ ਪ੍ਰਭ ਦਾ ਤਨ ਹਨ ਅਤੇ ਇਨ੍ਹਾਂ ਸੰਤਾਂ ਦੀ ਸੰਗਤ (ਇਕੱਠ) ਵਿੱਚ ਪ੍ਰਭ ਦੇ ਪ੍ਰਾਣ ਹਨ। ਅਜਿਹੀ ਸੰਗਤ ਦੀ ਬਖਸ਼ਿਸ਼ ਲਈ ਗੁਰੂ ਰਵਿਦਾਸ ਜੀ ਪ੍ਰਭ ਅੱਗੇ ਅਰਦਾਸ ਕਰਦੇ ਹਨ।

ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ

ਗੁਰੂ ਰਵਿਦਾਸ ਜੀ ਨੇ ਬੰਦ ਨੰ. ੧ ਵਿੱਚ ਸੰਤ, ਸੰਤਾਂ ਦੀ ਸੰਗਤ ਅਤੇ ਬ੍ਰਹਮ-ਗਿਆਨ ਨੂੰ ਨਿਰੂਪਤ ਕਰਕੇ ਤਿੰਨਾਂ ਦੀ ਅਭੇਦਤਾ ਨੂੰ ਦ੍ਰਿੜਾਇਆ ਹੈ। ਇਹ ਬੰਦ ਸਮੁੱਚੇ ਸ਼ਬਦ ਦਾ ਆਧਾਰ ਹੈ ਅਤੇ ਆਖਰੀ ਬੰਦ ਦੀ ਆਖਰੀ ਤੁਕ ਵਿੱਚ ਇਸ ਬੰਦ ਦਾ ਅੰਤਰੀਵ ਭਾਵ ਨਿਰੂਪਤ ਕੀਤਾ ਹੈ।

'ਰਹਾਉ' ਵਿੱਚ ਗੁਰੂ ਜੀ ਨੇ ਪ੍ਰਭ ਅੱਗੇ ਅਰਜੋਈ ਕੀਤੀ ਹੈ ਕਿ ਹੇ ਪ੍ਰਭ! ਮੈਨੂੰ ਇਹੋ ਜਿਹੇ ਸੰਤਾਂ ਦੀ ਹੀ ਸੰਗਤ, ਉਨ੍ਹਾਂ ਦੇ ਗਿਆਨ ਭਰਪੂਰ ਪ੍ਰਵਚਨਾਂ ਦਾ ਅਨੰਦ ਅਤੇ ਉਨ੍ਹਾਂ ਦੇ ਪਿਆਰ ਦੀ ਬਖਸ਼ਿਸ ਕਰੋ ਜੀ।

ਫਿਰ ਬੰਦ ਨੰ. ੨ ਵਿੱਚ ਗੁਰੂ ਜੀ ਪ੍ਰਭ ਤੋਂ ਮੰਗ ਕਰਦੇ ਹਨ ਕਿ ਮੈਨੂੰ ਸੰਤਾਂ ਦੀ ਰਹਿਣੀ ਬਹਿਣੀ, ਚਾਲ ਚਲਣ, ਉਨ੍ਹਾਂ ਦਾ ਸੱਚਾ ਸੁਚਾ ਮਾਰਗ ਅਤੇ ਸੰਤਾਂ ਦੇ ਦਾਸਾਂ ਦੀ ਸੇਵਾ ਭਾਵ ਸੰਤਾਂ ਵਾਲੀ ਨਿਮਰਤਾ ਪ੍ਰਦਾਨ ਕਰੋ ਜੀ।

ਬੰਦ ਨੰ. ੩ ਵਿਚ ਗੁਰੂ ਜੀ ਮੰਗ ਕਰਦੇ ਹਨ ਕਿ ਮੈਨੂੰ ਪਾਰਬ੍ਰਹਮ ਦੀ ਭਗਤੀ ਦੇ ਦਾਨ ਦੀ ਕ੍ਰਿਪਾ ਕਰੋ ਅਤੇ ਪਾਪੀਆਂ ਤੋਂ ਹਮੇਸ਼ਾਂ ਦੂਰ ਹੀ ਰੱਖੋ।

ਇਸ ਬੰਦ ਵਿੱਚ ਅਸੰਤ ਦੀ ਪਰਿਭਾਸ਼ਾ ਵੀ ਦਰਜ ਕੀਤੀ ਹੈ।

ਆਖਰੀ ਬੰਦ ਨੰ. ੪ ਵਿੱਚ ਗੁਰੂ ਜੀ ਨੇ ਸਪਸ਼ਟ ਕੀਤਾ ਹੈ ਕਿ ਸੰਤ ਅਤੇ ਪ੍ਰਭ ਵਿੱਚ ਕੋਈ ਅੰਤਰ ਨਹੀਂ ਹੈ। ਇਹ ਸੰਤ ਦੀ ਮਹਿਮਾ ਅਤੇ ਮਹਾਨਤਾ ਦਾ ਸਿਖਰ ਹੈ। ਇਸ ਅਟੱਲ ਸੱਚਾਈ ਨੂੰ ਗੁਰੂ ਅਰਜਨ ਦੇਵ ਜੀ ਨੇ ਵੀ ਸੁਖਮਨੀ ਸਾਹਿਬ ਵਿੱਚ ਪ੍ਰਗਟ ਕੀਤਾ ਹੈ :

ਸਾਧ ਕੀ ਸੋਭਾ ਸਾਧ ਬਨਿ ਆਈ॥
ਨਾਨਕ ਸਾਧ ਪ੍ਰਭ ਭੇਦ ਨ ਭਾਈ॥ ੭॥ ੭॥

ਸ਼ਬਦ ਅਰਥ :—ਗੁਰੂ ਰਵਿਦਾਸ ਜੀ ਪ੍ਰਭ ਨੂੰ ਸੰਬੋਧਨ ਕਰਦੇ ਅਰਜ ਕਰਦੇ ਹਨ ਕਿ ਹੇ ਦੇਵਤਿਆਂ ਦੇ ਦੇਵਤਾ ਪ੍ਰਭ! ਹੇ ਬ੍ਰਹਮ-ਗੁਰੂ!! ਤੇਰੇ ਬ੍ਰਹਮ ਗਿਆਨ ਨੂੰ ਸੰਤਾਂ ਨੇ ਪਛਾਣ ਲਿਆ ਹੈ, ਪ੍ਰਾਪਤ ਕਰ ਲਿਆ ਹੈ। ਇਸ ਕਰਕੇ ਸੰਤ ਤੇਰਾ ਹੀ ਤਨ ਹਨ ਅਤੇ ਉਨ੍ਹਾਂ ਦੀ ਸੰਗਤ ਵਿੱਚ ਤੇਰੀ ਜਿੰਦ ਜਾਨ ਹੈ॥ ੧॥

ਇਸ ਕਰਕੇ ਹੇ ਦੇਵਤਿਆਂ ਦੇ ਦੇਵਤਾ ਪ੍ਰਭ! ਮੈਨੂੰ ਇਹੋ ਜਹੇ ਸੰਤਾਂ ਦੀ ਸੰਗਤ, ਉਨ੍ਹਾਂ ਦੇ ਗਿਆਨ ਨਾਲ ਭਰਪੂਰ ਪ੍ਰਵਚਨਾਂ ਦਾ ਅਨੰਦ ਅਤੇ ਉਨ੍ਹਾਂ ਦੀ ਪ੍ਰੇਮ ਦਾਤ ਬਖਸ਼ਿਸ਼ ਕਰੋ ਜੀ॥ ੧॥ ਰਹਾਉ॥

ਗੁਰੂ ਰਵਿਦਾਸ ਜੀ ਪ੍ਰਭ ਤੋਂ ਸੰਤਾਂ ਦਾ ਸਦਾਚਾਰ, ਉਨ੍ਹਾਂ ਦਾ ਸੱਚਾ ਸੁੱਚਾ ਰਾਸਤਾ ਅਤੇ ਸੰਤਾਂ ਦੀ ਜੂਠ ਮਾਂਝਣ ਦੀ ਸੇਵਾ ਭਾਵ ਅਤਿ ਨਿਮਰਤਾ ਪ੍ਰਦਾਨ ਕਰਨ ਦੀ ਮੰਗ ਕਰਦੇ ਹਨ॥ ੨॥

ਗੁਰੂ ਰਵਿਦਾਸ ਜੀ ਬੜੀ ਨਿਮਰਤਾ ਨਾਲ ਇੱਕ ਹੋਰ ਦਾਤ ਪ੍ਰਭ-ਭਗਤੀ ਪ੍ਰਦਾਨ ਕਰਨ ਦੀ ਬੇਨਤੀ ਕਰਦੇ ਹਨ ਜਿਸ ਦੀ ਪ੍ਰਾਪਤੀ ਨਾਲ ਸਾਰੀਆਂ ਦਾਤਾਂ ਪ੍ਰਾਪਤ ਹੋ ਜਾਂਦੀਆਂ ਹਨ। ਨਾਲ ਦੀ ਨਾਲ ਉਹ ਇਹ ਵੀ ਬੇਨਤੀ ਕਰਦੇ ਹਨ ਕਿ ਮੈਨੂੰ ਕਦੇ ਅਸੰਤ ਭਾਵ ਵਿਕਾਰੀਆਂ ਅਤੇ ਪਾਪੀਆਂ ਦਾ ਮੂੰਹ ਤੱਕ ਨਾ ਦਿਖਾਈਂ॥ ੩॥

ਗੁਰੂ ਰਵਿਦਾਸ ਜੀ ਆਖਦੇ ਹਨ ਕਿ ਜਿਹੜਾ ਵੀ ਪ੍ਰਭ ਨੂੰ ਜਾਣ ਜਾਂਦਾ ਹੈ, ਪਹਿਚਾਣ ਜਾਂਦਾ ਹੈ ਓਹੋ ਹੀ ਪਰਪੱਕ ਤੌਰ ਤੇ ਜਾਣਦਾ ਹੈ ਕਿ ਸੰਤ ਅਤੇ ਪ੍ਰਭ ਵਿੱਚ ਕੋਈ ਅੰਤਰ ਨਹੀਂ ਹੈ, ਦੋਵੇਂ ਇੱਕ ਹੀ ਹਨ॥ ੪॥ ੨॥

ੴ ਸਤਿਗੁਰ ਪ੍ਰਸਾਦਿ॥

ਆਸਾ ਬਾਣੀ ਸ੍ਰੀ ਰਵਿਦਾਸ ਜੀਉ ਕੀ॥

ਤੁਮ ਚੰਦਨ ਹਮ ਇਰੰਡ ਬਾਪੁਰੇ
ਸੰਗਿ ਤੁਮਾਰੇ ਬਾਸਾ॥
ਨੀਚ ਰੂਖ ਤੇ ਊਚ ਭਏ ਹੈ
ਗੰਧ ਸੁਗੰਧ ਨਿਵਾਸਾ॥ ੧॥
ਮਾਧਉ ਸਤਿ ਸੰਗਤਿ ਸਰਨਿ ਤੁਮ੍ਹਾਰੀ॥
ਹਮ ਅਉਗਨ ਤੁਮ੍ ਉਪਕਾਰੀ॥ ੧॥ ਰਹਾਉ॥
ਤੁਮ ਮਖਤੂਲ ਸੁਪੇਦ ਸਪੀਅਲ
ਹਮ ਬਪੁਰੇ ਜਸ ਕੀਰਾ॥
ਸਤ ਸੰਗਤਿ ਮਿਲਿ ਰਹੀਐ ਮਾਧਉ
ਜੈਸੇ ਮਧੁਪ ਮਖੀਰਾ॥ ੨॥
ਜਾਤੀ ਓਛਾ ਪਾਤੀ ਓਛਾ
ਓਛਾ ਜਨਮੁ ਹਮਾਰਾ॥
ਰਾਜਾ ਰਾਮ ਕੀ ਸੇਵ ਨ ਕੀਨ੍ਹੀ
ਕਹਿ ਰਵਿਦਾਸ ਚਮਾਰਾ॥ ੩॥ ੩॥[1]

ਪਦ ਅਰਥ :—**ਚੰਦਨ** = ਸੁਗੰਧੀ ਭਾਵ ਗੁਣਾਂ ਕਾਰਣ ਚਿੱਤ ਨੂੰ ਪ੍ਰਸੰਨ ਕਰਦਾ ਹੈ। **ਇਰੰਡ** = ਦੁਰਗੰਧੀ ਭਾਵ ਔਗੁਣਾਂ ਵਾਲਾ ਅਤੇ ਕੁਰੂਪ ਹੋਣ ਕਰਕੇ ਨੀਚ ਹੈ॥ **ਨੀਚ** = ਵਿਕਾਰਾਂ ਕਾਰਣ ਨੀਚ ; ਔਗਣਾਂ ਕਰਕੇ ਨਿਕੰਮਾ॥ ੧॥

ਮਾਧਉ = ਪ੍ਰਭ। **ਉਪਕਾਰੀ** = ਮਿਹਰ ਕਰਨ ਵਾਲਾ॥ ੧॥ ਰਹਾਉ॥

ਮਖਤੂਲ = ਰੇਸ਼ਮ। **ਸੁਪੇਦ** = ਚਿੱਟਾ। **ਸਪੀਅਲ** = ਪੀਲਾ। **ਬਪੁਰੇ** = ਕੁਰੂਪ। **ਜਸ** = ਜੈਸੇ। **ਕੀਰਾ** = ਕੀੜਾ। **ਮਧੁਪ** = ਸ਼ਹਦ ਦੀ ਮੱਖੀ। **ਮਖੀਰਾ** = ਸ਼ਹਦ ਦਾ ਛੱਤਾ॥ ੨

ਗੁਰੂ ਰਵਿਦਾਸ ਜੀ ਦੀ ਬਾਣੀ ਨੂੰ ਸਮਝਣ ਘੋਖਣ ਅਤੇ ਵਿਆਖਿਆ ਕਰਨ ਵੇਲੇ ਬਾਣੀ ਵਿਚ ਵਰਤੇ ਗਏ ਬਿੰਬਾਂ, ਅਲੰਕਾਰਾਂ ਨੂੰ ਖੋਲ੍ਹ ਕੇ ਉਨ੍ਹਾਂ ਦੇ ਬੁਨਿਆਦੀ, ਅੰਤਰੀਵ ਅਤੇ ਸੂਖਮ ਅਤਿ ਮਹੱਤਵਪੂਰਨ ਅਰਥਾਂ ਨੂੰ ਜਾਣ ਬੁੱਝ ਕੇ ਜਾਂ ਅਨਜਾਣੇ ਵਿਚ ਅਣਡਿੱਠ ਕੀਤਾ ਗਿਆ ਹੈ। ਜਿਸ ਕਾਰਣ ਗੁਰੂ ਰਵਿਦਾਸ ਜੀ ਦੀ ਬਾਣੀ ਦੀ ਸਹੀ ਅਰਥਾਂ ਵਿਚ ਮਹਾਨਤਾ ਅਤੇ ਮਹੱਤਵ ਦਬਾ ਦਿੱਤਾ ਗਿਆ। ਸੰਸਾਰ ਵਿਚ ਉਨ੍ਹਾਂ ਦੀ ਮਹਾਨਤ ਦੀ ਚੜ੍ਹਤ ਨੂੰ ਤਬਾਹ ਕਰ ਦਿੱਤਾ ਗਿਆ, ਅਰਥਹੀਣ ਬਣਾ ਦਿੱਤਾ ਗਿਆ। ਜਿਵੇਂ "ਮਧੁਪ ਮਖੀਰਾ" ਦੇ ਬਿੰਬ ਅਤੇ

---

1. ਆਦਿ ਗ੍ਰੰਥ - ਪੰਨਾ ੪੮੬

ਇਸ ਬਿੰਬ ਵਿਚ ਨਿਰੂਪਤ ਮਹਾਨਤਮ ਅਰਥਾਂ ਨੂੰ ਜਾਣ ਬੁੱਝ ਕੇ ਅੱਖੋਂ ਪਰੋਖੇ ਕੀਤਾ ਗਿਆ, ਜਿਸ ਕਾਰਣ ਬਹੁਤ ਵੱਡੀ ਮਹਾਨਤਮ ਵਿਚਾਰਧਾਰਾ ਨੂੰ ਵਿਕਸਿਤ ਨਹੀਂ ਹੋਣ ਦਿੱਤਾ।

ਮਧੁਪ ਮਖੀਰਾ ਦਾ ਅਰਥ

ਦ੍ਰਿਸ਼ਟਾਂਤ ਅਲੰਕਾਰ, ਮਧੁਪ ਮਖੀਰਾ ਦਾ ਅਰਥ : ਸ਼ਹਦ ਦੀਆਂ ਮੱਖੀਆਂ ਦਾ ਕੁਦਰਤੀ ਸੁਭਾਵ, ਪ੍ਰਭ ਦੇ ਸੇਵਕ ਦਾ ਸੁਭਾਵ ਹੋਣਾ ਚਾਹੀਦਾ ਹੈ।

੧. ਰਾਣੀ ਮੱਖੀ ਦੇ ਹੁਕਮ ਦਾ ਪੂਰਨ ਸਤਿਕਾਰ ਅਤੇ ਇੰਨ ਬਿੰਨ ਪਾਲਣ ਕਰਦੀਆਂ ਹਨ।

੨. ਸੱਚੇ ਅਤੇ ਸੁੱਚੇ ਮਨੋਂ ਆਪਣੀ ਡਿਊਟੀ ਕਰਨ ਵਿੱਚ ਕੋਈ ਢਿੱਲ ਨਹੀਂ ਕਰਦੀਆਂ।

੩. ਅਨੁਸ਼ਾਸਣ ਵਿੱਚ ਪਰਪੱਕ ਰਹਿਕੇ ਨਿਯਮਾਂ ਦੀ ਪਾਲਣਾ ਕਰਦੀਆਂ ਹਨ।

੪. ਆਪਣੇ ਹੱਕਾਂ ਲਈ ਪੂਰੀ ਤਰ੍ਹਾਂ ਜਾਗਰੂਕ ਹਨ।

੫. ਮਧੂ-ਮੱਖੀਆਂ ਉਨ੍ਹਾਂ ਦੇ ਹੱਕਾਂ ਨੂੰ ਖੋਹਣ ਵਾਲੇ ਨੂੰ ਨਹੀਂ ਬਖਸ਼ਦੀਆਂ। ਉਹ ਜਿਥੇ ਮਰਜ਼ੀ ਛੁਪ ਜਾਵੇ, ਪਿੱਛਾ ਕਰਕੇ ਮਾਰ ਤੱਕ ਦਿੰਦੀਆਂ ਹਨ। ਸਿੱਟਾ — ਉਹ ਨਿਰਭਉ ਹਨ।

ਅਜਿਹਾ ਕਰਕੇ ਉਹ ਕੁਦਰਤ ਦੇ ਨਿਯਮਾਂ ਦੀ ਹੀ ਪਾਲਣਾ ਕਰਦੀਆਂ ਹਨ। ਦਰਅਸਲ ਹੱਕ ਖੋਹਣ ਲਈ ਹਮਲਾ, ਵਿਕਾਰਾਂ ਦਾ ਹੀ ਹਮਲਾ ਹੈ। ਇਸ ਲਈ ਮੱਖੀਆਂ ਬੜੀ ਦ੍ਰਿੜਤਾ ਅਤੇ ਪਰਪੱਕਤਾ ਨਾਲ ਵਿਕਾਰਾਂ ਦਾ ਮੁਕਾਬਲਾ ਕਰਕੇ ਉਸ ਨੂੰ ਖਤਮ ਕਰ ਦਿੰਦੀਆਂ ਹਨ। ਇਸ ਤਰ੍ਹਾਂ ਸਤਿਸੰਗਤ ਵਿੱਚ ਜਾ ਰਹੇ ਸੇਵਕ ਨੇ ਵੀ ਵਿਕਾਰਾਂ ਤੋਂ ਬਚਣਾ ਹੈ ; ਜਿਵੇਂ ਮੱਖੀਆਂ ਕੁਦਰਤ ਦੇ ਦਿੱਤੇ ਹਥਿਆਰ ਨਾਲ ਹੀ ਦੁਸ਼ਮਣ ਦਾ ਮੁਕਾਬਲਾ ਕਰਦੀਆਂ ਹਨ, ਉਸੇ ਤਰ੍ਹਾਂ ਜੀਵ ਵੀ ਆਤਮਕ ਸ਼ਕਤੀ ਨਾਲ ਦੁਸ਼ਮਣ ਰੂਪੀ ਵਿਕਾਰਾਂ ਦਾ ਟਾਕਰਾ ਕਰ ਸਕਦਾ ਹੈ।

੬. ਪਰ ਜੇ ਸ਼ਹਦ ਦੀਆਂ ਮੱਖੀਆਂ ਦਾ ਜੱਥਾ ਆਪਣੀ ਮਰਜ਼ੀ ਨਾਲ ਇਕ ਥਾਂ ਛੱਡਕੇ ਦੂਜੀ ਥਾਂ ਠਿਕਾਣਾ ਬਨਾਉਣ ਲਈ ਜਾ ਰਿਹਾ ਹੋਵੇ ਤਾਂ ਉਨ੍ਹਾਂ ਦੇ ਰਾਹ ਵਿੱਚ ਆਏ ਮਨੁੱਖ ਤੇ ਹਮਲਾ ਨਹੀਂ ਕਰਦੀਆਂ ਜੇਕਰ ਉਹ ਮੁਰਦਾ ਬਣ ਕੇ ਜ਼ਮੀਨ ਤੇ ਲੇਟ ਜਾਵੇ, ਮੱਖੀਆਂ ਉਸਨੂੰ ਦੁਸ਼ਮਣ ਨਹੀਂ ਸਮਝਦੀਆਂ। ਸੋ ਇਹ ਮੱਖੀਆ ਅਕਾਰਣ ਹੀ ਹਮਲਾ ਨਹੀਂ ਕਰਦੀਆਂ। ਇਸ ਤਰ੍ਹਾਂ ਉਹ ਕੁਦਰਤ ਦੇ ਨਿਯਮ 'ਜੀਓ ਅਤੇ ਜੀਣ ਦਿਓ' ਸਿਧਾਂਤ ਤੇ ਪੂਰਾ ਅਮਲ ਕਰਦੀਆਂ ਹਨ। ਸਿੱਟਾ — ਉਹ ਨਿਰਵੈਰ ਹਨ।

੭. ਉਪਰੋਕਤ ਗੁਣਾਂ ਤੋਂ ਇਲਾਵਾ ਸਭ ਤੋਂ ਮਹਾਨ ਗੁਣ ਇਹ ਹੈ ਕਿ ਉਹ ਮਿਠਾਸ (ਸ਼ਹਦ) ਪੈਦਾ ਕਰਦੀਆਂ ਹਨ। ਇਸ ਸ਼ਬਦ ਵਿੱਚ ਜਿੰਨੀਆਂ ਵੀ

ਵਸਤਾਂ ਜਾਂ ਜੀਵ ਆਏ ਹਨ, ਉਨ੍ਹਾਂ ਦਾ ਆਪਣੀ ਮਿਹਨਤ ਨਾਲ ਪੈਦਾ ਕੀਤਾ ਹੋਇਆ ਕੁਝ ਨਹੀਂ ਹੈ, ਜਿਵੇ ਚੰਦਨ ਹੈ, ਇਸ ਵਿੱਚ ਸੁਗੰਧੀ ਦੇਣ ਦਾ ਗੁਣ ਕੁਦਰਤੀ ਹੈ, ਉਸ ਦੀ ਆਪਣੀ ਕੋਈ ਦੇਣ ਨਹੀਂ ਹੈ। ਇਰੰਡ ਵਿੱਚ ਵੀ ਕੁਦਰਤੀ ਗੁਣ ਹਨ। ਇਰੰਡ ਨਿਕੰਮਾ ਅਤੇ ਗੁਣ-ਰਹਿਤ ਹੈ। ਰੇਸ਼ਮ ਵਿੱਚ ਮਹਾਨ ਗੁਣ ਵੀ ਕੁਦਰਤ ਦੀ ਦੇਣ ਹਨ। ਕੀੜਾ ਕੁਰੂਪ ਅਤੇ ਗੁਣ-ਰਹਿਤ ਹੈ, ਇਹ ਵੀ ਕੁਦਰਤੀ ਗੁਣ ਹੀ ਹਨ।

ਮਧੂ-ਮੱਖੀਆਂ ਵਿੱਚ ਭਾਵੇਂ ਸ਼ਹਦ ਪੈਦਾ ਕਰਨਾ ਕੁਦਰਤ ਦੀ ਦੇਣ ਹੈ, ਪਰ ਸ਼ਹਦ ਪੈਦਾ ਉਨ੍ਹਾਂ ਦੀ ਹਿੰਮਤ ਅਤੇ ਮਿਹਨਤ ਸਦਕਾ ਹੀ ਹੈ। ਇਹੋ ਹੀ ਅਤਿ ਜ਼ਰੂਰੀ ਕਾਰਣ ਹੈ ਕਿ ਜਿਸ ਕਰਕੇ ਗੁਰੂ ਜੀ ਮਧੂ-ਮੱਖੀ ਵਾਂਗ ਪ੍ਰਭ ਨਾਲ ਘੁਲ ਮਿਲ ਜਾਣ ਦਾ ਆਦੇਸ਼ ਦਿੰਦੇ ਹਨ। ਮਧੂ ਮੱਖੀ ਵਾਂਗ ਸ਼ਹਦ ਦੇ ਛੱਤੇ ਨਾਲ ਹਿੰਮਤ ਅਤੇ ਮਿਹਨਤ ਤੋਂ ਬਗੈਰ ਨਹੀਂ ਮਿਲਿਆ ਜਾ ਸਕਦਾ ਅਤੇ ਨਾ ਹੀ ਬੋਲਣ ਵਿੱਚ ਮਿਠਾਸ ਪੈਦਾ ਹੋ ਸਕਦੀ ਹੈ। ਇਸ ਲਈ ਗੁਰੂ ਜੀ ਫਰਮਾਉਂਦੇ ਹਨ ਕਿ ਮਧੂ-ਮੱਖੀ ਵਾਂਗ ਸੇਵਕ ਲਈ, ਉਪਰੋਕਤ ਗੁਣਾਂ ਦੇ ਨਾਲ-ਨਾਲ ਹਿੰਮਤ ਅਤੇ ਮਿਹਨਤ ਵੀ ਪ੍ਰਭ-ਪ੍ਰਾਪਤੀ ਲਈ ਅਤਿ ਜ਼ਰੂਰੀ ਗੁਣ ਹਨ। ਅਜਿਹਾ ਕਰਨ ਨਾਲ ਮਧੂ-ਮੱਖੀ ਵਾਂਗ ਸੇਵਕ ਵੀ ਆਪ ਮੁਹਾਰੇ ਹੀ ਮਹਾਨ ਗੁਣਾਂ ਦਾ ਧਾਰਕ ਬਣ ਜਾਵੇਗਾ, ਜਿਹੜਾ ਪ੍ਰਭ ਪ੍ਰਾਪਤੀ ਲਈ ਅਤਿ ਜ਼ਰੂਰੀ ਹੈ।

ਇਹ ਬ੍ਰਹਮ-ਗਿਆਨੀ ਦਾ ਬੁਨਿਆਦੀ ਗੁਣ ਹੈ। ਪ੍ਰਭ ਦੀ ਸਤਿਸੰਗਤ ਲਈ ਸੇਵਕ ਪਾਸ ਸਭ ਤੋਂ ਮਹੱਤਵਪੂਰਨ ਅਤੇ ਬਹੁਤ ਹੀ ਜ਼ਰੂਰੀ ਗੁਣ ਆਪਣੇ ਮਨ ਅੰਦਰ ਮਿੱਠੇ ਵਿਚਾਰ ਪੈਦਾ ਕਰਕੇ ਮਿੱਠਾ ਬੋਲਣਾ ਹੈ।

ਥੋੜੇ ਸ਼ਬਦਾਂ ਵਿੱਚ: ਮਧੂ ਮੱਖੀਆਂ, ਹਾਕਮ ਦੇ ਹੁਕਮ ਦੀ ਇੰਨ ਬਿੰਨ ਪਾਲਣਾ, ਅਨੁਸ਼ਾਸਨ ਵਿੱਚ ਪੱਕੀਆਂ, ਸੱਚੇ ਅਤੇ ਸੁੱਚੇ ਮਨੋਂ ਡਿਊਟੀ ਦੀਆਂ ਪਾਬੰਦ ਹਿੰਮਤ ਅਤੇ ਮਿਹਨਤ ਵਿੱਚ ਪਰਪੱਕ ਅਤੇ ਮਿਠਾਸ ਪੈਦਾ ਕਰਦੀਆਂ ਹਨ। ਇਹੋ ਹੀ ਪ੍ਰਭ ਦੇ ਸੇਵਕ ਦੇ ਗੁਣ ਹਨ।

ਆਖਰੀ ਅਤੇ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਆਪਣੇ ਅੰਨ (ਸ਼ਹਦ) ਦੀ ਰਾਖੀ ਲਈ ਮਰ ਮਿਟ ਜਾਂਦੀਆਂ ਹਨ। ਮਧੂਮੱਖੀਆਂ ਆਪਣਾ ਹੱਕ ਖੋਹਣ ਵਾਲਿਆਂ ਨੂੰ ਨਹੀਂ ਬਖਸ਼ਦੀਆਂ ਅਤੇ ਡੰਗ ਮਾਰ ਮਾਰ ਕੇ ਮਾਰ ਦਿੰਦੀਆਂ ਹਨ। ਕੁਦਰਤ ਦੇ ਵਿਧਾਨ ਵਿੱਚ ਜੋ ਅੰਨ ਜਿਸ ਜੀਵ (ਜੂਨ) ਲਈ ਬਣਿਆ ਹੈ। ਜੇ ਕਿਸੇ ਹੋਰ ਜੂਨ ਦਾ ਅੰਨ ਕੋਈ ਹੋਰ ਜੂਨ ਖਾਂਦੀ ਹੈ ਤਾਂ ਇਹ ਕੁਦਰਤ ਦੇ ਨਿਯਮ ਦੀ ਉਲੰਘਣਾ ਹੈ। ਅਜਿਹਾ ਕਰਨ ਨਾਲ ਸਤਿ ਸੰਗਤ ਦਾ ਸੁਭਾਗ ਪ੍ਰਾਪਤ ਨਹੀਂ ਹੋਵੇਗਾ, ਪ੍ਰਭ ਪ੍ਰਾਪਤੀ ਨਹੀਂ ਹੋਵੇਗੀ। ਮੁਕਦੀ ਗੱਲ ਬੇਗਮਪੁਰੇ ਦਾ ਸ਼ਹਿਰੀ ਨਹੀਂ ਬਣ ਸਕੇਗਾ॥੨॥

---

1. ਮਹਾਨ ਕੋਸ਼ - ਪੰਨਾ ੩੮੮ 2. ਓਹੀ - ੧੮੯

**. ਹੋਰ ਜਾਣਕਾਰੀ ਲਈ ਦੇਖੋ, ਇਸ ਪੁਸਤਕ ਦਾ ਪੰਨਾ : ੨੧੮*

ਜਾਤੀ = ਸੁਭਾ, ਹਰ ਜੂਨ ਦਾ ਆਪਣਾ ਸੁਭਾ ਹੁੰਦਾ ਹੈ, ਜਿਵੇਂ ਹਿਰਨ ਦਾ ਸੁਭਾਵ ਕੰਨ-ਰਸ ਦਾ ਹੈ, ਮੱਛੀ ਦਾ ਸੁਭਾਵ ਜੀਭ ਰਸ ਦਾ ਹੈ, ਭੰਬਟ ਦਾ ਸੁਭਾਵ ਰੂਪ-ਰਸ ਦਾ ਹੈ। ਇਸੇ ਤਰ੍ਹਾਂ ਮਨੁੱਖ ਦਾ ਸੁਭਾ ਵਿਕਾਰਾਂ ਦੇ ਇਨ੍ਹਾਂ ਪੰਜਾਂ ਰਸਾਂ ਦਾ ਨਾਲ ਬਣਿਆਂ ਵਿਕਾਰੀ ਸੁਭਾ ਹੈ। "ਜਾਤਿ=ਏ ਦੇਖੋ, ਸ੍ਵਭਾਵੋਕਿ੍ਤ" [1]

"ਸ੍ਵਭਾਵੋਕਿ੍ਤ = ਇੱਕ ਸ਼ਬਦਾਲੰਕਾਰ (ਸਹਜ ਧਰਮ ਦਾ ਕਥਨ) ਕਿਸੇ ਵਸਤੂ ਦੇ ਜਾਤਿ ਸੁਭਾਵ ਦਾ ਵਰਨਣ "ਸ੍ਵਭਾਵੋਕਿ੍ਤ" ਅਲੰਕਾਰ ਹੈ। ਇਸ ਦਾ ਨਾਉਂ ਜਾਤਿ ਵੀ ਹੈ।

ਉਦਾਹਰਣ : ਲਉਕੀ ਅਠਸਠਿ ਤੀਰਥਿ ਨ੍ਹਾਈ॥
ਕਉਰਾਪਨ ਤਊ ਨ ਜਾਈ॥ (ਸੋਰਠਿ-ਕਬੀਰ)" [2] *

ਪਾਤੀ = ਸੁਭਾਵ ਦਾ ਸ੍ਰੋਤ, ਕੁਲ, ਵੰਸ਼ -ਮਨੁੱਖ ਦੇ ਵਿਕਾਰੀ ਸੁਭਾਵ ਦਾ ਸ੍ਰੋਤ ਮਾਇਆ (ਪੰਜੇ ਵਿਕਾਰ ਮਾਇਆ ਦੇ ਦੂਤ ਹਨ)। **ਜਨਮੁ** = ਜੀਵਨ। (ਦੇਖੋ ਮੇਰੀ ਸੰਗਤ ਪੋਚ ਵਾਲੇ ਸ਼ਬਦ ਦੇ ਬੰਦ ਨੰ. ੧ ਦੀ ਅਰਥ ਸਮੱਸਿਆ) ॥੩॥੩॥

---

2. ਆਦਿ ਗ੍ਰੰਥ ਪੰਨਾ 686

ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ

(ਆਪਣੇ ਹੱਕਾਂ ਦੀ ਰਾਖੀ ਲਈ ਮਹਾਂਬਲੀ ਕ੍ਰਾਂਤੀਕਾਰੀ ਸੂਰਮੇ ਅਤੇ ਫੌਜ ਦੀ ਸਿਰਜਣਾ)

ਗੁਰੂ ਰਵਿਦਾਸ ਜੀ ਇਸ ਸ਼ਬਦ ਵਿੱਚ ਸੰਗਤ ਦੇ ਸਿਧਾਂਤ ਦੀ ਸਿਰਜਣਾ ਕਰਦੇ ਹਨ। "ਸੰਤ ਤੁਝੀ ਤਨੁ" ਵਾਲੇ ਸ਼ਬਦ ਵਿੱਚ ਇਹ ਸਪਸ਼ਟ ਕੀਤਾ ਗਿਆ ਹੈ ਕਿ ਸੰਗਤ ਦੇ ਬੁਨਿਆਦੀ ਤੱਤ ਕਿਹੜੇ ਕਿਹੜੇ ਹਨ ਭਾਵ ਸੰਗਤ ਵਿੱਚ ਕਿਹੜੀਆਂ ਕਿਹੜੀਆਂ ਗੱਲਾਂ ਹੋਣੀਆਂ ਜ਼ਰੂਰੀ ਹਨ। ਇਸ ਸ਼ਬਦ "ਤੁਮ ਚੰਦਨ" ਵਿੱਚ ਸਪਸ਼ਟ ਕੀਤਾ ਗਿਆ ਹੈ ਕਿ ਪ੍ਰਭ ਦੀ ਸੰਗਤ ਵਿੱਚ ਜਾਣ ਵਾਲੇ ਮਨੁੱਖ ਵਿੱਚ ਕਿਹੜੇ-ਕਿਹੜੇ ਗੁਣ ਹੋਣੇ ਜ਼ਰੂਰੀ ਹਨ। ਇਹ ਗੁਣ ਦਸ ਕੇ ਇਹ ਵੀ ਸਪਸ਼ਟ ਕੀਤਾ ਗਿਆ ਹੈ ਕਿ ਸਤਿਸੰਗਤ ਵਿੱਚ ਵਿਚਰ ਰਹੇ ਸੇਵਕ ਇਨ੍ਹਾਂ ਗੁਣਾਂ ਨੂੰ ਅਮਲੀ ਰੂਪ ਵਿੱਚ ਵਰਤ ਕੇ, ਸਤਿਸੰਗਤ ਦੇ ਮੰਤਵ ਨੂੰ ਪੂਰਾ ਕਰਨ ਜਿਵੇਂ ਮਧੂ-ਮੱਖੀਆਂ ਸ਼ਹਦ ਦੇ ਛੱਤੇ ਦੀ ਸਤਿਸੰਗਤ ਕਰਕੇ ਆਪਣਾ ਮੰਤਵ ਪੂਰਾ ਕਰਦੀਆਂ ਹਨ। ਇਨ੍ਹਾਂ ਗੁਣਾਂ ਨੂੰ ਅਤੇ ਇਸ ਮੰਤਵ ਨੂੰ ਬੰਦ ਨੰ. ੨ ਵਿੱਚ ਨਿਰੂਪਤ ਕੀਤਾ ਗਿਆ ਹੈ। ਇਸ ਬੰਦ ਵਿੱਚ ਇੱਕ ਮਹਤਵ ਪੂਰਨ ਬੁਨਿਆਦੀ ਸਿਧਾਂਤ ਨਿਰੂਪਤ ਕੀਤਾ ਗਿਆ ਹੈ "ਸੇਵਕ ਆਪਣੇ ਹੱਕਾਂ ਦੀ ਰਾਖੀ ਲਈ ਹੱਕ ਖੋਹਣ ਵਾਲੇ ਨੂੰ ਪੂਰੀ ਸ਼ਕਤੀ ਨਾਲ ਮਿਟਾ ਦੇਵੇ ਭਾਵ ਵਿਕਾਰਾਂ ਨੂੰ ਮਿਟਾ ਦੇਵੇ। ਪਰ ਅਜਿਹਾ ਕਰਦਿਆਂ ਵੀ ਉਹ ਨਿਆਂ ਦਾ ਪਲਾ ਨਾ ਛੱਡੇ ਅਤੇ ਨਾ ਹੀ ਕੌੜਾ ਬੋਲੇ। ਮਿਠਾ ਬੋਲਣਾ, ਸੇਵਕ ਦਾ ਬੁਨਿਆਦੀ ਗੁਣ ਹੈ।" ਗੁਰੂ ਰਵਿਦਾਸ ਜੀ ਨੇ ਖੁਦ ਇਸ ਸਿਧਾਂਤ ਤੇ ਅਮਲ ਕੀਤਾ ਹੈ। ਇਸ ਤਰ੍ਹਾਂ ਉਹ ਕ੍ਰਾਂਤਿਕਾਰੀ ਮਹਾਬਲੀ ਸੂਰਬੀਰ ਅਤੇ ਬ੍ਰਹਮਗਿਆਨੀ ਭਾਵ ਸੰਤ ਸਿਪਾਹੀ ਬਣ ਜਾਂਦੇ ਹਨ।

ਬੰਦ ਨੰ. ੧ ਵਿੱਚ ਇਹ ਸਪਸ਼ਟ ਕੀਤਾ ਗਿਆ ਹੈ ਕਿ ਪ੍ਰਭ ਸਭ ਨੂੰ ਪ੍ਰਭਾਵਤ ਕਰਦਾ ਹੈ, ਪਰ ਪ੍ਰਭ ਨੂੰ ਕੋਈ ਵੀ ਪ੍ਰਭਾਵਤ ਨਹੀਂ ਕਰ ਸਕਦਾ। ਜਿਵੇਂ ਚੰਦਨ ਦੇ ਆਲੇ-ਦੁਆਲੇ ਰੁੱਖ ਆਦਿ ਚੰਦਨ ਦੀ ਸੁਗੰਧੀ ਦਾ ਪ੍ਰਭਾਵ ਕਬੂਲਦੇ ਹਨ, ਕਿਸੇ ਹੱਦ ਤੱਕ ਚੰਦਨ ਦੀ ਸੁਗੰਧੀ ਵਾਲਾ ਗੁਣ ਧਾਰਨ ਕਰ ਲੈਂਦੇ ਹਨ ਅਤੇ ਆਪਣੇ ਆਪ ਨੂੰ ਵੱਡਾ ਮੰਨਣ ਲੱਗ ਪੈਂਦੇ ਹਨ, ਜਿਵੇਂ ਇਰੰਡ ਚੰਦਨ ਦੀ ਸੁਗੰਧੀ ਗ੍ਰਹਿਣ ਕਰਕੇ ਆਪਣੇ ਆਪ ਨੂੰ 'ਵੱਡਾ' ਸਮਝਦਾ ਹੈ, ਪਰ ਚੰਦਨ ਕਿਸੇ ਦਾ ਪ੍ਰਭਾਵ ਨਹੀਂ ਕਬੂਲਦਾ।

ਅਲੰਕਾਰ ਦੇ ਗੁਣ ਕੁਦਰਤੀ ਗੁਣਾਂ ਦਾ ਪ੍ਰਗਟਾਵਾ ਕਰਦੇ ਹਨ। ਜਿਵੇਂ "ਤੁਮ ਚੰਦਨ.... ਸੰਗ ਤੁਮ੍ਹਾਰੇ ਬਾਸਾ॥" ਚੰਦਨ ਅਤੇ ਇਰੰਡ ਅਲੰਕਾਰ ਹੈ। ਚੰਦਨ ਦਾ ਕੁਦਰਤ ਗੁਣ ਖੁਸ਼ਬੂ ਹੈ ਅਤੇ ਇਰੰਡ, ਜਿਸਨੂੰ ਗ੍ਰਹਿਣ ਕਰਦਾ ਹੈ। ਇਸੇ ਹੀ ਤਰ੍ਹਾਂ ਮਧੂਮੱਖੀਆਂ ਦਾ ਕੁਦਰਤੀ ਗੁਣਾਂ ਅਨੁਸਾਰ ਮਨੁੱਖ ਨੂੰ ਅਮਲ ਕਰਨ ਦਾ ਆਦੇਸ਼ ਹੈ। ਮੁੱਖ ਕੁਦਰਤੀ ਗੁਣ ਹੈ- ਆਪਣੇ ਹੱਕਾਂ ਦੀ ਰਾਖੀ ਅਰਥਾਤ ਪ੍ਰਾਪਤੀ

ਲਈ ਮਰ ਮਿਟਣਾ ਅਤੇ ਨਾਲ ਦੀ ਨਾਲ ਮਿਠਾਸ ਪੈਦਾ ਕਰਨਾ ਹੈ। ਇਹ ਗੁਣ ਵਿਸ਼ਵ ਨੂੰ, ਅਧਿਕਾਰ ਖੋਹਣ ਵਾਲੇ ਜ਼ਾਲਮ ਤੋਂ ਬਚਾਉਂਦਾ ਹੈ ਅਤੇ ਨਿਰੰਤਰ ਬਚਾਉਣ ਦਾ ਹੁਕਮ ਹੈ। (1)

"ਰਹਾਉ" ਵਿੱਚ ਉਪਕਾਰ ਕਰਨ ਦਾ ਆਦੇਸ਼ ਹੈ। ਮਨੁੱਖਤਾ ਪ੍ਰਤੀ ਉਪਕਾਰ ਕਰਨ ਦਾ ਹੁਕਮ ਹੈ। ਉਪਕਾਰ ਕਰਨ ਲਈ ਜੇ ਹਥਿਆਰਬੰਦ ਕ੍ਰਾਂਤੀ ਵੀ ਕਰਨੀ ਪਵੇ ਤਾਂ ਗੁਰੂ ਰਵਿਦਾਸ ਜੀ ਕੁਦਰਤੀ ਗੁਣਾਂ/ਅਸੂਲਾਂ ਅਨੁਸਾਰ ਇਸ ਦੀ ਵਰਤੋਂ ਦਾ ਪਰਪੱਕਤਾ ਨਾਲ, ਦ੍ਰਿੜਤਾ ਨਾਲ ਹੁਕਮ ਦਿੰਦੇ ਹਨ। ਇਹ ਹੁਕਮ ਬੰਦ ਨੰ: 2 ਵਿਚ ਦਰਜ ਹੈ।

ਇਸੇ ਹੀ ਹੁਕਮ ਉਪਰ ਅਮਲ ਕਰਨ ਲਈ ਬੰਦ ਨੰ. 3 ਵਿਚ ਸਪੱਸ਼ਟ ਕੀਤਾ ਗਿਆ ਹੈ ਕਿ ਪ੍ਰਭ ਰਾਜਾ ਬਣ ਆਪਣੀ ਖ਼ਲਕਤ ਨੂੰ ਜ਼ੁਲਮਾਂ ਤੋਂ ਬਚਾਉਣ ਲਈ ਹਥਿਆਰਬੰਦ ਕ੍ਰਾਂਤੀ ਕਰਦਾ ਹੈ।

'ਰਹਾਉ' ਵਿੱਚ ਮਨੁੱਖ ਦੀ ਅਲਪਗਤਾ ਅਤੇ ਪ੍ਰਭ ਦੀ ਸਰਬਗਤਾ ਨੂੰ ਦ੍ਰਿੜ ਕੀਤਾ ਗਿਆ ਹੈ। ਗੁਰੂ ਰਵਿਦਾਸ ਜੀ ਪ੍ਰਭ ਅੱਗੇ ਅਰਜ਼ੋਈ ਕਰਦੇ ਹਨ ਕਿ ਹੇ ਪ੍ਰਭ ਸਾਨੂੰ ਆਪਣੀ ਸੱਚੀ ਸੁੱਚੀ ਸੰਗਤ ਦਾ ਸੁਭਾਗ ਬਖ਼ਸ਼ੋ। ਅਸੀਂ ਤਾਂ ਔਗੁਣਾਂ ਨਾਲ ਭਰੇ ਹੋਏ ਹਾਂ। ਤੂੰ ਪਾਪੀਆਂ ਨੂੰ ਤਾਰਕੇ ਉਨ੍ਹਾਂ ਉੱਪਰ ਉਪਕਾਰ ਕਰਨ ਵਾਲਾ ਹੈਂ। ਸਾਡੇ ਪਾਪੀਆਂ ਉੱਪਰ ਮਿਹਰ ਕਰੋ ਜੀ।

ਬੰਦ ਨੰ. ੨ ਵਿੱਚ ਪ੍ਰਭ ਨੂੰ ਸਰਵ-ਗੁਣ ਸੰਪੰਨ, ਕੋਰਾ-ਚਿੱਟਾ, ਪੀਲਾ ਦਾਗ਼ ਰਹਿਤ ਇੱਕ ਦਮ ਪਵਿੱਤਰ ਰੇਸ਼ਮ ਦਰਸਾਇਆ ਗਿਆ ਹੈ ; ਪਰ ਜੀਵ ਨੂੰ ਕੁਰੂਪ ਨੀਵੇਂ ਤੋਂ ਨੀਵਾਂ ਅਤੇ ਔਗੁਣਾਂ ਭਰਿਆ ਨਿਕੰਮਾ ਅਪਵਿੱਤਰ ਕੀੜਾ ਦਰਸਾਇਆ ਗਿਆ ਹੈ। ਅਜਿਹੀ ਸਥਿਤੀ ਵਿੱਚ ਜੀਵ ਪ੍ਰਭ ਦੀ ਸਤਿ ਸੰਗਤ ਵਿੱਚ ਕਿਵੇਂ ਜਾਵੇ? ਇਸ ਬੰਦ ਦੀ ਅਗਲੀ ਤੁਕ ਵਿੱਚ ਉੱਤਰ ਦੇ ਕੇ ਸਪਸ਼ਟ ਕੀਤਾ ਗਿਆ ਹੈ ਕਿ ਪ੍ਰਭ ਦੀ ਸਤਿ ਸੰਗਤ ਲਈ ਇਹੋ ਜਹੇ ਗੁਣ ਪੈਦਾ ਕਰੋ, ਜਿਹੋ ਜਹੇ ਸ਼ਹਦ ਦੀ ਮੱਖੀ ਵਿੱਚ ਹਨ, ਮਧੂ-ਮੱਖੀਆਂ ਵਿੱਚ ਬੁਨਿਆਦੀ ਗੁਣ ਹਨ— ਹਾਕਮ (ਰਾਣੀ ਮੱਖੀ) ਦੇ ਹੁਕਮ ਦੀ ਇੰਨ-ਬਿੰਨ ਪਾਲਣਾ ਅਨੁਸ਼ਾਸ਼ਨ ਵਿੱਚ ਪੱਕੀਆ, ਡਿਊਟੀ ਦੀਆਂ ਪਾਬੰਦ, ਹਿੰਮਤ ਅਤੇ ਮਿਹਨਤ ਵਿੱਚ ਪਰਪੱਕ, ਹੱਕਾਂ ਦੀ ਰਾਖੀ ਲਈ ਮਰ ਮਿਟਣਾ, ਹੱਕ ਖੋਹਣ ਵਾਲੇ ਨੂੰ ਮਿਟਾ ਦੇਣਾ, ਵਿਕਾਰਾਂ ਨੂੰ ਮਿਟਾ ਦੇਣਾ ਅਤੇ ਮਿਠਾਸ ਪੈਦਾ ਕਰਨਾ। ਸੋ ਹੇ ਜੀਵ! ਮਧੂ-ਮੱਖੀ ਦੇ ਗੁਣ ਧਾਰਨ ਕਰਕੇ ਤੂੰ ਵੀ ਪ੍ਰਭ ਦੀ ਸਤਿ ਸੰਗਤ ਵਿੱਚ ਘੁਲ ਮਿਲ ਜਾ ਅਤੇ ਸੰਤ ਸੂਰਮਾ ਬਣ ਜਾ। ਦੂਜੇ ਅਰਥਾਂ ਵਿਚ ਗੁਰੂ ਰਵਿਦਾਸ ਜੀ ਸ਼ਾਂਤੀ ਸਮੇਂ ਸੰਤ ਸੂਰਮੇ ਦੀ ਸਿਰਜਣਾ ਕਰਕੇ ਬੁਰੇ ਸਮਿਆਂ ਲਈ ਫੌਜ ਤਿਆਰ ਕੀਤੀ।

ਬੰਦ ਨੰ. ੩ ਵਿੱਚ ਗੁਰੂ ਰਵਿਦਾਸ ਜੀ ਦਸਦੇ ਹਨ ਕਿ ਮੈਨੂੰ ਪ੍ਰਭ-ਪ੍ਰਾਪਤੀ

ਕਿਉਂ ਨਹੀਂ ਹੋਈ। ਉਹ ਸਪਸ਼ਟ ਕਰਦੇ ਹਨ ਕਿ ਮੇਰਾ ਮਨ ਵਿਕਾਰਾਂ ਨਾਲ ਭਰਿਆ ਹੋਇਆ ਹੈ, ਮੇਰਾ ਸੁਭਾ ਵਿਕਾਰੀ ਬਣ ਗਿਆ ਹੈ। ਵਿਕਾਰੀ ਸੁਭਾ ਕਾਰਣ ਮੇਰੇ ਕਰਮ ਵੀ ਵਿਕਾਰ ਭਰਪੂਰ ਬਣ ਗਏ ਹਨ, ਜਿਸ ਦੀ ਕੁਲ, ਸ੍ਰੋਤ ਜਾਂ ਵੰਸ਼ ਮਾਇਆ ਹੈ। ਇਨ੍ਹਾਂ ਵਿਕਾਰਾਂ ਕਾਰਣ ਸਮੁੱਚਾ ਜੀਵਨ ਹੀ ਘਟੀਆ ਨੀਚ, ਵਿਕਾਰ ਭਰਪੂਰ ਬਣ ਗਿਆ ਹੈ। ਹੇ ਰਵਿਦਾਸ ਕਹਿ ਕਿ ਇਹ ਹਾਲਤ ਇਸ ਕਰਕੇ ਹੋਈ ਹੈ ਕਿ ਮੈਂ ਸੋਹਣੇ ਪ੍ਰਭ ਦੀ ਸਤਿ ਸੰਗਤ ਵਿੱਚ ਜਾਕੇ ਦ੍ਰਿੜਤਾ ਨਾਲ ਉਸ ਦੀ ਸੇਵਾ ਨਹੀਂ ਕੀਤੀ, ਭਗਤੀ ਨਹੀਂ ਕੀਤੀ। ਹੇ ਸੋਹਣੇ ਪ੍ਰਭ! ਮੈਨੂੰ ਆਪਣੀ ਸਤਿ ਸੰਗਤ ਵਿੱਚ ਸ਼ਰਨ ਦੇਕੇ ਸੇਵਾ ਦਾ ਮੌਕਾ ਬਖਸ਼ਿਸ਼ ਕਰੋ ਜੀ।

ਉਪਰੋਕਤ ਚਰਚਾ ਪਿੱਛੋਂ ਇਹ ਵਿਚਾਰ ਕਰਨਾ ਜ਼ਰੂਰੀ ਹੋ ਗਿਆ ਹੈ ਕਿ ਕੀ ਇਸ ਸ਼ਬਦ ਵਿੱਚ ਆਏ ਵਿਚਾਰ ਰਾਗ ਆਸਾ ਦੀ ਭਾਵਨਾ ਦੇ ਵਿਰੁਧ ਹਨ ?

ਮਾਰੂ ਰਾਗ ਦੇ ਦੋਵੇਂ ਸ਼ਬਦ, "ਐਸੀ ਲਾਲ ਤੁਝ ਬਿਨੁ ਕਉਨ ਕਰੈ" ਅਤੇ "ਸੁਖ ਸਾਗਰੁ ਸੁਰਤਰਿ ਚਿੰਤਾਮਨਿ", ਰਾਗ ਆਸਾ ਵਿੱਚ ਦਰਜ ਸ਼ਬਦ "ਤੁਮ ਚੰਦਨ ਹਮ ਇਰੰਡ ਬਾਪਰੇ" ਦੇ "ਸਤਿ ਸੰਗਤ ਮਿਲਿ ਰਹੀਐ ਮਾਧੋ ਜੈਸੇ ਮਧੁਪ ਮਖੀਰਾ" ਦੇ ਸਿਧਾਂਤ ਦੀ ਪ੍ਰੋੜਤਾ ਕਰਦੇ ਹਨ। ਕਿਉਂਕਿ ਰਾਗ ਆਸਾ ਦਾ ਕੋਈ ਵਿਸ਼ਾ ਨਹੀਂ ਹੈ ਕੋਈ ਸੁਭਾ ਨਹੀਂ ਹੈ ਅਤੇ ਨਾ ਹੀ ਗ਼ਮੀ, ਸ਼ਾਦੀ, ਯੁੱਧ ਆਦਿ ਮੌਕਿਆਂ ਤੇ ਗਾਉਣ ਦਾ ਆਦੇਸ਼ ਹੈ। ਇਸ ਲਈ ਰਾਗ ਆਸਾ ਵਿੱਚ ਲਗਭਗ ਹਰ ਵਿਸ਼ੇ ਨੂੰ ਨਿਭਾਇਆ ਜਾ ਸਕਦਾ ਹੈ। ਇਸ ਕਰਕੇ ਇਸ ਸ਼ਬਦ ਵਿੱਚ ਆਏ ਵਿਚਾਰ ਰਾਗ ਆਸਾ ਦੀ ਭਾਵਨਾ (Spirit) ਦੇ ਵਿਰੁੱਧ ਨਹੀਂ ਹਨ।

ਹਾਂ ਰਾਗ ਆਸਾ ਮਨ ਨੂੰ ਮਧੁਰ ਭਾਵ ਕੋਮਲ ਜ਼ਰੂਰ ਬਣਾਉਂਦਾ ਹੈ। ਪਰ ਇਸ ਦਾ ਅਰਥ ਇਹ ਨਹੀਂ ਹੈ ਕਿ ਕੋਮਲਤਾ, ਕਾਇਰਤਾ ਦਾ ਰੂਪ ਧਾਰ ਲਵੇ। ਨਾਲੇ ਗੁਰੂ ਰਵਿਦਾਸ ਜੀ ਨੂੰ ਤਾਂ ਹਿੰਦੂ ਧਰਮ ਦੇ ਸ਼ਕਤੀਸ਼ਾਲੀ ਅਤੇ ਹੰਕਾਰੀ ਬ੍ਰਾਹਮਣਾਂ ਨਾਲ ਲੋਹਾ ਲੈਣਾ ਪੈ ਰਿਹਾ ਸੀ। ਉਨ੍ਹਾਂ ਨਾਲ ਅੱਜ ਤੋਂ ਛੇ ਸੌ ਸਾਲ ਪਹਿਲਾਂ ਅਖੌਤੀ ਨੀਵੀਂ ਚਮਾਰ ਜਾਤ ਦੇ ਗੁਰੂ ਰਵਿਦਾਸ ਜੀ ਨੂੰ, ਅਖਉਤੀ ਉੱਚੀ ਜਾਤ ਦੇ ਹੰਕਾਰੀ ਬ੍ਰਾਹਮਣਾ ਨਾਲ ਲੋਹਾ ਲੈਣਾ, ਹਕੂਮਤ ਨਾਲ ਟੱਕਰ ਲੈਣਾ ਹੀ ਆਪਣੀ ਮੌਤ ਨੂੰ ਸਦਾ ਦੇਣਾ ਸੀ। ਅਜਿਹੀ ਭਿਆਨਕ ਸਥਿਤੀ ਦਾ ਸਾਹਮਣਾ ਗੁਰੂ ਗ੍ਰੰਥ ਸਾਹਿਬ ਵਿੱਚ ਵਿਰਾਜਮਾਨ ਕਿਸੇ ਵੀ ਮਹਾਂਪੁਰਸ਼ ਨੂੰ ਨਹੀਂ ਕਰਨਾ ਪਿਆ। ਇਸ ਕਰਕੇ ਅਜਿਹੇ ਹਾਲਾਤ ਵਿੱਚ ਗੁਰੂ ਜੀ ਕਾਇਰ ਨਹੀਂ ਸਨ ਬਣੇ, ਉਹ ਤਾਂ ਸ਼ਕਤੀਸ਼ਾਲੀ ਮਹਾਂਬਲੀ ਅਜਿੱਤ ਯੋਧੇ ਵਾਂਗ ਜਾਤ-ਪਾਤ ਨੂੰ ਮਿਟਾ ਕੇ ਹਿੰਦੂ ਧਰਮ ਦੀ ਮਾਨਵਤਾ ਮਾਰੂ ਵਿਚਾਰਧਾਰਾ ਨੂੰ ਸਦਾ ਸਦਾ ਲਈ ਮਿਟਾ ਦਿੰਦੇ ਹਨ। ਇਸ ਲਈ ਗੁਰੂ ਜੀ ਨੇ ਕੋਮਲ ਚਿੱਤ ਰਹਿਕੇ ਵੀ ਮਹਾਂਬਲੀ ਯੋਧਾ ਬਣ ਕੇ ਨਿਆਂ ਪੂਰਨ ਕ੍ਰਾਂਤੀ ਮਚਾਈ ਹੈ ਅਤੇ ਸੇਵਕਾਂ ਨੂੰ ਵੀ ਅਜਿਹਾ ਕਰਨ ਦਾ ਆਦੇਸ਼

ਦਿੱਤਾ ਹੈ। ਇਸ ਹੁਕਮ ਦਾ ਆਧਾਰ ਹੈ ਭਾਈਚਾਰਕ ਸਾਮਾਨਤਾ ਮਾਨਵਤਾ ਲਈ ਨਿਆਂ, ਸਮਾਜਕ, ਰਾਜਨੀਤਕ ਅਤੇ ਆਰਥਕ ਬਰਾਬਰੀ। ਇਹ ਆਦੇਸ਼ ਸਾਰੀ ਗੁਰਬਾਣੀ ਵਿੱਚ ਉਪਲਭਧ ਹੈ ਖਾਸ ਕਰਕੇ ਗੁਰੂ ਰਵਿਦਾਸ ਜੀ ਦੇ ਸ਼ਬਦ "ਬੇਗਮਪੁਰਾ ਸਹਰ" ਵਿੱਚ।

ਉਪਰੋਕਤ ਚਰਚਾ ਤੋਂ ਸਪਸ਼ਟ ਹੈ ਕਿ ਗੁਰੂ ਰਵਿਦਾਸ ਜੀ ਨੇ ਵਿਚਾਰ ਅਧੀਨ ਸ਼ਬਦ ਦੀ ਸਿਰਜਣਾ ਕਰਕੇ ਰਾਗ ਆਸਾ ਦੀ ਭਾਵਨਾ ਨੂੰ ਪ੍ਰਾਪਤ ਕਰਨ ਲਈ ਨਿਰਭੈ ਹੋਕੇ ਵਿਚਰਨ ਦਾ ਆਦੇਸ਼ ਦਿੱਤਾ ਹੈ।

ਸਮੁੱਚੀ ਚਰਚਾ ਤੋਂ ਦ੍ਰਿੜ ਹੋ ਗਿਆ ਹੈ ਕਿ ਗੁਰੂ ਰਵਿਦਾਸ ਜੀ ਬ੍ਰਹਮ-ਗਿਆਨੀ ਹੋਣ ਦੇ ਨਾਲ-ਨਾਲ ਕ੍ਰਾਂਤੀਕਾਰੀ ਮਹਾਂਬਲੀ ਸੂਰਮੇਂ ਵੀ ਹਨ ਭਾਵ ਉਹ ਮਹਾਨ ਸੰਤ ਸਿਪਾਹੀ ਹਨ। ਨਾਲ ਦੀ ਨਾਲ ਉਹ ਅਪਣੇ ਹੱਕਾਂ ਦੀ ਰਾਖੀ ਲਈ ਮਰ ਮਿਟਣ ਵਾਲੇ ਮਹਾਂਬਲੀ, ਕ੍ਰਾਂਤੀਕਾਰੀ ਸੂਰਮਿਆਂ ਦੀ ਸਿਰਜਣਾ ਵੀ ਕਰਦੇ ਹਨ।

ਸ਼ਬਦ ਅਰਥ :—ਹੇ ਪ੍ਰਭ! ਤੂੰ ਚਿੱਤ ਨੂੰ ਪ੍ਰਸੰਨ ਕਰਨ ਵਾਲਾ ਚੰਦਨ ਹੈ ਅਤੇ ਮੈਂ ਕੁਰੂਪ ਔਗੁਣਾਂ ਭਰਪੂਰ ਨਿਕੰਮਾ ਇਰੰਡ ਹਾਂ। ਤੇਰੀ ਬਖਸ਼ਿਸ਼ ਕਰਕੇ ਮੈਨੂੰ ਤੇਰੀ ਸੰਗਤ ਵਿੱਚ ਵਾਸਾ ਮਿਲ ਗਿਆ ਹੈ। ਇਸ ਸੰਗਤ ਕਾਰਣ ਤੇਰੀ ਸੁਗੰਧੀ ਭਾਵ ਚੰਗੇ ਗੁਣ ਮੇਰੇ ਮਨ ਵਿੱਚ ਵਸ ਗਏ ਹਨ। ਸੋ ਔਗੁਣ ਖਤਮ ਹੋ ਜਾਣ ਕਰਕੇ ਮੈਂ ਨਿਕੰਮੇ ਤੋਂ ਚੰਗਾ ਬਣ ਗਿਆ ਹਾਂ॥ ੧॥

ਹੇ ਪ੍ਰਭ! ਮੈਨੂੰ ਆਪਣੀ ਸੱਚੀ-ਸੁੱਚੀ ਸੰਗਤ ਦੀ ਓਟ ਬਖਸ਼ਿਸ਼ ਕਰੋ। ਮੈਂ ਤਾਂ ਔਗੁਣਾਂ ਨਾਲ ਭਰਿਆ ਹੋਇਆ ਪਾਪੀ ਹਾਂ, ਤੂੰ ਪਾਪੀਆਂ ਨੂੰ ਤਾਰ ਕੇ ਉਨ੍ਹਾਂ ਉੱਪਰ ਉਪਕਾਰ ਕਰਨ ਵਾਲਾ ਹੈਂ। ਹੇ ਪ੍ਰਭ! ਮੈਨੂੰ ਆਪਣੀ ਸ਼ਰਨ ਆਏ ਪਾਪੀ ਨੂੰ ਕਿਰਪਾ ਦਾ ਦਾਨ ਬਖਸੋ॥ ੧॥ ਰਹਾਉ॥

ਹੇ ਪ੍ਰਭ! ਤੂੰ ਚਿੱਟਾ-ਪੀਲਾ ਬੇਦਾਗ਼ ਰੇਸ਼ਮ ਹੈਂ, ਮੈਂ ਔਗੁਣ ਭਰਿਆ, ਕੁਰੂਪ ਕੀੜਾ ਹਾਂ। ਮੇਰੇ ਤੇ ਕਿਰਪਾ ਕਰੋ ਕਿ ਮੈਂ ਤੇਰੀ ਸਤਿ ਸੰਗਤ ਵਿੱਚ ਇਉਂ ਘੁਲ ਮਿਲ ਜਾਵਾਂ ਜਿਵੇਂ ਸ਼ਹਦ ਦੀ ਮੱਖੀ ਸ਼ਹਦ ਦੇ ਛੱਤੇ ਨਾਲ ਘੁਲ ਮਿਲ ਜਾਂਦੀ ਹੈ। (ਮਧੂ ਮੱਖੀ ਆਪਣੇ ਹਾਕਮ ਦੇ ਹੁਕਮ ਦੀ ਪਾਬੰਦ ਹੈ, ਅਨੁਸ਼ਾਸਨ ਵਿੱਚ ਪੱਕੀ ਹੈ, ਡਿਊਟੀ ਦੀ ਪਾਬੰਦ ਹੈ, ਹਿੰਮਤ ਅਤੇ ਮਿਹਨਤ ਵਿੱਚ ਪਰਪੱਕ ਹੈ, ਹੱਕਾਂ ਦੀ ਰਾਖੀ ਲਈ ਮਰ ਮਿਟ ਜਾਂਦੀ ਹੈ, ਹੱਕ ਖੋਹਣ ਵਾਲੇ ਨੂੰ ਮਿਟਾ ਦਿੰਦੀ ਹੈ, ਭਾਵ ਵਿਕਾਰਾਂ ਨੂੰ ਮਿਟਾ ਦਿੰਦੀ ਹੈ ਅਤੇ ਮਿਠਾਸ ਪੈਦਾ ਕਰਦੀ ਹੈ। ਸੋ ਸੇਵਕ ਨੂੰ ਆਦੇਸ਼ ਹੈ ਕਿ ਹੱਕਾਂ ਦੀ ਰਾਖੀ ਲਈ ਮਰ ਮਿਟ ਜਾਵੇ ਅਤੇ ਹੱਕ ਖੋਹਣ ਵਾਲੇ ਨੂੰ ਮਿਟਾ ਦੇਵੇ!) ਸੋ ਹੇ ਪ੍ਰਭ! ਮੇਰੇ ਤੇ ਬਖਸ਼ਿਸ਼ ਕਰਕੇ ਅਜਿਹੇ ਗੁਣਾਂ ਦੀ ਦਾਤ ਦਿਉ ਜਿਸ ਸਦਕਾ ਮੈਂ ਵੀ ਤੇਰੀ ਸਤਿ ਸੰਗਤ ਦਾ ਸਦੀਵੀ ਅਨੰਦ ਮਾਣ ਸਕਾਂ॥ ੨॥

ਹੇ ਪ੍ਰਭ! ਚਮਾਰ ਰਵਿਦਾਸ ਇਹ ਪ੍ਰਵਾਨ ਕਰਦਾ ਹੈ ਕਿ ਮੈਂ ਤੇਰੀ ਸ਼ਰਨ ਆ ਕੇ ਤੇਰੀ ਭਗਤੀ ਨਹੀਂ ਕੀਤੀ ਤੇਰੀ ਸੇਵਾ ਨਹੀਂ ਕੀਤੀ, ਕਿਉਂਕਿ ਮੇਰੇ ਮਨ ਦਾ ਸੁਭਾ ਵਿਕਾਰਾਂ ਕਾਰਣ ਪਾਪੀਆਂ ਵਾਲਾ ਬਣ ਗਿਆ ਹੈ। ਇਨ੍ਹਾਂ ਵਿਕਾਰਾ ਦਾ ਸ੍ਰੋਤ ਵੀ ਮਾਇਆ ਹੀ ਹੈ (ਪੰਜੇ ਵਿਕਾਰ ਮਾਇਆ ਦੇ ਦੂਤ ਹਨ)। ਇਸ ਕਰਕੇ ਮੇਰਾ ਸਮੁੱਚਾ ਜੀਵਨ ਪਾਪਾਂ ਨਾਲ ਭਰ ਗਿਆ ਹੈ। ਹੇ ਪ੍ਰਭ ! ਮੇਰੇ ਤੇ ਮਿਹਰ ਕਰ ਅਤੇ ਮੈਨੂੰ ਆਪਣੀ ਸਤਿ ਸੰਗਤ ਦੀ ਦਾਤ ਬਖਸ਼ ਕੇ ਸੇਵਾ ਕਰਨ ਦਾ ਬਲ ਬਖਸ਼ਿਸ਼ ਕਰੋ॥ ੩॥ ੩॥

ੴ ਸਤਿਗੁਰ ਪ੍ਰਸਾਦਿ॥

ਆਸਾ ਬਾਣੀ ਸ੍ਰੀ ਰਵਿਦਾਸ ਜੀ ਕੀ॥

ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ॥
ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ॥ ੧॥
ਤੁਝਹਿ ਚਰਨ ਅਰਬਿੰਦ ਭਵਨ ਮਨੁ॥
ਪਾਨ ਕਰਤ ਪਾਇਓ ਪਾਇਓ ਰਾਮਈਆ ਧਨੁ॥ ੧॥ ਰਹਾਉ॥
ਸੰਪਤਿ ਬਿਪਤਿ ਪਟਲ ਮਾਇਆ ਧਨੁ॥
ਤਾ ਮਹਿ ਮਗਨ ਹੋਤ ਨ ਤੇਰੋ ਜਨੁ॥ ੨॥
ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨ॥
ਕਹਿ ਰਵਿਦਾਸ ਛੂਟਿਬੋ ਕਵਨ ਗੁਨ॥ ੩॥ ੪॥[1]

ਪਦ ਅਰਥ : ਕਹਾ ਭਇਓ = ਕੀ ਹੋਇਆ। **ਛਿਨੁ ਛਿਨੁ** = ਟੁਕੜੇ ਟੁਕੜੇ॥ ੧॥

ਤੁਝਹਿ = ਤੇਰੇ। **ਅਰਬਿੰਦ** = ਕਮਲ। **ਭਵਨ** = ਰਹਿਣ ਲਈ ਥਾਂ। **ਪਾਨ** = ਰਸ ਮਾਣਨਾ। **ਪਾਇਓ ਪਾਇਓ** = ਪ੍ਰਾਪਤ ਕਰ ਲਿਆ ਹੈ। **ਰਾਮਈਆ ਧਨ** = ਪ੍ਰਭ ਪਿਆਰ॥ ੧॥ ਰਹਾਉ॥

ਸੰਪਤਿ = ਭੋਗ ਵਿਲਾਸ ਜਾਇਦਾਦ। **ਬਿਪਤਿ** = ਮੁਸ਼ਕਲ। **ਪਟਲ** = ਪਰਦਾ। **ਮਾਇਆ** = ਕਪਟ, ਛੱਲ, ਵਿਕਾਰ। **ਤਾ ਮਹਿ** = ਇਨ੍ਹਾਂ ਵਿੱਚ॥ ੨॥

ਜੇਵਰੀ = ਰੱਸੀ। **ਛੂਟਿਬੋ** = ਮੁਕਤੀ। **ਕਵਨ ਗੁਨ** = ਕਿਸ ਕਾਰਣ॥ ੩॥ ੪॥

---

1. *ਆਦਿ ਗ੍ਰੰਥ - ਪੰਨਾ - ੪੮੬-੮੭*

ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ

ਪ੍ਰਭ ਪ੍ਰਾਪਤੀ ਪਿਛੋਂ, ਬੰਦ ਨੰ. ੧ ਵਿੱਚ ਗੁਰੂ ਰਵਿਦਾਸ ਜੀ ਪ੍ਰਭ ਪ੍ਰਤੀ ਤੀਖਣ ਪਿਆਰ ਦਾ ਪ੍ਰਗਟਾਵਾ ਕਰਦੇ ਫਰਮਾਉਂਦੇ ਹਨ ਕਿ ਕੀ ਫਰਕ ਪੈਂਦਾ ਹੈ ਜੇਕਰ ਮੇਰਾ ਸਰੀਰ ਟੁਕੜੇ-ਟੁਕੜੇ ਹੋ ਜਾਵੇ। ਮੈਨੂੰ ਇਸਤੋਂ ਭੈ ਨਹੀਂ ਲਗਦਾ। ਮੇਰਾ ਮਨ ਤਾਂ ਓਦੋਂ ਹੀ ਭੈ ਭੀਤ ਹੋਵੇਗਾ ਜਦੋਂ ਤੇਰਾ ਪਿਆਰ ਮਨ ਤੋਂ ਦੂਰ ਹੋਵੇਗਾ। ਗੁਰੂ ਜੀ ਪ੍ਰਭ-ਪਿਆਰ ਬਦਲੇ ਆਪਣੀ ਜਾਨ ਦੇਣ ਲਈ ਤਿਆਰ ਹਨ, ਪਰ ਪਿਆਰ ਨੂੰ ਕਿਸੇ ਵੀ ਕੀਮਤ ਤੇ ਗੁਆਉਣਾ ਨਹੀਂ ਚਾਹੁੰਦੇ। ਪ੍ਰਭ-ਪਿਆਰ ਲਈ ਇਹ ਉਤਮ ਕੁਰਬਾਨੀ ਦੀ ਉਦਾਹਰਣ ਹੈ।

ਗੁਰੂ ਰਵਿਦਾਸ ਜੀ 'ਰਹਾਉ' ਵਿੱਚ ਪਰਪੱਕ ਕਰਦੇ ਹਨ ਕਿ ਮੈਨੂੰ ਪ੍ਰਭ-ਚਰਨਾਂ ਵਿੱਚ ਰਹਿਣ ਲਈ ਟਿਕਾਣਾ ਮਿਲ ਗਿਆ ਹੈ। ਉਹ ਉੱਚੀ ਉੱਚੀ ਹੋਕਾ ਦੇਕੇ ਦ੍ਰਿੜ ਕਰਦੇ ਹਨ ਕਿ ਪ੍ਰਭ ਸਿਮਰਨ ਨਾਲ ਮੈਨੂੰ ਪ੍ਰਭ-ਪ੍ਰਾਪਤੀ ਹੋ ਗਈ ਹੈ।

ਬੰਦ ਨੰ. ੨ ਵਿੱਚ ਵਿਕਾਰਾਂ ਦਾ ਜ਼ਿਕਰ ਕੀਤਾ ਗਿਆ ਹੈ ਜਿਹੜੇ ਪ੍ਰਭ-ਪਿਆਰ ਦੀ ਪ੍ਰਾਪਤੀ ਦੇ ਰਾਹ ਵਿੱਚ ਰੁਕਾਵਟ ਬਣਦੇ ਹਨ ਅਤੇ ਇਨ੍ਹਾਂ ਕਾਰਣ ਹੀ ਮਨੁੱਖ ਪ੍ਰਭ ਨਾਲੋਂ ਵਿਛੜਿਆ ਹੋਇਆ ਹੈ। ਇਸ ਕਰਕੇ ਗੁਰੂ ਜੀ ਦ੍ਰਿੜਤਾ ਨਾਲ ਫਰਮਾਉਂਦੇ ਹਨ ਕਿ ਹੁਣ ਮੇਰਾ ਮਨ ਮੁਸ਼ਕਲਾਂ ਪੈਦਾ ਕਰਨ ਵਾਲੇ ਭੋਗ ਵਿਲਾਸ ਅਤੇ ਧਨ ਆਦਿ ਮਾਇਆ ਦੇ ਵਿਕਾਰਾਂ ਵਿੱਚ ਨਹੀਂ ਫਸਦਾ।

ਆਖਰੀ-ਬੰਦ ਨੰ. ੩ ਵਿੱਚ ਗੁਰੂ ਰਵਿਦਾਸ ਜੀ ਪ੍ਰਭ ਪ੍ਰਾਪਤੀ ਬਾਰੇ ਦ੍ਰਿੜ ਕਰਦੇ ਹਨ ਕਿ ਹੇ ਪ੍ਰਭ! ਤੇਰੇ ਸੇਵਕ ਨੇ ਤੇਰੇ ਪਿਆਰ ਦੀ ਪੱਕੀ ਡੋਰ ਨਾਲ ਆਪਣੇ ਆਪ ਨੂੰ ਬੰਨ ਲਿਆ ਹੈ। ਹੁਣ ਮੈਂ ਕਿਸੇ ਵੀ ਤਰ੍ਹਾਂ ਇਸ ਪਿਆਰ-ਬੰਧਨ ਤੋਂ ਛੁਟਕਾਰਾ ਨਹੀਂ ਪਾਵਾਂਗਾ।

ਸੋ ਇਸ ਸ਼ਬਦ ਵਿੱਚ ਪਹਿਲਾਂ ਪ੍ਰਭ-ਪ੍ਰਾਪਤੀ ਪਿਛੋਂ ਪ੍ਰਭ-ਪਿਆਰ ਦੀ ਮਹੱਤਤਾ ਨੂੰ ਦ੍ਰਿੜਾਇਆ ਗਿਆ ਹੈ, ਫਿਰ ਪ੍ਰਭ ਦੇ ਚਰਨਾਂ ਵਿਚ ਸਥਾਨ ਪ੍ਰਾਪਤੀ ਦੀ ਗੱਲ ਦੱਸੀ ਗਈ। ਇਸ ਪਿਛੋਂ ਉਨ੍ਹਾਂ ਵਿਕਾਰਾਂ ਤੋਂ ਤੋਬਾ ਕੀਤੀ ਗਈ ਹੈ ਜਿਹੜੇ ਪ੍ਰਭ-ਪਿਆਰ ਲਈ ਰੁਕਾਵਟ ਬਣਦੇ ਹਨ। ਅੰਤ ਵਿੱਚ ਪ੍ਰਭ ਨਾਲ ਆਪਣੇ ਪੱਕੇ ਪਿਆਰ-ਸੰਬੰਧ ਨੂੰ ਪ੍ਰਗਟ ਕੀਤਾ ਗਿਆ ਹੈ। ਇਹ ਵਿਚਾਰ ਦਾ ਨਿਰੰਤਰ ਵਿਕਾਸ ਹੈ।

ਸ਼ਬਦ ਅਰਥ : ਗੁਰੂ ਰਵਿਦਾਸ ਜੀ ਪ੍ਰਭ ਨੂੰ ਸੰਬੋਧਨ ਕਰਦੇ ਫਰਮਾਉਂਦੇ ਹਨ ਕਿ ਹੇ ਪ੍ਰਭ! ਜੇ ਤੇਰੇ ਸੇਵਕ ਦਾ ਸਰੀਰ ਟੋਟੇ ਟੋਟੇ ਹੋ ਜਾਵੇ ਤਾਂ ਵੀ ਮੈਨੂੰ ਕੋਈ ਪ੍ਰਵਾਹ ਨਹੀਂ। ਮੈਨੂੰ ਇਸ ਤੋਂ ਡਰ ਨਹੀਂ ਲਗਦਾ। ਡਰ ਤਾਂ ਉਦੋਂ ਲਗੇਗਾ ਜਦੋਂ ਤੇਰਾ ਪਿਆਰ ਮਨ ਤੋਂ ਦੂਰ ਹੋਵੇਗਾ। ਇਹ ਸਹਿਣਯੋਗ ਨਹੀਂ ਹੈ। ਮੈਨੂੰ ਇਸ ਤੋਂ ਹੀ ਡਰ ਆਵੇਗਾ॥ ੧॥

ਹੇ ਪ੍ਰਭ! ਤੇਰੀ ਬਖਸ਼ਿਸ਼ ਨਾਲ ਮੈਨੂੰ ਤੇਰੇ ਚਰਨ ਕਮਲਾਂ ਵਿੱਚ ਰਹਿਣ ਲਈ ਟਿਕਾਣਾ ਮਿਲ ਗਿਆ ਹੈ। ਇਹ ਟਿਕਾਣਾ ਮੈਨੂੰ ਪ੍ਰਭ-ਸਿਮਰਨ ਨਾਲ ਮਿਲ ਗਿਆ ਹੈ। ਭਾਵ— ਪ੍ਰਭ-ਪ੍ਰਾਪਤੀ ਹੋ ਗਈ ਹੈ॥ ੧॥ ਰਹਾਉ॥

ਹੇ ਪ੍ਰਭ! ਤੇਰੇ ਸੇਵਕ ਦਾ ਮਨ ਹੁਣ ਉਨ੍ਹਾਂ ਵਿੱਚ ਮਗਨ ਨਹੀਂ ਹੁੰਦਾ ਜਿਹੜੇ ਭੋਗ ਬਿਲਾਸ, ਧਨ ਆਦਿ ਮਾਇਆ ਦੇ ਵਿਕਾਰ, ਤੇਰੇ ਪ੍ਰੇਮ-ਵਿਚ ਰੁਕਾਵਟ ਪੈਦਾ ਕਰਦੇ ਹਨ। ਇਨ੍ਹਾਂ ਤੋਂ ਸਦਾ-ਸਦਾ ਲਈ ਮੁਕਤ ਹੋ ਗਿਆ ਹਾਂ॥ ੨॥

ਗੁਰੂ ਜੀ ਦ੍ਰਿੜਤਾ ਨਾਲ ਫਰਮਾਉਂਦੇ ਹਨ ਕਿ ਹੇ ਪ੍ਰਭ! ਤੇਰੇ ਸੇਵਕ ਨੇ ਤੇਰੇ ਪਿਆਰ ਦੀ ਡੋਰ ਨਾਲ ਆਪਣੇ ਆਪ ਨੂੰ ਪੱਕੇ ਤੌਰ ਤੇ ਬੰਨ ਲਿਆ ਹੈ। ਹੁਣ ਮੈਂ ਕਿਸੇ ਵੀ ਤਰ੍ਹਾਂ ਇਸ ਬੰਧਨ ਤੋਂ ਮੁਕਤ ਨਹੀਂ ਹੋਵਾਂਗਾ॥ ੩॥ ੪॥

ੴ ਸਤਿਗੁਰ ਪ੍ਰਸਾਦਿ॥

ਆਸਾ ਬਾਣੀ ਸ੍ਰੀ ਰਵਿਦਾਸ ਜੀਉ ਕੀ

ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ॥
ਹਰਿ ਸਿਮਰਤ ਜਨ ਗਏ ਨਿਸਤਰਿ ਤਰੇ॥ ੧॥ ਰਹਾਉ॥
ਹਰਿ ਕੇ ਨਾਮ ਕਬੀਰ ਉਜਾਗਰ॥
ਜਨਮ ਜਨਮ ਕੇ ਕਾਟੇ ਕਾਗਰ॥ ੧॥
ਨਿਮਤ ਨਾਮ ਦੇਉ ਦੂਧੁ ਪੀਆਇਆ॥
ਤਉ ਜਗ ਜਨਮ ਸੰਕਟ ਨਹੀ ਆਇਆ॥ ੨॥
ਜਨ ਰਵਿਦਾਸ ਰਾਮ ਰੰਗਿ ਰਾਤਾ॥
ਇਉ ਗੁਰ ਪਰਸਾਦਿ ਨਰਕ ਨਹੀ ਜਾਤਾ॥ ੩॥ ੫॥[1]

ਪਦ ਅਰਥ : ਹਰਿ .... ਹਰੇ = ਮੁੜ ਮੁੜ ਸੁਆਸ ਸੁਆਸ। **ਹਰਿ**[2] = ਪ੍ਰਭ। **ਹਰੇ** = ਕ੍ਰਿ:ਵਿ:ਸਹਜ, ਹੌਲੀ। **ਨਿਸਤਰਿ** = ਭਵਸਾਗਰ ਪਾਰ ਕਰ ਗਏ॥ ੧॥ ਰਹਾਉ॥

ਉਜਾਗਰ = ਪ੍ਰਗਟ, ਪ੍ਰਸਿੱਧ। **ਜਨਮ ਜਨਮ** = ਚੁਰਾਸੀ ਦਾ ਗੇੜ। **ਕਾਗਰ** = ਕਾਗਜ਼। **ਜਨਮ ਜਨਮ .... ਕਾਗਰ** = ਚੁਰਾਸੀ ਦਾ ਗੇੜ ਕੱਟਿਆ ਗਿਆ, ਜਨਮਾਂ ਜਨਮਾਂਤਰਾਂ ਦੇ ਕਰਮਾਂ ਦਾ ਹਿਸਾਬ ਰੱਖਣ ਵਾਲਾ ਕਾਗ਼ਜ਼ ਫਾੜ ਦਿੱਤਾ ਗਿਆ॥ ੧॥

ਨਿਮਤ = ਕਾਰਣ, ਹਰਿ ਸਿਮਰਨ ਕਰਕੇ। **ਜਗ ਜਨਮ ਸੰਕਟ ਨਹੀਂ** = ਜੱਗ ਵਿੱਚ ਮੁੜ ਜਨਮ ਨਹੀਂ॥ ੨॥

ਰੰਗਿ ਰਾਤਾ = ਰੰਗਿਆ ਗਿਆ। **ਪਰਸਾਦਿ** = ਕ੍ਰਿਪਾ, ਮਿਹਰ॥ ੩॥ ੪॥

ਰਾਗ ਆਸਾ ਦੀ ਪ੍ਰਕ੍ਰਿਤੀ ਭਾਵ ਸੁਭਾ ਅਨੁਸਾਰ ਜੀਵ ਪ੍ਰਭ ਪ੍ਰਾਪਤੀ ਕਰ ਅਨੰਦਿਤ ਹੋ ਪ੍ਰਭ ਪਿਆਰ ਵਿਚ ਮੁਗਧ ਹੋ ਜਾਂਦਾ ਹੈ। ਇਸ ਲਈ ਇਹ ਸ਼ਬਦ ਰਾਗ ਆਸਾ ਦੇ ਸੁਭਾ ਅਨੁਸਾਰ ਸਿਰਜਿਆ ਗਿਆ ਹੈ। ਇਹੋ ਕਾਰਣ ਹੈ ਕਿ ਗੁਰੂ ਰਵਿਦਾਸ ਜੀ ਸਾਧਕ ਨੂੰ "ਹਰਿ" ਦਾ ਸਿਮਰਣ ਕਰਨ ਦਾ ਹੁਕਮ ਕਰਦੇ ਹਨ। "ਹਰਿ" ਦੇ ਸਿਮਰਣ ਨਾਲ ਹੀ ਪ੍ਰਭ ਪ੍ਰਾਪਤੀ ਹੋ ਗਈ ਹੈ ਅਤੇ ਜਨਮ ਜਨਮ ਦੇ ਸੰਕਟ ਕੱਟੇ ਗਏ ਹਨ।

---

1. ਆਦਿ ਗ੍ਰੰਥ - ਪੰਨਾ ੪੮੭
2. "ਨੋਟ : ਲਫ਼ਜ਼ 'ਹਰਿ' ਸੰਸਕ੍ਰਿਤ ਕੋਸ਼ਾਂ ਵਿੱਚ ਵਿਸ਼ਨੂੰ, ਇੰਦਰ, ਸ਼ਿਵ, ਬ੍ਰਹਮਾ ਅਤੇ ਜਮਰਾਜ ਵਾਸਤੇ ਵਰਤਿਆ ਗਿਆ ਹੈ।"
ਭਗਤ ਬਾਣੀ-ਸਟੀਕ ਭਾਗ ਦੂਜਾ, ਕਰਤਾ ਪ੍ਰੋ: ਸਾਹਿਬ ਸਿੰਘ - ਪੰਨਾ : ੫੨

ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ

ਇਸ ਸ਼ਬਦ ਵਿੱਚ ਗੁਰੂ ਰਵਿਦਾਸ ਜੀ ਨੇ ਹਰਿ ਨੂੰ ਸਿਮਰਨ ਦੀ ਸ਼ਕਤੀ ਅਤੇ ਉਸ ਦੇ ਮਹਤਵ ਨੂੰ ਮੂਰਤੀਮਾਨ ਕੀਤਾ ਹੈ। 'ਰਹਾਉ' ਵਿੱਚ 'ਹਰਿ' ਸੱਤ ਵਾਰ ਦਿੱਤਾ ਗਿਆ ਹੈ। ਸਮੁੱਚੇ ਗੁਰੂ ਗ੍ਰੰਥ ਸਾਹਿਬ ਵਿੱਚ ਇੱਕ ਸ਼ਬਦ ਦੇ ਕਿਸੇ ਇੱਕ ਬੰਦ ਵਿੱਚ ਕਿਸੇ ਇੱਕ ਲਫ਼ਜ਼ ਨੂੰ ਐਨੀ ਵਾਰ ਨਹੀਂ ਦੋਹਰਾਇਆ ਗਿਆ। ਇਸ ਦਾ ਅਰਥ ਇਹ ਹੈ ਕਿ ਜਿੰਨਾ ਮਹੱਤਵ ਗੁਰੂ ਜੀ ਨੇ ਹਰਿ ਸਿਮਰਨ ਨੂੰ ਦਿੱਤਾ ਹੈ, ਹੋਰ ਕਿਸੇ ਸੰਕਲਪ ਨੂੰ ਨਹੀਂ ਦਿੱਤਾ। ਜ਼ਾਹਰ ਹੈ ਕਿ ਸਿਮਰਨ ਦੀ ਸ਼ਕਤੀ ਅਤੇ ਮਹੱਤਵ ਨੂੰ ਪੂਰੇ ਸ਼ਕਤੀਸ਼ਾਲੀ ਢੰਗ ਨਾਲ ਨਿਰੂਪਤ ਕੀਤਾ ਗਿਆ ਹੈ। ਇਸ ਤਰ੍ਹਾਂ ਸਮੁੱਚੇ ਗੁਰੂ ਗ੍ਰੰਥ ਸਾਹਿਬ ਵਿੱਚ ਹਰਿ ਸਿਮਰਨ ਦਾ ਮਹੱਤਵ ਸਭ ਤੋਂ ਵੱਡਾ ਦ੍ਰਿੜ ਕੀਤਾ ਹੈ। ਇਸ ਕਰਕੇ ਇਸ ਸ਼ਬਦ ਦੀ ਰਚਨਾ ਰਾਗ ਆਸਾ ਦੇ ਸੁਭਾ ਅਨੁਸਾਰ ਕੀਤੀ ਗਈ ਹੈ। ਰਾਗ ਆਸਾ ਦਾ ਸੁਭਾ ਹੈ, "…. ਇਸ ਰਾਗ ਦੀਆਂ ਮਧੁਰ ਸੁਰਾਵਲੀਆਂ 'ਬਲਿਹਾਰੀ ਕੁਦਰਤਿ ਵਸਿਆ' ਦੀ ਕੀਰਤੀ ਗਾਉਂਦੀਆਂ ਹਨ।"[1]

ਗੁਰੂ ਜੀ ਨੇ ਬੰਦ ਨੰ. ੧ ਅਤੇ ੨ ਵਿੱਚ ਹਰਿ ਸਿਮਰਨ ਦਾ ਮਹੱਤਵ ਦੱਸ ਕੇ ਹੀ ਬਸ ਨਹੀਂ ਕੀਤਾ, ਉਸ ਦਾ ਅਮਲੀ ਰੂਪ ਦੇਕੇ ਦ੍ਰਿੜ ਕਰਦੇ ਹਨ ਕਿ ਹਰਿ ਦਾ ਸਿਮਰਨ ਐਨਾ ਸ਼ਕਤੀਸ਼ਾਲੀ ਹੈ ਕਿ ਗੁਰੂ ਕਬੀਰ, ਗੁਰੂ ਨਾਮ ਦੇਵ ਹਰਿ ਦਾ ਹੀ ਰੂਪ ਬਣ ਗਏ। ਇਥੇ ਹੀ ਬਸ ਨਹੀਂ ਸਿਮਰਨ ਦੀ ਸ਼ਕਤੀ ਨੇ ਹਰਿ ਨੂੰ ਨਿਹਾਲ ਕਰ, ਉਸਨੂੰ ਦੁਧ ਵੀ ਪਿਲਾਇਆ ਹੈ। ਇਸ ਤੋਂ ਦੋ ਤੱਥ (Fact) ਸਪਸ਼ਟ ਹੋ ਜਾਂਦੇ ਹਨ — (੧) ਪ੍ਰਭ ਦੀ ਹੋਂਦ ਹੈ, (੨) ਸਿਮਰਨ ਨਾਲ ਨਿਹਾਲ ਕਰਕੇ ਉਸਨੂੰ ਖਵਾਇਆ (ਗੁਰੂ ਧੰਨਾ), ਪਿਲਾਇਆ ਜਾ ਸਕਦਾ ਹੈ। ਤੀਸਰਾ ਤੱਥ ਵੀ ਇਹਨਾਂ ਦੋਹਾਂ ਬੰਦਾਂ ਵਿੱਚ ਉਪਲੱਬਧ ਹੈ। (੩) ਹਰਿ ਸਿਮਰਨ ਨਾਲ ਮਨੁੱਖ ਚੁਰਾਸੀ ਦੇ ਚੱਕਰ ਤੋਂ ਮੁਕਤ ਹੋ ਜਾਂਦਾ ਹੈ।

ਆਖਰੀ ਬੰਦ ਨੰ. ੩ ਵਿੱਚ ਗੁਰੂ ਜੀ ਫਰਮਾਉਂਦੇ ਹਨ ਕਿ ਰਵਿਦਾਸ ਵੀ ਇਸੇ ਤਰ੍ਹਾਂ ਹਰਿ ਸਿਮਰਨ ਕਰਕੇ ਪ੍ਰਭ ਦੇ ਰੰਗ ਵਿੱਚ ਰੰਗਿਆ ਗਿਆ ਹੈ। ਹਰਿ ਹੁਣ ਉਸ ਦੇ ਅੰਗ ਸੰਗ ਹੈ। ਸੋ ਗੁਰੂ ਦੀ ਬਖਸ਼ਿਸ਼ ਨਾਲ ਮੈਂ ਨਰਕਾਂ ਤੋਂ ਭਾਵ ਜਨਮ-ਮਰਨ ਦੇ ਚੱਕਰ ਤੋਂ ਮੁਕਤ ਹੋ ਗਿਆ ਹਾਂ, ਚੁਰਾਸੀ ਦੇ ਗੇੜ ਚੋਂ ਨਿਕਲ ਗਿਆ ਹਾਂ।

---

1. ਰਾਗ ਨਾਦ ਸਬਦਿ ਸੋਹਣੇ - ਪੰਨਾ - 54

ਸ਼ਬਦ ਅਰਥ : ਹਰਿ ਲਫ਼ਜ਼ ਨੂੰ ਸੱਤ ਵਾਰ ਵਰਤਕੇ ਗੁਰੂ ਰਵਿਦਾਸ ਜੀ ਦ੍ਰਿੜ ਕਰਦੇ ਹਨ ਕਿ ਪ੍ਰਭ ਸਿਮਰਨ ਦੀ ਸ਼ਕਤੀ ਅਸੀਮ ਹੈ। ਜਿਨਾਂ ਪ੍ਰਭ ਦੇ ਸੇਵਕਾਂ ਨੇ ਪ੍ਰਭ ਦਾ ਸਿਮਰਨ ਕੀਤਾ ਹੈ, ਉਹ ਇਸ ਦੁਨੀਆਂ ਦੇ ਭਵਸਾਗਰ ਨੂੰ ਪਾਰ ਕਰ, ਮੁਕਤ ਹੋ ਗਏ ਹਨ, ਉਨ੍ਹਾਂ ਦਾ ਪ੍ਰਭ-ਮਿਲਾਪ ਹੋ ਗਿਆ ਹੈ॥ ੧॥ ਰਹਾਉ॥

ਹਰਿ ਦਾ ਸਿਮਰਨ ਕਰਕੇ ਹੀ ਗੁਰੂ ਕਬੀਰ ਜੀ ਸੰਸਾਰ ਵਿੱਚ ਪ੍ਰਸਿੱਧ ਹੋਏ। ਸਿਮਰਨ ਦੀ ਸ਼ਕਤੀ ਨਾਲ ਉਹ ਆਪਣੇ ਕਰਮਾਂ ਦੇ ਲੇਖੇ ਤੋਂ ਮੁਕਤ ਹੋ ਗਏ ਹਨ, ਪ੍ਰਭ ਮਿਲਾਪ ਹੋ ਗਿਆ ਹੈ॥ ੧॥

ਇਸੇ ਤਰ੍ਹਾਂ ਗੁਰੂ ਨਾਮ ਦੇਵ ਜੀ ਨੇ ਹਰਿ ਦਾ ਸਿਮਰਨ ਕੀਤਾ। ਉਨਾਂ ਦੇ ਸਿਮਰਨ ਨੇ ਅਦਭੁਤ ਚਮਤਕਾਰ ਕੀਤਾ। ਸਿਮਰਨ ਨਾਲ ਪ੍ਰਭ ਨੂੰ ਨਿਹਾਲ ਕਰਕੇ, ਉਨਾਂ ਨੇ ਪ੍ਰਭ ਨੂੰ ਦੁਧ ਪਿਲਾਇਆ ਹੈ ਅਤੇ ਪ੍ਰਭ-ਪ੍ਰੇਮ ਪ੍ਰਾਪਤ ਕੀਤਾ ਹੈ॥ ੨॥

ਪ੍ਰਭ ਦੇ ਸੇਵਕ ਗੁਰੂ ਰਵਿਦਾਸ ਜੀ ਨੇ ਹਰਿ ਦਾ ਸਿਮਰਨ ਕੀਤਾ ਤਾਂ ਉਹ ਪ੍ਰਭ ਦੇ ਪ੍ਰੇਮ ਵਿੱਚ ਰੰਗੇ ਗਏ ਅਤੇ ਪ੍ਰਭ ਮਿਲਨ ਹੋਇਆ। ਹੁਣ ਉਹ ਗੁਰੂ (ਬ੍ਰਹਮ-ਗੁਰੂ) ਦੀ ਕ੍ਰਿਪਾ ਨਾਲ ਨਰਕ ਨਹੀਂ ਜਾਣਗੇ। ਸਿਮਰਨ ਦੀ ਸ਼ਕਤੀ ਸਦਕਾ ਉਹ ਤੇ ਹਰਿ ਇੱਕ-ਮਿੱਕ ਹੋ ਗਏ ਹਨ॥ ੩॥ ੫॥

ੴ ਸਤਿਗੁਰ ਪ੍ਰਸਾਦਿ॥

ਆਸਾ ਬਾਣੀ ਸ੍ਰੀ ਰਵਿਦਾਸ ਜੀਉ ਕੀ

ਮਾਟੀ ਕੋ ਪੁਤਰਾ ਕੈਸੇ ਨਚਤੁ ਹੈ॥
ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ॥ ੧॥ ਰਹਾਉ॥
ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ॥
ਮਾਇਆ ਗਈ ਤਬ ਰੋਵਨੁ ਲਗਤੁ ਹੈ॥ ੧॥
ਮਨ ਬਚ ਕ੍ਰਮ ਰਸ ਕਸਹਿ ਲੁਭਾਨਾ॥
ਬਿਨਸਿ ਗਇਆ ਜਾਇ ਕਹੂੰ ਸਮਾਨਾ॥ ੨॥
ਕਹਿ ਰਵਿਦਾਸ ਬਾਜੀ ਜਗੁ ਭਾਈ॥
ਬਾਜੀਗਰ ਸਉ ਮੋਹਿ ਪ੍ਰੀਤਿ ਬਨਿ ਆਈ॥ ੩॥ ੬॥[1]

ਪਦ ਅਰਥ : ਪੁਤਰਾ = ਪੁਤਲਾ, ਮਨੁੱਖ॥ ੧॥ ਰਹਾਉ॥

ਗਰਬੁ = ਹੰਕਾਰ। **ਮਾਇਆ ਗਈ** = ਮਾਇਆ ਦਾ ਨੁਕਸਾਨ॥ ੧॥

ਬਚ = ਬਚਨ, ਵਿਚਾਰ। **ਕ੍ਰਮ** = ਕਰਮ। **ਰਸ ਕਸਹਿ** = ਸੁਆਦਾਂ ਵਿੱਚ। **ਲੁਭਾਨਾ** = ਲੁਭਾਇਮਾਨ। **ਬਿਨਸਿ ਗਿਆ** = ਮੌਤ ਆ ਗਈ। **ਕਹੂੰ** = ਭੈੜੀ ਥਾਂ॥ ੨॥

ਬਾਜੀ ਜਗੁ = ਸ੍ਰਿਸ਼ਟੀ ਸਿਰਜਣਾ। **ਬਾਜੀਗਰ** = ਸਿਰਜਣ ਹਾਰ। **ਬਨਿ ਆਈ** = ਪੈ ਗਈ॥ ੩॥

---

1. ਆਦਿ ਗ੍ਰੰਥ – ਪੰਨਾ : ੪੮੭

ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ

ਕਮਾਲ ਦੀ ਗੱਲ ਹੈ ਕਿ ਗੁਰੂ ਰਵਿਦਾਸ ਜੀ ਨੇ ਵਿਕਾਰਾਂ ਨੂੰ ਮਨੁੱਖ ਦੇ ਮੁੱਖ ਵੈਰੀ ਦੱਸਣ ਲਈ ਅਨੇਕਾਂ ਢੰਗਾਂ ਨਾਲ ਅਤੇ ਅਨੇਕਾਂ ਨਾਉਂ ਦੇਕੇ ਨਿਰੂਪਤ ਕੀਤਾ ਹੈ। 'ਰਹਾਉ' ਵਿੱਚ ਪੰਜਾਂ ਵਿਕਾਰਾਂ ਨੂੰ ਮਨੁੱਖ ਦੇ ਪੰਜ ਪ੍ਰਮੁੱਖ ਭਾਵਨਾਵਾਂ ਰਾਹੀਂ ਉਜਾਗਰ ਕੀਤਾ ਹੈ ਜਿਵੇਂ – ਖੁਸ਼ੀ ਵਿਚ ਨੱਚਣਾ, ਦੇਖਣਾ, ਸੁਨਣਾ, ਬੋਲਣਾ, ਦੌੜੇ ਫਿਰਨਾ। ਗੱਲ ਕੀ ਸਮੁੱਚਾ ਸਰੀਰ ਹੀ ਵਿਕਾਰਾਂ ਦੀ ਪਕੜ ਵਿੱਚ ਗਲਤਾਨ ਹੈ। ਗੁਰੂ ਜੀ ਨੇ ਦੇਖਣ ਦੀ ਪ੍ਰਕਿਰਿਆ ਨੂੰ ਜ਼ੋਰਦਾਰ ਮਹੱਤਵ ਦਿੱਤਾ ਹੈ। 'ਦੇਖੈ ਦੇਖੈ' ਦੋ ਵਾਰ ਆਇਆ ਹੈ। ਜੇਕਰ ਮਨੁੱਖ ਵਿਕਾਰਾਂ ਨੂੰ ਦੇਖਣ ਪਰਖਣ ਦੀ ਥਾਂ, ਪ੍ਰਭ ਨੂੰ ਦੇਖਕੇ ਉਸ ਦੇ ਅਦਭੁਤ ਦਰਸ਼ਨਾਂ ਨਾਲ ਅਨੰਦਤ ਹੋ ਜਾਵੇ ਤਾਂ ਜੀਵਨ ਸਫਲ ਹੋ ਜਾਂਦਾ ਹੈ। ਇਹ ਵਿਚਾਰ ਅਗਲੇ ਤਿੰਨਾਂ ਬੰਦਾਂ ਵਿੱਚ ਖੋਲ੍ਹਕੇ ਸਪਸ਼ਟ ਕੀਤਾ ਗਿਆ ਹੈ।

ਬੰਦ ਨੰ. ੧ ਵਿੱਚ ਮਨੁੱਖ ਦੀ ਅਜੀਬੋ ਗਰੀਬ, ਤਰਸਯੋਗ ਅਤੇ ਦੁੱਖਦਾਈ ਹਾਲਤ ਨੂੰ ਦਰਸਾਇਆ ਗਿਆ ਹੈ। ਮਨੁੱਖ ਨੂੰ ਜਦੋਂ ਕੁਝ ਧਨ ਜਾਂ ਜਾਇਦਾਦ ਆਦਿ ਮਿਲ ਜਾਂਦੀ ਹੈ ਤਾਂ ਹੰਕਾਰ ਨਾਲ ਭਰਿਆ ਆਪੇ ਵਿੱਚ ਨਹੀਂ ਸਮਾਉਂਦਾ। ਜਦੋਂ ਧਨ-ਸੰਪਤੀ ਦਾ ਨੁਕਸਾਨ ਹੋ ਜਾਂਦਾ ਹੈ ਤਾਂ ਪਿੱਟ ਉੱਠਦਾ ਹੈ। ਮਨੁੱਖ ਨੂੰ ਦੋਹਾਂ ਪਾਸੇ ਹੀ ਮਾਰ ਪੈਂਦੀ ਹੈ, ਸੰਮਤੀ ਦਾ ਹੰਕਾਰ, ਕਿਸੇ ਨਾ ਕਿਸੇ ਦੁੱਖ ਨੂੰ ਸਹੇੜਦਾ ਹੈ ਅਤੇ ਧਨ-ਸੰਪਤੀ ਦਾ ਨੁਕਸਾਨ ਪੂਰਨ ਲਈ ਉਹ ਦੂਜਿਆਂ ਨਾਲ ਧੋਖੇ ਕਰਦਾ ਹੈ। ਇਸ ਤਰ੍ਹਾਂ ਅਸਲ ਵਿੱਚ ਮਨੁੱਖ ਵਿਕਾਰਾਂ ਦੇ ਹੱਥਾਂ ਵਿੱਚ ਬਾਂਦਰ ਵਾਂਗ ਨੱਚ ਰਿਹਾ ਹੈ।

ਬੰਦ ਨੰ. ੧ ਵਿੱਚ ਤਾਂ ਧਨ ਦੌਲਤ ਸੰਬੰਧੀ ਵਿਚਾਰ ਆਧਾਰਤ ਕਰਮ ਹਨ। ਬੰਦ ਨੰ. ੨ ਵਿੱਚ ਸਪਸ਼ਟ ਕੀਤਾ ਗਿਆ ਹੈ ਕਿ ਇਹ ਧਨ-ਦੌਲਤ ਦਾ ਆਧਾਰ ਦਰਅਸਲ ਬੁਨਿਆਦੀ ਤੌਰ ਤੇ, ਮਨੁੱਖੀ ਮਨ ਵਿੱਚ ਵਿਕਾਰ, ਮਨ ਦੇ ਵਿਕਾਰਾਂ ਕਾਰਣ ਵਿਚਾਰਾਂ ਵਿੱਚ ਵਿਕਾਰ ਅਤੇ ਦੋਹਾਂ ਦੇ ਵਿਕਾਰਾਂ ਕਾਰਣ ਕਰਮ ਵਿੱਚ ਵੀ ਵਿਕਾਰ ਹੀ ਹਨ। ਸੋ ਮਨੁੱਖ ਇਨ੍ਹਾਂ ਵਿਕਾਰੀ ਸੁਆਦਾਂ ਵਿੱਚ ਫਸਿਆ ਹੋਇਆ, ਪਤਾ ਨਹੀਂ ਮੌਤ ਵੇਲੇ ਕਿਹੜੇ ਭੈੜੇ ਥਾਂ ਜਾ ਟਿਕੇਗਾ।

ਆਖਰੀ ਬੰਦ ਨੰ. ੩ ਵਿੱਚ ਗੁਰੂ ਜੀ ਵਿਸ਼ਵ-ਮਨੁੱਖ ਨੂੰ ਸੰਬੋਧਨ ਕਰਦੇ ਫਰਮਾਉਂਦੇ ਹਨ ਕਿ ਹੇ ਭਾਈ। ਇਹ ਸ੍ਰਿਸ਼ਟੀ ਇਸ ਦੇ ਸਿਰਜਣਹਾਰ ਦੀ ਖੇਡ ਹੈ। ਮੇਰੀ ਪ੍ਰੀਤ ਤਾਂ ਇਸ ਸ੍ਰਿਸ਼ਟੀ ਦੇ ਸਿਰਜਣਹਾਰ ਨਾਲ ਹੋ ਗਈ ਹੈ। ਇਸ ਲਈ ਮੈਂ ਇਨ੍ਹਾਂ ਵਿਕਾਰਾਂ ਦੇ ਭਿਆਨਕ ਦੁੱਖਾਂ ਤੋਂ ਮੁਕਤ ਹੋ ਗਿਆ ਹਾਂ।

ਸ਼ਬਦ ਅਰਥ : ਇਹ ਮਿੱਟੀ ਦਾ ਪੁਤਲਾ ; ਮਨੁੱਖ, ਵਿਕਾਰਾਂ ਦੇ ਜਾਲ ਵਿੱਚ ਫਸਿਆ ਕਿਵੇਂ ਨੱਚ ਰਿਹਾ ਹੈ? ਦੁਨੀਆਂ ਦੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਿੱਚ ਐਨਾ ਗ੍ਰਿਸ ਗਿਆ ਹੈ ਕਿ ਦੇਖ ਦੇਖ ਕੇ ਅੰਨਾ ਹੋ ਰਿਹਾ ਹੈ, ਸੁਣਕੇ ਬੋਲ੍ਹਾ ਅਤੇ ਗਲਬਾਤ ਵਿੱਚ ਅਗਿਆਨੀ ਬਣ, ਪਾਗਲ ਹੋਇਆ ਫਿਰਦਾ ਹੈ। ਸਿੱਟੇ ਵਜੋਂ ਮਨੁੱਖ ਹਰ ਪਾਸੇ ਤੋਂ ਮਾਇਆ ਦੇ ਜਾਲ ਵਿੱਚ ਪੂਰੀ ਤਰ੍ਹਾਂ ਜਕੜਿਆ ਹੋਇਆ ਹੈ॥ ੧॥ ਰਹਾਉ॥

ਅਜਿਹੀ ਪਾਗਲਪਨ ਦੀ ਹਾਲਤ ਵਿੱਚ ਮਨੁੱਖ ਨੂੰ ਜਦੋਂ ਕੁਝ ਧਨ ਮਾਲ ਪ੍ਰਾਪਤ ਹੁੰਦਾ ਹੈ ਤਾਂ ਹੰਕਾਰੀ ਬਣ ਜਾਂਦਾ ਹੈ ਅਤੇ ਜਦ ਨੁਕਸਾਨ ਹੁੰਦਾ ਹੈ ਤਾਂ ਪਿੱਟ ਉੱਠਦਾ ਹੈ, ਦੁਖੀ ਹੋ, ਤੜਪਦਾ ਹੈ॥ ੧॥

ਇਸ ਸਭ ਕੁਝ ਦਾ ਆਧਾਰ ਹਨ ਮਨ, ਵਿਚਾਰ ਅਤੇ ਇਨ੍ਹਾਂ ਅਨੁਸਾਰ ਮਨੁੱਖ ਦੇ ਕਰਮ। ਮਨੁੱਖ ਦੇ ਮਨ ਤੇ ਵਿਕਾਰਾਂ ਦਾ ਕਰੜਾ ਸ਼ਕਤੀਸ਼ਾਲੀ ਕਬਜ਼ਾ ਹੈ, ਇਸ ਕਰਕੇ ਵਿਚਾਰ ਵੀ ਵਿਕਾਰਾਂ ਨਾਲ ਹੀ ਓਤਪੋਤ ਹਨ। ਇਨ੍ਹਾਂ ਵਿਚਾਰਾਂ ਅਨੁਸਾਰ ਹੀ ਮਨੁੱਖ ਕਰਮ ਕਰਕੇ ਵਿਕਾਰਾਂ ਦੇ ਸੁਆਦਾਂ ਵਿੱਚ ਬੁਰੀ ਤਰ੍ਹਾਂ ਲੁਭਾਇਮਾਨ ਹੋਇਆ ਫਿਰਦਾ ਹੈ। ਫਿਰ ਜਦੋਂ ਮੌਤ ਆਉਂਦੀ ਹੈ ਤਾਂ ਪਤਾ ਨਹੀਂ, ਕਿਹੜਾ ਭੈੜਾ ਥਾਂ ਟਿਕਾਣਾ ਮਿਲਦਾ ਹੈ। ਭੈੜੇ ਕਰਮ ਕਰਨ ਨਾਲ ਤਾਂ ਭੈੜਾ ਥਾਂ ਟਿਕਾਣਾ ਹੀ ਮਿਲਦਾ ਹੈ॥ ੨॥

ਗੁਰੂ ਜੀ ਫਰਮਾਉਂਦੇ ਹਨ ਕਿ ਹੇ ਭਾਈ! ਇਹ ਸਾਰੀ ਸ੍ਰਿਸ਼ਟੀ ਦੇ ਖੇਡ ਦੀ ਸਿਰਜਣਾ ਸਿਰਜਣਹਾਰ ਨੇ ਕੀਤੀ ਹੈ। ਮੇਰੀ ਪ੍ਰੀਤ ਤਾਂ ਉਸੇ ਸਿਰਜਣਹਾਰ ਨਾਲ ਹੋ ਗਈ ਹੈ। ਪ੍ਰਭ ਦੀ ਕ੍ਰਿਪਾ ਨਾਲ ਮੈਂ ਮਾਇਆ ਦੇ ਸਿਕੰਜੇ ਤੋਂ ਮੁਕਤ ਹੋ ਗਿਆ ਹਾਂ॥ ੩॥ ੬॥

ੴ ਸਤਿਗੁਰ ਪ੍ਰਸਾਦਿ॥

ਗੂਜਰੀ ਸ੍ਰੀ ਰਵਿਦਾਸ ਜੀ ਕੇ ਪਦੇ ਘਰ ੩

ਦੂਧ ਤ ਬਛਰੈ ਥਨਹੁ ਬਿਟਾਰਿਓ॥
ਫੂਲੁ ਭਵਰਿ ਜਲੁ ਮੀਨਿ ਬਿਗਾਰਿਓ॥ ੧॥
ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ॥
ਅਵਰੁ ਨ ਫੂਲੁ ਅਨੂਪ ਨ ਪਾਵਉ॥ ੧॥ ਰਹਾਉ॥
ਮੈਲਾਗਰ ਬੇਰ੍ਹੈ ਹੈ ਭੁਇਅੰਗਾ॥
ਬਿਖੁ ਅੰਮ੍ਰਿਤ ਬਸਹਿ ਇਕ ਸੰਗਾ॥ 2॥
ਧੂਪ ਦੀਪ ਨਈਬੇਦਹਿ ਬਾਸਾ॥
ਕੈਸੇ ਪੂਜ ਕਰਹਿ ਤੇਰੀ ਦਾਸਾ॥ ੩॥
ਤਨੁ ਮਨੁ ਅਰਪਉ ਪੂਜ ਚਰਾਵਉ॥
ਗੁਰ ਪਰਸਾਦਿ ਨਿਰੰਜਨੁ ਪਾਵਉ॥ ੪॥
ਪੂਜਾ ਅਰਚਾ ਆਹਿ ਨ ਤੋਰੀ॥
ਕਹਿ ਰਵਿਦਾਸ ਕਵਨ ਗਤਿ ਮੋਰੀ॥ ੫॥ ੧॥[1]

ਪਦ ਅਰਥ :— ਬਛਰੈ = ਵੱਛੇ ਨੇ। **ਥਨਹੁ** = ਥਣਾਂ ਤੋਂ। **ਬਿਟਾਰਿਓ** = ਅਪਵਿਤਰ ਕਰ ਦਿੱਤਾ ਹੈ, ਜੂਠਾ ਕਰ ਦਿੱਤਾ ਹੈ। **ਮੀਨਿ** = ਮੱਛੀ ਨੇ॥ ੧॥

ਮਾਈ = ਹੇ ਮਾਂ। **ਕਹਾ ਲੈ** = ਕਿਥੋਂ ਲੈਕੇ। **ਚਰਾਵਉ** = ਭੇਟ ਕਰਾਂ। **ਅਵਰੁ** = ਹੋਰ, ਦੂਜਾ॥ **ਅਨੂਪ** = ਬੇਮਿਸਾਲ, ਸੁੰਦਰ, ਨਿਰਵੈਰ॥ ੧॥ ਰਹਾਉ॥

ਮੈਲਾਗਰ = ਚੰਦਨ ਦੇ ਰੁੱਖਾਂ ਨਾਲ ਭਰਪੂਰ ਪਹਾੜ। **ਬੇਰ੍ਹੈ** = ਲਿਪਟੇ ਹੋਏ। **ਭੁਇਅੰਗਾ** = ਸੱਪ। **ਬਿਖੁ** = ਜ਼ਹਿਰ। **ਇਕ ਸੰਗਾ** = ਇਕੱਠੇ ॥ ੨॥

ਨਈਬੇਦਹਿ = ਮੂਰਤੀ ਅੱਗੇ ਚੜ੍ਹਾਉਣ ਯੋਗ ਭੋਜਨ ਜਾਂ ਪ੍ਰਸਾਦ। **ਬਾਸਾ** = ਸੁਗੰਧੀ॥ ੩॥

ਅਰਪਉ = ਸਪੁਰਦ ਕਰਾਂ। **ਗੁਰ ਪਰਸਾਦਿ** = ਗੁਰੂ ਦੀ ਕਿਰਪਾ ਨਾਲ। **ਨਿਰੰਜਨੁ** = ਪ੍ਰਭ ॥ ੪॥

ਅਰਚਾ = ਆਦਰ, ਸਤਿਕਾਰ। **ਕਵਨ** = ਕਿਵੇਂ। **ਗਤਿ** = ਹਾਲ॥ ੫॥ ੧॥

---

1. ਆਦਿ ਗ੍ਰੰਥ – ਪੰਨਾ : ੫੨੫

ਪੂਜਾ ਸਮਗਰੀ ਦਾ ਨਵਾਂ ਸਿਧਾਂਤ

ਇਸ ਸ਼ਬਦ ਵਿੱਚ ਹਿੰਦੂ ਧਰਮ ਅਨੁਸਾਰ ਮੂਰਤੀ ਜਾਂ ਦੇਵਤਾ ਦੀ ਪੂਜਾ ਲਈ ਵਰਤੀ ਜਾਂਦੀ ਪੂਜਾ ਸਮਗਰੀ ਨੂੰ ਰੱਦ ਕੀਤਾ ਗਿਆ ਹੈ ਕਿਉਂਕਿ ਜਿਥੇ ਦੁੱਧ ਦੇਣ ਵਾਲਾ ਜੀਵ ਹੈ, ਉੱਥੇ ਹੀ ਉਸ ਦਾ ਬੱਚਾ, ਉਸ ਨੂੰ ਪੀ ਕੇ ਜੂਠਾ ਕਰਨ ਵਾਲਾ ਵੀ ਮੌਜੂਦ ਹੈ; ਜਿਥੇ ਫੁੱਲ ਹੈ, ਓਥੇ ਭੌਰਾ ਵੀ ਉਸ ਦਾ ਰਸ ਪੀਣ ਲਈ ਮੌਜੂਦ ਹੈ ਅਤੇ ਜਿਥੇ ਪਾਣੀ ਹੈ ਓਥੇ ਹੀ ਪਾਣੀ ਅੰਦਰ ਜੀਵ ਪੈਦਾ ਹੋ ਜਾਂਦੇ ਹਨ। ਸੋ ਇਹ ਸੰਬੰਧ ਕੁਦਰਤੀ ਹੈ, ਅਟੁੱਟ ਹੈ। ਇਸ ਕਰਕੇ ਸਮਗਰੀ ਵਿੱਚ ਵਰਤੀਆਂ ਇਹ ਅਤੇ ਹੋਰ ਵਸਤਾਂ ਵੀ ਕਿਸੇ ਨਾ ਕਿਸੇ ਤਰ੍ਹਾਂ ਅਪਵਿਤਰ ਅਤੇ ਜੂਠੀਆਂ ਹਨ।

ਇਸ ਲਈ ਇਸ ਦੀ ਥਾਂ ਤੇ ਨਵੀਂ ਨਕੋਰ ਅਚੰਭਾ ਕਰ ਦੇਣ ਵਾਲੀ ਪੂਜਾ ਸਮਗਰੀ ਦਾ ਜ਼ਿਕਰ ਕੀਤਾ ਹੈ। ਉਨ੍ਹਾਂ ਦੀ ਪੂਜਾ ਸਮਗਰੀ ਹੈ ਤਨ ਅਤੇ ਮਨ। ਇਨ੍ਹਾਂ ਦੀ ਇਕਾਗਰਤਾ ਤੋਂ ਬਿਨਾਂ ਪ੍ਰਭ ਪ੍ਰਾਪਤੀ ਸੰਭਵ ਹੀ ਨਹੀਂ ਹੈ। ਦੂਜੇ, ਇਸ ਹਿੰਦੂ-ਧਰਮ ਦੀ ਸਮਗਰੀ ਨੂੰ ਨਾ ਵਰਤਣ ਦਾ ਕਾਰਣ, ਸਮਗਰੀ ਦਾ ਜੂਠਾ ਅਤੇ ਅਪਵਿੱਤਰ ਹੋਣਾ ਹੈ। ਇਹ ਦਲੀਲ, ਤਰਕ ਤੇ ਵੀ ਪੂਰੀ ਉਤਰਦੀ ਹੈ ਅਤੇ ਹੈ ਵੀ ਵਿਗਿਆਨਕ ਸੱਚ। ਗੁਰੂ ਰਵਿਦਾਸ ਜੀ ਦੇ ਇਸ ਵਿਗਿਆਨਕ ਸੱਚ ਨੂੰ ਝੁਠਲਾਇਆ ਨਹੀਂ ਜਾ ਸਕਦਾ।

ਸੋ ਗੁਰੂ ਜੀ ਨੇ ਹਿੰਦੂ ਧਰਮ ਦੀ ਪੂਜਾ ਸਮਗਰੀ ਨੂੰ ਤਰਕ ਅਤੇ ਵਿਗਿਆਨ ਦੇ ਆਧਾਰ ਤੇ ਰੱਦ ਕੀਤਾ ਹੈ। ਕਿਉਂਕਿ ਇਹ ਕੇਵਲ ਕਰਮ-ਕਾਂਡ ਹੈ। ਇਸ ਦੀ ਪ੍ਰਭ ਪੂਜਾ ਲਈ ਉੱਕਾ ਹੀ ਜ਼ਰੂਰਤ ਨਹੀਂ ਹੈ।

ਇਸ ਦੀ ਥਾਂ ਤੇ ਜੋ ਸਮਗਰੀ ਪ੍ਰਭ-ਪੂਜਾ ਲਈ ਗੁਰੂ ਰਵਿਦਾਸ ਜੀ ਨੇ ਜ਼ਰੂਰੀ ਕਰਾਰ ਦਿੱਤੀ ਹੈ ਉਹ ਤਰਕ ਯੁਕਤ ਵੀ ਹੈ ਅਤੇ ਵਿਗਿਆਨ ਤੇ ਵੀ ਪੂਰੀ ਉਤਰਦੀ ਹੈ। ਇਸ ਤੋਂ ਬਿਨਾਂ ਨਾ ਪੂਜਾ ਹੋ ਸਕਦੀ ਹੈ ਅਤੇ ਨਾ ਹੀ ਪ੍ਰਭ ਪ੍ਰਾਪਤੀ।

ਸੋ ਗੁਰੂ ਰਵਿਦਾਸ ਜੀ ਨੇ ਹਜ਼ਾਰਾਂ ਸਾਲਾਂ ਤੋਂ ਚਲੀ ਆ ਰਹੀ ਹਿੰਦੂ ਧਰਮ ਦੀ ਕਰਮ-ਕਾਂਡੀ ਪੂਜਾ ਸਮਗਰੀ ਨੂੰ ਰੱਦ ਕੀਤਾ ਹੈ, ਜਿਸ ਦੀ ਪ੍ਰਭ ਪ੍ਰਾਪਤੀ ਲਈ ਉੱਕਾ ਹੀ ਜ਼ਰੂਰਤ ਨਹੀਂ। ਇਸ ਦੀ ਥਾਂ ਤੇ ਇੱਕ ਨਵੀਂ ਨਕੋਰ ਤਰਕ ਯੁਕਤ ਅਤੇ ਵਿਗਿਆਨਕ ਸੱਚ ਦੀ ਧਾਰਨੀ ਪੂਜਾ ਸਮਗਰੀ ਪਵਿੱਤਰ ਤਨ ਅਤੇ ਮਨ ਪ੍ਰਦਾਨ ਕੀਤੀ ਹੈ। ਇਸ ਤੋਂ ਬਿਨਾਂ ਪ੍ਰਭ ਪ੍ਰਾਪਤੀ ਹੋ ਹੀ ਨਹੀਂ ਸਕਦੀ। ਇਹ ਪ੍ਰਭ ਪ੍ਰਾਪਤੀ ਲਈ ਅਟੱਲ ਸਿਧਾਂਤ ਹੈ।

ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ

ਗੁਰੂ ਰਵਿਦਾਸ ਜੀ ਨੇ ਇਸ ਸ਼ਬਦ ਵਿੱਚ ਕੇਵਲ ਪੂਜਾ ਸਮਗਰੀ ਬਾਰੇ ਹੀ ਆਪਣੇ ਵਿਚਾਰ ਦਰਜ ਕੀਤੇ ਹਨ। ਉਨ੍ਹਾਂ ਨੇ ਪਰੰਪਰਾਵਾਦੀ ਹਿੰਦੂ ਧਰਮ ਦੀ ਪੂਜਾ ਸਮਗਰੀ ਦੁੱਧ, ਪਾਣੀ, ਫੁੱਲ ਆਦਿ ਨੂੰ ਰੱਦ ਕੀਤਾ ਹੈ। ਇਸ ਬੰਦ ਨੰ. ੧ ਵਿੱਚ ਦਿੱਤੀ ਸਮਗਰੀ ਦਾ ਜੀਵਾਂ ਨਾਲ ਕੁਦਰਤੀ ਅਤੇ ਅਟੁੱਟ ਸੰਬੰਧ ਹੈ, ਜਿਸ ਕਾਰਣ ਵੱਛੇ, ਮੱਛੀ ਅਤੇ ਭੌਰੇ ਨੇ ਕੁਦਰਤੀ ਹੀ ਇਨ੍ਹਾਂ ਵਸਤਾਂ ਨੂੰ ਅਪਵਿੱਤਰ ਅਤੇ ਜੂਠਾ ਕਰ ਦਿੱਤਾ ਹੈ। ਇਸ ਕਰਕੇ ਇਹ ਵਸਤਾਂ ਪ੍ਰਭ ਅੱਗੇ ਭੇਂਟ ਕਰਨ ਦੇ ਯੋਗ ਨਹੀਂ ਹਨ।

ਇਸੇ ਕਾਰਨ 'ਰਹਾਉ' ਵਿੱਚ ਉਹ ਪ੍ਰਸ਼ਨ ਕਰਦੇ ਹਨ ਕਿ ਹੇ ਮਾਈ! ਮੈਂ ਪ੍ਰਭ ਪੂਜਾ ਲਈ ਪੂਜਾ ਸਮਗਰੀ ਕਿਥੋਂ ਲਿਆ ਕੇ ਭੇਟ ਕਰਾਂ? ਹੋਰ ਭਾਵ ਪਵਿੱਤਰ ਫੁੱਲ ਤਾਂ ਕਿਤੋਂ ਪ੍ਰਾਪਤ ਹੀ ਨਹੀਂ ਹੋ ਸਕਦੇ। ਪਵਿਤਰ ਪੂਜਾ ਸਮਗਰੀ ਦੀ ਅਣਹੋਂਦ ਕਾਰਣ ਉਹ ਦੁਖੀ ਹੋ ਤੜਪ ਉੱਠਦੇ ਹਨ ਅਤੇ ਅਧੀਰ ਹੋ, ਬੜੀ ਕਰੁਣਾ ਮਈ ਹਾਲ ਵਿੱਚ ਪੁੱਛਦੇ ਹਨ ਕਿ ਕੀ ਮੈਂ ਹੁਣ ਸੁੰਦਰ ਪ੍ਰਭ ਦੀ ਪ੍ਰਾਪਤੀ ਨਹੀਂ ਕਰ ਸਕਾਂਗਾ?

ਇਥੇ ਹੀ ਬਸ ਨਹੀਂ ਬੰਦ ਨੰ. ੨ ਵਿੱਚ ਉਹ ਅਜਿਹੀ ਹਿੰਦੂ-ਧਰਮ ਦੀ ਪੂਜਾ ਸਮਗਰੀ ਦੀ ਗੱਲ ਕਰਦੇ ਹਨ, ਜਿਹੜੀ ਭੈੜੇ ਸੰਗ ਕਰਕੇ ਅਪਵਿਤਰ ਬਣ ਗਈ ਹੈ। ਉਹ ਸਪਸ਼ਟ ਕਰਦੇ ਹਨ ਕਿ ਚੰਦਨ ਦੇ ਰੁੱਖਾਂ ਨਾਲ ਹਰ ਪਲ ਵਿਸ਼ ਵਾਲੇ ਸੱਪ ਲਪੇਟਾ ਮਾਰਕੇ ਬੈਠੇ ਹੋਏ ਹਨ। ਚੰਦਨ ਨੂੰ ਉਨ੍ਹਾਂ ਨੇ ਵਿਸ਼ ਉਗਲ-ਉਗਲ ਕੇ ਗੰਦਾ ਅਤੇ ਜੂਠਾ ਕਰ ਦਿੱਤਾ ਹੈ। ਇਸੇ ਤਰ੍ਹਾਂ ਸਮੁੰਦਰ ਦੇ ਪਾਣੀ ਵਿੱਚ ਵੀ ਵਿਸ਼ ਅਤੇ ਅੰਮ੍ਰਿਤ ਇੱਕ ਥਾਂ ਵਸਦੇ ਹਨ। ਸੋ ਇਹ ਵੀ ਅਪਵਿੱਤਰ ਹੈ ਅਤੇ ਪ੍ਰਭ ਪੂਜਾ ਲਈ ਭੇਟ ਕਰਨ ਯੋਗ ਨਹੀਂ ਹੈ।

ਬੰਦ ਨੰ. ੩ ਵਿੱਚ ਧੂਪ, ਚਰਾਗ ਅਤੇ ਅਨੇਕਾਂ ਖਾਣ ਵਾਲੀਆਂ ਵਸਤਾਂ ਤੋਂ ਬਣਾਇਆ, ਮੂਰਤੀ ਜਾਂ ਦੇਵਤੇ ਅੱਗੇ ਚੜ੍ਹਾਉਣ ਵਾਲਾ ਪ੍ਰਸਾਦ ਮਨੁੱਖ ਦੀ ਉਪਜ ਹੈ। ਇਨ੍ਹਾਂ ਵਸਤਾਂ ਦੀ ਤਿਆਰੀ ਸਮੇਂ ਹੀ ਇਹ ਧੂਪ, ਚਰਾਗ ਅਤੇ ਪ੍ਰਸਾਦ ਅਪਵਿੱਤਰ ਹੋ ਜਾਂਦੇ ਹਨ ਕਿਉਂਕਿ ਤਿਆਰੀ ਕਰਨ ਵਾਲਾ ਹੀ ਇਨ੍ਹਾਂ ਵਸਤਾਂ ਦੀ ਸੁਗੰਧੀ ਲੈ ਲੈਂਦਾ ਹੈ। ਦੂਜੇ, ਇਸ ਪੂਜਾ ਸਮਗਰੀ ਨੂੰ ਭੇਟ ਕਰਨ ਵਾਲਾ ਕੁਦਰਤੀ ਹੀ ਭੇਟ ਚੜ੍ਹਾਉਣ ਤੋਂ ਪਹਿਲਾਂ ਹੀ ਇਨ੍ਹਾਂ ਦੀ ਸੁਗੰਧੀ ਲੈ ਕੇ ਇਨ੍ਹਾਂ ਨੂੰ ਅਪਵਿੱਤਰ ਕਰ ਦਿੰਦਾ ਹੈ। ਫਿਰ ਹੇ ਪ੍ਰਭ! ਇਹ ਤੇਰਾ ਦਾਸ ਤੇਰੀ ਪੂਜਾ ਕਿਵੇਂ ਕਰੇ?

ਬੰਦ ਨੰ. ੪ ਵਿੱਚ ਉਪਰੋਕਤ ਸਾਰੀ ਸਮਗਰੀ ਰੱਦ ਕਰਕੇ ਉਹ ਆਪਣੀ ਨਵੀਂ ਨਕੋਰ ਪੂਜਾ ਸਮਗਰੀ ਦਾ ਜ਼ਿਕਰ ਕਰਦੇ ਹਨ ਜਿਸ ਤੋਂ ਬਿਨਾ ਪ੍ਰਭ ਪੂਜਾ ਹੋ ਹੀ ਨਹੀਂ ਸਕਦੀ। ਗੁਰੂ ਜੀ ਪ੍ਰਭ ਨੂੰ ਸੰਬੋਧਨ ਕਰਦੇ ਹਨ ਕਿ ਹੇ ਪ੍ਰਭ! ਮੈਂ ਤੇਰੇ ਪੂਜਾ

ਲਈ ਸਮੱਗਰੀ ਆਪਣਾ ਤਨ ਅਤੇ ਮਨ ਅਰਪਨ ਕਰਦਾ ਹਾਂ। ਇਹ ਸਮਗਰੀ ਗੁਰੂ ਦੀ ਕਿਰਪਾ ਨਾਲ ਸਵਿਕਾਰ ਹੋਣ ਪਿਛੋਂ ਹੀ ਪ੍ਰਭ-ਪ੍ਰਾਪਤੀ ਸੰਭਵ ਹੋ ਸਕਦੀ ਹੈ।

ਆਖਰੀ ਬੰਦ ਨੰ. ੫ ਵਿਚ ਫਿਰ ਹਿੰਦੂ-ਧਰਮ ਦੀ ਜੂਠੀ ਅਤੇ ਅਪਵਿੱਤਰ ਸਮਗਰੀ ਬਾਰੇ ਸਪਸ਼ਟ ਕਰਦੇ ਹਨ ਕਿ ਇਹ ਤੇਰੇ ਭੇਟ ਕਰਨ ਯੋਗ ਨਹੀਂ ਹੈ। ਪਰ ਤੇਰੇ ਭੇਟ ਕਰਨ ਲਈ ਹੇ ਪ੍ਰਭ! ਸੁੱਚੀ ਸਮਗਰੀ ਉਪਲੱਬਧ ਨਹੀਂ ਹੋ ਸਕਦੀ, ਇਹ ਸੰਭਵ ਹੀ ਨਹੀਂ ਹੈ। ਜੇ ਅਜਿਹੀ ਸਮੱਗਰੀ ਨਾਲ ਹੀ ਪ੍ਰਭ ਦੀ ਪੂਜਾ ਹੋ ਸਕਦੀ ਹੁੰਦੀ ਤਾਂ ਅਜਿਹੀ ਸਥਿਤੀ ਵਿੱਚ ਮੇਰਾ ਕੀ ਹਾਲ ਹੋਣਾ ਸੀ? ਕੀ ਅਜਿਹੀ ਸਥਿਤੀ ਵਿੱਚ ਮੈਂ ਪ੍ਰਭ ਪ੍ਰਾਪਤੀ ਨਹੀਂ ਸੀ ਕਰ ਸਕਣੀ?

ਇਸ ਕਰਕੇ ਗੁਰੂ ਰਵਿਦਾਸ ਜੀ ਦ੍ਰਿੜ ਕਰਦੇ ਹਨ ਕਿ ਉਪਰੋਕਤ ਹਿੰਦੂ ਧਰਮ ਦੀ ਪੂਜਾ ਸਮਗਰੀ ਪ੍ਰਭ ਨੂੰ ਪ੍ਰਵਾਨ ਨਹੀਂ ਹੈ। ਉਨ੍ਹਾਂ ਦਾ ਆਪਣਾ ਕਥਨ ਹੈ:—

"ਪੂਜਾ ਅਰਚਾ ਆਹਿ ਨ ਤੋਰੀ॥"

ਸੋ ਉਹ ਬੜੀ ਪਰਪੱਕਤਾ ਨਾਲ ਹਿੰਦੂ ਧਰਮ ਦੀ ਪੂਜਾ ਸਮਗਰੀ ਨੂੰ ਰੱਦ ਕਰਦੇ ਹਨ ਅਤੇ ਇਸ ਦੀ ਥਾਂ ਨਵੀਂ ਨਕੋਰ ਪੂਜਾ ਸਮਗਰੀ ਪਵਿੱਤਰ ਮਨ ਅਤੇ ਤਨ ਨੂੰ ਪ੍ਰਦਾਨ ਕਰਦੇ ਹਨ, ਜਿਸ ਨਾਲ ਪ੍ਰਭ ਪ੍ਰਾਪਤੀ ਕੀਤੀ ਜਾ ਸਕਦੀ ਹੈ।

"ਪ੍ਰਾਚੀਨ ਤੇ ਪ੍ਰਸਿੱਧ ਰਾਗ ਗੂਜਰੀ ਭਗਤੀ ਭਾਵ ਤੇ ਗਾਇਨ ਲਈ ਵਿਸ਼ੇਸ਼ ਅਨੁਕੂਲ ਮੰਨਿਆ ਗਿਆ ਹੈ। ਇਸ ਰਾਗ ਦੀ ਸੰਪੂਰਨ ਰਚਨਾ ਕਰੁਣਾ ਰਸ ਨਾਲ ਓਤਪੋਤ ਹੋਣ ਕਾਰਨ ਸੰਗੀਤਕਾਰਾਂ ਨੇ, ਇਸ ਦੀ ਪ੍ਰਕ੍ਰਿਤੀ ਕਰੁਣਾ ਮੰਨੀ ਹੈ। ਹਰਿ ਸ਼ਰਧਾ ਹਰਿ ਪਿਆਸ ਇਸ ਦਾ ਤਰਲਾ ਹੈ। ਸ਼ਹੁ ਨੂੰ ਪਾਉਣਾ ਹੀ ਜੀਵਨ ਦਾ ਮਕਸਦ ਹੈ, ਏਹੀ ਦਰਸਾਇਆ ਹੈ-"ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ॥ ਗੁਰ ਕੈ ਸਬਦਿ ਵੀਚਾਰ ਹਰਿ ਜਪੁ ਜਪਣਾ.। ਸਹੁ ਪਾਉਣ ਲਈ ਤਨ ਮਨ ਅਰਪਉ ਪੂਜ ਚਰਾਵਉ, ਸਭ ਕੁਝ ਅਰਪਣਾ ਪੈਂਦਾ ਹੈ।"

ਗੁਰੂ ਨਾਨਕ ਸੰਗੀਤ ਪੱਧਤੀ ਪੰਨਾ : 13.

ਸ਼ਬਦ ਅਰਥ :— ਗੁਰੂ ਰਵਿਦਾਸ ਜੀ ਸਪਸ਼ਟ ਕਰਦੇ ਹਨ ਕਿ ਹਿੰਦੂ ਧਰਮ ਦੀ ਪੂਜਾ ਸਮਗਰੀ ਦੁੱਧ, ਫੁੱਲ, ਪਾਣੀ ਆਦਿ ਜੂਠੇ ਹੋਣ ਕਰਕੇ ਪ੍ਰਭ ਪੂਜਾ ਦੇ ਭੇਟ ਕਰਨ ਯੋਗ ਨਹੀਂ ਹਨ। ਵੱਛੇ, ਭੌਰੇ ਅਤੇ ਮੱਛੀ ਦਾ ਇਨ੍ਹਾਂ ਨਾਲ ਕੁਦਰਤੀ ਅਤੇ ਅਟੁੱਟ ਸੰਬੰਧ ਹੋਣ ਕਰਕੇ ਕੁਦਰਤ ਨੇ ਹੀ ਸਭ ਵਸਤਾਂ ਨੂੰ ਜੂਠਾ ਕਰ ਦਿੱਤਾ ਹੈ। ਇਸ ਲਈ ਇਹ ਵਸਤਾਂ ਬੁਨਿਆਦੀ ਤੌਰ ਤੇ ਅਪਵਿੱਤਰ ਅਤੇ ਜੂਠੀਆਂ ਹਨ। ਇਸ ਨਾਲ ਪ੍ਰਭ-ਪ੍ਰਾਪਤੀ ਨਹੀਂ ਹੋ ਸਕਦੀ॥ ੧॥

ਇਸ ਕਰਕੇ ਗੁਰੂ ਰਵਿਦਾਸ ਜੀ ਅਧੀਰ ਹੋ ਕਰੁਣਾ ਵਿੱਚ ਭਰਪੂਰ ਤੜਫ ਉਠਦੇ ਹਨ, "ਹੇ ਮਾਈ! ਮੈਂ ਪ੍ਰਭ ਪੂਜਾ ਲਈ ਪੂਜਾ ਸਮਗਰੀ ਕਿਥੋਂ ਲੈ ਕੇ ਆਵਾਂ? ਇਹ ਸਭ ਕੁਝ ਤਾਂ ਅਪਵਿੱਤਰ ਹੈ। ਹੋਰ, ਭਾਵ ਪਵਿੱਤਰ ਫੁੱਲ ਮਿਲ ਨਹੀਂ ਸਕਦੇ। ਕੀ ਮੈਂ ਇਸ ਪੂਜਾ ਸਮਗਰੀ ਬਿਨ੍ਹਾਂ ਪ੍ਰਭ ਪ੍ਰਾਪਤ ਨਹੀਂ ਕਰ ਸਕਾਂਗਾ?॥ ੧॥ ਰਹਾਉ॥

ਇਥੇ ਹੀ ਬਸ ਨਹੀਂ, ਉਪਰੋਕਤ ਪੂਜਾ ਸਮਗਰੀ ਵਿੱਚ ਚੰਦਨ ਅਤੇ ਅੰਮ੍ਰਿਤ ਨੂੰ ਸ਼ਾਮਲ ਕੀਤਾ ਗਿਆ ਹੈ। ਹੇ ਪ੍ਰਭ! ਚੰਦਨ ਅਤੇ ਅੰਮ੍ਰਿਤ ਤਾਂ ਭੈੜੇ ਸੰਗ ਕਰਕੇ ਅਪਵਿੱਤਰ ਅਤੇ ਜੂਠੇ ਹਨ। ਚੰਦਨ ਨਾਲ ਲਿਪਟੇ ਵਿਸ਼ੈਲੇ ਸੱਪਾਂ ਨੇ ਆਪਣੀ ਵਿਸ਼ ਨਾਲ ਚੰਦਨ ਨੂੰ ਜੂਠਾ ਅਤੇ ਅਪਵਿੱਤਰ ਕਰ ਦਿੱਤਾ ਹੈ। ਪਾਣੀ, ਮਾਰ ਦੇਣ ਵਾਲੀ ਹਾਈਡਰੋਜਨ ਅਤੇ ਜੀਵਨ-ਦਾਤਾ ਆਕਸੀਜਨ ਦੇ ਸੰਜੋਗ ਨਾਲ ਬਣਿਆ ਹੋਇਆ ਹੈ ਭਾਵ ਵਿਸ਼ ਅਤੇ ਅੰਮ੍ਰਿਤ ਇੱਕ ਥਾਂ ਵਸਦੇ ਹਨ। ਇਸ ਨਾਲ ਵੀ ਤੇਰੀ ਪੂਜਾ ਨਹੀਂ ਹੋ ਸਕਦੀ॥ ੨॥

ਧੂਪ, ਚਰਾਗ ਅਤੇ ਨਾਈਬੇਦ (ਪ੍ਰਸਾਦ) ਮਨੁੱਖ ਦੀ ਆਪਣੀ ਉਪਜ ਹੈ। ਇਸ ਦੀ ਤਿਆਰੀ ਸਮੇਂ ਹੀ ਇਹ ਅਪਵਿੱਤਰ ਹੋ ਜਾਂਦੀਆਂ ਹਨ। ਦੂਜੇ, ਪੂਜਾ ਚੜ੍ਹਾਉਣ ਵਾਲਾ ਜੀਵ ਪ੍ਰਭ ਨੂੰ ਇਹ ਸਮਗਰੀ ਅਰਪਨ ਕਰਨ ਤੋਂ ਪਹਿਲਾਂ ਹੀ ਇਸ ਦੀ ਸੁਗੰਧੀ ਲੈਕੇ ਇਸ ਨੂੰ ਅਪਵਿੱਤਰ ਕਰ ਦਿੰਦਾ ਹੈ। ਇਸ ਕਰਕੇ ਹੇ ਪ੍ਰਭ! ਇਹ ਵਸਤਾਂ ਵੀ ਤੇਰੇ ਭੇਟ ਕਰਨ ਯੋਗ ਨਹੀਂ ਹਨ।

ਹਰ ਕਿਸਮ ਦੀ ਸਮਗਰੀ ਨੂੰ ਰੱਦ ਕਰਨ ਪਿਛੋਂ ਗੁਰੂ ਰਵਿਦਾਸ ਜੀ ਪ੍ਰਭ ਪਾਸੋਂ ਪੁਛਦੇ ਹਨ ਕਿ ਹੇ ਪ੍ਰਭ! ਤੇਰਾ ਦਾਸ, ਹੁਣ ਤੇਰੀ ਪੂਜਾ ਕਿਵੇਂ ਕਰੇ? ਹੁਣ ਮੈਂ ਤੈਨੂੰ ਕਿਵੇਂ ਪ੍ਰਾਪਤ ਕਰਾਂਗਾ?॥ ੩॥

ਹੁਣ ਗੁਰੂ ਰਵਿਦਾਸ ਜੀ ਆਪਣੀ ਪੂਜਾ ਸਮਗਰੀ ਪ੍ਰਭ ਨੂੰ ਭੇਟ ਕਰਦੇ ਹਨ। ਹੇ ਪ੍ਰਭ! ਤੇਰਾ ਦਾਸ, ਤੇਰੀ ਪੂਜਾ ਲਈ ਆਪਣਾ ਤਨ ਅਤੇ ਮਨ ਅਰਪਣ ਕਰਦਾ ਹੈ। ਗੁਰੂ ਦੀ ਕਿਰਪਾ ਨਾਲ ਜਦੋਂ ਇਹ ਚੜ੍ਹਾਵਾ ਪ੍ਰਭ ਨੂੰ ਪ੍ਰਵਾਨ ਹੋਵੇਗਾ, ਉਦੋਂ ਹੀ ਮੈਂ ਪ੍ਰਭ ਨੂੰ ਪ੍ਰਾਪਤ ਕਰ ਸਕਾਂਗਾ॥ ੪॥

ਇਸ ਲਈ ਹੇ ਪ੍ਰਭ! ਦੁੱਧ, ਫੁੱਲ, ਜਲ, ਚੰਦਨ, ਅੰਮ੍ਰਿਤ, ਧੂਪ, ਚਰਾਗ, ਨਈਬੇਦ (ਪ੍ਰਸਾਦ) ਆਦਿ ਜੂਠੇ ਅਤੇ ਅਪਵਿੱਤਰ ਹੋਣ ਕਰਕੇ ਤੇਰੀ ਪੂਜਾ ਲਈ

ਚੜ੍ਹਾਉਣ ਦੇ ਯੋਗ ਨਹੀਂ ਹਨ। ਇਹ ਤੇਰੀ ਪੂਜਾ ਲਈ ਉੱਕਾ ਹੀ ਜ਼ਰੂਰੀ ਨਹੀਂ ਹਨ:

"ਪੂਜਾ ਅਰਚਾ ਆਹਿ ਨ ਤੋਰੀ॥"

ਜੇ ਇਹੋ ਵਸਤਾਂ ਤੇਰੀ ਪੂਜਾ ਲਈ ਜ਼ਰੂਰੀ ਹੁੰਦੀਆਂ ਤਾਂ ਇਨ੍ਹਾਂ ਪਵਿੱਤਰ ਵਸਤਾਂ ਦੀ ਉਪਲਬਧੀ ਨਾ ਹੋਣ ਕਾਰਣ ਤੇਰੀ ਪੂਜਾ ਹੀ ਨਹੀਂ ਸੀ ਹੋ ਸਕਣੀ। ਅਜਿਹੀ ਸਥਿਤੀ ਵਿੱਚ ਮੇਰਾ ਕੀ ਹਾਲ ਹੁੰਦਾ?

ਸੋ ਮੈਂ ਇਨ੍ਹਾਂ ਵਸਤਾਂ ਦੀ ਥਾਂ ਆਪਣਾ ਤਨ ਅਤੇ ਮਨ ਪੂਜਾ ਲਈ ਭੇਟ ਚੜ੍ਹਾਉਂਦਾ ਹਾਂ ਅਤੇ ਪ੍ਰਭ-ਪ੍ਰਾਪਤੀ ਦੀ ਬਖਸ਼ਿਸ਼ ਲਈ ਅਰਾਧਨਾ ਕਰਦਾ ਹਾਂ॥ ੫॥ ੧॥

ੴ ਸਤਿਗੁਰ ਪ੍ਰਸਾਦਿ॥

ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ

ਜਬ ਹਮ ਹੋਤੇ ਤਬ ਤੂ ਨਾਹੀ
ਅਬ ਤੂਹੀ ਮੈ ਨਾਹੀ॥
ਅਨਲ ਅਗਮ ਜੈਸੇ ਲਹਰਿ ਮਇ ਓਦਧਿ
ਜਲ ਕੇਵਲ ਜਲ ਮਾਂਹੀ॥ ੧॥
ਮਾਧਵੇ ਕਿਆ ਕਹੀਐ ਭ੍ਰਮੁ ਐਸਾ॥
ਜੈਸਾ ਮਾਨੀਐ ਹੋਇ ਨ ਤੈਸਾ॥ ੧॥ ਰਹਾਉ॥
ਨਰਪਤਿ ਏਕੁ ਸਿੰਘਾਸਨਿ ਸੋਇਆ
ਸੁਪਨੇ ਭਇਆ ਭਿਖਾਰੀ॥
ਅਛਤ ਰਾਜ ਬਿਛੁਰਤ ਦੁਖੁ ਪਾਇਆ
ਸੋ ਗਤਿ ਭਈ ਹਮਾਰੀ॥ ੨॥
ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ
ਅਬ ਕਛੁ ਮਰਮੁ ਜਨਾਇਆ॥
ਅਨਿਕ ਕਟਕ ਜੈਸੇ ਭੂਲਿ ਪਰੇ
ਅਬ ਕਹਤੇ ਕਹਨੁ ਨ ਆਇਆ॥ ੩॥
ਸਰਬੇ ਏਕੁ ਅਨੇਕੈ ਸੁਆਮੀ
ਸਭ ਘਟ ਭੋਗਵੇ ਸੋਈ॥
ਕਹਿ ਰਵਿਦਾਸ ਹਾਥ ਪੈ ਨੇਰੈ
ਸਹਜੇ ਹੋਇ ਸੁ ਹੋਈ॥ ੪॥ ੧॥[1]

ਪਦ ਅਰਥ:—ਅਨਲ=ਹਵਾ, ਪਵਨ। **ਅਗਮ**=ਬੇਅੰਤ, ਬਹੁਤ ਜ਼ਿਆਦਾ। **ਅਨਲ ਅਗਮ** = ਤੂਫਾਨੀ ਹਨੇਰੀ। **ਮਇ** = ਵਿੱਚ। **ਓਦਧਿ** = ਸਮੁੰਦਰ ॥ ੧॥

ਅਛਤ = ਹੁੰਦੇ ਹੋਏ। **ਬਿਛੁਰਤ** = ਵਿਛੜਕੇ॥ ੨॥

ਰਾਜ = ਰੱਸੀ। **ਭੁਇਅੰਗ** = ਸੱਪ। **ਪ੍ਰਸੰਗ** = ਕਥਾ, ਕਹਾਣੀ। **ਮਰਮੁ** = ਭੇਦ। **ਜਨਾਇਆ** = ਗਿਆਨ ਵਿੱਚ ਲਿਆਂਦਾ। **ਅਨਿਕ** = ਸੈਂ, ਸੰਗਯਾ, ਸੋਨਾ। **ਕਟਕ** = ਕੜਾ॥ ੩॥

ਘਟ = ਸਰੀਰ। **ਭੁਗਵੈ** = (ਨੋਟ 'ਭ' ਨੂੰ ਦੋ ਲਗਾਂ ਹਨ। ਇਸ ਦੇ ਦੋ ਸ਼ਬਦ ਬਣਦੇ ਹਨ, ਭੁਗਵੈ ਅਤੇ ਭੋਗਵੈ। **ਭੋਗਵੇ** = ਇੰਦਰੀਆਂ ਕਰਕੇ ਗ੍ਰਹਿਣ ਕਰੇ ਪਦਾਰਥ ਤੋਂ ਉਪਜਿਆ ਅਨੰਦ। **ਭੁਗਵੈ** = ਭੋਗਦਾ ਹੈ "ਕੋਟਿ ਅਨੰਦ ਰਾਜਸੁਖ ਭੁਗਵੈ ਹਰਿ ਸਿਮਰਤ ਬਿਨਸੈ ਸਭ ਦੁਖੁ॥"[2] ਆਤਮਕ ਸੁੱਖ ਭੋਗਣਾ। **ਪੈ** = ਤੋਂ। **ਨੇਰੈ** = ਨੇੜੇ। **ਸਹਜੇ** = ਸੁਭਾਵਕ॥ ੪॥ ੧॥

1. ਆਦਿ ਗ੍ਰੰਥ -ਪੰਨਾ : ੬੫੭-੫੮ 2. ਓਹੀ-ਪੰਨਾ 717

ਗੁਰੂ ਰਵਿਦਾਸ ਜੀ ਅਤੇ ਵਿਗਿਆਨ

ਪ੍ਰੋ: ਤਰਲੋਚਨ ਸਿੰਘ, ਫਿਜਿਕਸ ਵਿਭਾਗ, ਖਾਲਸਾ ਕਾਲਜ, ਪਟਿਆਲਾ ਪੁਸਤਕ ਦੇ ਸਭ ਤੋਂ ਪਹਿਲੇ ਸਟਾਰ ਲੱਗੇ ਹੋਏ ਹਰੇ ਰੰਗ ਦੇ ਪੰਨੇ (ਪੰਨਾ ਨੰਬਰ ਨਹੀਂ ਹੈ) ਉੱਪਰ ਲਿਖਦੇ ਹਨ:

ਭੌਤਿਕ-ਵਿਗਿਆਨ (Physics)

"ਚਿੱਟੀ ਰੋਸ਼ਨੀ ਨੂੰ ਜਦੋਂ ਪ੍ਰਿਜ਼ਮ ਵਿੱਚੋਂ ਲੰਘਾਇਆ ਜਾਂਦਾ ਹੈ ਤਾਂ ਇਹ ਸੱਤ ਰੰਗਾਂ ਵਿੱਚ ਟੁੱਟ ਜਾਂਦੀ ਹੈ, ਇਸ ਤੋਂ ਸਿੱਧ ਹੁੰਦਾ ਹੈ ਕਿ ਚਿੱਟ ਰੰਗੀ ਰੋਸ਼ਨੀ ਅਸਲ ਵਿੱਚ ਚਿੱਟੀ ਨਾ ਹੋਕੇ ਸੱਤ ਰੰਗਾਂ ਦਾ ਸੁਮੇਲ ਹੈ। ਇਸ ਲਈ ਜਿਵੇਂ ਅਸੀਂ ਚੀਜ਼ਾਂ ਨੂੰ ਵੇਖਦੇ ਹਾਂ ਉਹ ਅਸਲ ਵਿੱਚ ਉਵੇਂ ਨਹੀਂ ਹੁੰਦੀਆਂ। "ਜੈਸਾ ਮਾਨੀਐ ਹੋਇ ਨ ਤੈਸਾ॥" [1]

ਇਹ ਤੁਕ ਗੁਰੂ ਰਵਿਦਾਸ ਜੀ ਦੇ ਸੋਰਠਿ ਰਾਗ ਦੇ ਸ਼ਬਦ ਰਹਾਉ "ਜਬ ਹਮ ਹੋਤੇ ਤਬ ਤੂ ਨਾ ਹੀ" ਦੇ ਵਿੱਚ ਅੰਕਿਤ ਹੈ। ਪੂਰਾ ਬੰਦ ਇਸ ਤਰ੍ਹਾਂ ਹੈ :-

ਮਾਧਵੇ ਕਿਆ ਕਹੀਐ ਭ੍ਰਮ ਐਸਾ॥
ਜੈਸਾ ਮਾਨੀਐ ਹੋਇ ਨ ਤੈਸਾ ॥ ੨॥ ਰਹਾਉ।। ਪੰਨਾ ੬੫੭

ਗੁਰਬਾਣੀ ਵਿੱਚ ਰਹਾਉ ਵਿੱਚ ਸ਼ਬਦ ਦਾ ਮੁੱਖ ਵਿਚਾਰ ਹੁੰਦਾ ਹੈ ਅਤੇ ਬਾਕੀ ਸ਼ਬਦ ਉਸ ਮੁੱਖ ਵਿਚਾਰ ਦੀ ਵਿਆਖਿਆ ਹੁੰਦੀ ਹੈ। ਗੁਰੂ ਰਵਿਦਾਸ ਜੀ ਇਸ ਰਹਾਉ ਦੀ ਵਿਆਖਿਆ ਇਸ ਸ਼ਬਦ ਦੇ ਬੰਦ ਨੰ : 4 ਵਿੱਚ ਕਰਦੇ ਹਨ:

ਸਰਬੇ ਏਕੁ ਅਨੇਕੈ ਸੁਆਮੀ
ਸਭ ਘਟ ਭੋਗਵੇ ਸੋਈ।।੪।।

ਗੁਰੂ ਰਵਿਦਾਸ ਜੀ ਰਹਾਉ ਦੀ ਵਿਆਖਿਆ ਕਰਦਿਆਂ ਸਪਸ਼ਟ ਕਰਦੇ ਹਨ ਕਿ ਪ੍ਰਭ ਕੇਵਲ ਤੇ ਕੇਵਲ ਇੱਕ ਹੈ ਪਰ ਉਹ ਜੀਵ, ਫੁਲ, ਫਲ, ਪੌਦੇ ਧਰਤੀ ਅਸਮਾਨ ਆਦਿ ਅਨੇਕਾਂ ਰੂਪ ਧਾਰਕੇ ਵਿਚਰ ਰਿਹਾ ਹੈ ਅਤੇ ਉਹ ਆਪ ਹੀ ਹਰ ਪਦਾਰਥ ਦਾ ਆਨੰਦ ਭੋਗ ਰਿਹਾ ਹੈ, ਪਦਾਰਥਾਂ ਦਾ ਰਸ ਭੋਗ ਰਿਹਾ ਹੈ ਸੋ ਇਹ ਤੱਥ (fact) ਦ੍ਰਿੜ ਹੋ ਗਿਆ ਹੈ ਕਿ ਜਿਵੇਂ ਚਿੱਟੀ ਰੋਸ਼ਨੀ ਦੇ ਸੱਤ ਰੰਗ ਬਣ ਜਾਂਦੇ ਹਨ ਉਵੇਂ ਹੀ ਇਕੋ ਪ੍ਰਭ ਅਣਗਿਣਤ ਰੂਪ ਧਾਰਦਾ ਹੈ। ਇਹ ਸ੍ਰਿਸ਼ਟੀ ਸਿਰਜਣਾ ਦੀ ਅੱਟਲ ਸੱਚਾਈ ਹੈ। ਇਸ ਤਰ੍ਹਾਂ ਗੁਰੂ ਰਵਿਦਾਸ ਜੀ ਭੌਤਿਕ ਵਿਗਿਆਨ ਦੇ ਸਿਧਾਂਤ ਦੀ ਸਿਰਜਣਾ ਕਰਕੇ ਉਸਦੀ ਵਿਆਖਿਆ ਵੀ ਕਰਦੇ ਹਨ। 'ਰਹਾਉ' ਵਿੱਚ ਦਿੱਤੇ ਮੁੱਖ ਵਿਚਾਰ ਦੀ ਬੰਦ ਨੰ:4 ਵਿੱਚ ਦਿੱਤੀ ਵਿਆਖਿਆ ਦ੍ਰਿੜ ਕਰਦੀ ਹੈ ਕਿ ਭੌਤਿਕ ਵਿਗਿਆਨ ਦੇ ਸਿਧਾਂਤ ਦੀ ਸਿਰਜਣਾ ਸੁਚੇਤ ਹੋਕੇ ਜਾਣ ਬੁੱਝ ਕੇ ਕੀਤੀ ਗਈ ਹੈ।

---

1. ਗੁਰਬਾਣੀ ਅਤੇ ਵਿਗਿਆਨ - ਪ੍ਰੋ: ਤਰਲੋਚਨ ਸਿੰਘ ਪੁਸਤਕ ਦਾ ਅਰੰਭਕ ਹਰੇ ਰੰਗ ਦਾ ਸਟਾਰ ਵਾਲਾ ਪੰਨਾ।

ਜੈਵ ਵਿਗਿਆਨ (Biology)

ਗੁਰੂ ਰਵਿਦਾਸ ਜੀ ਨੇ ਬੰਦ ਨੰ: 4 ਵਿੱਚ ਕੇਵਲ ਭੌਤਿਕ ਵਿਗਿਆਨ ਦਾ ਹੀ ਸਿਧਾਂਤ ਨਹੀਂ ਦਿੱਤਾ, ਉਨ੍ਹਾਂ ਨੇ ਇਸ ਬੰਦ ਦੀ ਪਹਿਲੀ ਤੁਕ ਦੇ ਦੂਜੇ ਅੱਧ ਵਿੱਚ ਜੈਵ-ਵਿਗਿਆਨ (Biology) ਦੇ ਸਿਧਾਂਤ ਦੀ ਵੀ ਸਿਰਜਣਾ ਕੀਤੀ ਹੈ।

ਪ੍ਰੋ: ਤਰਲੋਚਨ ਸਿੰਘ ਜੈਵ-ਵਿਗਿਆਨ (Biology) ਦੀ ਚਰਚਾ ਕਰਦਿਆਂ ਲਿਖਦੇ ਹਨ:

> "ਫੁਲਾਂ ਦਾ ਭੋਗ ਅਕਾਸ਼ ਵਿੱਚ ਉੱਡ ਰਹੇ ਛੋਟੇ-ਛੋਟੇ ਜੀਵ-ਜੰਤੂਆਂ ਦੁਆਰਾ ਹੁੰਦਾ ਹੈ। ਫੁਲਾਂ ਦਾ ਰਸ ਵੀ ਪ੍ਰਭੂ ਆਪ ਅਤੇ ਜੀਵ-ਜੰਤੂਆਂ ਦੀ ਜਾਨ ਵੀ ਉਹੀ ਪ੍ਰਮਾਤਮਾ ਹੈ। ਰਸਿ ਰਸਿ ਭੋਗ ਕਰੇ ਪ੍ਰਭ ਮੇਰਾ।" [1]

ਉਪਰੋਕਤ ਕਥਨ ਵਿੱਚ ਦਿੱਤੀ ਗਵਾਹੀ "ਰਸਿ ਰਸਿ ਭੋਗ ਕਰੇ ਪ੍ਰਭ ਮੇਰਾ" ਨੂੰ ਗੁਰੂ ਰਵਿਦਾਸ ਜੀ ਦੀ ਗਵਾਹੀ ਹੋਰ ਸਪਸ਼ਟਤਾ ਪ੍ਰਦਾਨ ਕਰਦੀ ਹੈ। ਇਸ ਗਵਾਹੀ ਤੋਂ ਇਹ ਵੀ ਸਪਸ਼ਟ ਹੋ ਜਾਂਦਾ ਹੈ ਕਿ ਪ੍ਰਭ ਆਤਮਕ ਅਤੇ ਪਦਾਰਥਕ ਦੋਹਾਂ ਦਾ ਅਨੰਦ ਆਪ ਹੀ ਭੋਗਦਾ ਹੈ। ਇਸ ਤਰ੍ਹਾਂ ਗੁਰੂ ਰਵਿਦਾਸ ਜੀ ਹੇਠ ਦਿੱਤੀ ਤੁੱਕ ਦੁੱਤ-ਵਿਗਿਆਨ (Biology) ਦੇ ਸਿਧਾਂਤ ਨੂੰ ਪਰਪਕ ਤੌਰ ਤੇ ਦ੍ਰਿੜ ਕਰਦੀ ਹੈ :

ਸਰਬੇ ਏਕੁ ਅਨੇਕੈ ਸੁਆਮੀ
ਸਭ ਘਟੁ ਭੋਗਵੇ ਸੋਈ॥੪॥

ਸੋ ਬ੍ਰਹਮੰਡ ਦੇ ਜ਼ਰੇ-ਜ਼ਰੇ ਵਿੱਚ ਪ੍ਰਭ ਆਪ ਵਿਰਾਜਮਾਨ ਹੈ। ਦੂਜੇ ਅਰਥਾਂ ਵਿੱਚ ਬ੍ਰਹਮੰਡ ਦਾ ਜਰਾ ਜਰਾ ਜੀਵਤ ਹੈ। ਇਸ ਤੱਥ ਨੂੰ ਸਰ ਜਗਦੀਸ਼ ਬੋਸ਼ ਵੀ ਦ੍ਰਿੜ ਕਰਦੇ ਹਨ ਕਿ ਹਰ ਕਣ ਕਣ ਵਿੱਚ ਜੀਵਨ ਹੈ।

ਹੁਣ ਅਸੀਂ ਇਸ ਸਿਧਾਂਤ ਨੂੰ ਹੋਰ ਡੂੰਘਾਈ ਵਿੱਚ ਜਾ ਕੇ ਵਿਚਾਰਦੇ ਹਾਂ :

ਗੁਰੂ ਰਵਿਦਾਸ ਜੀ ਪਰਪੱਕਤਾ ਨਾਲ ਸਪਸ਼ਟ ਕਰਦੇ ਹਨ ਕਿ ਪਾਰਬ੍ਰਹਮ ਹਰ ਘਟ ਵਿੱਚ ਭਾਵ ਸ੍ਰਿਸ਼ਟੀ ਦੇ ਕਣ-ਕਣ ਵਿੱਚ ਆਪ ਹੀ ਵਿਚਰ ਰਿਹਾ ਹੈ ਅਰਥਾਤ ਮਿੱਟੀ, ਧਾਤਾਂ, ਪੌਦੇ, ਜਾਨਵਰ, ਪਾਣੀ, ਹਵਾ, ਖਲਾ, ਮਨੁੱਖ ਆਦਿ ਵਿੱਚ ਉਹੋ ਪਾਰਬ੍ਰਹਮ ਹੀ ਵਿਰਾਜਮਾਨ ਹੈ। ਚਾਰੇ ਖਾਣੀਆਂ, ਅੰਡਜ, ਜੇਰਜ, ਸੇਤਜ, ਉਤਭੁਜ ਰਾਹੀਂ ਸਿਰਜੀ ਜਾ ਰਹੀ ਸਿਰਜਣਾ ਵਿੱਚ ਉਹੋ ਹੀ ਵਿਰਾਜਮਾਨ ਹੈ। ਉਸ ਤੋਂ ਬਿਨਾਂ ਇੱਕ ਕਣ ਵੀ ਜੀਵਤ ਨਹੀਂ ਰਹਿ ਸਕਦਾ। ਇਸ ਦਾ ਅਰਥ ਇਹ ਹੋਇਆ ਕਿ ਮਨੱਖ, ਜਾਨਵਰ, ਪੌਦੇ, ਮਿੱਟੀ, ਹਵਾ, ਖਲਾ ਸਾਰਿਆਂ ਵਿੱਚ ਹੀ ਉਸ ਪ੍ਰਭ ਪਰਮਾਤਮਾ ਦੀ ਜੋਤਿ/ਆਤਮਾ ਵਿਰਾਜਮਾਨ ਹੈ। ਇਸੇ ਤੱਥ ਨੂੰ ਗੁਰੂ

---

1. ਓਹੀ - (ਪੰਨਾ ਦਰਜ ਨਹੀਂ ਹੈ, ਸਟਾਰ ਲੱਗਾ ਹਰੇ ਰੰਗ ਦਾ ਪੰਨਾ)

ਰਵਿਦਾਸ ਜੀ ਆਪਣੀ ਬਾਣੀ ਵਿੱਚ ਨਿਰੂਪਤ ਕਰਦੇ ਹਨ :

ਏਕ ਹੀ ਏਕ ਅਨੇਕ ਹੋਇ ਬਿਸਥਰਿਓ
ਆਨ ਰੇ ਆਨ ਭਰਪੂਰਿ ਸੋਊ॥ ਰਹਾਉ॥ (ਪੰਨਾ ੧੨੯੩)

ਸੋ ਇਹ ਤੱਥ ਦ੍ਰਿੜ ਹੋ ਗਿਆ ਹੈ ਕਿ ਪ੍ਰਭ ਪਰਮਾਤਮਾ ਹੀ ਸ੍ਰਿਸ਼ਟੀ ਦੇ ਕਣ ਕਣ ਵਿੱਚ ਵਿਰਾਜਮਾਨ ਹੈ। ਇਥੇ ਹੀ ਬਸ ਨਹੀਂ, ਗੁਰੂ ਰਵਿਦਾਸ ਜੀ ਇਹ ਵੀ ਦ੍ਰਿੜ ਕਰਦੇ ਹਨ ਕਿ ਮਿੱਟੀ, ਧਾਤਾਂ, ਪੌਦੇ, ਜਾਨਵਰਾਂ ਆਦਿ ਵਿੱਚ ਵਿਰਾਜਮਾਨ ਪ੍ਰਭ-ਪਰਮਾਤਮਾ ਆਪ ਹੀ ਸਭ ਕੁਝ ਭੋਗ ਰਿਹਾ ਹੈ ਅਰਥਾਤ ਪੌਦੇ, ਜੀਵ, ਮਨੁੱਖ ਆਦਿ ਦੁਖ-ਸੁੱਖ ਭੋਗਦੇ ਅਰਥਾਤ ਹੰਢਾਉਂਦੇ ਹਨ, ਅਹਿਸਾਸ ਕਰਦੇ ਹਨ, ਇੱਥੋਂ ਤੱਕ ਕਿ ਉਹ ਥਕਾਵਟ ਵੀ ਮਹਿਸੂਸ ਕਰਦੇ ਹਨ। ਇਸ ਦਾ ਅਰੱਥ ਇਹ ਹੋਇਆ ਕਿ ਪੌਦੇ ਵੀ ਦਿਲ ਰਖਦੇ ਹਨ। ਕਿਉਂਕਿ ਦਿਲ ਤੋਂ ਬਿਨਾ ਮਹਿਸੂਸ ਨਹੀਂ ਕੀਤਾ ਜਾ ਸਕਦਾ। ਜਿਥੇ ਦਿਲ ਹੈ ਉੱਥੇ ਦਿਮਾਗ ਵੀ ਹੈ ਕਿਉਂਕਿ ਦੁੱਖ-ਸੁੱਖ ਦਾ ਅਹਿਸਾਸ ਦਿਮਾਗ ਰਾਹੀਂ ਹੀ ਹੁੰਦਾ ਹੈ। ਸਪਸ਼ਟ ਹੈ ਕਿ ਮਨੁੱਖ ਪੌਦੇ ਧਾਤਾਂ ਆਦਿ ਮਹਿਸੂਸ ਵੀ ਕਰਦੇ ਹਨ ਉਨ੍ਹਾਂ ਦਾ ਦਿਲ ਵੀ ਹੈ ਅਤੇ ਦਿਮਾਗ ਵੀ, ਉਹ ਦੇਖਦੇ ਵੀ ਹਨ ਅਤੇ ਕਿਸੇ ਅਜਨਬੀ ਨੂੰ ਆਪਣੇ ਵੱਲ ਆਉਂਦਿਆ ਭਾਂਪਦੇ ਵੀ ਹਨ। ਜੇ ਮਨੁੱਖ, ਪੌਦੇ, ਧਾਤਾਂ ਆਦਿ ਦਾ ਦਿਲ ਵੀ ਹੈ ਅਤੇ ਦਿਮਾਗ਼ ਵੀ। ਇਸ ਕਰਕੇ ਉਹ ਮਹਿਸੂਸ ਕਰਦੇ ਹਨ ਅਤੇ ਅਜਨਬੀ ਨੂੰ ਭਾਂਪਦੇ ਵੀ ਹਨ ਤਾਂ ਯਕੀਨਨ ਉਨ੍ਹਾਂ ਦੀ ਆਪਣੀ ਆਪਣੀ ਭਾਸ਼ਾ ਵੀ ਹੈ। ਸਾਰੇ ਭੌਤਿਕ ਸਰੀਰ ਬੋਲਦੇ ਵੀ ਹਨ। ਇਹ ਵਿਚਾਰ ਗੁਰੂ ਰਵਿਦਾਸ ਬਾਣੀ ਵਿੱਚ ਦਰਜ ਹਨ :

ਸਰਬੇ ਏਕ ਅਨੇਕੈ ਸੁਆਮੀ
ਸਭ ਘਟ ਭੁੰਗਵੈ ਸੋਈ ॥ (ਪੰਨਾ : ੬੫੭)

ਉਪਰੋਕਤ ਚਰਚਾ ਤੋਂ ਦ੍ਰਿੜ ਹੋ ਗਿਆ ਹੈ ਕਿ ਜੀਵ, ਜਾਨਵਰ, ਪੌਦਿਆਂ ਆਦਿ ਵਿੱਚ ਪ੍ਰਭ-ਪਰਮਾਤਮਾ ਆਪ ਹੀ ਵਿਰਾਜਮਾਨ ਹੈ ਅਤੇ ਸਭ ਵਿੱਚ ਬੈਠਾ, ਉਹ ਸਭ ਕੁੱਝ ਆਪ ਹੀ ਆਨੰਦ ਮਾਣਦਾ ਭੋਗਦਾ, ਹੰਢਾਉਂਦਾ ਅਤੇ ਮਹਿਸੂਸ ਕਰਦਾ ਹੈ। ਇਸ ਦੀ ਪ੍ਰੌੜਦਾ ਕਰਦੇ ਭਾਈ ਕਾਹਨ ਸਿੰਘ ਨਾਭਾ, ਮਹਾਨ ਕੋਸ਼ ਦੇ ਪੰਨਾ ਨੰ. ੬੯੩ ਉੱਪਰ ਭੁੰਗ ਦੇ ਅਰਥ ਕਰਦੇ ਹਨ, "੨. ਸੰ. (ਭੁਜ) ਧਾ - ਝੁਕਣਾ, ਆਨੰਦ ਲੈਣਾ, ਭੋਗਣਾ (ਖਾਣਾ), ਸੁੱਖ-ਦੁੱਖ ਦਾ ਅਨੁਭਵ ਕਰਨਾ।"

ਇਨ੍ਹਾਂ ਤੱਥਾਂ ਨੂੰ ਵਿਗਿਆਨ ਦੇ ਸਿਧਾਂਤ ਨੇ ਵੀ ਦ੍ਰਿੜ ਕਰ ਦਿੱਤਾ ਹੈ ਅਤੇ ਇਸ ਸਿਧਾਂਤ ਨੂੰ ਉਪਕਰਣ (Machine) ਜਿਸ ਦਾ ਨਾਂ ਕਰੈਸਕੋਗ੍ਰਾਫ (Crescograph) ਹੈ - ਰਾਹੀਂ ਵੀ ਸਿੱਧ ਕਰ ਦਿੱਤਾ ਹੈ। ਸਰ ਜਗਦੀਸ਼ ਚੰਦਰ ਬੋਸ ਨੇ ਵਿਗਿਆਨਕ ਖੋਜ ਕਰਕੇ ਸਿੱਧ ਕੀਤਾ ਹੈ ਕਿ ਪੌਦਿਆਂ ਦਾ ਦਿਲ ਹੈ ਉਹ

ਮਹਿਸੂਸ ਕਰਦੇ ਹਨ, ਦੇਖਦੇ ਵੀ ਹਨ ਅਤੇ ਆਪਣੇ ਵਲ ਆ ਰਹੇ ਅਜਨਬੀ ਦੀ ਸਮਝ ਵੀ ਰੱਖਦੇ ਹਨ। ਸਾਇੰਸਦਾਨ ਇਸ ਮਸ਼ੀਨ ਰਾਹੀਂ ਅਦਭੁਤ ਤੱਥਾਂ ਦੀ ਜਾਣਕਾਰੀ ਦਿੰਦੇ ਹਨ :

> "The Crescograph proved that Bose had not been wrong. It showed that plants have hearts and are capable of feeling. The Crescograph indicates that plants have a keen sight and react to rays of light and wireless waves. The machines proved that plants have a special sense which tells them of the approach of a stranger." [1]
>
> ਅਰਥ : ਕਰੈਸਕੋਗ੍ਰਾਫ ਨੇ ਸਾਬਤ ਕਰ ਦਿੱਤਾ ਹੈ ਕਿ ਬੋਸ ਗਲਤ ਨਹੀਂ ਸੀ। ਇਸ ਮਸ਼ੀਨ ਨੇ ਦ੍ਰਿੜ ਕੀਤਾ ਕਿ ਪੌਦਿਆਂ ਦੇ ਵੀ ਦਿਲ ਹੁੰਦੇ ਹਨ ਅਤੇ ਉਹ ਮਹਿਸੂਸ ਕਰਣ ਦੇ ਸਮਰਥ ਹਨ। ਕਰੈਸਕੋਗ੍ਰਾਫ ਨੇ ਪ੍ਰਗਟ ਕੀਤਾ ਕਿ ਪੌਦਿਆਂ ਦੀ ਨਜ਼ਰ ਤੇਜ਼ ਹੈ ਅਤੇ ਪ੍ਰਕਾਸ ਦੀਆਂ ਕਿਰਨਾਂ ਅਤੇ ਵਾਇਰਲੈਸ ਦੀਆਂ ਤਰੰਗਾਂ ਤੋਂ ਪੌਦੇ ਪ੍ਰਤਿਕ੍ਰਿਆ ਪ੍ਰਗਟ ਕਰਦੇ ਹਨ। ਇਸ ਮਸ਼ੀਨ ਨੇ ਸਾਬਤ ਕੀਤਾ ਹੈ ਕਿ ਪੌਦੇ ਖਾਸ ਕਿਸਮ ਦਾ ਗਿਆਨ ਰਖਦੇ ਹਨ ਜਿਹੜਾ ਉਨ੍ਹਾਂ ਨੂੰ ਅਜਨਬੀ ਦੇ ਨੇੜੇ ਆਉਣ ਬਾਰੇ ਸੂਚਿਤ ਕਰਦਾ ਹੈ।"

ਬੋਸ ਨੇ ਕੇਵਲ ਪੌਦਿਆਂ ਦੇ ਜੀਵਤ ਹੋਣ ਬਾਰੇ ਹੀ ਨਹੀਂ ਦੱਸਿਆ ਉਸ ਨੇ ਇਹ ਵੀ ਸਾਬਤ ਕੀਤਾ ਕਿ ਧਾਂਤਾਂ ਵੀ ਜੀਵਤ ਹਨ। ਸਾਇੰਸਦਾਨ ਉਨ੍ਹਾਂ ਦੀਆਂ ਪ੍ਰਾਪਤੀਆਂ ਬਾਰੇ ਦਸਦੇ ਲਿਖਦੇ ਹਨ :

> "He said that plants and metals had a life of their own and could become "tired", "depressed", or "happy". [2]
>
> ਅਰਥ : "ਉਸਨੇ (ਸਰ ਜਗਦੀਸ਼ ਚੰਦਰ ਬੋਸ) ਨੇ ਕਿਹਾ ਕਿ ਪੌਦਿਆਂ ਅਤੇ ਧਾਤਾਂ ਦੀ ਅਪਣੀ ਕਿਸਮ ਦੀ ਜ਼ਿੰਦਗੀ ਹੈ, ਇਹ ਥੱਕਦੇ ਵੀ ਹਨ, ਦੁੱਖੀ ਜਾਂ ਖੁੱਸ਼ ਵੀ ਹੁੰਦੇ ਹਨ।"

ਹੁਣ ਤਾਂ ਸਾਇੰਸ ਨੇ ਇਹ ਵੀ ਸਿੱਧ ਕਰ ਦਿੱਤਾ ਹੈ ਕਿ ਪੌਦਿਆਂ ਦੀ ਆਪਣੀ ਭਾਸ਼ਾ ਹੈ ਅਤੇ ਉਹ ਆਪਣੇ ਦੁੱਖ ਸੁੱਖ, ਬੋਲ ਕੇ ਵੀ ਦੱਸਦੇ ਹਨ।

1-2. Language through Literature-1, English Reader for Class IX, Page. 58

ਜਦੋਂ ਗੁਰੂ ਰਵਿਦਾਸ ਜੀ, "ਸਭ ਘਟ ਭੁਗਵੈ ਸੋਈ" ਦੇ ਤੱਥ ਨੂੰ ਪ੍ਰਗਟ ਕਰਦੇ ਹਨ ਤਾਂ ਉਹ ਇਸ ਅਟੱਲ ਸਚਾਈ ਨੂੰ ਪ੍ਰਗਟ ਕਰਦੇ ਹਨ ਕਿ ਪੌਦੇ ਧਾਤਾਂ ਅਰਥਾਤ ਹਰ ਕਿਸਮ ਦੇ ਪਦਾਰਥ ਜੀਵਤ ਹਨ ਅਤੇ ਹਰ ਕਿਸਮ ਦਾ ਅਨੰਦ, ਦੁੱਖ ਭੋਗਦੇ ਹਨ। ਇਥੋਂ ਤੱਕ ਕਿ ਪੌਦੇ ਅਤੇ ਧਾਤਾਂ (ਪਦਾਰਥ) ਥਕਾਵਟ ਵੀ ਮਹਿਸੂਸ ਕਰਦੇ ਹਨ। "ਭੁਗਵੈ" ਲਫਜ਼ ਹਰ ਕਿਸਮ ਦੇ ਦੁੱਖ, ਸੁੱਖ, ਖੁਸ਼ੀ ਆਦਿ ਦੀ ਪ੍ਰਕਿਰਿਆ ਨੂੰ ਪ੍ਰਗਟ ਕਰਦਾ ਹੈ। ਜਿਸ ਨੂੰ ਸਾਇੰਸਦਾਨਾਂ ਨੇ ਵੀਹਵੀਂ ਸਦੀ ਵਿੱਚ ਮਸ਼ੀਨ ਦੀ ਸਹਾਇਤਾ ਨਾਲ ਸਾਬਤ ਕਰ ਦਿੱਤਾ ਹੈ। ਜੋ ਭੇਦ ਗੁਰੂ ਰਵਿਦਾਸ ਜੀ ਨੇ ਪੌਦਿਆਂ, ਧਾਤਾਂ, ਪਦਾਰਥਾਂ ਦਾ ਅੱਜ ਤੋਂ ੬੨੫ ਸਾਲ ਪਹਿਲਾਂ ਖੋਲ੍ਹਿਆ ਸੀ, ਉਸਨੂੰ ਸਾਇੰਸਦਾਨਾਂ ਨੇ ਮਸ਼ੀਨ ਦੀ ਮਦਦ ਨਾਲ ਸਾਬਤ ਕਰ ਦਿੱਤਾ ਹੈ।" ਇਸ ਗੁਰੂ ਰਵਿਦਾਸ ਦੇ ਕਥਨ

ਮਾਧਵੇ ਕਿਆ ਕਹੀਐ ਭ੍ਰਮ ਐਸਾ ॥
ਜੈਸਾ ਮਾਨੀਐ ਹੋਇ ਨਾ ਤੈਸਾ ॥

ਵਿੱਚ ਨਿਰੂਪਤ ਅੱਟਲ ਸਚਾਈ ਨੂੰ ਪ੍ਰਗਟ ਕਰਕੇ ਭਰਮ ਅਰਥਾਤ ਭੇਦ ਨੂੰ ਖੋਲ ਦਿਤਾ ਹੈ। ਗੁਪਤ ਨੂੰ ਪ੍ਰਗਟ ਕਰ ਦਿੱਤਾ ਹੈ। ਅਰੂਪ ਨੂੰ ਰੂਪ ਪ੍ਰਦਾਨ ਕਰ ਦਿੱਤਾ ਹੈ। ਵਿਗਿਆਨ ਨੇ ਵੀਹਵੀਂ ਸਦੀ ਵਿੱਚ ਭਰਵੇਂ ਰੂਪ ਵਿੱਚ ਇਸ ਦੀ ਪ੍ਰੋੜਤਾ ਕਰ ਦਿੱਤੀ ਹੈ। ਦਰਅਸਲ ਅੱਟਲ ਸਚਾਈ ਦੇ ਭੇਦ ਨੂੰ ਗੁਰੂ ਰਵਿਦਾਸ ਜੀ ਨੇ ਇਸ "ਰਹਾਓ" ਵਾਲੇ ਸ਼ਬਦ ਦੇ ਬੰਦ ਨੰ.੪ ਵਿੱਚ ਹੀ ਖੋਲਕੇ ਸਪਸ਼ਟ ਕਰ ਦਿੱਤਾ ਸੀ ਜਿਸ ਦੀ ਵਿਆਖਿਆ ਉੱਪਰ ਦਿੱਤੀ ਜਾ ਚੁੱਕੀ ਹੈ।

ਇਸ ਤਰ੍ਹਾਂ ਗੁਰੂ ਰਵਿਦਾਸ ਜੀ, ਇੱਕ ਹੀ ਸ਼ਬਦ ਵਿੱਚ ਭੌਤਿਕ ਵਿਗਿਆਨ (Physics) ਅਤੇ ਦੁੱਤ ਵਿਗਿਆਨ (Biology) ਦੇ ਸਿਧਾਂਤ ਦੀ ਸਿਰਜਣਾ ਕਰਕੇ ਮਹਾਨ ਸਾਇੰਸਦਾਨ ਦੇ ਤੌਰ ਤੇ ਪ੍ਰਗਟ ਹੁੰਦੇ ਹਨ।

ਸੋ ਉਪਰੋਕਤ ਚਰਚਾ ਤੋਂ ਦ੍ਰਿੜ ਹੋ ਗਿਆ ਹੈ ਕਿ ਸੰਸਾਰ ਦੇ ਮੰਨੇ-ਪਰਮੰਨੇ ਸਾਇੰਸਦਾਨ ਸਰ ਜਗਦੀਸ਼ ਚੰਦਰ ਬੋਸ ਨੇ ਗੁਰੂ ਰਵਿਦਾਸ ਜੀ ਦੀ ਅੱਟਲ ਸਚਾਈ ਦੀ ਪ੍ਰੋੜਤਾ ਕਰਕੇ ਸਾਬਤ ਕਰ ਦਿੱਤਾ ਹੈ ਕਿ ਗੁਰੂ ਰਵਿਦਾਸ ਜੀ ਉੱਚ ਕੋਟੀ ਦੇ ਮਹਾਨ ਸਾਇੰਸਦਾਨ ਹਨ।

ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ

ਇਸ ਸ਼ਬਦ ਵਿੱਚ ਗੁਰੂ ਰਵਿਦਾਸ ਜੀ ਨੇ ਮਨੁੱਖ ਦੇ ਮਨ ਵਿੱਚ ਵਹਿਮਾਂ ਭਰਮਾਂ ਦਾ ਜ਼ਿਕਰ ਕਰਕੇ ਅਤੇ ਡੂੰਘੇਰੇ ਅਤੇ ਤਿਖੇਰੇ ਦੁੱਖ ਨੂੰ ਪ੍ਰਗਟ ਕਰਕੇ ਉਸ ਦੀ ਮਨੋਦਸ਼ਾ ਨੂੰ ਪ੍ਰਗਟਾਇਆ ਹੈ। ਫਿਰ ਵਹਿਮਾਂ ਭਰਮਾਂ ਨੂੰ ਮਨੁੱਖ ਦੇ ਮਨ ਚੋਂ ਦੂਰ ਕਰਕੇ ਪ੍ਰਭ ਨਾਲ ਮਿਲਾਪ ਦਾ ਜ਼ਿਕਰ ਵੀ ਕੀਤਾ ਹੈ। ਇਹੋ ਹੀ ਰਾਗ ਸੋਰਠਿ ਦੀ ਬੁਨਿਆਦੀ ਜ਼ਰੂਰਤ ਹੈ। "ਸੋਰਠਿ ਸਦਾ ਸੁਹਾਗਣੀ ਜੇ ਸਦਾ ਮਨਿ ਹੋਇ॥"

ਬੰਦ ਨੰ. ੧ ਵਿੱਚ ਸਪਸ਼ਟ ਕੀਤਾ ਗਿਆ ਹੈ ਕਿ ਜਦ ਤੱਕ ਮਨੁੱਖ ਦੇ ਮਨ ਵਿਚ ਵਿਕਾਰ ਰਹਿਣਗੇ, ਪ੍ਰਭ ਮਿਲਾਪ ਨਹੀਂ ਹੋ ਸਕਦਾ। ਜਦ ਮਨੁੱਖ ਵਿਕਾਰਾਂ ਤੇ ਵਹਿਮਾਂ ਭਰਮਾਂ ਉੱਤੇ ਕਾਬੂ ਪਾ ਲੈਂਦਾ ਹੈ ਤਾਂ ਮਨੁੱਖ ਤੇ ਪ੍ਰਭ ਵਿਚਲਾ ਭੇਦ ਮਿਟ ਜਾਂਦਾ ਹੈ। ਗੁਰੂ ਜੀ ਇਸ ਸਥਿਤੀ ਨੂੰ ਉਦਾਹਰਣ ਦੇ ਕੇ ਸਮਝਾਉਂਦੇ ਹਨ ਕਿ ਜਦੋਂ ਮਨ ਰੂਪੀ ਸਮੁੰਦਰ ਵਿੱਚ ਵਿਕਾਰ ਭਰਮ ਰੂਪੀ ਤੂਫਾਨੀ ਹਨੇਰੀ ਹੁੰਦੀ ਹੈ ਤਾਂ ਮਨ ਸਮੁੰਦਰ ਵਿੱਚ ਉੱਠੀਆਂ ਲਹਿਰਾਂ, ਸਮੁੰਦਰ ਤੋਂ ਵੱਖ ਭਾਸ ਦੀਆਂ ਹਨ। ਇਸੇ ਤਰ੍ਹਾਂ ਮਨੁੱਖ ਦੇ ਮਨ ਵਿੱਚ ਵਿਕਾਰਾਂ ਭਰਮਾਂ ਕਾਰਣ ਪ੍ਰਭ ਨਾਲ ਪਈ ਵਿਥ ਕਾਰਣ ਜੀਵ ਸਮਝਦਾ ਹੈ ਕਿ ਪ੍ਰਭ ਉਸ ਤੋਂ ਵੱਖ ਹੈ। ਇਹੋ ਹੀ ਭਰਮ ਹੈ, ਭੁਲੇਖਾ ਹੈ, ਜਿਸਨੂੰ ਗੁਰੂ ਜੀ ਜੀਵ ਦੇ ਮਨ ਵਿਚੋਂ ਕੱਢ ਕੇ ਸਪਸ਼ਟ ਕਰ ਦੇਣਾ ਚਾਹੁੰਦੇ ਹਨ ਕਿ ਜੀਵ ਤੇ ਪ੍ਰਭ ਵਿੱਚ ਕੋਈ ਫਰਕ ਨਹੀਂ ਹੈ। ਵਿੱਥ ਭਰਮਾਂ ਅਤੇ ਵਿਕਾਰਾਂ ਕਾਰਣ ਹੈ। ਜਦੋਂ ਵਿਕਾਰ ਰੂਪੀ ਤੂਫਾਨੀ ਹਨੇਰੀ ਰੁਕ ਜਾਂਦੀ ਹੈ ਤਾਂ ਮਨ ਰੂਪੀ ਸਮੁੰਦਰ ਵਿੱਚ ਉੱਠੀਆਂ ਲਹਿਰਾਂ ਸ਼ਾਂਤ ਹੋਕੇ ਸਮੁੰਦਰ ਵਿੱਚ ਹੀ ਇੱਕ-ਮਿੱਕ ਹੋ ਜਾਂਦੀਆਂ ਹਨ। ਸਮੁੰਦਰ ਤੇ ਲਹਿਰਾਂ ਦਾ ਭੇਦ ਮਿਟ ਜਾਂਦਾ ਹੈ। ਇਸੇ ਤਰ੍ਹਾਂ ਜਦੋਂ ਮਨ ਵਿਚੋਂ ਵਿਕਾਰ ਮਿਟ ਜਾਂਦੇ ਹਨ ਤਾਂ ਮਨੁੱਖ ਅਤੇ ਪ੍ਰਭ ਦਾ ਭੇਦ ਮਿਟ ਜਾਂਦਾ ਹੈ, ਇਹ ਭਰਮ ਦੂਰ ਹੋ ਜਾਂਦਾ ਹੈ ਕਿ ਪ੍ਰਭ ਮਨੁੱਖ ਤੋਂ ਵੱਖ ਹੈ। ਪ੍ਰਭ ਤਾਂ ਮਨ ਅੰਦਰ ਹੀ ਸੀ, ਵਿਕਾਰਾਂ ਤੇ ਭਰਮਾਂ ਦੇ ਮਿਟਣ ਨਾਲ ਪ੍ਰਭ ਤੇ ਜੀਵ ਦਾ ਮਿਲਾਪ ਹੋ ਗਿਆ ਹੈ।

'ਰਹਾਉ' ਵਿੱਚ ਗੁਰੂ ਜੀ ਸਪਸ਼ਟ ਕਰਦੇ ਫਰਮਾਉਂਦੇ ਹਨ ਕਿ ਹੇ ਪ੍ਰਭ! ਅਸੀਂ ਵਹਿਮਾਂ ਭਰਮਾਂ ਬਾਰੇ ਕੀ ਕਹਿ ਸਕਦੇ ਹਾਂ? ਜਿਹੋ ਜਿਹਾ ਮੰਨਿਆ ਜਾਂਦਾ ਹੈ, ਸਮਝਿਆ ਜਾਂਦਾ ਹੈ, ਹੁੰਦਾ ਬਿਲਕੁਲ ਉਸਦੇ ਉਲਟ ਹੈ। ਇਹ ਭਰਮ ਭੁਲੇਖੇ ਹੀ ਹਨ, ਜਿਸ ਕਾਰਣ ਅਸੀਂ ਅਸਲੀਅਤ ਤੋਂ ਦੂਰ ਹੋ ਜਾਂਦੇ ਹਾਂ।

ਬੰਦ ਨੰ. ੨ ਵਿੱਚ ਇਨ੍ਹਾਂ ਭਰਮਾਂ ਭੁਲੇਖਿਆਂ ਨੂੰ ਗੁਰੂ ਜੀ ਉਦਾਹਰਣ ਰਾਹੀਂ ਹੋਰ ਸਪਸ਼ਟ ਕਰਦੇ ਹਨ। ਇੱਕ ਰਾਜਾ ਆਪਣੇ ਤਖਤ ਤੇ ਸੁੱਤਾ ਹੋਇਆ ਹੈ। ਸੁਪਨੇ ਵਿਚ ਉਹ ਭਿਖਾਰੀ ਬਣ ਜਾਂਦਾ ਹੈ। ਰਾਜ ਦੇ ਹੁੰਦਿਆਂ ਹੋਇਆਂ ਰਾਜ ਦੇ ਵਿਛੋੜੇ ਕਰਕੇ ਬਹੁਤ ਦੁਖੀ ਹੋ ਜਾਂਦਾ ਹੈ। ਇਸੇ ਤਰ੍ਹਾਂ ਗੁਰੂ ਜੀ ਫਰਮਾਉਂਦੇ ਹਨ ਕਿ ਪ੍ਰਭ ਵਿਛੋੜੇ ਵਿੱਚ ਮੈਂ ਤੜਫ ਰਿਹਾ ਹਾਂ। ਵਹਿਮਾਂ ਭਰਮਾਂ ਨੇ ਪ੍ਰਭ ਤੋਂ ਮਨੁੱਖ ਨੂੰ ਵਿਛੋੜ ਦਿਤਾ ਹੈ।

ਅਜਿਹੇ ਵਹਿਮਾਂ ਭਰਮਾਂ ਨੂੰ ਕੱਢਣ ਲਈ ਗੁਰੂ ਰਵਿਦਾਸ ਜੀ ਬੰਦ ਨੰ. ੩ ਵਿੱਚ ਰੱਸੀ ਅਤੇ ਸੱਪ, ਸੋਨਾ ਅਤੇ ਸੋਨੇ ਤੋਂ ਬਣੇ ਕੜੇ ਦੀਆਂ ਉਦਾਹਰਣਾਂ ਦੇਕੇ ਮਨੁੱਖ ਦੇ ਮਨ ਵਿੱਚ ਪਈ ਭਰਮਾਂ ਦੀ ਗੰਢ ਨੂੰ ਖੋਲਦੇ ਹਨ। ਰੱਸੀ ਅਤੇ ਸੱਪ ਦੀ ਕਥਾ ਪ੍ਰਸਿੱਧ ਹੈ ਕਿ ਮਨੁੱਖ ਰੱਸੀ ਨੂੰ ਦੇਖਕੇ ਸੱਪ ਦਾ ਭੁਲੇਖਾ ਖਾ ਲੈਂਦਾ ਹੈ, ਭਰਮਾਂ ਵਿੱਚ ਪੈ ਜਾਂਦਾ ਹੈ। ਪਰ ਹੈ ਇਹ ਅਸਲੀਅਤ ਤੋਂ ਭਿੰਨ। ਇਸੇ ਤਰ੍ਹਾਂ ਸੋਨਾ ਅਤੇ ਸੋਨੇ ਤੋਂ ਬਣੇ ਕੜੇ ਦਾ ਵੀ ਭਰਮ ਪੈ ਜਾਂਦਾ ਹੈ ਕਿ ਸੋਨੇ ਦਾ ਕੜਾ, ਸੋਨੇ ਤੋਂ ਭਿੰਨ ਹੈ, ਵੱਖ ਹੈ। ਪਰ ਅਸਲੀਅਤ ਇਸ ਤੋਂ ਬਿਲਕੁਲ ਭਿੰਨ ਹੈ। ਜਦੋਂ ਮਨੁੱਖ ਨੂੰ ਅਸਲੀਅਤ ਦਾ ਗਿਆਨ ਹੋ ਜਾਂਦਾ ਹੈ ਤਾਂ ਉਹ ਇਨ੍ਹਾਂ ਭਰਮਾਂ ਭੁਲੇਖਿਆਂ ਵਿਚੋਂ ਨਿਕਲ ਜਾਂਦਾ ਹੈ। ਜਿਸ ਤਰ੍ਹਾਂ ਸੋਨਾ ਅਤੇ ਇਸ ਤੋਂ ਬਣਿਆ ਸੋਨੇ ਦਾ ਕੜਾ ਇੱਕੋ ਹੀ ਹਨ, ਕੋਈ ਅੰਤਰ ਨਹੀਂ ਹੈ। ਇਸੇ ਤਰ੍ਹਾਂ ਪ੍ਰਭ ਅਤੇ ਪ੍ਰਭ ਦਾ ਸਿਰਜਿਆ ਜੀਵ, ਦੋਵੇਂ ਇਕੋ ਹੀ ਹਨ, ਕੋਈ ਅੰਤਰ ਨਹੀਂ ਹੈ। ਇਸ ਤਰ੍ਹਾਂ ਪ੍ਰਭ ਅਤੇ ਮਨੁੱਖ ਵੀ ਇੱਕੋ ਹੀ ਹਨ।

ਇਸੇ ਕਰਕੇ ਬੰਦ ਨੰ. ੪ ਵਿੱਚ ਪ੍ਰਭ-ਮਿਲਾਪ ਪਿਛੋਂ ਗੁਰੂ ਰਵਿਦਾਸ ਜੀ ਡੰਕੇ ਦੀ ਚੋਟ ਤੇ ਕਹਿੰਦੇ ਹਨ, ਕਿ ਹੇ ਰਵਿਦਾਸ ਕਹਿ ਦੇ ਕਿ ਪ੍ਰਭ ਕੇਵਲ ਤੇ ਕੇਵਲ ਇੱਕ ਹੀ ਹੈ। ਉਸ ਇਕ (ਪ੍ਰਭ) ਤੋਂ ਹੀ ਮਨੁੱਖ ਦੀ ਸਿਰਜਣਾ ਹੋਈ ਹੈ। ਓਹੋ ਹੀ ਹਰ ਘਟ ਵਿੱਚ, ਸ੍ਰਿਸ਼ਟੀ ਦੇ ਕਣ-ਕਣ ਵਿੱਚ ਵਿਚਰ ਰਿਹਾ ਹੈ ਅਤੇ ਓਹੀ ਹਰ ਘਟ ਭਾਵ ਸਰੀਰ ਵਿਚ ਆਤਮਕ ਅਤੇ ਪਦਾਰਥਕ ਅਨੰਦ ਭੋਗ ਰਿਹਾ ਹੈ। ਉਹ ਤਾਂ ਹੱਥ ਤੋਂ ਵੀ ਨੇੜੇ ਹੈ। ਉਸ ਦੀ ਜਿਵੇਂ ਮਰਜ਼ੀ ਹੁੰਦੀ ਹੈ ਸੁਭਾਵਕ ਹੀ ਹੁੰਦਾ ਰਹਿੰਦਾ ਹੈ।

ਇਸ ਤਰ੍ਹਾਂ ਮਨੁੱਖ ਨੂੰ ਭਰਮਾਂ ਭੁਲੇਖਿਆਂ ਵਿੱਚੋਂ ਕੱਢਕੇ ਪ੍ਰਭ ਦੀ ਅਸਲੀਅਤ ਦਾ ਬੋਧ ਕਰਾਇਆ ਹੈ ਕਿ ਪ੍ਰਭ ਅਤੇ ਮਨੁੱਖ ਇਕੋ ਹੀ ਹਨ। ਸੋ ਪ੍ਰਭ ਮਨੁੱਖ ਤੋਂ ਦੂਰ ਨਹੀਂ ਹੈ, ਮਨ ਵਿੱਚ ਹੀ ਹੈ। ਵਿਕਾਰਾਂ ਨੂੰ ਮਨ ਵਿਚੋਂ ਕਢਕੇ ਭਾਵ ਆਪਣੇ ਆਪ ਨੂੰ ਮਿਟਾਕੇ ਪ੍ਰਭ ਪ੍ਰਾਪਤੀ ਹੋ ਜਾਂਦੀ ਹੈ।

ਸ਼ਬਦ ਅਰਥ :— ਗੁਰੂ ਰਵਿਦਾਸ ਜੀ ਪ੍ਰਭ ਨੂੰ ਸੰਬੋਧਨ ਕਰਦੇ ਸਪਸ਼ਟ ਕਰਦੇ ਹਨ ਕਿ ਹੇ ਪ੍ਰਭ! ਜਦੋਂ ਮੈਂ ਭਰਮਾਂ, ਵਹਿਮਾਂ ਅਤੇ ਵਿਕਾਰਾਂ ਕਾਰਣ ਹੰਕਾਰੀ ਸਾਂ, ਉਦੋਂ ਤੂੰ ਓਹਲੇ ਸੈਂ, ਦੂਰ ਸੈਂ। ਹੁਣ ਜਦੋਂ ਮੈਂ ਵਿਕਾਰਾਂ ਤੋਂ ਮੁਕਤ ਹੋ ਗਿਆ ਹਾਂ, ਮੇਰੀ "ਮੈਂ" ਮਰ ਗਈ ਹੈ, ਤੂੰ ਦਰਸ਼ਨ ਦਿੱਤੇ ਹਨ। ਜਿਵੇਂ ਤੇਜ਼ ਹਨੇਰੀ ਕਾਰਣ ਸਮੁੰਦਰ ਵਿੱਚ ਲਹਿਰਾਂ ਉੱਠਦੀਆਂ ਹਨ ਤਾਂ ਭੁਲੇਖਾ ਪੈਂਦਾ ਹੈ ਕਿ ਸਮੁੰਦਰ ਤੇ ਲਹਿਰਾਂ ਵੱਖ-ਵੱਖ ਹਨ। ਪਰ ਜਦੋਂ ਹਨੇਰੀ ਰੁਕ ਜਾਂਦੀ ਹੈ ਤਾਂ ਸਮੁੰਦਰ ਅਤੇ ਲਹਿਰਾਂ ਮੁੜ ਇਕ-ਮਿਕ ਹੋ ਇਕ ਰੂਪ ਹੋ ਜਾਂਦੇ ਹਨ। ਓਵੇਂ ਹੀ ਹੁਣ ਤੇਰੇ ਤੇ ਮੇਰੇ ਵਿਚ ਕੋਈ ਅੰਤਰ ਨਹੀਂ ਰਿਹਾ॥੧॥

ਇਸ ਕਰਕੇ ਹੇ ਪ੍ਰਭ! ਸਾਨੂੰ ਭੁਲੇਖੇ ਕਾਰਣ ਪਤਾ ਨਹੀਂ ਲਗਦਾ ਕਿ ਅਸਲੀਅਤ ਕੀ ਹੈ। ਜਿਹੋ ਜਿਹਾ ਅਸੀਂ ਮੰਨਦੇ ਹਾਂ, ਸਮਝਦੇ ਹਾਂ, ਹੁੰਦਾ ਬਿਲਕੁਲ ਇਸ ਦੇ ਉਲਟ ਹੈ। ਇਸ ਕਰਕੇ ਇਹ ਭਰਮ ਭੁਲੇਖੇ ਹਨ, ਜਿਸ ਕਾਰਣ ਅਸੀਂ ਅਸਲੀਅਤ ਨੂੰ ਸਮਝਣ ਤੋਂ ਅਸਮਰਥ ਹਾਂ॥ ੧॥ ਰਹਾਉ॥

ਅਜਿਹੇ ਵਹਿਮ ਭਰਮ ਕਾਰਣ ਹੀ ਤਖਤ ਉੱਤੇ ਸੁੱਤੇ ਹੋਏ ਰਾਜੇ ਨੂੰ ਸੁਪਨੇ ਵਿੱਚ ਭਿਖਾਰੀ ਬਣ ਕੇ, ਰਾਜ ਦੇ ਹੁੰਦਿਆਂ ਹੋਇਆ ਰਾਜ-ਵਿਛੋੜੇ ਕਾਰਣ ਅਤਿ ਦੁੱਖ ਭੋਗਣਾ ਪੈਂਦਾ ਹੈ। ਇਸ ਕਰਕੇ ਹੇ ਪ੍ਰਭ! ਭਰਮਾਂ ਭੁਲੇਖਿਆਂ ਵਿੱਚ ਪੈਣ ਕਾਰਨ, ਤੇਰੇ ਕੋਲੋਂ ਵਿਛੜ ਕੇ ਮੇਰੀ ਵੀ ਇਹੋ ਜਹੀ ਹੀ ਹਾਲਤ ਹੋ ਗਈ ਹੈ॥ ੨॥

ਇਨ੍ਹਾਂ ਭੁਲੇਖਿਆਂ ਭਰਮਾਂ ਵਿਚੋਂ ਕੱਢਣ ਲਈ ਗੁਰੂ ਜੀ ਰੱਸੀ ਅਤੇ ਸੱਪ ਦਾ ਪ੍ਰਸੰਗ ਅਤੇ ਸੋਨੇ ਅਤੇ ਸੋਨੇ ਤੋਂ ਬਣੇ ਕੜੇ ਦੀ ਉਦਾਹਰਣ ਦੇ ਕੇ ਮਨੁੱਖ ਨੂੰ ਅਸਲੀਅਤ ਦਾ ਬੋਧ ਕਰਾਉਂਦੇ ਹਨ।

ਪ੍ਰਭ ਦੀ ਮਿਹਰ ਸਦਕਾ ਜਦੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਰੱਸੀ, ਸੱਪ ਨਹੀਂ ਹੈ ਅਤੇ ਨਾ ਹੀ ਸੋਨੇ ਤੋਂ ਬਣੇ ਕੜੇ, ਸੋਨੇ ਤੋਂ ਭਿੰਨ ਹਨ ਤਾਂ ਭਰਮ ਭੁਲੇਖੇ ਦੂਰ ਹੋ ਜਾਂਦੇ ਹਨ। ਤਦ ਇਹ ਵੀ ਸਪਸ਼ਟ ਹੋ ਜਾਂਦਾ ਹੈ ਕਿ ਪ੍ਰਭ ਤੇ ਮਨੁੱਖ ਤਾਂ ਇੱਕ ਹੀ ਹਨ॥ ੩॥

ਪ੍ਰਭ ਮਿਲਾਪ ਪਿਛੋਂ, ਗੁਰੂ ਜੀ ਦ੍ਰਿੜ ਹੋ ਕੇ ਪਰਪੱਕ ਕਰਦੇ ਹਨ ਕਿ ਹੇ ਰਵਿਦਾਸ ਕਹਿ ਦੇ ਕਿ ਪ੍ਰਭ ਕੇਵਲ ਤੇ ਕੇਵਲ ਇੱਕ ਹੀ ਹੈ ਓਹੋ ਹੀ ਸਾਰੀ ਸ੍ਰਿਸ਼ਟੀ ਵਿੱਚ ਅਨੇਕਾ ਰੂਪ ਧਾਰ ਕੇ ਕਣ ਕਣ ਵਿਚ ਪਸਰਿਆ ਹੋਇਆ ਹੈ ਭਾਵ ਜੀਵ (ਮਨੁੱਖ) ਅਤੇ ਪ੍ਰਭ ਇੱਕੋ ਹੀ ਹਨ। ਇਸ ਕਰਕੇ ਓਹੋ ਹੀ ਹਰ ਜੀਵ ਵਿਚ ਆਤਮਕ ਅਤੇ ਪਦਾਰਥਕ ਅਨੰਦ ਭੋਗ ਰਿਹਾ ਹੈ। ਉਹ ਹੱਥ ਤੋਂ ਵੀ ਨੇੜੇ ਹੈ, ਉਸ ਦੀ ਜਿਵੇਂ ਮਰਜ਼ੀ ਹੁੰਦੀ ਹੈ, ਸੁਭਾਵਕ ਹੀ ਹੁੰਦਾ ਰਹਿੰਦਾ ਹੈ॥ ੪॥ ੧॥

ੴ ਸਤਿਗੁਰ ਪ੍ਰਸਾਦਿ॥

ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ

ਜਉ ਹਮ ਬਾਂਧੇ ਮੋਹ ਫਾਸ
ਹਮ ਪ੍ਰੇਮ ਬਧਨਿ ਤੁਮ ਬਾਧੇ॥
ਅਪਨੇ ਛੂਟਨ ਕੋ ਜਤਨੁ ਕਰਹੁ
ਹਮ ਛੂਟੇ ਤੁਮ ਆਰਾਧੇ॥ ੧॥
ਮਾਧਵੇ ਜਾਨਤ ਹਹੁ ਜੈਸੀ ਤੈਸੀ॥
ਅਬ ਕਹਾ ਕਰਹੁਗੇ ਐਸੀ॥ ੧॥ ਰਹਾਉ॥
ਮੀਨੁ ਪਕਰਿ ਫਾਂਕਿਓ ਅਰੁ ਕਾਟਿਓ
ਰਾਂਧਿ ਕੀਓ ਬਹੁ ਬਾਨੀ॥
ਖੰਡ ਖੰਡ ਕਰਿ ਭੋਜਨੁ ਕੀਨੋ
ਤਊ ਨ ਬਿਸਰਿਓ ਪਾਨੀ॥ ੨॥
ਆਪਨ ਬਾਪੈ ਨਾਹੀ ਕਿਸੀ ਕੋ
ਭਾਵਨ ਕੋ ਹਰਿ ਰਾਜਾ॥
ਮੋਹ ਪਟਲ ਸਭੁ ਜਗਤੁ ਬਿਆਪਿਓ
ਭਗਤ ਨਹੀ ਸੰਤਾਪਾ॥ ੩॥
ਕਹਿ ਰਵਿਦਾਸ ਭਗਤਿ ਇਕ ਬਾਢੀ
ਅਬ ਇਹ ਕਾ ਸਿਉ ਕਹੀਐ॥
ਜਾ ਕਾਰਨਿ ਹਮ ਤੁਮ ਆਰਾਧੇ
ਸੋ ਦੁਖੁ ਅਜਹੂ ਸਹੀਐ॥ ੪॥ ੨॥[1]

ਪਦ ਅਰਥ :— **ਫਾਸ** = ਫਾਹੀ। **ਆਰਾਧੇ** = ਭਗਤੀ ਕਰਕੇ॥ ੧॥

ਫਾਕਿਓ = ਫਾੜੀ ਫਾੜੀ ਕਰਨਾ। **ਰਾਂਧਿ** = ਰਿੰਨ ਕੇ। **ਬਹੁ ਬਾਨੀ** = ਕਈ ਢੰਗਾਂ ਨਾਲ॥ ੨॥

ਭਾਵਨ = ਪ੍ਰੇਮ। **ਪਟਲ** = ਵਿਕਾਰਾਂ ਦਾ ਪਰਦਾ। **ਬਿਆਪਿਓ** = ਪਸਰਿਆ ਹੋਇਆ ਹੈ। **ਸੰਤਾਪ** = ਦੁੱਖ॥ ੩॥

ਬਾਢੀ = ਵਿਕਸਤ, ਪ੍ਰਵਾਨ। **ਅਜਹੂ** = ਹੁਣ ਤੱਕ॥ ੪॥ ੨॥

---

1. ਆਦਿ ਗ੍ਰੰਥ – ਪੰਨਾ : ੬੫੯

ਸਰਬੱਤ ਦੇ ਭਲੇ ਦਾ ਸਿਧਾਂਤ

ਗੁਰੂ ਰਵਿਦਾਸ ਜੀ ਨੇ ਇਸ ਸ਼ਬਦ ਵਿੱਚ ਪ੍ਰਭ-ਪ੍ਰਾਪਤੀ ਨਾਲ ਮਨੁੱਖ ਦੀ ਮੁਕਤੀ ਤੋਂ ਸ਼ੁਰੂ ਕਰਕੇ ਸਮੁੱਚੀ ਮਨੁੱਖਤਾ ਦੇ ਮੋਹ-ਮਾਇਆ, ਦੁੱਖਾਂ ਅਤੇ ਸਰਵ-ਰੋਗਾਂ (ਸਰੀਰਕ ਰੋਗਾਂ) ਤੋਂ ਨਿਵਰਤੀ ਦਾ ਸਿਧਾਂਤ ਨਿਰੂਪਤ ਕੀਤਾ ਹੈ। ਗੁਰੂ ਜੀ ਵਿਅਕਤੀਗਤ ਰੂਪ ਵਿੱਚ ਤਾਂ ਪ੍ਰਭ ਨਾਲ ਬੜੇ ਹੀ ਪਕੇਰੇ ਪ੍ਰੇਮ ਵਿਚ ਬੱਝ ਚੁੱਕੇ ਹਨ। ਉਨ੍ਹਾਂ ਨੂੰ ਹੁਣ ਆਪਣੀ ਫ਼ਿਕਰ ਨਹੀਂ ਹੈ, ਉਹ ਮੋਹ ਮਾਇਆ, ਦੁੱਖਾਂ ਅਤੇ ਸਰਵ-ਰੋਗ ਤੋਂ ਆਪਣੇ ਆਪ ਨੂੰ ਮੁਕਤ ਕਰ ਚੁੱਕੇ ਹਨ। ਹੁਣ ਤਾਂ ਉਨ੍ਹਾਂ ਨੂੰ ਸਮੁਚੀ ਮਨੁੱਖਤਾ ਦੀ ਫ਼ਿਕਰ ਹੈ।

ਇਸ ਕਾਰਣ ਗੁਰੂ ਜੀ ਬੰਦ ਨੰ.੪ ਅਤੇ "ਘਟ ਅਵਘਟ" ਸ਼ਬਦ ਦੇ ਬੰਦ ਨੰ.੨ ਵਿੱਚ ਸਰਬੱਤ ਦੇ ਭਲੇ ਲਈ ਅਰਜ਼ੋਈ ਕਰਦੇ ਹਨ ਕਿ ਹੇ ਪ੍ਰਭ! ਤੇਰੇ ਬ੍ਰਹਮ-ਗਿਆਨ ਨੇ ਹੀ ਤਾਂ ਮੈਨੂੰ ਸਪਸ਼ਟ ਕੀਤਾ ਹੈ ਕਿ ਇੱਕ ਤੇਰੇ (ਰਵਿਦਾਸ) ਪਾਸ ਹੀ ਬ੍ਰਹਮ-ਗਿਆਨ ਹੈ, ਬਾਕੀ ਦੁਨੀਆਂ ਦੇ ਲੋਕ, ਖਾਸ ਕਰਕੇ ਹਿੰਦੂ ਧਰਮ ਅਤੇ ਇਸਦੇ ਕਰਤਾ ਧਰਤਾ ਬ੍ਰਾਹਮਣ ਲੋਕ ਤਾਂ ਜ਼ਹਿਰੀਲੇ ਅਗਿਆਨ ਦਾ ਪ੍ਰਚਾਰ ਕਰ ਰਹੇ ਹਨ :

"ਮੈਂ ਰਾਮ ਨਾਮ ਧਨ ਲਾਦਿਆ
ਬਿਖੁ ਲਾਦੀ ਸੰਸਾਰ॥ ੨॥"

ਹੇ ਮੇਰੇ ਦਾਤਾ! ਇਹ ਹਿੰਦੂ ਧਰਮ ਅਤੇ ਇਸ ਦੇ ਕਰਤਾ ਧਰਤਾ ਤਾਂ ਤੇਰਾ ਨਾਮ ਲੈਕੇ ਕਹਿੰਦੇ ਹਨ ਕਿ ਪ੍ਰਭ ਨੇ ਹੀ ਜਾਤ-ਪਾਤ, ਛੂਤ-ਛਾਤ ਪੈਦਾ ਕੀਤੀ ਹੈ (ਰਿਗਵੇਦ – ੧੦.੯੦.੧੧/੧੨) ਅਤੇ ਉਸਨੇ (ਪ੍ਰਭ ਨੇ) ਹੀ ਸ਼ੂਦਰਾਂ ਨੂੰ ਪ੍ਰਭ ਦੀ ਭਗਤੀ ਕਰਨ ਦੀ ਸਜ਼ਾ ਮੌਤ ਨਿਸ਼ਚਤ ਕੀਤੀ ਹੈ, (ਵਾਲਮੀਕ-ਰਾਮਾਇਣ-ਸੰਭੂਕ)। ਉਹ ਤਾਂ ਤੇਰਾ ਨਾਮ ਲੈਕੇ ਹੀ ਅਜਿਹੇ ਪਾਪ ਜ਼ੁਲਮ ਕਰਦੇ ਹਨ, ਜਿਸ ਕਾਰਣ ਮਨੁੱਖਤਾ ਕਰ੍ਹਾ ਉੱਠਦੀ ਹੈ। ਸ਼ੂਦਰ ਜੇ ਤੇਰਾ ਨਾਮ ਸੁਣਦਾ ਹੈ ਤਾਂ ਕੰਨਾਂ ਵਿੱਚ ਸਿੱਕਾ ਢਾਲ ਕੇ ਜਾਂ ਉਬਲਦਾ ਤੇਲ੍ਹ ਪਾ ਦਿੱਤਾ ਜਾਂਦਾ ਹੈ। ਜੇ ਸ਼ੂਦਰ ਤੇਰਾ ਨਾਮ ਲੈਂਦੇ ਹਨ ਤਾਂ ਜੀਭ ਕੱਟ ਦਿੱਤੀ ਜਾਂਦੀ ਹੈ। ਜੇ ਉਹ ਤੇਰਾ ਨਾਮ ਲੈਕੇ ਤੇਰੀ ਹੀ ਪ੍ਰਾਪਤੀ ਲਈ ਤੇਰੀ ਭਗਤੀ ਕਰਦਾ ਹੈ ਤਾਂ ਉਸ ਨੂੰ ਮੌਤ ਦੀ ਸਜ਼ਾ ਹੈ ਅਤੇ ਤੇਰਾ ਨਾਮ ਲੈ ਕੇ ਅਨੇਕਾਂ ਹੋਰ ਇਸ ਤੋਂ ਵੀ ਵਧ ਘਿਨਾਉਣੇ ਅਪਰਾਧ ਕੀਤੇ ਜਾਂਦੇ ਹਨ।

ਇਸ ਕਰਕੇ ਗੁਰੂ ਜੀ ਉਲਾਂਭਾ ਦਿੰਦੇ ਹੋਏ, ਅਰਜ਼ ਕਰਦੇ ਹਨ ਕਿ ਹੇ ਸਰਵ-ਸ਼ਕਤੀਮਾਨ ਪ੍ਰਭ। ਮੈਂ ਤਾਂ ਤੇਰੀ ਪ੍ਰਾਪਤੀ ਪਿਛੋਂ ਵੀ ਓਹੋ ਹੀ ਦੁੱਖ ਸਹਿ ਰਿਹਾ ਹਾਂ ਜਿਹੜਾ ਤੇਰੀ ਅਰਾਧਨਾ ਤੋਂ ਪਹਿਲਾਂ ਸਹਿਨ ਕਰਦਾ ਸਾਂ। ਉਨ੍ਹਾਂ ਦੇ ਕਹਿਣ ਦਾ ਭਾਵ ਹੈ ਕਿ ਸਮੁੱਚੀ ਲੋਕਾਈ ਖਾਸ ਕਰਕੇ ਸ਼ੂਦਰ ਲੋਕ ਅਣ-ਕਿਆਸੇ

ਜ਼ੁਲਮਾਂ ਦਾ ਸ਼ਿਕਾਰ ਹੋ ਰਹੇ ਹਨ। ਇਸ ਲਈ ਰੋਸ ਕਰਦੇ ਹੋਏ ਗੁਰੂ ਰਵਿਦਾਸ ਜੀ ਤੜਪ ਉੱਠਦੇ ਹਨ :

ਕਹਿ ਰਵਿਦਾਸ ਭਗਤਿ ਇਕ ਬਾਢੀ॥
ਅਬ ਇਹ ਕਾ ਸਿਉ ਕਹੀਐ॥
ਜਾ ਕਾਰਨਿ ਹਮ ਤੁਮ ਅਰਾਧੇ॥
ਸੋ ਦੁਖੁ ਅਜਹੂ ਸਹੀਐ॥

ਇਸ ਤਰ੍ਹਾਂ ਗੁਰੂ ਜੀ ਨੂੰ ਆਪਣਾ ਦੁੱਖ ਨਹੀਂ ਹੈ, ਉਨ੍ਹਾਂ ਨੂੰ ਤਾਂ ਦੁੱਖਾਂ ਵਿੱਚ ਪਿਸ ਰਹੀ ਲੋਕਾਈ ਦਾ ਦੁੱਖ ਹੈ। ਹੁਣ ਤਾਂ ਉਹ ਪ੍ਰਭ ਨੂੰ ਸਰਬਤ ਦੇ ਭਲੇ ਲਈ ਖਾਸ ਕਰਕੇ ਸੂਦਰ/ਅਛੂਤਾਂ ਦੇ ਭਲੇ ਲਈ ਅਰਜ਼ੋਈ ਕਰਦੇ ਹਨ, ਸਮੁੱਚੀ ਮਨੁੱਖਤਾ ਨੂੰ ਦੁੱਖਾਂ ਤੋਂ ਮੁਕਤ ਕਰਨ ਲਈ।

ਗੁਰੂ ਰਵਿਦਾਸ ਜੀ ਉਪਰੋਕਤ ਸਮੱਸਿਆ ਦਾ ਹਲ ਦੋ ਤਰ੍ਹਾਂ ਨਾਲ ਕਰਦੇ ਹਨ, ਜਿਸ ਨਾਲ ਸਰਬਤ ਦਾ ਭਲਾ ਹੋ ਸਕੇ :

(੧) ਪ੍ਰਭ ਇੱਕ ਹੈ ਅਤੇ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਵਿਚ ਓਹੋ ਹੀ ਵਸਦਾ ਹੈ। ਓਹੋ ਹੀ ਇੱਕ ਤੋਂ ਅਨੇਕ ਬਣਿਆ ਹੈ, ਇਸ ਦੁਨੀਆਂ ਵਿੱਚ ਨਾ ਕੋਈ ਬ੍ਰਾਹਮਣ ਹੈ ਅਤੇ ਨਾ ਹੀ ਸ਼ੂਦਰ। ਮਨੁੱਖ ਕੇਵਲ ਮਨੁੱਖ ਹੀ ਹੈ।

(੨) ਮਨੁੱਖ ਦੁੱਖਾਂ ਤੋਂ ਛੁਟਕਾਰਾ ਤਾਂ ਹੀ ਪਾ ਸਕਦਾ ਹੈ ਜੇ ਉਹ ਸਤਿਸੰਗਤ ਵਿੱਚ ਮਿਲ ਬੈਠ ਕੇ ਆਪਣੇ ਅਧਿਕਾਰਾਂ ਦੀ ਹਿੰਮਤ ਅਤੇ ਮਿਹਨਤ ਨਾਲ ਰਾਖੀ ਕਰੇ ਜੇ ਜ਼ਰੂਰਤ ਪਵੇ ਤਾਂ ਮਧੂ-ਮੱਖੀਆਂ ਵਾਂਗ ਆਪਣੇ ਆਗੂ (ਰਾਣੀ-ਮੱਖੀ) ਦੇ ਹੁਕਮ ਅਧੀਨ ਹੱਕ ਖੋਹਣ ਵਾਲੇ ਉੱਪਰ ਹਮਲਾ ਕਰਕੇ ਆਪਣੇ ਅਧਿਕਾਰਾਂ ਦਾ ਬਚਾਉ ਕਰੇ। ਅਜਿਹਾ ਕਰਦਿਆਂ ਉਹ ਰਾਣੀ ਮੱਖੀ ਭਾਵ ਪ੍ਰਭ ਦੇ ਹੁਕਮ ਦੀ ਇੰਨ-ਬਿੰਨ ਪਾਲਣਾ ਕਰੇ ਅਤੇ ਅਨੁਸ਼ਾਸਨ ਵਿੱਚ ਪਰਪੱਕਤਾ, ਡਿਊਟੀ ਵਿੱਚ ਪਾਬੰਦ ਰਹਿਕੇ ਨਾਲ ਦੀ ਨਾਲ ਮਿੱਠੇ ਸੁਭਾ ਦੀ ਸਿਰਜਣਾ ਵੀ ਕਰੇ।

ਸਰਬੱਤ ਦੇ ਭਲੇ ਲਈ ਉਪਰੋਕਤ ਗੁਣਾਂ ਨਾਲ ਸੰਪੰਨ ਹੋਕੇ ਮਨੁੱਖ ਆਪਣੇ ਕੁਦਰਤ ਵਲੋਂ ਮਿਲੇ ਅਧਿਕਾਰਾਂ, ਆਪਣੀ ਮਰਜ਼ੀ ਨਾਲ ਪੂਜਾ ਕਰਨਾ, ਮਰਜ਼ੀ ਨਾਲ ਕੰਮ ਦੀ ਚੋਣ ਕਰਨਾ, ਬਿਨਾਂ ਰੋਕ ਟੋਕ ਦੇ ਵਿਚਾਰ ਪ੍ਰਗਟ ਕਰਨਾ, ਹਰ ਖੇਤਰ ਵਿੱਚ ਬਰਾਬਰੀ ਦੇ ਅਧਿਕਾਰ ਪ੍ਰਾਪਤ ਕਰਨਾ ਆਦਿ ਦੀ ਰਾਖੀ ਕਰਨ ਵਿੱਚ ਸਮਰਥ ਹੋ ਜਾਂਦਾ ਹੈ। ਜੇ ਕੋਈ ਅਧਿਕਾਰਾਂ ਤੇ ਹਮਲਾ ਹੁੰਦਾ ਹੈ ਤਾਂ ਮਧੂ-ਮੱਖੀਆਂ ਵਾਂਗ ਮਨੁੱਖ ਆਪਣੇ ਅਧਿਕਾਰ ਨੂੰ ਬਚਾਉਣ ਲਈ ਹੱਕ ਖੋਹਣ ਵਾਲੇ ਨੂੰ ਬਖਸ਼ਦਾ ਨਹੀਂ, ਉਸ ਦਾ ਮੁਕਾਬਲਾ ਕਰਕੇ ਢੁਕਵੀਂ ਸਜ਼ਾ ਦਿੰਦਾ ਹੈ। ਅਜਿਹਾ ਕਰਕੇ ਉਹ ਕੁਦਰਤ ਦੇ ਨਿਯਮਾਂ ਦੀ ਹੀ ਪਾਲਣਾ ਕਰਦਾ ਹੈ। ਦਰਅਸਲ ਹੱਕ ਖੋਹਣ ਲਈ ਹਮਲਾ, ਵਿਕਾਰਾਂ ਦਾ ਹੀ ਹਮਲਾ ਹੈ। ਇਸ ਲਈ ਮਧੂ-ਮੱਖੀਆਂ (ਮਧੁਪ ਮਖੀਰਾ)

ਵਾਂਗ ਸਤਿਸੰਗਤ ਦੇ ਪ੍ਰਭਾਵ ਕਾਰਣ ਮਨੁੱਖ ਬੜੀ ਦ੍ਰਿੜਤਾ ਅਤੇ ਪਰਪੱਕਤਾ ਨਾਲ ਇਨ੍ਹਾਂ ਵਿਕਾਰ ਭਰਪੂਰ ਹਮਲਿਆਂ ਦਾ ਮੂੰਹ ਤੋੜ ਜਵਾਬ ਦਿੰਦਾ ਹੈ ਇਹ ਮੂੰਹ ਤੋੜ ਜਵਾਬ, ਦਰਅਸਲ ਪ੍ਰਭ ਦੇ ਹੁਕਮ ਦੀ ਹੀ ਪਾਲਣਾ ਹੈ। (ਸ਼ੂਦਰ ਦਾ ਬੁਰਾ ਹਾਲ ਇਸ ਕਰਕੇ ਹੀ ਹੋਇਆ ਹੈ ਕਿ ਉਹ ਜ਼ੁਲਮ ਸਹਿਨ ਕਰਨ ਦਾ ਆਦੀ ਬਣ ਗਿਆ ਅਤੇ ਅਧਿਕਾਰ ਪ੍ਰਾਪਤੀ ਤੋਂ ਮੂੰਹ ਮੋੜ ਬੈਠਾ। ਗੁਰੂ ਰਵਿਦਾਸ ਜੀ ਮਨੁੱਖ ਨੂੰ ਖਾਸ ਕਰਕੇ ਸ਼ੂਦਰ ਨੂੰ ਆਪਣੇ ਅਧਿਕਾਰਾਂ ਲਈ ਮਰ ਮਿਟਣ ਦਾ ਆਦੇਸ਼ ਦਿੰਦੇ ਹਨ।) ਮਧੂ-ਮੱਖੀਆਂ ਕੁਦਰਤ ਦੇ ਦਿੱਤੇ ਹਥਿਆਰ ਨਾਲ ਹੀ ਦੁਸ਼ਮਣ ਦਾ ਮੁਕਾਬਲਾ ਕਰਦੀਆਂ ਹਨ। ਉਸੇ ਤਰ੍ਹਾਂ ਮਨੁੱਖ ਵੀ ਆਤਮਕ ਸ਼ਕਤੀ ਨਾਲ ਵਿਕਾਰਾਂ ਅਤੇ ਪਾਪੀਆਂ ਦਾ ਮੁਕਾਬਲਾ ਕਰ ਸਕਦਾ ਹੈ। ਇਸ ਲਈ ਸਰਬੱਤ ਦੇ ਭਲੇ ਲਈ ਸਤਿਸੰਗਤ ਅਤਿ ਜ਼ਰੂਰੀ ਹੈ :

"ਸਤਿ ਸੰਗਤ ਮਿਲਿ ਰਹੀਐ ਮਾਧਉ
ਜੈਸੇ ਮਧੁਪ ਮਖੀਰਾ॥੨॥

ਇਸ ਲਈ ਹੇ ਵਿਸ਼ਵ ਦੇ ਲੋਕੋ, ਖਾਸ ਕਰਕੇ ਸੂਦਰੋਂ ਅਛੂਤੋਂ ਆਉ, ਉਠੋ! ਅਤੇ ਸੰਤ ਸੂਰਮੇ ਭਾਵ ਗੁਰੂ ਰਵਿਦਾਸ ਜੀ ਦੇ ਇਸ ਸੱਚੇ-ਸੁੱਚੇ ਸੁਪਨੇ ਨੂੰ ਸਾਕਾਰ ਕਰਕੇ ਬੇਗ਼ਮਪੁਰਾ ਵਤਨ ਦਾ ਨਿਰਮਾਣ ਕਰੋ। ਇਸ ਤੋਂ ਬਿਨਾਂ ਸਰਬੱਤ ਦਾ ਭਲਾ ਸੰਭਵ ਨਹੀਂ ਹੈ।

ਇਸ ਤਰ੍ਹਾਂ ਗੁਰੂ ਜੀ ਨੂੰ ਆਪਣਾ ਦੁੱਖ ਨਹੀਂ ਹੈ, ਉਹ ਤਾਂ ਪ੍ਰਭ ਪ੍ਰਾਪਤੀ ਕਰਕੇ ਦੁੱਖਾਂ ਤੋਂ ਮੁਕਤ ਹੋ ਚੁੱਕੇ ਹਨ, ਪਰ ਉਨ੍ਹਾਂ ਨੂੰ ਤਾਂ ਦੁੱਖਾਂ ਵਿੱਚ ਪਿਸ ਰਹੀ ਮਨੁੱਖਤਾ ਦਾ ਦੁੱਖ ਹੈ। ਹੁਣ ਤਾਂ ਉਹ ਪ੍ਰਭ ਨੂੰ ਸਰਬੱਤ ਦੇ ਭਲੇ ਲਈ ਹੀ ਅਰਜ਼ੋਈ ਕਰਦੇ ਹਨ, ਸਮੁੱਚੀ ਮਨੁੱਖਤਾ ਨੂੰ ਦੁੱਖਾਂ ਤੋਂ ਮੁਕਤ ਕਰਨ ਲਈ।

ਇਸ ਲਈ ਜਿੰਨੀ ਵੀ ਬਾਣੀ ਗੁਰੂ ਰਵਿਦਾਸ ਜੀ ਨੇ ਰਚੀ ਹੈ, ਵਿਸ਼ਵ-ਮਨੁੱਖਤਾ ਦੇ ਭਲੇ ਲਈ ਹੀ ਰਚੀ ਹੈ।

ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ

ਬੰਦ ਨੰ. ੧ ਵਿੱਚ ਗੁਰੂ ਰਵਿਦਾਸ ਜੀ ਦ੍ਰਿੜ ਕਰਦੇ ਹਨ ਕਿ ਹੇ ਪ੍ਰਭ! ਜਦੋਂ ਮੈਨੂੰ ਮੋਹ ਨੇ ਫਾਹਿਆ ਹੋਇਆ ਸੀ, ਵਿਕਾਰਾਂ ਨੇ ਜਕੜਿਆ ਹੋਇਆ ਸੀ, ਮੈਂ ਤੇਰੇ ਤੋਂ ਦੂਰ ਸਾਂ। ਪਰ ਮੈਂ ਤੇਰੀ ਅਰਾਧਨਾ ਕਰਕੇ, ਤੇਰੀ ਕਿਰਪਾ ਨਾਲ ਇਨ੍ਹਾਂ ਵਿਕਾਰਾਂ ਨੂੰ ਕਾਬੂ ਕਰ ਲਿਆ ਹੈ। ਇਨ੍ਹਾਂ ਤੋਂ ਛੁਟਕਾਰਾ ਪਾ ਲਿਆ ਹੈ ਅਤੇ ਤੇਰਾ ਪ੍ਰੇਮ ਪ੍ਰਾਪਤ ਕਰ ਲਿਆ ਹੈ। ਗੁਰੂ ਜੀ ਦਾ ਇਹ ਪ੍ਰੇਮ ਐਨਾ ਡੂੰਘੇਰਾ, ਤਿਖੇਰਾ ਅਤੇ ਪਕੇਰਾ ਹੈ ਕਿ ਉਹ ਪ੍ਰਭ ਨੂੰ ਚੁਣੌਤੀ (Challenge) ਦੇ ਦਿੰਦੇ ਹਨ ਕਿ ਹੇ ਪ੍ਰਭ! ਅਸੀਂ ਤਾਂ ਤੇਰੀ ਅਰਾਧਨਾ ਕਰਕੇ ਵਿਕਾਰਾਂ ਦੀ ਕੈਦ ਵਿੱਚੋਂ ਆਜ਼ਾਦ ਹੋ ਗਏ ਹਾਂ, ਪਰ ਹੁਣ ਤੈਨੂੰ ਅਸੀਂ ਪ੍ਰੇਮ ਦੇ ਬੰਧਨ ਵਿੱਚ ਅਜਿਹਾ ਬੰਨ ਲਿਆ ਹੈ ਕਿ ਤੂੰ ਇਸ ਪ੍ਰੇਮ ਬੰਧਨ ਦੀ ਕੈਦ ਵਿਚੋਂ ਨਿਕਲਣ ਦੇ ਸਮਰਥ ਨਹੀਂ ਹੈ, ਭਾਵੇਂ ਜਿੰਨਾ ਮਰਜ਼ੀ ਯਤਨ ਕਰਕੇ ਵੇਖ ਲਵੋ, ਤੁਸੀਂ ਇਸ ਪ੍ਰੇਮ-ਬੰਧਨ ਤੋਂ ਆਜ਼ਾਦ ਨਹੀਂ ਹੋ ਸਕਦੇ।

ਇਸ ਕਰਕੇ 'ਰਹਾਉ' ਵਿੱਚ ਗੁਰੂ ਜੀ ਫਰਮਾਉਂਦੇ ਹਨ ਕਿ ਹੇ ਪ੍ਰਭ! ਜਿਹੋ ਜਹੀ ਤੇਰੀ ਤੇ ਮੇਰੀ ਪ੍ਰੀਤ ਹੈ, ਉਸ ਨੂੰ ਤੁਸੀਂ ਭਲੀ ਪ੍ਰਕਾਰ ਜਾਣਦੇ ਹੋ। ਅਜਿਹੀ ਹਾਲਤ ਵਿਚ ਤੁਸੀਂ ਕੀ ਕਰੋਗੇ? ਹੁਣ ਇਸ ਪਰਪੱਕ, ਤੀਖਣ ਅਤੇ ਅਥਾਹ ਪ੍ਰੀਤ ਤੋਂ ਤੁਸੀਂ ਛੁਟਕਾਰਾ ਨਹੀਂ ਪਾ ਸਕਦੇ।

ਅਜਿਹੇ ਅਟੁੱਟ ਪ੍ਰੇਮ ਨੂੰ ਹੋਰ ਸਪਸ਼ਟ ਕਰਨ ਲਈ ਬੰਦ ਨੰ. ੨ ਵਿੱਚ ਗੁਰੂ ਜੀ ਮੱਛੀ ਦੇ ਪਾਣੀ ਨਾਲ ਅਟੁੱਟ ਪ੍ਰੇਮ ਦੀ ਉਦਾਹਰਣ ਦਿੰਦੇ ਹਨ। ਜਿਵੇਂ ਮੱਛੀ ਨੂੰ ਚੀਰ ਕੇ ਉਸ ਦੀਆਂ ਫਾਕੜਾਂ ਕੀਤੀਆਂ ਜਾਂਦੀਆਂ ਹਨ ਅਤੇ ਫਿਰ ਉਸ ਨੂੰ ਛੋਟਾ ਛੋਟਾ ਕਰਕੇ ਅਨੇਕਾਂ ਢੰਗਾਂ ਨਾਲ ਰਿੰਨਿਆ ਜਾਂਦਾ ਹੈ। ਫਿਰ ਉਸ ਨੂੰ ਦੰਦਾਂ ਨਾਲ ਚਿੱਥ ਚਿੱਥ ਕੇ ਮਹੀਨ ਕਰਕੇ ਭੋਜਨ ਕੀਤਾ ਜਾਂਦਾ ਹੈ। ਪਰ ਅਜਿਹੀ ਹਾਲਤ ਵਿੱਚ ਪਹੁੰਚਕੇ ਵੀ ਆਪਣੇ ਵਜੂਦ ਦਾ ਨਾਮੋ ਨਿਸ਼ਾਨ ਮਿਟ ਜਾਣ ਪਿਛੋਂ ਵੀ ਮੱਛੀ ਪਾਣੀ ਨਾਲੋਂ ਪਿਆਰ ਨਹੀਂ ਤੋੜਦੀ, ਇਸ ਲਈ ਪਾਣੀ ਮੰਗਦੀ ਹੈ। ਖਾਣ ਵਾਲੇ ਨੂੰ ਮਜ਼ਬੂਰਨ ਮੱਛੀ ਦੀ ਇਸ ਇੱਛਾ ਨੂੰ ਪੂਰਾ ਕਰਨ ਲਈ ਪਾਣੀ ਪੀਣਾ ਪੈਂਦਾ ਹੈ। ਇਸੇ ਤਰ੍ਹਾਂ ਹੇ ਪ੍ਰਭ! ਮੇਰਾ ਤੇ ਤੇਰਾ ਪ੍ਰੇਮ ਵੀ ਐਨਾ ਹੀ ਅਟੁੱਟ ਅਤੇ ਦ੍ਰਿੜ ਹੈ, ਤੁਸੀਂ ਇਸ ਬੰਧਨ ਵਿਚੋਂ ਆਪਣੇ ਆਪ ਨੂੰ ਆਜ਼ਾਦ ਕਰਨ ਦੇ ਸਮਰਥ ਨਹੀਂ ਹੋ।

ਇਸੇ ਪ੍ਰੇਮ ਦੇ ਆਧਾਰ ਤੇ ਬੰਦ ਨੰ. ੩ ਵਿੱਚ ਗੁਰੂ ਜੀ, ਹਿੰਦੂ ਧਰਮ-ਗ੍ਰੰਥਾਂ ਉੱਪਰ ਸ਼ਕਤੀਸ਼ਾਲੀ ਚੋਟ ਕਰਦੇ ਹਨ ਕਿਉਂਕਿ ਇਹ ਗ੍ਰੰਥ ਵਿਸ਼ੁ-ਮਨੁੱਖਤਾ ਨੂੰ ਕੋਹ-ਕੋਹ ਕੇ ਤਿਲ ਤਿਲ ਕਟ ਕੇ, ਤੜਪਾ ਤੜਪਾ ਕੇ ਕਤਲ ਕਰਦੇ ਹਨ, ਵਿਸ਼ਵ-ਵਿਆਪੀ ਪ੍ਰਭ ਨੂੰ ਵੀ ਛਿੰਨ ਛਿੰਨ, ਜ਼ਰਾ ਜ਼ਰਾ ਕੱਟ, ਜਿਬਾਹ ਕਰਦੇ ਹਨ। ਇਨ੍ਹਾਂ ਗ੍ਰੰਥਾਂ ਅਨੁਸਾਰ ਬ੍ਰਾਹਮਣ ਖ਼ੁਦ ਭਗਵਾਨ ਬਣ, ਪ੍ਰਭ-ਭਗਤੀ ਦੇ ਦੋਸ਼ ਵਿਚੋਂ ਸ਼ੂਦਰ ਮਹਾਂਰਿਸ਼ੀ ਸੰਭੂਕ ਦਾ, "ਭਗਵਾਨ ਰਾਮ" ਤੋਂ ਕਤਲ ਕਰਵਾਉਂਦੇ

ਹਨ। ਇਹੋ ਹੀ ਕਾਰਣ ਹੈ ਕਿ ਹਿੰਦੂ ਧਰਮ ਦੇ ਠੇਕੇਦਾਰਾਂ, ਬ੍ਰਾਹਮਣਾਂ ਆਦਿ ਨੂੰ ਸਪਸ਼ਟ ਕਰਦੇ ਹਨ ਕਿ ਪ੍ਰਭ ਕਿਸੇ ਦੇ ਪਿਉ ਦੀ ਜਾਇਦਾਦ ਨਹੀਂ ਹੈ ਕਿ ਹੋਰ ਕੋਈ ਭਾਵ ਸ਼ੂਦਰ ਉਸ ਦੀ ਪੂਜਾ ਹੀ ਨਹੀਂ ਕਰ ਸਕਦਾ। ਪ੍ਰਭ ਤਾਂ ਉਸੇ ਦਾ ਹੀ ਹੈ, ਜਿਸ ਦਾ ਪ੍ਰੇਮ ਉਸ ਨੂੰ ਪ੍ਰਵਾਨ ਹੋ ਜਾਂਦਾ ਹੈ। ਇਸ ਕਰਕੇ ਭਾਵੇਂ ਸਾਰੀ ਦੁਨੀਆਂ ਮੋਹ ਮਾਇਆ ਦੇ ਪਰਦੇ ਵਿੱਚ ਫਸੀ ਹੋਈ ਇਸ ਦਾ ਸੰਤਾਪ ਭੋਗ ਰਹੀ ਹੈ, ਪਰ ਪ੍ਰਭ ਦੇ ਭਗਤ ਇਸ ਜਾਲ ਵਿਚੋਂ ਨਿਕਲ ਜਾਂਦੇ ਹਨ, ਅਤੇ ਇਸ ਸੰਤਾਪ ਨੂੰ ਨਹੀਂ ਭੋਗਦੇ। ਸੋ ਪ੍ਰਭ ਦੇ ਘਰ ਕੋਈ ਜਾਤ-ਪਾਤ, ਛੂਤ-ਛਾਤ ਨਹੀਂ ਹੈ, ਉਹ ਕਿਸੇ ਦੇ ਬਾਪ ਦੀ ਜਾਗੀਰ ਨਹੀਂ ਹੈ। ਪ੍ਰਭ ਨੂੰ ਤਾਂ ਜਿਹੜਾ ਵੀ ਪ੍ਰੇਮ ਕਰਦਾ ਹੈ, ਓਹੋ ਹੀ ਉਸ ਦਾ ਭਗਤ ਹੈ।

ਇਸ ਕਰਕੇ ਗੁਰੂ ਜੀ ਬੰਦ ਨੰ. ੪ ਵਿੱਚ ਅਰਜੋਈ ਕਰਦੇ ਹਨ ਕਿ ਹੇ ਪ੍ਰਭ! ਮੇਰੀ ਭਗਤੀ, ਮੇਰਾ ਪ੍ਰੇਮ ਤੇਰੇ ਨਾਲ ਐਨਾ ਵਧ ਗਿਆ ਹੈ ਕਿ ਇਹ ਦੁੱਖ ਮੈਂ ਹੁਣ ਤੇਰੇ ਤੋਂ ਬਿਨਾਂ ਕਿਸ ਨੂੰ ਕਹਾਂ? ਮੈਂ ਤਾਂ ਅੱਜ ਵੀ ਉਹੋ ਹੀ ਦੁੱਖ ਸਹਿ ਰਿਹਾ ਹਾਂ, ਜਿਸ ਕਾਰਣ ਮੈਂ ਤੇਰੀ ਅਰਾਧਨਾ ਕੀਤੀ ਹੈ। ਉਹ ਦੁੱਖ ਹੈ ਬੇਆਸਰਿਆਂ ਦਾ ਲਤਾੜੇ ਹੋਇਆਂ ਦਾ, ਸੂਦਰਾਂ ਦਾ ਜਿਨ੍ਹਾਂ ਨੂੰ, ਹੇ ਪ੍ਰਭ! ਤੇਰੇ ਭਗਤੀ ਕਰਨ ਤੋਂ ਹੀ ਧਮਕੀਆਂ ਦੇ ਕੇ, ਅਮਲੀ ਰੂਪ ਵਿਚ ਕਤਲ ਕਰਕੇ, ਤੇਰੀ ਪੂਜਾ ਕਰਨ ਤੋਂ ਹੀ ਰੋਕਿਆ ਹੋਇਆ ਹੈ। ਇਸ ਕਰਕੇ ਹੇ ਪ੍ਰਭ!! ਜਿਵੇਂ ਤੂੰ ਮਹਾਂਸ਼ਕਤੀ ਪ੍ਰਦਾਨ ਕਰਕੇ ਮੈਨੂੰ ਆਪਣੀ ਅਣਖ ਅਤੇ ਸਵੈ-ਮਾਣ ਪ੍ਰਾਪਤ ਕਰਨ ਦੀ ਸਮਰੱਥਾ ਬਖਸ਼ਿਸ਼ ਕੀਤੀ ਹੈ, ਸਮੁੱਚੀ ਬੇਬੱਸ ਵਿਸ਼ਵ ਵਿਆਪੀ ਮਨੁੱਖਤਾ, ਖਾਸ ਕਰਕੇ ਸੂਦਰ/ਅਛੂਤ ਵਰਗ ਨੂੰ ਅਣਖ਼ ਅਤੇ ਸਵੈ-ਮਾਣ ਪ੍ਰਾਪਤ ਕਰਨ ਦੀ ਸਮਰੱਥਾ ਬਖ਼ਸ਼ਿਸ਼ ਕਰ!!! ਤੇਰੇ ਤੋਂ ਬਿਨਾਂ ਇਸ ਦਾ ਹੱਲ ਕਰਨ ਦੀ ਸਮਰਥਾ ਕਿਸੇ ਹੋਰ ਕੋਲ ਨਹੀਂ ਹੈ।

ਸ਼ਬਦ ਅਰਥ :- ਹੇ ਪ੍ਰਭ! ਜਦੋਂ ਮੈਂ ਮੋਹ ਦੀ, ਵਿਕਾਰਾਂ ਦੀ ਤਕੜੀ ਜਕੜ ਵਿੱਚ ਸਾਂ, ਤਾਂ ਮੈਂ ਤੇਰੀ ਅਰਾਧਨਾ ਕਰਕੇ ਇਨ੍ਹਾਂ ਤੇ ਕਾਬੂ ਪਾ ਲਿਆ ਹੈ ਅਤੇ ਇਨ੍ਹਾਂ ਤੋਂ ਮੁਕਤ ਹੋ ਗਿਆ ਹਾਂ। ਹੁਣ ਮੈਂ ਤੈਨੂੰ ਆਪਣੇ ਡੂੰਘੇ, ਤਿਖੇਰੇ ਅਤੇ ਪਕੇਰੇ ਪ੍ਰੇਮ ਬੰਧਨ ਵਿੱਚ ਬੰਨ ਲਿਆ ਹੈ। ਅਜਿਹੀ ਅਵਸਥਾ ਵਿੱਚ ਗੁਰੂ ਰਵਿਦਾਸ ਜੀ ਪ੍ਰਭ ਨੂੰ ਚੁਣੌਤੀ (Challenge) ਦਿੰਦੇ ਹਨ ਕਿ ਹੇ ਪ੍ਰਭ! ਹੁਣ ਅਸਾਂ ਤੈਨੂੰ ਪ੍ਰੇਮ ਦੀ ਐਨੀ ਕਰੜੀ ਕੈਦ ਵਿੱਚ ਪਾ ਲਿਆ ਹੈ ਕਿ ਤੇਰੀ ਇਸ ਕੈਦ ਵਿਚੋਂ ਨਿਕਲਨ ਦੀ ਸਮਰਥਾ ਨਹੀਂ ਹੈ, ਭਾਵੇਂ ਜਿੰਨਾ ਮਰਜ਼ੀ ਯਤਨ ਕਰਕੇ ਵੇਖ ਲਵੋ। (ਅਜਿਹੀ ਚੁਣੌਤੀ (Challenge) ਗੁਰੂ ਜੀ ਨੇ ਸ਼ਬਦ "ਘੱਟ ਅਵਘਟ ਡੂਗਰ ਘਣਾ" ਵਿੱਚ ਵੀ ਦਿੱਤੀ ਹੈ। ਸ਼ਬਦ "ਤੋਹੀ ਮੋਹੀ ਮੋਹੀ ਤੋਹੀ" ਵਿੱਚ ਗੁਰੂ ਜੀ ਪ੍ਰਭ ਤੇ ਅਹਿਸਾਨ ਕਰਦੇ ਹਨ ਕਿ ਜੇ ਮੈਂ ਪਾਪ ਨਾ ਕਰਦਾ, ਤਾਂ ਹੇ ਪ੍ਰਭ! ਤੈਨੂੰ ਪਤਿਤ-ਪਾਵਨ ਕਿਸੇ ਨੇ ਨਹੀਂ ਸੀ ਕਹਿਣਾ।)॥ ੧॥

ਹੇ ਪ੍ਰਭ! ਇਸ ਸਥਿਤੀ ਵਿੱਚ ਤੇਰੇ ਤੇ ਮੇਰੇ ਪ੍ਰੇਮ ਨੂੰ ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ। ਅਜਿਹੀ ਹਾਲਤ ਵਿੱਚ ਤੁਸੀਂ ਕੀ ਕਰੋਗੇ? ਭਾਵ ਹੁਣ ਤੁਸੀਂ ਮੇਰੇ ਇਸ ਪਰਪੱਕ, ਤੀਖਣ ਅਤੇ ਅਥਾਹ ਪ੍ਰੇਮ ਤੋਂ ਛੁਟਕਾਰਾ ਨਹੀਂ ਪਾ ਸਕਦੇ॥ ੧॥ ਰਹਾਉ॥

ਸਬੂਤ ਵਜੋਂ ਗੁਰੂ ਜੀ ਮੱਛੀ ਦੀ ਉਦਾਹਰਣ ਦਿੰਦੇ ਫਰਮਾਉਂਦੇ ਹਨ ਕਿ ਜਿਵੇਂ ਮੱਛੀ ਨੂੰ ਪਕੜ ਕੇ, ਉਸਦੀਆਂ ਫਾੜੀਆਂ ਕਰਕੇ, ਛੋਟਾ-ਛੋਟਾ ਕੱਟ ਲਿਆ ਜਾਂਦਾ ਹੈ ਅਤੇ ਅਨੇਕਾਂ ਕਿਸਮਾਂ ਨਾਲ ਉਸ ਨੂੰ ਰਿੰਨ੍ਹ ਲਿਆ ਜਾਂਦਾ ਹੈ। ਫਿਰ ਦੰਦਾਂ ਨਾਲ ਚਿੱਥ ਚਿੱਥ ਕੇ, ਮਹੀਨ ਕਰਕੇ, ਉਸ ਨੂੰ ਖਾ ਲਿਆ ਜਾਂਦਾ ਹੈ। ਇਹ ਪ੍ਰੇਮ ਦੀ ਸ਼ਕਤੀ ਦਾ ਹੀ ਕਮਾਲ ਹੈ ਕਿ ਮੱਛੀ ਕਿਣਕਾ ਕਿਣਕਾ ਬਣ, ਆਪਣਾ ਵਜੂਦ ਗਵਾ ਕੇ ਵੀ ਪਾਣੀ ਦੇ ਪ੍ਰੇਮ ਤੋਂ ਵੱਖ ਨਹੀਂ ਹੁੰਦੀ, ਸਗੋਂ ਆਪਣੀ ਪ੍ਰੇਮ-ਸ਼ਕਤੀ ਦੇ ਜ਼ੋਰ ਨਾਲ, ਮੱਛੀ ਖਾਣ ਵਾਲੇ ਨੂੰ ਪਾਣੀ ਪੀਣ ਲਈ ਮਜ਼ਬੂਰ ਕਰ ਦਿੰਦੀ ਹੈ। ਉਸੇ ਤਰ੍ਹਾਂ ਦਾ ਪ੍ਰੇਮ ਮੇਰਾ ਪ੍ਰਭ ਨਾਲ ਹੈ। ਸੋ ਪ੍ਰਭ ਵੀ ਬੇਵਸ ਹੈ, ਇਸ ਤਰ੍ਹਾਂ ਉਹ ਵੀ ਮੇਰੀ ਪ੍ਰੇਮ-ਕੈਦ ਵਿਚੋਂ ਨਹੀਂ ਨਿਕਲ ਸਕਦਾ॥ ੨॥

ਪ੍ਰਭ ਨਾਲ ਪ੍ਰੇਮ ਪਰਪੱਕਤਾ ਸਾਬਤ ਕਰਨ ਪਿਛੋਂ ਉਹ ਹਿੰਦੂ ਧਰਮ ਅਤੇ ਉਸ ਦੇ ਠੇਕੇਦਾਰਾਂ ਦੀ ਇਜਾਰਾਦਾਰੀ ਦਾ ਗੜ੍ਹ ਤਹਿਸ ਨਹਿਸ ਕਰਦੇ ਫਰਮਾਉਂਦੇ ਹਨ ਕਿ ਪ੍ਰਭ ਕਿਸੇ ਦੇ ਬਾਪ ਦੀ ਜੱਦੀ ਜਾਇਦਾਦ ਨਹੀਂ ਹੈ, ਉਹ ਤਾਂ ਸਭ ਦਾ ਹੈ! ਪ੍ਰਭ ਤਾਂ ਉਸ ਦਾ ਹੀ ਹੈ, ਜਿਹੜਾ ਉਸ ਦਾ ਪ੍ਰੇਮ ਪ੍ਰਾਪਤ ਕਰ ਲੈਂਦਾ ਹੈ। ਇਸ ਕਰਕੇ ਮੋਹ ਮਾਇਆ ਦੇ ਜਾਲ ਵਿੱਚ ਫਸੀ ਸਾਰੀ ਦੁਨੀਆਂ ਸੰਤਾਪ ਭੋਗ ਰਹੀ ਹੈ। ਦੁੱਖਾਂ ਵਿੱਚ ਪਿਸ ਰਹੀ ਹੈ। ਪਰ ਪ੍ਰਭ ਦਾ ਭਗਤ, ਇਸ ਸੰਤਾਪ ਤੋਂ ਮੁਕਤ ਹੋ ਗਿਆ ਹੈ॥ ੩॥

ਇਸ ਤਰ੍ਹਾਂ ਗੁਰੂ ਜੀ ਦੁਨੀਆਂ ਦੇ ਖਾਸ ਕਰਕੇ ਸ਼ੂਦਰ ਲੋਕਾਂ ਦੇ ਅਣ-

ਕਿਆਸੇ ਦੁੱਖਾਂ ਨਾਲ ਤੜਫ਼ ਉੱਠਦੇ ਹਨ ਅਤੇ ਪ੍ਰਭ ਅੱਗੇ ਉਲਾਂਭਾ ਦਿੰਦੇ ਹੋਏ ਅਰਜ਼ੋਈ ਕਰਦੇ ਆਪਣੇ ਆਪ ਨੂੰ ਸੰਬੋਧਨ ਕਰਦੇ ਹਨ ਕਿ ਰਵਿਦਾਸ ਕਹਿ ਦੇ ਕਿ ਹੇ ਪ੍ਰਭ! ਤੇਰਾ ਤੇ ਮੇਰਾ ਪ੍ਰੇਮ ਐਨਾ ਵਧ ਗਿਆ ਹੈ ਕਿ ਹੁਣ ਮੈਂ ਆਪਣੇ ਦੁੱਖ ਕਿਸੇ ਹੋਰ ਅੱਗੇ ਕਹਿ ਹੀ ਨਹੀਂ ਸਕਦਾ ਅਤੇ ਨਾ ਹੀ ਕਿਸੇ ਹੋਰ ਵਿੱਚ ਇਨ੍ਹਾਂ ਦੁੱਖਾਂ ਨੂੰ ਕੱਟਣ ਦੀ ਸਮਰਥਾ ਹੈ। ਹੇ ਪ੍ਰਭ! ਮੈਂ ਤੇਰੀ ਪ੍ਰਾਪਤੀ ਪਿਛੋਂ ਵੀ ਓਹੋ ਹੀ ਦੁੱਖ ਸਹਿ ਰਿਹਾ ਹਾਂ, ਜਿਹੜੇ ਇਸ ਪ੍ਰਾਪਤੀ ਤੋਂ ਪਹਿਲਾਂ ਸਹਿ ਰਿਹਾ ਸਾਂ। ਹੇ ਮਿਹਰਬਾਨ! ਲੋਕਾਈ ਦੇ ਖਾਸ ਕਰਕੇ ਸੂਦਰਾਂ ਦੇ ਦੁੱਖ ਕੱਟ ਕੇ ਸਰਬੱਤ ਦਾ ਭਲਾ ਕਰੋ ਜੀ॥ ੪॥

ੴ ਸਤਿਗੁਰ ਪ੍ਰਸਾਦਿ॥

ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ

ਦੁਲਭੁ ਜਨਮੁ ਪੁੰਨ ਫਲ ਪਾਇਓ
ਬਿਰਥਾ ਜਾਤ ਅਬਿਬੇਕੈ॥
ਰਾਜੇ ਇੰਦ੍ ਸਮਸਰਿ ਗ੍ਰਿਹ ਆਸਨ
ਬਿਨੁ ਹਰਿ ਭਗਤਿ ਕਹਹੁ ਕਿਹ ਲੇਖੈ॥ ੧॥
ਨ ਬੀਚਾਰਿਓ ਰਾਜਾ ਰਾਮ ਕੋ ਰਸੁ॥
ਜਿਹ ਰਸ ਅਨ ਰਸ ਬੀਸਰਿ ਜਾਹੀ॥ ੧॥ ਰਹਾਉ॥
ਜਾਨਿ ਅਜਾਨ ਭਏ ਹਮ ਬਾਵਰ
ਸੋਚ ਅਸੋਚ ਦਿਵਸ ਜਾਹੀ॥
ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ
ਪਰਮਾਰਥ ਪਰਵੇਸ ਨਹੀ॥ ੨॥
ਕਹੀਅਤ ਆਨ ਅਚਰੀਅਤ ਅਨ ਕਛੁ
ਸਮਝ ਨ ਪਰੈ ਅਪਰ ਮਾਇਆ॥
ਕਹਿ ਰਵਿਦਾਸ ਉਦਾਸ ਦਾਸ ਮਤਿ
ਪਰਹਰਿ ਕੋਪੁ ਕਰਹੁ ਜੀਅ ਦਇਆ॥ ੩॥ ੩॥[1]

ਪਦ ਅਰਥ : ਜਾਤ = ਜਾ ਰਿਹਾ ਹੈ। **ਅਬਿਬੇਕ** = ਅਗਿਆਨ। **ਸਮਸਰਿ** = ਬਰਾਬਰ। **ਕਿਹ ਲੇਖੈ** = ਕਿਸ ਕੰਮ?॥ ੧॥

ਰਸੁ = ਅਨੰਦ। **ਅਨ** = ਹੋਰ॥ ੧॥ ਰਹਾਉ॥

ਜਾਨਿ ਅਜਾਨ = ਜਾਣ ਬੁੱਝ ਕੇ ਅਤੇ ਅਣਜਾਣੇ। **ਬਾਵਰ** = ਮੂਰਖ, ਪਾਗ਼ਲ। **ਸੋਚ ਅਸੋਚ** = ਸੋਚ ਵਿਚਾਰ ਕੇ ਅਤੇ ਬਿਨ੍ਹਾਂ ਸੋਚੇ ਸਮਝੇ। **ਇੰਦ੍ਰੀ** = ਗਿਆਨ ਇੰਦਰੀਆਂ ਅਤੇ ਕਰਮ ਇੰਦਰੀਆਂ। **ਸਬਲ** = ਸ਼ਕਤੀਸ਼ਾਲੀ, ਬਲਵਾਨ। **ਨਿਬਲ** = ਕਮਜ਼ੋਰ, ਨਿਰਬਲ। **ਬਿਬੇਕ** = ਗਿਆਨ, ਵਿਚਾਰ। **ਪਰਮਾਰਥ** = ਪਰਮ ਅਰਥ, ਅਧਿਆਤਮਕ ਵਿਚਾਰ॥ ੨॥

ਅਚਰੀਅਤ = ਕਰਦਾ ਹੈ। **ਅਪਰ** = ਸ਼ਕਤੀਸ਼ਾਲੀ। **ਪਰਹਰਿ** = ਤਿਆਗ ਕੇ, ਛੱਡ ਕੇ। **ਕੋਪੁ** = ਕ੍ਰੋਧ ॥ ੩॥ ੩॥

---

1. ਆਦਿ ਗ੍ਰੰਥ – ਪੰਨਾ : ੬੫੯

ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ

ਇਸ ਸ਼ਬਦ ਦੇ ਬੰਦ ਨੰ. ੧ ਵਿੱਚ ਗੁਰੂ ਰਵਿਦਾਸ ਜੀ ਸਪਸ਼ਟ ਕਰਦੇ ਹਨ ਕਿ ਚੁਰਾਸੀ ਲੱਖ ਜੂਨਾਂ ਦਾ ਚੱਕਰ ਭੁਗਤਣ ਪਿਛੋਂ ਜੀਵ ਬੜੀ ਮੁਸ਼ਕਲ ਨਾਲ ਪਾਪਾਂ ਨੂੰ ਤਿਆਗ ਕੇ ਪੁੰਨ ਖੱਟਦਾ ਹੈ। ਇਸ ਪੁੰਨ ਦੇ ਫਲ ਸਦਕਾ ਜੀਵ ਨੂੰ ਮਨੁੱਖਾਂ ਦੁਰਲਭ ਜੀਵਨ ਨਸੀਬ ਹੁੰਦਾ ਹੈ। ਇਸ ਦਾ ਅਰਥ ਇਹ ਹੈ ਕਿ ਮਨੁੱਖ ਜਨਮ ਲੈਣ ਵੇਲੇ ਪਾਪਾਂ ਤੋਂ ਪਾਕ ਸਾਫ਼ ਹੁੰਦਾ ਹੈ। ਪਿਛਲੇ ਜਨਮਾਂ ਦੇ ਪਾਪਾਂ ਜਾਂ ਮੰਦੇ ਕਰਮਾਂ ਦਾ ਪ੍ਰਭਾਵ ਮਨੁੱਖ ਦੇ ਜਨਮ ਲੈਣ ਤੋਂ ਪਹਿਲਾਂ ਹੀ ਖਤਮ ਹੋ ਗਿਆ ਹੁੰਦਾ ਹੈ ਅਤੇ ਮਨੁੱਖਾ ਜਨਮ ਕੇਵਲ ਪੁੰਨ ਦੇ ਫਲ ਦਾ ਹੀ ਸਿੱਟਾ ਹੈ, ਇਸ ਕਰਕੇ ਦੁਰਲਭ ਹੈ।

ਇਸ ਚਰਚਾ ਤੋਂ ਸਪਸ਼ਟ ਹੈ ਕਿ ਮਨੁੱਖ ਪਵਿੱਤਰ ਮਨ ਨਾਲ ਇਸ ਦੁਨੀਆਂ ਵਿੱਚ ਅਵਤਾਰ ਧਾਰਦਾ ਹੈ, ਭਾਵ ਸਰਵ-ਗੁਣ ਸੰਪੰਨ ਜਨਮ ਲੈਂਦਾ ਹੈ। ਇਸ ਦੀ ਗਵਾਹੀ ਦਿੰਦੇ ਹੋਏ ਗੁਰੂ ਰਵਿਦਾਸ ਜੀ ਪਰਪੱਕਤਾ ਨਾਲ ਦ੍ਰਿੜ ਕਰਦੇ ਹਨ ਕਿ ਮਨੁੱਖ ਦਾ ਜਨਮ ਹਰ ਪੱਖੋਂ ਪਵਿੱਤਰ ਅਤੇ ਹਰ ਦੋਸ਼ ਤੋਂ ਮੁਕਤ ਹੈ, ਇਸ ਕਰਕੇ ਮਨੁੱਖ ਨੂੰ ਅਵਤਾਰ ਕਿਹਾ ਗਿਆ ਹੈ। ਪਰ ਦੁੱਖ ਤਾਂ ਇਸ ਗਲ ਦਾ ਹੈ ਕਿ ਜਨਮ ਲੈਂਦਿਆਂ ਹੀ ਵਿਕਾਰਾਂ ਨਾਲ ਭਰਪੂਰ ਮਨੁੱਖੀ-ਸਮਾਜ ਦੀ ਅਪਵਿੱਤਰ ਅਤੇ ਘਟੀਆ ਸੰਗਤ ਮਨੁੱਖ ਨੂੰ ਆਪਣੇ ਚੁੰਗਲ ਵਿੱਚ ਫਸਾ ਲੈਂਦੀ ਹੈ—"ਮਨੁੱਖਾ ਅਵਤਾਰ ਦੁਲਭ ਤਿਹੀ ਸੰਗਤ ਪੋਚ॥" ਇਸ ਕਰਕੇ ਅਗਿਆਨਤਾ ਕਾਰਣ ਮਨੁੱਖ ਦਾ ਜੀਵਨ ਅਜਾਈਂ ਬਤੀਤ ਹੋ ਰਿਹਾ ਹੈ। ਮਨੁੱਖ ਆਪਣੇ ਰਹਿਣ ਲਈ ਦੇਵਤਿਆਂ ਦੇ ਰਾਜੇ ਇੰਦਰ ਵਰਗੇ ਮਹਿਲ ਉਸਾਰਦਾ ਜਾ ਰਿਹਾ ਹੈ, ਪਰ ਬਿਨਾਂ ਪ੍ਰਭ-ਭਗਤੀ ਤੋਂ ਬਿਨਾਂ ਤੇਰਾ ਜੀਵਨ ਤਬਾਹ ਹੋ ਰਿਹਾ ਹੈ ਫਿਰ ਇਨ੍ਹਾਂ ਮਹਿਲਾਂ ਦਾ ਕੀ ਅਰਥ? ਭਾਵ ਪ੍ਰਭ-ਭਗਤੀ ਤੋਂ ਬਿਨ੍ਹਾਂ ਇਹ ਸਭ ਕੁਝ ਬੇਅਰਥ ਹੈ।

ਇਸ ਕਰਕੇ 'ਰਹਾਉ' ਵਿੱਚ ਸਪਸ਼ਟ ਕੀਤਾ ਗਿਆ ਹੈ ਕਿ ਪ੍ਰਭ-ਪ੍ਰਾਪਤੀ ਪਿਛੋਂ ਮਨੁੱਖ ਹਰ ਪੱਖੋਂ ਮੁਕਤ ਹੋ ਜਾਂਦਾ ਹੈ ਅਤੇ ਪਰਮ-ਅਨੰਦ ਪ੍ਰਾਪਤ ਹੁੰਦਾ ਹੈ ਅਤੇ ਇਸ ਪਰਮ ਅਨੰਦ ਵਿੱਚ ਦੁਨੀਆਂ ਦੇ ਸਾਰੇ ਚਸਕੇ ਵਿਸਰ ਜਾਂਦੇ ਹਨ।

ਇਸ ਲਈ ਬੰਦ ਨੰ. ੨ ਵਿੱਚ ਜੀਵ ਨੂੰ ਸੁਚੇਤ ਕਰਦਿਆਂ ਸਪਸ਼ਟ ਕੀਤਾ ਗਿਆ ਹੈ ਕਿ ਮਨੁੱਖ ਵਿਕਾਰਾਂ ਦੇ ਚਸਕਿਆਂ ਦਾ ਗ਼ੁਲਾਮ ਬਣਿਆ ਹੋਇਆ ਹੈ ਅਤੇ ਹਰ ਕਿਸਮ ਦੇ ਚਸਕਿਆਂ ਵਿੱਚ ਗਲਤਾਨ ਹੈ। ਜਾਣਦਾ, ਬੁੱਝਦਾ ਵੀ ਮਨੁੱਖ ਪਦਾਰਥ ਪ੍ਰਾਪਤੀ ਲਈ ਬਿਨਾ ਸੋਚੇ ਸਮਝੇ ਦੁਬਿਧਾ ਵਿੱਚ ਹੀ ਬੁਣ-ਉਧੇੜ ਵਿੱਚ ਜੀਵਨ ਬਰਬਾਦ ਕਰ ਰਿਹਾ ਹੈ। ਇਹ ਸਭ ਕੁਝ ਇਸ ਕਰਕੇ ਵਾਪਰ ਰਿਹਾ ਹੈ ਕਿ ਪੰਜੇ ਗਿਆਨ ਇੰਦਰੀਆਂ ਅਤੇ ਪੰਜੇ ਕਰਮ ਇੰਦਰੀਆਂ ਵਿਕਾਰਾਂ ਕਾਰਨ ਭਰ ਜੋਬਨ ਬਲਵਾਨ ਹਨ ਜਿਸ ਸਦਕਾ ਬੁੱਧੀ ਐਨੀ ਨਿਰਬਲ ਬਣ ਚੁੱਕੀ ਹੈ ਕਿ ਕੋਈ ਵੀ ਧਾਰਮਕ ਨਿਰਣਾ ਲੈਣ ਦੇ ਅਸਮਰਥ ਹੈ। ਇਹੋ ਵਜ੍ਹਾ ਹੈ ਕਿ

ਅੰਤਹਿਕਰਣ ਵਿੱਚ ਕਿਸੇ ਵੀ ਕਿਸਮ ਦੇ ਅਧਿਆਤਮਕ ਵਿਚਾਰ ਦਾਖਲ ਨਹੀਂ ਹੋ ਸਕਦੇ।

ਇਸ ਕਰਕੇ ਬੰਦ ਨੰ. ੩ ਵਿੱਚ ਮਨੁੱਖ ਨੂੰ ਸਮਝਾਉਂਦਿਆਂ ਗੁਰੂ ਰਵਿਦਾਸ ਜੀ ਸਪਸ਼ਟ ਕਰਦੇ ਹਨ ਕਿ ਹੇ ਜੀਵ! ਤੂੰ ਬ੍ਰਹਮ-ਵਿਚਾਰ ਤੋਂ ਦੂਰ ਹੋਣ ਕਰਕੇ ਆਚਰਣਹੀਣ ਹੋ ਗਿਆ ਹੈਂ ਅਤੇ ਵਿਕਾਰਾਂ ਦੀ ਪੂਰਤੀ ਲਈ ਆਪਣੀ ਜ਼ੁਬਾਨ ਤੇ ਕਾਇਮ ਨਹੀਂ ਰਹਿੰਦਾ। ਸਿੱਟੇ ਵਜੋਂ ਤੂੰ ਕਹਿੰਦਾ ਕੁਝ ਹੋਰ ਹੈ ਅਤੇ ਕਰਦਾ ਕੁਝ ਹੋਰ ਹੈ— ਪੂਰਾ ਧੋਖੇਬਾਜ਼ ਬਣ ਗਿਆ ਹੈਂ। ਮੂਰਖ ਜੀਵ! ਤੂੰ ਮਾਇਆ ਦੇ ਇਸ ਸ਼ਕਤੀਸ਼ਾਲੀ ਚਸਕਿਆਂ ਦੇ ਪ੍ਰਭਾਵ ਨੂੰ ਸਮਝਣ ਤੋਂ ਅਸਮਰਥ ਹੈਂ।

ਪਰ ਗੁਰੂ ਜੀ ਫਰਮਾਉਂਦੇ ਹਨ ਕਿ ਹੇ ਪ੍ਰਭ! ਤੇਰਾ ਦਾਸ ਰਵਿਦਾਸ, ਮਾਇਆ ਦੇ ਇਨ੍ਹਾਂ ਵਿਕਾਰੀ ਚਸਕਿਆਂ ਤੋਂ ਉਪਰਾਮ ਹੋ ਗਿਆ ਹੈ। ਇਸ ਲਈ ਮੈਨੂੰ ਮੇਰੇ ਕ੍ਰੋਧ ਤੋਂ ਮੁਕਤ ਕਰਕੇ ਦਇਆ ਦੀ ਬਖਸ਼ਿਸ਼ ਕਰੋ ਜੀ।

ਸ਼ਬਦ ਅਰਥ :— ਚੁਰਾਸੀ ਲੱਖ ਜੂਨਾਂ ਦੀ ਕਠਨ ਤਪਸਿਆ ਪਿਛੋਂ ਜੀਵ ਨੇ ਜਿਹੜੇ ਪੁੰਨ ਖੱਟੇ ਹਨ ਅਤੇ ਪਾਪਾਂ ਦਾ ਤਿਆਗ ਕੀਤਾ ਹੈ, ਉਨ੍ਹਾਂ ਦੇ ਫਲਸਰੂਪ ਇਹ ਦੁਰਲਭ ਜਨਮ ਪ੍ਰਾਪਤ ਹੋਇਆ ਹੈ। ਪਰ ਸਾਡੀ ਅਗਿਆਨਤਾ ਕਾਰਣ ਇਹ ਅਜਾਈਂ ਹੀ ਬੀਤਦਾ ਜਾ ਰਿਹਾ ਹੈ। ਅਸੀਂ ਕਾਮ, ਕ੍ਰੋਧ, ਲੋਭ ਆਦਿ ਵਿਕਾਰਾਂ ਦੇ ਪ੍ਰਭਾਵ ਅਧੀਨ, ਦੇਵਤਿਆਂ ਦੇ ਰਾਜਾ ਇੰਦਰ ਵਰਗੇ ਮਹਿਲ ਖੜੇ ਕਰ ਲਏ ਹਨ, ਪਰ ਇਨ੍ਹਾਂ ਦਾ ਪ੍ਰਭ-ਭਗਤੀ ਤੋਂ ਬਿਨ੍ਹਾਂ ਜੀਵਨ ਵਿੱਚ ਕੀ ਅਰਥ ਹੈ? ਭਾਵ ਪ੍ਰਭ-ਭਗਤੀ ਬਿਨ੍ਹਾਂ ਇਹ ਸਭ ਕੁਝ ਬੇਅਰਥ ਹੈ॥ ੧॥

ਇਸ ਕਰਕੇ ਹੇ ਜੀਵ! ਤੂੰ ਪ੍ਰਭ ਦੇ ਪਰਮ-ਅਨੰਦ ਦੀ ਕਦੇ ਵਿਚਾਰ ਤੱਕ ਨਹੀਂ ਕੀਤੀ, ਜਿਸ ਅਨੰਦ ਦੀ ਪ੍ਰਾਪਤੀ ਨਾਲ ਬਾਕੀ ਸਾਰੇ ਚਸਕੇ ਵਿਸਰ ਜਾਂਦੇ ਹਨ। ਜੀਵਨ ਪੰਜਾਂ ਵਿਕਾਰਾਂ ਤੋਂ ਮੁਕਤ ਹੋ ਜਾਂਦਾ ਹੈ॥ ੧॥ ਰਹਾਉ॥

ਇਸ ਤਰ੍ਹਾਂ ਜੀਵ ਨੂੰ ਸੁਚੇਤ ਕਰਦੇ ਹੋਏ ਗੁਰੂ ਰਵਿਦਾਸ ਜੀ ਸਮਝਾਉਂਦੇ ਹਨ ਕਿ ਅਸੀਂ ਜਾਣੇ-ਅਣਜਾਣੇ, ਸੋਚਾਂ, ਸ਼ਿਕਵਿਆਂ ਵਿੱਚ ਪਏ ਮੂਰਖ ਬਣੇ ਹੋਏ ਹਾਂ ਅਤੇ ਸਮੁੱਚਾ ਜੀਵਨ ਇਸੇ ਤਰ੍ਹਾਂ ਬੀਤਦਾ ਜਾ ਰਿਹਾ ਹੈ। ਦਸੇ ਇੰਦਰੀਆਂ ਵਿਕਾਰਾਂ ਕਾਰਣ ਸ਼ਕਤੀਸ਼ਾਲੀ ਬਣ ਗਈਆਂ ਹਨ, ਇਸ ਕਰਕੇ ਧਾਰਮਕ ਨਿਰਣਾ ਲੈਣ ਵਿੱਚ ਬੁੱਧੀ ਕਮਜ਼ੋਰ ਹੋ ਗਈ ਹੈ। ਸਿੱਟੇ ਵਜੋਂ ਅੰਤਹਿਕਰਣ ਵਿੱਚ ਅਧਿਆਤਮਕ ਵਿਚਾਰ ਦਾਖਲ ਨਹੀਂ ਹੋ ਸਕਦੇ॥ ੨॥

ਅਧਿਆਤਮਕ ਵਿਚਾਰ ਨਾ ਹੋਣ ਕਾਰਣ, ਅਸੀਂ ਸ਼ਕਤੀਸ਼ਾਲੀ ਮਾਇਆ ਨੂੰ ਸਮਝਣ ਤੋਂ ਅਸਮਰਥ ਹਾਂ ਅਤੇ ਇਸ ਦੇ ਪ੍ਰਭਾਵ ਕਾਰਣ ਹੀ ਅਸੀਂ ਕਹਿੰਦੇ ਕੁਝ ਹਾਂ ਅਤੇ ਕਰਦੇ ਕੁਝ ਹਾਂ। ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਮੈਂ ਮਾਇਆ ਦੇ ਪ੍ਰਭਾਵ ਤੋਂ ਉਪਰਾਮ ਹੋ ਗਿਆ ਹਾਂ। ਸੋ ਹੇ ਪ੍ਰਭ! ਮੈਨੂੰ ਮੇਰੇ ਕ੍ਰੋਧ ਤੋਂ ਮੁਕਤ ਕਰਕੇ ਦਇਆ ਦੀ ਬਖਸ਼ਿਸ਼ ਕਰੋ ਜੀ॥ ੩॥ ੩॥

ੴ ਸਤਿਗੁਰ ਪ੍ਰਸਾਦਿ॥

ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ

ਸੁਖਸਾਗਰੁ ਸੁਰਤਰ ਚਿੰਤਾਮਨਿ
ਕਾਮਧੇਨੁ ਬਸਿ ਜਾ ਕੇ॥
ਚਾਰਿ ਪਦਾਰਥ ਅਸਟ ਦਸਾ ਸਿਧਿ
ਨਵ ਨਿਧਿ ਕਰ ਤਲ ਤਾ ਕੇ॥੧॥
ਹਰਿ ਹਰਿ ਹਰਿ ਨ ਜਪਹਿ ਰਸਨਾ॥
ਅਵਰ ਸਭਿ ਤਿਆਗਿ ਬਚਨ ਰਚਨਾ॥੧॥ ਰਹਾਉ॥
ਨਾਨਾ ਖਿਆਨ ਪੁਰਾਨ ਬੇਦ ਬਿਧਿ
ਚਉਤੀਸ ਅਖਰ ਮਾਂਹੀ॥
ਬਿਆਸ ਬਿਚਾਰਿ ਕਹਿਓ ਪਰਮਾਰਥੁ
ਰਾਮ ਨਾਮ ਸਰਿ ਨਾਹੀ॥੨॥
ਸਹਜ ਸਮਾਧਿ ਉਪਾਧਿ ਰਹਤ ਫੁਨਿ
ਬਡੈ ਭਾਗਿ ਲਿਵ ਲਾਗੀ॥
ਕਹਿ ਰਵਿਦਾਸ ਪ੍ਰਗਾਸੁ ਰਿਦੈ ਧਰਿ
ਜਨਮ ਮਰਨ ਭੈ ਭਾਗੀ॥੩॥੪॥ [1]

ਪਦ ਅਰਥ :— **ਸੁਰਤਰੁ** = ਸਵਰਗ ਦੇ ਰੁੱਖ। **ਚਿੰਤਾਮਨਿ** = ਪੁਰਾਣਾਂ ਅਨੁਸਾਰ ਇਕ ਮਣੀ, ਜੋ ਮਨ ਚਿਤਵੇ ਪਦਾਰਥ ਦਿੰਦੀ ਹੈ। **ਕਾਮਧੇਨੁ** = ਪੁਰਾਣਾ ਅਨੁਸਾਰ ਸਵਰਗ ਦੀ ਇੱਕ ਗਊ ਜੋ ਸਮੁੰਦਰ ਰਿੜਕਨ ਸਮੇਂ ਨਿਕਲੀ ਹੈ। ਇਹ ਮਨ ਚਿਤਵੇ ਪਦਾਰਥ ਦੇਣ ਕਰਕੇ ਕਾਮਧੇਨ ਕਹਾਉਂਦੀ ਹੈ। **ਚਾਰਿ ਪਦਾਰਥ** = ਧਰਮ, ਅਰਥ, ਕਾਮ, ਮੋਖ। **ਅਸਟ ਦਸਾ** = ਅਠਾਰਾਂ। **ਨਵ ਨਿਧਿ** = ਨੌ ਖਜ਼ਾਨੇ। **ਕਰਤਲ** = ਹੱਥਾਂ ਦੀਆਂ ਤਲੀਆਂ॥੧॥

ਜਪਹਿ = ਜਪਦਾ ਹੈ। **ਰਸਨਾ** = ਜੀਭ। **ਬਚਨ** = ਵਿਚਾਰ। **ਰਚਨਾ** = ਗ੍ਰੰਥਾਂ ਦੀ ਰਚਨਾ, ਹਿੰਦੂ ਧਰਮ-ਗ੍ਰੰਥ॥੧॥ ਰਹਾਉ॥

ਨਾਨਾ = ਅਨੇਕਾਂ। **ਖਿਆਨ** = ਪ੍ਰਸੰਗ, ਕਥਾ, ਮਿਥਿਹਾਸ। **ਬਿਧਿ** = ਬ੍ਰਹਮਾ। **ਚਉਤੀਸ ਅਖਰ** = "ਦੇਵ ਨਾਗਰੀ ਵਿਅੰਜਨਾਂ ਵਿੱਚੋਂ ਷ ਸ਼ ਛੱਡ ਕੇ

1. ਆਦਿ ਗ੍ਰੰਥ – ਪੰਨਾ : ੬੫੮

ਤਿੰਨ ਹਸ੍ਵ ਸ੍ਵਰ ਅ ਇ ਤ ਮਿਲਾਇਆਂ ਚੌਂਤੀ ਅੱਖਰ ਬਣਦੇ ਹਨ, ਇਹ ਲਗਭਗ ਪ੍ਰਾਕ੍ਰਿਤਾਂ ਦੀ ਵਰਣਮਾਲਾ ਸੀ"। [1] **ਬਿਆਸ ਬਿਚਾਰਿ** = ਭਾਗਵਤੁ ਪੁਰਾਣ ਅਨੁਸਾਰ ਜਦੋਂ ਬਿਆਸ ਜੀ ਵੇਦ ਅਤੇ ਪੁਰਾਣ ਆਦਿ ਦਾ ਅਧਿਐਨ ਚੰਗੀ ਤਰ੍ਹਾਂ ਕਰ ਬੈਠੇ ਤਾਂ ਮਨ ਨੂੰ ਸ਼ਾਂਤੀ ਨਾ ਮਿਲੀ। ਤਾਂ ਨਾਰਦ ਦੇ ਉਪਦੇਸ਼ ਨਾਲ ਚਿੱਤ ਸ਼ਾਂਤ ਹੋਇਆ। **ਪਰਮਾਰਥ** = ਪਰਮ-ਤੱਤ, ਅਟੱਲ ਸੱਚਾਈ॥੨॥

ਸਹਜ = ਸੁਭਾਵਕ, ਗਿਆਨ, ਵਿਚਾਰ। **ਸਮਾਧਿ** = ਅੰਤਰ ਧਿਆਨ। **ਉਪਾਧਿ** = ਕਲੇਸ਼, ਵਿਕਾਰ। **ਫੁਨਿ** = ਫਿਰ, ਦੁਬਾਰਾ। **ਰਿਦੈ ਧਰਿ** = ਮਨ ਵਿੱਚ ਵਸਾਣਾ॥੩॥੪॥

---

1. ਭਗਤ ਰਵਿਦਾਸ : ਜੀਵਨੀ ਤੇ ਰਚਨਾ – ਭਾਈ ਜੋਧ ਸਿੰਘ – ਪੰਨਾ : ੩੦

ਸਿੰਧੂ-ਘਾਟੀ ਦੇ ਮੂਲ ਨਿਵਾਸੀ ਅਤੇ ਸੰਸਾਰ ਲਿਪੀਆਂ

ਗੁਰੂ ਰਵਿਦਾਸ ਜੀ ਨੇ ਚੌਂਤੀ ਅੱਖਰਾਂ ਵਾਲੀ ਲਿਪੀ ਵਿੱਚ ਸਾਹਿਤ ਰਚੇ ਜਾਣ ਦੇ ਤੱਥ ਨੂੰ ਸਾਬਤ ਕਰਕੇ ਚੌਂਤੀ ਅੱਖਰਾਂ ਵਾਲੀ ਲਿਪੀ ਦੇ ਸੱਚ ਨੂੰ ਪ੍ਰਗਟ ਕੀਤਾ ਹੈ। ਇਹ ਚੌਂਤੀ ਅੱਖਰਾਂ ਵਾਲੀ ਲਿਪੀ ਦੇਵਨਾਗਰੀ ਲਿਪੀ ਹੀ ਹੈ ਜਿਸ ਵਿੱਚ ਵੇਦਾਂ, ਰਾਮਾਇਣ ਆਦਿ ਗ੍ਰੰਥਾਂ ਦੀ ਰਚਨਾ ਹੋਈ ਹੈ। ਇਸ ਲਿਪੀ ਦੇ ਬਵੰਜਾ ਅੱਖਰ ਹਨ। ਪਰ ਗੁਰੂ ਰਵਿਦਾਸ ਜੀ ਨੇ ਸਾਬਤ ਕੀਤਾ ਹੈ ਕਿ ਦੇਵਨਾਗਰੀ ਦੇ ਕੇਵਲ ਚੌਂਤੀ ਅੱਖਰ ਹੀ ਹਨ। ਚੌਂਤੀ ਅੱਖਰਾਂ ਵਾਲੀ ਇਸ ਲਿਪੀ ਦੀ ਪ੍ਰੋੜਤਾ ਅੱਜ ਦੇ ਭਾਸ਼ਾ ਵਿਗਿਆਨੀਆਂ ਨੇ ਵੀ ਕਰ ਦਿੱਤੀ ਹੈ। (ਇਸ ਨੁਕਤੇ ਉੱਪਰ ਕੀਤੇ ਵਿਚਾਰ "ਗੁਰੂ ਰਵਿਦਾਸ ਜੀ ਭਾਸ਼ਾ ਵਿਗਿਆਨੀ" ਲੇਖ ਵਿੱਚ ਪੜ੍ਹੋ।) ਚੌਂਤੀ ਅੱਖਰਾਂ ਵਾਲੀ ਇਸ ਦੇਵਨਾਗਰੀ ਲਿਪੀ ਦੀ ਪ੍ਰੋੜਤਾ ਬ੍ਰਹਮੀ ਲਿਪੀ ਤੋਂ ਵਿਕਸਤ ਹੋਈਆਂ, ਸਾਰਦਾ, ਗੁਰਮੁਖੀ, ਪ੍ਰਾਕ੍ਰਿਤਾਂ, ਅਪਭ੍ਰੰਸ਼ਾਂ ਆਦਿ ਲਿਪੀਆਂ ਤੋਂ ਵੀ ਹੋ ਜਾਂਦੀ ਹੈ। ਇਨ੍ਹਾਂ ਲਿਪੀਆਂ ਦੇ ਅੱਖਰਾਂ ਦੀ ਗਿਣਤੀ ਚੌਂਤੀ ਹੈ। "ੜ" ਗੁਰਮੁਖੀ ਲਿਪੀ ਵਿੱਚ ਪਿੱਛੋਂ ਸ਼ਾਮਲ ਹੋਇਆ ਹੈ।

ਇਨ੍ਹਾਂ ਸਾਰੀਆਂ ਲਿਪੀਆਂ ਦੀ ਸਿਰਜਣਾਂ ਭਾਰਤ ਦੇ ਮੂਲ ਨਿਵਾਸੀ ਅਛੂਤਾਂ/ਸ਼ੂਦਰਾਂ ਨੇ ਕੀਤੀ ਹੈ, ਕਿਉਂਕਿ ਇਨ੍ਹਾਂ ਸਾਰੀਆਂ ਲਿਪੀਆਂ ਦਾ ਬੁਨਿਆਦੀ ਸ੍ਰੋਤ "ਸਿੰਧੂ-ਘਾਟੀ ਦੀ ਵਿਕਸਤ ਲਿਪੀ" ਹੈ, ਜਿਸ ਤੋਂ ਬ੍ਰਹਮੀ ਲਿਪੀ ਦੇ ਜਨਮ ਹੋਇਆ। ਇਨ੍ਹਾਂ ਲਿਪੀਆਂ ਦਾ ਜਨਮ ਤੇ ਵਿਕਾਸ ਤਾਂ ਭਾਰਤ ਦੇ ਮੂਲ ਨਿਵਾਸੀ ਅਛੂਤਾਂ/ਸ਼ੂਦਰਾਂ ਨੇ ਕੀਤਾ ਹੀ ਹੈ, ਸੰਸਾਰ ਦੀਆਂ ਸਾਰੀਆਂ ਲਿਪੀਆਂ ਦਾ ਜਨਮ ਦੇ ਵਿਕਾਸ ਵਿੱਚ ਥੋੜੇ ਮੋਟੇ ਫਰਕ ਨਾਲ, ਇਨ੍ਹਾਂ ਦੀ ਹੀ ਸਿਰਜੀ "ਸਿੰਧੂ ਘਾਟੀ ਦੀ ਵਿਕਸਤ ਲਿਪੀ" ਤੋਂ ਹੋਇਆ ਹੈ। ਇਸ ਤੱਥ ਦੀ ਪ੍ਰੋੜਤਾ ਕਰਦੇ ਸ੍ਰੀ ਐਸ.ਆਰ. ਰਾਉ ਆਪਣੀ ਪੁਸਤਕ "ਡੀਸਿਫਰਮੈਂਟ ਆਫ਼ ਇੰਡਸ ਸਕ੍ਰਿਪ" ਵਿਚ ਲਿਖਦੇ ਹਨ -

".....That the Indus sacript was gradually evoladed into an alphabebie system of writing and that the of language Indus seals is Indo-European."

ਇਸ ਤੱਥ ਨੂੰ ਦ੍ਰਿੜ ਕਰਨ ਲਈ ਇਸ ਉੱਪਰ ਡੂੰਘੀ ਘੋਖ ਨਾਲ ਚਰਚਾ ਕਰਨ ਦੀ ਲੋੜ ਹੈ।

ਅਸੀਂ ਇਹ ਵਿਚਾਰ ਆਏ ਕਿ ਗੁਰਮੁਖੀ ਅਤੇ ਦੇਵਨਾਗਰੀ ਲਿਪੀ ਦੀ ਉਤਪਤੀ ਬ੍ਰਹਮੀ ਲਿਪੀ ਤੋਂ ਹੋਈ ਹੈ। ਪਰ ਡਾ. ਕਾਲਾ ਸਿੰਘ ਬੇਦੀ ਗੁਰਮੁਖੀ ਲਿਪੀ ਨੂੰ ਗੁਰੂ ਅੰਗਦ ਦੇਵ ਜੀ ਦੁਆਰਾ ਦੇਵਨਾਗਰੀ ਦਾ ਸੁਧਾਰ ਕਰਕੇ ਬਣਾਈ

ਦਸਦੇ ਹਨ। ਪਰ ਬੇਦੀ ਸਾਹਿਬ ਦਾ ਇਹ ਤਰਕ ਠੀਕ ਨਹੀਂ ਹੈ। ਭਾਸ਼ਾ-ਵਿਗਿਆਨੀਆਂ ਅਨੁਸਾਰ ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ ਬ੍ਰਹਮੀ ਲਿਪੀ ਤੋਂ ਹੋਇਆ ਹੈ।

ਡਾ. ਕਾਲਾ ਸਿੰਘ ਬੇਦੀ ਦੇ ਵਿਚਾਰਾਂ ਨੂੰ ਤਰਕ ਨਾਲ ਰੱਦਦੇ ਹੋਏ ਅਤੇ ਸਾਡੇ ਉਪਰੋਕਤ ਵਿਚਾਰ ਦੀ ਪ੍ਰੋੜਤਾ ਕਰਦੇ ਆਪਣੀ ਪੁਸਤਕ "ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ" ਵਿੱਚ ਜੀ.ਬੀ. ਸਿੰਘ ਲਿਖਦੇ ਹਨ :-

> "ਗੁਰਮੁਖੀ ਦਾ ਇੱਕ ਅੱਖਰ ਵੀ ਇਕ ਲਗ ਮਾਤ੍ਰ ਤਕ ਵੀ ਸ੍ਰੀ ਗੁਰੂ ਅੰਗਦ ਦੇਵ ਜੀ ਜਾਂ ਹੋਰ ਕਿਸੇ ਇੱਕ ਦਾ ਬਣਾਇਆ ਹੋਇਆ ਨਹੀਂ ਹੈ, ਨਾ ਹੀ ਕਿਸੇ ਨੇ ਉਨ੍ਹਾਂ ਦੀ ਵਰਣਮਾਲਾ ਦੀ ਪੁਰਾਣੀ ਤਰਤੀਬ ਵਿੱਚ ਫਰਕ ਪਾਇਆ ਹੈ, ਅਤੇ ਨਾ ਗਿਣਤੀ ਹੀ ਵਧ ਘਟ ਕੀਤੀ ਹੈ। ਪੰਜਾਬੀ ਬੋਲੀ ਦੇ ਲਿਖਣ ਲਈ ਗੁਰਮੁਖੀ ਵਰਣਮਾਲਾ ਦੀ ਯੋਗਤਾ, ਅਖਰਾਂ ਦੀ ਸਰਲਤਾ ਅਤੇ ਉਨ੍ਹਾਂ ਦੇ ਪੜ੍ਹਨ ਵਿਚ ਭੁੱਲ ਦੀ ਘੱਟ ਸੰਭਾਵਨਾ, ਜਦੋਂ ਇਸ ਵਰਣਮਾਲਾ ਦੀਆਂ ਖੂਬੀਆਂ ਹਨ, ਉਨ੍ਹਾਂ ਦਾ ਸਿਹਰਾ ਪੁਰਾਣੇ ਪੜ੍ਹੇ-ਲਿਖੇ ਹਿੰਦੂਆਂ ਦੇ ਸਿਰ ਹੈ, ਜਿਨ੍ਹਾਂ ਨੇ ਸਿਖੀ ਦੇ ਜਨਮ ਤੋਂ ਸਦੀਆਂ ਪਹਿਲੇ ਇਹ ਅੱਖਰ ਬਣਾਏ। ਇਨ੍ਹਾਂ ਵਿੱਚ ਹੀ ਹਿੰਦੂ ਆਪਣੇ ਧਰਮ ਪੁਸਤਕ ਤੇ ਕਵਿਤਾ ਲਿਖਿਆ ਕਰਦੇ ਹਨ। ਇਨ੍ਹਾਂ ਦੀ ਹੀ ਬਣੀ ਹੋਈ ਸਕਲ, ਵਪਾਰੀਆਂ ਦੇ ਵਹੀ ਖਾਤਿਆਂ ਵਿੱਚ, ਮਾਤ੍ਰਾਂ ਤੇ ਲਗਾਂ ਤੋਂ ਬਿਨਾਂ ਵਰਤੀ ਜਾਂਦੀ ਸੀ। ਇਹੋ ਅੱਖਰ ਪਾਂਧੇ ਬਾਲਾਂ ਨੂੰ ਸਿਖਾਂਦੇ ਸਨ ਤੇ ਕਿਤਾਬਾਂ ਦੇ ਲਿਖਾਰੀ ਬ੍ਰਾਹਮਣ ਜਾਂ ਦੂਜੇ, ਲਿਖਦੇ ਹਨ। ਗੁਰਬਾਣੀ ਦੀਆਂ ਪੋਥੀਆਂ ਤੇ ਸਾਖੀਆਂ ਵੀ ਇਨ੍ਹਾਂ, ਲਿਖਾਰੀਆਂ ਨੇ ਹੀ ਪਹਿਲੇ ਪਹਿਲ, ਇਨ੍ਹਾਂ ਅੱਖਰਾਂ ਵਿੱਚ ਲਿਖੀਆਂ ਸਨ, ਜਿਨ੍ਹਾਂ ਨੂੰ ਸੌ ਕੁ ਸਾਲ ਪਿਛੋਂ 'ਗੁਰਮੁਖੀ' ਨਾਂ ਦਿੱਤਾ ਗਿਆ।.....
>
> ਇਹ ਵੀ ਕਿਹਾ ਹੈ ਕਿ ਗੁਰਮੁਖੀ ਅੱਖਰ ਨਾਗਰੀ ਵਿਚੋਂ ਨਹੀਂ ਬਣਾਏ ਗਏ, ਸਗੋਂ ਗੁਰਮੁਖੀ ਅੱਖਰਾਂ ਦੀਆਂ ਸਕਲਾਂ ਪਰਚੱਲਤ ਨਾਗਰੀ ਅੱਖਰਾਂ ਦੀਆਂ ਸਕਲਾਂ ਨਾਲੋਂ ਪੁਰਾਣੀਆਂ ਹਨ। 'ਪੰਜਾਬੀ ਵਰਣਮਾਲਾ' ਪ੍ਰਾਚੀਨ ਅਸ਼ੋਕ ਦੇ ਸਮੇਂ ਦੀ

---

1. ਪੰਨਾ : ੧੨-੧੩

ਬ੍ਰਹਮੀ ਲਿਪੀ ਤੋਂ ਉਸੇ ਤਰ੍ਹਾਂ ਪੰਜਾਬ ਦੇ ਮੈਦਾਨਾਂ ਵਿੱਚ ਪੈਦਾ ਹੋਈ, ਜਿਸ ਤਰ੍ਹਾਂ, ਨਾਗਰੀ ਸਮੇਤ ਹਿੰਦ ਦੀਆਂ ਹੋਰ ਵਰਣਮਾਲਾ ਹੋਰਨਾਂ ਪ੍ਰਾਤਾਂ ਵਿੱਚ ਬਣੀਆਂ।।" [1]

ਉਪਰੋਕਤ ਪੈਰੇ ਵਿੱਚ ਸ੍. ਜੀ.ਬੀ. ਸਿੰਘ ਸਪਸ਼ਟ ਕਰਦੇ ਹਨ ਕਿ ਗੁਰਮੁਖੀ ਅੱਖਰ ਪੰਜਾਬ (ਕਸ਼ਮੀਰ, ਜੰਮੂ ਅਤੇ ਹੋਰ ਪਹਾੜੀ ਇਲਾਕੇ) ਦੇ ਹਿੰਦੂਆਂ ਨੇ ਹੀ ਬਣਾਏ ਹਨ। ਉਸ ਸਮੇਂ ਹਿੰਦੂ ਨਹੀਂ ਸਨ ਹੁੰਦੇ। ਉਦੋਂ ਕੇਵਲ ਆਰੀਆਂ ਲੋਕ ਹੀ ਸਨ। ਫਿਰ ਇਹ ਹਿੰਦੂ ਕੌਣ ਹਨ? ਸ੍: ਜੀ.ਬੀ. ਸਿੰਘ ਨੇ ਹਿੰਦੂ ਉਨ੍ਹਾਂ ਵਪਾਰੀਆਂ ਨੂੰ ਕਿਹਾ ਹੈ ਜਿਨ੍ਹਾਂ ਦੇ ਫਿਨੀਕੀ ਦੇਸ਼ ਤੋਂ ਫਿਨੀਸ਼ਨ ਲਿਪੀ ਦੇ ਅੱਖਰ ਲਿਆਂਦੇ ਅਤੇ ਇਕ ਨਵੀਂ ਲਿਪੀ ਦੀ ਸਿਰਜਣਾ ਕੀਤੀ। ਇਹ ਹਿੰਦੂ ਕਿਸੇ ਵੀ ਹਾਲਤ ਵਿੱਚ ਆਰੀਆ ਲੋਕ ਨਹੀਂ ਸਨ। ਆਰੀਆ ਲੋਕ ਤਾਂ ਵਿਦੇਸ਼ੀ ਹਨ, ਪਰ ਸ੍: ਜੀ.ਬੀ. ਸਿੰਘ ਦ੍ਰਿੜਤਾ ਨਾਲ ਪਰਪੱਕ ਕਰਦੇ ਹਨ ਕਿ ਨਵੀਂ ਲਿਪੀ ਦੇ ਸਿਰਜਣਹਾਰ ਭਾਰਤ ਦੇ ਮੂਲ ਨਿਵਾਸੀ ਸਨ ਜਿਨ੍ਹਾਂ ਨੂੰ ਅੱਜ ਸ਼ੂਦਰ ਅਤੇ ਅਛੂਤ ਕਿਹਾ ਜਾਂਦਾ ਹੈ। ਇਸ ਤੱਥ ਨੂੰ ਸ੍: ਜੀ.ਬੀ. ਸਿੰਘ ਸਪਸ਼ਟ ਕਰਦੇ ਲਿਖਦੇ ਹਨ:

"ਹੋਰਨਾਂ ਲਿਪੀਆਂ ਵਾਂਗ ਗੁਰਮੁਖੀ ਵੀ ਸਹਿਜੇ ਸਹਿਜੇ ਬ੍ਰਹਮੀ ਵਿਚੋਂ ਹੀ ਬਣੀ ਹੈ। ਕਿਸੇ ਸ਼ਖਸ ਨੇ ਜਾ ਸ਼ਖਸਾਂ ਨੇ ਮਿਲਕੇ ਇੱਕ ਵੇਲੇ ਇੱਕ ਥਾਂ ਬਹਿ ਕੇ ਨਹੀਂ ਬਣਾਈ ਸੀ। ਪੰਜਾਬ ਦੀਆਂ ਹੋਰ ਲਿਪੀਆਂ ਸ਼ਾਰਦਾ, ਟਾਕਰੀ ਤੇ ਸਰਾਫੀ ਨਾਲ, ਵਿਸ਼ੇਸ਼ ਕਰਕੇ ਟਾਕਰੀ ਨਾਲ, ਇਹ ਦੇਵਨਾਗਰੀ ਨਾਲੋਂ ਵਧੀਕ ਡੂੰਘੀ ਸਾਂਝ ਰਖਦੀ ਹੈ। 'ਸ਼ਾਰਦਾ' ਕਸ਼ਮੀਰ ਵਿੱਚ ਵਰਤੀਂਦੀ ਹੈ ਅਤੇ ਟਾਕਰੀ ਜਿਵੇਂ ਕਿ ਇਸ ਦੇਸ਼ ਦੇ ਸਿਲਾ ਲੇਖਾਂ ਤੋਂ ਪਤਾ ਲਗਦਾ ਹੈ ਉਸ ਸਾਰੇ ਪਹਾੜੀ ਦੇਸ਼ ਵਿੱਚ ਵਰਤੀ ਜਾਂਦੀ ਹੈ ਜੋ ਜੰਮੂ ਤੋਂ ਲੈਕੇ ਕਾਲਕਾ ਦੇ ਪਾਸ ਪਿੰਜੌਰ ਤੱਕ ਫੈਲਿਆ ਹੋਇਆ ਹੈ। ਆਰੀਆਂ ਦੇ ਆਉਣ ਤੋਂ ਪਹਿਲਾਂ ਪੰਜਾਬ ਵਿੱਚ ਤਕਸ਼ ਜਾਂ ਨਾਗ ਕੌਮ ਦੇ ਲੋਕ ਆਬਾਦ ਸਨ। ਕਸ਼ਮੀਰ* ਵਿੱਚ 'ਕਰਕੋਟਕ' ਨਾਂ ਦੇ ਰਾਜ ਘਰਾਣੇ ਨੇ ਤਿੰਨ ਸੌ ਵਰੇ ਤੋਂ ਉੱਪਰ ਰਾਜ ਕੀਤਾ ਹੈ। ਇਹ ਨਾਗ ਕੌਮ ਦੇ ਸਨ ਅਤੇ ਇਨ੍ਹਾਂ ਨੂੰ ਹੋਇਆਂ ਥੋੜੀਆਂ ਸਦੀਆਂ ਹੀ ਬੀਤੀਆਂ ਹਨ ਮਸਾਂ ਹਜ਼ਾਰ ਖੰਡ ਵਰ੍ਹਾ। ਪੰਜਾਬ ਦੇ ਪਹਾੜੀ ਇਲਾਕੇ ਵਿੱਚ ਛੰਬਾ ਦੇ ਨੇੜੇ ਤੇੜੇ ਦੇ ਦੇਸ਼ ਵਿੱਚ ਅਤੇ ਮੈਨ-ਦੁਆਬ ਵਿੱਚ "ਨਾਗ" ਕਹਿਲਾਣ ਵਾਲੇ ਲੱਖਾਂ ਲੋਕ ਇਸ ਗੱਲ ਦਾ ਸਬੂਤ ਹਨ।

ਪ੍ਰਾਕ੍ਰਿਤ ਵਿੱਚ "ਤਕਸ਼" ਤੋਂ ਵਟ ਕੇ ਨਾਗ "ਤਕਾ" ਤੇ "ਟਕਾ" ਬਣੇ ਹਨ। ਆਰੀਆਂ ਦੇ ਆਉਣ ਤੇ ਇਹ ਲੋਕ ਮੈਦਾਨਾਂ ਵਿੱਚੋਂ ਕੱਢੇ ਗਏ ਅਤੇ ਦਲਦਲਾਂ ਤੇ ਪਹਾੜਾਂ ਵਲ ਧੱਕੇ ਗਏ। ਉਥੇ ਇਨ੍ਹਾਂ ਦੀ ਸਮਾਜਕ ਹਾਲਤ ਦਿਨੋ ਦਿਨ ਨਿਘਰਦੀ ਗਈ ਅਤੇ ਕਈ ਥਾਂਵਾ ਵਿੱਚ ਸ਼ੂਦਰ ਛੱਡ ਅਛੂਤ ਬਣ ਗਏ। ਪਰ ਆਪਣੇ ਵੇਲੇ ਇਹੋ ਲੋਕ ਦੇਸ਼ ਦੇ ਰਾਜੇ* ਛਤਰੀ ਤੇ ਵਪਾਰੀ ਸਨ। ਉੱਤਰੀ ਹਿੰਦ ਦੇ ਇਹੋ ਵਪਾਰੀ ਦੱਖਣ ਦੇ ਦਰਾਵੜੀ ਵਪਾਰੀਆਂ ਵਾਂਗ ਪਛਮ ਵਿੱਚ ਤੋੜ ਬਬਰੂ ਦੇਸ਼ ਤਕ ਜਾਂਦੇ ਸਨ, ਅਤੇ ਇਹੋ ਲੋਕ ਫਿਨਕੀ ਅੱਖਰ ਉਥੋਂ ਲਿਆਏ ਸਨ। ਜਿਨ੍ਹਾਂ ਅੱਖਰਾਂ ਦਾ ਰਿਵਾਜ ਇਨ੍ਹਾਂ "ਟਕਾ" ਲੋਕਾਂ ਵਿੱਚ ਰਿਹਾ, ਇਹੋ "ਟਾਕਰੀ" ਅੱਖਰ ਹਨ। ਵਪਾਰੀ ਅੱਖਰਾਂ ਨੂੰ "ਟਾਕਰੇ" ਕਹਿਣ ਦਾ ਸਬਬ ਵੀ ਇਹੋ ਹੀ ਹੈ।

* ਉੱਤਰੀ ਬੰਗਾਲ ਅਤੇ ਹੋਰ ਕਈ ਦੇਸ਼ਾਂ ਵਿੱਚ ਇਨ੍ਹਾਂ ਦਾ ਰਾਜ ਸੀ। ਪਰ ਸਾਨੂੰ ਉਨ੍ਹਾਂ ਨਾਲ ਵਾਸਤਾ ਨਹੀਂ ਹੈ।

ਛੀਂਬੇ, ਦਰਜੀ, ਜੁਲਾਹੇ, ਸੁਨਿਆਰੇ ਆਦਿ ਇਨ੍ਹਾਂ "ਟੱਕਾ" ਲੋਕਾਂ ਦੇ ਵੰਸ਼ਾਂ ਜਾਂ ਕੁਲਾਂ ਵਿੱਚੋਂ ਹਨ। "ਟੱਕਾ" ਲਫਜ਼ ਨੂੰ ਨਾ ਸਮਝਦੇ ਹੋਏ ਹੁਣ ਇਹ ਲੋਕ ਆਪਣੇ-ਆਪ ਨੂੰ "ਟਾਂਕ-ਛਤ੍ਰੀ" ਲਿਖਦੇ ਹਨ। ਅਤੇ ਜਦੋਂ ਪੁਛੋ 'ਟਾਂਕ' ਕੀ? ਤਦ ਉੜ੍ ਦੇਂਦੇ ਹਨ ਟਾਂਕੇ ਲਾਉਣ ਵਾਲੇ। ਇਨ੍ਹਾਂ ਦਾ ਵਪਾਰ ਬਬਰੂ ਦੇਸ਼ ਨਾਲ ਆਰੀਆਂ ਦੇ ਆਉਣ ਤੋਂ ਪਹਿਲੇ ਦਾ ਸੀ। ਜਿਹਲਮ ਦਰਿਆ ਤੋਂ ਉਤਰ ਦੇ ਇਲਾਕੇ ਦਾ ਨਾਂ "ਟਕਾ ਦੇਸ਼" ਦੇ ਸਮੇਂ ਤੱਕ ਚਲਾ ਆਇਆ ਹੈ।" [1]

ਉਪਰੋਕਤ ਚਰਚਾ ਤੋਂ ਹੇਠ ਲਿਖੇ ਤੱਤ-ਸਿਧਾਂਤ ਦ੍ਰਿੜ ਹੁੰਦੇ ਹਨ:

1. ਆਰੀਆਂ ਦੇ ਆਉਣ ਤੋਂ ਪਹਿਲਾਂ ਭਾਰਤ ਵਿੱਚ ਮੂਲ-ਨਿਵਾਸੀਆਂ ਦਾ ਰਾਜ ਸੀ।

2. ਮੂਲ ਨਿਵਾਸੀਆਂ ਨੂੰ ਆਰੀਆਂ ਨੇ ਸ਼ੂਦਰ ਛੱਡ ਅਛੂਤ ਬਣਾ ਦਿੱਤਾ।

3. ਇਹੋ ਸ਼ੂਦਰ / ਅਛੂਤ ਆਰੀਆਂ ਦੇ ਆਉਣ ਤੋਂ ਪਹਿਲਾਂ ਰਾਜੇ ਮਹਾਰਾਜੇ ਸਨ।

---

1. ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ - ਪੰਨਾ : ੬੦-੬੧

4. ਉੱਤਰੀ ਹਿੰਦ ਦੇ ਇਹ ਅਛੂਤ ਵਪਾਰੀ, ਦੱਖਣ ਦੇ ਦਰਾਵੜੀ ਵਪਾਰੀਆਂ ਵਾਂਗ ਬਬਰੂ, ਫਿਨਿਕੀ ਆਦਿ ਦੇਸ਼ਾਂ ਵਿੱਚ ਵਪਾਰ ਕਰਨ ਜਾਂਦੇ ਸਨ।

5. ਇਹੋ ਅਛੂਤ ਵਪਾਰੀ ਫਿਨਿਕੀ ਅੱਖਰ ਲਿਆਏ।

6. ਹਿੰਦੂ ਹੋਰ ਕੋਈ ਨਹੀਂ, ਇਹੋ ਸ਼ੂਦਰ/ਅਛੂਤ ਹੀ ਸਨ। ਸੋ ਅਛੂਤਾਂ ਨੂੰ ਹੀ ਹਿੰਦੂ ਕਿਹਾ ਗਿਆ ਹੈ।

ਇਹ ਅਛੂਤ ਮੂਲ ਨਿਵਾਸੀ ਕੇਵਲ ਵਪਾਰ ਹੀ ਨਹੀਂ ਸਨ ਕਰਨ ਜਾਂਦੇ, ਇਹ ਮੂਲ ਨਿਵਾਸੀ ਹੀ ਫਿਨਿਕੀ ਵਿੱਚ ਜਾ ਕੇ ਵਸ ਗਏ ਸਨ। ਇਸ ਤੱਥ ਦੀ ਪੋ੍ੜਤਾ ਅਨੇਕਾਂ ਵਿਦਵਾਨ ਕਰਦੇ ਹਨ। ਯੂਨਾਨ ਦੇ ਪ੍ਰਾਚੀਨ ਇਤਿਹਾਸਕਾਰ ਵੀ ਇਸ ਤੱਥ ਮੂਲਕ ਸਿਧਾਂਤ ਦੀ ਪੋ੍ੜਤਾ ਕਰਦੇ ਹਨ। ਇਥੋਂ ਤੱਕ ਕਿ ਰਿੱਗਵੇਦ ਦੇ ਪ੍ਰਮਾਣ ਵੀ ਇਸ ਸਿਧਾਂਤ ਨੂੰ ਪਰਪੱਕਤਾ ਨਾਲ ਦਿ੍ੜ ਕਰਦੇ ਹਨ। ਡਾ. ਕਾਲਾ ਸਿੰਘ ਬੇਦੀ ਉਪਰੋਕਤ ਸਿਧਾਂਤ ਦਾ ਨਿਚੋੜ ਦਿੰਦੇ ਸਪਸ਼ਟ ਕਰਦੇ ਹਨ ਕਿ ਫਿਨਿਸੀ ਲੋਕ ਭਾਰਤ ਦੇ ਮੂਲ ਨਿਵਾਸੀ ਸਨ ਅਤੇ ਇਹੋ ਮੂਲ-ਨਿਵਾਸੀ ਲੋਕ ਫਿਨਿਸੀ ਲਿਪੀ ਦੇ ਸਿਰਜਣਹਾਰ ਹਨ। ਉਹ ਲਿਖਦੇ ਹਨ:

> (ੳ) ਫੋਨੇਸੀ-ਉਤਪਤੀ- ਬੇਨਫੇ, ਵੇਬਰ, ਜੇਨਸਨ ਤੇ ਵੂਲਰ ਆਦਿ ਵਿਦਵਾਨਾਂ ਨੇ ਬ੍ਰਹਮੀ ਲਿਪੀ ਦੀ ਉਤਪਤੀ ਫੋਨੇਸੀ ਲਿਪੀ ਤੋਂ ਮੰਨੀ ਹੈ। ਜੀ.ਬੀ. ਸਿੰਘ ਨੇ ਪੰਜਾਬੀ ਲਿਪੀ (ਗੁਰਮੁਖੀ) ਦੇ ਨਿਕਾਸ ਬਾਰੇ ਵਿਚਾਰ ਕਰਦਿਆਂ ਹੋਇਆਂ ਬ੍ਰਹਮੀ ਲਿਪੀ ਦਾ ਨਿਕਾਸ ਫੋਨੇਸੀਅਨ-ਲਿਪੀ ਨੂੰ ਮੰਨਿਆ ਹੈ। ਇਸ ਸਿਧਾਂਤ ਦੇ ਸਮਰਥਨ (ਪੁਸ਼ਟੀ) ਵਿੱਚ ਪ੍ਰਧਾਨ ਤੱਤ ਇਹ ਹੈ ਕਿ ਲਗਭਗ ਇੱਕ-ਤਿਹਾਈ ਫੋਨੇਸੀ ਵਰਣਾਂ ਦੀ ਸਮਾਨਤਾ ਉਸ ਧੁਨੀ ਦੇ ਪੁਰਾਣੀ ਬ੍ਰਹਮੀ ਪ੍ਰਤੀਕਾਂ ਨਾਲ ਮਿਲਦੀ ਜੁਲਦੀ ਹੈ। ਇਸ ਦੇ ਇਲਾਵਾ ਇੱਕ-ਤਿਹਾਈ ਬ੍ਰਹਮੀ ਤੇ ਫੋਨੇਸੀ-ਵਰਣਾਂ ਵਿੱਚ ਬਹੁਤ ਸਮਾਨਤਾ ਹੈ ਅਤੇ ਬਾਕੀ ਵਰਣਾਂ ਦੀ ਸਮਾਨਤਾ ਵੀ ਬ੍ਰਹਮੀ ਵਰਣਾਂ ਨਾਲ ਜਿਵੇਂ ਤਿਵੇਂ ਸਿਧ ਹੋ ਜਾਂਦੀ ਹੈ। ਇਸ ਸਿਧਾਂਤ ਦੇ ਸਵੀਕਾਰ ਕਰਨ ਵਿਚ ਸਭ ਤੋਂ ਵਡੀ ਮੁਸ਼ਕਲ ਇਹ ਹੈ ਕਿ ਜਿਸ ਕਾਲ ਵਿੱਚ ਬ੍ਰਹਮੀ ਲਿਪੀ ਵਿਕਸਤ ਹੋਈ ਸੀ ਉਸ ਯੁਗ ਵਿੱਚ ਫੋਨੇਸ਼ੀਆਂ ਤੇ ਭਾਰਤ ਦਾ ਆਵਾਜਾਈ ਸੰਬੰਧ ਕਾਇਮ ਨਹੀਂ ਹੋਇਆ ਸੀ। ਇਸ ਸੰਬੰਧ ਵਿਚ ਆਪਣਾ ਵਿਚਾਰ ਪ੍ਰਗਟ ਕਰਦੇ ਹੋਇ ਡਾ. ਰਾਜਬਲੀ ਪਾਂਡੇ ਆਪਣੀ ਪੁਸਤਕ ਵਿੱਚ ਲਿਖਦੇ ਹਨ-ਮੈਂ

> ਨਹੀਂ ਮੰਨਦਾ ਕਿ 1500 ਈ:ਪੂ: ਤੋਂ 400 ਈ:ਪੂ: ਵਿੱਚ ਭਾਰਤ ਦੇ ਭੂਮਧ ਸਾਗਰ ਦੇ ਪੂਰਬੀ ਕਿਨਾਰੇ ਦੇ ਵਿਚ ਆਵਾਜਾਈ ਦਾ ਸੰਬੰਧ ਨਹੀਂ ਸੀ। ਇਸ ਵਿੱਚ ਸ਼ੱਕ ਨਹੀਂ ਕਿ ਫੋਨੇਸੀ ਤੇ ਬ੍ਰਹਮੀ ਲਿਪੀ ਵਿਚ ਸਮਾਨਤਾ ਹੈ। ਹੁਣ ਪ੍ਰਸ਼ਨ ਇਹ ਰਹਿ ਜਾਂਦਾ ਹੈ ਕਿ ਕਿਸ ਲਿਪੀ ਤੋਂ ਵਿਕਸਤ ਹੋਈ ਹੈ? ਇਸ ਪ੍ਰਸ਼ਨ ਦਾ ਸੰਬੰਧ ਫੋਨੇਸੀ ਜਾਤੀ ਦੀ ਉਤਪਤੀ ਨਾਲ ਵੀ ਹੈ। ਯੂਨਾਨ ਦੇ ਪ੍ਰਾਚੀਨ ਇਤਿਹਾਸਕਾਰਾਂ ਅਨੁਸਾਰ, ਫੈਨੋਸ਼ੀ ਲੋਕ, ਪੂਰਬ ਵਲੋਂ, ਸਮੁੰਦਰ ਦੇ ਮਾਰਗ ਰਾਹੀਂ ਭੂਮਧ ਸਾਗਰ ਦੇ ਪੂਰਬੀ ਕੰਢੇ ਉਪਰ ਗਏ ਸਨ। ਰਿਗ ਵੇਦ ਦੇ ਪ੍ਰਮਾਣ ਤੋ ਪਤਾ ਚਲਦਾ ਹੈ ਕਿ ਫੋਨੇਸੀ ਲੋਕ ਭਾਰਤ ਦੇ ਨਿਵਾਸੀ ਸਨ। ਫੋਨੇਸੀ ਤੇ ਪਛਮੀ-ਏਸ਼ੀਆ ਦੀ ਸਾਮੀ ਲਿਪੀਆਂ ਵਿਚ ਸਮਾਨਤਾ ਦਾ ਅਭਾਵ ਵੀ ਇਹ ਸੰਕੇਤ ਕਰਦਾ ਹੈ ਕਿ ਫੋਨੇਸੀ-ਲੋਕ ਕਿਤਿਉਂ ਬਾਹਰੋਂ ਆਏ ਸਨ। ਇਸ ਤੋਂ ਇਹੋ ਪ੍ਰਤੀਤ ਹੁੰਦਾ ਹੈ ਕਿ ਭਾਰਤ ਤੋਂ ਹੀ ਫੋਨੇਸ਼ੀ ਲਿਪੀ ਭੂਮਧ ਸਾਗਰ ਦੇ ਤਟ ਉਪਰ ਗਈ ਸੀ। ਜੀ.ਬੀ. ਸਿੰਘ ਲਿਖਦੇ ਹਨ ਕਿ ਫੋਨੇਸੀ-ਲੋਕ ਵਪਾਰੀ ਸਨ, ਉਨ੍ਹਾਂ ਨੂੰ ਸਾਹਿਤ ਨਾਲ ਕੋਈ ਪ੍ਰੇਮ ਨਹੀਂ ਸੀ, ਪਰ ਹਿਸਾਬ ਕਿਤਾਬ ਰੱਖਣ ਲਈ ਉਹਨਾਂ ਮਿਸਰੀ ਚਿਤਰ ਲਿਪੀ ਤੋਂ ਆਪਣੀ ਲਿਪੀ ਬਣਾਈ ਤੇ ਹਿੰਦੂਆਂ ਨਾਲ ਉਹਨਾਂ ਦੇ ਵਪਾਰਕ ਸੰਬੰਧ ਜੁੜੇ ਹੋਏ ਸਨ। ਹਿੰਦੂਆਂ ਨੇ ਫੋਨੇਸੀ ਲਿਪੀ ਤੋਂ ਬ੍ਰਹਮੀ ਲਿਪੀ ਦੀ ਕਾਢ ਕਢੀ ਤੇ ਫੇਰ ਬਾਕੀ ਆਰੀਆਈ ਭਾਰਤੀ ਲਿਪੀਆਂ ਬ੍ਰਹਮੀ ਲਿਪੀ ਤੋਂ ਵਿਕਸਤ ਹੋ ਗਈਆਂ। ਪਰ ਇਹ ਇਕ ਬਹੁਤ ਹੀ ਅਨੋਖੀ ਗਲ ਹੈ ਕਿ ਆਰੀਆ ਲੋਕ ਜਿਹੜੇ ਸਾਹਿਤ ਪ੍ਰੇਮੀ ਹੁੰਦੇ ਹੋਏ ਵਪਾਰੀ ਸਨ ਅਤੇ ਉਨ੍ਹਾਂ ਦਾ ਵਿਸ਼ਾਲ ਸਾਹਿਤ ਵੀ ਰਚਿਆ ਜਾ ਚੁਕਿਆ ਸੀ ਤੇ ਉਹਨਾਂ ਨੇ ਫੋਨੇਸ਼ੀ ਲੋਕਾਂ ਤੋਂ ਪਹਿਲੋਂ ਕੋਈ ਲਿਪੀ ਈਜਾਦ ਕਰਨ ਦਾ ਉਕਾ ਜਤਨ ਹੀ ਨਹੀਂ ਕੀਤਾ, ਇਹ ਵਿਚਾਰ ਨਿਰਮੂਲ ਜਿਹਾ ਜਾਪਦਾ ਹੈ।"[1]

ਉਪਰੋਕਤ ਪੈਰੇ ਤੋਂ ਹੇਠ ਲਿਖੇ ਨੁਕਤੇ ਦਿ੍ੜ ਹੁੰਦੇ ਹਨ :

1. ਬੇਨਫੇ, ਵੇਬਰ, ਜੇਨਸਨ, ਵੂਲਰ ਆਦਿ ਵਿਦਵਾਨਾਂ ਅਨੁਸਾਰ ਬ੍ਰਹਮੀ

---

1. ਪੰਜਾਬੀ ਭਾਸ਼ਾ ਵਿਗਿਆਨ - ਪੰਨਾ : ੪੯੪-੯੫

ਲਿਪੀ ਦੀ ਉਤਪਤੀ ਫੋਨੇਸ਼ੀ ਲਿਪੀ ਤੋਂ ਹੋਈ।

2. ਯੂਨਾਨ ਦੇ ਪ੍ਰਾਚੀਨ ਇਤਿਹਾਸਕਾਰਾਂ ਤੋਂ, ਰਿਗ ਵੇਦ ਤੋਂ ਅਤੇ ਫੋਨੇਸ਼ੀ ਅਤੇ ਪੱਛਮੀ ਏਸ਼ੀਆ ਦੀਆਂ ਸ਼ਾਮੀ ਲਿਪੀਆਂ ਵਿੱਚ ਸਮਾਨਤਾ ਨਾ ਹੋਣ ਕਾਰਣ ਇਹ ਪੱਕੇ ਤੌਰ ਤੇ ਸਾਬਤ ਹੋ ਜਾਂਦਾ ਹੈ ਕਿ (1) ਭੂਮੱਧ ਸਾਗਰ ਦੇ ਕੰਢੇ ਉਪਰ ਵਸੇ ਲੋਕ ਕਿਤਿਉਂ ਬਾਹਰੋਂ ਆਏ ਸਨ। (2) ਇਹ ਬਾਹਰੋਂ ਆਏ ਲੋਕ ਭਾਰਤ ਦੇ ਮੂਲ ਨਿਵਾਸੀ ਸਨ।

3. ਇਹ ਪੱਕੇ ਤੌਰ ਤੇ ਦ੍ਰਿੜ ਹੋ ਜਾਂਦਾ ਹੈ ਕਿ ਫੋਨੇਸ਼ੀਅਨ ਲਿਪੀ ਦੇ ਸਿਰਜਣਹਾਰ ਭਾਰਤ ਦੇ ਮੂਲ-ਨਿਵਾਸੀ ਹੀ ਸਨ।

4. ਇਸ ਫੋਨੇਸ਼ੀਅਨ ਲਿਪੀ ਨੂੰ ਹੀ ਆਰੀਆ ਨੇ ਬ੍ਰਹਮੀ ਲਿਪੀ ਦਾ ਨਾਮ ਦਿੱਤਾ।

5. ਆਰੀਆ ਲੋਕਾਂ ਨੇ ਜਦੋਂ ਭਾਰਤ ਵਿੱਚ ਪ੍ਰਵੇਸ਼ ਕੀਤਾ ਉਹ ਕੋਰੇ ਅਨਪੜ੍ਹ ਉੱਜਡ ਅਤੇ ਜਾਂਗਲੀ ਸਨ। ਇਸ ਕਰਕੇ ਉਹ ਉਸ ਵੇਲੇ ਨਾ ਤਾਂ ਸਾਹਿਤਕਾਰ ਸਨ ਅਤੇ ਨਾ ਹੀ ਉਨ੍ਹਾਂ ਨੇ ਸਾਹਿਤ ਰਚਿਆ ਸੀ।

ਡਾ. ਰਾਜਬਲੀ ਪਾਂਡੇ ਦੇ ਹੇਠ ਲਿਖੇ ਕਥਨ ਤੋਂ ਸਾਡੇ ਉਪਰੋਕਤ ਨੁਕਤਿਆਂ ਦੀ ਹਰ ਪੱਖੋਂ ਪ੍ਰੋੜਤਾ ਹੋ ਜਾਂਦੀ ਹੈ। ਉਹ ਲਿਖਦੇ ਹਨ:

> "ਡਾ. ਰਾਜਬਲੀ ਪਾਂਡੇ ਅਨੁਸਾਰ ਫੋਨੇਸ਼ੀ ਤੇ ਬ੍ਰਹਮੀ ਲਿਪੀ ਵਿੱਚ ਜਿਹੜੀ ਸਮਾਨਤਾ ਹੈ ਉਸ ਦਾ ਕਾਰਣ ਹੈ ਕਿ ਫੋਨੇਸ਼ੀ ਲੋਕਾਂ ਦਾ ਮੂਲ-ਨਿਵਾਸ ਸਥਾਨ ਭਾਰਤ ਹੀ ਸੀ ਤੇ ਉਹ ਲੋਕ ਇਥੋਂ ਦੀ ਲਿਪੀ ਨੂੰ ਨਾਲ ਲੈ ਗਏ ਸਨ। ਇਥੇ ਸਾਮੀ ਜਾਤੀਆਂ ਅੰਦਰ ਰਹਿਣ ਕਾਰਣ ਇਸ ਲਿਪੀ ਵਿੱਚ ਫਰਕ ਆ ਗਿਆ ਤੇ ਉਹਨਾਂ ਦੀ ਲਿਪੀ ਉਤਰੀ ਸਾਮੀ ਅਥਵਾਂ ਆਰਮੇਇਕ ਲਿਪੀ ਨੂੰ ਪ੍ਰਭਾਵਤ ਕੀਤਾ। ਵਾਸਤਵ ਵਿੱਚ ਇਸ ਆਰਮੇਇਕ-ਲਿਪੀ ਨੇ ਦਖਣੀ ਸਾਮੀ ਤੇ ਮਿਸਰ ਦੀਆਂ ਲਿਪੀਆਂ ਨੂੰ ਛੱਡ ਕੇ ਪਛਮੀ-ਏਸ਼ੀਆ ਦੀਆਂ ਦੂਜੀਆਂ ਲਿਪੀਆਂ ਨੂੰ ਜ਼ਰੂਰ ਪ੍ਰਭਾਵਤ ਕੀਤਾ। ਇੰਜ ਬ੍ਰਹਮੀ ਦੀ ਉਤਪਤੀ ਫੋਨੇਸ਼ੀ ਤੇ ਆਰਮੇਇਕ ਤੋਂ ਨਹੀਂ ਹੋਈ, ਸਗੋਂ ਇਹਨਾਂ ਦੋਹਾਂ ਲਿਪੀਆਂ ਦੀ ਉਤਪਤੀ ਪ੍ਰਾਚੀਨ ਬ੍ਰਹਮੀ ਲਿਪੀ ਤੋਂ ਹੋਈ।" [1]

ਭਾਰਤ ਦੇ ਮੂਲ ਨਿਵਾਸੀਆਂ ਦਾ ਆਰੀਆਂ ਦੇ ਦੇਵਤਾ ਬ੍ਰਹਮਾ ਨਾਲ ਉੱਕਾ

1. ਪੰਜਾਬੀ ਭਾਸ਼ਾ ਵਿਗਿਆਨ ਡਾ. ਕਾਲਾ ਸਿੰਘ ਬੇਦੀ - ਪੰਨਾ : ੪੯੯

ਹੀ ਕੋਈ ਸੰਬੰਧ ਨਹੀਂ ਹੈ। ਮੂਲ ਨਿਵਾਸੀਆਂ ਦੇ ਦੇਵਤੇ ਤਾਂ ਮਹੰਜੋਦੜੋ ਅਤੇ ਹੜਪਾ ਦੇ ਦੇਵਤੇ ਹਨ। ਮਹੰਜੋਦੜੋ ਅਤੇ ਹੜਪਾ ਦੇ ਸਭਿਆਚਾਰ ਅਤੇ ਧਰਮ ਵਿੱਚ ਬ੍ਰਹਮਾ ਦਾ ਉੱਕਾ ਹੀ ਜ਼ਿਕਰ ਨਹੀਂ ਹੈ ਇਸ ਕਰਕੇ ਭਾਰਤ ਦੇ ਮੂਲ-ਨਿਵਾਸੀਆਂ ਦੀ ਲਿਪੀ ਦਾ ਨਾਮ, ਕਦਾਚਿਤ ਵੀ ਬ੍ਰਹਮੀ ਲਿਪੀ ਨਹੀਂ ਹੋ ਸਕਦਾ। ਬ੍ਰਹਮੀ ਲਿਪੀ ਦਾ ਨਾਮ ਤਾਂ ਆਰੀਆਂ ਨੇ ਉਸ ਲਿਪੀ ਨੂੰ ਦਿਤਾ ਹੈ ਜਿਸ ਨੂੰ ਮੂਲ ਨਿਵਾਸੀਆਂ ਨੇ ਸਿਰਜਿਆ ਸੀ। ਮੂਲ ਨਿਵਾਸੀਆਂ ਨੇ ਆਪਣੀ ਲਿਪੀ ਦਾ ਨਾਮ ਬ੍ਰਹਮੀ ਲਿਪੀ ਨਹੀਂ ਸੀ ਰਖਿਆ। ਇਸ ਲਈ ਉਪਰੋਕਤ ਦੋਹਾਂ ਲਿਪੀਆਂ ਫੋਨੇਸ਼ੀ ਅਤੇ ਆਰਮੇਇਕ ਲਿਪੀਆਂ ਦੀ ਉਤਪਤੀ ਪ੍ਰਾਚੀਨ ਬ੍ਰਹਮੀ ਲਿਪੀ ਤੋਂ ਨਹੀਂ ਹੋਈ ਸਗੋਂ ਭਾਰਤ ਦੀ ਪ੍ਰਾਚੀਨਤਮ ਸਿੰਧੂ-ਘਾਟੀ ਦੀ ਲਿਪੀ ਤੋਂ ਹੋਈ ਹੈ। ਸੋ ਫਿਨਿਕੀ ਵਸਦੇ ਸਿੰਧੂ-ਘਾਟੀ ਦੇ ਮੂਲ ਨਿਵਾਸੀਆਂ ਨੇ ਫਿਨਿਕੀ ਲਿਪੀਆਂ ਦਾ ਪ੍ਰਭਾਵ ਕਬੂਲ ਕੇ ਸਿੰਧੂ ਘਾਟੀ ਦੀ ਲਿਪੀ ਨੂੰ ਵਿਗਿਆਨਕ ਆਧਾਰ ਦੇ ਕੇ ਵਿਕਸਤ ਕੀਤਾ। ਇਸ ਨਾਲ ਫਿਨੀਸ਼ਨਾਂ ਦੀਆਂ ਲਿਪੀਆਂ ਨੂੰ ਸਿੰਧੂ-ਘਾਟੀ ਦੀ ਵਿਕਸਤ ਲਿਪੀ ਨੇ ਪ੍ਰਭਾਵਤ ਕੀਤਾ। ਇਹ ਪ੍ਰਭਾਵ ਐਨਾ ਸ਼ਕਤੀਸ਼ਾਲੀ ਸੀ ਕਿ ਫਿਨਿਕੀ ਅਤੇ ਆਰਮੇਇਕ ਲਿਪੀਆਂ ਦਾ ਪੂਰਨ ਰੂਪ ਵਿੱਚ ਕਾਇਆ ਕਲਪ ਹੋ ਗਿਆ। ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਫਿਨਕੀ ਅਤੇ ਆਰਮੇਇਕ ਲਿਪੀ ਦੀ ਉਤਪਤੀ ਸਿੰਧੂ-ਘਾਟੀ ਦੀ ਵਿਕਸਤ ਲਿਪੀ ਤੋਂ ਹੋਈ ਹੈ। ਇਸ ਦੀ ਪ੍ਰੋੜਤਾ ਕਰਦੇ ਡਾ. ਕਾਲਾ ਸਿੰਘ ਬੇਦੀ ਲਿਖਦੇ ਹਨ:-

> "ਭਾਰਤ ਦੀ ਪੁਰਾਣੀ ਤੋਂ ਪੁਰਾਣੀ ਲਿਪੀ ਸਿੰਧੂ-ਘਾਟੀ ਦੀ ਲਿਪੀ ਹੈ, ਪਰ ਇਹ ਸ਼ੁੱਧ ਚਿਤਰ-ਲਿਪੀ ਨਹੀਂ ਹੈ। ਇਹ ਲਿਪੀ ਸਗੋਂ ਧੁਨੀ-ਆਤਮਕ ਲਿਪੀ ਜਾਪਦੀ ਹੈ। ਇਸ ਲਈ ਇਹ ਤਰਕ ਠੀਕ ਲਾਗੂ ਨਹੀਂ ਹੁੰਦਾ ਕਿ ਬ੍ਰਹਮੀ ਦੀ ਉਤਪਤੀ ਸਿੰਧ ਲਿਪੀ ਤੋਂ ਨਹੀਂ ਹੋ ਸਕਦੀ।" [1]

ਇਸ ਪੈਰੇ ਤੋਂ ਸਾਡੀ ਪਿਛਲੀ ਚਰਚਾ ਦੇ ਦੋ ਨੁਕਤੇ ਦ੍ਰਿੜ ਹੋ ਜਾਂਦੇ ਹਨ:

(1) ਸਿੰਧੂ ਘਾਟੀ ਦੀ ਲਿਪੀ ਚਿਤਰ-ਲਿਪੀ ਦੇ ਨਾਲ-ਨਾਲ ਧੁਨੀ-ਆਤਮਕ ਲਿਪੀ ਜਾਪਦੀ ਹੈ।

(2) ਪੁਰਾਣੀ ਬ੍ਰਹਮ ਲਿਪੀ ਦਰਅਸਲ ਪ੍ਰਾਚੀਨਤਮ ਸਿੰਧ-ਘਾਟੀ ਦੀ ਲਿਪੀ ਹੀ ਹੈ।

ਦੋਹਾਂ ਨੁਕਤਿਆਂ ਉਪਰ ਵਿਚਾਰ—

ਜੇ ਸਿੰਧੂ-ਘਾਟੀ ਦੀ ਲਿਪੀ ਨੂੰ ਧੁਨੀ-ਆਤਮਕ ਲਿਪੀ ਮੰਨ ਲਿਆ ਜਾਵੇ

1. ਓਹੀ - ਪੰਨਾ : ੪੯੯

ਤਾਂ ਇਹ ਅਜ 21ਵੀਂ ਸਦੀ ਦੀਆਂ ਆਧੁਨਿਕ ਲਿਪੀਆਂ ਦੀ ਕਤਾਰ ਵਿੱਚ ਆ ਖੜੀ ਹੁੰਦੀ ਹੈ ਅਤੇ ਵਿਗਿਆਨਕ ਲਿਪੀ ਸਿੱਧ ਹੋ ਜਾਂਦੀ ਹੈ। ਇਹ ਸਿੰਧੂ-ਘਾਟੀ ਦੇ ਮੂਲ ਨਿਵਾਸੀ ਲੋਕਾਂ ਦੀ ਵਿਗਿਆਨਕ ਪਹੁੰਚ ਅਤੇ ਸੂਝ-ਬੂਝ ਦਾ ਪ੍ਰਮਾਣ ਹੈ, ਜਿਸ ਕਾਰਣ ਇਹ ਲਿਪੀ 21ਵੀਂ ਸਦੀ ਦੀ ਵਿਗਿਆਨਕ ਕਸੌਟੀ ਤੇ ਪੂਰੀ ਉਤਰਦੀ ਹੈ। ਡਾ. ਕਾਲਾ ਸਿੰਘ ਬੇਦੀ ਧੁਨੀ-ਆਤਮਕ ਲਿਪੀ ਦਾ ਜ਼ਿਕਰ ਕਰਦੇ ਲਿਖਦੇ ਹਨ:

> "ਲਿਪੀ ਦੇ ਇਤਿਹਾਸ ਵਿੱਚ ਧੁਨੀ-ਆਤਮਕ ਲਿਪੀ ਦੀ ਥਾਂ ਸਭ ਤੋਂ ਉੱਚੀ ਹੈ। ਵਾਸਤਵ ਵਿੱਚ ਅੱਜ ਧੁਨੀ-ਆਤਮਕ ਲਿਪੀ ਹੀ ਭਾਸ਼ਾ ਦੀ ਪ੍ਰਤਿ-ਰੂਪ ਹੈ ਤੇ ਇਸ ਲਿਖਤ ਪ੍ਰਣਾਲੀ ਵਿੱਚ, ਹਰ ਇੱਕ ਤਤ, ਭਾਸ਼ਾ ਦੀ ਵਿਸ਼ੇਸ਼ ਧੁਨੀ ਦੀ ਪ੍ਰਤੀਨਿਧਤਾ ਕਰਦਾ ਹੈ।"[1]

ਇਸ ਪੈਰੇ ਤੋਂ ਪਰਪੱਕਤਾ ਨਾਲ ਦ੍ਰਿੜ ਹੋ ਗਿਆ ਹੈ ਕਿ ਸਿੰਧੂ-ਘਾਟੀ ਦੀ ਲਿਪੀ ਵਿਗਿਆਨਕ ਹੈ।

ਦੂਜੇ ਨੁਕਤੇ ਨੂੰ ਵੀ ਹੋਰ ਸਪਸ਼ਟ ਕਰਨਾ ਜ਼ਰੂਰੀ ਹੈ। ਆਰੀਆਂ ਨੇ ਜਿਵੇਂ ਮੂਲ-ਨਿਵਾਸੀਆਂ ਦੇ ਸਹਿਤ ਅਤੇ ਹੋਰ ਤੱਥਾਂ ਨੂੰ ਤਬਾਹ ਕੀਤਾ ਹੈ ਉਸੇ ਤਰ੍ਹਾਂ ਸਿੰਧੂ ਘਾਟੀ ਦੀ ਲਿਪੀ ਦੇ ਉਸ ਸਮੇਂ ਦੇ ਨਾਮ ਨੂੰ ਵੀ ਉਜਾਗਰ ਨਹੀਂ ਕੀਤਾ। ਸੱਗੋਂ ਇਨ੍ਹਾਂ ਮੂਲ ਨਿਵਾਸੀਆਂ ਦੀ ਸਿਰਜੀ ਪਰ ਫਿਨਿਕੀ ਅਖਰ ਤੋਂ ਪ੍ਰਭਾਵਤ ਹੋਕੇ ਵਿਕਸਤ ਹੋਈ ਮੂਲ ਨਿਵਾਸੀਆਂ ਰਾਹੀਂ ਹੀ ਭਾਰਤ ਪਹੁੰਚੀ ਸਿੰਧੂ ਘਾਟੀ ਦੀ ਵਿਕਸਤ ਲਿਪੀ ਦਾ ਨਾਮ ਆਰੀਆਂ ਨੇ ਆਪਣੇ ਦੇਵਤੇ ਬ੍ਰਹਮਾ ਨਾਲ ਜੋੜਕੇ ਬ੍ਰਹਮੀ ਲਿਪੀ ਬਣਾ ਦਿੱਤਾ। ਦਰਅਸਲ ਆਰੀਆ ਲੋਕਾਂ ਨੇ ਕਿਸੇ ਵੀ ਲਿਪੀ ਦੀ ਸਿਰਜਣਾ ਨਹੀਂ ਕੀਤੀ। ਸਾਰਦਾ, ਟਾਕਰੀ, ਸਰਾਫ਼ੀ ਅਤੇ ਨਾਗਰੀ ਆਦਿ ਲਿਪੀਆਂ ਦੀ ਸਿਰਜਣਾ ਵੀ ਭਾਰਤ ਦੇ ਮੂਲ ਨਿਵਾਸੀਆਂ ਨੇ ਹੀ ਕੀਤੀ ਹੈ। ਇਹ ਅਸੀਂ ਉੱਪਰ ਵਿਚਾਰ ਆਏ ਹਾਂ। ਸਿੰਧੂ-ਘਾਟੀ ਦੀ ਵਿਕਸਤ ਹੋਈ ਲਿਪੀ ਦਾ ਨਾਮ ਬ੍ਰਹਮੀ ਲਿਪੀ ਨਹੀਂ ਹੋ ਸਕਦਾ, ਕਿਉਂਕਿ ਸੰਸਕ੍ਰਿਤ ਦੇ ਵਿਆਕਰਣੀਆਂ ਨੇ ਸਿੰਧੂ ਘਾਟੀ ਦੀ ਵਿਕਸਤ ਲਿਪੀ ਨੂੰ ਵਧਾ ਕੇ ਬ੍ਰਹਮੀ ਲਿਪੀ ਬਣਾਈ ਸੋ ਬ੍ਰਹਮੀ ਲਿਪੀ ਹੂ-ਬ-ਹੂ ਸਿੰਧੂ-ਘਾਟੀ ਦੀ ਵਿਕਸਤ ਲਿਪੀ ਨਹੀਂ ਹੈ। ਇਸ ਤੱਥ ਤੋਂ ਦ੍ਰਿੜ ਹੋ ਜਾਂਦਾ ਹੈ ਕਿ ਬ੍ਰਹਮੀ ਲਿਪੀ ਤੋਂ ਪਹਿਲਾਂ ਵਿਚਰ ਰਹੀ ਸਿੰਧੂ-ਘਾਟੀ ਦੀ ਵਿਕਸਤ ਲਿਪੀ ਦਾ ਕੋਈ ਨਾ ਕੋਈ ਨਾਮ ਜਰੂਰ ਹੋਵੇਗਾ ਜਿਸ ਦਾ ਕਿਧਰੇ ਕੋਈ ਜ਼ਿਕਰ ਨਹੀਂ ਮਿਲਦਾ। ਇਹ ਸਿੰਧੂ ਘਾਟੀ ਦੀ ਵਿਕਸਤ ਲਿਪੀ ਓਹੋ ਹੀ ਹੈ ਜਿਸ

1. ਓਹੀ - ਪੰਨਾ : ੪੮੪

ਫੋਨੇਸ਼ੀਅਨ ਲਿਪੀ ਦੀ ਸਿਰਜਣਾ ਭਾਰਤ ਦੇ ਸਿੰਧੂ-ਘਾਟੀ ਦੇ ਮੂਲ-ਨਿਵਾਸੀਆਂ ਨੇ ਫੋਨੇਸ਼ੀ ਦੇ ਪੱਕੇ ਸ਼ਹਿਰੀ ਹੋਕੇ ਕੀਤੀ। **ਜਿਸ ਨੂੰ ਚੀਨ ਅਤੇ ਜਾਪਾਨ ਤੋਂ ਬਿਨ੍ਹਾਂ ਸਾਰੇ ਦੁਨਿਆਂ ਨੇ ਅਪਣਾਇਆ ਹੈ। ਜੀ.ਬੀ.ਸਿੰਘ ਵੀ ਸਾਡੇ ਇਸ ਵਿਚਾਰ ਦੀ ਪ੍ਰੋੜਤਾ ਕਰਦੇ ਹਨ।** (**ਉਪਰ ਸਾਬਤ ਹੋ ਚੁਕਾ ਹੈ ਕਿ ਜਿਹੜੇ ਫੋਨੇਸ਼ੀਅਨਾਂ ਨੇ ਲਿਪੀ ਬਣਾਈ ਉਹ ਦਰਅਸਲ ਭਾਰਤ ਦੇ ਸਿੰਧੂ-ਘਾਟੀ ਦੇ ਹੀ ਮੂਲ ਨਿਵਾਸੀ ਸਨ।**) **ਉਹ ਲਿਖਦੇ ਹਨ :**

> "ਫਿਨੀਸ਼ਨਾਂ ਦੀ ਸਭਿਅਤਾ ਖਾਸੇ ਉੱਚ ਪਾਏ ਦੀ ਸੀ।..... ਪਰ ਸਭ ਤੋਂ ਵਡਾ ਕੰਮ ਜੋ ਇਹਨਾਂ (ਫਿਨੀਸ਼ਨਾਂ) ਕੀਤਾ ਉਹ ਇਹ ਸੀ ਕਿ ਪੁਰਾਣੇ ਨਾਂ ਅਤੇ ਤਸਵੀਰਾਂ ਆਦਿ ਤੋਂ ਸਹੀ ਅਰਥਾਂ ਵਿੱਚ ਇੱਕ 22 ਅੱਖਰਾਂ ਦੀ ਸ਼ਬਦ-ਮੂਲਕ ਲਿਪੀ ਬਣਾਈ ਅਤੇ ਇਸ ਨੂੰ ਆਪਣੇ ਨਾਲ ਵਪਾਰ ਕਰਨ ਵਾਲੇ ਸਾਰੇ ਦੇਸ਼ਾਂ ਦੇ ਵਪਾਰੀਆਂ ਵਿੱਚ ਫੈਲਾਇਆ। ਉਹਨਾਂ ਦੀ ਬਣਾਈ ਲਿਪੀ ਹੀ ਰੂਪ ਵਟਾਕੇ ਸਾਰੀ ਦੁਨੀਆਂ ਪੁਰ ਵਰਤੀ ਜਾਂਦੀ ਹੈ, ਸਿਵਾਏ ਚੀਨ ਅਤੇ ਜਾਪਾਨ ਦੇ, ਜਿਥੇ ਸੰਕੇਤ ਲਿਪੀ ਦਾ ਰਿਵਾਜ ਹੈ। ਹੋਰ ਦੁਨੀਆਂ ਵਾਂਗ ਸਾਡਾ ਦੇਸ਼ ਵੀ ਲਿਖਣ ਕਲਾ ਦੇ ਹੁਨਰ ਅਤੇ ਇਕ ਸ਼ਬਦ-ਮੂਲਕ ਲਿਪੀ ਲਈ ਇਨ੍ਹਾਂ ਫਿਨੀਸ਼ਨ ਲੋਕਾਂ ਦਾ ਅਹਿਸਾਨਮੰਦ ਹੈ ਅਤੇ ਦੂਜੇ ਦਰਜੇ ਪੁਰ, ਦਰਾਵੜੀ ਅਤੇ ਉਹਨਾਂ ਓੜ੍ਹਾ ਪਥ ਦੇ ਵਪਾਰੀਆਂ ਦਾ, ਜੋ ਫਿਨੀਸ਼ਨੀ ਲਿਪੀ ਦੇ ਸੋਲਾਂ ਕੁ ਅੱਖਰ ਜਿਨ੍ਹਾਂ ਦੀ ਉਹਨਾਂ ਨੂੰ ਕਾਰ ਵਿਹਾਰ ਵਿੱਚ ਲੋੜ ਪੈਂਦੀ ਸੀ, ਸਤਾਈ ਸੌ ਵਰਾ ਭਾਰਤ ਦੇ ਵਿਦਵਾਨਾਂ ਨੂੰ ਪਰਪੱਕ ਕੀਤਾ ਹੈ ਕਿ ਆਰੀਅਨ ਨੇ ਆਪਣੇ ਵੇਦ ਲਿਖਤ ਵਿਚ 2500 ਬੀ.ਸੀ. ਤੋਂ 1500 ਬੀ.ਸੀ. ਆਏ ਸਨ। ਇਸ ਤੋਂ ਦ੍ਰਿੜਤਾ ਨਾਲ ਸਾਬਤ ਹੋ ਗਿਆ ਹੈ ਕਿ ਆਰੀਆਂ ਨੇ ਆਦਿ ਵਾਸੀਆਂ ਦੀ ਲਿਪੀ ਨੂੰ ਅਪਣਾ ਕੇ ਉਸ ਦਾ ਨਾਮ ਬ੍ਰਹਮੀ-ਲਿਪੀ ਰੱਖਿਆ ਅਤੇ ਰਿਗਵੇਦ ਆਦਿ ਗ੍ਰੰਥਾਂ ਨੂੰ ਲਿਖਤੀ ਰੂਪ ਦਿੱਤਾ। ਆਪਣੇ ਦੇਸ਼ ਵਿੱਚ ਲਿਆਏ। ਇਨ੍ਹਾਂ ਸੋਲ੍ਹਾਂ ਕੁ ਅਖਰਾਂ ਨੂੰ ਅਗੋਂ ਸੰਸਕ੍ਰਿਤ ਦੇ ਵਿਆਕਰਣੀਆਂ ਨੇ ਵਧਾ ਸੰਵਾਰ ਕੇ ਬ੍ਰਹਮ ਲਿਪੀ ਬਣਾਈ ਜੋ

1. ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ - ਪੰਨਾ : ੩੦ *2. ਓਹੀ - ਪੰਨਾ : ੩੧*

ਸਾਰੀ ਦੇਸੀ ਲਿਪੀਆਂ ਦੀ ਵੱਡੀ ਅੰਮਾ ਹੈ।" [1]

ਜੀ.ਬੀ. ਸਿੰਘ ਫਿਨੀਸ਼ਨ ਲੋਕਾਂ ਬਾਰੇ ਲਿਖਦੇ ਹੋਰ ਵਿਦਵਾਨਾਂ ਦੇ ਵਿਚਾਰਾਂ ਨਾਲ ਸਮਤਾ ਰਖਦੇ ਹਨ ਕਿ ਫਿਨੀਸ਼ਨ ਲੋਕ ਦਰਅਸਲ ਸਿੰਧ-ਘਾਟੀ ਦੇ ਮੂਲ ਨਿਵਾਸੀ ਹੀ ਹਨ। ਉਹ ਲਿਖਦੇ ਹਨ।

"ਇਹ (ਫਿਨੀਸ਼ਨ) ਸਾਡੇ ਬਨਜਾਰਿਆਂ ਤੇ ਲੁਹਾਨਿਆਂ ਦੇ ਵਡੇ ਵਡੇਰੇ ਮਾਲੂਮ ਹੁੰਦੇ ਹਨ।" [2]

ਉਪਰੋਕਤ ਦੋਹਾਂ ਪੈਰਿਆਂ ਤੇ ਵਿਚਾਰ ਕਰਦਿਆਂ ਹੇਠ ਲਿਖੇ ਦੋ ਮਹਤਵਪੂਰਨ ਤੱਥ ਉਭਰ ਕੇ ਸਾਹਮਣੇ ਆਉਂਦੇ ਹਨ:

(1) ਇਹ ਪੱਕੀ ਤਰ੍ਹਾਂ ਪਰਪੱਕਤਾ ਨਾਲ ਪਰਪੱਕ ਹੋ ਗਿਆ ਹੈ ਕਿ ਫਿਨੀਸ਼ਨ ਲੋਕ ਸਿੰਧੂ-ਘਾਟੀ ਦੇ ਮੂਲ-ਨਿਵਾਸੀ ਹੀ ਹਨ, ਜਿਨ੍ਹਾਂ ਨੂੰ ਅੱਜ ਸੂਦਰ/ਅਛੂਤ ਕਿਹਾ ਜਾਂਦਾ ਹੈ। **ਸੋ ਉਪਰੋਕਤ ਚਰਚਾ ਤੋਂ ਦ੍ਰਿੜ ਹੋ ਜਾਂਦਾ ਹੈ ਕਿ ਭਾਰਤ ਦੇ ਸੂਦਰ/ਅਛੂਤ ਹੀ ਸਾਰੀ ਦੁਨੀਆਂ ਦੀਆਂ ਲਿਪੀਆਂ ਦੇ ਸਹੀ ਅਰਥ ਵਿੱਚ ਸਿਰਜਣਹਾਰ ਹਨ।**

(2) ਉਪਰੋਕਤ ਚਰਚਾ ਤੋਂ ਇਹ ਵੀ ਦ੍ਰਿੜ ਹੋ ਜਾਂਦਾ ਹੈ ਕਿ ਮੂਲ ਨਿਵਾਸੀ ਅਛੂਤਾਂ ਨੇ ਜਿਹੜੀ ਲਿਪੀ ਬਣਾਈ ਉਸ ਨੂੰ ਹੀ ਵਧਾ ਸੰਭਾਰ ਕੇ ਬ੍ਰਹਮੀ ਲਿਪੀ ਦਾ ਨਾਮ ਦਿੱਤਾ ਫਿਰ ਜਿਸ ਅਛੂਤਾਂ ਦੀ ਲਿਪੀ ਨੂੰ ਵਧਾਇਆ ਸੰਭਾਰਿਆ ਗਿਆ ਉਸ ਲਿਪੀ ਦਾ ਨਾਮ ਕੀ ਸੀ? ਤੱਥ ਸਪਸ਼ਟ ਕਰਦੇ ਹਨ ਕਿ ਉਸ ਲਿਪੀ ਦਾ ਨਾਮ ਬ੍ਰਹਮੀ ਲਿਪੀ ਨਹੀਂ ਹੋ ਸਕਦਾ ਕਿਉਂਕਿ ਉਨ੍ਹਾਂ ਦੇ ਸਭਿਆਚਾਰ ਜਾਂ ਧਰਮ ਵਿੱਚ ਬ੍ਰਹਮਾ ਨਾਮ ਦਾ ਕੋਈ ਦੇਵਤਾ ਨਹੀਂ ਹੈ। ਇਹ ਬ੍ਰਹਮਾ ਦੇਵਤਾ ਤਾਂ ਆਰੀਆ ਦਾ ਦੇਵਤਾ ਹੈ। ਫਿਰ ਮੂਲ ਨਿਵਾਸੀ ਅਛੂਤਾਂ ਦੀ ਸਿਰਜੀ ਲਿਪੀ ਦਾ ਕੀ ਨਾਮ ਸੀ? ਸਾਡੀ ਜਾਚੇ ਉਸ ਲਿਪੀ ਦਾ ਨਾਮ "ਸਿੰਧੂ ਘਾਟੀ ਦੀ ਵਿਕਸਤ ਲਿਪੀ" ਸੀ। ਇਹੋ ਹੀ ਨਾਮ ਜਚਦਾ ਹੈ ਅਤੇ ਹੈ ਵੀ ਢੁਕਵਾਂ।

ਫਿਰ ਉਹ ਕਿਹੜੇ ਹਾਲਾਤ ਸਨ, ਜਿਨ੍ਹਾਂ ਕਾਰਣ ਆਰੀਆ ਨੂੰ ਮਜ਼ਬੂਰਨ ਸਿੰਧੂ-ਘਾਟੀ ਦੀ ਵਿਕਸਤ ਲਿਪੀ ਤੋਂ ਹੀ ਬ੍ਰਹਮੀ ਲਿਪੀ ਬਨਾਉਣੀ ਪਈ।

ਆਰੀਆਂ ਦੀ ਨਾ ਤਾਂ ਆਪਣੀ ਕੋਈ ਲਿਪੀ ਸੀ ਅਤੇ ਨਾ ਹੀ ਉਨ੍ਹਾਂ ਨੇ ਭਾਰਤ ਵਿੱਚ ਦਾਖਲ ਹੋਣ ਵੇਲੇ ਤੱਕ ਕੋਈ ਸਹਿਤ ਰਚਨਾ ਕੀਤੀ ਸੀ। ਕਿਉਂਕਿ ਆਰੀਆ ਲੋਕ ਉਸ ਸਮੇ ਕੋਰੇ ਅਨਪੜ੍ਹ ਉਜੱਡ ਅਤੇ ਜਾਂਗਲੀ ਸਨ। ਇਸ ਕਰਕੇ ਉਨ੍ਹਾਂ ਦੀ ਆਪਣੀ ਭਾਸ਼ਾ ਹੀ ਸੀ ਪਰ ਇਸ ਭਾਸ਼ਾ ਨੂੰ ਅੱਖਰਾਂ ਵਿੱਚ ਲਿਖਣ ਲਈ ਕੋਈ ਆਪਣੀ ਲਿਪੀ ਨਹੀਂ ਸੀ।

ਜਦੋਂ ਆਰੀਆ ਲੋਕ ਭਾਰਤ ਦੇ ਮੂਲ ਨਿਵਾਸੀਆਂ ਤੋਂ ਸੂਝ-ਬੂਝ ਪ੍ਰਾਪਤ ਕੇ

ਕੁਝ ਪੜ੍ਹ ਲਿਖ ਗਏ ਤਾਂ ਉਨ੍ਹਾਂ ਨੂੰ ਆਪਣੇ ਵਿਚਾਰ ਵਿਅਕਤ ਕਰਨ ਲਈ ਲਿਪੀ ਦੀ ਜ਼ਰੂਰਤ ਪਈ। ਆਰੀਆਂ ਨੇ ਇਹ ਜ਼ਰੂਰਤ ਮੂਲ ਨਿਵਾਸੀ-ਅਛੂਤਾਂ ਦੀ ਸਿੰਧੂ ਘਾਟੀ ਦੀ ਵਿਕਸਤ ਲਿਪੀ ਨੂੰ ਪ੍ਰਵਾਨ ਕਰਕੇ ਉਸ ਨੂੰ ਵਧਾ ਸੰਵਾਰ ਕੇ ਸਿੰਧੂ ਘਾਟੀ ਦੀ ਵਿਕਸਤ ਲਿਪੀ ਨੂੰ ਹੀ ਬ੍ਰਹਮੀ ਲਿਪੀ ਦਾ ਨਾਮ ਦਿੱਤਾ। ਮੂਲ ਨਿਵਾਸੀ-ਅਛੂਤਾਂ ਦੀ ਇਸ ਬ੍ਰਹਮੀ ਲਿਪੀ ਤੋਂ ਉਸ ਸਮੇਂ ਆਪਣੇ-ਆਪਣੇ ਇਲਾਕੇ ਵਿੱਚ ਆਪਣੀਆਂ-ਆਪਣੀਆਂ ਜ਼ਰੂਰਤਾਂ ਮੁਤਾਬਕ ਅਨੇਕਾਂ ਲਿਪੀਆਂ ਵਿਕਸਤ ਹੋ ਰਹੀਆਂ ਸਨ। ਇਸ ਕਰਕੇ ਹੀ ਜੀ.ਬੀ. ਸਿੰਘ ਨੇ ਬ੍ਰਹਮੀ ਲਿਪੀ ਨੂੰ ਸਾਰੀਆਂ ਦੇਸੀ ਲਿਪੀਆਂ ਦੀ ਅੰਮਾਂ ਕਿਹਾ ਹੈ। ਸੋ ਸਹੀ ਅਰਥਾਂ ਵਿੱਚ ਭਾਰਤ ਦੀਆਂ ਸਾਰੀਆਂ ਲਿਪੀਆਂ ਦੀ ਅੰਮਾਂ ਭਾਰਤ ਦੇ ਮੂਲ ਨਿਵਾਸੀ-ਅਛੂਤਾਂ ਦੀ "ਸਿੰਧੂ-ਘਾਟੀ ਦੀ ਵਿਕਸਤ ਲਿਪੀ" ਹੀ ਹੈ। ਇਨ੍ਹਾਂ ਲਿਪੀਆਂ ਵਿੱਚ ਉੱਤਰ ਵਿੱਚ ਸ਼ਾਰਦਾ, ਟਾਕਰੀ, ਸਰਾਫ਼ੀ, ਗੁਰਮੁਖੀ, ਨਾਗਰੀ ਆਦਿ ਲਿਪੀਆਂ ਵਿਕਸਤ ਹੋ ਰਹੀਆਂ ਸਨ।

ਆਰੀਆਂ ਦੇ ਬਾਹਰੋਂ ਆਕੇ ਭਾਰਤ ਵਿੱਚ ਆਪਣਾ ਨਿਵਾਸ-ਸਥਾਨ ਉੱਤਰ ਵਿੱਚ ਖਾਸ ਕਰਕੇ ਪੰਜਾਬ ਨੂੰ ਬਣਾਇਆ। ਸੋ ਉੱਤਰ ਵਿੱਚ ਵਿਕਸਤ ਹੋ ਰਹੀ ਨਾਗਰੀ ਲਿਪੀ ਨੂੰ ਆਰੀਆਂ ਨੇ ਪ੍ਰਵਾਨ ਕਰ ਲਿਆ। ਪਰ ਧਿਆਨ ਦੇਣ ਵਾਲੀ ਗਲ ਇਹ ਹੈ ਕਿ ਨਾਗਰੀ ਲਿਪੀ ਕੇਵਲ ਆਰੀਆਂ ਦੇ ਹੀ ਕਿਸੇ ਖਾਸ ਇਲਾਕੇ ਵਿੱਚ ਵਿਕਸਤ ਨਹੀਂ ਸੀ ਹੋਈ, ਸੱਗੋਂ ਨਾਗਰੀ ਲਿਪੀ ਮੂਲ ਨਿਵਾਸੀਆਂ ਦੇ ਬਹੁਗਿਣਤੀ ਵਾਲੇ, ਪਰ ਆਰੀਆਂ ਦੇ ਅਧਿਕਾਰ ਅਧੀਨ ਇਲਾਕੇ ਵਿੱਚ ਵਿਕਸਤ ਹੋਈ। ਆਰੀਆਂ ਦੀ ਇਸ ਨਿਸ਼ਚਤ ਇਲਾਕੇ ਵਿੱਚ ਗਿਣਤੀ ਘੱਟ ਸੀ, ਪਰ ਰਾਜ ਭਾਗ ਆਰੀਆ ਦੇ ਹੱਥ ਵਿੱਚ ਹੋਣ ਕਰਕੇ ਇਸ ਇਲਾਕੇ ਦੀ ਲਿਪੀ ਨੂੰ ਆਰੀਆਂ ਲੋਕਾਂ ਨੇ ਬ੍ਰਹਮੀ ਲਿਪੀ ਵਾਂਗ ਹੀ ਆਪਣੇ ਦੇਵਤਿਆਂ ਨਾਲ ਜੋੜ ਲਿਆ ਅਤੇ ਨਾਗਰੀ ਲਿਪੀ ਨੂੰ ਦੇਵਨਾਗਰੀ ਲਿਪੀ ਦਾ ਨਾਮ ਦੇ ਦਿੱਤਾ ਅਤੇ ਆਰੀਆ ਨੇ ਇਸ ਦੇਵਨਾਗਰੀ ਲਿਪੀ ਦੇ ਅੱਖਰਾਂ ਰਾਹੀਂ ਆਪਣੇ ਸਾਹਿਤ ਦੀ ਰਚਨਾ ਕੀਤੀ। ਪਿੱਛੋਂ ਜਾਕੇ ਆਰੀਆਂ ਦੇ ਵਿਅਕਰਣੀਆਂ ਨੇ ਇਸ ਸਾਹਿਤਕ ਭਾਸ਼ਾ ਨੂੰ ਸੋਧ ਕੇ ਨਵਾਂ ਨਾਮ ਸੰਸਕ੍ਰਿਤ ਰੱਖਿਆ। ਪਰ ਇਸ ਭਾਸ਼ਾ ਨੂੰ ਆਰੀਆਂ ਨੇ ਕੇਵਲ ਆਪਣੇ ਤੱਕ ਹੀ ਬੰਧਨਾਂ ਵਿੱਚ ਬੰਨ ਕੇ ਸੀਮਤ ਕਰ ਦਿੱਤਾ। ਸਿੱਟੇ ਵਜੋਂ 'ਸੰਸਕ੍ਰਿਤ' ਭਾਸ਼ਾ ਕੇਵਲ ਆਰੀਆ ਦੀ ਭਾਸ਼ਾ ਹੀ ਬਣ ਕੇ ਰਹਿ ਗਈ, ਪਰ ਕਿਸੇ ਖਾਸ ਇਲਾਕੇ ਦੀ ਭਾਸ਼ਾ ਨਹੀਂ ਬਣ ਸਕੀ। ਕਾਰਣ :

1. ਭਾਰਤ ਵਿੱਚ ਆਰੀਆਂ ਦੀ ਬਹਤੁ ਹੀ ਘੱਟ ਗਿਣਤੀ ਸੀ। ਇਹ ਗਿਣਤੀ ਵੀ ਕਿਸੇ ਖਾਸ ਬਝਵੇਂ ਇਲਾਕੇ ਵਿੱਚ ਨਾ ਹੋਕੇ ਭਾਰਤ ਦੇ ਉੱਤਰੀ

ਇਲਾਕੇ ਵਿੱਚ ਫੈਲੀ ਹੋਈ ਸੀ, ਇਸ ਕਰਕੇ ਸੰਸਕ੍ਰਿਤ ਭਾਸ਼ਾ ਦਾ ਕੋਈ ਖਾਸ ਇਲਾਕਾ ਵਿਕਸਤ ਨਾ ਹੋ ਸਕਿਆ, ਜਿਸ ਕਾਰਣ ਸੰਸਕ੍ਰਿਤ ਭਾਸ਼ਾ ਕਿਸੇ ਖਾਸ ਇਲਾਕੇ ਦੀ ਭਾਸ਼ਾ ਨਾ ਬਣ ਸਕੀ।

2. ਆਰੀਆਂ ਨੇ ਆਪਣੇ ਰਾਜ ਭਾਗ ਨੂੰ ਕਾਇਮ ਰਖਣ ਲਈ ਅਤੇ ਆਪਣੇ ਧਰਮ ਨੂੰ ਬਚਾਉਣ ਲਈ ਭਾਰਤ ਦੇ ਮੂਲ ਨਿਵਾਸੀਆਂ ਨੂੰ ਸੂਦਰ/ਅਛੂਤ ਬਣਾਕੇ ਜਾਤ ਪਾਤ ਦੇ ਕਰੜੇ ਅਤੇ ਘਾਤਕ ਮਨੁੱਖਤਾ ਮਾਰੂ ਨਿਯਮਾਂ ਨੂੰ ਆਪਣੇ ਧਰਮ ਵਿਚ ਸ਼ਾਮਲ ਕਰਨ ਕਾਰਣ ਕਾਰਣ ਭਾਰਤ ਦੇ ਮੂਲ-ਨਿਵਾਸੀ ਸੰਸਕ੍ਰਿਤ ਭਾਸ਼ਾ ਦੀ ਵਰਤੋਂ ਨਹੀਂ ਸਨ ਕਰ ਸਕਦੇ। ਜੇ ਕੋਈ ਮੂਲ ਨਿਵਾਸੀ ਸੂਦਰ/ਅਛੂਤ ਸੰਸਕ੍ਰਿਤ ਬੋਲਦਾ ਸੀ ਜਾਂ ਆਰੀਆਂ ਦੇ ਸੰਸਕ੍ਰਿਤ ਭਾਸ਼ਾ ਵਿੱਚ ਰਚੇ ਗ੍ਰੰਥਾਂ-ਵੇਦ ਆਦਿ ਨੂੰ ਪੜ੍ਹਦਾ, ਇਥੋਂ ਤੱਕ ਕਿ ਸੁਣਦਾ ਸੀ ਤਾਂ ਉਸਨੂੰ ਮੌਤ ਦੀ ਸਜ਼ਾ ਦਿੱਤੀ ਜਾਂਦੀ ਸੀ। ਇਸ ਕਾਰਣ ਵੀ ਸੰਸਕ੍ਰਿਤ ਭਾਸ਼ਾ ਬੋਲਣ ਵਾਲਾ ਕੋਈ ਖਾਸ ਇਲਾਕਾ ਵਿਕਸਤ ਨਾ ਹੋ ਸਕਿਆ।

3. ਸੰਸਕ੍ਰਿਤ ਦਾ ਇਲਾਕਾ ਵਿਕਸਤ ਨਾ ਹੋਣ ਦਾ ਕਾਰਣ ਰਾਜਿਆਂ ਦੇ ਦਰਬਾਰ ਵੀ ਸਨ। ਰਾਜਿਆਂ ਦੇ ਦਰਬਾਰ ਵਿਚ ਬ੍ਰਾਹਮਣ ਸੰਸਕ੍ਰਿਤ ਨਹੀਂ ਸਨ ਬੋਲਦੇ ਕਿਉਂਕਿ ਦਰਬਾਰੀਆਂ ਨੂੰ ਸੰਸਕ੍ਰਿਤ ਬੋਲਣ ਦਾ ਅਭਿਆਸ ਨਹੀਂ ਸੀ ਅਤੇ ਨਾ ਹੀ ਉਹ ਸਾਹਿਤ ਰਚਨਾ ਕਰਨ ਦੇ ਅਧਿਕਾਰੀ ਸਨ। ਕਾਰਣ : ਲਗਭਗ ਸਾਰੇ ਦਰਬਾਰੀ ਖੱਤਰੀ ਹੁੰਦੇ ਸਨ। ਇਸ ਕਰਕੇ ਦਰਬਾਰ ਵਿਚ ਬ੍ਰਾਹਮਣ, ਬ੍ਰਾਹਮਣ ਨਾਲ ਵੀ ਸੰਸਕ੍ਰਿਤ ਵਿਚ ਗੱਲ ਨਹੀਂ ਸਨ ਕਰਦੇ। ਕਿਉਂਕਿ ਰਿਸ਼ੀ ਕੇਵਲ ਬ੍ਰਾਹਮਣ ਹੀ ਹੋ ਸਕਦੇ ਸਨ। ਇਸ ਕਰਕੇ ਬ੍ਰਾਹਮਣ ਹੀ ਸੰਸਕ੍ਰਿਤ ਵਿਚ ਗ੍ਰੰਥ ਰਚ ਕੇ ਆਪਣੇ ਵਿਚਾਰ ਪ੍ਰਗਟ ਕਰ ਸਕਦੇ ਸਨ। ਇਸ ਤਰਵਾਂ ਆਰੀਆ ਰਾਜਿਆਂ ਦੇ ਦਰਬਾਰਾਂ ਦੀ ਇਸ ਸਥਿਤੀ ਨੇ ਵੀ ਆਮ ਜਨਤਾ ਨੂੰ ਸੰਸਕ੍ਰਿਤ ਬੋਲਣ ਤੋਂ ਦੂਰ ਹੀ ਰੱਖਿਆ। ਸੋ ਰਾਜਿਆਂ ਦੇ ਦਰਬਾਰਾਂ ਕਾਰਣ ਵੀ ਸੰਸਕ੍ਰਿਤ ਭਾਸ਼ਾ ਦਾ ਇਲਾਕਾ ਵਿਕਸਿਤ ਨਹੀਂ ਹੋ ਸਕਿਆ।

4. ਆਰੀਆ ਵਿਦੇਸ਼ੀ ਸਨ। ਆਰੀਆਂ ਦੀਆਂ ਭਾਸ਼ਾਈ ਜ਼ਰੂਰਤਾਂ ਮੂਲ-ਨਿਵਾਸੀਆਂ ਦੀਆਂ ਭਾਸ਼ਾਈ ਜ਼ਰੂਰਤਾਂ ਨਾਲ ਮੇਲ ਨਹੀਂ ਸਨ ਖਾਂਦੀਆਂ। ਇਸ ਕਰਕੇ ਮੂਲ ਨਿਵਾਸੀਆਂ ਨੇ ਕਈ ਇਲਾਕਿਆਂ ਵਿੱਚ ਦੇਵਨਾਗਰੀ ਲਿਪੀ ਨੂੰ ਤਾਂ ਅਪਣਾ ਲਿਆ ਪਰ ਉਹਨਾਂ ਨੇ ਆਰੀਆਂ ਦੀ ਸੰਸਕ੍ਰਿਤ ਭਾਸ਼ਾ ਨੂੰ ਮੂਲੋਂ ਹੀ ਤਿਆਗ ਦਿੱਤਾ। ਇਸ ਤਰ੍ਹਾਂ ਆਰੀਆ ਦੀ ਸੰਸਕ੍ਰਿਤ ਭਾਸ਼ਾ ਦਾ ਕੋਈ ਖਾਸ ਇਲਾਕਾ ਵਿਕਸਤ ਨਾ ਹੋ ਸਕਿਆ।

5. ਆਰੀਆ ਦੀ ਸੰਸਕ੍ਰਿਤ ਭਾਸ਼ਾ ਕਿਸੇ ਖਾਸ ਇਲਾਕੇ ਵਿੱਚ ਇਸ ਕਾਰਣ ਵੀ ਵਿਕਸਤ ਨਾ ਹੋ ਸਕੀ ਕਿਉਂਕਿ ਮੂਲ ਨਿਵਾਸੀਆਂ ਦੇ ਸਾਹਿਤ ਵਿੱਚ ਨਿਰੂਪਤ ਬਰਾਬਰੀ ਇਨਸਾਫ, ਭਾਈਚਾਰਾ, ਆਜ਼ਾਦੀ ਦਾ ਸੰਕਲਪ, ਆਰੀਆ ਦੇ ਸੰਸਕ੍ਰਿਤ ਸਾਹਿਤ ਵਿੱਚ ਨਿਰੂਪਤ ਨਹੀਂ ਸੀ। ਇਸ ਕਰਕੇ ਕਿਸੇ ਇਲਾਕਾਈ ਸਮਾਜ ਦੀ ਭਾਵਾਤਮਕ ਏਕਤਾ ਵਿਕਸਤ ਨਾ ਹੋਣ ਕਰਕੇ ਸੰਸਕ੍ਰਿਤ ਭਾਸ਼ਾ ਵਾਲਾ ਇਲਾਕਾ ਵਿਕਸਤ ਨਾ ਹੋ ਸਕਿਆ।

ਪਰ ਸੰਸਕ੍ਰਿਤ ਭਾਸ਼ਾ ਦਾ ਕੋਈ ਖਾਸ ਇਲਾਕਾ ਵਿਕਸਤ ਨਾ ਹੋਣ ਦੇ ਬਾਵਜੂਦ ਆਰੀਆ ਦੀ ਸੰਸਕ੍ਰਿਤ ਭਾਸ਼ਾ ਦਾ ਹਜ਼ਾਰ ਕੁ ਸਾਲ ਤਕੜਾ ਬੋਲਬਾਲਾ ਰਿਹਾ। ਆਰੀਆ ਲੋਕ ਲਗਭਗ ਉੱਤਰੀ ਭਾਰਤ ਉਪਰ ਹਕੂਮਤ ਕਰਦੇ ਸਨ ਅਤੇ ਆਪਣੇ ਘਾਤਕ ਮਨੁੱਖਤਾ ਮਾਰੂ ਨਿਯਮਾਂ ਨਾਲ ਰਾਜ ਚਲਾ ਰਹੇ ਸਨ। ਪਰ ਜਦੋਂ ਨੌਵੀਂ ਦਸਵੀਂ ਸਦੀ ਵਿੱਚ ਆਰੀਆ/ਹਿੰਦੂਆਂ ਦਾ ਰਾਜ ਖੁਸਣਾ ਸ਼ੁਰੂ ਹੋਇਆ, ਸੰਸਕ੍ਰਿਤ ਭਾਸ਼ਾ ਦਾ ਵੀ ਬੋਲਬਾਲਾ ਖਤਮ ਹੋਣਾ ਸ਼ੁਰੂ ਹੋ ਗਿਆ। ਗਿਆਰਵੀਂ, ਬਾਰਵੀਂ ਸਦੀ ਈਸਵੀ ਤੱਕ ਹਿੰਦੂਆਂ ਦਾ ਰਾਜ ਲਗਭਗ ਖਤਮ ਹੋ ਗਿਆ ਅਤੇ ਨਾਲ ਦੀ ਨਾਲ ਸੰਸਕ੍ਰਿਤ ਵੀ ਖਤਮ ਹੋ ਗਈ। ਕਿਉਂਕਿ ਸੰਸਕ੍ਰਿਤ ਭਾਸ਼ਾ ਨੂੰ ਬੋਲਣ ਵਾਲਾ ਕੋਈ ਨਿਸਚਤ ਇਲਾਕਾ ਨਹੀਂ ਸੀ। ਪਰ ਦੇਵਨਾਗਰੀ ਲਿਪੀ ਅੱਜ ਤੱਕ ਪ੍ਰਚਲਤ ਹੈ। ਕਾਰਣ : ਦੇਵਨਾਗਰੀ ਲਿਪੀ ਦੇ ਜਨਮ ਅਤੇ ਵਿਕਾਸ ਵਿੱਚ ਮੂਲ ਨਿਵਾਸੀਆਂ ਦਾ ਜ਼ਿਆਦਾ ਯੋਗਦਾਨ ਹੈ, ਕਿਉਂਕਿ ਇੱਕ ਤਾਂ ਦੇਵਨਾਗਰੀ ਲਿਪੀ ਦਾ ਭਾਰਤ ਵਿੱਚ ਹੀ ਜਨਮ ਅਤੇ ਵਿਕਾਸ ਹੋਇਆ ਹੈ, ਦੂਜੇ ਮੂਲ ਨਿਵਾਸੀਆਂ ਦੀ ਬਹੁਗਿਣਤੀ ਨੇ ਇਸ ਨੂੰ ਅਪਣਾ ਲਿਆ ਸੀ। ਇਸ ਕਰਕੇ ਦੇਵਨਾਗਰੀ ਲਿਪੀ ਕੇਵਲ ਆਰੀਆਂ ਨੇ ਹੀ ਨਹੀਂ ਸੀ ਅਪਣਾਈ ਇਸ ਨੂੰ ਉੱਤਰੀ ਭਾਰਤ ਦੇ ਕੁਝ ਇਲਾਕਿਆਂ ਦੇ ਮੂਲ ਨਿਵਾਸੀਆਂ ਨੇ ਵੀ ਅਪਣਾਇਆ ਸੀ। ਪਰ ਯਕੀਨਨ ਮੂਲ ਨਿਵਾਸੀਆਂ ਦੀ ਭਾਸ਼ਾ ਸੰਸਕ੍ਰਿਤ ਨਹੀਂ ਸੀ। ਜਿਸ ਕਾਰਣ ਅੱਜ ਇਕਵੀਂ ਸਦੀ ਈਸਵੀ ਵਿੱਚ ਵੀ ਦੇਵਨਾਗਰੀ ਜਿੰਦਾ ਹੈ। ਪਰ ਸਪਸ਼ਟ ਹੈ ਕਿ ਦੇਵਨਾਗਰੀ ਜਿੰਦਾ ਰਹਿਣ ਦਾ ਕਾਰਣ ਆਰੀਆ ਲੋਕ ਨਹੀਂ ਹਨ, ਕੇਵਲ ਤੇ ਕੇਵਲ ਇਥੋਂ ਦੇ ਮੂਲ ਨਿਵਾਸੀ ਹੀ ਹਨ। ਪਰ ਮੂਲ ਨਿਵਾਸੀਆਂ ਨੇ ਸੰਸਕ੍ਰਿਤ ਭਾਸ਼ਾ ਨੂੰ ਸਦਾ ਸਦਾ ਲਈ ਤਿਆਗ ਦਿੱਤਾ ਕਿਉਂਕਿ ਆਰੀਆ ਦੇ ਹੀ ਘਾਤਕ ਮਨੁੱਖਤਾ ਮਾਰੂ ਨਿਯਮਾਂ ਕਾਰਣ ਭਾਰਤ ਦੇ ਮੂਲ ਨਿਵਾਸੀਆਂ ਨੂੰ ਸੰਸਕ੍ਰਿਤ ਤਿਆਗਣ ਲਈ ਮਜ਼ਬੂਰ ਹੋਣਾ ਪਿਆ। ਇਸ ਤਰ੍ਹਾਂ ਸੰਸਕ੍ਰਿਤ ਭਾਸ਼ਾ ਸਦਾ ਸਦਾ ਲਈ ਮਰ ਗਈ।

ਜਿਵੇਂ ਆਰੀਆਂ ਦੇ ਘਿਨਾਉਣੇ, ਘਾਤਕ ਮਨੁੱਖਤਾ ਮਾਰੂ ਨਿਯਮਾਂ ਕਾਰਣ

ਸੰਸਕ੍ਰਿਤ ਭਾਸ਼ਾ ਸਦਾ ਸਦਾ ਲਈ ਮਰ ਗਈ ਹੈ ਉਸੇ ਤਰ੍ਹਾਂ ਇਨ੍ਹਾਂ ਘਿਨਾਉਣ, ਘਾਤਕ ਮਨੁਖਤਾ ਮਾਰੂ ਨਿਯਮਾਂ ਕਾਰਣ ਦੇਵਨਾਗਰੀ ਲਿਪੀ ਵੀ ਆਪਣੀ ਅਸਲੀ ਹਾਲਤ ਵਿੱਚ ਕਾਇਮ ਨਹੀਂ ਰਹਿ ਸਕੀ। ਗੁਰੂ ਰਵਿਦਾਸ ਜੀ ਨੇ ਦੇਵਨਾਗਰੀ ਦੇ ਚੌਂਤੀ ਅੱਖਰ ਦੱਸ ਕੇ ਸਾਬਤ ਕਰ ਦਿੱਤਾ ਹੈ ਕਿ ਦੇਵਨਾਗਰੀ ਦੇ ਬਵੰਜਾ ਅੱਖਰਾਂ ਦੀ ਸਾਹਿਤ ਰਚਨਾ ਲਈ ਲੋੜ ਨਹੀਂ ਹੈ। ਸਹਿਤ ਰਚਨਾ ਲਈ ਤਾਂ ਕੇਵਲ ਚੌਂਤੀ ਅਖਰ ਹੀ ਲੋੜੀਂਦੇ ਹਨ।

ਉਪਰੋਕਤ ਸਮੁੱਚੀ ਚਰਚਾ ਤੋਂ ਦ੍ਰਿੜ ਹੋ ਗਿਆ ਹੈ ਕਿ :

1. ਦੁਨਿਆ ਵਿੱਚ ਪ੍ਰਚਲਤ ਲਿਪੀਆਂ ਦੀ ਸਿਰਜਣਾ ਬੁਨਿਆਦੀ ਤੌਰ ਤੇ ਸਿੰਧੂਘਾਟੀ ਦੇ ਮੂਲ ਨਿਵਾਸੀਆਂ ਨੇ ਕੀਤੀ, ਜਿਨ੍ਹਾਂ ਨੂੰ ਇਕੀਵੀਂ ਸਦੀ ਈਸਵੀ ਵਿੱਚ ਸੂਦਰ/ਅਛੂਤ ਕਿਹਾ ਜਾਂਦਾ ਹੈ।

2. "ਸਿੰਧੂ-ਘਾਟੀ ਦੀ ਵਿਕਸਤ ਲਿਪੀ" ਦੀ ਸਿਰਜਣਾਂ ਮੂਲ-ਨਿਵਾਸੀ ਅਛੂਤਾਂ/ਸੂਦਰਾਂ ਨੇ ਕੀਤੀ ਹੈ। ਆਰੀਆਂ ਨੇ ਇਸ ਲਿਪੀ ਨੂੰ ਵਧਾ ਸੰਵਾਰ ਕੇ ਬ੍ਰਹਮੀ ਲਿਪੀ ਦਾ ਨਾਮ ਦੇ ਦਿੱਤਾ ਹੈ।

3. ਗੁਰੂ ਰਵਿਦਾਸ ਜੀ ਨੇ ਪੰਦਰਵੀ ਸਦੀ ਈਸਵੀ ਵਿੱਚ ਬ੍ਰਹਮੀ ਲਿਪੀ ਤੋਂ ਵਿਕਸਤ ਹੋਈ ਦੇਵਨਾਗਰੀ ਲਿਪੀ ਦੇ ਵਾਧੇ ਨੂੰ ਰੱਦ ਕਰਕੇ ਲਗਭਗ ਸਿੰਧੂ-ਘਾਟੀ ਦੀ ਵਿਕਸਤ ਲਿਪੀ ਦੇ ਅਨੁਸਾਰੀ ਚੌਂਤੀ ਅੱਖਰਾਂ ਨੂੰ ਹੀ ਪ੍ਰਵਾਨ ਕੀਤਾ ਹੈ। ਪ੍ਰਾਕ੍ਰਿਤਾਂ ਅਤੇ ਮਾਪ ਗ੍ਰੰਥਾਂ ਵਿਚ "ੜ" ਅੱਖਰ ਮੌਜੂਦ ਸੀ, ਪਰ ਸੰਸਕ੍ਰਿਤ ਭਾਸ਼ਾ ਵਿਚ ਇਸ ਦੀ ਅਣਹੋਂਦ ਸੀ। ਜਿਸ ਨੂੰ ਅੱਜ ਦੇ ਭਾਸ਼ਾ ਵਿਗਿਆਨੀਆਂ ਨੇ ਮਾਨਤਾ ਦੇਕੇ ਗੁਰੂ ਰਵਿਦਾਸ ਜੀ ਦੇ ਫੈਸਲੇ ਨੂੰ ਪ੍ਰਵਾਨ ਕਰਕੇ ਚੌਂਤੀ ਅੱਖਰੀ ਲਿਪੀ ਨੂੰ ਵਿਗਿਆਨਕ ਹੋਂਣਾ ਪ੍ਰਵਾਨ ਕਰ ਲਿਆ ਹੈ। ਇਹ ਚੌਂਤੀ ਅੱਖਰ ਕਿਹੜੇ ਹਨ, ਇਸ ਨੂੰ ਅਸੀਂ ਅਗਲੇ ਲੇਖ "ਗੁਰੂ ਰਵਿਦਾਸ ਭਾਸ਼ਾ ਵਿਗਿਆਨੀ" ਵਿੱਚ ਸਪਸ਼ਟ ਕਰਦੇ ਹਾਂ।

ਸੋ ਸੂਦਰਾਂ/ਅਛੂਤਾਂ ਨੇ ਹੀ ਦੁਨੀਆਂ ਨੂੰ ਲਿਪੀਆਂ ਪ੍ਰਦਾਨ ਕੀਤੀਆਂ ਅਤੇ ਉਨ੍ਹਾਂ ਹੀ ਨੇ ਦੇਵਨਾਗਰੀ ਲਿਪੀ ਵਿੱਚ ਮੁੜ ਸੁਧਾਰ ਕਰਕੇ ਵਿਗਿਆਨਕ ਬਣਾਇਆ। ਇਹ ਸੂਦਰਾਂ/ਅਛੂਤਾਂ ਦੀ ਮਹਾਨਤਮ ਪ੍ਰਾਪਤੀ ਹੈ।

ਗੁਰੂ ਰਵਿਦਾਸ ਜੀ ਭਾਸ਼ਾ ਵਿਗਿਆਨੀ

ਗੁਰੂ ਰਵਿਦਾਸ ਜੀ ਆਪਣੇ ਸਮੇਂ ਦੇ ਉੱਚ ਦਰਜੇ ਦੇ ਭਾਸ਼ਾ ਵਿਗਿਆਨੀ ਸਨ। ਉਨ੍ਹਾਂ ਨੇ "ਰਾਗੁ ਸੋਰਠਿ ਅਤੇ ਰਾਗ ਮਾਰੂ" ਵਿੱਚ ਦਰਜ ਸ਼ਬਦ "ਸੁਖ ਸਾਗਰੁ ਸੁਰਿਤਰੁ ਚਿੰਤਾਮਨਿ" ਵਿੱਚ ਦੇਵਨਾਗਰੀ ਦੇ ਬਵੰਜਾ ਅੱਖਰਾਂ ਵਿੱਚ ਲਿਖੇ ਸਾਹਿਤ ਨੂੰ ਚੌਂਤੀ ਅੱਖਰਾਂ ਵਿੱਚ ਲਿਖਿਆ ਦੱਸਕੇ ਇੱਕ ਵਿਗਿਆਨਕ ਸੱਚ ਨੂੰ ਉਜਾਗਰ ਕੀਤਾ ਹੈ। ਉਨ੍ਹਾਂ ਨੇ ਦ੍ਰਿੜ ਕੀਤਾ ਹੈ ਕਿ ਦੇਵਨਾਗਰੀ ਲਿਪੀ ਦੇ ਕੇਵਲ ਚੌਂਤੀ ਅੱਖਰ ਹੀ ਹਨ ਬਵੰਜਾ ਨਹੀਂ। ਬਾਕੀ ਦੇ ਅਠਾਰ੍ਹਾਂ ਅੱਖਰ ਅਤੇ ਸ਼ੂਰ ਇਨ੍ਹਾਂ ਚੌਂਤੀ ਅੱਖਰਾਂ ਵਿੱਚੋਂ ਹੀ ਬਣੇ ਹਨ (ਇਹ ਨੁਕਤਾ ਅੱਗੇ ਜਾਕੇ ਸਪਸ਼ਟ ਹੋ ਜਾਵੇਗਾ) ਜਿਨ੍ਹਾਂ ਤੋਂ ਬਿਨਾਂ ਸਾਹਿਤ ਦੀ ਰਚਨਾ ਹੋ ਸਕਦੀ ਹੈ। ਉਦਾਹਰਣ ਵਜੋਂ ਪਾਲੀ ਪ੍ਰਾਕ੍ਰਿਤ ਦੀ ਲਿਪੀ ਦੇ ਪੈਂਤੀ ਅੱਖਰ ਹਨ, ਸਮੇਤ 'ੜ' ਦੇ, ਜਿਹੜਾ ਦੇਵ ਨਾਗਰੀ ਲਿਪੀ ਵਿੱਚ ਉਪਲਬਧ ਨਹੀਂ ਹੈ। ਪਾਲੀ ਵਿੱਚ ਸਫ਼ਲਤਾ ਪੂਰਵਕ ਸਾਹਿਤ ਰਚਨਾ ਹੋਈ ਹੈ। ਬੁੱਧ ਧਰਮ ਦੇ ਗ੍ਰੰਥ ਪਾਲੀ ਵਿੱਚ ਹੀ ਰਚੇ ਗਏ ਹਨ। ਅਪਭ੍ਰੰਸ਼ ਲਿਪੀਆਂ ਦੇ ਵੀ ਪੈਂਤੀ ਅੱਖਰ ਹੀ ਹਨ 'ੜ' ਸਮੇਤ। ਬ੍ਰਹਮੀ ਲਿਪੀ ਤੋਂ ਵਿਕਸਿਤ ਪ੍ਰਾਕ੍ਰਿਤ ਲਿਪੀਆਂ ਅਤੇ ਫਿਰ ਅਪਭ੍ਰੰਸ਼ ਲਿਪੀਆਂ ਤੋਂ ਹੀ ਅੱਜ ਦੀ ਸ਼ਾਰਦਾ, ਟਾਕਰੀ, ਗੁਰਮੁਖੀ ਆਦਿ ਲਿਪੀਆਂ ਦਾ ਵਿਕਾਸ ਹੁੰਦਾ ਹੈ। ਇਨ੍ਹਾਂ ਲਿਪੀਆਂ ਰਾਹੀਂ ਰਚੇ ਗਏ ਸਾਹਿਤ ਦੀ ਭਾਸ਼ਾ ਨੂੰ ਖੜੀ ਬੋਲੀ ਦਾ ਨਾਮ ਦਿੱਤਾ ਗਿਆ ਹੈ। ਦਰਅਸਲ ਪੰਜਾਬ ਦੀਆਂ ਸ਼ਾਰਦਾ, ਟਾਕਰੀ, ਗੁਰਮੁੱਖੀ, ਆਦਿ ਲਿਪੀਆਂ ਦਾ ਮੁੱਢ ਸ੍ਰੋਤ ਫਿਨੀਸ਼ਨ ਲਿਪੀ ਹੈ, ਜਿਸ ਨੂੰ ਭਾਰਤ ਦੇ ਮੂਲ ਨਿਵਾਸੀ ਲੈਕੇ ਆਏ। ਜਿਸ ਨੂੰ ਅਸੀਂ 'ਸਿੰਧੂ ਘਾਟੀ ਦੀ ਵਿਕਸਤ ਲਿਪੀ' ਦਾ ਨਾਮ ਦਿੱਤਾ ਹੈ ਇਸ ਤੋਂ ਪਿੱਛੋਂ ਦੀਆਂ ਪਾਲੀ, ਪ੍ਰਾਕ੍ਰਿਤਾਂ ਤੋਂ ਲੈਕੇ ਇਕੀਵੀਂ ਸਦੀ ਦੀਆਂ ਉਪਰੋਕਤ ਅਤੇ ਹੋਰ ਲਿਪੀਆਂ ਦੇ ਅੱਖਰਾਂ ਦੀ ਗਿਣਤੀ ਲਗਭਗ ਚੌਂਤੀ ਹੈ। ਇਸ ਆਧਾਰ ਤੇ ਅਸੀਂ ਬੇਝਿਜਕ ਇਸ ਸਿੱਟੇ ਤੇ ਪੁੱਜੇ ਹਾਂ ਕਿ 'ਸਿੰਧੂ ਘਾਟੀ ਦੀ ਵਿਕਸਤ ਲਿਪੀ' ਦੇ ਵੀ ਚੌਂਤੀ ਅੱਖਰ ਹੀ ਸਨ। ਇਨ੍ਹਾਂ ਚੌਂਤੀ ਅੱਖਰਾਂ ਨੂੰ ਹੀ ਵਧਾ ਸੰਵਾਰ ਕੇ ਆਰੀਆਂ ਨੇ ਇਸ ਲਿਪੀ ਨੂੰ ਬ੍ਰਹਮੀ ਲਿਪੀ ਦਾ ਨਾਮ ਦਿੱਤਾ। ਇਸ ਬ੍ਰਹਮੀ ਲਿਪੀ ਤੋਂ ਹੀ ਉਪਰੋਕਤ ਲਿਪੀਆਂ ਵਿਕਸਤ ਹੋਇਆਂ ਹਨ।

ਮਹਾਨ ਭਾਸ਼ਾ ਵਿਗਿਆਨੀ ਸ੍. ਜੀ.ਬੀ. ਸਿੰਘ ਉਪਰੋਕਤ ਵਿਚਾਰ ਦੀ ਦ੍ਰਿੜਤਾ ਨਾਲ ਪ੍ਰੋੜਤਾ ਕਰਦੇ ਲਿਖਦੇ ਹਨ:

> "ਨਤੀਜਾ ਇਹ ਨਿਕਲਿਆ ਕਿ ਪੰਜਾਬ ਦੀਆਂ ਸਭੇ ਲਿਪੀਆਂ ਹੁਣ ਵਾਲੀ ਦੇਵਨਾਗਰੀ ਨਾਲੋਂ ਅਸਲ ਮੁੱਢ ਦੇ ਵਧੀਕ ਨੇੜੇ ਹਨ, ਅਤੇ ਗੁਰਮੁਖੀ ਅਤੇ ਟਾਕਰੀ ਹੋਰ ਵੀ ਨੇੜੇ। ਤਾਂ ਤੇ ਇਹ ਪ੍ਰਤੱਖ ਹੈ ਕਿ ਗੁਰਮੁੱਖੀ ਇਕ ਪੁਰਾਣੀ ਵਰਣਮਾਲਾ ਹੈ, ਜਿਸ ਵਿੱਚ ਜੋ ਫਰਕ ਪਿਆ ਉਹ ਬਹੁਤ ਥੋੜਾ ਹੈ।" [1]

ਲਿਪੀ ਦੀ ਉਤਪਤੀ ਅਤੇ ਵਿਕਾਸ ਉਸਦੇ ਆਪਣੇ ਸਮਾਜ ਅਤੇ ਭੂਗੋਲਿਕ ਇਕਾਈ ਦੇ ਵਾਤਾਵਰਣ ਅਨੁਸਾਰ ਹੁੰਦਾ ਹੈ। ਦੇਵਨਾਗਰੀ ਲਿਪੀ ਵੀ ਇੱਕ ਖਾਸ ਸਮਾਜ ਅਤੇ ਭੂਗੋਲਿਕ ਇਕਾਈ ਦੀ ਉਪਜ ਹੈ। ਪਰ ਸਮਾਂ ਪੈਣ ਨਾਲ ਆਰੀਆਂ ਨੇ ਇਸ ਸਮਾਜ ਨੂੰ ਜਾਤਾਂ ਵਿੱਚ ਵੰਡ ਦਿੱਤਾ—ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ। ਇਹ ਵੰਡਿਆ ਹੋਇਆ ਸਮਾਜ ਬ੍ਰਾਹਮਣ ਪ੍ਰਧਾਨ ਸਮਾਜ ਬਣ ਗਿਆ। ਇਸ ਵੰਡ ਅਨੁਸਾਰ ਬ੍ਰਾਹਮਣ ਨੇ ਹੀ ਵਿਦਿਆ ਪੜ੍ਹਨ, ਪੜ੍ਹਾਣ ਦਾ ਕੰਮ ਵੀ ਸੰਭਾਲ ਲਿਆ। ਇਸ ਤਰ੍ਹਾਂ ਦੇਵਨਾਗਰੀ ਲਿਪੀ ਬ੍ਰਾਹਮਣ ਸਮਾਜ ਦੀ ਹੀ ਉਪਜ ਬਣਕੇ ਰਹਿ ਗਈ। ਇਸ ਕਾਰਣ ਬ੍ਰਾਹਮਣ ਹੀ ਦੇਵਨਾਗਰੀ ਦੇ ਬਵੰਜਾ ਅੱਖਰਾਂ ਦਾ ਸਹੀ ਉਚਾਰਣ ਕਰ ਸਕਦਾ ਸੀ। ਖੱਤਰੀ ਯੋਧਾ ਸੀ ਅਤੇ ਵੈਸ਼ ਬਾਣੀਆ ਸੀ ਜਾਂ ਜੱਟ। ਇਸ ਕਰਕੇ ਇਨ੍ਹਾਂ ਨੂੰ ਭਾਸ਼ਾ ਦੇ ਉਚਾਰਣ ਦੀਆਂ ਬਰੀਕੀਆਂ ਨਾਲ ਬਹੁਤਾ ਸਰੋਕਾਰ ਨਹੀਂ ਸੀ।

ਸ਼ੂਦਰ ਨੂੰ ਵਿਦਿਆ ਪੜ੍ਹਨ ਦੀ ਉੱਕਾ ਹੀ ਮਨਾਹੀ ਸੀ। ਉਹ ਨਾ ਵੇਦ ਸੁਣ ਸਕਦਾ ਸੀ ਅਤੇ ਨਾ ਹੀ ਉਸ ਨੂੰ ਪੜ੍ਹਨ ਦੀ ਆਗਿਆ ਸੀ। ਇਸ ਦੀ ਕੁਤਾਹੀ ਕਾਰਣ ਉਸ ਨੂੰ ਮੌਤ ਦੀ ਸਜ਼ਾ ਮਿਲਦੀ ਸੀ। ਇਸ ਲਈ ਉਹ ਸੰਸਕ੍ਰਿਤ ਭਾਸ਼ਾ ਦਾ ਉਚਾਰਣ ਬਿਲਕੁਲ ਨਹੀਂ ਸੀ ਕਰ ਸਕਦਾ।

ਇਸ ਤਰ੍ਹਾਂ ਆਮ ਲੋਕ ਦੇਵਨਾਗਰੀ ਲਿਪੀ ਨਾਲੋਂ ਟੁੱਟੇ ਹੋਏ ਸਨ। ਲੋਕਾਂ ਦੇ ਇਸ ਲਿਪੀ ਨਾਲੋਂ ਟੁੱਟਣ ਦਾ ਸਭ ਤੋਂ ਵੱਡਾ ਕਾਰਣ ਸਮਾਜ ਦੇ ਬਹੁਤ ਵੱਡੇ ਵਰਗ ਨੂੰ ਬੋਲ-ਚਾਲ ਵਾਸਤੇ ਨਿੱਤ ਦੇ ਕਾਰ-ਵਿਹਾਰ ਲਈ ਵਰਤੋਂ ਕਰਨ ਦੀ ਮਨਾਹੀ ਸੀ। ਸ਼ੂਦਰ ਨੂੰ ਸੰਸਕ੍ਰਿਤ ਭਾਸ਼ਾ ਬੋਲਣ ਦੀ ਮਨਾਹੀ ਸੀ ਅਤੇ ਉਸਨੂੰ ਖੜੀ ਬੋਲੀ ਬੋਲਣ ਤੇ ਮਜ਼ਬੂਰ ਕੀਤਾ ਗਿਆ। ਇਸ ਕਾਰਣ ਸ਼ੂਦਰ ਦੇਵਨਾਗਰੀ ਲਿਪੀ ਦੇ ਅੱਖਰਾਂ ਦਾ ਸੂਖਮ ਉਚਾਰਣ ਨਹੀਂ ਸੀ ਕਰ ਸਕਦਾ। ਵੈਸ਼ ਨੂੰ ਹੇਠਲੇ ਅਤੇ ਉਪਰਲੇ ਵਰਗ ਨਾਲ ਵਰਤਣਾ ਪੈਂਦਾ ਸੀ, ਇਸ ਕਰਕੇ ਉਨ੍ਹਾਂ ਦਾ ਉਚਾਰਣ ਵੀ ਬ੍ਰਾਹਮਣ ਵਰਗਾ ਸੂਖਮ ਨਹੀਂ ਸੀ। ਖਤਰੀ ਦਾ ਉਚਾਰਣ ਵੀ ਮਿਲਗੋਭਾ ਹੀ ਸੀ। ਕਿਉਂਕਿ ਖਤਰੀ ਦਾ ਕੰਮ ਲੜਨਾ ਸੀ, ਇਸ ਕਰਕੇ ਖੜੀ ਬੋਲੀ ਦੀ ਵਰਤੋਂ ਉਹ ਵਧੇਰੇ ਕਰਦਾ ਸੀ। ਕਾਰਣ : ਖੜੀ ਬੋਲੀ ਦੇ ਸ਼ਬਦ ਖੜਕਵੇਂ ਹਨ ਅਤੇ ਲੜਾਕੂ ਦੇ ਸੁਭਾ ਦੇ ਅਨੁਕੂਲ ਹਨ। ਇਸ ਕਰਕੇ ਖੜੀ ਬੋਲੀ ਦੀ ਵਰਤੋਂ ਕਾਰਣ ਖਤਰੀ ਦਾ ਉਚਾਰਣ ਵੀ ਸ਼ੁੱਧ ਨਹੀਂ ਸੀ।

---

1. ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ - ਪੰਨਾ : ੭੭

ਸਿੱਟੇ ਵਜੋਂ ਦੇਵਨਾਗਰੀ ਲਿਪੀ ਕੇਵਲ ਬ੍ਰਾਹਮਣ ਦੀ ਹੀ ਇਜ਼ਾਰੇਦਾਰੀ ਬਣ ਗਈ। ਸੂਖਮ ਉਚਾਰਣ ਹੋਣ ਕਰਕੇ ਕਈ ਸੂਖਮ ਧੁਨੀਆਂ ਵੀ ਹੋਂਦ ਵਿੱਚ ਆ ਗਈਆਂ, ਜਿਸ ਦਾ ਆਮ ਵਿਅਕਤੀ ਉਚਾਰਣ ਹੀ ਨਹੀਂ ਸੀ ਕਰ ਸਕਦਾ। ਡਾ. ਕਾਲਾ ਸਿੰਘ ਬੇਦੀ ਦਾ ਵੀ ਇਹੋ ਵਿਚਾਰ ਹੈ। ਉਹ ਲਿਖਦੇ ਹਨ,

> "ਸੰਸਕ੍ਰਿਤ ਦੇ ਸੰਯੁਕਤ ਅੱਖਰ ਉੱਚ ਸਮਾਜ ਦੇ ਉਚਾਰਣ ਵਿੱਚ ਜ਼ਿਆਦਾਤਰ ਠੀਕ ਉਭਰਦੇ ਹਨ।" [1]

ਇਨ੍ਹਾਂ ਕਾਰਣਾਂ ਕਰਕੇ ਦੇਵਨਾਗਰੀ ਲਿਪੀ, ਦੇਵਤਿਆਂ ਭਾਵ ਬ੍ਰਾਹਮਣਾਂ ਦੀ ਹੀ ਲਿਪੀ ਬਣ ਕੇ ਰਹਿ ਗਈ ਸੀ ਅਤੇ ਬਾਕੀ ਸਮਾਜ ਲਿਪੀ ਪੱਖੋਂ ਦੇਵਨਾਗਰੀ ਨਾਲੋਂ ਲਗਭਗ ਟੁੱਟ ਹੀ ਚੁੱਕਾ ਸੀ। ਇਹੋ ਹੀ ਕਾਰਣ ਸੀ ਕਿ ਆਮ ਲੋਕਾਂ ਵਿੱਚ ਇੱਕ ਨਵੀਂ ਭਾਸ਼ਾ ਖੜੀ ਬੋਲੀ ਦਾ ਜਨਮ ਹੋ ਰਿਹਾ ਸੀ ਅਤੇ ਇਸ ਭਾਸ਼ਾ ਨੂੰ ਲਿਖਤੀ ਰੂਪ ਦੇਣ ਲਈ ਇੱਕ ਨਵੀਂ ਲਿਪੀ ਦਾ ਵੀ ਜਨਮ ਹੋ ਰਿਹਾ ਸੀ ਅਤੇ ਬੜੀ ਤੇਜ਼ੀ ਨਾਲ ਪ੍ਰਾਕ੍ਰਿਤ ਭਾਸ਼ਾਵਾਂ ਦਾ ਅਤੇ ਇਸ ਪਿਛੋਂ ਅਪਭ੍ਰੰਸ਼ ਭਾਸ਼ਾਵਾਂ ਦਾ ਵਿਕਾਸ ਹੋ ਰਿਹਾ ਸੀ। ਪਰ ਅਜੇ ਆਧੁਨਿਕ ਭਾਸ਼ਾਵਾਂ ਆਪਣੇ ਪੂਰਨ ਰੂਪ ਵਿੱਚ ਵਿਕਸਤ ਨਹੀਂ ਸਨ ਹੋ ਸਕੀਆਂ।

ਇਸੇ ਵਿਕਾਸ ਅਧੀਨ ਗੁਰੂ ਰਵਿਦਾਸ ਜੀ ਨੇ ਦੇਵਨਾਗਰੀ ਲਿਪੀ ਦਾ ਸੁਧਾਰ ਕਰਕੇ ਇੱਕ ਨਵੀਂ ਲਿਪੀ ਦੀ ਵਿਉਂਤਬੰਦੀ ਕੀਤੀ। ਜਿਹੜੇ ਵਿਦਵਾਨ ਇਸ ਤੱਥ (Fact) ਨੂੰ ਗੁਰੂ ਅੰਗਦ ਦੇਵ ਜੀ ਨਾਲ ਜੋੜਦੇ ਹਨ ਉਹ ਸਹੀ ਨਹੀਂ ਹਨ ਕਿਉਂਕਿ ਉਨ੍ਹਾਂ ਨੇ ਆਪਣੀ ਰਚੀ ਬਾਣੀ ਵਿੱਚ ਕਿੱਧਰੇ ਵੀ ਇਸ ਦਾ ਜ਼ਿਕਰ ਨਹੀਂ ਕੀਤਾ ਜਿਵੇਂ ਗੁਰੂ ਰਵਿਦਾਸ ਜੀ ਨੇ ਕੀਤਾ ਹੈ। ਸੋ ਇਹ ਪਰਪੱਕ ਤੌਰ ਤੇ ਦ੍ਰਿੜ ਹੋ ਗਿਆ ਹੈ ਕਿ ਗੁਰੂ ਰਵਿਦਾਸ ਜੀ ਨੇ ਇੱਕ ਨਵੀਂ ਲਿਪੀ ਦੀ ਵਿਉਂਤਬੰਦੀ ਕੀਤੀ, ਜਿਹੜੀ ਵਿਕਾਸ ਕਰਦੀ ਹੋਈ ਗੁਰਮੁਖੀ ਲਿਪੀ ਦੇ ਰੂਪ ਵਿੱਚ ਪ੍ਰਗਟ ਹੋਈ। ਭਾਵੇਂ ਗੁਰਮੁਖੀ ਅੱਖਰਾਂ ਦੀ ਬਣਤਰ ਦੇਵਨਾਗਰੀ ਲਿਪੀ ਤੋਂ ਪੁਰਾਣੀ ਸਿੱਧ ਹੁੰਦੀ ਹੈ ਪਰ ਪੰਜ ਅੱਖਰਾਂ ਦੀ ਤਰਤੀਬ ਤੋਂ ਬਿਨ੍ਹਾਂ, ਗੁਰਮੁਖੀ ਦੇ ਚੌਂਤੀ ਅੱਖਰਾਂ ਦੀ ਤਰਤੀਬ ਨਾਲ ਸਮਾਨਤਾ ਰਖਦੀ ਹੈ। ਇਸ ਤਰ੍ਹਾਂ ਡਾ. ਕਾਲਾ ਸਿੰਘ ਬੇਦੀ ਅਤੇ ਹੋਰ ਭਾਸ਼ਾ ਵਿਗਿਆਨੀਆਂ ਦਾ ਇਹ ਦਾਅਵਾ ਵੀ ਰੱਦ ਹੋ ਜਾਂਦਾ ਹੈ ਕਿ—

> "ਇਹ ਲਿਪੀ ਜਿਹੜੀ ਗੁਰਮੁਖੀ ਲਿਪੀ ਦਾ ਪੁਰਾਣਾ ਰੂਪ ਸੀ ਜਦ ਸ੍ਰੀ ਗੁਰੂ ਅੰਗਦ ਦੇਵ (੧੫੩੯-੧੫੫੨ ਈਸਵੀ) ਤੱਕ ਪਹੁੰਚਦੀ ਹੈ, ਉਨ੍ਹਾਂ ਨੇ ਦੇਵਨਾਗਰੀ ਲਿਪੀ ਦੇ ਸਹਾਰੇ ਇਸ ਵਿੱਚ ਸੁਧਾਰ ਕੀਤਾ ਤੇ ਇਸ ਦਾ ਨਾਂ ਅੱਗੇ ਚੱਲਕੇ ਗੁਰਮੁਖੀ ਪਿਆ।" [2]

---

1. ਪੰਜਾਬੀ ਭਾਸ਼ਾ ਵਿਗਿਆਨ - ਪੰਨਾ : ੨੯੦

2. ਓਹੀ - ਪੰਨਾ : ੨੯੭

ਡਾ. ਕਾਲਾ ਸਿੰਘ ਬੇਦੀ ਦੇਵਨਾਗਰੀ ਲਿਪੀ ਦੇ ਜਿਹੜੇ ਅੱਖਰਾਂ ਦੀ ਗਲ ਕਰਦੇ ਹਨ ਅਤੇ ਜਿਹੜੇ ਅੱਗੇ ਚਲਕੇ ਗੁਰਮੁਖੀ ਲਿਪੀ ਦਾ ਨਾਮ ਗ੍ਰਹਿਣ ਕਰਦੇ ਹਨ, ਉਨ੍ਹਾਂ ਹੀ ਅੱਖਰਾਂ ਨੂੰ ਗੁਰੂ ਰਵਿਦਾਸ ਜੀ ਨੇ ਉਨ੍ਹਾਂ ਤੋਂ ਢੇਰ ਚਿਰ ਪਹਿਲਾਂ ਨਿਖੇੜ ਕਰਕੇ ਉਸ ਲਿਪੀ ਦੇ ਚੌਂਤੀ ਅੱਖਰ ਹੋਣ ਦਾ ਵੀ ਐਲਾਨ ਕਰ ਦਿੱਤਾ ਸੀ। (ਉਹ ਅੱਖਰ ਕਿਹੜੇ ਹਨ, ਇਸ ਦਾ ਅੱਗੇ ਚਲ ਕੇ ਜ਼ਿਕਰ ਕਰਾਂਗੇ।)

ਸੋ ਦੇਵਨਾਗਰੀ ਲਿਪੀ ਦਾ ਸੁਧਾਰ ਕਰਕੇ ਗੁਰੂ ਰਵਿਦਾਸ ਜੀ ਨੇ ਚੌਂਤੀ ਅੱਖਰ ਨਿਖੇੜੇ ਸਨ, ਐਨੇ ਅੱਖਰ ਹੀ ਪਾਲੀ ਵਰਣਮਾਲਾ ਦੇ ਹਨ ਅਤੇ ਐਨੇ ਹੀ ਅੱਖਰ ਅਪਭ੍ਰੰਸ਼ ਵਰਣਮਾਲਾ ਦੇ ਹਨ, ਜਿਨ੍ਹਾਂ ਵਿੱਚੋਂ ਗੁਰਮੁਖੀ ਲਿਪੀ ਦਾ ਵਿਕਾਸ ਹੁੰਦਾ ਹੈ। ਪ੍ਰਾਕ੍ਰਿਤਾਂ ਅਤੇ ਅਪ੍ਭੰਸ਼ਾਂ ਖੜੀ ਬੋਲੀ ਦਾ ਪ੍ਰਤੀਕ ਹਨ। ਇਸ ਕਾਰਣ ਪ੍ਰਾਕ੍ਰਿਤਾਂ ਅਤੇ ਅਪਭ੍ਰੰਸ਼ਾਂ ਦੀ ਵਰਣਮਾਲਾ ਵਿੱਚ ਖੜਕਵਾਂ ਅੱਖਰ 'ੜ' ਵੀ ਵਿਰਾਜਮਾਨ ਹੈ। ਕਿਉਂਕਿ ਗੁਰਮੁਖੀ ਵਰਣਮਾਲਾ ਦਾ ਵਿਕਾਸ ਵੀ ਇਨ੍ਹਾਂ ਤੋਂ ਹੀ ਹੋਇਆ ਹੈ ਇਸ ਕਰਕੇ ਇਸ ਵਿੱਚ ਵੀ 'ੜ' ਅੱਖਰ ਵਿਰਾਜਮਾਨ ਹੈ। ਇਸ ਲਈ ਇਨ੍ਹਾਂ ਸਾਰੀਆਂ ਲਿਪੀਆਂ ਦੀ ਵਰਣਮਾਲਾ ਵਿੱਚ 'ੜ' ਸ਼ਾਮਲ ਹੋਣ ਕਰਕੇ ਇਨ੍ਹਾਂ ਦੇ ਅੱਖਰਾਂ ਦੀ ਗਿਣਤੀ ਪੈਂਤੀ ਬਣ ਜਾਂਦੀ ਹੈ।

ਗੁਰੂ ਰਵਿਦਾਸ ਜੀ ਦਰਅਸਲ ਦੇਵਨਾਗਰੀ ਲਿਪੀ ਦੇ ਬਵੰਜਾ ਅੱਖਰਾਂ ਨੂੰ ਗ਼ੈਰ-ਵਿਗਿਆਨਕ ਹੋਣ ਕਰਕੇ ਮਾਨਤਾ ਨਹੀਂ ਦਿੰਦੇ। ਇਸ ਕਰਕੇ ਉਹ ਸਹੀ ਅਰਥਾਂ ਵਿੱਚ ਅਪਭ੍ਰੰਸ਼ਾਂ ਦੀ ਵਿਗਿਆਨਕ ਵਰਣਮਾਲਾ ਨੂੰ ਹੀ ਪ੍ਰਵਾਨ ਕਰਦੇ ਹਨ, ਜਿਸ ਤੋਂ ਗੁਰਮੁਖੀ ਲਿਪੀ ਵੀ ਵਿਕਾਸ ਕਰਦੀ ਹੈ। ਭਾਵੇਂ ਗੁਰਮੁਖੀ ਲਿਪੀ ਦਾ ਸੰਗਠਿਤ ਰੂਪ ਥੋੜਾ ਬਹੁਤ ਵਿਕਸਤ ਹੋ ਚੁੱਕਾ ਸੀ, ਪਰ ਇਸਦਾ ਉਚਾਰਣ ਲਿਖਤੀ ਰੂਪ ਵਿੱਚ ਗੁਰੂ ਰਵਿਦਾਸ ਜੀ ਅਤੇ ਗੁਰੂ ਕਬੀਰ ਜੀ ਦੀਆਂ ਲਿਖਤਾਂ ਵਿੱਚ ਹੀ ਰੂਪਮਾਨ ਹੁੰਦਾ ਹੈ।

ਗੁਰੂ ਰਵਿਦਾਸ ਜੀ ਦੀ ਬਾਹਰਲੀ ਬਾਣੀ ਵਿੱਚ ਗੁਰਮੁਖੀ ਲਿਪੀ ਦਾ ਉਚਾਰਣ ਠੇਠ ਪੰਜਾਬੀ ਵਿੱਚ ਹੇਠ ਲਿਖੇ ਸ਼ਬਦਾਂ ਵਿੱਚ ਉਪਲਬਧ ਹੈ। ਮਹੰਤ ਜਸਵੰਤ ਸਿੰਘ ਉਰਫ਼ ਪਰਮ ਪਰਸ ਸਤਿ ਦਰਬਾਰੀ ਲਿਖਦੇ ਹਨ,

> "ਚਲ ਮਨ ਹਰਿ ਚਟਸਾਲ ਪੜਾਉਂ॥ ੧॥ ਰਹਾਉ॥
> ਪ੍ਰੇਮ ਕੀ ਪਾਟੀ ਸੁਰਤਿ ਕੀ ਲੇਖਨਿ
> 'ਸਸਾ' 'ਤਤਾ' ਲਿਖ ਆਖ ਲਖਾਉ॥

ਵੇਖੀਏ 'ਸ੍ਰੀ ਰਵਿਦਾਸ ਪ੍ਰਗਾਸ਼' ਦਾ ਪੰਨਾ ੨੨੬॥ ਔਰ ਅਨੇਕਾਂ ਲਿਖਤ ਦੇ ਪੁਸਤਕਾਂ ਵਿੱਚ ਇਕੁਰ ਭੀ ਲਿਖਿਆ ਵੇਖਿਆ ਹੈ ਤੇ ਉਪਰ ਲਿਖੇ 'ਸਸਾ-ਤਤਾ' ਦੀ ਥਾਂ 'ਹਾਹਾ-ਰਾਰਾ' ਭੀ ਵੇਖਿਆ ਹੈ ਕਿਤੇ ਕਿਤੇ 'ਰਾਰਾ-ਮੰਮਾ' ਭੀ ਲਿਖਿਆ ਵੇਖਿਆ ਹੈ॥" [1]

---

1. ਗੁਰਮੁਖੀ ਦੇ ੩੫ ਅੱਖਰ - ਪੰਨਾ : ੧੦

ਉਪਰੋਕਤ ਸ਼ਬਦ, ਗੁਰੂ ਰਵਿਦਾਸ ਚੇਅਰ, ਪੰਜਾਬ ਯੂਨੀਵਰਸਿਟੀ, ਚੰਡੀਗੜ ਦੀ ਪ੍ਰਕਾਸ਼ਿਤ "ਬਾਣੀ ਸ੍ਰੀ ਗੁਰੂ ਰਵਿਦਾਸ ਜੀ" ਦੇ ਪੰਨਾ ਨੰ. ੩੯ ਅਤੇ ਸ਼ਬਦ ਨੰ. ੭੨ ਉਪਰ ਵੀ ਦਰਜ ਹੈ।

"ਚਲ ਮਨ ਹਰਿ ਚਟਸਾਲ ਪੜਾਉ।
.....। ਟੇਕ।
ਪ੍ਰੇਮ ਕੀ ਪਾਟੀ-ਸੁਰਤਿ ਕੀ ਲੇਖਨਿ ਕਰਿਹੌਂ
'ਰਰਾ ਮਮਾ' ਲਿਖ ਅੰਕ ਦਿਖਾਊ॥"

ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਵਨ ਅੱਖਰੀ ਵਿੱਚ ਗੁਰੂ ਕਬੀਰ ਜੀ ਨੇ ਗੁਰਮੁਖੀ ਲਿਪੀ ਦੀ ਵਰਣਮਾਲਾ ਦਾ ਉਚਾਰਣ ਠੇਠ ਪੰਜਾਬੀ ਵਿੱਚ ਕੀਤਾ ਹੈ। ਇਸ ਵਿੱਚ 'ੜ' ਅੱਖਰ ਨਹੀਂ ਹੈ ਅਤੇ ਨਾ ਹੀ ੳ, ਅ, ੲ ਅੱਖਰ ਸ਼ਾਮਲ ਹਨ।[1] ਸੋ ਗੁਰੂ ਕਬੀਰ ਜੀ ਆਪਣੀ ਬਾਵਨ ਅੱਖਰੀ ਵਿੱਚ ਇਕੱਤੀ ਅੱਖਰੀ ਹੀ ਦਰਜ ਕਰਦੇ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਅਰਜਨ ਦੇਵ ਦੀ ਬਾਵਨ ਅੱਖਰੀ ਵਿੱਚ 'ੜ' ਸ਼ਾਮਲ ਹੈ, ਪਰ ੳ, ਅ, ੲ ਸ਼ਾਮਲ ਨਹੀਂ ਹਨ। ਇਸ ਤਰ੍ਹਾਂ ਉਨ੍ਹਾਂ ਦੀ ਬਾਵਨ ਅੱਖਰੀ ਵਿੱਚ ਕੇਵਲ ਬੱਤੀ ਅੱਖਰ ਹੀ ਸ਼ਾਮਲ ਹਨ।[2]

ਗੁਰੂ ਰਵਿਦਾਸ ਜੀ ਨੇ ਵਰਣਮਾਲਾ ਦੇ ਅੱਖਰਾਂ ਦੀ ਗਿਣਤੀ ਚੌਂਤੀ ਦੱਸੀ ਹੈ। ਇਸ ਵਿੱਚ 'ੜ' ਸ਼ਾਮਲ ਨਹੀਂ ਹੈ। ਇਸ ਤਰ੍ਹਾਂ ਗੁਰੂ ਜੀ ਦੀ ਵਰਣਮਾਲਾ ਗੁਰੂ ਕਬੀਰ ਜੀ ਅਤੇ ਗੁਰੂ ਅਰਜਨ ਦੇਵ ਜੀ ਨਾਲੋਂ ਜ਼ਿਆਦਾ ਸਹੀ ਹੈ। ਇਸ ਕਰਕੇ ਵੱਧ ਵਿਗਿਆਨਕ ਹੈ। ਕਿਉਂਕਿ 'ੜ' ਗੁਰੂ ਕਬੀਰ ਜੀ ਦੀ ਵਰਣਮਾਲਾ ਵਿੱਚ ਵੀ ਸ਼ਾਮਲ ਨਹੀਂ ਹੈ। ਇਸ ਕਰਕੇ ਗੁਰਮੁਖੀ ਲਿਪੀ ਵਿੱਚ 'ੜ' ਕਦੋਂ ਸ਼ਾਮਲ ਹੋਇਆ ਇਸ ਬਾਰੇ ਅੱਜ ਦੇ ਭਾਸ਼ਾ ਵਿਗਿਆਨੀਆਂ ਨੂੰ ਵੀ ਕੋਈ ਪਤਾ ਨਹੀਂ ਹੈ। ਡਾ. ਕਾਲਾ ਸਿੰਘ ਬੇਦੀ 'ੜ' ਨੂੰ ਦ੍ਰਾਵੜ ਭਾਸ਼ਾ ਵਿੱਚੋਂ ਪ੍ਰਾਪਤ ਕੀਤਾ ਮੰਨਦੇ ਹਨ, ਪਰ ਉਹ ਇਹ ਨਹੀਂ ਦਸਦੇ ਕਿ 'ੜ' ਗੁਰਮੁਖੀ ਲਿਪੀ ਵਿੱਚ ਕਦੋਂ ਸ਼ਾਮਲ ਹੋਇਆ।

ਸ੍. ਜੀ.ਵੀ.ਸਿੰਘ ਨੇ ਆਪਣੀ ਪੁਸਤਕ "ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ" ਵਿੱਚ ਪੰਨਾ ੧੫੭ ਤੋਂ ੧੫੯ ਤੱਕ ਪਲੇਟ ਨੰ. XXIII, XXIV ਅਤੇ XXV ਵਿੱਚ ਗੁਰਮੁਖੀ ਲਿਪੀ ਦੇ ਚੌਂਤੀ ਅੱਖਰਾਂ ਬਾਰੇ ਹੀ ਸਪਸ਼ਟ ਕੀਤਾ ਹੈ ਕਿ ਇਹ ਅੱਖਰ ਕਿਹੜੀ ਕਿਹੜੀ ਸਦੀ ਵਿੱਚ ਆਪਣਾ ਵਰਤਮਾਨ ਰੂਪ ਧਾਰਨ ਕਰਦੇ ਹਨ। ਪਰ 'ੜ' ਇਨ੍ਹਾਂ ਪਲੇਟਾਂ ਵਿੱਚ ਸ਼ਾਮਲ ਨਹੀਂ ਹੈ। ਇਨ੍ਹਾਂ ਪਲੇਟਾਂ ਵਿੱਚ ਬਾਰ੍ਹਵੀਂ, ਤੇਰ੍ਹਵੀਂ, ਚੌਦਵੀਂ ਈਸਵੀ ਆਦਿ ਸਦੀਆਂ ਤੱਕ ਦਾ ਜ਼ਿਕਰ ਹੈ। ਇਸ ਦਾ

1. ਦੇਖੋ ਗੁਰੂ ਗ੍ਰੰਥ ਸਾਹਿਬ - ਪੰਨਾ : ੩੪੦-੩੪੩ ਤੱਕ
2. ਓਹੀ - ਪੰਨਾ : ੨੫੦-੨੬੨

ਅਰਥ ਹੈ ਕਿ ' ੜ' ਤੇਰਵੀਂ-ਚੌਦਵੀਂ ਸਦੀ ਤੱਕ ਅਜੇ ਗੁਰਮੁਖੀ ਲਿਪੀ ਦਾ ਭਾਗ ਨਹੀਂ ਸੀ ਬਣਿਆ। ਗੁਰੂ ਰਵਿਦਾਸ ਜੀ ਦਾ ਜਨਮ 1376 ਈ. ਵਿੱਚ ਹੋਇਆ। ਸੋ ਜਦੋਂ ਗੁਰੂ ਰਵਿਦਾਸ ਜੀ ਆਪਣੀ ਬਾਣੀ ਦੀ ਰਚਨਾ ਕਰ ਰਹੇ ਸਨ 'ੜ' ਅੱਖਰ ਗੁਰਮੁਖੀ ਲਿਪੀ ਵਿੱਚ ਸ਼ਾਮਲ ਨਹੀਂ ਸੀ। ਇਸ ਕਾਰਣ ਇਹ ਵਿਚਾਰ ਦ੍ਰਿੜ ਹੋ ਜਾਂਦਾ ਹੈ ਕਿ ਗੁਰੂ ਜੀ ਵੇਲੇ ਗੁਰਮੁਖੀ ਲਿਪੀ ਦੇ ਚੌਂਤੀ ਅੱਖਰ ਹੀ ਸਨ। ਗੁਰੂ ਜੀ ਆਪਣੀ ਬਾਣੀ ਵਿੱਚ ਬਵੰਜਾ ਅੱਖਰਾਂ ਵਿੱਚੋਂ ਨਿਖੇੜਾ ਕਰਕੇ ਇਨ੍ਹਾਂ ਹੀ ਚੌਂਤੀ ਅੱਖਰਾਂ ਬਾਰੇ ਦੱਸ ਰਹੇ ਹਨ।

ਉਪਰੋਕਤ ਚਰਚਾ ਤੋਂ ਦ੍ਰਿੜ ਹੋ ਗਿਆ ਹੈ ਕਿ ਗੁਰੂ ਰਵਿਦਾਸ ਜੀ ਨੇ ਦੇਵਨਾਗਰੀ ਦੇ ਬਵੰਜਾਂ ਅੱਖਰਾਂ ਨੂੰ ਮਾਨਤਾ ਨਹੀਂ ਦਿੱਤੀ। ਉਨ੍ਹਾਂ ਨੇ ਤਾਂ ਇਹ ਪਰਪੱਕ ਕੀਤਾ ਹੈ ਕਿ ਸਮੁੱਚਾ ਸੰਸਕ੍ਰਿਤ ਸਾਹਿਤ ਚੌਂਤੀ ਅੱਖਰਾਂ ਵਿੱਚ ਹੀ ਰਚਿਆ ਹੋਇਆ ਹੈ।

"ਨਾਨਾ ਖਿਆਨ ਪੁਰਾਨ ਬੇਦ ਬਿਧਿ
ਚਉਤੀਸ ਅੱਖਰ ਮਾਹੀ॥"

ਅੱਜ ਦੇ ਯੁਗ ਦੇ ਭਾਸ਼ਾ ਵਿਗਿਆਨੀ ਵੀ ਦੇਵਨਾਗਰੀ (ਸੰਸਕ੍ਰਿਤ) ਦੇ ਚੌਂਤੀ ਅੱਖਰ ਹੀ ਮੰਨਦੇ ਹਨ। ਇਸ ਤਰ੍ਹਾਂ ਇਹ ਵਿਦਵਾਨ, ਗੁਰੂ ਰਵਿਦਾਸ ਜੀ ਦੀ ਅੱਜ ਤੋਂ ਛੇ ਸੌ ਸਾਲ ਤੋਂ ਵੀ ਪਹਿਲਾਂ ਕਹੀ ਅਟੱਲ ਸੱਚਾਈ ਨੂੰ ਹੀ ਦ੍ਰਿੜ ਕਰਦੇ ਹਨ। ਗੁਰੂ ਜੀ ਦੇ ਇਸ ਕਥਨ ਨੂੰ ਭਾਈ ਕਾਹਨ ਸਿੰਘ ਨਾਭਾ ਵੀ ਦ੍ਰਿੜ ਕਰਦੇ ਲਿਖਦੇ ਹਨ :—

"ਸੰਸਕ੍ਰਿਤ ਦੇ ਅਸਲੀ ਅੱਖ੍ ੩੪ ਹਨ :—
ਅ �इ ਉ ਕ ਖ ਗ ਘ ङ च छ ज झ ञ ट ठ ड ढ
ण त थ द ध न प फ ब भ म य र ल व स ह
ਬਾਕੀ ਜੋ ਅੱਖਰ ਹਨ ਉਹ ਇਨ੍ਹਾਂ ਅੱਖਰਾਂ ਦੇ ਮੇਲ ਤੋਂ ਹਨ, ਜੈਸੇ-ਕ ਥ ਤੋਂ क्ष, ਤ ਰ ਤੋਂ त्र ਆਦਿਕ ਅਤੇ ਇੱਕ ਹੀ ਸੱਸੇ ਦੇ ਤਿੰਨ ਰੂਪ ਹਨ -
"ਨਾਨਾ ਖਿਆਨ ਪੁਰਾਨ ਬੇਦ ਬਿਧਿ
ਚਉਤੀਸ ਅਖਰ (ਅਛਰ) ਮਾਹੀ
(ਸੋਰ ਅਤੇ ਮਾਰੂ ਰਵਿਦਾਸ)"

ਭਾਈ ਕਾਹਨ ਸਿੰਘ ਨਾਭਾ ਦੇ ਦੱਸੇ ਉਪਰੋਕਤ ਚੌਂਤੀ ਅੱਖਰ ਹੀ ਗੁਰਮੁਖੀ ਲਿਪੀ ਦੇ ਚੌਂਤੀ ਅੱਖਰ ਬਣਦੇ ਹਨ। ਇਹ ਉਹ ਅੱਖਰ ਹਨ, ਜਿਨ੍ਹਾਂ ਦਾ ਗੁਰੂ

ਰਵਿਦਾਸ ਜੀ ਰਾਗੁ ਸੋਰਠਿ ਅਤੇ ਰਾਗੁ ਮਾਰੂ ਵਿੱਚ ਦਰਜ ਦੋਹਾਂ ਸ਼ਬਦਾਂ ਵਿੱਚ ਵਰਨਣ ਕਰਦੇ ਹਨ। ਗੁਰਮੁਖੀ ਅੱਖਰਾਂ ਦੇ ਰੂਪ ਹੇਠਾਂ ਦਰਜ ਹਨ :-

ਅ ਏ ਉ ਕ ਖ ਗ ਘ ਙ ਚ ਛ ਜ ਝ ਞ ਟ ਠ ਡ ਢ ਣ
ਤ ਥ ਦ ਧ ਨ ਪ ਫ ਬ ਭ ਮ ਯ ਰ ਲ ਵ ਸ ਹ
(ਨੋਟ : ਇਨ੍ਹਾਂ ਅੱਖਰਾਂ ਵਿੱਚ 'ੜ' ਸ਼ਾਮਲ ਨਹੀਂ ਹੈ।)

ਉਪਰੋਕਤ ਚਰਚਾ ਤੋਂ ਦ੍ਰਿੜ ਹੋ ਗਿਆ ਹੈ ਕਿ ਗੁਰਮੁਖੀ ਲਿਪੀ ਦੇ ਚੌਂਤੀ ਅੱਖਰ ਹੀ ਹਨ। ਪੈਂਤੀਵਾਂ ਅੱਖਰ 'ੜ' ਦ੍ਰਾਵੜ ਲਿਪੀ ਦਾ ਹੈ। ਇਹ ਵਾਧੂ ਅੱਖਰ 'ੜ' ਗੁਰਮੁਖੀ ਲਿਪੀ ਵਿੱਚ ਕਦੋਂ ਸ਼ਾਮਲ ਹੋਇਆ, ਇਸ ਬਾਰੇ ਕਿਸੇ ਨੂੰ ਕੋਈ ਗਿਆਨ ਨਹੀਂ।

ਅਚੁੱਕ ਸਿੱਟਾ ਇਹ ਨਿਕਲਦਾ ਹੈ ਕਿ ਅੱਜ ਦੇ ਭਾਸ਼ਾ ਵਿਗਿਆਨੀ ਗੁਰੂ ਰਵਿਦਾਸ ਜੀ ਦੀ ਹੀ ਖੋਜ ਨੂੰ ਪ੍ਰਵਾਨ ਕਰਦੇ ਹਨ। ਇਸ ਚਰਚਾ ਤੋਂ ਇਹ ਵੀ ਦ੍ਰਿੜ ਹੋ ਜਾਂਦਾ ਹੈ ਕਿ ਗੁਰੂ ਜੀ ਨੇ ਨਿਯਮਬੱਧ ਢੰਗ ਨਾਲ, ਸਿਧਾਂਤਕ ਰੂਪ ਵਿੱਚ ਦੇਵਨਾਗਰੀ ਦੇ ਬਵੰਜਾ ਅੱਖਰਾਂ ਵਿੱਚੋਂ ਚੌਂਤੀ ਅੱਖਰਾਂ ਦਾ ਨਿਖੇੜਾ ਕਰਕੇ ਵਿਗਿਆਨਕ ਲਿਪੀ ਦੀ ਸਿਰਜਣਾ ਕੀਤੀ ਜਿਸਨੂੰ ਪਿੱਛੋਂ ਜਾਕੇ ਗੁਰਮੁਖੀ ਲਿਪੀ ਦਾ ਨਾਮ ਦਿੱਤਾ ਗਿਆ।

ਸੋ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਗੁਰੂ ਰਵਿਦਾਸ ਜੀ ਇੱਕ ਉੱਚ ਦਰਜੇ ਦੇ ਭਾਸ਼ਾ-ਵਿਗਿਆਨੀ ਹਨ।

ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ

ਇਸ ਸ਼ਬਦ ਵਿੱਚ ਬ੍ਰਾਹਮਣ ਜਾਤੀ ਨੂੰ ਸੰਬੋਧਨ ਕੀਤਾ ਗਿਆ ਹੈ ਕਿਉਂਕਿ ਸਮੁੱਚਾ ਸ਼ਬਦ ਹਿੰਦੂ ਧਰਮ ਦੇ ਵੇਦਾਂ, ਪੁਰਾਣਾਂ ਅਤੇ ਇਸ ਦੇ ਬਾਕੀ ਸਾਰੇ ਧਾਰਮਕ ਗ੍ਰੰਥਾਂ ਦਾ ਖੰਡਨ ਕਰਦਾ ਹੈ। ਸਵਰਗਾਂ ਦੇ ਰੁੱਖ, ਚਿੰਤਾਮਣੀ, ਕਾਮਧੇਨ ਅਤੇ ਚਾਰ ਪਦਾਰਥ, ਅਠਾਰਾਂ ਸਿਧੀਆਂ ਅਤੇ ਨੌ ਖਜਾਨਿਆਂ ਦੇ ਹਿੰਦੂ ਧਰਮ ਦੇ ਮਿਥਿਹਾਸ ਨੂੰ ਵੀ ਰੱਦ ਕੀਤਾ ਗਿਆ ਹੈ। ਇਸ ਕਾਰਣ ਗੁਰੂ ਰਵਿਦਾਸ ਜੀ ਨੇ ਇਹ ਸ਼ਬਦ ਬ੍ਰਾਹਮਣ ਜਾਤੀ ਨੂੰ ਸੰਬੋਧਨ ਕੀਤਾ ਹੈ ਅਤੇ ਉਪਰੋਕਤ ਰੱਦ ਕੀਤੇ ਗ੍ਰੰਥਾਂ ਅਤੇ ਮਿਥਿਹਾਸਾਂ ਨੂੰ ਤਿਆਗਣ ਦੀ ਹਦਾਇਤ ਕੀਤੀ ਗਈ ਹੈ।

ਸੋ ਬੰਦ ਨੰ. ੧ ਵਿੱਚ ਗੁਰੂ ਰਵਿਦਾਸ ਜੀ ਨੇ ਹਿੰਦੂ ਧਰਮ ਦੀ ਵਿਚਾਰਧਾਰਾ ਨੂੰ ਰੱਦ ਕਰਕੇ ਇੱਕ ਨਵੇਂ ਧਰਮ ਦੀ ਵਿਚਾਰਧਾਰਾ ਦੀ ਸਿਰਜਣਾ ਕੀਤੀ ਹੈ। ਇਸ ਵਿੱਚ ਗੁਰੂ ਜੀ ਫਰਮਾਉਂਦੇ ਹਨ ਕਿ ਹੇ ਬ੍ਰਾਹਮਣੋ! ਤੁਸੀਂ ਹਿੰਦੂ ਧਰਮ ਗ੍ਰੰਥਾਂ ਦਾ ਹਵਾਲਾ ਦੇਕੇ ਕਹਿੰਦੇ ਹੋ ਕਿ ਸਵਰਗਾਂ ਦੇ ਪੰਜ ਰੁੱਖ, ਮਨ ਦੀ ਚਿਤਵੀ ਹਰ ਇੱਛਾ ਨੂੰ ਪੂਰਾ ਕਰਨ ਵਾਲੀ ਚਿੰਤਾਮਣੀ, ਮਨ ਦੀ ਹਰ ਕਾਮਨਾ ਨੂੰ ਪੂਰਾ ਕਰਨ ਵਾਲੀ ਕਾਮਧੇਨ ਇੰਦਰ ਦੇਵਤਾ ਦੇ ਸਵਰਗ ਵਿੱਚ ਹਨ, ਉਸ ਦੇ ਬਸ ਵਿੱਚ ਹਨ। ਚਾਰ ਪਦਾਰਥ, ਅਠਾਰਾਂ ਸਿਧੀਆਂ ਅਤੇ ਨੌਂ ਖਜ਼ਾਨੇ ਦੇਵਤਿਆਂ ਦੇ ਹੱਥ ਵਿੱਚ ਹਨ। ਪਰ ਇਹ ਗੱਲ ਸਹੀ ਨਹੀਂ ਹੈ ਕਿਉਂਕਿ ਜਿਸ ਸੁੱਖਾਂ ਦੇ ਸਮੁੰਦਰ ਪ੍ਰਭ ਪਾਸ ਸਵਰਗ ਦੇ ਰੁੱਖ, ਚਿੰਤਾਮਣੀ ਅਤੇ ਕਾਮਧੇਨ ਹੈ, ਉਸੇ ਇੱਕ ਪ੍ਰਭ ਦੀਆਂ ਹੱਥ ਦੀਆਂ ਤਲੀਆਂ ਤੇ ਚਾਰ ਪਦਾਰਥ, ਅਠਾਰਾਂ ਸਿੱਧੀਆਂ ਅਤੇ ਨੌਂ ਖਜ਼ਾਨੇ ਹਨ। ਦੂਜੇ, ਹਿੰਦੂ ਧਰਮ ਦੇ 'ਭਗਵਾਨਾਂ', ਦੇਵੀ ਦੇਵਤਿਆਂ ਨੂੰ ਪੈਦਾ ਕਰਨ ਵਾਲਾ ਵੀ ਉਹੀ ਪਰਮਾਤਮਾ ਹੈ, ਇਸ ਲਈ ਉਸ ਇੱਕ ਪ੍ਰਭ ਤੋਂ ਬਿਨ੍ਹਾਂ ਹੋਰ ਕੋਈ 'ਭਗਵਾਨ' ਜਾਂ ਦੇਵੀ ਦੇਵਤਾ ਨਹੀਂ ਹੈ। ਇਸ ਲਈ ਹੇ ਬ੍ਰਾਹਮਣੋਂ! ਤੁਸੀਂ ਹਿੰਦੂ ਧਰਮ ਦੇ ਉਪਰੋਕਤ ਵਿਚਾਰਾਂ ਨੂੰ ਤਿਆਗ ਕੇ ਉਸ ਪ੍ਰਭ ਦਾ ਸਿਮਰਣ ਕਰੋ, ਜਿਸਨੇ ਸਭ ਕੁਝ ਪ੍ਰਦਾਨ ਕੀਤਾ ਹੈ।

ਇਸ ਬੰਦ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਰਵਿਦਾਸ ਜੀ ਨੇ ਪਿਆਰ ਨਾਲ ਪਰ ਨਿਰਭੈ ਬ੍ਰਾਹਮਣਾਂ ਦੇ ਮਨੁੱਖਤਾ ਮਾਰੂ ਧਾਰਮਿਕ ਗ੍ਰੰਥਾਂ ਨੂੰ ਤਾਂ ਰੱਦ ਕਰਦੇ ਹੀ ਹਨ, ਨਾਲ ਦੀ ਨਾਲ ਬ੍ਰਾਹਮਣਾਂ ਨੂੰ ਵੀ ਇਨ੍ਹਾਂ ਗ੍ਰੰਥਾਂ ਦਾ ਤਿਆਗ ਕਰਨ ਲਈ ਕਹਿੰਦੇ ਹਨ। ਇਹ ਵਿਚਾਰ ਮਹਾਂਬਲੀ ਕ੍ਰਾਂਤੀਕਾਰੀ ਮਹਾਨ ਯੋਧੇ ਗੁਰੂ ਰਵਿਦਾਸ ਜੀ ਨੇ ਰਾਜਿਆਂ-ਮਹਾਰਾਜਿਆਂ ਦੇ ਦਰਬਾਰਾਂ ਵਿਚ ਬ੍ਰਾਹਮਣਾਂ ਨੂੰ ਕਹੇ ਹਨ। ਇਹ ਅਟੱਲ ਸੱਚਾਈਆਂ ਉਦੋਂ ਕਹੀਆਂ ਗਈਆਂ ਜਦੋਂ ਅਨੇਕਾਂ ਵਾਰ ਬ੍ਰਾਹਮਣਾਂ ਨੇ ਰਾਜਿਆਂ, ਮਹਾਰਾਜਿਆਂ ਨੂੰ ਸ਼ਿਕਾਇਤ ਕੀਤੀ ਕਿ (ਗੁਰੂ)

ਰਵਿਦਾਸ ਚਮਾਰ ਹੁੰਦਾ ਹੋਇਆ, ਹਿੰਦੂਆਂ ਦੇ ਧਰਮ ਗ੍ਰੰਥਾਂ ਦਾ ਵਿਰੋਧ ਕਰਦਾ ਹੋਇਆ, ਉਨ੍ਹਾਂ ਨੂੰ ਰੱਦ ਕਰਕੇ ਬ੍ਰਾਹਮਣਾਂ ਦੇ ਧਰਮ ਅਰਥਾਤ ਹਿੰਦੂ ਧਰਮ ਨੂੰ ਅਪਮਾਨਤ ਕਰਦਾ ਹੈ। ਇਸ ਬੰਦ ਤੋਂ ਇਹ ਵੀ ਸਿੱਧ ਹੋ ਜਾਂਦਾ ਹੈ ਕਿ ਇਸ ਸ਼ਬਦ ਦੀ ਸਿਰਜਣਾ ਸੋਰਠਿ ਰਾਗ ਦੇ ਸੁਭਾ ਅਨੁਸਾਰ ਹੋਈ ਹੈ :

"ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨ ਹੋਇ॥"

ਹਰੀ ਨਾਮ ਦੇ ਰਸ ਨੂੰ ਪੀ ਕੇ ਮੁਰਦੇਹਾਨੀ ਨਹੀਂ ਆਏਗੀ ਤੇ ਇਸ ਲੋਕ ਵਿਚ ਅਤੇ ਪ੍ਰਲੋਕ ਵਿਚ ਗੁਰਸਿੱਖ ਦੀ ਸੋਮਾ ਨਿਰਮਲ ਹੋਵੇਗੀ।

"ਸੋਰਠਿ ਸੁਰਸੁ ਪੀਜੀਐ ਕਬਹੂ ਨ ਫੀਕਾ ਹੋਇ॥
ਨਾਨਕ ਰਾਮ ਨਾਮ ਗੁਨ ਗਾਈਅਹਿ ਦਰਗਾਹ ਨਿਰਮਲ ਸੋਇ॥"[1]

'ਰਹਾਉ' ਵਿੱਚ ਬੰਦ ਨੰ. ੧ ਵਿਚ ਦਰਜ ਵਿਚਾਰਧਾਰਾ ਨੂੰ ਸਿਧਾਂਤ ਦਾ ਰੂਪ ਦਿੱਤਾ ਗਿਆ ਹੈ। ਰੱਦ ਕੀਤੀ ਗਈ ਹਿੰਦੂ ਧਰਮ ਦੀ ਵਿਚਾਰਧਾਰਾ ਦਾ ਤਿਆਗ ਕਰਕੇ, ਉਸ ਦੀ ਥਾਂ ਤੇ ਨਵੇਂ ਧਰਮ ਦੀ ਵਿਚਾਰਧਾਰਾ ਦੇਕੇ, ਉਸ ਅਨੁਸਾਰ ਸਭਨੂੰ ਖਾਸ ਕਰਕੇ ਬ੍ਰਾਹਮਣ ਨੂੰ ਅਰਾਧਨਾ ਕਰਨ ਦਾ ਆਦੇਸ਼ ਹੈ, ਹੁਕਮ ਹੈ।

ਬੰਦ ਨੰ. ੨ ਵਿੱਚ ਗੁਰੂ ਰਵਿਦਾਸ ਜੀ, ਨੇ ਹਿੰਦੂ ਧਰਮ ਦੀ ਰੱਦ ਕੀਤੀ ਵਿਚਾਰਧਾਰਾ ਨੂੰ ਮਹਾਂਰਿਸ਼ੀ ਵੇਦ ਵਿਆਸ ਦੁਆਰਾ ਰੱਦ ਕਰਵਾਕੇ, ਇਸ ਨੂੰ ਬੁਨਿਆਦੀ ਤੌਰ ਤੇ ਰੱਦ ਕਰ ਦਿੱਤਾ ਹੈ। ਵਿਆਸ ਜੀ ਦਾ ਕਥਨ ਹੈ "ਦੇਵਨਾਗਰੀ ਦੇ ਚੌਂਤੀ ਅੱਖਰਾਂ ਵਿੱਚ ਪੁਰਾਣਾਂ ਦੇ ਰਾਜਿਆਂ ਮਹਾਰਾਜਿਆਂ ਦੇ ਮਿਥਿਹਾਸ ਨੂੰ ਅਤੇ ਬ੍ਰਹਮਾ ਦੇ ਰਚੇ ਵੇਦਾਂ ਨੂੰ ਅਤੇ ਦੇਵਨਾਗਰੀ ਦੇ ਹੀ ਇਨ੍ਹਾਂ ਚੌਂਤੀ ਅੱਖਰਾਂ ਵਿੱਚ ਰਚੇ ਸਾਹਿਤ ਭਾਵ ਸਾਰੇ ਹਿੰਦੂ ਧਾਰਮਿਕ ਗ੍ਰੰਥਾਂ ਨੂੰ ਚੰਗੀ ਤਰ੍ਹਾਂ ਖੋਜ ਕੇ ਉਨ੍ਹਾਂ ਦਾ ਅਧਿਐਨ ਕੀਤਾ ਪਰ ਵੇਦ ਵਿਆਸ ਦੇ ਮਨ ਨੂੰ ਸ਼ਾਂਤੀ ਨਾ ਮਿਲੀ। ਫਿਰ ਪੂਰੀ ਤਰ੍ਹਾਂ ਡੂੰਘਾਈ ਨਾਲ ਸੋਚ ਵਿਚਾਰ ਕਰਨ ਪਿਛੋਂ ਆਪਣਾ ਨਿਰਣਾ ਦਿੰਦੇ ਹਨ, ਪਰਮ-ਤੱਤ ਦੱਸਦੇ ਹਨ ਕਿ ਇਹ ਹਿੰਦੂ ਧਰਮ-ਗ੍ਰੰਥ ਮਨ ਦੀ ਸ਼ਾਂਤੀ ਪ੍ਰਦਾਨ ਨਹੀਂ ਕਰਦੇ। ਇਸ ਲਈ ਪ੍ਰਭ ਦੇ ਨਾਮ ਸਿਮਰਣ ਦੇ ਤੁਲ ਨਹੀਂ ਹਨ।" ਇਸ ਤਰ੍ਹਾਂ ਗੁਰੂ ਜੀ ਨੇ ਵਿਆਸ ਜੀ ਦਾ ਨਿਰਣਾ ਦਰਜ ਕਰਕੇ ਹਿੰਦੂਆਂ ਦੇ ਸਭ ਤੋਂ ਮਹਾਨ ਭਗਵਾਨ ਬ੍ਰਹਮਾ ਦੀ ਸਿਰਜੀ ਹਿੰਦੂ-ਧਰਮ ਦੀ ਵਿਚਾਰਧਾਰਾ ਨੂੰ ਹਿੰਦੂਆਂ ਦੇ ਹੀ ਮਹਾਂਰਿਸ਼ੀ ਵਿਆਸ ਤੋਂ ਰੱਦ ਕਰਵਾ ਦਿੱਤਾ ਹੈ ਅਤੇ ਇਸ ਤਰ੍ਹਾਂ ਉਨ੍ਹਾਂ ਦੀ ਨਵੀਂ ਸਿਰਜੀ ਵਿਚਾਰਧਾਰਾ ਦੀ ਪ੍ਰੌੜਤਾ ਵੀ ਹੋ ਗਈ ਹੈ।

ਬੰਦ ਨੰ. ੩ ਵਿਚ ਆਪਣੀ ਨਵੀਂ ਸਿਰਜੀ ਵਿਚਾਰਧਾਰਾ ਦਾ ਅਮਲੀ ਰੂਪ ਪੇਸ਼ ਕਰਦੇ ਹਨ ਕਿ ਉਹ ਲੋਕ ਵੱਡੇ ਭਾਗਾਂ ਵਾਲੇ ਹਨ ਜਿਨ੍ਹਾਂ ਨੇ ਵਿਕਾਰਾਂ ਤੋਂ ਰਹਿਤ, ਅੰਤਰ ਧਿਆਨ ਹੋਕੇ ਆਪਣੀ ਸੁਰਤ ਪ੍ਰਭ ਨਾਲ ਜੋੜ ਲਈ ਹੈ, ਉਨ੍ਹਾਂ ਦੇ

ਮਨਾਂ ਅੰਦਰ ਪ੍ਰਭ ਦਾ ਪ੍ਰਕਾਸ਼ ਹੋ ਜਾਂਦਾ ਹੈ ਅਤੇ ਜਨਮ ਮਰਨ ਦੇ ਭੈ ਤੋਂ ਮੁਕਤ ਹੋ ਜਾਂਦੇ ਹਨ।

ਸੋ ਗੁਰੂ ਰਵਿਦਾਸ ਜੀ ਦੀ ਨਵੀਂ ਵਿਚਾਰਧਾਰਾ ਮਨੁੱਖ ਨੂੰ ਵਿਕਾਰਾਂ ਤੋਂ ਮੁਕਤ ਕਰਕੇ, ਪ੍ਰਭ-ਪ੍ਰਾਪਤੀ ਦਾ ਸਾਧਨ ਬਣਦੀ ਹੈ। ਇਸ ਕਰਕੇ ਗੁਰੂ ਜੀ ਸਭ ਨੂੰ ਖਾਸ ਕਰਕੇ ਬ੍ਰਾਹਮਣਾਂ ਨੂੰ ਉਪਰੋਕਤ ਨਵੀਂ ਵਿਚਾਰਧਾਰਾ ਅਨੁਸਾਰ ਭਗਤੀ ਕਰਨ ਦਾ ਹੁਕਮ ਦਿੰਦੇ ਹਨ।

ਸ਼ਬਦ ਅਰਥ :— ਹੇ ਬ੍ਰਾਹਮਣ! ਜਿਸ ਸੁੱਖਾਂ ਦੇ ਸਾਗਰ ਪ੍ਰਭ ਦੇ ਵਸ ਵਿੱਚ ਸਵਰਗ ਦੇ ਪੰਜ ਰੁੱਖ, ਚਿੰਤਾਮਣੀ ਅਤੇ ਕਾਮਧੇਨ ਹਨ, ਉਸੇ ਦੀ ਹੀ ਤਲੀ ਤੇ ਚਾਰੇ ਪਦਾਰਥ, ਅਠਾਰਾਂ ਸਿਧੀਆਂ ਅਤੇ ਨੌਂ ਖਜ਼ਾਨੇ ਹਨ। ਸੋ ਸਭ ਕੁਝ ਇਕ ਪ੍ਰਭ ਦੇ ਹੱਥ ਵਿਚ ਹੈ, ਵੱਖ-ਵੱਖ 'ਭਗਵਾਨਾਂ', ਦੇਵੀ-ਦੇਵਤਿਆਂ ਦੇ ਹੱਥ ਵਿਚ ਕੁੱਝ ਨਹੀਂ ਹੈ ਕਿਉਂਕਿ ਇਹ ਸਭ ਵੀ ਤਾਂ ਉਸ ਨੇ ਹੀ ਪੈਦਾ ਕੀਤੇ ਹਨ॥ ੧॥

ਇਸ ਲਈ ਹੇ ਬ੍ਰਾਹਮਣ! ਤੂੰ ਬ੍ਰਹਮਾ ਦੇ ਵੇਦ ਅਤੇ ਪੁਰਾਣ ਆਦਿ ਧਾਰਮਕ ਰਚਨਾਵਾਂ ਦਾ ਤਿਆਗ ਕਰਕੇ, ਕੇਵਲ ਤੇ ਕੇਵਲ ਇਕ ਪ੍ਰਭ (ਹਰਿ) ਦਾ ਸਿਮਰਨ ਕਿਉਂ ਨਹੀਂ ਕਰਦਾ? ।੧॥ਰਹਾਉ॥

ਵੇਦਾਂ ਦੇ ਖੋਜੀ ਮਹਾਂਰਿਸ਼ੀ ਵੇਦ ਵਿਆਸ ਨੇ ਪੁਰਾਣਾਂ ਵਿੱਚ ਦਰਜ਼ ਅਨੇਕਾਂ ਰਾਜਿਆਂ ਮਹਾਰਾਜਿਆਂ ਦਾ ਮਿਥਿਹਾਸ ਅਤੇ ਬ੍ਰਹਮਾ ਦੇ ਵੇਦਾਂ ਅਤੇ ਹੋਰ ਜਿਨ੍ਹਾਂ ਵੀ ਦੇਵਨਾਗਰੀ ਦੋ ਚੌਂਤੀ ਅੱਖਰਾਂ ਵਿੱਚ ਧਾਰਮਕ ਸਾਹਿਤ ਰਚਿਆ ਗਿਆ ਹੈ, ਦਾ ਡੂੰਘਾਈ ਨਾਲ ਅਧਿਐਨ ਕਰਕੇ ਸੋਚ ਵਿਚਾਰ ਪਿਛੋਂ ਰੱਦ ਕਰ ਦਿੱਤਾ ਅਤੇ ਫਿਰ ਇਹ ਅਟੱਲ ਸੱਚਾਈ ਦੱਸੀ ਹੈ ਕਿ ਹਿੰਦੂ ਧਰਮ ਗ੍ਰੰਥਾਂ ਦੇ ਨਾਲ ਮਨ ਨੂੰ ਸ਼ਾਂਤੀ ਨਹੀਂ ਮਿਲ ਸਕਦੀ। ਇਸ ਕਰਕੇ ਹਰਿ ਦੇ ਨਾਮ ਦੇ ਸਿਮਰਨ ਦੇ ਬਰਾਬਰ ਇਹ ਰਚਨਾਵਾਂ ਨਹੀਂ ਹਨ। ਫਿਰ ਤੂੰ ਨਾਮ ਦਾ ਸਿਮਰਨ ਕਿਉਂ ਨਹੀਂ ਕਰਦਾ?।੨॥

ਇਸ ਲਈ ਗੁਰੂ ਰਵਿਦਾਸ ਜੀ ਆਪਣੇ ਆਪ ਨੂੰ ਸੰਬੋਧਨ ਕਰਕੇ ਫਰਮਾਉਂਦੇ ਹਨ ਕਿ ਰਵਿਦਾਸ ਕਹਿ, ਕਿ ਉਹ ਵੱਡੇ ਭਾਗਾਂ ਵਾਲੇ ਹਨ, ਜਿੰਨ੍ਹਾਂ ਦੀ ਵਿਕਾਰ ਰਹਿਤ ਹੋ ਕੇ ਪ੍ਰਭ ਦੇ ਸਿਮਰਨ ਕਾਰਣ ਸੁਰਤੀ ਲਗ ਗਈ ਹੈ, ਉਨ੍ਹਾਂ ਦੇ ਮਨਾਂ ਵਿੱਚ ਗਿਆਨ ਦਾ ਪ੍ਰਕਾਸ਼ ਹੋ ਗਿਆ ਹੈ। ਉਹ ਜਨਮ-ਮਰਨ ਦੇ ਡਰ ਤੋਂ ਮੁਕਤ ਹੋ ਗਏ ਹਨ, ਉਨ੍ਹਾਂ ਨੂੰ ਪ੍ਰਭ-ਪ੍ਰਾਪਤੀ ਹੋ ਗਈ ਹੈ॥ ੩॥ ੪॥

ੴ ਸਤਿਗੁਰ ਪ੍ਰਸਾਦਿ॥

ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ

ਜਉ ਤੁਮ ਗਿਰਿਵਰ ਤਉ ਹਮ ਮੋਰਾ॥
ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ॥੧॥
ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀਂ ਤੋਰਹਿ॥
ਤੁਮ ਸਿਉ ਤੋਰਿ ਕਵਨ ਸਿਉ ਜੋਰਹਿ॥ ੧॥ ਰਹਾਉ॥
ਜਉ ਤੁਮ ਦੀਵਰਾ ਤਉ ਹਮ ਬਾਤੀ॥
ਜਉ ਤੁਮ ਤੀਰਥ ਤਉ ਹਮ ਜਾਤੀ॥ ੨॥
ਸਾਚੀ ਪ੍ਰੀਤ ਹਮ ਤੁਮ ਸਿਉ ਜੋਰੀ॥
ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥ ੩॥
ਜਹ ਜਹ ਜਾਉ ਤਹਾ ਤੇਰੀ ਸੇਵਾ॥
ਤੁਮ ਸੋ ਠਾਕੁਰੁ ਅਉਰੁ ਨ ਦੇਵਾ॥ ੪॥
ਤੁਮਰੇ ਭਜਨ ਕਟਹਿ ਜਮ ਫਾਂਸਾ॥
ਭਗਤਿ ਹੇਤ ਗਾਵੈ ਰਵਿਦਾਸ॥ ੫॥ ੫॥[1]

ਪਦ ਅਰਥ :— **ਗਿਰਿਵਰ** = ਹਰਿਆਵਲ ਅਤੇ ਰੁੱਖਾਂ ਵਾਲਾ ਪਹਾੜ। **ਤਉ** = ਤਾਂ। **ਭਏ** = ਹਾਂ॥ ੧॥
ਤੋਰਹੁ = ਤੋੜੇਂ। **ਤੋਰਹਿ** = ਤੋੜਾਂਗਾ। **ਸਿਉ** = ਨਾਲੋਂ॥ ੧॥ ਰਹਾਉ॥
ਜਾਤੀ = ਯਾਤਰੀ॥ ੨॥
ਅਵਰ ਸੰਗਿ = ਹੋਰ ਨਾਲੋਂ॥ ੩॥
ਸੋ = ਵਰਗਾ। **ਅਉਰੁ** = ਹੋਰ॥ ੪॥
ਕਟਹਿ = ਕੱਟ ਜਾਂਦੇ ਹਨ। **ਫਾਸਾ** = ਫਾਹੀ॥੫॥

---

1. ਆਦਿ ਗ੍ਰੰਥ – ਪੰਨਾ : ੬੫੯–੬੫੯

ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ

ਗੁਰੂ ਰਵਿਦਾਸ ਜੀ ਨੇ ਇਸ ਸ਼ਬਦ ਵਿੱਚ ਪ੍ਰਭ-ਪ੍ਰੇਮ ਦੀ ਤੀਖਣਤਾ, ਤੀਬਰਤਾ ਅਤੇ ਦ੍ਰਿੜਤਾ ਨੂੰ ਸਪਸ਼ਟ ਕੀਤਾ ਹੈ।

ਪਹਿਲੇ ਬੰਦ ਨੰ.੧ ਵਿੱਚ ਜੀਵ ਅਤੇ ਅਜੀਵ ਦੇ ਕੁਦਰਤ ਵਿੱਚ ਵਿਚਰ ਰਹੇ, ਡੂੰਘੇ, ਅਟੁੱਟ ਪ੍ਰੇਮ ਦਾ ਜ਼ਿਕਰ ਕੀਤਾ ਹੈ। ਅਜੀਵ ਗਿਰਿਵਰ ਅਤੇ ਚੰਦ ਨਾਲ ਪ੍ਰੇਮ ਕਰਨ ਵਾਲੇ ਜੀਵ ਹਨ ਮੋਰ ਅਤੇ ਚਕੋਰੀ। ਮਨੁੱਖ ਨੂੰ ਕਈ ਵਾਰੀ ਭਰਮ ਹੋ ਜਾਂਦਾ ਹੈ ਕਿ ਜੀਵ ਦਾ ਅਜੀਵ ਨਾਲ ਪ੍ਰੇਮ ਦਾ ਕੀ ਅਰਥ? ਦਰਅਸਲ ਮੋਰ ਅਜੀਵ ਪਹਾੜ ਨਾਲ ਪਰੇਮ ਨਹੀਂ ਕਰਦਾ, ਸਗੋਂ ਹਰਿਆਵਲ ਅਤੇ ਰੁੱਖਾਂ ਵਿੱਚ ਨਿਰੂਪਤ ਪ੍ਰਭ-ਸਰੂਪ ਨੂੰ ਪਛਾਣ, ਬਜਦ ਵਿੱਚ ਆਕੇ ਨੱਚਦਾ ਹੈ। ਇਸ ਤਰ੍ਹਾਂ ਚਕੋਰੀ-ਚੰਦ ਨੂੰ ਨਹੀਂ, ਉਸ ਦੇ ਸ਼ੀਤਲ ਪ੍ਰਕਾਸ਼ ਵਿੱਚ ਨਿਰੂਪਤ ਪ੍ਰਭ-ਸਰੂਪ ਨੂੰ ਪਛਾਣ ਉਸ ਵਿੱਚ ਮੁਗਧ ਹੋ ਆਪਣੇ ਆਪ ਨੂੰ ਭੁੱਲ ਜਾਂਦੀ ਹੈ। ਇਸੇ ਪ੍ਰਭ-ਪਛਾਣ ਦੀ ਬੁਨਿਆਦੀ ਗਲ ਗੁਰੂ ਜੀ, ਮਨੁੱਖ ਨੂੰ ਸਮਝਾਉਂਦੇ ਹਨ, ਆਪਣੇ ਅਟੁੱਟ ਡੂੰਘੇ ਪ੍ਰਭ ਪ੍ਰੇਮ ਦੀ ਗਵਾਹੀ ਦੇਕੇ।

ਇਸ ਕਰਕੇ ਤਾਂ ਉਹ 'ਰਹਾਉ' ਵਿੱਚ ਪ੍ਰਭ-ਪ੍ਰੇਮ ਵਿੱਚ ਵਹਿਵਲ ਹੋ, ਕਹਿ ਉੱਠਦੇ ਹਨ ਕਿ ਹੇ ਪ੍ਰਭ! ਜੇ ਤੂੰ ਨਾ ਤੋੜੇਂ ਤਾਂ ਮੈਂ ਨਹੀਂ ਤੋੜਾਂਗਾ। ਮੈਂ ਤਾਂ ਦਰਅਸਲ ਤੋੜ ਸਕਦਾ ਹੀ ਨਹੀਂ। ਤੇਰੇ ਨਾਲੋਂ ਤੋੜਕੇ ਮੈਂ ਕਿਸ ਨਾਲ ਜੋੜਾਂਗਾ?

ਇਸ ਲਈ ਬੰਦ ਨੰ. ੨ ਵਿੱਚ ਗੁਰੂ ਰਵਿਦਾਸ ਜੀ ਪ੍ਰਭ ਨੂੰ ਆਪਣੇ ਤੀਖਣ ਅਤੇ ਤੀਬਰ ਪ੍ਰੇਮ ਬਾਰੇ ਦ੍ਰਿੜ ਕਰਦੇ ਕਹਿੰਦੇ ਹਨ ਕਿ ਹੇ ਪ੍ਰਭ! ਤੇਰਾ ਤੇ ਮੇਰਾ ਪ੍ਰੇਮ ਤਾਂ ਦੀਵੇ ਅਤੇ ਬੱਤੀ, ਤੀਰਥ ਅਤੇ ਯਾਤਰੀ ਦੇ ਸੰਬੰਧਾਂ ਵਾਂਗ ਅਟੁੱਟ ਹੈ। ਪ੍ਰਭ ਰੂਪੀ ਦੀਵੇ ਵਿੱਚ ਰਵਿਦਾਸ ਰੂਪੀ ਬੱਤੀ ਬਲਣ ਲਈ ਤਤਪਰ ਹੈ। ਤੀਰਥ ਵਿਚ ਵਿਚਰ ਰਹੇ ਪ੍ਰਭ ਨੂੰ ਯਾਤਰੀ ਰਵਿਦਾਸ ਮਿਲਣ ਲਈ ਗਮਨ (ਯਾਤਰਾ) ਕਰਦਾ ਹੈ। ਸੋ ਗੁਰੂ ਜੀ ਦਾ ਪ੍ਰਭ ਪ੍ਰਾਪਤੀ ਲਈ ਨਿਸ਼ਚਾ ਦ੍ਰਿੜ ਹੈ।

ਇਸ ਕਰਕੇ ਬੰਦ ਨੰ. ੩ ਵਿੱਚ ਗੁਰੂ ਰਵਿਦਾਸ ਜੀ ਪ੍ਰਭ ਨੂੰ ਸੰਬੋਧਨ ਕਰਕੇ, ਪ੍ਰੇਮ ਵਿਚ ਮੁਗਧ ਹੋ, ਆਪਣਾ ਅਟੁੱਟ ਅਤੇ ਅਬਦਲ ਫੈਸਲਾ ਦਿੰਦੇ ਹਨ। ਹੇ ਪ੍ਰਭ! ਮੈਂ ਤਾਂ ਸਾਰੀ ਦੁਨੀਆਂ ਨਾਲ ਰਿਸ਼ਤੇ ਤੋੜਕੇ, ਤੇਰੇ ਨਾਲ ਸੱਚੀ ਸੁੱਚੀ ਪ੍ਰੀਤ ਦਾ ਰਿਸ਼ਤਾ ਗੰਢ ਲਿਆ ਹੈ। ਮੇਰੀ ਪ੍ਰੀਤ ਤਾਂ ਮੋਰ ਅਤੇ ਚਕੋਰੀ ਵਰਗੀ ਸਦੀਵੀ ਪ੍ਰੀਤ ਹੈ।

ਇਸ ਕਾਰਣ ਬੰਦ ਨੰ. ੪ ਵਿੱਚ ਉਹ ਸਪਸ਼ਟ ਕਰਦੇ ਹਨ ਕਿ ਪ੍ਰਭ ਵਰਗਾ ਦੁਨੀਆਂ ਵਿੱਚ ਹੋਰ ਕੋਈ ਭਗਵਾਨ ਜਾਂ ਦੇਵਤਾ ਨਹੀਂ ਹੈ। ਮੈਂ ਤਾਂ ਤੇਰੇ ਪ੍ਰੇਮ ਦੀ ਖੁਮਾਰੀ ਵਿੱਚ ਜਿਧਰ ਵੀ ਜਾਂਦਾ ਹਾਂ, ਜਿਥੇ ਵੀ ਜਾਂਦਾ ਹਾਂ, ਓਥੇ ਹੀ ਤੇਰੀ ਸੇਵਾ ਕਰਦਾ ਹਾਂ। ਤੂੰ ਤਾਂ ਸਰਵ-ਵਿਆਪਕ ਹੈ, ਇਸ ਕਰਕੇ ਮੈਂ ਸੁਆਸ ਸੁਆਸ ਹਰ ਥਾਂ

ਤੇਰਾ ਹੀ ਸਿਮਰਨ ਕਰਦਾ ਹਾਂ।

ਤੇਰੇ ਸਿਮਰਨ ਨਾਲ (ਬੰਦ ਨੰ. ੫ ਵਿੱਚ) ਤੇਰੇ ਗੁਣ ਗਾਉਣ ਨਾਲ ਹੇ ਪ੍ਰਭ! ਮਨੁੱਖ ਜਮਦੂਤਾਂ ਦੀ ਫਾਹੀ ਤੋਂ ਬਚ ਜਾਂਦਾ ਹੈ, ਵਿਕਾਰਾਂ ਤੋਂ ਮੁਕਤ ਹੋ ਜਾਂਦਾ ਹੈ। ਇਸ ਕਰਕੇ ਤੇਰੀ ਪ੍ਰੇਮ-ਭਗਤੀ ਦੀ ਪ੍ਰਾਪਤੀ ਲਈ ਰਵਿਦਾਸ ਹਰ ਥਾਂ, ਹਰ ਸਮੇਂ ਤੇਰੀ ਮਹਿਮਾ, ਤੇਰੀ ਉਸਤਤ ਵਿਚ ਲੀਨ ਰਹਿੰਦਾ ਹੈ। ਹੇ ਪ੍ਰਭ! ਸੇਵਕ ਨੂੰ ਆਪਣੇ ਚਰਨ ਕਮਲਾਂ ਵਿੱਚ ਸਥਾਨ ਦੇਕੇ ਪ੍ਰਭ-ਪ੍ਰੇਮ ਦੀ ਦਾਤ ਬਖਸ਼ਿਸ਼ ਕਰੋ ਜੀ।

ਸ਼ਬਦ ਅਰਥ : ਗੁਰੂ ਰਵਿਦਾਸ ਜੀ ਸ੍ਰਿਸ਼ਟੀ ਵਿੱਚ ਵਿਚਰ ਰਹੇ ਕੁਦਰਤੀ ਜੀਵ ਅਤੇ ਅਜੀਵ ਦੇ ਅਟੁੱਟ ਪ੍ਰੇਮ ਦੀ ਉਦਾਹਰਣ ਦੇਕੇ ਆਪਣੇ ਪ੍ਰਭ-ਪ੍ਰੇਮ ਨੂੰ ਅਟੁਟ ਦਰਸਾਉਂਦੇ ਹੋਏ, ਪ੍ਰਭ ਨੂੰ ਸੰਬੋਧਨ ਕਰਦੇ ਹਨ ਕਿ ਹੇ ਪ੍ਰਭ! ਜੇ ਤੂੰ ਸੁੰਦਰ ਹਰਿਆਵਲ ਅਤੇ ਰੁੱਖਾਂ ਭਰਿਆ ਪਹਾੜ ਹੈਂ, ਤਾਂ ਮੈਂ ਉਸ ਹਰਿਆਵਲ ਅਤੇ ਰੁੱਖਾਂ ਵਿੱਚ ਵਿਚਰ ਰਹੇ ਤੇਰੇ ਸਰੂਪ ਤੇ ਮੁਗਧ ਹੋ, ਮੋਰ ਬਣ ਨੱਚ ਉੱਠਦਾ ਹਾਂ। ਜੇ ਤੂੰ ਚੰਦ ਹੈ ਤਾਂ ਮੈਂ ਤੇਰੇ ਸ਼ੀਤਲ ਪ੍ਰੇਮ ਭਰੇ ਪ੍ਰਕਾਸ਼ ਵਿੱਚ ਚਕੋਰੀ ਬਣ ਅਨੰਦਤ ਹੋ ਜਾਂਦਾ ਹਾਂ॥ ੧॥

ਇਸ ਲਈ ਹੇ ਪ੍ਰਭ! ਤੂੰ ਮੇਰੇ ਨਾਲੋਂ ਆਪਣਾ ਪ੍ਰੇਮ ਨਾ ਤੋੜੀਂ, ਮੈਂ ਤਾਂ ਤੋੜ ਹੀ ਨਹੀਂ ਸਕਦਾ। ਤੇਰੇ ਨਾਲੋਂ ਤੋੜ ਕੇ, ਫਿਰ ਮੈਂ ਕਿਸ ਨਾਲ ਪ੍ਰੇਮ ਕਰਾਂਗਾ?। ੧॥ ਰਹਾਉ॥

ਇਸ ਕਰਕੇ ਹੇ ਪ੍ਰਭ! ਜੇ ਤੂੰ ਦੀਵਾ ਹੈ ਤਾਂ ਮੈਂ ਉਸ ਦੀ ਬੱਤੀ (ਵੱਟੀ) ਹਾਂ ਅਤੇ ਜੇ ਤੂੰ ਤੀਰਥ ਹੈ ਤਾਂ ਮੈਂ ਉਸ ਦਾ ਯਾਤਰੀ ਹਾਂ। ਮੈਂ ਕਿਸੇ ਤਰ੍ਹਾਂ ਵੀ ਤੇਰੇ ਪ੍ਰੇਮ ਤੋਂ ਦੂਰ ਨਹੀਂ ਜਾ ਸਕਦਾ॥ ੨॥

ਹੇ ਪ੍ਰਭ! ਮੈਂ ਤਾਂ ਤੇਰੇ ਨਾਲ ਸੱਚੀ ਸੁੱਚੀ ਪ੍ਰੀਤ ਕਰਦਾ ਹਾਂ। ਤੇਰੀ ਪ੍ਰੀਤ ਸਦਕਾ ਮੈਂ ਬਾਕੀ ਦੁਨੀਆਂ ਨਾਲੋਂ ਭਾਵ ਵਿਕਾਰਾਂ ਨਾਲੋਂ ਆਪਣੇ ਆਪ ਨੂੰ ਤੋੜ ਲਿਆ ਹੈ। ਮੈਂ ਮਾਇਆ ਦੇ ਜਾਲ ਚੋਂ ਨਿਕਲ ਗਿਆ ਹਾਂ॥ ੩॥

ਜਿੱਧਰ ਵੀ ਮੈਂ ਜਾਵਾਂਗਾ ਅਤੇ ਜਿਥੇ ਵੀ ਜਾਵਾਂਗਾ, ਹੇ ਪ੍ਰਭ! ਇਹ ਤੇਰਾ ਸੇਵਕ ਓਥੇ ਹੀ ਤੇਰੀ ਸੇਵਾ ਵਿੱਚ ਹਾਜ਼ਰ ਹੋ ਤੇਰੀ ਸਿਫਤ ਨੂੰ ਗਾਵੇਗਾ ਕਿਉਂਕਿ ਤੂੰ ਸਰਵ ਵਿਆਪਕ ਹੈਂ, ਤੇਰੇ ਵਰਗਾ ਇਸ ਸ੍ਰਿਸ਼ਟੀ ਵਿੱਚ ਹੋਰ ਕੋਈ 'ਭਗਵਾਨ' ਅਤੇ ਦੇਵਤਾ ਨਹੀਂ ਹੈ॥ ੪॥

ਹੇ ਪ੍ਰਭ! ਤੇਰੇ ਗੁਣ ਗਾਉਣ ਨਾਲ ਮਨੁੱਖ ਜਮਦੂਤਾਂ ਦੇ ਬੰਧਨ ਤੋਂ ਮੁਕਤ ਹੋ ਜਾਂਦਾ ਹੈ। ਇਸ ਕਰਕੇ ਰਵਿਦਾਸ ਤੇਰੀ ਪ੍ਰੇਮ-ਭਗਤੀ ਦੀ ਪ੍ਰਾਪਤੀ ਲਈ ਤੇਰੀ ਸਿਫਤ ਸਲਾਹ ਵਿੱਚ ਲੀਨ ਹੈ। ਹੇ ਪ੍ਰਭ! ਮੈਨੂੰ ਪ੍ਰੇਮ-ਭਗਤੀ ਦੀ ਦਾਤ ਬਖਸ਼ਿਸ਼ ਕਰੋ ਜੀ॥ ੫॥ ੫॥

ੴ ਸਤਿਗੁਰ ਪ੍ਰਸਾਦਿ॥

ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ

ਜਲ ਕੀ ਭੀਤਿ ਪਵਨ ਕਾ ਥੰਭਾ
ਰਕਤ ਬੁੰਦ ਕਾ ਗਾਰਾ॥
ਹਾਡ ਮਾਸ ਨਾਂੜੀ ਕੋ ਪਿੰਜਰੁ
ਪੰਖੀ ਬਸੈ ਬਿਚਾਰਾ॥ ੧॥
ਪ੍ਰਾਨੀ ਕਿਆ ਮੇਰਾ ਕਿਆ ਤੇਰਾ॥
ਜੈਸੇ ਤਰਵਰ ਪੰਖਿ ਬਸੇਰਾ॥ ੧॥ ਰਹਾਉ॥
ਰਾਖਹੁ ਕੰਧ ਉਸਾਰਹੁ ਨੀਵਾਂ॥
ਸਾਢੇ ਤੀਨਿ ਹਾਥ ਤੇਰੀ ਸੀਵਾਂ ॥ ੨॥
ਬੰਕੇ ਬਾਲ ਪਾਗ ਸਿਰ ਡੇਰੀ॥
ਇਹੁ ਤਨੁ ਹੋਇਗੋ ਭਸਮ ਕੀ ਢੇਰੀ॥ ੩॥
ਊਚੇ ਮੰਦਰ ਸੁੰਦਰ ਨਾਰੀ॥
ਰਾਮ ਨਾਮ ਬਿਨੁ ਬਾਜੀ ਹਾਰੀ॥ ੪॥
ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ
ਓਛਾ ਜਨਮੁ ਹਮਾਰਾ॥
ਤੁਮ ਸਰਨਾਗਤਿ ਰਾਜਾ ਰਾਮ ਚੰਦ
ਕਹਿ ਰਵਿਦਾਸ ਚਮਾਰਾ॥ ੫॥ ੬॥ [1]

ਪਦ ਅਰਥ : ਜਲ = ਪਾਣੀ, ਇਸ ਦਾ ਗੁਣ ਰਸ, ਸੁਭਾ ਦਰਵ, ਗਿਆਨ ਇੰਦਰੀ, ਰਸਨਾ, ਕਰਮ-ਇੰਦਰੀ, ਲਿੰਗ। **ਭੀਤਿ** = ਕੰਧ। **ਪਵਨ** = ਹਵਾ-ਇਸ ਦਾ ਗੁਣ ਸਪਰਸ਼, ਸੁਭਾ ਵੇਗ, ਗਿਆਨ ਇੰਦਰੀ, ਤੁਚਾ; ਕਰਮ ਇੰਦਰੀ, ਹਥ। **ਥੰਭਾ** = ਥੰਮੀ, ਸਹਾਰਾ। **ਰਕਤ** = ਮਾਂ ਦੀ ਰੱਤ। **ਬੂੰਦ** = ਪਿਉ ਦੇ ਵੀਰਜ ਦੀ ਬੂੰਦ। **ਰਕਤ ਬੂੰਦ** = ਅਗਨ - ਇਸ ਦਾ ਗੁਣ ਰੂਪ, ਸੁਭਾ ਪ੍ਰਕਾਸ਼, ਗਿਆਨ ਇੰਦਰੀ, ਅੱਖਾਂ; ਕਰਮ ਇੰਦਰੀ, ਪੈਰ। **ਹਾਡ ਮਾਸ** = ਮਿੱਟੀ, ਧਰਤੀ, ਇਸ ਦੀ ਗਿਆਨ ਇੰਦਰੀ, ਨੱਕ, ਵਿਸ਼ਾ ਸੁਗੰਧ, ਕਰਮ ਇੰਦਰੀ ਗੁਦਾ। **ਨਾੜੀ** = ਅਕਾਸ਼, ਇਸ ਦਾ ਗੁਣ ਸ਼ਬਦ, ਸੁਭਾ ਪਸਰਨਾ, ਗਿਆਨ ਇੰਦਰੀ ਕੰਨ ; ਕਰਮ ਇੰਦਰੀ ਮੂੰਹ-(ਨੋਟ : ਨਾੜੀ = ੩ ਥੋਥੀ ਨਲਕੀ; ੫ ਖਿਨ ਭਰ ਸਮਾਂ। ਮਹਾਨ ਸ਼ਬਦ ਕੋਸ਼ - ੫੨੪ । ਸਮਾਂ = ੫ ਅਸਮਾਨ - ਮਹਾਨ ਸ਼ਬਦ ਕੋਸ਼-੧੨੦ । Space = ਪੁਲਾੜ, ਆਕਾਸ਼, ਸਮਾਂ, ਕਾਲ, ਖਾਲੀ ਥਾਂ (ਥੋਥੀ ਨਲਕੀ) ਪੰਜਾਬੀ

1. ਆਦਿ ਗ੍ਰੰਥ - ਪੰਨਾ : ੬੫੯

ਯੂਨੀਵਰਸਿਟੀ ਪਟਿਆਲਾ ਅੰਗਰੇਜ਼ੀ - ਪੰਜਾਬੀ ਕੋਸ਼ - ੮੪੩। ਸਪੇਸ (Space) ਦੇ ਅਰਥਾਂ ਵਿੱਚ ਨਾੜੀ ਦੇ ਮਹਾਨ ਸ਼ਬਦ ਕੋਸ਼ ਵਾਲੇ ਸਾਰੇ ਅਰਥ ਆ ਜਾਂਦੇ ਹਨ। ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਨਾੜੀ ਦੇ ਅਰਥ ਆਕਾਸ਼ ਹੀ ਹਨ। ਇਹ ਇਸ ਬੰਦ ਦੇ ਪ੍ਰਸੰਗ ਵਿੱਚ ਹੋਰ ਵੀ ਦ੍ਰਿੜ ਹੋ ਜਾਂਦਾ ਹੈ ਕਿ ਨਾੜੀ ਦੇ ਅਰਥ ਆਕਾਸ਼ ਹੀ ਹਨ ਕਿਉਂਕਿ ਇਸ ਬੰਦ ਵਿੱਚ ਸ਼ੁਰੂ ਤੋਂ ਅਖੀਰ ਤੱਕ ਸਰੀਰ ਦੀ ਬਣਤਰ ਵਿੱਚ ਸ਼ਾਮਲ ਬਾਕੀ ਚਾਰੇ ਤੱਤਾਂ ਦਾ ਜ਼ਿਕਰ ਵੀ ਕੀਤਾ ਗਿਆ ਹੈ।) **ਪੰਖੀ** = ਆਤਮਾ ॥ ੧॥

ਤਰਵਰ = ਰੁੱਖ। **ਪੰਖਿ** = ਪੰਛੀ ॥ ੧॥ ਰਹਾਉ॥
ਨੀਵਾਂ = ਨੀਹਾਂ। **ਸੀਵਾਂ** = ਹੱਦ, ਸੀਮਾ॥ ੨॥
ਬੰਕੇ = ਸੋਹਣੇ। **ਡੇਰੀ** = ਟੇਢੀ॥ ੩॥
ਬਾਜੀ ਹਾਰੀ = ਜੀਵਨ ਗੁਆ ਲਿਆ, ਤਬਾਹ ਕਰ ਲਿਆ॥ ੪॥
ਜਾਤਿ = ਮਨੁੱਖ ਦਾ ਵਿਕਾਰਾਂ ਵਾਲਾ ਸੁਭਾ।

ਭਗਤਿ ਰਤੇ ਸੇ ਉਤਮਾ ਜਤਿ ਪਤਿ ਸਬਦੇ ਹੋਇ॥
ਬਿਨੁ ਨਾਵੈ ਸਭ ਨੀਚ ਜਾਤਿ ਹੈ ਬਿਸਟਾ ਕਾ ਕੀੜਾ ਹੋਇ॥੭॥
ਪੰਨਾ ੪੨੬ (ਆਸਾ ਮ:੩)

"ਹੇ ਭਾਈ! ਜਿਹੜੇ ਮਨੁੱਖ ਪ੍ਰਭ ਦੀ ਭਗਤੀ ਦੇ ਰੰਗ ਵਿੱਚ ਰੰਗੇ ਜਾਂਦੇ ਹਨ ਓਹੋ ਉੱਚੀ ਜਾਤਿ ਵਾਲੇ ਹਨ, ਗੁਰੂ ਦੇ ਸ਼ਬਦ ਵਿੱਚ ਜੁੜਿਆਂ ਹੀ ਉੱਚੀ ਜਾਤਿ ਬਣ ਗਈ ਹੈ, ਉੱਚੀ ਕੁਲ ਬਣਦੀ ਹੈ। ਪ੍ਰਭ ਦੇ ਨਾਮ ਤੋਂ ਸੱਖਣੀ ਸਾਰੀ ਲੁਕਾਈ ਹੀ ਨੀਵੀਂ ਜਾਤਿ ਵਾਲੀ ਹੈ। (ਨਾਮ ਤੋਂ ਖੁੰਝ ਕੇ ਲੁਕਾਈ ਵਿਕਾਰਾਂ ਦੇ ਗੰਦ ਵਿੱਚ ਟਿਕੀ ਰਹਿੰਦੀ ਹੈ, ਜਿਵੇਂ) ਵਿਸ਼ਟੇ ਦਾ ਕੀੜਾ ਵਿਸ਼ਟੇ ਵਿੱਚ ਮਗਨ ਰਹਿੰਦਾ ਹੈ।" [1]

(ਹੋਰ ਜਾਣਕਾਰੀ ਲਈ ਪੜ੍ਹੋ — ਮਹਾਨ ਸਾਇੰਸਦਾਨ-ਗੁਰੂ ਰਵਿਦਾਸ ਜੀ - ਸਰੀਰ ਦੀ ਉਸਾਰੀ ਅਤੇ ਮਨੁੱਖੀ ਸੁਭਾ ਦੀ ਸਿਰਜਣਾ।) **ਪਾਤਿ** = ਵੰਸ਼, ਕੁਲ।
ਸਰਨਾਗਤਿ = ਸ਼ਰਨ ਆਇਆ ਹਾਂ। **ਰਾਜਾ** = ਪਾਤਸ਼ਾਹ ਸ੍ਰਿਸ਼ਟੀ ਦਾ।
ਰਾਮ = ਪ੍ਰਭ। **ਚੰਦ** = ਸੋਹਣਾ॥ ੫॥ ੬॥

---

1. ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਤੀਜੀ ਪੋਥੀ) - ਪੰਨਾ : ੪੨੩

ਮਹਾਨ ਸਾਇੰਸਦਾਨ ਗੁਰੂ ਰਵਿਦਾਸ ਜੀ ਅਤੇ ਸਰੀਰ ਦੀ ਉਸਾਰੀ ਅਤੇ ਸੁਭਾ ਦੀ ਸਿਰਜਣਾ

ਗੁਰੂ ਰਵਿਦਾਸ ਜੀ ਨੇ ਪੰਜ ਤੱਤਾਂ ਨੂੰ ਸਰੀਰ ਦੀ ਬਣਤਰ ਵਿੱਚ ਹੂ-ਬ-ਹੂ ਉਸੇ ਤਰ੍ਹਾਂ ਕਾਇਮ ਰੱਖ ਕੇ ਉਨ੍ਹਾਂ ਨੂੰ ਨਵੇਂ ਅਰਥ ਦੇਕੇ ਇੱਕ ਨਵੇਂ ਸਿਧਾਂਤ ਦੀ ਸਿਰਜਣਾ ਕੀਤੀ ਹੈ। ਇਸ ਤੇ ਅਸੀਂ ਵਿਚਾਰ ਕਰਦੇ ਹਾਂ।

ਸਰੀਰ ਦੀ ਬਣਤਰ ਵਿੱਚ ਵਰਤੀ ਜਾਂਦੀ ਸਮਗਰੀ ਸਤਿਕਰਤਾਰ ਨੇ ਆਪਣੀ ਕਰਤਾਰੀ ਸ਼ਕਤੀ ਨਾਲ ਪੈਦਾ ਕੀਤੀ ਹੈ। ਸ੍ਰਿਸ਼ਟੀ ਦਾ ਕੋਈ ਵੀ ਜੀਵ ਇਸ ਸਮਗਰੀ ਨੂੰ ਪੈਦਾ ਕਰਨ ਦੀ ਸਮਰਥਾ ਨਹੀਂ ਰੱਖਦਾ। ਜੀਵ ਤਾਂ ਖੁਦ ਕਰਤਾਰ ਦੀ ਪੈਦਾ ਕੀਤੀ ਇਸ ਸਮਗਰੀ ਤੋਂ ਬਣਿਆ ਹੋਇਆ ਹੈ। ਸੋ ਸਰੀਰ ਦੀ ਬਣਤਰ ਵਿੱਚ ਵਰਤੀ ਜਾਂਦੀ ਸਮਗਰੀ ਜਲ ਦੀ ਕੰਧ, ਪਵਨ ਦਾ ਥੰਭਾ (ਸਹਾਰਾ), ਅਗਨੀ (ਰਕਤ ਬੂੰਦ = ਲਹੂ ਦੀਆਂ ਬੂੰਦਾ) ਦਾ ਗਾਰਾ ਪ੍ਰਿਥਵੀ (ਹਾਡ ਮਾਸ) ਅਤੇ ਆਕਾਸ਼ (ਨਾੜੀਆਂ) ਦੀ ਇਕਮਿਕਤਾ ਨਾਲ ਸਰੀਰ ਦੀ ਉਸਾਰੀ ਕੀਤੀ ਗਈ ਹੈ। ਇਸ ਅਟਲ ਸਚਾਈ ਨੂੰ ਹੁਣ ਵਿਗਿਆਨ ਨੇ ਵੀ ਸਾਬਤ ਕਰ ਦਿਤਾ ਹੈ। ਪੰਜਾਂ ਤੱਤਾਂ ਨੂੰ ਭਵਨ ਵਿੱਚ ਵਰਤੀ ਜਾਂਦੀ ਸਮਗਰੀ ਅਨੁਸਾਰ ਨਾਉਂ ਦੇਕੇ ਗੁਰੂ ਜੀ ਸੱਚਮੁੱਚ ਦੇ ਸਰੀਰ ਰੂਪੀ ਭਵਨ ਦੀ ਤਿਆਰੀ ਕਰ ਰਹੇ ਹਨ, ਜਿਸ ਵਿੱਚ ਜੀਵ-ਪੰਛੀ ਭਾਵ ਆਤਮਾ ਦਾ ਵਾਸ ਹੋਣਾ ਹੈ। ਪੰਜਾਂ ਤੱਤਾਂ ਦੇ ਨਵੇਂ ਨਾਉਂ ਦਰਅਸਲ ਇਨਾਂ ਤੱਤਾਂ ਦੇ ਬੁਨਿਆਦੀ ਸੁਭਾ, ਗੁਣ ਆਦਿ ਹਨ। ਹੁਣ ਅਸੀਂ ਇਕੱਲੇ ਇਕੱਲੇ ਤੱਤ ਤੇ ਚਰਚਾ ਕਰਦੇ ਹਾਂ।

ਪੰਜੇ ਤੱਤ 'ਪਦਾਰਥ' ਹੋਣ ਕਰਕੇ ਇਹ ਕੁਦਰਤੀ ਸੀ ਕਿ ਸਰੀਰ ਦੇ ਪੰਜਾਂ ਤੱਤਾਂ ਦੇ ਗੁਣ ਵੀ ਨਾਲ ਨਾਲ ਪ੍ਰਵੇਸ਼ ਕਰਨੇ ਸਨ। ਜਲ ਦਾ ਗੁਣ ਹੈ-ਰਸ। ਜੀਭ (ਰਸਨਾ) ਇਸ ਦੀ ਗਿਆਨ ਇੰਦਰੀ ਹੈ ਅਤੇ ਲਿੰਗ ਕਰਮ ਇੰਦਰੀ। ਰਸਾਂ ਵਿੱਚੋਂ ਸਭ ਤੋਂ ਵੱਧ ਖਿੱਚ ਦਾ ਕਾਰਣ ਕਾਮ-ਚੇਸ਼ਟਾ ਹੈ। ਇਸੇ ਕਾਰਣ ਹੀ ਲਿੰਗ ਇਸ ਦੀ ਕਰਮ ਇੰਦਰੀ ਹੈ ਸੰਤ ਹੀਰਾ ਦਾਸ ਜੀ ਸਪਸ਼ਟ ਕਰਦੇ ਹਨ ਕਿ

> "ਲਘੀ (ਪਿਸ਼ਾਬ) ਕਰਨੀ ਤੇ ਕਾਮ ਚੇਸ਼ਟਾ ਦਾ ਅਨੰਦ ਲੈਣਾ ਤਾਂ ਕੀ ਕ੍ਰਿਯਾ ਹੈ।"[1]

ਲਿੰਗ ਨਾਲ ਹੀ ਸ੍ਰਿਸ਼ਟੀ ਦੀ ਸਿਰਜਣਾ ਹੁੰਦੀ ਹੈ। ਇਸ ਤੋਂ ਬਿਨ੍ਹਾਂ ਸ੍ਰਿਸ਼ਟੀ ਦਾ ਵਿਕਾਸ ਰੁਕ ਜਾਵੇਗਾ ਅਤੇ ਕਿਸੇ ਦਿਨ ਸ੍ਰਿਸ਼ਟੀ ਵਿੱਚ ਕੋਈ ਜੀਵਨ ਨਹੀਂ ਹੋਵੇਗਾ। ਇਸੇ ਤਰ੍ਹਾਂ ਪਾਣੀ ਦੀ ਅਣਹੋਂਦ ਕਾਰਣ ਕੋਈ ਵੀ ਜੀਵ ਨਹੀਂ ਬਚ ਸਕੇਗਾ। ਇਸ ਕਰਕੇ ਸਰੀਰ ਦੀ ਸਿਰਜਣਾ ਵਿੱਚ ਜਲ ਨੂੰ "ਕੰਧ" ਕਹਿ ਕੇ ਇਸ ਦੇ ਬੁਨਿਆਦੀ ਅਤੇ ਮਹੱਤਵਪੂਰਨ ਗੁਣ ਨੂੰ ਹੀ ਉਜਾਗਰ ਕੀਤਾ ਹੈ। ਵਿਗਿਆਨੀ ਸਰੀਰ ਵਿਚ 70% ਪਾਣੀ ਮੰਨਦੇ ਹਨ। ਇਸ ਤੱਥ ਤੋਂ ਵੀ ਸਿੱਧ ਹੋ

1. ਰਵਿਦਾਸ ਦੀਪ-ਪੰਨਾ : ੧੮੯

ਗਿਆ ਹੈ ਕਿ ਜਲ ਸਰੀਰ ਲਈ ਬਹੁਤ ਹੀ ਮਹੱਤਵਪੂਰਨ ਅੰਗ ਹੈ। ਬਾਕੀ ਤੱਤਾਂ ਦੀ ਖੋਜ ਵੀ ਇਸੇ ਪੱਧਰ ਦੀ ਹੀ ਹੈ। ਇਸ ਉੱਤਮ ਵਿਗਿਆਨਕ ਖੋਜ ਕਾਰਨ ਗੁਰੂ ਰਵਿਦਾਸ ਜੀ ਮਹਾਨ ਵਿਗਿਆਨੀ ਸਿੱਧ ਹੋ ਗਏ ਹਨ।

ਉਪਰੋਕਤ ਚਰਚਾ ਤੋਂ ਇਹ ਵੀ ਸਪਸ਼ਟ ਹੋ ਗਿਆ ਹੈ ਕਿ ਜਲ ਦੀ ਕੋਈ ਜਾਤ ਨਹੀਂ ਹੈ। ਜਲ ਨਾ ਬ੍ਰਾਹਮਣ ਹੈ, ਨਾ ਖਤਰੀ, ਨਾ ਵੈਸ਼ ਹੈ ਅਤੇ ਨਾ ਹੀ ਸ਼ੂਦਰ। ਜਲ ਕੇਵਲ ਜਲ ਹੈ। ਹਾਂ, ਜਲ ਨਾਲ ਕਾਮ ਰਸ ਦਾ ਵਿਕਾਰ ਜ਼ਰੂਰ ਪੈਦਾ ਹੁੰਦਾ ਹੈ ਕਿਉਂਕਿ ਲਿੰਗ ਜਲ ਦੀ ਕਰਮ ਇੰਦਰੀ ਹੈ।

ਪਵਨ ਦਾ ਗੁਣ ਹੈ ਸਪਰਸ਼। ਇਸ ਦੀ ਗਿਆਨ ਇੰਦਰੀ ਤੁਚਾ ਹੈ। ਤੁਚਾ (ਚਮੜੀ) ਦੇ ਸਪਰਸ਼ ਨਾਲ ਇੱਕ ਦੂਜੇ ਨੂੰ ਜਾਣਨ ਦੀ ਭਾਵਨਾ ਉਜਾਗਰ ਹੁੰਦੀ ਹੈ। ਇਸ ਅਨੁਸਾਰ ਕਰਮ ਇੰਦਰੀਆਂ ਕਿਰਿਆ ਕਰਦੀਆਂ ਹਨ। ਇਸ ਦੀ ਕਰਮ ਇੰਦਰੀ ਹੱਥ ਹੈ। ਪਕੜਨਾ, ਛੱਡਣਾ ਇਸ ਦੀ ਕਿਰਿਆ ਹੈ। ਸੋ ਹੱਥ ਦਾ ਦੂਜੇ ਨਾਲ ਸਪਰਸ਼ ਆਪਣੀ ਭਾਵਨਾ ਦੂਜੇ ਨੂੰ ਦਸ ਰਿਹਾ ਹੁੰਦਾ ਹੈ ਅਤੇ ਦੂਜਾ ਉਸਨੂੰ ਗ੍ਰਹਿਣ ਕਰ ਰਿਹਾ ਹੁੰਦਾ ਹੈ। ਇਸ ਪ੍ਰਕਿਰਿਆ ਵਿੱਚ ਹਰ ਕਿਸਮ ਦੀ ਭਾਵਨਾ ਸ਼ਾਮਲ ਹੈ, ਜਿਵੇਂ :—ਪਿਆਰ ਦੀ ਭਾਵਨਾ, ਨਫ਼ਰਤ ਦੀ ਭਾਵਨਾ, ਕਾਮ ਦੀ ਭਾਵਨਾ ਆਦਿ। ਇਸ ਦੀ ਅਣਹੋਂਦ ਕਾਰਣ ਜੀਵਨ ਜਿਉਣ ਦੀ ਗਤਿ ਵਿੱਚ ਰੁਕਾਵਟ ਆ ਜਾਂਦੀ ਹੈ। ਇਸ ਦੇ ਮਹਤੱਵ ਨੂੰ ਧਿਆਨ ਵਿੱਚ ਰੱਖਦਿਆਂ ਗੁਰੂ ਜੀ ਨੇ ਵਧੀਆ ਜੀਵਨ ਜੀਣ ਲਈ ਪਵਨ ਨੂੰ 'ਥੰਮ' ਕਿਹਾ ਹੈ। ਇਸ ਤੋਂ ਬਗੈਰ ਨਾ ਜੀਵਨ ਵਿਕਾਸ ਕਰਦਾ ਹੈ ਅਤੇ ਨਾ ਹੀ ਸਰੀਰ ਦੀ ਬਣਤਰ ਕਾਇਮ ਰਹਿ ਸਕਦੀ ਹੈ। ਇਸ ਲਈ ਇਹ ਸਰੀਰ ਦੀ ਹੋਂਦ ਅਤੇ ਜੀਵਨ ਵਿਕਾਸ ਲਈ ਅਤਿ ਜ਼ਰੂਰੀ ਹੈ।

ਉਪਰੋਕਤ ਚਰਚਾ ਤੋ ਇਹ ਵੀ ਸਿੱਧ ਹੋ ਗਿਆ ਹੈ ਕਿ ਪਵਨ ਦੀ ਕੋਈ ਜਾਤ ਨਹੀਂ ਹੈ। ਪਵਨ ਨਾ ਬ੍ਰਾਹਮਣ ਹੈ, ਨਾ ਖਤਰੀ, ਨਾ ਵੈਸ਼ ਹੈ ਅਤੇ ਨਾ ਹੀ ਸ਼ੂਦਰ। ਪਵਨ ਕੇਵਲ ਪਵਨ ਹੈ। ਹਾਂ, ਪਵਨ ਨਾਲ ਸਪਰਸ਼-ਰਸ ਦਾ ਵਿਕਾਰ ਪੈਦਾ ਜ਼ਰੂਰ ਹੁੰਦਾ ਹੈ ਕਿਉਂਕਿ ਹੱਥ ਪਵਨ ਦੀ ਕਰਮ ਇੰਦਰੀ ਹੈ।

ਅਗਨੀ ਦਾ ਗੁਣ ਹੈ ਰੂਪ। ਇਸ ਦੀ ਗਿਆਨ ਇੰਦਰੀ ਅੱਖਾਂ ਅਤੇ ਕਰਮ ਇੰਦਰੀ ਪੈਰ ਹਨ। ਅੱਖਾਂ ਦ੍ਰਿਸ਼ ਦੇਖਕੇ, ਰੂਪ ਦੇਖਕੇ ਸ੍ਰਿਸ਼ਟੀ ਦਾ ਗਿਆਨ ਪ੍ਰਾਪਤ ਕਰਦੀਆਂ ਹਨ ਅਤੇ ਉਸ ਅਨੁਸਾਰ ਪੈਰ ਆਪਣੇ ਮਾਰਗ ਤੇ ਅਗਾਂਹ ਵਧਦੇ ਹਨ। ਜੇ ਪੈਰ ਮਾਰਗ ਵਲ ਨਾ ਵਧਣ ਤਾਂ ਸ੍ਰਿਸ਼ਟੀ ਦਾ ਕਾਰਜ ਰੁਕ ਜਾਵੇਗਾ, ਸਾਰੀ ਇਕਾਗਰਤਾ ਭੰਗ ਹੋ ਜਾਵੇਗੀ। ਇਸ ਕਰਕੇ ਗੁਰੂ ਜੀ ਨੇ ਇਸ ਨੂੰ 'ਗਾਰਾ' ਕਿਹਾ ਹੈ। ਸਰੀਰ ਦੇ ਸਾਰੇ ਅੰਗਾਂ ਨੂੰ ਜੋੜਨਾ (ਇਕਾਗਰ ਕਰਨਾ) ਗਾਰੇ ਦਾ ਕੰਮ ਹੈ। ਜੇ ਜੋੜਨ ਦੀ ਪ੍ਰਕਿਰਿਆ ਰੁਕ ਜਾਵੇ ਤਾਂ ਸਭ ਕੁਝ ਹੀ ਅਧੂਰਾ ਰਹਿ ਜਾਵੇਗਾ, ਸਰੀਰ ਦੀ ਸਿਰਜਣਾ ਹੋ ਹੀ ਨਹੀਂ ਸਕੇਗੀ। ਅਗਨੀ ਇਸ ਜੋ ੜਨ ਦੀ ਪ੍ਰਕਿਰਿਆ ਨੂੰ

ਸਾਰੇ ਸਰੀਰ ਵਿੱਚ ਨਿਰੰਤਰ ਜਾਰੀ ਰੱਖਦੀ ਹੈ। ਇਸ ਦੀ ਗਤੀ (ਚਾਲ) ਵਿੱਚ ਰੁਕਾਵਟ ਸਰੀਰ ਦੇ ਸਾਰੇ ਤੱਤਾਂ ਨੂੰ ਖੇਰੂ ਖੇਰੂ ਕਰ ਦਿੰਦੀ ਹੈ। ਇਸ ਲਈ ਅਗਨੀ ਦੀ ਜੋੜਨ ਦੀ ਪ੍ਰਕਿਰਿਆ ਦਾ ਨਿਰੰਤਰ ਜਾਰੀ ਰਹਿਣਾ ਅਤਿ ਜ਼ਰੂਰੀ ਹੈ।

ਉਪਰੋਕਤ ਚਰਚਾ ਤੋਂ ਇਹ ਵੀ ਸਿੱਧ ਹੋ ਗਿਆ ਹੈ ਕਿ ਅਗਨੀ ਦੀ ਕੋਈ ਜਾਤ ਨਹੀਂ ਹੈ। ਅਗਨੀ ਨਾ ਬ੍ਰਾਹਮਣ ਹੈ, ਨਾ ਖਤਰੀ, ਨਾ ਵੈਸ਼ ਹੈ ਅਤੇ ਨਾ ਹੀ ਸ਼ੂਦਰ। ਅਗਨੀ ਕੇਵਲ ਅਗਨੀ ਹੈ। ਹਾਂ, ਅਗਨੀ ਨਾਲ ਰੂਪ-ਰਸ ਦਾ ਵਿਕਾਰ ਪੈਦਾ ਜ਼ਰੂਰ ਹੁੰਦਾ ਹੈ ਕਿਉਂਕਿ ਪੈਰ ਅਗਨੀ ਦੀ ਕਰਮ ਇੰਦਰੀ ਹੈ।

ਪ੍ਰਿਥਵੀ ਦਾ ਗੁਣ ਹੈ ਸੁਗੰਧੀ। ਇਸ ਦੀ ਗਿਆਨ ਇੰਦਰੀ ਨੱਕ ਅਤੇ ਕਰਮ ਇੰਦਰੀ ਗੁਦਾ ਹੈ। ਇਸ ਦਾ ਸੁਭਾ ਕਠੋਰ ਹੈ। ਪ੍ਰਿਥਵੀ ਦੇ ਤੱਤ ਦਾ ਕਠੋਰ ਸੁਭਾ ਸਮੁੱਚੇ ਸਰੀਰ ਦੇ ਢਾਂਚੇ ਨੂੰ ਪਕੇਰਾ ਕਰਕੇ ਇਸ ਨੂੰ ਬਚਾਈ ਰਖਦਾ ਹੈ। ਢਾਂਚੇ ਦਾ ਪਕੇਰਾ ਹੋਣਾ, ਸਰੀਰ ਅੰਦਰ ਉਤਪੰਨ ਗੰਦ ਨੂੰ ਬਾਹਰ ਕੱਢਣ ਵਿੱਚ ਮਹੱਤਵ ਪੂਰਨ ਸਿੱਧ ਹੁੰਦਾ ਹੈ। ਇਸ ਗੰਦ ਦੇ ਅੰਦਰ ਰੁਕੇ ਰਹਿਣ ਦੀ ਸੂਰਤ ਵਿਚ ਇਹ ਸਰੀਰ ਦੇ ਢਾਂਚੇ ਵਿੱਚ ਸੜ-ਬੁਸ਼ ਕੇ ਦੁਰਗੰਧ ਪੈਦਾ ਕਰਦਾ ਹੈ ਅਤੇ ਰੋਗੀ ਬਣਾ ਦਿੰਦਾ ਹੈ। ਇਸ ਲਈ ਗੁਦਾ, ਅੰਦਰਲੇ ਮਲ੍ਹ ਦਾ ਤਿਆਗ ਕਰਕੇ ਸਰੀਰ ਦੇ ਅੰਦਰਲੇ ਢਾਂਚੇ ਦੀ ਸਫ਼ਾਈ ਕਰਕੇ ਸਰੀਰ ਨੂੰ ਕਠੋਰਤਾ ਅਤੇ ਅਰੋਗਤਾ ਪ੍ਰਦਾਨ ਕਰਦੀ ਹੋਈ ਇਸ ਨੂੰ ਸੁਰੱਖਿਅਤ ਰੱਖਦੀ ਹੈ। ਸੋ ਸਰੀਰ ਦੇ ਢਾਂਚੇ ਲਈ ਸੁਗੰਧੀ ਅਤੇ ਕਠੋਰਤਾ ਅਤਿ ਜ਼ਰੂਰੀ ਹਨ।

ਉਪਰੋਕਤ ਚਰਚਾ ਤੋਂ ਇਹ ਵੀ ਸਪਸ਼ਟ ਹੋ ਗਿਆ ਹੈ ਕਿ ਪ੍ਰਿਥਵੀ ਦੀ ਕੋਈ ਜਾਤ ਨਹੀਂ ਹੈ। ਪ੍ਰਿਥਵੀ ਨਾ ਬ੍ਰਾਹਮਣ ਹੈ, ਨਾ ਖਤਰੀ, ਨਾ ਵੈਸ਼ ਹੈ ਅਤੇ ਨਾ ਹੀ ਸ਼ੂਦਰ। ਪ੍ਰਿਥਵੀ ਕੇਵਲ ਪ੍ਰਿਥਵੀ ਹੈ। ਹਾਂ, ਪ੍ਰਿਥਵੀ ਨਾਲ ਸੁਗੰਧ ਰਸ ਦਾ ਵਿਕਾਰ ਪੈਦਾ ਜ਼ਰੂਰ ਹੁੰਦਾ ਹੈ ਕਿਉਂਕਿ ਗੁਦਾ, ਪ੍ਰਿਥਵੀ ਦੀ ਕਰਮ ਇੰਦਰੀ ਹੈ।

ਆਕਾਸ਼ ਦਾ ਗੁਣ ਸ਼ਬਦ ਹੈ। ਇਸ ਦੀ ਗਿਆਨ ਇੰਦਰੀ ਕੰਨ ਅਤੇ ਕਰਮ ਇੰਦਰੀ ਮੂੰਹ ਹੈ। ਸ਼ਬਦ ਕੰਨਾਂ ਨਾਲ ਸੁਣਿਆਂ ਜਾਂਦਾ ਹੈ ਅਤੇ ਸ਼ਬਦ ਦਾ ਮੂੰਹ ਰਾਹੀਂ ਵਾਕ-ਉਚਾਰਣ ਹੁੰਦਾ ਹੈ। ਪਸਰਨਾ ਇਸ ਦਾ ਸੁਭਾ ਹੈ। ਇਸ ਕਰਕੇ ਵਾਕ ਉਚਾਰਨ ਸਮੇਂ ਇਸ ਦਾ ਪਾਸਾਰ ਬਹੁਤ ਦੂਰ ਤੱਕ ਹੁੰਦਾ ਹੈ, ਜਿਸ ਕਰਕੇ ਇੱਕ ਮਨੁੱਖ ਦੂਜੇ ਦੀ ਗੱਲ ਸੁਣ ਸਕਦਾ ਹੈ। ਜੇ ਇਹ ਪਾਸਾਰ ਰੁੱਕ ਜਾਵੇ ਤਾਂ ਜੀਵ-ਪੰਛੀ ਭਾਵ ਆਤਮਾ ਦਾ ਸਰੀਰ ਅੰਦਰ ਟਿਕੇ ਰਹਿਣਾ ਕਠਨ ਹੋ ਜਾਂਦਾ ਹੈ ਕਿਉਂਕਿ ਆਕਾਸ਼ ਦੀ ਅਣਹੋਂਦ ਕਾਰਣ ਭਾਵ ਸਰੀਰ ਦਾ ਵਿਕਾਸ ਨਾ ਹੋਣ ਕਾਰਣ ਸਰੀਰ ਮਰ ਜਾਵੇਗਾ ਅਤੇ ਜੀਵ-ਪੰਛੀ ਭਾਵ ਆਤਮਾ ਉਡਾਰੀ ਮਾਰ ਜਾਵੇਗੀ। ਇਸ ਲਈ ਸਮੁੱਚੇ ਸਰੀਰ ਵਿੱਚ ਆਕਾਸ਼ (ਪਾਸਾਰ) ਦਾ ਹੋਣਾ ਜ਼ਰੂਰੀ ਹੈ। ਆਕਾਸ਼ ਨੂੰ ਗੁਰੂ ਜੀ ਨੇ 'ਨਾੜੀ' ਕਿਹਾ ਹੈ। ਡਾ. ਸਾਹਿਬ ਸਿੰਘ ਰਾਗ ਧਨਾਸਰੀ ਵਿੱਚ ਗੁਰੂ ਕਬੀਰ ਜੀ ਦੇ ਸ਼ਬਦ "ਦਸ ਬੈਰਾਗਨਿ ਮੋਹਿ" ਵਿੱਚ ਆਏ ਲਫ਼ਜ "ਸਤਰਿ ਦੋਇ" ਦਾ ਅਰਥ ਬਹੱਤਰ ਹਜ਼ਾਰ ਨਾੜੀਆਂ ਕਰਦੇ ਹਨ ਅਤੇ ਉਨ੍ਹਾਂ ਦੇ ਹੀ ਰਾਗ ਸੂਹੀ ਵਿੱਚ ਆਏ ਸ਼ਬਦ "ਏਕ

ਕੋਟੁ ਪੰਚ ਸਿਕਦਾਰਾ" ਦੀ ਤੁਕ "ਬਹਤਰਿ ਘਰ ਇਕੁ ਪੁਰਖੁ ਸਮਾਇਆ"[1] ਦੇਖਣ ਦਾ ਆਦੇਸ਼ ਵੀ ਦਿੰਦੇ ਹਨ। ਰਾਗ ਸੂਹੀ ਵਿੱਚ ਗੁਰੂ ਕਬੀਰ ਜੀ ਨੇ ਨਾੜੀਆਂ ਦੀ ਗਿਣਤੀ ਬਹੱਤਰ ਦੱਸੀ ਹੈ। ਭਾਈ ਕਾਹਨ ਸਿੰਘ ਨਾਭਾ "ਬਹਤਰਿ" ਲਫ਼ਜ ਦਾ ਅਰਥ ਕਰਦੇ ਲਿਖਦੇ ਹਨ :

> "ਬਹਤਰਿ-"ਕਰਨਿ ਬਹੱਤਰ ਲਾਗੀ ਤਾਹਿ"(ਬਸੰਤ ਕਬੀਰ) ਬਹੱਤਰ ਨਾੜੀਆਂ ਕਸਣ ਵਾਲੀਆਂ ਰਸੀਆਂ। ਯੋਗਮਤ ਦੇ ਗ੍ਰੰਥ ਗੋਰਕਪੱਧਤਿ ਵਿੱਚ ਬਹੱਤਰ ਹਜ਼ਾਰ ਨਾੜੀ ਲਿਖੀ ਹੈ (.....) ਜਿਨ੍ਹਾਂ ਵਿਚੋਂ ਮੁੱਖ ਬਹੱਤਰ ਮੰਨੀਆਂ ਹਨ। ਪ੍ਰਾਣ ਸੰਗਲੀ ਵਿੱਚ ਵੀ ਬਹੱਤਰ ਹਾਟ ਸਰੀਰ ਵਿੱਚ ਲਿਖੇ ਹਨ, "ਬਹਤਰਿ ਘਰਿ ਇਕੁ ਪੁਰਖੁ ਸਮਾਇਆ" (ਸੂਹੀ ਕਬੀਰ)[2]

ਇਥੇ ਨਾੜੀ ਨੂੰ ਘਰ ਕਿਹਾ ਹੈ ਭਾਵ ਖਾਲੀ ਥਾਂ ਅਰਥਾਤ ਅਕਾਸ਼। ਸਰੀਰ ਦੇ ਨਾੜੀਆਂ ਰੂਪੀ ਘਰ ਵਿੱਚ ਇੱਕ ਪੁਰਖ ਵਸਿਆ ਹੋਆ ਹੈ ਜਿਸ ਨੂੰ ਗੁਰੂ ਰਵਿਦਾਸ ਜੀ ਨੇ ਪੰਛੀ ਕਿਹਾ ਹੈ। ਸਰੀਰ ਵਿੱਚ ਸਿਰ ਤੋਂ ਲੈ ਕੇ ਪੈਰ ਦੇ ਅੰਗੂਠੇ ਤੱਕ ਇਨ੍ਹਾਂ ਨਾੜੀਆਂ ਦਾ ਪਾਸਾਰ ਹੈ। ਇਨ੍ਹਾਂ ਨਾੜੀਆਂ ਰਾਹੀਂ ਹੀ ਖੂਨ ਸਰੀਰ ਨੂੰ ਗਰਮ ਕਰਦਾ ਰਹਿੰਦਾ ਹੈ। ਜੇ ਇਹ ਨਾੜੀਆਂ ਨਾ ਹੋਣ ਤਾਂ ਖੂਨ ਦਾ ਪਾਸਾਰ ਨਹੀਂ ਹੋ ਸਕਦਾ। ਭਾਵ ਆਕਾਸ਼ ਦੇ ਤੱਤ ਦੀ ਘਾਟ ਕਰਕੇ ਖੂਨ ਦਾ ਪਾਸਾਰ ਨਹੀਂ ਹੋ ਸਕੇਗਾ ਅਤੇ ਸਰੀਰ ਦਾ ਢਾਂਚਾ ਨਸ਼ਟ ਹੋ ਜਾਵੇਗਾ ਅਤੇ ਸਰੀਰ ਅੰਦਰ ਬੈਠਾ ਆਤਮਾ ਰੂਪੀ 'ਪੰਛੀ' ਉਡਾਰੀ ਮਾਰ ਜਾਵੇਗਾ। ਇਸ ਲਈ ਅਕਾਸ਼ (ਨਾੜੀਆਂ) ਸਾਰੇ ਸਰੀਰ ਵਿੱਚ ਪਸਰਿਆ ਹੋਇਆ ਹੈ। ਸੋ ਨਾੜੀਆਂ ਹੀ ਆਕਾਸ਼ ਹਨ-ਸਾਰੇ ਸਰੀਰ ਵਿੱਚ ਪਸਰੀਆਂ ਹੋਈਆਂ ਹਨ। ਇਨ੍ਹਾਂ ਰਾਹੀਂ ਖੂਨ ਸਰੀਰ ਨੂੰ ਗਰਮ ਰੱਖਕੇ ਸੰਜੀਵ ਰੱਖਣ ਦਾ ਇੱਕੋ ਇਕ ਸਾਧਨ ਹਨ। ਸੋ ਨਾੜੀਆਂ (ਆਕਾਸ਼) ਸਰੀਰ ਅਤੇ 'ਪੰਛੀ' ਨੂੰ ਸੰਜੀਵ ਰੱਖਣ ਲਈ ਅਤਿ ਜ਼ਰੂਰੀ ਹਨ।

ਉਪਰੋਕਤ ਚਰਚਾ ਤੋਂ ਦ੍ਰਿੜ ਹੋ ਗਿਆ ਹੈ ਕਿ ਆਕਾਸ਼ ਦੀ ਕੋਈ ਜਾਤ ਨਹੀਂ ਹੈ। ਆਕਾਸ਼ ਨਾ ਬ੍ਰਾਹਮਣ ਹੈ ਨਾ ਖਤਰੀ, ਨਾ ਵੈਸ਼ ਹੈ ਅਤੇ ਨਾ ਹੀ ਸ਼ੂਦਰ। ਆਕਾਸ਼ ਕੇਵਲ ਅਕਾਸ਼ ਹੈ। ਹਾਂ, ਆਕਾਸ਼ ਨਾਲ ਸ਼ਬਦ ਰਸ ਦਾ ਵਿਕਾਰ ਪੈਦਾ ਜ਼ਰੂਰ ਹੁੰਦਾ ਹੈ ਕਿਉਂਕਿ ਮੂੰਹ ਆਕਾਸ਼ ਦੀ ਕਰਮ ਇੰਦਰੀ ਹੈ।

ਉਪਰੋਕਤ ਸਮੁੱਚੀ ਚਰਚਾ ਤੋਂ ਭਲੀ ਭਾਂਤ ਸਪਸ਼ਟ ਹੁੰਦਾ ਹੈ ਕਿ ਗੁਰੂ ਰਵਿਦਾਸ ਜੀ ਨੇ ਕੇਵਲ ਸਰੀਰ-ਸਿਰਜਣਾ ਹੀ ਵਿਗਿਆਨਕ ਤੌਰ ਤੇ ਨਹੀਂ ਕੀਤੀ ਸਗੋਂ ਨਾਲ ਦੀ ਨਾਲ ਵਿਸ਼ੇ ਵਿਕਾਰਾਂ ਦੀ ਵਿਗਿਆਨਕ ਤੌਰ ਤੇ ਸਿਰਜਣਾ ਕਰਕੇ ਸਰੀਰ ਦੀ ਸੰਪੂਰਨਤਾ ਦ੍ਰਿੜ ਕੀਤੀ ਹੈ। ਇਹ ਮਹੱਤਵਪੂਰਨ ਮਹਾਨ ਵਿਗਿਆਨਕ

---

1. ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੋਥੀ ਪੰਜਵੀ) - ਪੰਨਾ : ੧੬੫-੧੬੬

2. ਮਹਾਨ ਕੋਸ਼ - ੬੧੮

ਸਿਧਾਂਤ ਗੁਰੂ ਗ੍ਰੰਥ ਸਾਹਿਬ ਵਿੱਚ ਇੱਕੋ ਸ਼ਬਦ ਵਿੱਚ ਕਿਸੇ ਹੋਰ ਮਹਾਂਪੁਰਸ਼ ਨੇ ਦਰਜ ਨਹੀਂ ਕੀਤਾ ਅਤੇ ਨਾ ਹੀ ਇਸ ਤਰ੍ਹਾਂ ਵਿਗਿਆਨਕ ਤੌਰ ਤੇ ਇਨ੍ਹਾਂ ਤੱਤਾਂ ਦਾ ਵਰਨਣ ਕਰਕੇ ਅਤੇ ਜ਼ਰੂਰਤ ਅਨੁਸਾਰ ਵਿਆਖਿਆ ਕਰਕੇ ਸਰੀਰ ਦੀ ਬਣਤਰ ਦਾ ਸਿਧਾਂਤਕ ਤੌਰ ਤੇ ਬੋਧ ਕਰਾਇਆ ਹੈ। ਗੁਰੂ ਰਵਿਦਾਸ ਜੀ ਨੇ ਇੱਕੋ ਸ਼ਬਦ ਵਿੱਚ ਅਤੇ ਉਸ ਦੇ ਪਹਿਲੇ ਹੀ ਬੰਦ ਵਿੱਚ ਸਰੀਰ ਦੇ ਤੱਤਾਂ ਦਾ ਵਿਗਿਆਨਕ ਸੁਮੇਲ ਕਰਵਾ ਕੇ ਸਰੀਰ ਦੀ ਭੌਤਕ ਹੋਂਦ ਪ੍ਰਗਟ ਕੀਤੀ ਹੈ। ਪੰਜਾਂ ਤੱਤਾਂ ਦੇ ਪ੍ਰਵੇਸ਼ ਨਾਲ ਸਰੀਰ ਵਿੱਚ ਇਨ੍ਹਾਂ ਦੇ ਗੁਣ ਅਤੇ ਸੁਭਾਵ ਦਾ ਪ੍ਰਵੇਸ਼ ਕਰਨਾ ਵੀ ਕੁਦਰਤੀ ਸੀ। ਇਨ੍ਹਾਂ ਪੰਜਾਂ ਤੱਤਾਂ ਦੇ ਗੁਣ ਅਤੇ ਸੁਭਾ ਦਾ ਹੀ ਦੂਜਾ ਨਾਉ ਵਿਸ਼ੇ ਵਿਕਾਰ ਹੈ।

ਸੋ ਸਪਸ਼ਟ ਤੌਰ ਤੇ ਦ੍ਰਿੜ ਹੋ ਗਿਆ ਹੈ ਕਿ ਗੁਰੂ ਰਵਿਦਾਸ ਜੀ ਨੇ ਪੰਜਾਂ ਤੱਤਾਂ ਅਨੁਸਾਰ ਸਰੀਰ ਦੀ ਬਣਤਰ ਅਤੇ ਉਨ੍ਹਾਂ ਤੱਤਾਂ ਦੇ ਸੁਭਾ ਅਤੇ ਉਨ੍ਹਾਂ ਦੇ ਗੁਣਾਂ ਅਨੁਸਾਰ ਗਿਆਨ ਇੰਦਰੀਆਂ ਅਤੇ ਕਰਮ ਇੰਦਰੀਆਂ ਦੀ ਸਿਰਜਣਾ ਕਰਕੇ ਸਰੀਰ ਦੀ ਸੰਪੂਰਨ ਉਸਾਰੀ ਕੀਤੀ ਹੈ। "ਹੋਰ ਡੂੰਘਾਈ ਵਿੱਚ ਜਾਣ ਨਾਲ ਇਹ ਵੀ ਸਪਸ਼ਟ ਹੋ ਜਾਂਦਾ ਹੈ ਕਿ ਇਨ੍ਹਾਂ ਪੰਜਾਂ ਤੱਤਾਂ ਦੀ ਪ੍ਰਕ੍ਰਿਤੀ ਅਤੇ ਇਸ ਪ੍ਰਕ੍ਰਿਤੀ ਨਾਲ ਸੰਬੰਧਤ ਤਿੰਨ ਗੁਣ ਸਤੋ, ਰਜੋ ਅਤੇ ਤਮੋ ਵੀ ਨਿਰੂਪਤ ਹੋ ਜਾਂਦੇ ਹਨ। ਇਹ ਤਿੰਨੇ ਗੁਣ ਹਰ ਇੱਕ ਤੱਤ ਵਿੱਚ ਨਿਰੂਪਤ ਹਨ। ਸਤੋ ਗੁਣ ਦੀ ਅੰਸ਼ ਤੋਂ ਪੰਜ ਗਿਆਨ ਇੰਦਰੇ- ਸਰਵਣ, ਤੁੱਚਾ, ਨੇਤਰ, ਰਸਨਾ ਅਤੇ ਨਾਸਕਾ ਉਤਪਤ ਹੋਏ ਹਨ। ਰਜੋ ਦੀ ਅੰਸ਼ ਤੋਂ ਪੰਜ ਕਰਮ ਇੰਦਰੇ-ਵਾਕ, ਹੱਥ, ਪੈਰ, ਲਿੰਗ, ਗੁਦਾ ਉਤਪਤ ਹੋਏ ਹਨ ਅਤੇ ਤਮੋ ਦੀ ਅੰਸ਼ ਤੋਂ ਪੰਜ ਵਿਸ਼ੇ-ਸ਼ਬਦ, ਸਪਰਸ, ਰੂਪ, ਰਸ ਅਤੇ ਗੰਧ ਅਤੇ ਪੰਜਾਂ ਤੱਤਾਂ ਦੀਆਂ ਪੱਚੀ ਪ੍ਰਕ੍ਰਿਤੀਆਂ ਵੀ ਉਤਪਤ ਹੋਈਆਂ ਹਨ:—

ਆਕਾਸ਼ ਦੀ ਪ੍ਰਕ੍ਰਿਤੀ :- ਕਾਮ, ਕ੍ਰੋਧ, ਲੋਭ, ਮੋਹ, ਭੈ

ਪਵਨ ਦੀ ਪ੍ਰਕ੍ਰਿਤੀ :— ਚਲਨਾ, ਬਲਨਾ, ਬੇਗ, ਬਧਨ (ਵਧਣਾ), ਸੰਕੋਚਨ

ਅਗਨ ਦੀ ਪ੍ਰਕ੍ਰਿਤੀ :— ਨਿੰਦਰਾ, ਆਲਸ, ਭੁੱਖ, ਪਿਆਸ, ਕ੍ਰਾਂਤੀ

ਜਲ ਦੀ ਪ੍ਰਕ੍ਰਿਤੀ :— ਰਾਲ, ਸ੍ਵੇਤ, ਰਕਤ, ਬੀਰਜ, ਲਘੀ

ਪ੍ਰਿਥਵੀ ਦੀ ਪ੍ਰਕ੍ਰਿਤੀ :— ਹਾਡ, ਮਾਸ, ਨਾੜੀ, ਤੁਚਾ, ਰੋਮ" [1]

ਦੁਨੀਆਂ ਦੇ ਇਤਿਹਾਸ ਵਿੱਚ ਸਰੀਰ ਦੀ ਭੌਤਕ ਅਤੇ ਸੂਖਮ ਹੋਂਦ ਦੀ ਸੰਪੂਰਨ ਸਿਰਜਣਾ ਪਹਿਲੀ ਵਾਰ ਹੋਈ ਹੈ। ਇਨ੍ਹਾਂ ਦੇ ਸੰਕੇਤ ਇਸ ਸ਼ਬਦ ਦੇ ਦੂਜੇ, ਤੀਜੇ, ਚੌਥੇ ਅਤੇ ਖਾਸ ਕਰਕੇ ਪੰਜਵੇਂ ਬੰਦ ਵਿੱਚ ਭਰਵੇਂ ਰੂਪ ਵਿੱਚ ਮੂਰਤੀਮਾਨ ਹਨ। ਅਸੀਂ ਜਾਇਦਾਦ ਦਾ ਲਾਲਚ ਕਰਦੇ ਹਾਂ, ਜ਼ਰੂਰਤ ਕੇਵਲ ਸਾਢੇ ਤਿੰਨ ਹੱਥ ਦੀ ਹੈ। ਅਸੀਂ ਸਰੀਰ ਨੂੰ ਸੰਭਾਲ ਸੰਭਾਲ ਕੇ ਰਖਦੇ ਹਾਂ, ਪੱਗ ਦੀ ਭਾਵ ਇੱਜਤ ਮਾਣ ਦਾ

1. ਰਵਿਦਾਸ ਦੀਪ ਕਰਤਾ - ਸੰਤ ਹੀਰਾ ਦਾਸ (ਸਾਰ ਅੰਸ਼) - ਪੰਨਾ : ੧੯੩

ਕੂੜਾ ਹੰਕਾਰ ਕਰਦੇ ਹਾਂ, ਜਦ ਕਿ ਸਭ ਕੁਝ ਨਾਸ਼ ਹੋ ਜਾਣਾ ਹੈ। ਉੱਚੇ ਉੱਚੇ ਮਹਿਲਾਂ ਅਤੇ ਸੁੰਦਰ ਇਸਤਰੀਆਂ ਵਿੱਚ ਮੋਹ ਰੱਖਦੇ ਹਾਂ ਜਦਕਿ ਇਹ ਵੀ ਨਾਸ਼ਵਾਨ ਹੀ ਹਨ। ਮੁਕਦੀ ਗੱਲ ਮਨੁੱਖਾ-ਸੁਭਾ ਹੀ ਵਿਕਾਰ ਨਾਲ ਭਰਿਆ ਹੋਇਆ ਹੈ, ਜਿਸ ਦਾ ਸ੍ਰੋਤ ਮਾਇਆ ਹੈ। ਜਿਸ ਕਾਰਣ ਸਮੁੱਚਾ ਜੀਵਨ ਹੀ ਤਬਾਹ ਹੋ ਗਿਆ ਹੈ।

ਸੋ ਸੰਪੂਰਨ ਸਰੀਰ ਦੀ ਉਸਾਰੀ ਕਰਦਿਆਂ ਕੁਦਰਤੀ ਹੀ ਵਿਸ਼ੇ ਵਿਕਾਰਾਂ ਦੀ ਵੀ ਸਿਰਜਣਾ ਹੋ ਗਈ ਹੈ। ਇਸ ਤੱਥ ਦੀ ਸਪਸ਼ਟਤਾ ਅਤੇ ਗਵਾਹੀ ਸਾਨੂੰ ਗੁਰੂ ਰਵਿਦਾਸ ਜੀ ਦੇ ਸ਼ਬਦ "ਮ੍ਰਿਗ, ਮੀਨ ਭ੍ਰਿੰਗ, ਪਤੰਗ ਕੁੰਚਰ" ਤੋਂ ਹੀ ਹੋ ਜਾਂਦੀ ਹੈ। ਇਸ ਸ਼ਬਦ ਵਿਚ ਵਰਨਣ ਕੀਤੇ ਦੋਸ਼ ਗਿਆਨ ਇੰਦਰੀਆਂ ਨਾਲ ਸੰਬੰਧਤ ਹਨ, ਕਰਮ ਇੰਦਰੀਆਂ ਨਾਲ ਨਹੀਂ। ਮ੍ਰਿਗ ਭਾਵ ਹਿਰਨ ਨੂੰ ਕੰਨ-ਰਸ ਦਾ ਦੋਸ਼ ਹੈ — ਕੰਨ, ਆਕਾਸ਼, ਦੀ ਗਿਆਨ ਇੰਦਰੀ ਹੈ ਮੀਨ ਭਾਵ ਮੱਛੀ ਨੂੰ ਜੀਭ ਰਸ ਦਾ ਦੋਸ਼ ਹੈ- ਜੀਭ, ਜਲ ਦੀ ਗਿਆਨ ਇੰਦਰੀ ਹੈ, ਭ੍ਰਿੰਗ ਭਾਵ ਭੌਰੇ ਨੂੰ ਨੱਕ-ਰਸ ਦਾ ਦੋਸ਼ ਹੈ-ਨੱਕ, ਪ੍ਰਿਥਵੀ ਦੀ ਗਿਆਨ ਇੰਦਰੀ ਹੈ, ਪਤੰਗ ਭਾਵ ਭੰਬਟ ਨੂੰ ਅੱਖ-ਰਸ ਦਾ ਦੋਸ਼ ਹੈ-ਅੱਖ, ਅਗਨੀ ਦੀ ਗਿਆਨ ਇੰਦਰੀ ਹੈ ਅਤੇ ਕੁੰਚਰ ਭਾਵ ਹਾਥੀ ਨੂੰ ਕਾਮ-ਰਸ ਦਾ ਦੋਸ਼ ਹੈ, ਕਾਮ ਦਾ ਸੰਬੰਧ ਸਪਰਸ਼ ਨਾਲ ਹੈ, ਸੋ ਸਪਰਸ਼ (ਤੁਚਾ ਭਾਵ ਚਮੜੀ) ਹਵਾ ਦੀ ਗਿਆਨ ਇੰਦਰੀ ਹੈ।

ਸੋ ਸਰੀਰ ਦੀ ਸਿਰਜਣਾ ਕਰਦਿਆਂ ਪੰਜ ਤੱਤ-ਜਲ, ਪਵਨ, ਅਗਨੀ, ਪ੍ਰਿਥਵੀ ਅਤੇ ਆਕਾਸ਼ ਦੀ ਵਰਤੋਂ ਹੁੰਦੀ ਹੈ। ਇਨ੍ਹਾਂ ਦੀ ਵਰਤੋਂ ਤੋਂ ਬਿਨਾਂ ਸਰੀਰ ਦੀ ਸਿਰਜਣਾ ਸੰਭਵ ਨਹੀਂ ਹੈ। ਇਸੇ ਤਰ੍ਹਾਂ ਇਨ੍ਹਾਂ ਪੰਜਾਂ ਤੱਤਾਂ ਨਾਲ ਜੁੜੇ ਵਿਸ਼ੇ ਵਿਕਾਰਾਂ ਦਾ ਆਉਣਾ ਵੀ ਹਰ ਹਾਲਤ ਵਿੱਚ ਜ਼ਰੂਰੀ ਹੈ। ਇਸ ਤਰ੍ਹਾਂ ਸਰੀਰ ਦੀ ਸਿਰਜਣਾ ਸਮੇਂ ਵਿਸ਼ੇ ਵਿਕਾਰਾਂ ਦੀ ਸਿਰਜਣਾ ਨੂੰ ਵੀ ਤਿਆਗਿਆ ਨਹੀਂ ਜਾ ਸਕਦਾ। ਸੋ ਦ੍ਰਿੜ ਹੋ ਜਾਂਦਾ ਹੈ ਕਿ ਪੰਜਾਂ ਤੱਤਾਂ ਵਿੱਚ ਵਿਸ਼ੇ ਵਿਕਾਰ ਵੀ ਸ਼ਾਮਲ ਹਨ, ਇਨ੍ਹਾਂ ਨੂੰ ਨਿਖੇੜ ਕੇ ਅਲੱਗ ਕਰਨਾ ਸੰਭਵ ਨਹੀਂ ਹੈ। ਇਸ ਕਰਕੇ ਵਿਸ਼ੇ ਵਿਕਾਰ, ਹਰ ਸਰੀਰ ਦੀ ਬਣਤਰ ਦਾ ਜ਼ਰੂਰੀ ਅੰਗ ਹਨ।

ਉਪਰੋਕਤ ਸਮੁੱਚੀ ਚਰਚਾ ਤੋਂ ਇਹ ਵੀ ਪਰਪੱਕ ਹੋ ਗਿਆ ਹੈ ਕਿ ਸਰੀਰ ਦੀ ਕੋਈ ਜਾਤ ਨਹੀਂ ਹੈ ਕਿਉਂਕਿ ਸਰੀਰ ਦੇ ਪੰਜਾਂ ਤੱਤਾਂ ਦੀ ਕੋਈ ਜਾਤ ਨਹੀਂ ਹੈ। ਇਸ ਲਈ ਮਨੁੱਖੀ ਸਰੀਰ ਦੀ ਕੁਦਰਤ ਦੇ ਵਿਧਾਨ ਵਿੱਚ ਕੋਈ ਜਾਤ ਨਹੀਂ ਹੈ। ਸੋ ਹਿੰਦੂ ਧਰਮ ਵਿੱਚ ਜਾਤ-ਪਾਤ ਕਿਸੇ ਸ਼ਰਾਰਤੀ ਅਤੇ ਪਾਗਲ, ਵਿਗੜੇ ਹੋਏ ਦਿਮਾਗ ਦੀ ਦੇਣ ਹੈ। ਪਰ ਸਾਰੇ ਸਰੀਰਾਂ ਵਿੱਚ ਪੰਜੇ ਵਿਕਾਰ ਇੱਕੋ ਜਿਹੇ ਹੀ ਹਨ ਭਾਵ ਸਭ ਸਰੀਰਾਂ (ਬ੍ਰਾਹਮਣ, ਖਤਰੀ, ਵੈਸ਼, ਸ਼ੂਦਰ) ਵਿੱਚ ਇੱਕੋ ਜਹੀਆਂ ਹੀ ਬੁਰਾਈਆਂ, ਔਗੁਣ ਹਨ।

ਸੋ ਪ੍ਰਭ ਦੇ ਵਿਧਾਨ ਵਿਚ ਵਿਕਾਰ ਤਾਂ ਹਨ, ਪਰ ਜਾਤ-ਪਾਤ ਉੱਕਾ ਹੀ ਨਹੀਂ ਹੈ।

ਇਸ ਤਰ੍ਹਾਂ ਇਹ ਅਦਭੁਤ ਪ੍ਰਾਪਤੀ ਗੁਰੂ ਰਵਿਦਾਸ ਜੀ ਨੂੰ ਇਕ ਮਹਾਨ ਵਿਗਿਆਨੀ ਦੇ ਤੌਰ ਤੇ ਉਜਾਗਰ ਕਰਦੀ ਹੈ। ਇਕ ਤੱਥ ਹੋਰ ਵੀ ਦ੍ਰਿੜ ਹੋ ਜਾਂਦਾ ਹੈ ਜਦੋਂ ਅਸੀਂ ਉਨ੍ਹਾਂ ਦੀ ਬਾਕੀ ਬਾਣੀ ਦਾ ਅਧਿਐਨ ਕਰਦੇ ਹਾਂ।

ਰਸਾਇਣ ਵਿਗਿਆਨ (Chemistry)

ਇੱਕ ਹੋਰ ਸ਼ਬਦ "ਦੂਧ ਤ ਬਛਰੈ ਥਨਹੁ ਬਿਟਾਰਿਓ" ਤੋਂ ਵੀ ਗੁਰੂ ਰਵਿਦਾਸ ਜੀ ਸਾਇੰਸਦਾਨ ਸਿੱਧ ਹੁੰਦੇ ਹਨ। ਇਸ ਸ਼ਬਦ ਵਿੱਚ ਉਹ ਲਿਖਦੇ ਹਨ,

"ਬਿਖੁ ਅੰਮ੍ਰਿਤ ਬਸਹਿ ਇਕ ਸੰਗਾ॥"

ਗੁਰੂ ਜੀ ਦੇ ਉਪਰੋਕਤ ਕਥਨ ਤੋਂ ਸਿੱਧ ਹੋ ਜਾਂਦਾ ਹੈ ਕਿ ਗੁਰੂ ਰਵਿਦਾਸ ਜੀ ਇਕ ਮਹਾਨ ਸਾਇੰਸਦਾਨ ਸਨ। ਉਨ੍ਹਾਂ ਨੂੰ ਇਸ ਤੱਥ ਦਾ ਗਿਆਨ ਸੀ ਕਿ ਪਾਣੀ ਵਿਚ ਵਿਸ਼ ਅਤੇ ਅੰਮ੍ਰਿਤ ਇਕਮਿਕ ਹਨ। ਅੱਜ ਦੇ ਸਾਇੰਸਦਾਨ, ਵਿਗਿਆਨਕ ਵਿਧੀ ਨਾਲ ਪਾਣੀ ਵਿਚੋਂ 'ਵਿਸ਼' ਭਾਵ 'ਹਾਈਡਰੋਜਨ ਗੈਸ' ਅਤੇ ਅੰਮ੍ਰਿਤ ਭਾਵ 'ਆਕਸੀਜਨ ਗੈਸ' ਨੂੰ ਵੱਖ-ਵੱਖ ਕਰਨ ਵਿੱਚ ਸਮਰਥ ਹਨ। ਰਸਾਇਣ ਵਿਗਿਆਨ ਵਿਚ ਇਸ ਨੂੰ H_2O ਕਿਹਾ ਜਾਂਦਾ ਹੈ। ਵਿਗਿਆਨਕ ਵਿਧੀ ਨਾਲ ਦੋਹਾਂ ਗੈਸਾਂ ਨੂੰ ਮਿਲਾਕੇ ਮੁੜ ਪਾਣੀ ਤਿਆਰ ਕੀਤਾ ਜਾ ਸਕਦਾ ਹੈ।

ਭੌਤਿਕ ਵਿਗਿਆਨ (Physics)

"ਚਿੱਟੀ ਰੌਸ਼ਨੀ ਨੂੰ ਜਦੋਂ ਪ੍ਰਿਜ਼ਮ ਵਿੱਚੋਂ ਲੰਘਾਇਆ ਜਾਂਦਾ ਹੈ ਤਾਂ ਇਹ ਸੱਤ ਰੰਗਾਂ ਵਿੱਚ ਟੁੱਟ ਜਾਂਦੀ ਹੈ, ਇਸ ਤੋਂ ਸਿੱਧ ਹੁੰਦਾ ਹੈ ਕਿ ਚਿੱਟ ਰੰਗੀ ਰੌਸ਼ਨੀ ਅਸਲ ਵਿੱਚ ਚਿੱਟੀ ਨਾ ਹੋਕੇ ਸੱਤ ਰੰਗਾਂ ਦਾ ਸੁਮੇਲ ਹੈ। ਇਸ ਲਈ ਜਿਵੇਂ ਅਸੀਂ ਚੀਜ਼ਾਂ ਨੂੰ ਵੇਖਦੇ ਹਾਂ ਉਹ ਅਸਲ ਵਿੱਚ ਓਵੇਂ ਨਹੀਂ ਹੁੰਦੀਆਂ।

ਮਾਧਵੇ ਕਿਆ ਕਹੀਐ ਭ੍ਰਮੁ ਐਸਾ॥
ਜੈਸਾ ਮਾਨੀਐ ਹੋਇ ਨ ਤੈਸਾ॥"[1] (੬੫੭-੬੫੮) ਗੁਰੂ ਰਵਿਦਾਸ ਜੀ

ਦੂੱਤ ਵਿਗਿਆਨ (Biology)

ਜੀਵ, ਜੰਤੂ, ਫੁਲ, ਫਲ, ਵੇਲ-ਬੂਟੇ, ਕੀਟ-ਪਤੰਗਿਆਂ ਵਿੱਚ ਪ੍ਰਭ ਆਪ ਹੀ ਹੈ ਅਤੇ ਆਪ ਹੀ ਸਭ ਵਿਚ ਬੈਠ, ਸਭ ਕੁਝ ਭੋਗ ਰਿਹਾ ਹੈ :

ਸਰਬੇ ਏਕੁ ਅਨੇਕੇ ਸੁਆਮੀ
ਸਭ ਘਟ ਭੁੋਗਵੈ ਸੋਈ॥ (੬੫੭-੬੫੮) ਗੁਰੂ ਰਵਿਦਾਸ ਜੀ

ਸੋ ਗੁਰੂ ਰਵਿਦਾਸ ਜੀ ਦੀ ਮਹਾਨਤਾ ਇਸ ਅਚੰਭਾ ਕਰ ਦੇਣ ਵਾਲੀ ਵਿਗਿਆਨਕ ਖੋਜ ਵਿੱਚ ਨਿਰੂਪਤ ਹੈ, ਜਿਸ ਨੂੰ ਛੇ ਸੌ ਸਾਲ ਪਹਿਲਾਂ ਆਪਣੀ ਬਾਣੀ ਮਹਾਨ ਸਾਇੰਸਦਾਨ ਸਿੱਧ ਕਰਦੀ ਹੈ।

---

1. ਗੁਰਬਾਣੀ ਤੇ ਵਿਗਿਆਨ - ਪ੍ਰੋ. ਤਰਲੋਚਨ ਸਿੰਘ, ਫਜਿਕਸ ਵਿਭਾਗ, ਖਾਲਸਾ ਕਾਲਜ, ਪਟਿਆਲਾ - ਪੰਨਾ ਦਰਜ ਨਹੀਂ ਹੈ।

ਜਾਤ-ਪਾਤ ਹਿੰਦੂ ਧਰਮ ਦੀ ਦੇਣ ਹੈ ਪੰਜਾਂ ਤੱਤਾਂ ਦੀ ਨਹੀਂ

ਇਹ ਗਲ ਨਿੱਖਰਕੇ ਸਾਹਮਣੇ ਆਉਂਦੀ ਹੈ ਕਿ ਜਦ ਤੱਕ ਗਿਆਨ ਇੰਦਰੀਆਂ ਅਤੇ ਕਰਮ ਇੰਦਰੀਆਂ ਸ਼ੁਭ ਕਰਮ ਕਰਦੀਆਂ, ਮਨ ਦੇ ਕਾਬੂ ਵਿੱਚ ਰਹਿੰਦੀਆਂ ਹਨ, ਉਦੋਂ ਤੱਕ ਮਨ ਪ੍ਰਭ ਨਾਲ ਜੁੜਿਆ ਰਹਿੰਦਾ ਹੈ ਜਦੋਂ ਇਹ ਕਮੀਨੇ, ਘਟੀਆ ਕਰਮ ਕਰਦੀਆਂ ਹਨ ਤਾਂ ਪੰਜੇ ਵਿਕਾਰ ਬੇਕਾਬੂ ਹੋ ਸਿਰ ਚੜ੍ਹ ਕੇ ਬੋਲਦੇ ਹਨ। ਯਕੀਨਨ ਇਨ੍ਹਾਂ ਵਿਕਾਰਾਂ ਦਾ ਜਾਤ-ਪਾਤ, ਛੂਤ-ਛਾਤ ਨਾਲ ਕਿਸੇ ਕਿਸਮ ਦਾ ਕੋਈ ਸੰਬੰਧ ਨਹੀਂ ਹੈ। ਭਾਰਤ ਵਿੱਚ ਹਿੰਦੂ ਧਰਮ ਨੇ ਜਾਤ-ਪਾਤ, ਛੂਤ-ਛਾਤ ਨੂੰ ਜਨਮ ਦਿੱਤਾ। ਪਰ ਬਾਕੀ ਦੁਨੀਆਂ ਵਿੱਚ ਤਾਂ ਇਸ ਦਾ ਨਾਮੋ ਨਿਸ਼ਾਨ ਨਹੀਂ ਹੈ। ਹਾਂ—ਵਿਕਾਰ ਸਾਰੀ ਦੁਨੀਆਂ ਦੇ ਲੋਕਾਂ ਵਿੱਚ ਵਿਰਾਜਮਾਨ ਹਨ, ਭਾਵੇਂ ਉਹ ਕੋਈ ਵੀ ਹੋਵੇ।

ਮਨੁੱਖੀ ਸੁਭਾ ਦੀ ਸਿਰਜਣਾ ਤਾਂ ਪੰਜਾਂ ਤੱਤਾਂ ਨੇ ਕੀਤੀ ਹੈ, ਪਰ ਇਨ੍ਹਾਂ ਪੰਜਾਂ ਤੱਤਾਂ ਦੀ ਆਪਣੀ ਕੋਈ ਜਾਤ ਨਹੀਂ ਹੈ, ਫਿਰ ਮਨੁੱਖ ਦੀ ਕੋਈ ਜਾਤ ਕਿਵੇਂ ਹੋ ਸਕਦੀ ਹੈ? ਸੋ ਮਨੁੱਖ ਦੀ ਕੋਈ ਜਾਤ ਨਹੀਂ ਹੈ। ਇਹ ਵਿਚਾਰ 'ਸਰੀਰ ਦੀ ਸਿਰਜਣਾ' ਵਾਲੇ ਲੇਖ ਵਿੱਚ ਵੀ ਦ੍ਰਿੜ ਹੋ ਚੁੱਕਾ ਹੈ। ਇਸ ਸੰਬੰਧੀ ਸੰਤ ਹੀਰਾ ਦਾਸ ਜੀ ਚੱਕ ਹਕੀਮ (ਫਗਵਾੜਾ) ਲਿਖਦੇ ਹਨ:

> "ਤਬ ਰਵਿਦਾਸ ਜੀ ਕਹਿਤੇ ਹੈਂ ਜਾਤੀ ਕਾ ਅਭਿਮਾਨ ਜੋ ਪੁਰਸ਼ ਕਰਤਾ ਹੈ ਸੋ ਕੇਵਲ ਅਗਿਆਨਤਾ ਸੇ ਕਰਤਾ ਹੈ ਕਿਉਂਕਿ ਬ੍ਰਹਮ ਤੋਂ ਅਜਾਤ ਹੈ। ਜਾਤੀ-ਧਰਮ ਤਿਸ ਮੈਂ ਕੋਈ ਨਹੀਂ ਬ੍ਰਹਮ ਅਗਿਆਨ ਕਰ ਨਾਨਾ ਪ੍ਰਕਾਰ ਕੇ ਜਗਤ ਦਾ ਭ੍ਰਮ ਹੋਤਾ ਹੈ। ਜਬ ਗਿਆਨ ਹੋਤਾ ਹੈ ਤਬ ਜੀਵ ਬ੍ਰਹਮਾਦਿਕ ਭੇਦ ਭ੍ਰਮ ਦੂਰ ਹੋਤਾ ਹੈ। ਐਸੇ ਤੋਂ ਜਾਤੀ-ਜੀਵ ਬ੍ਰਹਮ ਧਰਮ ਨਹੀਂ ਹੈ। ਹੋਰ ਸੁਣੋਂ ਤੁਮ ਏਕ ਤਮੋ ਗੁਣ ਕਾ ਬਿਕਾਰ ਹੈ। ਪੰਜੇ ਤੱਤ ਤਿਨਾ ਪੰਜਾਂ ਤੱਤਾਂ ਰਚਿਤ ਪਿੰਡ ਬ੍ਰਹਮੰਡ ਹੈ। ਤਾਂ ਤੇ ਤਿਨ ਮੈਂ ਆਦ ਤੱਤ ਆਕਾਸ਼ ਹੈ ਤਿਸ ਕੀ ਕੀਆ ਜਾਤ ਹੈ। ਦੂਤੀਏ ਪਵਣ ਹੈ ਤਿਸ ਕੀ ਕਿਆ ਜਾਤ ਹੈ ਅਗਨ ਕੀ ਭੀ ਕੋਈ ਜਾਤ ਨਹੀਂ ਅਰ ਜਲ ਦੀ ਬ੍ਰਹਮਣਤ ਛਤ੍ਰੀਯਤ ਕੋਈ ਜਾਤ ਨਹੀਂ। ਪ੍ਰਿਥਵੀ ਭੀ ਵੈਸਤ ਸ਼ੂਦ੍ਰਤ ਕੋਈ ਜਾਤ ਨਹੀਂ। ਜਬ ਇਨ ਸਰੀਰ ਕੇ ਕਾਰਣੋਂ ਮੈਂ ਕੋਈ ਜਾਤ ਨਹੀਂ ਤਬ ਸਰੀਰ ਕਾਰਜ ਮੈਂ ਜਾਤੀ ਧਰਮ ਕੈਸੇ ਹੂਆ ਇਹ ਸਭ ਮਿਥਿਯ ਹੀ ਭ੍ਰਮ ਹੈ।" [1]

ਸੰਤ ਹੀਰਾ ਦਾਸ ਜੀ ਨੇ "ਜਲ ਕੀ ਭੀਤਿ ਪਵਨ ਕਾ ਖੰਭਾ" ਸ਼ਬਦ ਦੇ ਬੰਦ

---

1. ਰਵਿਦਾਸ ਦੀਪ - ਪੰਨਾ : ੬੪

ਨੰ. ੧ ਅਤੇ ਬੰਦ ਨੰ. ੫ ਨੂੰ ਮਿਲਾਕੇ ਸਪਸ਼ਟ ਕੀਤਾ ਹੈ ਕਿ ਜਦ ਸਰੀਰ ਦੇ ਕਾਰਣਾ (ਆਕਾਸ਼, ਹਵਾ, ਆਦਿ) ਦੀ ਕੋਈ ਜਾਤ ਨਹੀਂ, ਫਿਰ ਸਰੀਰ ਦੇ ਕਾਰਜ ਵਿੱਚ ਜਾਤੀ ਧਰਮ ਕਿਵੇਂ ਹੋ ਸਕਦਾ ਹੈ? ਸੰਤ ਜੀ ਦਾ ਇਹ ਨਿਰਣਾ ਬੜਾ ਹੀ ਵਿਗਿਆਨਕ, ਤਰਕ ਯੁਕਤ ਹੈ ਅਤੇ ਇਸ ਸ਼ਬਦ ਦੇ ਅਰਥ ਕਰਨ ਵਿੱਚ ਬਹੁਤ ਹੀ ਉਪਯੋਗੀ ਹੈ। ਇਸ ਦਾ ਹਿੰਦੂ ਧਰਮ ਵਿੱਚ ਕੋਈ ਉੱਤਰ ਨਹੀਂ ਅਤੇ ਨਾ ਹੀ ਹਿੰਦੂ ਧਰਮ ਨਾਲ ਸੰਬੰਧਤ ਵਿਦਵਾਨ ਇਸ ਦਾ ਉੱਤਰ ਦੇ ਸਕਦੇ ਹਨ।

ਉਪਰੋਕਤ ਚਰਚਾ ਤੋਂ ਸਪਸ਼ਟ ਹੈ ਕਿ ਮਨੁੱਖ ਦੀ ਕੋਈ ਜਾਤ ਨਹੀਂ ਹੈ। ਸਾਰੀ ਸ੍ਰਿਸ਼ਟੀ ਵਿੱਚ ਵਿਚਰ ਰਹੇ ਮਨੁੱਖ ਦਾ ਸਰੀਰ ਪੰਜਾਂ ਤੱਤਾਂ ਦਾ ਬਣਿਆ ਹੋਇਆ ਹੈ ਅਤੇ ਉਸ ਦਾ ਸੁਭਾ ਇਨ੍ਹਾਂ ਤੱਤਾਂ ਦੇ ਗੁਣਾਂ ਅਤੇ ਸੁਭਾ ਅਨੁਸਾਰ ਹੀ ਬਣਿਆ ਹੈ। ਇਸ ਲਈ ਮਨੁੱਖ ਦੀ ਕੋਈ ਜਾਤ ਨਹੀਂ ਹੈ।

ਹੁਣ ਗੁਰੂ ਰਵਿਦਾਸ ਜੀ ਦੀ ਬਾਣੀ ਦੇ ਸ਼ਬਦ "ਜਲ ਕੀ ਭੀਤਿ" ਦੇ ਬੰਦ ਨੰ. ੫ ਅਤੇ "ਤੁਮ ਚੰਦਨ ਹਮ ਇਰੰਡ ਬਾਪਰੇ" ਦੇ ਬੰਦ ਨੰ. ੩ ਤੇ ਵਿਚਾਰ ਕਰਦੇ ਹਾਂ। ਦੋਹਾਂ ਸ਼ਬਦਾ ਦੇ ਬੰਦਾਂ ਦੀ ਪਹਿਲੀ ਤੁਕ ਇੱਕੋ ਹੀ ਹੈ :

1. "ਮੇਰੀ ਜਾਤਿ ਕਮੀਨੀ ਪਾਤਿ ਕਮੀਨੀ ਓਛਾ ਜਨਮ ਹਮਾਰਾ॥"

2. "ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ॥"

ਇਹ ਗੱਲ ਤਾਂ ਸਪਸ਼ਟ ਹੋ ਚੁੱਕੀ ਹੈ ਕਿ ਹਿੰਦੂ ਧਰਮ ਦੀ ਸਿਰਜੀ ਜਾਤ-ਪਾਤ ਮਨੁੱਖ ਦੀ ਬਣਾਈ ਹੋਈ ਹੈ; ਸ਼ੂਦਰਾਂ ਨੂੰ ਘਟੀਆ ਸਿੱਧ ਕਰਕੇ, ਬ੍ਰਾਹਮਣ, ਖਤਰੀ ਅਤੇ ਵੈਸ਼ ਨੂੰ ਉੱਤਮ ਸਿੱਧ ਕਰਕੇ ਹਿੰਦੂ ਧਰਮ 'ਹੰਕਾਰ' ਦੀ ਬਿਮਾਰੀ ਦਾ ਸ਼ਿਕਾਰ ਹੋਇਆ ਹੈ ਅਤੇ ਸ਼ੂਦਰ ਵਰਗ ਬਣਾਕੇ ਉਸ ਦੀ ਹਰ ਪੱਖ ਤੋਂ ਲੁੱਟ ਕਸੁੱਟ ਕਰਕੇ, ਅਨਪੜ੍ਹ ਰੱਖਕੇ ਪਸ਼ੂ ਬਣਾਉਂਦਾ ਹੈ। ਇਹ ਹਿੰਦੂ ਧਰਮ ਦਾ ਬੁਨਿਆਦੀ ਤੱਥ (Fact) ਹੈ ਇਸ ਕਾਰਣ ਇਹ ਇੱਕ ਘਿਨਾਉਣਾ ਨਫ਼ਰਤ ਅਤੇ ਵੈਰ ਵਿਰੋਧ ਪੈਦਾ ਕਰਨ ਵਾਲਾ ਧਰਮ ਬਣਿਆ ਹੋਇਆ ਹੈ।

ਸੋ ਜਾਤ ਪਾਤ, ਛੂਤ-ਛਾਤ ਹਿੰਦੂ ਧਰਮ ਦੀ ਉਪਜ ਹੈ। ਇਹ ਪ੍ਰਭ ਦੇ ਵਿਧਾਨ ਵਿੱਚ ਨਹੀਂ ਹੈ ਅਤੇ ਨਾ ਹੀ ਪੰਜਾਂ ਤੱਤਾਂ ਵਿੱਚ ਹੈ, ਜਿਸ ਨਾਲ ਸਰੀਰ ਦੀ ਸਿਰਜਣਾ ਹੋਈ ਹੈ।

ਗੁਰੂ ਰਵਿਦਾਸ ਜੀ ਦੀ ਬਾਣੀ ਦੇ ਉਪਰੋਕਤ ਬੰਦਾਂ ਨੂੰ ਹੋਰ ਵਧੀਆ ਢੰਗ ਨਾਲ ਸਮਝ ਕੇ ਸਪਸ਼ਟ ਕਰਨ ਲਈ ਕੁਝ ਚਿਰ ਲਈ 99% ਵਿਦਵਾਨਾਂ ਦੀ ਗੱਲ ਮੰਨ ਲੈਂਦੇ ਹਾਂ ਕਿ ਉਹ ਆਪਣੀ ਜਾਤ ਨੂੰ ਕਮੀਨੀ, ਓਛੀ ਕਹਿੰਦੇ ਹਨ। ਉਹ ਆਪਣੀ ਜਾਤ ਨੂੰ ਤਾਂ ਕਮੀਨਾ, ਓਛਾ ਕਹਿ ਸਕਦੇ ਹਨ। ਪਰ ਕੀ ਐਡੇ ਵੱਡੇ ਧਰਮਾਤਮਾ, ਰੱਬ ਦੇ ਰੂਪ ਰਵਿਦਾਸ ਆਪਣੇ ਸ੍ਰਿਸ਼ਟੀ ਸਿਰਜਣਾ ਦੇ ਸਮੇਂ ਤੋਂ ਚਲੇ ਆ ਰਹੇ ਮਨੁੱਖਾ-ਵੰਸ਼ ਨੂੰ ਵੀ ਕਮੀਨਾ ਕਹਿ ਸਕਦੇ ਹਨ? ਜਿਸ ਮਨੁੱਖਾ-ਵੰਸ਼ ਵਿੱਚ ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ ਆਦਿ ਵੀ ਸ਼ਾਮਲ ਹਨ। ਗੁਰੂ ਰਵਿਦਾਸ ਜੀ ਦੀ

ਅਤੇ ਹਰ ਮਨੁੱਖ ਦੀ ਵੰਸ਼-ਮਨੁੱਖਾ-ਵੰਸ਼ ਹੈ, ਮਨੁੱਖ ਜਾਤੀ ਹੈ। ਵੰਸ਼ ਦਾ ਅਰਥ ਹੈ ਮਨੁੱਖ ਦੇ ਜਨਮ ਦਾ ਸ੍ਰੋਤ। ਮਨੁੱਖ ਦਾ ਸ੍ਰੋਤ ਜਾਂ ਵੰਸ਼ ਤਾਂ ਸ੍ਰਿਸ਼ਟੀ-ਸਿਰਜਣਾ ਵੇਲੇ ਦਾ ਪਹਿਲਾ ਮਨੁੱਖ ਹੈ, ਜਿਸ ਤੋਂ ਅੱਗੇ ਸਾਰੀ ਦੁਨੀਆਂ ਦੇ ਮਨੁੱਖਾਂ ਦਾ ਵਿਕਾਸ ਹੋਇਆ ਹੈ। ਇਸ ਕਰਕੇ ਗੁਰਬਾਣੀ ਅਤੇ ਗੁਰੂ ਰਵਿਦਾਸ ਜੀ ਸ਼ਕਤੀਸ਼ਾਲੀ ਤਰਕ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪਰਮਾਤਮਾ ਨੂੰ ਹੀ ਮਨੁੱਖ ਜਾਤੀ ਦਾ ਮਾਤਾ ਪਿਤਾ ਮੰਨਦੀ ਹੈ। "ਸੋਈ ਮੁਕੰਦ ਹਮਾਰਾ ਪਿਤ ਮਾਤਾ॥" ਕੀ ਗੁਰੂ ਜੀ ਪਰਮਾਤਮਾ ਨੂੰ ਕਮੀਣਾ ਕਹਿ ਸਕਦੇ ਹਨ? ਕੀ ਕੋਈ ਵੀ ਸ੍ਰਿਸ਼ਟੀ ਦਾ ਮਨੁੱਖ ਪਰਮਾਤਮਾ ਨੂੰ ਕਮੀਣਾ ਕਹਿ ਸਕਦਾ ਹੈ? ਤੋਬਾ ਤੋਬਾ ਕਿੱਡਾ ਵੱਡਾ ਪਾਪ ਹੋ ਰਿਹਾ ਹੈ, ਅਨਰਥ ਹੋ ਰਿਹਾ ਹੈ, ਅਜਿਹਾ ਕਹਿਣਾ ਤਾਂ ਉਨ੍ਹਾਂ ਦੀ ਮੌਤ ਹੈ। ਅਜਿਹਾ ਤਾਂ ਉਹ ਸੋਚ ਤੱਕ ਨਹੀਂ ਸਕਦੇ, ਕਹਿਣਾ ਤਾਂ ਰਿਹਾ ਇੱਕ ਪਾਸੇ। ਗੁਰੂ ਜੀ, ਜਿਸ ਪ੍ਰਭ ਨੂੰ ਆਪਣੇ ਪ੍ਰਾਣ ਤੋਂ ਵੀ ਪਿਆਰਾ ਮੰਨਕੇ ਉਸ ਦੀ ਪ੍ਰਾਪਤੀ ਲਈ ਆਪਣੇ ਸਰੀਰ ਨੂੰ ਟੁਕੜੇ ਟੁਕੜੇ ਕਰਨ ਲਈ ਤਿਆਰ ਹਨ :

ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ॥
ਪ੍ਰੇਮ ਜਾਇ ਤਉ ਡਰਪੈ ਤੇਰੋ ਜਨ॥ ੬॥[1]

ਉਹ ਕਿਵੇਂ ਅਜਿਹਾ ਬੱਜਰ ਪਾਪ ਕਰ ਸਕਦੇ ਹਨ। ਇਹ ਅਰਥ ਗੁਰਬਾਣੀ ਦੇ 99% ਵਿਦਵਾਨਾਂ ਨੇ ਗੁਰੂ ਜੀ ਦੀ ਬਾਣੀ ਦਾ ਅਰਥ ਕਰਕੇ ਪ੍ਰਦਾਨ ਕੀਤੇ ਹਨ। ਅਜਿਹਾ ਕਰਕੇ ਉਨ੍ਹਾਂ ਨੇ ਨਾ-ਮਾਫ਼ ਕਰਨ ਵਾਲਾ ਪਾਪ ਕੀਤਾ ਹੈ।

ਸੋ "ਪਾਤਿ ਕਮੀਨੀ" ਦੇ ਅਰਥ "ਮੇਰੀ ਸ਼ੂਦਰ ਵੰਸ਼ ਕਮੀਣੀ" ਕਰਨਾ 100% ਗਲਤ ਹੈ।

ਉਪਰੋਕਤ ਚਰਚਾ ਤੋਂ ਦ੍ਰਿੜ ਹੈ ਕਿ "ਜਾਤਿ ਕਮੀਨੀ ਪਾਤਿ ਕਮੀਨੀ" ਅਤੇ "ਜਾਤਿ ਓਛਾ ਪਾਤੀ ਓਛਾ" ਦੇ 99% ਵਿਦਵਾਨਾਂ ਦੇ ਅਰਥ ਗ਼ਲਤ ਹਨ। ਇਨਾਂ ਤੁਕਾਂ ਦਾ ਅਰਥ ਹੈ, "ਮੇਰਾ ਵਿਕਾਰਾਂ ਨਾਲ ਬਣਿਆ ਸੁਭਾ ਕਮੀਣਾ ਹੈ, ਕਮੀਣਿਆਂ ਦੀ ਸੰਗਤ ਵਿੱਚ ਸੁਭਾ ਵੀ ਕਮੀਣਾ ਹੀ ਬਣਨਾ ਸੀ। ਇਸ ਕਮੀਣੇ ਸੁਭਾ ਕਾਰਨ ਇਨਾਂ ਕਮੀਣੇ ਵਿਕਾਰਾਂ ਦਾ ਵੰਸ਼ (ਸ੍ਰੋਤ) ਮਾਇਆ-ਜਿਸ ਦੇ ਦੂਤ ਪੰਜੇ ਵਿਕਾਰ ਹਨ — ਵੀ ਕਮੀਣੀ ਹੈ।"

ਇਨ੍ਹਾਂ ਅਰਥਾਂ ਨੂੰ ਇੱਕ ਹੋਰ ਦ੍ਰਿਸ਼ਟੀ ਤੋਂ ਪਰਖਦੇ ਹਾਂ। ਕੁਝ ਪਲਾਂ ਲਈ ਅਸੀਂ 99% ਵਿਦਵਾਨਾਂ ਦੇ ਅਰਥਾਂ ਨੂੰ ਸਹੀ ਮੰਨ ਲੈਂਦੇ ਹਾਂ। ਇਨ੍ਹਾਂ ਵਿਦਵਾਨਾਂ ਅਨੁਸਾਰ ਅਰਥ ਹਨ, 'ਮੇਰੀ ਜਾਤ ਵੀ ਕਮੀਨੀ ਹੈ, ਜਮਾਤ (ਕੁਲ) ਵੀ ਕਮੀਨੀ ਹੈ, ਜਨਮ ਵੀ ਤੁੱਛ ਹੈ' ਰਵਿਦਾਸ ਚਮਾਰਾ ਕਹਿੰਦਾ ਹੈ। ਗੁਰੂ ਰਵਿਦਾਸ ਜੀ ਦੀ ਜਾਤ ਚਮਾਰ ਹੈ, ਉਹ ਇਸ ਬਾਰੇ ਇਸੇ ਸ਼ਬਦ ਦੀ ਆਖਰੀ ਤੁਕ ਵਿੱਚ ਸਪਸ਼ਟ ਕਰਦੇ ਹਨ, "ਕਹਿ ਰਵਿਦਾਸ ਚਮਾਰਾ॥" ਇਨ੍ਹਾਂ ਵਿਦਵਾਨਾਂ ਨੂੰ ਇਕ ਪ੍ਰਸ਼ਨ ਹੈ

---

1. ਆਦਿ ਗ੍ਰੰਥ - ਪੰਨਾ : ੪੯੬-੪੯੭

ਕਿ ਕੀ ਗੁਰੂ ਰਵਿਦਾਸ ਜੀ ਇਨ੍ਹਾਂ ਤੁੱਕ ਵਿੱਚ 'ਚਮਾਰ' ਸ਼ਬਦ ਦੀ ਵਰਤੋਂ "ਮਾਣ ਵਾਲੀ ਭਾਵਨਾ" ਨਾਲ ਕਰਦੇ ਹਨ ਜਾਂ "ਕਮੀਣੀ ਭਾਵਨਾ" ਨਾਲ ਕਰਦੇ ਹਨ? ਇਨ੍ਹਾਂ ਵਿਦਵਾਨਾਂ ਦੇ ਅਰਥ : ਅਨੁਸਾਰ ਇਸ ਸ਼ਬਦ ਦੇ ਬੰਦ ਨੰ: ੫ ਦੇ ਅਰਥ ਇਉਂ ਬਣਦੇ ਹਨ, "ਰਵਿਦਾਸ ਕਮੀਨਾ ਕਹਿੰਦਾ ਹੈ, "ਮੇਰੀ ਜਾਤ ਵੀ ਕਮੀਨੀ ਹੈ, ਜਮਾਤ ਵੀ ਕਮੀਨੀ ਹੈ, ਜਨਮ ਵੀ ਘਟੀਆ ਹੈ।" ਇਨਾਂ ਵਿਦਵਾਨਾਂ ਅਨੁਸਾਰ ਗੁਰੂ ਰਵਿਦਾਸ ਜੀ ਆਪਣੇ ਆਪ ਨੂੰ "ਕਮੀਨਾ" ਕਹਿੰਦੇ ਹਨ। ਕਿੰਨਾ ਘੋਰ ਪਾਪ ਹੈ ਕਿੰਨੀ ਨਾ-ਮਾਫ਼ ਕਰਨ ਵਾਲੀ ਬਜਰ ਗਲਤੀ ਕੀਤੀ ਹੈ ਇਨ੍ਹਾਂ "ਮਹਾਨ" ਵਿਦਵਾਨਾਂ ਨੇ। ਪ੍ਰਭ! ਇਨ੍ਹਾਂ ਨੂੰ ਸੁਮੱਤ ਬਖਸੀਂ।

ਜੇ ਅਰਥ "ਮਾਣ ਵਾਲੀ" ਭਾਵਨਾ ਨਾਲ ਕਰੀਏ ਤਾਂ ਇਨ੍ਹਾਂ ਵਿਦਵਾਨਾਂ ਦੇ ਇਸ ਬੰਦ ਦੀ ਪਹਿਲੀ ਤੁਕ ਦੇ ਅਰਥ ਦਾ ਵਿਰੋਧ, ਦੂਜੀ ਤੁਕ ਦੇ ਅਰਥਾਂ ਨਾਲ ਹੋ ਜਾਂਦਾ ਹੈ। ਪਹਿਲੀ ਤੁਕ ਵਿੱਚ ਤਾਂ ਚਮਾਰ ਜਾਤ ਨੂੰ ਕਮੀਨੀ ਕਿਹਾ ਗਿਆ ਹੈ ਅਤੇ ਝਟਪਟ ਹੀ ਦੂਜੀ ਤੁਕ ਵਿੱਚ ਇਹੋ ਜਾਤ "ਮਾਣ ਵਾਲੀ" ਬਣ ਜਾਂਦੀ ਹੈ। ਇਹ ਕਿਵੇਂ ਸੰਭਵ ਹੋ ਸਕਦਾ ਹੈ? ਇਹ 99% ਵਿਦਵਾਨ ਇਸ ਪ੍ਰਸ਼ਨ ਦਾ ਉੱਤਰ ਨਹੀਂ ਦੇ ਸਕਦੇ। ਕਿਉਂਕਿ ਦੋਵੇਂ ਸਥਿਤੀਆਂ ਸਪਸ਼ਟ ਹਨ ਅਤੇ ਨਿਰਣਾਇਕ ਸਿੱਟਾ ਐਲਾਨਦੀਆਂ ਹਨ ਕਿ ਇਸ ਬੰਦ ਦੇ ਇਨ੍ਹਾਂ 99% ਵਿਦਵਾਨਾਂ ਦੇ ਅਰਥ ਮੂਲੋਂ ਹੀ ਗਲਤ ਹਨ।

ਇਨ੍ਹਾਂ 99% ਵਿਦਵਾਨਾਂ ਦੇ ਅਰਥ ਇਸ ਕਰਕੇ ਵੀ ਗ਼ਲਤ ਹਨ ਕਿਉਂਕਿ ਇਨ੍ਹਾਂ ਵਿਦਵਾਨਾਂ ਅਨੁਸਾਰ ਗੁਰੂ ਰਵਿਦਾਸ ਜੀ ਦੇ ਬ੍ਰਹਮ-ਗਿਆਨੀ ਬਣਨ ਤੋਂ ਪਿੱਛੋਂ ਵੀ ਉਨ੍ਹਾਂ ਦੀ ਜਾਤ 'ਚਮਾਰ' ਨੂੰ ਮਾਣ ਵਾਲੀ ਨਹੀਂ ਮੰਨਿਆ। ਪਰ ਗੁਰੂ ਰਾਮਦਾਸ ਜੀ ਅਤੇ ਗੁਰੂ ਗ੍ਰੰਥ ਸਾਹਿਬ ਦੇ ਅਨੇਕਾਂ ਹੋਰ ਮਹਾਂਪੁਰਸ਼ਾਂ ਨੇ 'ਚਮਾਰ' ਜਾਤ ਦਾ ਜ਼ਿਕਰ ਕਰਕੇ ਉਨ੍ਹਾਂ ਦੇ ਬ੍ਰਹਮ-ਗਿਆਨੀ ਬਣਨ ਦੀ ਅਤੇ ਬ੍ਰਾਹਮਣਾਂ ਆਦਿ ਦਾ ਗੁਰੂ ਬਣਨ ਦੀ ਵਡਿਆਈ ਕੀਤੀ ਹੈ :

ਰਵਿਦਾਸ ਚਮਾਰੁ ਉਸਤਤਿ ਕਰੇ
ਹਰਿ ਕੀਰਤਿ ਨਿਮਖ ਇਕ ਗਾਇ॥
ਪਤਿਤ ਜਾਤਿ, ਉਤਮ ਭਇਆ
ਚਾਰਿ ਵਰਨ ਪਏ ਪਗਿ ਆਇ॥ ੨॥ (ਆਦਿ ਗ੍ਰੰਥ ਪੰਨ - ੭੩੩)

ਪਰ ਗੁਰੂ ਰਵਿਦਾਸ ਜੀ ਦੇ ਬ੍ਰਹਮ-ਗਿਆਨੀ ਬਣਨ ਨਾਲ ਵਿਕਾਰਾਂ ਤੋਂ ਛੁਟਕਾਰਾ ਮਿਲ ਗਿਆ ਹੈ, ਵਿਕਾਰਾਂ ਦਾ ਨਾਸ਼ ਹੋ ਗਿਆ ਹੈ। ਇਸ ਤੱਥ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਵਿਰਾਜਮਾਨ 100% ਮਹਾਂਪੁਰਸ਼ਾਂ ਨੇ ਪ੍ਰਵਾਨ ਕੀਤਾ ਹੈ।

ਇਸ ਲਈ ਇਸ ਸ਼ਬਦ ਦੇ ਇਸ ਬੰਦ ਦੇ ਅਰਥ ਵਿਕਾਰਾਂ ਨਾਲ ਸਬੰਧਤ ਹਨ। ਇਨ੍ਹਾਂ ਵਿਕਾਰਾਂ ਦਾ ਨਾਸ਼ ਕਰਨ ਲਈ ਹੀ ਗੁਰੂ ਰਵਿਦਾਸ ਜੀ ਸੋਹਣੇ ਪ੍ਰਭ ਦੀ ਸ਼ਰਨ ਜਾਂਦੇ ਹਨ, ਆਪਣੀ ਜਾਤ ਦਾ ਨਾਸ਼ ਕਰਨ ਲਈ ਉਹ ਪ੍ਰਭ ਦੀ ਸ਼ਰਨ

ਨਹੀਂ ਜਾਂਦੇ। ਜੇ ਉਹ ਆਪਣੀ ਜਾਤ ਹੀ ਮਿਟਾਉਣਾ ਚਾਹੁੰਦੇ ਹੁੰਦੇ ਤਾਂ ਉਹ ਆਪਣੇ ਨਾਮ ਨਾਲ ਕਦੇ ਵੀ 'ਚਮਾਰ' ਨਾ ਲਿਖਦੇ। ਪਰ ਗੁਰੂ ਜੀ ਤਾਂ ਆਪਣੀ ਜਾਤ ਦਾ ਬੜੇ ਫ਼ਖਰ ਨਾਲ ਜ਼ਿਕਰ ਕਰਦੇ ਹਨ।

ਇਸ ਤਰ੍ਹਾਂ 99% ਵਿਦਵਾਨਾਂ ਦੇ ਅਰਥ ਹਰ ਪੱਖੋਂ ਗ਼ਲਤ ਹਨ।

ਇਨ੍ਹਾਂ ਅਰਥਾਂ ਨੂੰ ਕੁਝ ਹੋਰ ਡੂੰਘਾਈ ਨਾਲ ਇੱਕ ਹੋਰ ਦ੍ਰਿਸ਼ਟੀ ਤੋਂ ਪਰਪੱਕ ਕਰਦੇ ਹਾਂ। ਗੁਰੂ ਰਵਿਦਾਸ ਜੀ ਆਪਣੇ ਨਾਉਂ ਨਾਲ ਕਈ ਵਾਰ "ਕਹਿ ਰਵਿਦਾਸ ਚਮਾਰਾ" ਲਿਖਦੇ ਹਨ। ਕੀ ਵਿਦਵਾਨ ਕਹਿਣਾ ਚਾਹੁੰਦੇ ਹਨ ਕਿ ਗੁਰੂ ਜੀ ਆਪਣੇ ਆਪ ਨੂੰ ਕਮੀਣਾ ਕਹਿਕੇ ਮਾਣ ਸਤਿਕਾਰ ਵਾਲੀ ਗੱਲ ਕਹਿ ਰਹੇ ਹਨ? ਕੀ ਚਾਰੇ ਵਰਣ-ਬ੍ਰਾਹਮਣ, ਖਤਰੀ, ਵੈਸ਼, ਸ਼ੂਦਰ— ਇਸ ਕਰਕੇ ਉਨ੍ਹਾਂ ਨੂੰ 'ਗੁਰੂ' ਧਾਰਦੇ ਹਨ ਕਿ ਉਹ ਕਮੀਣੇ ਹਨ? ਕੀ ਗੁਰੂ ਨਾਨਕ ਦੇਵ ਜੀ ਨੇ ਇਸ ਕਰਕੇ ਬਾਣੀ ਪ੍ਰਾਪਤ ਕੀਤੀ ਸੀ ਕਿ ਉਹ ਕਮੀਣੇ ਹਨ? ਤੋਬਾ ਤੋਬਾ ਕਿੱਡਾ ਵੱਡਾ ਅਨਰਥ ਕਰ ਰਿਹੇ ਹਨ ਇਹ ਵਿਦਵਾਨ ਲੋਕ। ਗੁਰੂ ਨਾਨਕ ਦੇਵ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਤਾਂ ਉਨ੍ਹਾਂ ਨੂੰ ਪ੍ਰਭ-ਰੂਪ ਮੰਨਦੇ ਹਨ। ਪਰ ਇਹ ਵਿਦਵਾਨ ਲੋਕ ਬਾਣੀ ਦੇ ਅਰਥਾਂ ਤੋਂ ਅਣਜਾਣ, ਆਪਣੀ ਬੇਸਮਝੀ ਕਾਰਨ ਕਿੱਡਾ ਵੱਡਾ ਬਜਰ ਪਾਪ ਕਰਦੇ ਚਲੇ ਆ ਰਹੇ ਹਨ ਇਨ੍ਹਾਂ ਤੁਕਾਂ ਦਾ ਗ਼ਲਤ ਅਰਥ ਕਰਕੇ। ਇਸਦਾ ਇੱਕੋ ਇੱਕ ਸਿੱਟਾ ਇਹ ਨਿਕਲਦਾ ਹੈ ਕਿ ਇਨ੍ਹਾਂ ਵਿਦਵਾਨਾਂ ਨੂੰ ਗੁਰੂ ਰਵਿਦਾਸ ਜੀ ਦੀ ਬਾਣੀ ਦੀ ਸਮਝ ਨਹੀਂ। ਇਹ 100% ਸਹੀ ਹੈ ਕਿ ਇਨ੍ਹਾਂ ਵਿਦਵਾਨਾਂ ਨੂੰ ਘੱਟੋ ਘੱਟ ਉਪਰੋਕਤ ਦੋ ਬੰਦਾਂ ਅਤੇ ਹੇਠ ਦਿੱਤੇ ਬੰਦ ਦੇ ਅਰਥਾਂ ਦੀ ਉੱਕਾ ਹੀ ਸਮਝ ਨਹੀਂ ਹੈ :—

ਮੇਰੀ ਸੰਗਤੁ ਪੋਚ ਸੋਚ ਦਿਨ ਰਾਤੀ॥
ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਤੀ॥[1]

ਮੁਕਦੀ ਗਲ, ਉਪਰੋਕਤ ਤੁਕਾਂ 'ਮੇਰੀ ਜਾਤਿ ਕਮੀਨੀ' ਅਤੇ "ਜਾਤੀ ਓਛਾ" ਦਾ ਅਰਥ ਇਕੋ ਹੀ ਹੈ, "ਵਿਕਾਰਾਂ ਦੀ ਸੰਗਤ ਕਰਕੇ ਮੇਰਾ ਸੁਭਾ ਕਮੀਣਾ, ਓਛਾ ਬਣ ਗਿਆ ਹੈ ਅਤੇ ਇਨਾਂ ਪੰਜੇ ਵਿਕਾਰਾਂ ਦਾ ਸ੍ਰੋਤ ਜਾਂ ਵੰਸ਼ ਮਾਇਆ ਹੈ, ਵਿਕਾਰ ਮਾਇਆ ਦੇ ਦੂਤ ਹਨ। ਇਸ ਕਰਕੇ ਇਨ੍ਹਾਂ ਵਿਕਾਰਾਂ ਨੇ ਮੇਰਾ ਸਮੁੱਚਾ ਜੀਵਨ ਹੀ ਘਟੀਆ ਅਤੇ ਕਮੀਣਾ ਬਣਾ ਦਿੱਤਾ ਹੈ।" ਇਸ ਤੋਂ ਬਿਨਾਂ ਕੋਈ ਹੋਰ ਅਰਥ ਹੋ ਹੀ ਨਹੀਂ ਸਕਦਾ।

ਸੋ ਜਾਤ-ਪਾਤ ਪੰਜਾਂ ਤੱਤਾਂ ਜਾਂ ਪੰਜਾਂ ਵਿਕਾਰਾਂ ਦੀ ਸਿਰਜਣਾ ਨਹੀਂ ਹੈ। ਜਾਤ-ਪਾਤ ਦੀ ਸਿਰਜਣਾ ਕੇਵਲ ਤੇ ਕੇਵਲ ਹਿੰਦੂ-ਧਰਮ ਦੀ ਸਿਰਜਣਾ ਹੈ। ਇਹ ਦੁਨੀਆਂ ਦੇ ਹੋਰ ਕਿਸੇ ਵੀ ਧਰਮ ਵਿੱਚ ਦਰਜ ਨਹੀਂ ਹੈ।

---

1. ਆਦਿ ਗ੍ਰੰਥ - ਪੰਨਾ : ੩੪੫

ਸ਼ਿਲਪਕਾਰੀ ਰੂਪਕ ਦਾ ਰਹੱਸਵਾਦੀ ਗੁਰੂ ਰਵਿਦਾਸ ਜੀ

ਹਿੰਦੂ-ਧਰਮ ਵਿੱਚ ਮੰਨੇ ਜਾਂਦੇ ਮਹਾਨ ਸ਼ਿਲਪਕਾਰ 'ਭਗਵਾਨ' ਵਿਸ਼ਵਕਰਮਾ ਜੀ ਨੇ ਕੇਵਲ ਸੰਸਾਰ ਵਿੱਚ ਭਵਨ ਦੀ ਉਸਾਰੀ ਵਿੱਚ ਕਮਾਲ ਹਾਸਲ ਕੀਤਾ ਹੈ। ਪਰ ਗੁਰੂ ਰਵਿਦਾਸ ਜੀ ਨੇ ਕਈ ਕਦਮ ਅਗਾਂਹ ਜਾਕੇ ਅਲੌਕਾਰਕ ਅਤੇ ਚਮਤਕਾਰੀ ਸਰੀਰ ਦੀ ਸਿਰਜਣਾ ਦੇ ਨਾਲ-ਨਾਲ ਭਵਨ ਦੀ ਉਸਾਰੀ ਵੀ ਕੀਤੀ ਹੈ। ਇਸ ਤਰ੍ਹਾਂ ਗੁਰੂ ਜੀ ਨੇ ਕੁਦਰਤੀ ਨਿਯਮਾਂ ਨੂੰ ਸਰੀਰ ਅਤੇ ਭਵਨ ਦੀ ਉਸਾਰੀ ਲਈ ਬੁਨਿਆਦ ਬਣਾਇਆ ਹੈ। 'ਭਗਵਾਨ' ਵਿਸ਼ਵਕਰਮਾ ਨੇ ਸਰੀਰ ਦੀ ਬਣਤਰ ਦੀ ਉਸਾਰੀ ਨਹੀਂ ਕੀਤੀ, ਇਸ ਕਰਕੇ ਗੁਰੂ ਜੀ ਉਨ੍ਹਾਂ ਤੋਂ ਕਈ ਕਦਮ ਅੱਗੇ ਹਨ। ਦੂਜੇ, 'ਭਗਵਾਨ' ਵਿਸ਼ਵਕਰਮਾ ਬਾਰੇ ਤਾਂ ਇਹ ਤੱਥ ਲੋਕਾਂ ਨੇ ਪ੍ਰਗਟ ਕੀਤੇ ਹਨ, ਉਨ੍ਹਾਂ ਦੀ ਆਪਣੀ ਗਵਾਹੀ ਇਸ ਸੰਬੰਧ ਵਿੱਚ ਪ੍ਰਾਪਤ ਨਹੀਂ ਹੈ। ਪਰ ਗੁਰੂ ਰਵਿਦਾਸ ਜੀ ਦੀ ਸਰੀਰ ਅਤੇ ਭਵਨ ਦੀ ਉਸਾਰੀ ਬਾਰੇ ਉਨ੍ਹਾਂ ਦਾ ਆਪਣਾ ਸਿਰਜਿਆ ਕਥਨ ਹੈ।

ਇਸ ਤੱਥ ਦੀ ਸਹੀ ਤਰਜਮਾਨੀ ਪ੍ਰੋ. ਐਸ.ਐਸ.ਭੱਟੀ, ਪ੍ਰਿੰਸੀਪਲ ਚੰਡੀਗੜ੍ਹ ਕਾਲਜ ਆਫ਼ ਆਰਕਿਟੈਕਚਰ, ਚੰਡੀਗੜ੍ਹ ਆਪਣੇ ਲੇਖ "ਸ਼ਿਲਪਕਾਰੀ ਰੂਪਕ ਦਾ ਰਹੱਸਵਾਦੀ ਗੁਰੂ ਰਵਿਦਾਸ ਜੀ" ਵਿੱਚ ਕਰਦੇ ਹਨ। ਉਨ੍ਹਾਂ ਦਾ ਇਹ ਲੇਖ ੪ ਫਰਵਰੀ, ੧੯੯੦ ਦੇ ਅੰਗਰੇਜੀ ਟ੍ਰਿਬਿਊਨ ਦੇ "ਸੰਡੇ ਰੀਡਿੰਗ" ਦੇ ਪੰਨਾ ੧-੨ ਤੇ "ਮਿਸਟਿਕ ਆਫ਼ ਆਰਕਿਟੈਕਚਰਲ ਮੇਟਾਫਰ" ਦੇ ਸਿਰਲੇਖ ਹੇਠ ਛਪਿਆ ਹੈ। ਪ੍ਰਿੰਸੀਪਲ ਭੱਟੀ ਪ੍ਰੌਢ ਸ਼ਿਲਪਕਾਰ ਹਨ। ਇਸ ਕਰਕੇ "ਜਲ ਕੀ ਭੀਤਿ ਪਵਨ ਕਾ ਥੰਭਾ" ਸ਼ਬਦ ਦੇ ਪ੍ਰਸੰਗ ਵਿੱਚ ਉਨ੍ਹਾਂ ਦੇ ਵਿਚਾਰ ਸ਼ਿਲਪਕਾਰੀ ਪੱਖੋਂ ਮਹੱਤਵ ਪੂਰਨ ਵੀ ਹਨ ਅਤੇ ਪ੍ਰਮਾਣਿਕ ਵੀ। ਫਿਰ ਵੀ ਉਨ੍ਹਾਂ ਦੇ ਲੇਖ ਵਿੱਚ ਕੁਝ ਕਮੀਆਂ ਮਹਿਸੂਸ ਕੀਤੀਆਂ ਗਈਆਂ ਹਨ। ਇਸ ਕਰਕੇ ਅਸੀਂ ਆਪਣੇ ਵਲੋਂ ਢੁਕਵੇਂ ਥਾਂ ਕੁਝ ਢੁਕਵੇਂ ਵਿਚਾਰ ਸ਼ਾਮਲ ਕਰਕੇ ਉਨ੍ਹਾਂ ਦੇ ਲੇਖ ਦਾ ਕੁਝ ਭਾਗ ਹੇਠਾਂ ਦੇ ਰਹੇ ਹਾਂ।

> "ਉਪਰੋਕਤ ਸ਼ਬਦ ਵਿੱਚ ਗੁਰੂ ਰਵਿਦਾਸ ਜੀ ਦਾ ਸਿਰਜਿਆ ਭਵਨ-ਨਿਰਮਾਣਕਾਰੀ (ਸ਼ਿਲਪਕਾਰੀ) ਰੂਪਕ ਦੋ ਪੱਖਾਂ ਤੋਂ ਅਦੁੱਤੀ ਹੈ। (੧) ਇਹ ਕੇਵਲ ਵਾਕ-ਪ੍ਰਪੰਚ ਹੀ ਨਹੀਂ ਹੈ ; (੨) ਇਹ ਉਨ੍ਹਾਂ ਦੀ ਕਲਾ ਦੇ ਸ਼ਿਲਪਕਾਰੀ ਅਤੇ ਸਿਰਜਣਾਤਮਕਤਾ ਦੇ ਡੂੰਘੇ ਗਿਆਨ ਦਾ ਪ੍ਰਮਾਣ ਹੈ। ਇਸ ਤੋਂ ਵੀ ਅੱਗੇ, ਜਿਸ ਸੰਖੇਪਤਾ ਅਤੇ ਗਠਵੇਂ ਰੂਪ ਵਿੱਚ ਉਨ੍ਹਾਂ ਨੇ ਮਨੁੱਖੀ ਸਰੀਰ ਨੂੰ ਆਤਮਾ ਦੇ ਨਿਵਾਸ-ਸਥਾਨ ਦੇ ਰੂਪ ਵਿੱਚ ਕਵਿਤਾਇਆ ਹੈ, ਹੈਰਾਨੀ ਜਨਕ ਹੱਦ ਤੱਕ ਵਿਗਿਆਨਕ ਹੈ। ਹੁਣ ਮੈਂ (ਭੱਟੀ ਸਾਹਿਬ) ਇਨ੍ਹਾਂ ਨੁਕਤਿਆਂ ਦੀ ਵਿਆਖਿਆ ਕਰਦਾ ਹਾਂ।
>
> ਸ਼ਿਲਪ-ਕਲਾ ਦਾ ਸਰਵ-ਵਿਆਪੀ ਸਰੀਰ ਰੂਪੀ ਭਵਨ ਹੈ, ਜਿਸ ਦੇ ਇਹ ਬੁਨਿਆਦੀ ਭਾਗ ਹਨ—ਕੰਧਾਂ, ਥੰਮ, ਸੀਮਿੰਟ (ਗਾਰਾ), ਢਾਂਚਾ ਅਤੇ ਸੰਪੂਰਨ ਘਰ, ਜਿਸ ਵਿੱਚ ਜੀਵ ਰਹਿੰਦਾ ਹੈ।" [1]

ਭੱਟੀ ਸਾਹਿਬ ਨੇ ਢਾਂਚੇ ਦੀ ਸੰਪੂਰਨਤਾ ਲਈ ਇੱਟਾਂ (ਭਾਵ ਇੱਟਾਂ ਰੂਪੀ ਮਿੱਟੀ) ਅਤੇ ਥਾਂ (ਭਾਵ ਨਾੜੀਆਂ) ਦਾ ਜ਼ਿਕਰ ਨਹੀਂ ਕੀਤਾ। ਇਨ੍ਹਾਂ ਤੋਂ ਬਿਨਾਂ ਮਕਾਨ ਦੀ ਉਸਾਰੀ ਸੰਭਵ ਨਹੀਂ ਹੈ। ਇੱਟਾਂ, ਪੱਥਰ ਆਦਿ ਕੰਧਾਂ ਦੀ ਉਸਾਰੀ ਲਈ ਭਾਵ ਮਕਾਨ ਦੀ ਉਸਾਰੀ ਲਈ ਖਾਲੀ ਥਾਂ ਬਹੁਤ ਜ਼ਰੂਰੀ ਹੈ।

> "ਕੰਧਾਂ ਵੱਖ-ਵੱਖ ਕਾਰਜਾਂ ਲਈ ਰਹਿਣਯੋਗ ਥਾਂ ਦਾ ਘੇਰਾ ਘੱਤਦੀਆਂ ਹਨ। ਥੰਮ ਛੱਤ ਨੂੰ ਸਹਾਰਾ ਦਿੰਦੇ ਹਨ। ਸੀਮਿੰਟ, ਰੇਤਾ ਜਾਂ ਗਾਰਾ, ਕੰਧਾਂ ਦੀ ਉਸਾਰੀ ਲਈ ਇੱਟਾਂ ਨੂੰ ਜੋੜਦਾ ਹੈ। ਢਾਂਚਾ, ਕੰਧਾਂ ਅਤੇ ਥੰਮਾਂ ਦਾ ਬਣਦਾ ਹੈ ਅਤੇ ਇਹ ਭਵਨ ਦਾ ਪਿੰਜਰ ਹੁੰਦਾ ਹੈ ਉਸੇ ਤਰ੍ਹਾਂ ਜਿਵੇਂ ਹੱਡੀਆਂ ਮਨੁੱਖੀ ਸਰੀਰ ਦੇ ਪਿੰਜਰ ਦਾ ਢਾਂਚਾ ਬਣਦੀਆਂ ਹਨ।
>
> ਇਸ ਸ਼ਿਲਪਕਾਰੀ ਰੂਪਕ ਦੀ ਮਹਾਨਤਾ, ਗੁਰੂ ਜੀ ਦੇ ਭਵਨ ਦੀ ਕਲਾ ਅਤੇ ਵਿਗਿਆਨ ਦੇ ਡੂੰਘੇ ਗਿਆਨ ਤੋਂ ਰੂਪਮਾਨ ਹੁੰਦੀ ਹੈ ਅਤੇ ਇਸੇ ਕਰਕੇ ਇਸ ਨੂੰ ਫੋਕੇ ਸ਼ਬਦ-ਜਾਲ, ਜਿਹੜੇ ਕਵਿਤਾ ਦੇ ਹਰ ਖੇਤਰ ਵਿੱਚ ਆਮ ਵਿਚਰਦੇ ਹਨ, ਤੋਂ ਉਤਕ੍ਰਿਸ਼ਟਤਾ ਪ੍ਰਾਪਤ ਹੈ। ਇਸ ਦਾ ਵਿਗਿਆਨਕ ਪੱਖ, ਇਸ ਤੱਥ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਭਵਨ ਉਸਾਰੀ ਦੇ ਕੁਦਰਤ ਦੇ ਸਾਰੇ ਨਿਯਮ ਜ਼ਰੂਰੀ ਤੌਰ ਤੇ ਪ੍ਰਵਾਨ ਕੀਤੇ ਹਨ। ਜਿਨ੍ਹਾਂ ਵਿਚੋਂ ਗੁਰੂਤਾ ਖਿੱਚ ਦੇ ਬਲ ਦਾ ਨਿਯਮ ਸਭ ਤੋਂ ਵੱਧ ਜ਼ਰੂਰੀ ਹੈ। ਇਹ ਸਾਧਾਰਨ ਸੂਝ ਦੀ ਗਲ ਹੈ ਪਰ ਹੈ ਵਿਗਿਆਨਕ, ਕਿ ਜੇ ਛੱਤ ਨੂੰ ਸਹਾਰਾ ਦੇਣ ਵਾਲੇ ਥੰਮ ਹਟਾ ਲਏ ਜਾਣ ਤਾਂ ਛੱਤ ਉਸੇ ਵੇਲੇ ਡਿਗ ਜਾਵੇਗੀ। ਗੁਰੂ ਰਵਿਦਾਸ ਜੀ ਦਾ ਹਵਾ ਦੇ ਤੱਤ ਨੂੰ ਮਨੁੱਖੀ ਸਰੀਰ ਦੇ ਥੰਮ ਲਈ ਵਰਤਣਾ, ਇੱਕ ਬਹੁਤ ਹੀ ਕਮਾਲ ਦੀ ਸ਼ਿਲਪਕਾਰੀ ਰੂਪਕ ਹੈ, ਕਿਉਂਕਿ ਇਹ ਕੇਵਲ ਕਾਵਿਕ ਕਲਪਨਾ ਹੀ ਨਹੀਂ ਹੈ ਪ੍ਰੰਤੂ ਇਸ ਦੀ ਪੁਸ਼ਟੀ ਪ੍ਰਯੋਗ ਸਿੱਧ ਨਿਰੀਖਣ ਦੁਆਰਾ ਕੀਤੀ ਗਈ ਹੈ। ਜਦੋਂ ਹੀ ਸਾਹ ਬੰਦ ਹੋ ਜਾਂਦਾ ਹੈ, ਮਨੁੱਖੀ ਸਰੀਰ ਮੁਰਦਾ ਬਣ ਜਾਂਦਾ ਹੈ।

---

1. ਅੰਗਰੇਜ਼ੀ ਟ੍ਰਿਬਿਊਨ - ਪੰਨਾ : ੧-੨

ਇਸੇ ਤਰ੍ਹਾਂ ਥਾਂ ਨੂੰ ਘੇਰਦੀਆਂ ਆਪਸ ਵਿੱਚ ਜੁੜ ਜਾਂਦੀਆਂ ਕੰਧਾਂ, ਭਵਨ ਦਾ ਸਭ ਤੋਂ ਵੱਡਾ ਭਾਗ ਹਨ। ਜਦੋਂ ਗੁਰੂ ਰਵਿਦਾਸ ਜੀ ਕਹਿੰਦੇ ਹਨ ਕਿ ਮਨੁੱਖੀ ਸਰੀਰ ਦੀਆਂ ਕੰਧਾਂ ਪਾਣੀ ਦੇ ਤੱਤ ਤੋਂ ਬਣੀਆਂ ਹੋਈਆਂ ਹਨ, ਉਹ ਵਿਗਿਆਨਕ ਤੌਰ ਤੇ ਸਹੀ ਅਤੇ ਸੰਖੇਪ ਹਨ। ਇਹ ਹੁਣ ਹਰ ਕੋਈ ਜਾਣਦਾ ਹੈ ਕਿ ਮਨੁੱਖੀ ਸਰੀਰ ਵਿੱਚ 70% ਤੋਂ ਵੀ ਵੱਧ ਪਾਣੀ ਹੈ।

ਸੀਮਿੰਟ ਦੇ ਮਸਾਲੇ ਜਾਂ ਮਿੱਟੀ ਦੇ ਗਾਰੇ ਬਾਰੇ ਕੀ ਹੈ, ਜਿਹੜਾ ਸਰੀਰ ਦੀਆਂ ਕੰਧਾਂ ਦੀ ਉਸਾਰੀ ਲਈ ਇੱਟਾਂ ਨੂੰ ਜੋੜਦਾ ਹੈ? ਗੁਰੂ ਜੀ ਅਨੁਸਾਰ ਮਨੁੱਖੀ ਸਰੀਰ ਵਿੱਚ ਕੰਧਾਂ ਦੀ ਉਸਾਰੀ ਲਈ "ਰਕਤ-ਬੂੰਦ" ਦਾ ਗਾਰਾ ਕੰਮ ਕਰਦਾ ਹੈ। ਸਮੱਸਿਆ ਇਹ ਹੈ ਕਿ ਇਕੱਲੇ ਪਾਣੀ ਦੀ ਬਣੀ ਕੰਧ ਕਾਇਮ ਨਹੀਂ ਰਹਿ ਸਕਦੀ। ਇਸ ਲਈ "ਰਕਤ-ਬੂੰਦ" ਦੀ ਜੋੜਨ ਸ਼ਕਤੀ ਦੀ ਜ਼ਰੂਰਤ ਹੈ। ਇਹ ਗਾਰਾ ਓਨਾਂ ਚਿਰ ਹੀ ਕੰਮ ਕਰਦਾ ਹੈ, ਜਿੰਨਾ ਚਿਰ ਨਾੜੀਆਂ ਵਿੱਚ ਖੂਨ ਦੌਰਾ ਕਰਦਾ ਹੈ, ਜਿਸ ਸਮੇਂ ਗਾਰਾ ਕੱਢ ਦਿੱਤਾ ਗਿਆ, ਭਾਵ ਜਦੋਂ ਨਾੜੀਆਂ ਵਿੱਚ ਖੂਨ ਦੌਰਾ ਕਰਨੋਂ ਬੰਦ ਹੋ ਗਿਆ ਕੰਧਾਂ ਡਿਗ ਜਾਣਗੀਆਂ, ਮਨੁੱਖੀ ਸਰੀਰ ਮੁਰਦਾ ਬਣ ਜਾਵੇਗਾ।

ਇਸ ਤੋਂ ਉਪਰੋਕਤ ਹੱਡੀਆਂ, ਮਾਸ ਅਤੇ ਨਾੜੀਆਂ "ਸਰੀਰਕ ਪਿੰਜਰ" ਜਾਂ ਮਨੁੱਖੀ ਸਰੀਰ ਦਾ ਢਾਂਚਾ ਬਣਾਉਂਦੀਆਂ ਹਨ। ਇਹ ਢਾਂਚਾ ਪਿੰਜਰ, ਮਨੁੱਖੀ ਸਰੀਰ ਰੂਪੀ ਭਵਨ ਦੀ ਸ਼ਿਲਪ ਕਲਾ ਦੀ ਸੰਪੂਰਨਤਾ ਲਈ, ਹਰ ਪੱਖੋਂ ਜ਼ਰੂਰੀ ਹੈ। ਜਦੋਂ ਹੀ ਇਹ ਪਿੰਜਰ ਜਾਂ ਭਵਨ ਸੰਪੂਰਨ ਹੁੰਦਾ ਹੈ ਆਤਮਾ ਜਾਂ "ਪੰਖੀ" ਵਸੇਰਾ ਕਰ ਸਕਦਾ ਹੈ।" [1]

ਹੱਡੀਆਂ, ਮਾਸ ਅਤੇ ਨਾੜੀਆਂ ਅੰਦਰ ਪਿੰਜਰ ਬਨਾਉਣ ਦਾ ਭਾਗ ਕਿਵੇਂ ਬਣਦੀਆਂ ਹਨ? ਭੱਟੀ ਸਾਹਿਬ ਇਸ ਨੁਕਤੇ ਤੋਂ ਖੁੰਝ ਗਏ ਹਨ। ਹੱਡੀਆਂ ਅਤੇ ਮਾਸ, ਮਿੱਟੀ ਹੈ, ਜਿਸ ਦੀਆਂ ਇੱਟਾਂ ਬਣਦੀਆਂ ਹਨ। ਗਾਰਾ ਇਨ੍ਹਾਂ ਇੱਟਾਂ ਨੂੰ ਜੋੜਨ ਦਾ ਸਾਧਨ ਬਣਦਾ ਹੈ। ਇਸ ਤਰ੍ਹਾਂ ਹੀ ਕੰਧਾਂ ਦੀ ਉਸਾਰੀ ਸੰਭਵ ਹੁੰਦੀ ਹੈ। ਦੂਜੇ, ਖਾਲੀ ਥਾਂ ਜਾਂ ਖਲਾਅ ਪਿੰਜਰ ਦੇ ਕਾਇਮ ਰਹਿਣ ਲਈ ਜ਼ਰੂਰੀ ਹੈ। ਪਿੰਜਰ, ਵਿੱਚ ਨਾੜੀਆਂ ਵਿੱਚ ਖਾਲੀ ਥਾਂ ਹੈ, ਜਿਨ੍ਹਾਂ ਰਾਹੀਂ ਖੂਨ ਦੌਰਾ ਕਰਦਾ ਹੈ। ਕੰਧ ਦੀ ਉਸਾਰੀ ਵਿੱਚ ਇੱਟਾਂ ਦੀਆਂ ਤੈਹਾਂ ਵਾਲੀ ਵਿਚਕਾਰਲੀ ਥਾਂ, ਜਿਥੇ ਗਾਰਾ ਪਾਇਆ ਜਾਂਦਾ ਹੈ, ਇਹ ਪਿੰਜਰ ਦੀਆਂ ਨਾੜੀਆਂ ਹਨ। ਜੇ ਕੰਧਾਂ ਵਿਚੋਂ

1. ਓਹੀ - ਪੰਨਾ : ੧-੨

ਗਾਰਾ ਕੱਢ ਲਿਆ ਜਾਵੇ ਤਾਂ ਭਵਨ ਡਿਗ ਜਾਵੇਗਾ। ਇਸੇ ਤਰ੍ਹਾਂ ਜੇ ਨਾੜੀਆਂ ਵਿਚੋਂ ਖੂਨ ਦਾ ਦੌਰਾ ਬੰਦ ਹੋ ਜਾਵੇ ਤਾਂ ਮਨੁੱਖੀ ਸਰੀਰ ਮੁਰਦਾ ਬਣ ਜਾਵੇਗਾ।

"ਇਸ ਸ਼ਿਲਪਕਾਰੀ ਰੂਪਕ ਨੂੰ ਜਿਸ ਨੂੰ ਟੈਕਨੀਕਲ ਤੌਰ ਤੇ ਹੇਠਲਾ ਢਾਂਚਾ ਕਿਹਾ ਜਾਂਦਾ ਹੈ—ਇਸ ਪੱਧਰ ਤੱਕ ਵਧਾ ਦਿੱਤਾ ਹੈ। ਆਮ ਬੋਲੀ ਵਿੱਚ ਭਵਨ ਦੇ ਇਸ ਹੇਠਲੇ ਢਾਂਚੇ ਨੂੰ "ਬੁਨਿਆਦ" ਕਿਹਾ ਜਾਂਦਾ ਹੈ। ਮਨੁੱਖੀ ਸਰੀਰ ਦੇ ਸਜਾਵਟੀ ਪੱਖ ਨੂੰ ਵੀ ਸ਼ਿਲਪਕਲਾ ਵਿੱਚ ਸਥਾਪਤ ਕਰ ਦਿੱਤਾ ਹੈ, ਜਿਵੇਂ "ਬੰਕੇ ਬਾਲ", ਟੇਢੀ ਪੱਗ ਅਤੇ ਸੰਪੂਰਨ ਭਵਨ ਜਿਸ ਨੂੰ ਗੁਰੂ ਜੀ ਨੇ "ਊਚੇ ਮੰਦਰ" ਕਿਹਾ ਹੈ। ਨਾਸ਼ਮਾਨਤਾ ਪੱਖੋਂ ਇਸ ਨਾਲ ਸੰਤੁਸ਼ਟ ਨਾ ਹੋਕੇ ਗੁਰੂ ਰਵਿਦਾਸ ਜੀ ਨਿਸ਼ਚਤ ਭਿਆਨਕ ਅੰਤ ਵਲ ਸੰਕੇਤ ਕਰਦੇ ਹਨ ਕਿ ਇੱਕ ਦਿਨ ਇਹ ਸਰੀਰ ਸੁਆਹ ਦੀ ਢੇਰੀ ਬਣ ਜਾਣਾ ਹੈ। ਕਿਉਂ? ਕਿਉਂਕਿ ਇਹੋ ਭਵਨ ਨਾਲ ਵੀ ਵਾਪਰਦਾ ਹੈ। ਜਦੋਂ ਭਵਨ ਟੁੱਟ ਭੱਜ ਜਾਂਦਾ ਹੈ ਤਾਂ ਕੇਵਲ ਮਲ੍ਹਵੇ ਦਾ ਢੇਰ ਰਹਿ ਜਾਂਦਾ ਹੈ।

ਅਤੇ ਸ਼ਿਲਪ ਕਲਾ ਵਿੱਚ ਉਹ ਇੱਕ ਹੋਰ ਅਤਿ ਜ਼ਰੂਰੀ ਤੱਤ ਨੂੰ ਵੀ ਨਹੀਂ ਭੁੱਲੇ। ਇਥੋਂ ਤੱਕ ਕਿ ਗੁਰੂ ਰਵਿਦਾਸ ਜੀ ਨੇ ਮੁਕੰਮਲ ਭਵਨ ਦੇ ਅਖੰਡਨੀ ਮਾਪ "ਸਾਢੇ ਤੀਨਿ ਹਾਥ" ਥਾਂ ਦਾ ਵੀ ਉਲੇਖ ਕੀਤਾ ਹੈ।

ਗੁਰੂ ਰਵਿਦਾਸ ਜੀ ਨੇ ਡੂੰਘੇ ਰਹੱਸਤਾਮਿਕ ਅਨੁਭਵ ਦੇ ਗੁੱਝੇ ਵਿਸ਼ੇ ਦੇ ਵਰਨਣ ਵਿੱਚ ਇਸ ਸ਼ਿਲਪਕਾਰੀ ਰੂਪਕ ਦੀ ਵਰਤੋਂ ਕੀਤੀ ਹੈ ਜਿਵੇਂ ਨਾਸ਼ਵਾਨ ਸਰੀਰ ਅਤੇ ਅਮਰ ਆਤਮਾ ਵਿਚਕਾਰ ਆਕਾਸ਼ੀ ਸੰਸਾਰਕ ਸੰਬੰਧ ਦੇ ਵਰਨਣ ਵਿੱਚ ਇਸ ਸ਼ਿਲਪਕਾਰੀ ਰੂਪਕ ਦੀ ਵਰਤੋਂ, ਸੱਚਮੁੱਚ ਹੀ ਅਲੋਕਾਰਕ ਹੈ। ਇਸ ਤੱਥ ਨੂੰ ਦ੍ਰਿੜ ਕਰਨ ਲਈ ਮੈਂ (ਭੱਟੀ ਸਾਹਿਬ) ਸਮੁੱਚੇ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰਕੇ ਦ੍ਰਿੜ ਕਰ ਲਿਆ ਹੈ ਕਿ ਇਹ ਪੱਕੇ ਤੌਰ ਤੇ ਸਹੀ ਹੈ। ਗੁਰੂ ਜੀ ਇਸ ਪਵਿੱਤਰ ਸ਼ਬਦ ਵਿੱਚ ਸ਼ਿਲਪਕਾਰੀ ਰੂਪਕ ਨੂੰ ਬੇਜੋੜ ਅੰਤਰ-ਦ੍ਰਿਸ਼ਟੀ, ਬੇਜੋੜ ਮੌਲਿਕਤਾ ਅਤੇ ਬੇਜੋੜ ਰੂਹਾਨੀਅਤ ਨਾਲ ਸਿਰਜਿਆ ਹੈ। ਪ੍ਰੰਤੂ ਗੁਰੂ ਰਵਿਦਾਸ ਜੀ ਦਾ ਇਹ ਯੋਗਦਾਨ ਕੀ ਪ੍ਰਦਾਨ ਕਰਦਾ ਹੈ? ਉਨ੍ਹਾਂ ਦੀ ਸ਼ਿਲਪਕਲਾ ਅਤੇ ਕਾਵਿਕ ਸੰਖੇਪਤਾ ਦੇ ਖੇਤਰ ਵਿੱਚ ਉਤਮ ਪਾਏ ਦੀ ਅਚੰਭਿਤ ਗਿਆਨ ਦੀ ਦੇਣ ਜਿਸ ਸਦਕਾ ਉਨ੍ਹਾਂ ਨੇ ਇਸ ਗਿਆਨ ਨੂੰ ਰਹੱਸਵਾਦੀ ਵਿਸ਼ੇ ਦੇ ਚਿਤਰਣ ਲਈ ਪ੍ਰਯੋਗ ਕੀਤਾ ਹੈ।

ਕੀ ਅਸੀਂ ਗੁਰੂ ਰਵਿਦਾਸ ਜੀ ਨੂੰ ਬਿਲਕੁਲ ਹੀ "ਸ਼ਿਲਪਕਾਰੀ ਰੂਪਕ ਦਾ ਰਹੱਸਵਾਦੀ" ਜਾਂ "ਰਹੱਸਵਾਦੀ ਰੂਪਕ ਦਾ ਸ਼ਿਲਪਕਾਰ" ਨਹੀਂ

ਕਹਿ ਸਕਦੇ? ਮਹਾਨ ਗੁਰੂ ਦੀ ਰੂਹਾਨੀ ਸਿਰਜਣਾਤਮਕਤਾ ਨੂੰ ਸਭ ਤੋਂ ਵਧੀਆ ਕਿਹੜਾ ਸਿਰਲੇਖ ਦਿੱਤਾ ਜਾ ਸਕਦਾ ਸੀ? "ਸ਼ਿਲਪਕਾਰ" ਸ਼ਬਦ ਧਾਰਮਕ ਨਿਯਮਾਂ ਦੇ ਵਿਰਸੇ ਨੂੰ ਸਮੋਈ ਬੈਠਾ ਹੈ। ਇਹ ਇੱਕੋ ਹੀ ਸ਼ਬਦ ਹੈ, ਜਿਸ ਨੂੰ ਅਸੀਂ ਸਾਰੇ ਭਾਵੇਂ ਅਚੇਤ ਤੌਰ ਤੇ—ਜੀਵਨ ਨਾਲੋਂ ਵੱਡੇ ਮੰਤਵ ਨੂੰ ਦਰਸਾਉਣ ਲਈ ਪ੍ਰਯੋਗ ਕਰਦੇ ਹਾਂ : ਆਪਣੀ ਕਿਸਮਤ ਦਾ ਸ਼ਿਲਪਕਾਰ, ਆਪਣੀ ਕੌਮ ਦਾ ਸ਼ਿਲਪਕਾਰ, ਵਿਸ਼ਵ ਦਾ ਸ਼ਿਲਪਕਾਰ। ਆਖਰੀ ਨੁਕਤੇ ਤੋਂ ਸਾਨੂੰ ਵਿਸ਼ਵਕਰਮਾ ਦੀ ਯਾਦ ਆ ਜਾਂਦੀ ਹੈ। ਉਸ ਦੇ ਨਾਲ ਹੀ ਮੂਰਤੀਮਾਨ ਹੁੰਦੀ ਹੈ, ਲੋਕਾਂ ਦੇ ਮਨ ਵਿੱਚ ਪ੍ਰਤੱਖ ਤੌਰ ਤੇ ਬ੍ਰਹਿਮੰਡੀ ਨਿਯਮ ਨੂੰ ਲਗਾਤਾਰ ਕਾਇਮ ਰੱਖਣ ਵਾਲੀ ਭਾਰਤੀ ਮਿਥਿਹਾਸਕ ਰੂਪ ਦੀ ਨੁਕਸਾਨ ਦੇਣ ਵਾਲੀ ਬਹੁਤਾਤ।

ਸ਼ਿਲਪਕਲਾ ਦਾ ਤਰਕਪੂਰਨ ਵਿਸਥਾਰ ਟਾਊਨ ਪਲੈਨਿੰਗ ਹੈ। ਇਸ ਲਈ ਇਹ ਹੈਰਾਨ-ਕੁੰਨ ਹੈ ਕਿ ਗੁਰੂ ਰਵਿਦਾਸ ਜੀ ਨੂੰ ਆਪਣੇ ਸੁੰਦਰ ਸ਼ਿਲਪਕਾਰੀ ਰੂਪਕ ਨੂੰ ਇੱਕ ਭਵਨ (ਭਾਵ ਨਾਸ਼ਵਾਨ ਮਨੁੱਖੀ ਸਰੀਰ) ਤੋਂ "ਪੂਰਨ ਵਸੋਂ ਵਾਲਾ ਸ਼ਹਿਰ" (ਭਾਵ ਖਾਲਸ ਲੋਕਾਂ ਦਾ ਪਾਰਲਾ ਬ੍ਰਹਿਮੰਡੀ ਭਵਨ) ਤੱਕ ਅੰਤਰ-ਦ੍ਰਿਸ਼ਟੀਗਤ ਵਿਸਥਾਰ ਕਰ ਦਿੱਤਾ ਹੈ ਅਤੇ ਫਿਰ ਗੁਰੂ ਜੀ ਨੇ ਆਪਣੀ ਪ੍ਰੇਰਣਾਤਮਕ ਦ੍ਰਿਸ਼ਟੀ ਦੇ "ਬੇਗਮਪੁਰਾ ਸਹਰ" ਦੀ ਵਿਚਿਤਰ ਮੁਕੰਮਲ ਰੂਪਰੇਖਾ ਨੂੰ ਚਿਤਰਿਆ ਹੈ ਜਿਹੜਾ ਇਸ ਸੰਸਾਰ ਵਿੱਚ ਵਿਚਰਦੇ ਵਿਸ਼ੇਸ਼ ਟਾਊਨਸ਼ਿਪ ਦੇ ਸ੍ਰਿਸ਼ਟੀ ਦੇ ਵੇਰਵਿਆਂ ਨਾਲ ਸੰਪੂਰਨ ਹੈ। ਉਨ੍ਹਾਂ ਨੇ ਅਜਿਹੇ ਨਿਯਮਾਂ ਅਤੇ ਸੰਕਲਪਾਂ, ਜਿਵੇਂ ਖਿਰਾਜ, ਮਾਲੁ, ਮਾਲਕੀ, ਜ਼ਮੀਨੀ ਬੰਦੋਬਸਤ, ਸਮਾਜਕ ਪ੍ਰਬੰਧ, ਸੁਤੰਤਰਤਾ ਦਾ ਵਾਤਾਵਰਣ, ਵਿਸ਼ਵ ਭਾਈਚਾਰਾ, ਸਮੁੱਚੀ ਭਲਾਈ ਅਤੇ ਸਮਾਜ-ਭਲਾਈ ਆਦਿ ਦਾ ਵਰਨਣ ਕੀਤਾ ਹੈ।

ਗੁਰੂ ਰਵਿਦਾਸ ਜੀ ਨੇ ਇੱਕ ਸ਼ਹਿਰ ਬਾਰੇ ਉਸੇ ਤਰ੍ਹਾਂ ਹੀ ਸ਼ਿਲਪਕਾਰੀ ਰੂਪਕ ਦਾ ਕਲਾਤਮਕ ਨਿਪੁੰਨਤਾ ਅਤੇ ਅੰਤਰ-ਦ੍ਰਿਸ਼ਟੀ ਨਾਲ ਪ੍ਰਯੋਗ ਕੀਤਾ ਹੈ ਜਿਵੇਂ ਇੱਕ ਭਵਨ ਬਾਰੇ ਕੀਤਾ ਹੈ। ਉਨ੍ਹਾਂ ਨੇ ਹਰ ਰੋਜ਼ ਦੀ ਤੀਬਰ ਇੱਕਲਤਾ ਅਤੇ ਅਸਿਥਰਤਾ ਦਾ ਭਰਪੂਰ ਕਿਰਪਾ ਦੇ ਡੂੰਘੇ ਅਨੁਭਵ ਵਿੱਚ ਕਾਇਆ ਕਲਪ ਕਰਕੇ ਇਸ ਦਾ ਸਮੁੱਚੇ ਅਨੰਤ ਅਤੇ ਸਦੀਵਤਾ ਤੱਕ ਪਰਸਾਰ ਕਰ ਦਿੱਤਾ ਹੈ।" [1]

ਉਪਰੋਕਤ ਚਰਚਾ ਤੋਂ ਦ੍ਰਿੜ ਹੋ ਗਿਆ ਹੈ ਕਿ ਗੁਰੂ ਰਵਿਦਾਸ ਜੀ ਸਰੀਰ

1. *ਓਹੀ - ਪੰਨਾ : ੧-੨*

ਦੀ ਸਿਰਜਣਾ ਦੇ ਨਾਲ ਨਾਲ ਭਵਨ ਉਸਾਰੀ ਵਿੱਚ ਵੀ ਕਮਾਲ ਦੇ ਸ਼ਿਲਪਕਾਰ ਹਨ। ਇਸ ਤੋਂ ਵੀ ਮਹਤੱਵਪੂਰਨ ਤੱਥ ਹੈ ਉਨ੍ਹਾਂ ਦੀ ਰੂਹਾਨੀਅਤ ਦਾ ਜਿਸ ਨੂੰ ਸਰੀਰ ਦੀ ਸਿਰਜਣਾ ਅਤੇ ਭਵਨ ਉਸਾਰੀ ਨਾਲ ਉਤਪੋਤ ਕਰਕੇ ਇਨ੍ਹਾਂ ਵਿੱਚ ਆਤਮਾ ਦੇ ਨਿਵਾਸ ਨੂੰ ਪਰਪੱਕ ਕੀਤਾ ਹੈ।

ਜਲ ਦੀ ਭੀਤਿ ਪਵਨ ਕਾ ਥੰਭਾ
ਰਕਤ ਬੁੰਦ ਕਾ ਗਾਰਾ॥
ਹਾਡ ਮਾਸ ਨਾਂੜੀ ਕੋ ਪਿੰਜਰ
ਪੰਖੀ ਬਸੈ ਬਿਚਾਰਾ॥੧॥

ਸਿੱਟਾ ਅਚੁੱਕ ਅਤੇ ਸਪਸ਼ਟ ਹੈ ਕਿ ਗੁਰੂ ਰਵਿਦਾਸ ਜੀ ਆਪਣੇ ਸਮੇਂ ਦੇ ਉੱਚ ਦਰਜੇ ਦੇ ਸਾਇੰਸਦਾਨ, ਕਮਾਲ ਦੇ ਸ਼ਿਲਪਕਾਰ (ਭਵਨ ਨਿਰਮਾਣਕਾਰ) ਅਤੇ ਮਹਾਨ ਬ੍ਰਹਮ-ਗਿਆਨੀ ਚਿੰਤਕ ਹਨ।

ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ

ਪਹਿਲੇ ਬੰਦ ਨੰ. ੧ ਵਿੱਚ ਮਨੁੱਖ ਨੂੰ ਸਰੀਰ ਦੀ ਬਣਤਰ ਦੀ ਸੋਝੀ ਕਰਵਾਕੇ, ਮਨੁੱਖ ਦੇ ਸੁਭਾ ਦੀ ਅਤੇ ਪੰਜੇ ਵਿਕਾਰਾਂ ਦੀ ਸਿਰਜਣਾ ਦੀ ਸੋਝੀ ਵੀ ਕਰਵਾ ਦਿੱਤੀ ਹੈ ਅਤੇ ਇਹ ਵੀ ਸਪਸ਼ਟ ਕਰ ਦਿੱਤਾ ਹੈ ਕਿ ਸਰੀਰ ਵਿੱਚ ਆਤਮਾ ਦਾ ਵਾਸਾ ਹੈ।

'ਰਹਾਉ' ਵਿੱਚ ਮਨੁੱਖ ਨੂੰ ਸਰੀਰ ਦੀ ਬਣਤਰ ਅਤੇ ਸੁਭਾ ਦੀ ਸਿਰਜਣਾ ਦਾ ਬੋਧ ਕਰਵਾਕੇ ਉਸ ਨੂੰ ਲੋਭ ਲਾਲਚ ਦੀ ਅਸਲੀਅਤ ਪ੍ਰਗਟ ਕੀਤੀ ਹੈ। ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਜਿਵੇਂ ਪੰਛੀ ਰੁੱਖਾਂ ਤੇ ਰਾਤ ਗੁਜ਼ਾਰ ਕੇ ਟੁਰ ਜਾਂਦੇ ਹਨ, ਉਸੇ ਤਰ੍ਹਾਂ ਮਨੁੱਖ ਇਸ ਸੰਸਾਰ ਵਿੱਚ ਉਮਰ ਭੋਗ ਕੇ ਚਲੇ ਜਾਂਦੇ ਹਨ। ਇਸ ਲਈ ਹੇ ਜੀਵ! ਤੂੰ ਲੋਭ ਲਾਲਚ ਨੂੰ ਛੱਡ ਕੇ ਵਿਕਾਰਾਂ ਤੋਂ ਮੁਕਤ ਹੋਕੇ ਜੀਵਨ ਸਫ਼ਲ ਬਣਾ।

ਬੰਦ ਨੰ. ੨ ਵਿੱਚ ਮਨੁੱਖ ਨੂੰ ਅਮਲੀ ਰੂਪ ਵਿੱਚ ਕੋਠੀਆਂ, ਜਾਇਦਾਦ ਆਦਿ ਦਾ ਅਹਿਸਾਸ ਕਰਵਾਕੇ ਦਰਸਾਇਆ ਹੈ ਕਿ ਤੈਨੂੰ ਜੀਵਨ ਗੁਜ਼ਾਰਨ ਲਈ, ਸੌਣ ਲਈ ਕੇਵਲ ਸਾਡੇ ਤਿੰਨ ਹੱਥ ਥਾਂ ਦੀ ਲੋੜ ਹੈ। ਹੇ ਭਾਈ! ਤੂੰ ਜਾਇਦਾਦ ਦੇ ਹੰਕਾਰ ਨੂੰ ਤਿਆਗ ਕਿਉਂਕਿ, ਇਹ ਜੀਵਨ ਨੂੰ ਨਾਸ਼ ਕਰ ਦਿੰਦਾ ਹੈ।

ਬੰਦ ਨੰ. ੩ ਵਿੱਚ ਉਪਰਲੇ ਵਿਚਾਰ ਨੂੰ ਅੱਗੇ ਵਿਕਸਤ ਕੀਤਾ ਗਿਆ ਹੈ। ਸਰੀਰ ਨੂੰ ਸਜਾਉਣ-ਸੰਵਾਰਨ ਬਾਰੇ ਦਸਦੇ ਹੋਏ ਗੁਰੂ ਜੀ ਮਨੁੱਖ ਨੂੰ ਸੁਚੇਤ ਕਰਦੇ ਹਨ ਕਿ ਇਹ ਸਰੀਰ ਨਾਸ਼ਵਾਨ ਹੈ, ਇਸਨੇ ਅੰਤ ਨੂੰ ਖਾਕ ਬਣ ਜਾਣਾ ਹੈ। ਤੂੰ ਆਪਣੇ ਆਪ ਨੂੰ ਢਹਿੰਦੀ ਕਲਾ ਵਲੋਂ ਰੋਕ।

ਬੰਦ ਨੰ. ੪ ਵਿੱਚ ਸੁੰਦਰ ਨਾਰੀ ਅਤੇ ਉੱਚੇ ਮਹਿਲਾਂ ਦੀ ਯਾਦ ਕਰਵਾ ਕੇ ਮਨੁੱਖ ਦੇ ਮੋਹ ਭਰਪੂਰ ਕਾਮੀ ਅਤੇ ਲੋਭੀ ਸੁਭਾ ਨੂੰ ਝੰਜੋੜਿਆ ਗਿਆ ਹੈ ਅਤੇ ਸਪਸ਼ਟ ਕੀਤਾ ਗਿਆ ਹੈ ਕਿ ਇਸ ਕਾਮ, ਮੋਹ ਅਤੇ ਲੋਭ ਕਾਰਨ, ਪ੍ਰਭ ਨੂੰ ਵਿਸਾਰ ਕੇ ਤੂੰ ਆਪਣਾ ਸਾਰਾ ਜੀਵਨ ਨਸ਼ਟ ਕਰ ਲਿਆ ਹੈ, ਪ੍ਰਭ ਮਿਲਣ ਦਾ ਮੌਕਾ ਗਵਾ ਲਿਆ ਹੈ।

ਆਖਰੀ ਬੰਦ ਨੰ. ੫ ਵਿੱਚ ਗੁਰੂ ਰਵਿਦਾਸ ਜੀ ਆਪਣੇ ਆਪ ਨੂੰ ਸੰਬੋਧਨ ਕਰਦੇ ਫਰਮਾਉਂਦੇ ਹਨ ਕਿ ਘਟੀਆ ਵਿਕਾਰਾਂ ਦੇ ਸਾਥ ਨੇ ਮੈਨੂੰ ਘਟੀਆ ਬਣਾ ਦਿੱਤਾ ਹੈ। ਇਨ੍ਹਾਂ ਵਿਕਾਰਾਂ ਦੀ ਸਿਰਜਣਾ, ਸਰੀਰ ਦੀ ਸਿਰਜਣਾ ਦੇ ਨਾਲ ਹੀ ਹੋ ਜਾਂਦੀ ਹੈ। ਸੋ ਇਨ੍ਹਾਂ ਵਿਕਾਰਾਂ ਦਾ ਵੰਸ਼-ਮਾਇਆ ਦੇ ਪੰਜ ਦੂਤ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵੀ ਘਟੀਆ ਹਨ। ਜਿਸ ਕਾਰਣ ਇਨ੍ਹਾਂ ਕਮੀਣੇ ਵਿਕਾਰਾਂ ਨੇ ਮੇਰਾ ਸਮੁੱਚਾ ਜੀਵਨ ਹੀ ਘਟੀਆ ਬਣਾ ਦਿੱਤਾ ਹੈ। ਪਰ ਹੁਣ ਹੇ ਪ੍ਰਭ! ਮੈਂ ਸਭ ਵਿਕਾਰਾਂ ਨੂੰ ਤਿਆਗ, ਤੇਰੀ ਸ਼ਰਨ ਆ ਗਿਆ ਹਾਂ, ਮੇਰੇ ਤੇ ਮਿਹਰ ਕਰੋ।

ਸ਼ਬਦ ਅਰਥ : ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਹੇ ਜੀਵ! ਸਰੀਰ ਦੀ ਬਣਤਰ ਵਿੱਚ ਪਾਣੀ ਦੀ ਕੰਧ, ਪਵਨ ਦਾ ਸਹਾਰਾ, ਅਗਨੀ (ਰਕਤ ਬੂੰਦ) ਦਾ ਗਾਰਾ, ਪ੍ਰਿਥਵੀ (ਹਾਡ ਮਾਸ) ਅਤੇ ਆਕਾਸ਼ (ਨਾੜੀਆਂ) ਦਾ ਸੁਮੇਲ ਹੈ। ਇਸ ਵਿੱਚ ਵਿਚਾਰਾ ਜੀਵ-ਆਤਮਾ ਵਸਦਾ ਹੈ॥ ੧॥

ਹੇ ਜੀਵ! ਤੂੰ ਮੇਰ ਤੇਰ ਦੀ ਭਾਵਨਾ ਨੂੰ ਖਤਮ ਕਰ। ਇਹ ਦੁਨੀਆਂ ਤਾਂ ਰੈਣ ਬਸੇਰਾ ਹੈ। ਜਿਵੇਂ ਪੰਛੀ ਰੁੱਖ ਤੇ ਰਾਤ ਗੁਜ਼ਾਰ ਕੇ ਚਲਦਾ ਬਣਦਾ ਹੈ, ਉਸੇ ਤਰ੍ਹਾਂ ਮਨੁੱਖ ਇਸ ਦੁਨੀਆਂ ਤੋਂ ਜੀਵਨ ਗੁਜ਼ਾਰ ਕੇ ਚਲਦਾ ਬਣਦਾ ਹੈ। ਤੂੰ ਵਿਕਾਰਾਂ ਤੋਂ ਮੁਕਤ ਹੋਕੇ ਪ੍ਰਭ ਦੀ ਸ਼ਰਨ ਜਾਹ॥ ੧॥ ਰਹਾਉ॥

ਹੇ ਭਾਈ! ਤੂੰ ਪਕੇਰੀਆਂ ਨੀਹਾਂ ਬਣਾ ਕੇ ਕੰਧਾਂ ਉਸਾਰ ਰਿਹਾ ਹੈਂ, ਹੰਕਾਰ ਵਿੱਚ ਭਰਿਆ ਵਧੀਆ ਵਧੀਆ ਕੋਠੀਆਂ ਬਣਾ ਰਿਹਾ ਹੈਂ ਜਦਕਿ ਤੇਰੇ ਸੌਣ ਲਈ ਕੇਵਲ ਸਾਢੇ ਤਿੰਨ ਹੱਥ ਥਾਂ ਦੀ ਜ਼ਰੂਰਤ ਹੈ। ਤੂੰ ਕਿਉਂ ਐਵੇਂ ਅਡੰਬਰ ਰਚਦਾ ਫਿਰਦਾ ਹੈਂ?। ੨॥

ਹੇ ਵੀਰ! ਤੂੰ ਵਿਕਾਰਾਂ ਵਿੱਚ ਐਨਾ ਮਗਨ ਹੋ ਗਿਆ ਹੈ ਕਿ ਤੈਨੂੰ ਸਮਝ ਹੀ ਨਹੀਂ ਰਹੀ ਕਿ ਤੂੰ ਕੀ ਕਰ ਰਿਹਾ ਹੈਂ? ਤੂੰ ਵਾਲਾਂ ਨੂੰ ਸੋਹਣੇ ਅਤੇ ਵਧੀਆ ਢੰਗ ਨਾਲ ਸਜਾ ਰਿਹਾ ਹੈ, ਆਪਣੇ ਆਪ ਤੋਂ ਅਣਜਾਣ ਟੇਢੀਆਂ ਪੱਗਾਂ ਬੰਨਦਾ ਹੈਂ ਭਾਵ ਹੰਕਾਰ ਵਿੱਚ ਭਰਿਆ ਭਰਦਾ ਹੈਂ। ਪਰ ਤੈਨੂੰ ਸਮਝ ਨਹੀਂ ਕਿ ਜਿਸ ਸੋਹਣੇ ਸਿਰ ਤੇ ਵਾਲਾਂ ਤੇ ਟੇਢੀਆਂ ਪੱਗਾਂ ਬੰਨਦਾ ਹੈਂ, ਸਮੇਤ ਸਿਰ ਦੇ ਸਾਰਾ ਸਰੀਰ ਕਿਸੇ ਦਿਨ ਨਾਸ਼ ਹੋ ਜਾਣਾ ਹੈ, ਮਿੱਟੀ ਹੋ ਜਾਣਾ ਹੈ॥ ੩॥

ਹੇ ਭਾਈ! ਤੂੰ ਵੱਡੇ-ਵੱਡੇ ਭਵਨ ਅਤੇ ਸੁੰਦਰ ਨਾਰੀ ਵਿੱਚ ਮਧਹੋਸ਼ ਹੋਇਆ ਫਿਰਦਾ ਹੈਂ। ਭਾਵ ਲੋਭ, ਮੋਹ ਅਤੇ ਕਾਮ ਵਿੱਚ ਫਸਣ ਕਾਰਣ ਤੂੰ ਪ੍ਰਭ ਦੇ ਸਿਮਰਨ ਨੂੰ ਵਿਸਾਰ ਕੇ ਸਾਰਾ ਜੀਵਨ ਗੁਆ ਲਿਆ ਹੈ, ਨਾਸ਼ ਕਰ ਲਿਆ ਹੈ॥ ੪॥

ਗੁਰੂ ਰਵਿਦਾਸ ਜੀ ਆਪਣੇ ਆਪ ਨੂੰ ਸੰਬੋਧਨ ਕਰਦੇ ਫਰਮਾਉਂਦੇ ਹਨ ਕਿ ਹੇ ਚਮਾਰ ਰਵਿਦਾਸ ਕਹਿ ਕਿ ਵਿਕਾਰਾਂ ਦੀ ਘਟੀਆ ਸੰਗਤ ਕਾਰਣ ਮੇਰਾ ਸੁਭਾ ਘਟੀਆ ਬਣ ਗਿਆ ਹੈ ਅਤੇ ਘਟੀਆ ਵਿਕਾਰਾਂ ਦੀ ਵੰਸ਼-ਮਾਇਆ-ਜਿਸਦੇ ਦੂਤ ਪੰਜੇ ਵਿਕਾਰ ਹਨ—ਵੀ ਹੱਦ ਦਰਜੇ ਦੀ ਘਟੀਆ ਹੈ। ਜਿਸ ਦਾ ਸਦਕਾ ਮੇਰਾ ਸਾਰਾ ਜੀਵਨ ਹੀ ਘਟੀਆ ਬਣ ਗਿਆ ਹੈ। ਪਰ ਹੁਣ ਪ੍ਰਭ ਦੀ ਮਿਹਰ ਸਦਕਾ ਮੈਂ ਪ੍ਰਭ ਦੀ ਸ਼ਰਨ ਵਿੱਚ ਜਾਕੇ ਉਸ ਦੀ ਮਹਿਮਾ ਗਾਉਣ ਵਿੱਚ ਸਰਗਰਮ ਹਾਂ॥ ੫॥

ੴ ਸਤਿਗੁਰ ਪ੍ਰਸਾਦਿ

ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ

ਚਮਰਟਾ ਗਾਂਠਿ ਨ ਜਨਈ॥
ਲੋਗੁ ਗਠਾਵੈ ਪਨਹੀ॥ ੧॥ ਰਹਾਉ॥
ਆਰ ਨਹੀ ਜਿਹ ਤੋਪਉ॥
ਨਹੀ ਰਾਂਬੀ ਠਾਉ ਰੋਪਉ॥ ੧॥
ਲੋਗੁ ਗੰਠਿ ਗੰਠਿ ਖਰਾ ਬਿਗੂਚਾ॥
ਹਉ ਬਿਨੁ ਗਾਂਠੇ ਜਾਇ ਪਹੂਚਾ॥ ੨॥
ਰਵਿਦਾਸੁ ਜਪੈ ਰਾਮ ਨਾਮਾ॥
ਮੋਹਿ ਜਮ ਸਿਉ ਨਾਹੀ ਕਾਮਾ॥ ੩॥ ੭॥[1]

ਪਦ ਅਰਥ :—ਚਮਰਟਾ = ਚਮਾਰ। **ਜਨਈ** = ਜਾਚ। **ਪਨਹੀ** = ਜੁੱਤੀ, ਪਨਹੀ ਤੋਂ ਭਾਵ ਦੇਹ ਹੈ॥ ੧॥ ਰਹਾਉ॥

ਆਰ = ਵਿਕਾਰਾਂ ਵਾਲੀ ਤੀਖਣ ਬੁੱਧੀ । **ਤੋਪਉ** = ਧੋਖੇਬਾਜ਼ੀ ਦਾ ਤੁੱਪਾ ਭਰਨਾ। **ਰਾਂਬੀ** = ਰੰਬੀ, ਰੰਬੀ ਤੋਂ ਭਾਵ ਖੰਡਨ ਮੰਡਨ ਵਾਲੀ ਵਿਦਿਯਾ ਹੈ।"[2] ਅਰਥਾਤ ਉਲਟੀਆਂ ਸਿੱਧੀਆਂ ਧੋਖੇਬਾਜ਼ੀ ਵਾਲੀਆਂ ਗੱਲਾਂ ਭਾਵ ਕੱਟਣ ਵੱਢਣ ਦੀ ਵਿਦਿਆ। **ਠਾਉ** = ਸਥਾਨ, ਥਾਂ। **ਰੋਪਉ** = ਟਾਕੀ ਲਾਉਣਾ, ਧੋਖੇਬਾਜ਼ੀ ਉੱਪਰ ਪਰਦਾ ਪਾਉਣਾ। ॥ ੧॥

ਖਰਾ = ਬਹੁਤ। **ਬਿਗੂਚਾ** = ਖੁਆਰ ਹੋਣਾ, ਖਰਾਬ ਹੋਣਾ। **ਪਹੂਚਾ** = ਪ੍ਰਭ ਦੀ ਸਰਨ, ਪ੍ਰਭ-ਪ੍ਰਾਪਤੀ॥ ੨॥

ਮੋਹਿ = ਮੈਨੂੰ। **ਕਾਮਾ** = ਵਾਸਤਾ, ਸੰਬੰਧ॥ ੩॥ ੭॥

---

1. ਆਦਿ ਗ੍ਰੰਥ- ਪੰਨਾ : ੬੫੯ 2. ਮਹਾਨ ਕੋਸ਼ - ਪੰਨਾ : ੭੭੩

ਸ਼ਬਦ ਦਾ ਅੰਤਰੀਵ ਵਿਚਾਰ ਵਿਧਾਨ

ਇਸ ਸ਼ਬਦ ਦਾ ਵਿਚਾਰ-ਵਿਧਾਨ ਬੜਾ ਹੀ ਗਹਿਰ ਗੰਭੀਰ ਅਤੇ ਪ੍ਰਤੀਕਾਤਮਕ ਹੈ। ਇਸ ਵਿਚ ਚਮਾਰ ਦੇ ਜੁੱਤੀਆਂ ਗੰਢਣ ਵਾਲੇ ਔਜ਼ਾਰਾਂ ਰਾਹੀਂ ਪਰਮਾਰਥ ਦੀਆਂ ਰਹਸਮਈ ਗੁੰਝਲਾਂ ਨੂੰ ਸੁਲਝਾਇਆ ਗਿਆ ਹੈ। ਕਮਾਲ ਦੀ ਗਲ ਤਾਂ ਇਹ ਹੈ ਕਿ ਇਸ ਸ਼ਬਦ ਵਿਚ ਚਮਾਰਾਂ ਦੇ ਔਜ਼ਾਰਾਂ ਨੂੰ ਬ੍ਰਾਹਮਣ, ਖਤਰੀ ਆਦਿ ਸਾਰੇ ਹੀ ਲੋਕ ਵਰਤਦੇ ਸਾਬਤ ਕੀਤੇ ਗਏ ਹਨ। ਔਜ਼ਾਰ ਵਿਕਾਰਾਂ ਦਾ ਪ੍ਰਤੀਕ ਹਨ ਇਸ ਕਰਕੇ ਬ੍ਰਾਹਮਣ ਆਦਿ ਵਿਕਾਰਾਂ ਦੇ ਖੁਆਰ ਕੀਤੇ ਹੋਏ ਹਨ। ਪਰ ਗੁਰੂ ਰਵਿਦਾਸ ਜੀ ਚਮਾਰ ਹੁੰਦਿਆਂ ਹੋਇਆਂ ਵੀ ਇਨ੍ਹਾਂ ਔਜ਼ਾਰਾਂ ਦੀ ਵਰਤੋਂ ਨਹੀਂ ਕਰਦੇ ਭਾਵ ਉਹ ਵਿਕਾਰਾਂ ਤੋਂ ਮੁਕਤ ਹਨ।

'ਰਹਾਉ' ਵਿੱਚ ਗੁਰੂ ਰਵਿਦਾਸ ਜੀ ਸਪਸ਼ਟ ਕਰਦੇ ਹਨ ਕਿ ਮੈਂ ਚਮਾਰ, ਸਰੀਰ-ਰੂਪੀ ਜੁੱਤੀ ਨੂੰ ਗੰਢਣ ਨਹੀਂ ਜਾਣਦਾ, ਭਾਵ ਮੈਂ ਸਰੀਰ ਨੂੰ ਪਾਲਣ ਵਾਲੇ ਵਿਕਾਰਾਂ, ਪਦਾਰਥਕ ਲਾਲਚਾਂ ਆਦਿ ਨੂੰ ਤਿਆਗ ਦਿੱਤਾ ਹੈ। ਪਰ ਅਣਜਾਣ ਲੋਕ ਮੇਰੇ ਕੋਲ ਸਰੀਰ ਰੂਪੀ ਜੁੱਤੀ ਗੰਡਾਉਣ ਆ ਜਾਂਦੇ ਹਨ।

ਬੰਦ ਨੰ. ੧ ਵਿੱਚ ਉਹ ਦ੍ਰਿੜ ਕਰਦੇ ਹਨ ਕਿ ਕਿਉਂਕਿ ਮੈਂ ਸਰੀਰ ਰੂਪੀ ਜੁੱਤੀ ਨੂੰ ਗੰਢਣ ਨਹੀਂ ਜਾਣਦਾ ਭਾਵ ਪਦਾਰਥਕ ਲਾਲਚਾਂ ਨਾਲ ਜੋੜਨ ਨਹੀਂ ਜਾਣਦਾ, ਇਸ ਲਈ ਮੇਰੇ ਪਾਸ ਤਿੱਖੇ, ਬਰੀਕ ਤੇਜ਼ ਮੂੰਹ ਵਾਲੀ ਤੀਖਣ ਬੁੱਧੀ ਰੂਪੀ ਆਰ ਭਾਵ ਸ਼ਕਤੀਸ਼ਾਲੀ ਵਿਕਾਰ ਸ਼ਕਤੀ ਨਹੀਂ ਹੈ, ਜਿਸ ਨਾਲ ਆਪਣੇ ਮਤਲਬ ਲਈ ਦੂਜਿਆਂ ਦੇ ਮਨਾਂ ਵਿੱਚ ਵਿਕਾਰੀ ਵਿਚਾਰ ਅਤੇ ਧੋਖੇ ਵਾਲਾ ਧੰਦਾ ਕਰ ਸਕਾਂ ਅਤੇ ਨਾ ਹੀ ਮੇਰੇ ਕੋਲ ਰੰਬੀ ਭਾਵ ਕੱਟ-ਵੱਢ ਕਰਨ ਵਾਲੇ ਭਾਵ ਉਲਟੀਆਂ ਸਿੱਧੀਆਂ ਧੋਖੇ ਭਰੀਆਂ ਗੱਲਾਂ ਵਾਲੀ ਵਿਦਿਆ ਹੈ, ਜਿਸ ਨਾਲ ਪਦਾਰਥ ਰੂਪੀ ਚਮੜੇ ਦੀ ਟਾਕੀ ਛਿੱਲ ਸੁਆਰ ਕੇ ਸਰੀਰ ਰੂਪੀ ਜੁੱਤੀ ਉੱਪਰ ਟਾਕੀ ਲਾ ਸਕਾਂ ਭਾਵ ਦੂਜਿਆਂ ਦੀ ਚੰਗੀ ਤਰ੍ਹਾਂ ਲੁਟ-ਖਸੁੱਟ ਕਰਕੇ ਉਸ ਉੱਪਰ ਧੋਖੇਬਾਜ਼ੀ ਦਾ ਪਰਦਾ ਪਾ ਦਿਆਂ।

ਪਰ ਬੰਦ ਨੰ. ੨ ਵਿੱਚ ਪਰਪੱਕ ਕੀਤਾ ਗਿਆ ਹੈ ਕਿ ਬ੍ਰਾਹਮਣ, ਖਤਰੀ ਆਦਿ ਲੋਕਾਂ ਨੇ ਚਮਾਰਾਂ ਵਾਲਾ ਭਾਵ ਨੀਚਾਂ ਵਾਲਾ ਕਿੱਤਾ ਅਪਣਾ ਲਿਆ ਹੈ। ਉਨ੍ਹਾਂ ਕੋਲ ਆਰ ਭਾਵ ਵਿਕਾਰਾਂ ਭਰੀ ਤੀਖਣ ਬੁੱਧੀ ਹੈ, ਰੰਬੀ ਰੂਪੀ ਧੋਖੇ ਵਾਲੀ ਵਿਦਿਆ ਹੈ, ਚਮੜਾ ਰੂਪੀ ਪਦਾਰਥ ਹੈ, ਇਸ ਤਰ੍ਹਾਂ ਉਹ ਪਦਾਰਥਕ ਲਾਲਚਾਂ ਲਈ ਧੋਖੇਬਾਜ਼ੀ ਵਾਲੀ ਵਿਦਿਆ ਵਿੱਚ ਮਾਹਰ ਹਨ ਅਤੇ ਚਮਾਰਾਂ ਦੇ ਇਨ੍ਹਾਂ ਤਿਖੇ, ਤੇਜ਼ ਸ਼ਕਤੀਸ਼ਾਲੀ ਆਰ, ਰੰਬੀ ਆਦਿ ਔਜ਼ਾਰ ਰੂਪੀ ਵਿਕਾਰਾਂ ਨਾਲ ਸਰੀਰ ਰੂਪੀ ਜੁੱਤੀ ਭਾਵ ਪਦਾਰਥਾਂ ਨੂੰ ਗੰਢਣ ਭਾਵ ਪ੍ਰਾਪਤ ਕਰਨ ਦੀ ਮੂਰਖਤਾ ਕਰ ਰਹੇ ਹਨ। ਇਸ ਤਰ੍ਹਾਂ ਵਿਕਾਰ ਹੋਰ ਸ਼ਕਤੀਸ਼ਾਲੀ ਹੋ ਜਾਂਦੇ ਹਨ ਅਤੇ ਪਹਿਲਾਂ

ਹੀ ਖੁਆਰੀ ਵਿੱਚ ਤੜਪ ਰਹੇ ਲੋਕ ਹੋਰ ਖੁਆਰ ਹੋ ਜਾਂਦੇ ਹਨ। ਪਰ ਗੁਰ ਰਵਿਦਾਸ ਜੀ ਸਰੀਰ ਰੂਪੀ ਜੁੱਤੀ ਭਾਵ ਪਦਾਰਥਾਂ ਨਾਲ ਮੋਹ ਨਹੀਂ ਰੱਖਦੇ। ਇਸ ਕਰਕੇ ਉਹ ਗੰਢ ਤੁਪ ਤੋਂ ਨਿਰਲੇਪ ਹਨ ਭਾਵ ਵਿਕਾਰਾਂ ਤੋਂ ਮੁਕਤ ਹਨ। ਸਿੱਟੇ ਵਜੋਂ ਉਹ ਪ੍ਰਭ ਨੂੰ ਪ੍ਰਾਪਤ ਹੋ ਗਏ। ਇਸ ਬੰਦ ਵਿਚ ਬ੍ਰਾਹਮਣ, ਖੱਤਰੀ ਆਦਿ ਚਮਾਰ ਹਨ, ਪਰ ਗੁਰੂ ਰਵਿਦਾਸ ਜੀ ਬ੍ਰਾਹਮਣ ਹਨ।

ਉਪਰੋਕਤ ਤੋਂ ਸਪਸ਼ਟ ਹੈ ਕਿ ਗੁਰੂ ਰਵਿਦਾਸ ਜੀ ਚਮਾਰ ਨਹੀਂ ਸਗੋਂ ਬ੍ਰਹਮ-ਗਿਆਨੀ ਹੋਣ ਕਰਕੇ ਬ੍ਰਾਹਮਣ ਹਨ। ਬ੍ਰਾਹਮਣ, ਖਤਰੀ ਆਦਿ ਸਾਰੇ ਲੋਕ ਵਿਕਾਰੀ ਸੁਭਾ ਹੋਣ ਕਰਕੇ ਚਮਾਰ ਹਨ। ਕਮਾਲ ਦੀ ਗਲ ਹੈ ਕਿ ਚਮਾਰਾਂ ਦੇ ਕਿੱਤੇ ਵਿੱਚ ਵਰਤੇ ਜਾਣ ਵਾਲੇ ਔਜ਼ਾਰਾਂ ਨਾਲ ਗਹਿਰ ਗੰਭੀਰ ਬ੍ਰਹਮ-ਗਿਆਨ ਦੇ ਗੁੱਝੇ ਪਰਮਾਰਥਕ ਭੇਦਾਂ ਨੂੰ ਖੋਲਿਆ ਹੈ। ਅੱਜ ਵੀਹਵੀਂ ਸਦੀ ਵਿੱਚ ਇਹ ਕ੍ਰਾਂਤੀਕਾਰੀ ਲਹਿਰ ਪੈਦਾ ਕਰਕੇ ਮੁਕੰਮਲ ਤੌਰ ਤੇ ਯੁਗ ਪਲਟਾ ਦਿੱਤਾ ਹੈ। ਕਾਰਣ : ਬ੍ਰਾਹਮਣ ਆਦਿ ਲੋਕ ਵਿਕਾਰਾਂ ਨੂੰ ਤਿਆਗਣ ਦੀ ਥਾਂ ਇਨ੍ਹਾਂ ਨੂੰ ਹੋਰ ਸ਼ਕਤੀਸ਼ਾਲੀ ਬਣਾ ਕੇ, ਇਨ੍ਹਾਂ ਦੀ ਹੀ ਪ੍ਰਾਪਤੀ ਵਿੱਚ ਜੁਟੇ ਹੋਏ ਹਨ। ਇਸ ਕਰਕੇ ਸ਼ੂਦਰ ਹਨ ਅਤੇ ਬਹੁਤ ਹੀ ਦੁਖੀ ਅਤੇ ਖੁਆਰ ਹੋ ਰਹੇ ਹਨ। ਪਰ ਚਮਾਰ (ਗੁਰੂ) ਰਵਿਦਾਸ ਨੇ ਵਿਕਾਰਾਂ ਨੂੰ ਤਿਆਗ ਕੇ ਬ੍ਰਹਮ-ਗਿਆਨ ਦੀ ਬਖਸ਼ਿਸ਼ ਪ੍ਰਾਪਤ ਕਰ ਲਈ ਹੈ, ਇਸ ਕਰਕੇ ਬ੍ਰਾਹਮਣ ਹਨ।

ਇਸ ਕਰਕੇ ਬੰਦ ਨੰ. ੩ ਵਿੱਚ ਗੁਰੂ ਰਵਿਦਾਸ ਜੀ ਪਰਪੱਕ ਕਰਦੇ ਹੋਏ ਦ੍ਰਿੜ ਕਰਦੇ ਹਨ ਕਿ ਮੇਰਾ ਸਰੀਰ ਨਾਲ ਭਾਵ ਪਦਾਰਥਕ ਲਾਲਚਾਂ ਨਾਲ ਕੋਈ ਮੋਹ-ਪਿਆਰ ਨਹੀਂ ਹੈ। ਮੈਂ ਤਾਂ ਆਪਣੇ ਪ੍ਰਭ ਦਾ ਨਾਮ ਜਪਦਾ ਹਾਂ, ਉਸ ਦੇ ਹੀ ਸਿਮਰਨ ਵਿੱਚ ਮਗਨ ਹਾਂ। ਸਿੱਟੇ ਵਜੋਂ ਮੇਰਾ ਜਮਦੂਤਾਂ ਨਾਲ ਕੋਈ ਲੈਣਾ ਦੇਣਾ ਨਹੀਂ ਹੈ, ਮੇਰਾ ਉਨ੍ਹਾਂ ਨਾਲ ਕੋਈ ਵਾਹ-ਵਾਸਤਾ ਨਹੀਂ ਹੈ। ਮੇਰਾ ਪ੍ਰਭ-ਚਰਨਾਂ ਵਿੱਚ ਨਿਵਾਸ ਹੋ ਗਿਆ ਹੈ।

ਰਾਗੁ ਸੋਰਠਿ ਦਾ ਬੁਨਿਆਦੀ ਤੱਤ ਵੀ ਇਹੋ ਹੀ ਹੈ :

"ਹਰੀ ਨਾਮ ਦੇ ਰਸ ਨੂੰ ਪੀ ਕੇ ਮੁਰਦੇਹਾਨੀ ਨਹੀਂ ਆਵੇਗੀ ਤੇ ਇਸ ਲੋਕ ਵਿਚ ਅਤੇ ਪ੍ਰਲੋਕ ਵਿਚ ਗੁਰਸਿੱਖ ਦੀ ਸੋਅ ਨਿਰਮਲ ਹੋਵੇਗੀ।

ਸੋਰਠਿ ਸੋ ਰਸੁ ਪੀਜੀਐ ਕਬਹੂ ਨ ਫੀਕਾ ਹੋਇ॥
ਨਾਨਕ ਰਾਮ ਨਾਮ ਗੁਨ ਗਾਈਅਹਿ ਦਰਗਹ ਨਿਰਮਲ ਸੋ ਹੋਇ॥"[1]

---

1. ਰਾਗ ਨਾਦ ਸਬਦਿ ਸੋਹਣੇ - ਵਿਸਮਾਦ ਨਾਦ, ਪੰਨਾ 64

ਸ਼ਬਦ ਅਰਥ :— ਮੈਂ ਚਮਾਰ, - ਸਰੀਰ ਰੂਪੀ ਜੁੱਤੀ ਨੂੰ ਗੰਢਣਾ ਨਹੀਂ ਜਾਣਦਾ ਭਾਵ ਮੈਂ ਸਰੀਰ ਨੂੰ ਪਾਲਣ ਵਾਲੇ ਵਿਕਾਰਾਂ, ਪਦਾਰਥਕ ਲਾਲਚਾਂ ਆਦਿ ਨੂੰ ਤਿਆਗ ਦਿੱਤਾ ਹੈ। ਹੁਣ ਮੈਂ ਆਪਣਾ ਮਨ ਪ੍ਰਭ ਨਾਲ ਗੰਢ ਲਿਆ ਹੈ। ਪਰ ਅਣਜਾਣ ਲੋਕ ਮੇਰੇ ਕੋਲ ਸਰੀਰ ਰੂਪੀ ਜੁੱਤੀ ਗੰਢਾਉਣ ਭਾਵ ਪਦਾਰਥਾਂ ਨਾਲ ਗੰਢ ਪਾਉਣ ਲਈ ਆਉਂਦੇ ਹਨ। ਪਰ ਮੈਨੂੰ ਵਿਕਾਰਾਂ ਨਾਲ ਜੋੜਨ ਦਾ ਭੈੜਾ ਕੰਮ ਨਹੀਂ ਆਉਂਦਾ। ਮੈਂ ਤਾਂ ਕੇਵਲ ਪ੍ਰਭ ਨਾਲ ਜੋੜਨ ਦਾ ਹੀ ਧੰਦਾ ਜਾਣਦਾ ਹਾਂ ॥੧॥ ਰਹਾਉ॥

ਮੈਂ ਸਰੀਰ ਰੂਪੀ ਜੁੱਤੀ ਭਾਵ ਪਦਾਰਥਾਂ ਨਾਲ ਜੋੜਨਾ ਨਹੀਂ ਜਾਣਦਾ। ਇਸ ਕਰਕੇ ਮੇਰੇ ਪਾਸ ਤਿੱਖੇ ਮੂੰਹੀ ਵਾਲੀ ਤੀਖਣ ਬੁੱਧੀ ਵਾਲੀ ਆਰ ਭਾਵ ਵਿਕਾਰਾਂ ਭਰੀ ਸ਼ਕਤੀ ਨਹੀਂ ਹੈ, ਜਿਸ ਨਾਲ ਆਪਣੇ ਮਤਲਬ ਲਈ ਦੂਜਿਆਂ ਦੇ ਮਨਾਂ ਵਿੱਚ ਵਿਕਾਰੀ ਵਿਚਾਰ ਪਾਕੇ ਧੋਖਾ ਦੇਣ ਵਾਲਾ ਧੰਦਾ ਕਰ ਸਕਾਂ ਅਤੇ ਨਾ ਹੀ ਮੇਰੇ ਕੋਲ ਰੰਬੀ ਭਾਵ ਕੱਟ ਵੱਢ ਕਰਕੇ ਭਾਵ ਉਲਟੀਆਂ ਸਿੱਧੀਆਂ ਧੋਖੇ ਭਰੀਆਂ ਗੱਲਾਂ ਵਾਲੀ ਵਿਦਿਆ ਹੈ, ਜਿਸ ਨਾਲ ਪਦਾਰਥ ਰੂਪੀ ਚਮੜੇ ਦੀ ਟਾਕੀ ਨੂੰ ਛਿੱਲ ਸੁਆਰ ਕੇ ਸਰੀਰ ਰੂਪੀ ਜੁੱਤੀ ਉੱਪਰ ਲਾ ਸਕਾਂ ਭਾਵ ਦੂਜਿਆਂ ਦੀ ਚੰਗੀ ਤਰ੍ਹਾਂ ਲੁੱਟ ਕੁਸੁਟ ਕਰਕੇ ਉਨ੍ਹਾਂ ਉੱਪਰ ਧੋਖੇਬਾਜ਼ੀ ਦਾ ਪਰਦਾ ਪਾ ਸਕਾਂ॥੧॥

ਪਰ ਲੋਕ ਆਪਣੇ ਪਦਾਰਥਕ ਲਾਲਚਾਂ ਲਈ ਇੱਕ ਦੂਜੇ ਨਾਲ ਗੰਢ ਤੁਪ ਕਰਕੇ ਵਿਕਾਰਾਂ ਵਿੱਚ ਫਸੇ ਹੋਏ ਹਨ। ਉਹ ਆਰ ਭਾਵ ਸ਼ਕਤੀਸ਼ਾਲੀ ਵਿਕਾਰਾਂ ਭਰੀ ਤੀਖਣ ਬੁੱਧੀ ਅਤੇ ਰੰਬੀ ਭਾਵ ਕੱਟ ਵੱਢ ਕਰਕੇ ਅਰਥਾਤ ਉਲਟੀਆਂ ਸਿੱਧੀਆਂ ਧੋਖੇ ਭਰੀਆਂ ਗੱਲਾਂ ਕਰਕੇ ਇੱਕ ਦੂਜੇ ਨੂੰ ਧੋਖਾ ਦੇਕੇ ਪਦਾਰਥਕ ਮਤਲਬ ਪੂਰਾ ਕਰ ਰਹੇ ਹਨ। ਇਸ ਤਰ੍ਹਾਂ ਉਹ ਅਤਿ ਖੁਆਰੀ ਭਰਿਆ ਜੀਵਨ ਜਿਉਂ ਰਹੇ ਹਨ। ਪਰ ਮੈਂ (ਰਵਿਦਾਸ) ਇਸ ਤਰ੍ਹਾਂ ਦੀ ਗੰਢ ਤੁਪ ਤੋਂ ਨਿਰਲੇਪ ਹਾਂ, ਵਿਕਾਰਾਂ ਤੋਂ ਮੁਕਤ ਹਾਂ। ਇਸ ਕਰਕੇ ਮੈਨੂੰ ਪ੍ਰਭ ਪ੍ਰਾਪਤੀ ਹੋ ਗਈ ਹੈ॥2॥

ਇਸ ਕਰਕੇ ਗੁਰੂ ਰਵਿਦਾਸ ਜੀ ਦ੍ਰਿੜ ਕਰਦੇ ਹਨ ਕਿ ਮੇਰਾ ਪਦਾਰਥਕ ਲਾਲਚਾਂ ਨਾਲ ਮੋਹ-ਪਿਆਰ ਨਹੀਂ ਹੈ। ਮੈਂ ਤਾਂ ਪ੍ਰਭ ਸਿਮਰਨ ਵਿੱਚ ਮਗਨ, ਉਸ ਦਾ ਜਾਪ ਕਰਦਾ ਹਾਂ। ਇਸ ਕਰਕੇ ਮੇਰਾ ਜਮਦੂਤਾਂ ਨਾਲ ਕੋਈ ਵਾਸਤਾ ਨਹੀਂ। ਮੈਨੂੰ ਪ੍ਰਭ-ਪ੍ਰੇਮ ਦੀ ਬਖਸ਼ਿਸ਼ ਪ੍ਰਾਪਤ ਹੋ ਗਈ ਹੈ॥੩॥੭॥

ੴ ਸਤਿਗੁਰ ਪ੍ਰਸਾਦਿ॥

ਧਨਾਸਰੀ ਭਗਤ ਰਵਿਦਾਸ ਜੀ ਕੀ

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ
ਅਬ ਪਤੀਆਰੁ ਕਿਆ ਕੀਜੈ॥
ਬਚਨੀ ਤੋਰ ਮੋਰ ਮਨੁ ਮਾਨੈ
ਜਨ ਕਉ ਪੂਰਨੁ ਦੀਜੈ॥੧॥
ਹਉ ਬਲਿ ਬਲਿ ਜਾਉ ਰਮਈਆ ਕਾਰਨੇ॥
ਕਾਰਨ ਕਵਨ ਅਬੋਲ॥ ਰਹਾਉ॥
ਬਹੁਤ ਜਨਮ ਬਿਛੁਰੇ ਥੇ ਮਾਧਉ
ਇਹੁ ਜਨਮੁ ਤੁਮ੍ਹਾਰੇ ਲੇਖੇ॥
ਕਹਿ ਰਵਿਦਾਸ ਆਸ ਲਗਿ ਜੀਵਉ
ਚਿਰ ਭਇਓ ਦਰਸਨੁ ਦੇਖੇ॥੨॥੧॥[1]

ਪਦ ਅਰਥ :—ਸਰਿ = ਵਰਗਾ। **ਦੀਨੁ** = ਨਿਮਾਣਾ। **ਪਤੀਆਰੁ** = ਪਰਖ, ਪਰਤਾਵਾ। **ਬਚਨੀ** = ਵਿਚਾਰ, ਬ੍ਰਹਮ-ਗਿਆਨ। **ਪੂਰਨੁ ਦੀਜੈ** = ਸੰਪੂਰਨ ਗਿਆਨ ਭਾਵ ਬ੍ਰਹਮ-ਗਿਆਨ ਪ੍ਰਦਾਨ ਕਰੋ॥੧॥

ਬਲਿ ਬਲਿ = ਬਲਿਹਾਰ। **ਅਬੋਲ** = ਨਾ ਬੋਲਣਾ॥੧॥ ਰਹਾਉ॥

ਭਇਓ = ਹੋ ਗਿਆ ਹੈ॥2॥੧॥

---

1. ਆਦਿ ਗ੍ਰੰਥ - ਪੰਨਾ : ੬੯੪

ਪ੍ਰਭ ਦੀ ਹੋਂਦ ਦੀ ਪਰਪੱਕਤਾ

ਗੁਰੂ ਰਵਿਦਾਸ ਜੀ ਨੇ ਇਸ ਸ਼ਬਦ ਵਿੱਚ ਪਰਪੱਕਤਾ ਨਾਲ ਦ੍ਰਿੜ ਕੀਤਾ ਹੈ ਕਿ ਹੈ ਪ੍ਰਭ! ਇਸ ਵਿੱਚ ਭੋਰਾ ਭਰ ਵੀ ਸ਼ਕ ਨਹੀਂ ਹੈ। ਪ੍ਰਭ ਦੇ ਆਪਣੇ ਵਿਚਾਰ ਹਨ ਜਿਸ ਅਨੁਸਾਰ ਸੇਵਕ ਕਰਮ ਕਰਕੇ ਪ੍ਰਭ ਦੇ ਦਰਸ਼ਨ ਕਰਦਾ ਹੈ। ਆਮ ਤੌਰ ਤੇ ਪ੍ਰਭ ਦੇ ਵਿਚਾਰਾਂ ਨੂੰ ਬ੍ਰਹਮ-ਗਿਆਨ ਕਿਹਾ ਜਾਂਦਾ ਹੈ। ਗੁਰੂ ਰਵਿਦਾਸ ਜੀ ਬ੍ਰਹਮ-ਗਿਆਨ ਨੂੰ ਪ੍ਰਭਾਸ਼ਿਤ ਕਰਦੇ ਲਿਖਦੇ ਹਨ :

"ਬਚਨੀ ਤੋਰ ਮੋਰ ਮਨ ਮਾਨੈ
ਜਨ ਕਉ ਪੂਰਨੁ ਦੀਜੈ ॥੧॥

ਬ੍ਰਹਮ ਗਿਆਨ ਉਹ ਹੈ, ਜਿਸ ਨੂੰ ਪ੍ਰਭ ਖੁਦ ਪ੍ਰਦਾਨ ਕਰਦਾ ਹੈ ਅਤੇ ਸੇਵਕ ਉਸਨੂੰ ਪ੍ਰਵਾਨ ਕਰਕੇ ਪ੍ਰਭ ਨੂੰ ਪ੍ਰਾਪਤ ਹੁੰਦਾ ਹੈ।"

ਪ੍ਰਭ ਦੀ ਹੋਂਦ ਦਾ ਦੂਜਾ ਸਬੂਤ ਇਹ ਹੈ ਕਿ ਪ੍ਰਭ ਬੋਲਦਾ ਹੈ, ਗਲਬਾਤ ਕਰਦਾ ਹੈ। ਜੇ ਉਹ ਬੋਲਦਾ ਨਾ ਹੋਵੇ ਤਾਂ ਉਹ ਅਪਣੇ ਵਿਚਾਰ ਸਾਧਕ ਨੂੰ ਸਮਝਾ ਹੀ ਨਹੀਂ ਸਕਦਾ। ਗੁਰੂ ਰਵਿਦਾਸ ਜੀ ਦੀ ਤੁੱਕ "ਮੈ ਸੁਮਤਿ ਦੇਹੁ ਸਮਝਾਇ" ਨੂੰ ਅਮਲ ਵਿੱਚ ਨਹੀਂ ਲਿਆਂਦਾ ਜਾ ਸਕਦਾ ਕਿਉਂਕਿ ਬੋਲਣ ਤੋਂ ਬਗੈਰ ਪ੍ਰਭ, ਸਾਧਕ ਨੂੰ ਆਪਣੀ "ਸੁਮਤ" ਅਰਥਾਤ ਬ੍ਰਹਮ-ਗਿਆਨ ਨੂੰ ਸਮਝਾ ਨਹੀਂ ਸਕਦਾ। ਇਹੋ ਕਾਰਣ ਹੈ ਕਿ ਗੁਰੂ ਰਵਿਦਾਸ ਜੀ ਦ੍ਰਿੜਤਾ ਨਾਲ ਸਾਬਤ ਕਰਦੇ ਹਨ ਕਿ ਪ੍ਰਭ ਬੋਲਦਾ ਵੀ ਹੈ। ਉਹ ਲਿਖਦੇ ਹਨ:

ਹਉ ਬਲਿ ਬਲਿ ਜਾਉ ਰਮਈਆ ਕਾਰਨੇ।।
ਕਾਰਨ ਕਵਨ ਅਬੋਲ।। ਰਹਾਓ।।

ਸੋ ਪ੍ਰਭ ਬੋਲਦਾ ਹੈ ਅਤੇ ਆਪਣੇ ਵਿਚਾਰ, ਸਾਧਕ ਨੂੰ ਸਮਝਾਉਂਦਾ ਵੀ ਹੈ।

ਪ੍ਰਭ ਦੀ ਹੋਂਦ ਦਾ ਤੀਜਾ ਸਬੂਤ ਇਹ ਹੈ ਕਿ ਉਹ ਦਰਸ਼ਨ ਦਿੰਦਾ ਹੈ। ਦਰਸ਼ਨ ਦਾ ਅਰਥ ਹੈ ਕਿ ਉਸ ਦਾ ਸਰੂਪ ਵੀ ਹੈ। ਸਾਧਕ ਅਪਣੀ ਭਗਤੀ ਨਾਲ ਪ੍ਰਭ ਦੇ ਬ੍ਰਹਮ-ਗਿਆਨ ਨੂੰ ਅਮਲ ਵਿੱਚ ਲਿਆਕੇ, ਉਸ ਦੇ ਦਰਸ਼ਨ ਵੀ ਕਰਦਾ ਹੈ। ਗੁਰੂ ਰਵਿਦਾਸ ਜੀ ਲਿਖਦੇ ਹਨ:

ਕਹਿ ਰਵਿਦਾਸ ਆਸ ਲਗਿ ਜੀਵਉ
ਚਿਰ ਭਇਓ ਦਰਸ਼ਨੁ ਦੇਖੇ ॥ ੨॥ ੧॥

ਸੋ ਪ੍ਰਭ ਦਰਸ਼ਨ ਵੀ ਦਿੰਦਾ ਹੈ।

ਉਪਰੋਕਤ ਇਹ ਤਿੰਨ ਸਬੂਤ ਦ੍ਰਿੜ ਕਰਦੇ ਹਨ ਕਿ ਪ੍ਰਭ ਦੀ ਹਰ ਹਾਲਤ ਵਿੱਚ ਹੋਂਦ ਹੈ। ਉਸ ਦੀ ਵਿਚਾਰ ਧਾਰਾ ਹੈ, ਉਹ ਬੋਲਦਾ ਹੈ ਅਤੇ ਦਰਸ਼ਨ ਵੀ ਦਿੰਦਾ ਹੈ। ਇਸ ਤਰ੍ਹਾਂ ਗੁਰੂ ਰਵਿਦਾਸ ਜੀ ਨੇ ਪ੍ਰਭ ਦੇ ਸਰੂਪ ਦਾ ਨਿਰੂਪਣ ਕਰਕੇ

ਉਸ ਦੀ ਹੋਂਦ ਨੂੰ ਭਲੀ ਭਾਂਤ ਮੂਰਤੀਮਾਨ ਕਰ ਦਿੱਤਾ ਹੈ।

ਪਰ ਕਈ ਸੱਜਣ ਪ੍ਰਸ਼ਨ ਕਰਦੇ ਹਨ ਕਿ ਜੇ ਪ੍ਰਭ ਹੈ ਤਾਂ ਉਹ ਨਜ਼ਰ ਕਿਉਂ ਨਹੀਂ ਆਉਂਦਾ? ਇਸ ਦਾ ਉੱਤਰ ਪ੍ਰੋ: ਤਰਲੋਚਨ ਸਿੰਘ ਨੇ ਬਹੁਤ ਪ੍ਰਭਾਵਸ਼ਾਲੀ ਅਤੇ ਤਰਕ ਸੰਗਤ ਦਲੀਲਾਂ ਨਾਲ ਦਿੱਤਾ ਹੈ। ਉਹ ਗੁਰੂ ਨਾਨਕ ਦੇਵ ਜੀ ਦੀ ਤੁੱਕ

ਸਭ ਮਹਿ ਜੋਤਿ ਜੋਤਿ ਹੈ ਸੋਇ।।
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ।। (ਪੰਨਾ:੧੩)

ਦੀ ਵਿਆਖਿਆ ਕਰਦੇ ਲਿਖਦੇ ਹਨ:

> "ਤਾਂ ਇਸ ਲਾਟ ਦਾ ਹਰ ਇੱਕ ਵਸਤੂ (ਮਿੱਟੀ, ਪਾਣੀ, ਪੌਦੇ, ਜਾਨਵਰ ਆਦਿ) ਵਿੱਚ ਮੌਜੂਦ ਹੋਣਾ ਲਾਜ਼ਮੀ ਹੈ। ਪਰੰਤੂ ਇਹ ਲਾਟ ਸਾਨੂੰ ਨਾ ਤਾਂ ਮਿੱਟੀ ਜਾਂ ਹਵਾ ਵਿੱਚ ਦਿਸਦੀ ਹੈ ਅਤੇ ਨਾਂ ਹੀ ਕਿਧਰੇ ਜੀਵ ਜੰਤੂ ਅਤੇ ਪੌਦਿਆਂ ਵਿੱਚ। ਪਰ ਜੇ ਅਸੀਂ ਵੇਖੀਏ ਕਿ ਹਰ ਚੀਜ਼ ਦਾ ਦਿਸਣਾ ਉਸ ਦੀ ਹੋਂਦ ਨੂੰ ਸਿੱਧ ਕਰਨ ਲਈ ਜ਼ਰੂਰੀ ਹੈ, ਤਾਂ ਇਉਂ ਠੀਕ ਨਹੀਂ ਹੋਵੇਗਾ। ਜਿਵੇਂ ਕਿਸੇ ਬਨੇਰੇ ਤੇ ਬੈਠਾ ਕੋਈ ਪੰਛੀ ਅਕਾਸ਼ ਵਲ ਨੂੰ ਉੱਡਦਾ ਹੋਇਆ ਇਨ੍ਹਾਂ ਉੱਚਾ ਨਿਕਲ ਜਾਵੇ ਕਿ ਉਹ ਦਿਸਣੋਂ ਹੱਟ ਜਾਏ ਤਾਂ ਉਸ ਦੀ ਹੋਂਦ ਅਣਹੋਂਦ ਵਿੱਚ ਨਹੀਂ ਬਦਲ ਜਾਂਦੀ। ਫਿਰ ਇੱਹ ਵੀ ਜ਼ਰੂਰੀ ਨਹੀਂ ਕਿ ਜੋ ਚੀਜ਼ ਦੀਸਦੀ ਹੈ ਉਹ ਠੀਕ ਤੇ ਅਸਲ ਰੂਪ ਵਿੱਚ ਹੀ ਦਿਖਾਈ ਦਿੰਦੀ ਹੋਵੇ। ਵੇਖਣ ਵਾਲੀ ਅੱਖ ਵਿੱਚ ਵੀ ਫਰਕ ਹੋ ਸਕਦਾ ਹੈ। ਆਓ ਜ਼ਰਾ ਸੋਚੀਏ ਕਿ ਜੇ ਅਸੀਂ ਆਪਣੇ ਟੈਲੀਸਕੋਪ (ਦੂਰਬੀਨ) ਨਾਲ ਕਿਸੇ ਇਹੋ ਜਿਹੇ ਗ੍ਰਹਿ ਨੂੰ ਵੇਖ ਰਹੇ ਹੋਇਐ ਜਿਹੜੇ ਸਾਡੇ ਤੋਂ 80 ਰੋਸ਼ਨੀ ਸਾਲ (Light Year) ਦੂਰ ਹੈ ਤਾਂ ਅਸੀਂ ਜਿਸ 5 ਸਾਲ ਦੇ ਬੱਚੇ ਨੂੰ ਵੇਖ ਰਹੇ ਹੋਵਾਂਗੇ ਉਹ ਅਸਲ ਵਿੱਚ 5 ਸਾਲ ਦਾ ਨਾ ਹੋਕੇ ਇੱਕ 85 ਸਾਲ ਦਾ ਬਜ਼ੁਰਗ ਹੋਵੇਗਾ, ਹੈ ਨਾਂ, ਕਿੰਨਾ ਵੱਡਾ ਭਰਮ। ——— ਰਵਿਦਾਸ ਜੀ ਗੁਰਬਾਣੀ ਵਿੱਚ ਇਹੋ ਕਹਿੰਦੇ ਹਨ ਕਿ ਹੇ ਪ੍ਰਭੂ! ਅਸੀਂ ਜਿਸ ਤਰ੍ਹਾਂ ਚੀਜ਼ਾਂ ਨੂੰ ਸਮਝਦੇ ਹਾਂ ਅਸਲ ਵਿੱਚ ਉਹ ਉਸ ਤਰ੍ਹਾਂ ਨਹੀਂ ਹੁੰਦੀਆਂ:
> ਮਾਧਵੇ ਕਿਆ ਕਹੀਐ ਭਮੁ ਐਸਾ।।
> ਜੈਸਾ ਮਾਨੀਐ ਹੋਇ ਨ ਤੈਸਾ।। (੬੫੭) ਭਗਤ ਰਵਿਦਾਸ ਜੀ

ਜਿਹੜੀ ਲਾਟ ਅਸੀਂ ਵੇਖਦੇ ਹਾਂ, ਉਸ ਦਾ ਜਨਮ ਦੀਵੇ ਵਿੱਚ ਬਲ ਰਹੇ ਦੇਸੀ ਘਿਓ ਅਤੇ ਬੱਤੀ ਤੋਂ ਹੈ ਜਿਸ ਤੋਂ ਭਾਵ ਇਹ ਹੈ ਕਿ ਲਾਟ ਦੇਸੀ ਘਿਓ ਅਤੇ ਬੱਤੀ ਵਿੱਚ ਮੌਜੂਦ ਹੈ। ਦੇਸੀ ਘਿਓ ਬਣਦਾ ਹੈ ਦੁੱਧ ਤੋਂ ਅਤੇ ਦੁੱਧ ਦੀ ਪ੍ਰਾਪਤੀ ਹੁੰਦੀ ਹੈ ਮੱਝਾਂ, ਗਾਈਆਂ ਤੋਂ ਭਾਵ ਕਿ ਇਹ ਲਾਟ ਮੱਝਾਂ, ਗਾਈਆਂ ਵਿੱਚ ਮੌਜੂਦ ਹੈ। ਮੱਝਾ, ਗਾਈਆਂ ਦੁੱਧ ਦਿੰਦੀਆਂ ਹਨ ਘਾਅ ਫੂਸ ਖਾ ਕੇ ਅਤੇ ਘਾਅ ਫੂਸ ਪੈਦਾ ਹੁੰਦਾ ਹੈ ਮਿੱਟੀ ਵਿੱਚੋਂ। ਜਿਸ ਦਾ ਅਰਥ ਹੈ ਕਿ ਇਹ ਲਾਟ ਇਸ ਮਿੱਟੀ ਅਰਥਾਤ ਧਰਤੀ ਵਿੱਚ ਵੀ ਹੈ। ਇਹ ਜੋਤਿ (ਪ੍ਰਕਾਸ਼, ਸ਼ਕਤੀ) ਸਾਰਿਆਂ ਦਾ ਅਧਾਰ ਹੈ। ਇਹ ਉਹ ਧੁਰਾ ਹੈ ਜਿਸ ਦੁਆਲੇ ਸਭ ਜੀਵ ਘੁੰਮਦੇ ਹਨ। ਜੋਤਿ ਇਕ ਹੈ ਪਰੰਤੂ ਇਸ ਦੀਆਂ ਸ਼ਕਲਾਂ ਅਣਗਿਣਤ ਹਨ। ਜਿਵੇਂ :

ਏਕ ਰੂਪ ਸਗਲੋ ਪਾਸਾਰਾ॥ (ਪੰਨਾ 803) ਗੁਰੂ ਅਰਜਨ ਦੇਵ ਜੀ" [1]

ਦਰਅਸਲ ਇਸ ਤੋਂ ਵੀ ਸਪਸ਼ਟ ਰੂਪ ਵਿੱਚ ਇਹੋ ਵਿਚਾਰ ਇਸ ਤੋਂ ਪਹਿਲਾਂ ਗੁਰੂ ਰਵਿਦਾਸ ਜੀ ਦੀ ਬਾਣੀ ਵਿੱਚ ਵੀ ਨਿਰੂਪਤ ਹਨ, ਜਿਸ ਦਾ ਜ਼ਿਕਰ ਪੋ: ਤਰਲੋਚਨ ਸਿੰਘ ਨੇ ਉਪਰੋਕਤ ਵਿਆਖਿਆ ਦੌਰਾਨ ਹੀ ਕਰ ਦਿੱਤਾ ਹੈ। ਪਰ ਇਹ ਜ਼ਿਕਰ ਅਧੂਰਾ ਹੈ। ਕਿਉਂਕਿ ਇਸ ਰਹਾਓ ਵਾਲੇ ਸ਼ਬਦ ਦੇ ਬੰਦ ਨ. ੪ ਵਿੱਚ ਇਸੇ ਹੀ ਰਹਾਓ ਨੂੰ ਖੋਲ ਕੇ ਬਿਆਨ ਕੀਤਾ ਗਿਆ ਹੈ। ਇਸ ਬੰਦ ਵਿੱਚ ਰਹਾਓ ਵਾਲੇ ਭ੍ਰਮ ਨੂੰ ਦੂਰ ਕਰਕੇ ਦ੍ਰਿੜ ਕੀਤਾ ਗਿਆ ਹੈ ਕਿ ਪਾਰਬ੍ਰਹਮ-ਪ੍ਰਭ ਨੂੰ ਸਾਖਸ਼ਾਤ ਰੂਪ ਵਿੱਚ ਪਰਗਟ ਕੀਤਾ ਜਾ ਸਕਦਾ ਹੈ। ਵਿਗਿਆਨ ਅਨੁਸਾਰ ਸ਼ਕਤੀ (ਪਾਰਬ੍ਰਹਮ) ਨੂੰ ਮਾਦੇ (ਪਦਾਰਥ) ਵਿੱਚ ਬਦਲਿਆ ਜਾ ਸਕਦਾ ਹੈ।

> "In the twentieth century, man of science came to realize that energy can be transformed into mass and mass into energy.
>
> ਭਾਵ: ਵੀਹਵੀਂ ਸਦੀ ਵਿੱਚ ਆਦਮੀ ਨੂੰ ਇਹ ਦ੍ਰਿੜ ਹੋਇਆ ਕਿ ਸ਼ਕਤੀ ਨੂੰ ਪਦਾਰਥ ਅਤੇ ਪਦਾਰਥ ਨੂੰ ਸ਼ਕਤੀ ਵਿੱਚ ਬਦਲਿਆ ਜਾ ਸਕਦਾ ਹੈ।

1. ਗੁਰਬਾਣੀ ਅਤੇ ਵਿਗਿਆਨ-ਪ੍ਰੋ: ਤਰਲੋਚਨ ਸਿੰਘ ਖਾਲਸਾ ਕਾਲਜ ਪਟਿਆਲਾ-ਪੰਨਾ : ੬੮-੬੯

From : THE BOOK OF POPULAR SCIENCE Vol. 4 New York Page 217" [1]

ਗੁਰੂ ਰਵਿਦਾਸ ਜੀ ਨੇ ਅਪਣੀ ਭਗਤੀ ਦੀ ਤਾਕਤ ਨਾਲ ਪਾਰਬ੍ਰਹਮ ਰੂਪੀ ਸ਼ਕਤੀ ਨੂੰ ਪਦਾਰਥ ਵਿੱਚ ਬਦੱਲ ਲਿਆ ਭਾਵ ਉਨ੍ਹਾਂ ਨੇ ਪ੍ਰਭ ਨੂੰ ਰਵਿਦਾਸ ਚਮਾਰ ਦੇ ਰੂਪ ਵਿੱਚ ਪ੍ਰਗਟ ਕਰ ਲਿਆ। ਗੁਰੂ ਰਵਿਦਾਸ ਜੀ ਬੰਦ ੪ ਵਿੱਚ ਲਿਖਦੇ ਹਨ:

ਸਰਬੇ ਏਕੁ ਅਨੇਕੈ ਸੁਆਮੀ
ਸਭ ਘਟ ਭੁੋਗਵੇ ਸੋਈ ।।
ਕਹਿ ਰਵਿਦਾਸ ਹਾਥ ਪੈ ਨੇਰੈ
ਸਹਜੇ ਹੋਇ ਸੁ ਹੋਈ ॥ ੪॥ ੧॥ (੬੫੭)

ਉਪਰੋਕਤ ਬੰਦ ਨ. ੪ ਵਿੱਚ ਸਪਸ਼ਟ ਕੀਤਾ ਗਿਆ ਹੈ ਕਿ ਸਰਵ ਵਿਆਪਕ ਪਾਰਬ੍ਰਹਮ ਅਨੇਕਾਂ ਸਰੂਪ ਧਾਰਕੇ ਉਹੋ ਹੀ ਕਣ-ਕਣ ਵਿੱਚ ਆਤਮਕ ਅਤੇ ਪਦਾਰਥਕ ਅਨੰਦ ਮਾਣਦਾ ਹੈ। ਪ੍ਰਭ 'ਰਵਿਦਾਸ ਚਮਾਰ' ਦੇ ਅਨੇਕਾਂ ਸਰੂਪ ਧਾਰਨ ਕਰ ਹਰ ਇਕ ਬ੍ਰਾਹਮਣ ਨਾਲ ਪੰਗਤ ਵਿੱਚ ਬੈਠ ਆਤਮਕ ਅਤੇ ਪਦਾਰਥਕ ਅਨੰਦ ਭੋਗਦਾ ਹੈ।

ਇਸ ਤੱਥ ਤੋਂ ਪਰਪੱਕ ਤੌਰ ਤੇ ਦ੍ਰਿੜ ਹੋ ਗਿਆ ਹੈ ਕਿ ਗੁਰੂ ਰਵਿਦਾਸ ਜੀ ਨੇ ਆਪਣੀ ਭਗਤੀ ਦੀ ਤਾਕਤ ਨਾਲ ਪਾਰਬ੍ਰਹਮ ਰੂਪੀ ਸ਼ਕਤੀ ਨੂੰ ਰਵਿਦਾਸ ਦਾ ਸਰੂਪ ਦੇ ਕੇ ਪਦਾਰਥ ਵਿੱਚ ਬਦਲ ਲਿਆ ਹੈ। ਸੋ ਗੁਰੂ ਰਵਿਦਾਸ ਜੀ ਨੇ ਇਸ ਬੰਦ ਵਿੱਚ ਭੌਤਿਕ ਵਿਗਿਆਨ ਦੀ ਇਸ ਅੱਟਲ ਸਚਾਈ ਨੂੰ ਅੱਜ ਤੋਂ ੬੨੫ ਸਾਲ ਪਹਿਲਾਂ ਹੀ ਉਜਾਗਰ ਕਰ ਦਿੱਤਾ ਸੀ। ਇਸੇ ਹੀ ਬੰਦ ਵਿੱਚ ਗੁਰੂ ਰਵਿਦਾਸ ਜੀ ਨੇ ਭੋਗਣ ਦੀ ਪ੍ਰਕਿਰਿਆ ਨੂੰ ਪ੍ਰਗਟ ਕਰਕੇ ਦੁੱਤ ਵਿਗਿਆਨ (Biology) ਦੀ ਅਟਲ ਸਚਾਈ ਨੂੰ ਵੀ ਉਜਾਗਰ ਕਰ ਦਿੱਤਾ ਸੀ।

ਸੋ ਉਪਰੋਕਤ ਚਰਚਾ ਤੋਂ ਪਰਪੱਕ ਤੌਰ ਤੇ ਦ੍ਰਿੜ ਹੋ ਗਿਆ ਹੈ ਕਿ ਪਾਰਬ੍ਰਹਮ ਨੂੰ ਸਾਕਾਰ ਰੂਪ ਵਿੱਚ ਪ੍ਰਗਟ ਕਰਕੇ ਉਸ ਦਾ ਦਰਸ਼ਨ ਕੀਤਾ ਜਾ ਸਕਦਾ ਹੈ। ਇਹ ਵਿਗਿਆਨ ਤੋਂ ਵੀ ਸਪਸ਼ਟ ਰੂਪ ਵਿੱਚ ਸਿੱਧ ਹੋ ਗਿਆ ਹੈ ਕਿ ਪ੍ਰਭ ਦੀ ਹੋਂਦ ਹੈ ਅਤੇ ਇਸ ਨੂੰ ਕਿਸੇ ਵੀ ਤਰ੍ਹਾਂ ਝੁਠਲਾਇਆ ਨਹੀਂ ਜਾ ਸਕਦਾ।

————————

1. ਓਹੀ- ਪੰਨਾ : ੭੯

ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ

ਇਸ ਸ਼ਬਦ ਵਿੱਚ ਗੁਰੂ ਰਵਿਦਾਸ ਜੀ ਤਿੰਨ ਗੱਲਾਂ ਦ੍ਰਿੜ ਕਰਦੇ ਹਨ—ਪਹਿਲੀ ਗਲ, ਉਹ ਸਪਸ਼ਟ ਕਰਦੇ ਹਨ ਕਿ ਜਿਹੜਾ ਵੀ ਪ੍ਰਭ ਦੇ ਬਚਨ ਭਾਵ ਹੁਕਮ ਨੂੰ ਤਨੋ-ਮਨੋ ਪ੍ਰਵਾਨ ਕਰਦਾ ਹੈ, ਪ੍ਰਭ ਉਸ ਨੂੰ ਸੰਪੂਰਨ ਗਿਆਨ ਭਾਵ ਬ੍ਰਹਮ-ਗਿਆਨ ਦੀ ਬਖਸ਼ਿਸ਼ ਕਰਦਾ ਹੈ। ਸੋ ਪ੍ਰਭ ਬ੍ਰਹਮ-ਗਿਆਨ ਵੀ ਪ੍ਰਦਾਨ ਕਰਦਾ ਹੈ। ਦੂਜੀ ਗਲ, ਸਪਸ਼ਟ ਕੀਤੀ ਗਈ ਹੈ ਕਿ ਪ੍ਰਭ ਆਪਣੇ ਭਗਤਾਂ ਨਾਲ ਵਾਰਤਾਲਾਪ ਵੀ ਕਰਦਾ ਹੈ। ਇਸ ਤਰ੍ਹਾਂ ਪ੍ਰਭ ਬੋਲਦਾ ਵੀ ਹੈ। ਤੀਸਰੀ ਗਲ, ਇਸ ਸ਼ਬਦ ਵਿੱਚ ਸਪਸ਼ਟ ਕੀਤੀ ਗਈ ਹੈ ਕਿ ਪ੍ਰਭ ਦੇ ਦਰਸ਼ਨ ਲਈ ਅਨੇਕਾਂ ਹੀ ਜਨਮਾਂ ਦੀ ਭਗਤੀ ਦੀ ਜ਼ਰੂਰਤ ਹੈ। ਸੋ ਪ੍ਰਭ ਦਰਸ਼ਨ ਵੀ ਦਿੰਦਾ ਹੈ।

ਪ੍ਰਭ ਦੇ ਸਰੂਪ ਨੂੰ ਪਰਪੱਕਤਾ ਨਾਲ ਦ੍ਰਿੜ ਕਰਦੇ ਹੋਏ, ਗੁਰੂ ਰਵਿਦਾਸ ਜੀ ਬੰਦ ਨੰ. ੧ ਵਿੱਚ ਫਰਮਾਉਂਦੇ ਹਨ ਕਿ ਹੇ ਪ੍ਰਭ! ਮੇਰੇ ਵਰਗਾ ਨਿਮਾਣਾ ਕੋਈ ਨਹੀਂ ਅਤੇ ਤੇਰੇ ਵਰਗਾ ਨਿਮਾਣਿਆ ਦਾ ਮਾਣ ਬਣਕੇ ਦਇਆ ਕਰਨ ਵਾਲਾ ਵੀ ਹੋਰ ਕੋਈ ਨਹੀਂ ਹੈ। ਹੁਣ ਹੋਰ ਪਰਖ ਕਰਨ ਦੀ ਕੀ ਲੋੜ ਹੈ? ਮੇਰੇ ਮਨ ਨੇ ਤੇਰੀ ਵਿਚਾਰਧਾਰਾ (ਬ੍ਰਹਮ-ਗਿਆਨ) ਨੂੰ ਪ੍ਰਵਾਨ ਕਰ ਲਿਆ ਹੈ। ਤੇਰੇ ਬਚਨ ਮੇਰੇ ਮਨ ਨੂੰ ਬਹੁਤ ਭਾਉਂਦੇ ਹਨ। ਇਸ ਲਈ ਹੇ ਪ੍ਰਭ! ਮੇਰੇ ਵਰਗੇ ਨਿਮਾਣੇ ਨੂੰ ਬ੍ਰਹਮ-ਗਿਆਨ ਨਾਲ ਭਰਪੂਰ ਕਰੋ।

ਰਹਾਉ ਵਿਚ ਬੁਨਿਆਦੀ ਸਿਧਾਂਤ ਹੁੰਦਾ ਹੈ, ਜਿਸ ਨੂੰ ਗ਼ਲਤ ਨਹੀਂ ਕੀਤਾ ਜਾ ਸਕਦਾ। ਇਸ ਲਈ 'ਰਹਾਉ' ਵਿੱਚ ਗੁਰੂ ਜੀ ਸਪਸ਼ਟ ਕਰਦੇ ਹਨ ਕਿ ਬ੍ਰਹਮ-ਗਿਆਨ ਤਾਂ ਪ੍ਰਾਪਤ ਹੋ ਗਿਆ ਹੈ ਪਰ ਹੇ ਪ੍ਰਭ! ਮੈਂ ਬਲਿਹਾਰ! ਬਲਿਹਾਰ! ਜਾਂਦਾ ਹਾਂ, ਪਰ ਕੀ ਕਾਰਣ ਹੈ ਤੁਸੀਂ ਮੇਰੇ ਨਾਲ ਬੋਲਦੇ ਕਿਉਂ ਨਹੀਂ? ਇਸ ਤੋਂ ਦ੍ਰਿੜ ਹੋ ਜਾਂਦਾ ਹੈ ਕਿ ਪ੍ਰਭ ਬੋਲਦਾ ਹੈ ਗਲਬਾਤ ਕਰਦਾ ਹੈ। ਜਿਸ ਨੂੰ ਝੁਠਲਾਇਆ ਨਹੀਂ ਜਾ ਸਕਦਾ।

ਬੰਦ ਨੰ. ੨ ਵਿੱਚ ਗੁਰੂ ਜੀ ਜਨਮਾਂ-ਜਨਮਾਂਤਰਾਂ ਦੇ ਵਿਛੋੜੇ ਦੀ ਧੁਰ ਅੰਦਰਲੀ ਚੀਸ ਕਾਰਨ ਅਧੀਰ ਮਨ ਨਾਲ ਤੜਪ ਉਠਦਾ ਹੈ। ਇਸ ਲਈ ਅਖੌਤੀ ਕਰਮ-ਕਾਂਡ ਨੂੰ ਤਿਆਗ ਕੇ, ਪ੍ਰਭ ਮਿਲਾਪ ਲਈ ਅਰਜ਼ੋਈ ਕਰਦੇ ਹਨ ਕਿ ਹੇ ਪ੍ਰਭ! ਤੇਰੇ ਤੋਂ ਵਿਛੜਿਆਂ ਅਨੇਕਾਂ ਜਨਮ ਬੀਤ ਗਏ ਹਨ ਪਰ ਦਰਸ਼ਨ ਨਸੀਬ ਨਹੀਂ ਹੋਏ। ਤੇਰੇ ਦਰਸ਼ਨ ਹਿਤ, ਹੁਣ ਮੈਂ ਇਹ ਜੀਵਨ ਤੇਰੇ ਨਿਮਤ ਤੇਰੇ ਲੇਖੇ ਲਾ ਦਿੱਤਾ ਹੈ, ਤੇਰੀ ਅਰਾਧਨਾ ਵਿੱਚ ਅਰਪਨ ਕਰ ਦਿੱਤਾ ਹੈ। ਤੇਰੇ ਦਰਸ਼ਨ ਕੀਤਿਆਂ ਮੁਦਤਾਂ ਬੀਤ ਗਈਆਂ ਹਨ, ਹੁਣ ਮੈਂ ਕੇਵਲ ਤੇਰੇ ਦਰਸ਼ਨ ਦੀ ਆਸ ਰੱਖਕੇ ਹੀ ਜਿਉ ਰਿਹਾ ਹਾਂ। ਇਸ ਤਰ੍ਹਾਂ ਪ੍ਰਭ ਦਰਸ਼ਨ ਵੀ ਦਿੰਦਾ ਹੈ।

ਸੋ ਇਸ ਸ਼ਬਦ ਵਿੱਚ ਵਿਚਾਰ-ਵਿਧਾਨ ਦੀ ਸਿਰਜਣਾ ਵਿਗਿਆਨਕ ਵਿਧੀ ਨਾਲ ਕੀਤੀ ਗਈ ਹੈ। ਪਹਿਲਾਂ ਬ੍ਰਹਮ-ਗਿਆਨ ਬਾਰੇ ਦਸਕੇ ਫਿਰ ਉਸ ਨੂੰ ਪ੍ਰਵਾਨ ਕੀਤਾ ਗਿਆ ਹੈ। ਫਿਰ ਇਹ ਸਿੱਧ ਕੀਤਾ ਹੈ ਕਿ ਪ੍ਰਭ ਬੋਲਦਾ ਹੈ। ਆਖਰ ਵਿੱਚ ਦ੍ਰਿੜ ਕੀਤਾ ਗਿਆ ਹੈ ਕਿ ਪ੍ਰਭ ਦਰਸ਼ਨ ਵੀ ਦਿੰਦਾ ਹੈ। ਪ੍ਰਭ ਦੇ ਦਰਸ਼ਨ ਲਈ ਕਿਸੇ ਕਰਮ-ਕਾਂਡ ਦੀ ਲੋੜ ਨਹੀਂ। ਇਹ ਪ੍ਰਭ ਦੀ ਹੋਂਦ ਦੀ ਪਰਪੱਕ ਗਵਾਹੀ ਹੈ।

ਸ਼ਬਦ ਅਰਥ :—ਗੁਰੂ ਰਵਿਦਾਸ ਜੀ ਪ੍ਰਭ ਅੱਗੇ ਅਰਜ਼ੋਈ ਕਰਦੇ ਹਨ ਕਿ ਹੇ ਪ੍ਰਭ! ਮੇਰੇ ਵਰਗਾ ਨਿਮਾਣਾ ਕੋਈ ਨਹੀਂ ਹੈ ਅਤੇ ਤੇਰੇ ਵਰਗਾ ਨਿਮਾਣਿਆਂ ਨੂੰ ਮਾਣ ਬਖਸ਼ਿਸ਼ ਕਰਨ ਵਾਲਾ ਦਿਆਲੂ ਕੋਈ ਨਹੀਂ ਹੈ। ਇਸ ਲਈ ਹੁਣ ਹੋਰ ਪਰਖ ਦੀ ਕੀ ਲੋੜ ਹੈ? ਹੇ ਪ੍ਰਭ! ਤੇਰੇ ਬਚਨ, ਤੇਰੇ ਵਿਚਾਰ ਮੇਰੇ ਮਨ ਨੂੰ ਭਾਉਂਦੇ ਹਨ, ਮੇਰਾ ਮਨ ਤੇਰੇ ਹੁਕਮ ਤੇ ਰੀਝਦਾ ਹੈ। ਇਸ ਲਈ ਇਸ ਦਾਸ ਨੂੰ ਸੰਪੂਰਨ ਗਿਆਨ ਭਾਵ ਬ੍ਰਹਮ-ਗਿਆਨ ਨਾਲ ਭਰਪੂਰ ਕਰੋ॥ ੧॥

ਗੁਰੂ ਜੀ ਨੂੰ ਪ੍ਰਭ ਦਾ ਹੁਕਮ ਪ੍ਰਵਾਨ ਹੈ, ਪਰ ਫਿਰ ਵੀ ਪ੍ਰਭ ਬੋਲਦਾ ਨਹੀਂ। ਹੇ ਪ੍ਰਭ! ਮੈਂ ਤੇਰੇ ਤੇ ਬਲਿਹਾਰ ਬਲਿਹਾਰ ਜਾਂਦਾ ਹਾਂ, ਪਰ ਕੀ ਕਾਰਣ ਹੈ, ਤੁਸੀਂ ਮੇਰੇ ਨਾਲ ਬੋਲਦੇ ਕਿਉਂ ਨਹੀਂ?॥ ੧॥ ਰਹਾਉ॥

ਹੇ ਪ੍ਰਭ! ਤੇਰੇ ਦਰਸ਼ਨ ਕੀਤਿਆਂ ਅਨੇਕਾਂ ਜਨਮ ਬੀਤ ਗਏ ਪਰ ਇਸ ਜਨਮ ਵਿੱਚ ਵੀ ਤੇਰੇ ਦਰਸ਼ਨ ਨਸੀਬ ਨਹੀਂ ਹੋਏ। ਇਸ ਲਈ ਇਹ ਸਮੁੱਚਾ ਜੀਵਨ ਮੈਂ ਤੇਰੇ ਦਰਸ਼ਨਾਂ ਲਈ ਅਰਪਨ ਕਰ ਦਿੱਤਾ ਹੈ, ਤੇਰੇ ਨਿਮਤ, ਲੇਖੇ ਲਾ ਦਿੱਤਾ ਹੈ। ਇਸ ਲਈ (ਗੁਰੂ) ਰਵਿਦਾਸ ਕਹਿੰਦੇ ਹਨ ਕਿ ਤੇਰਾ ਦਰਸ਼ਨ ਕੀਤਿਆਂ ਬਹੁਤ ਚਿਰ ਹੋ ਗਿਆ ਹੈ। ਹੁਣ ਮੈਂ ਕੇਵਲ ਤੇਰੇ ਦਰਸ਼ਨ ਦੀ ਆਸ ਵਿੱਚ ਹੀ, ਤੇਰੀ ਅਰਾਧਨਾ ਵਿੱਚ ਮਗਨ, ਆਪਣਾ ਜੀਵਨ ਬਤੀਤ ਕਰ ਰਿਹਾ ਹਾਂ॥ ੨॥ ੧॥

ੴ ਸਤਿਗੁਰ ਪ੍ਰਸਾਦਿ॥

ਧਨਾਸਰੀ ਭਗਤ ਰਵਿਦਾਸ ਜੀ ਕੀ

ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ
ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ॥
ਮਨੁ ਸੁ ਮਧੁਕਰੁ ਕਰਉ ਚਰਨ ਹਿਰਦੇ ਧਰਉ
ਰਸਨੁ ਅੰਮ੍ਰਿਤ ਰਾਮ ਨਾਮ ਭਾਖਉ॥ ੧॥
ਮੇਰੀ ਪ੍ਰੀਤ ਗੋਬਿੰਦ ਸਿਉ ਜਿਨਿ ਘਟੈ॥
ਮੈ ਤਉ ਮੋਲਿ ਮਹਗੀ ਲਈ ਜੀਅ ਸਟੈ॥ ੧॥ ਰਹਾਉ॥
ਸਾਧ ਸੰਗਤਿ ਬਿਨਾ ਭਾਉ ਨਹੀ ਉਪਜੈ
ਭਾਵ ਬਿਨੁ ਭਗਤਿ ਨਹੀ ਹੋਇ ਤੇਰੀ॥
ਕਹੈ ਰਵਿਦਾਸੁ ਇਕ ਬੇਨਤੀ ਹਰਿ ਸਿਉ
ਪੈਜ ਰਾਖਹੁ ਰਾਜਾ ਰਾਮ ਮੇਰੀ॥ ੨॥ ੨॥[1]

ਪਦ ਅਰਥ :—ਚਿਤ = ਚਿਤਵਤ ਦਾ ਸੰਖੇਪ ਹੈ। ਚਿਤਵਤ ਦਾ ਅਰਥ ਹੈ ਚਿੰਤਨ ਕਰਨਾ। ਚਿੰਤਨ ਦੀ ਥਾਂ ਵੀ ਚਿੱਤ ਆਇਆ ਹੈ। ਚਿੰਤਨ ਦਾ ਅਰਥ ਹੈ ਵਿਚਾਰ ਕਰਨਾ। ਚਿੱਤ ਦਾ ਅਰਥ ਗਿਆਨ ਵੀ ਹੈ। ਸੋ ਚਿੱਤ ਵਿਚਾਰ ਸਿਰਜਣਾ ਕਰਦਾ ਹੈ। **ਅਵਿਲੋਕਨੋ** = ਵੇਖਾਂ। **ਸ੍ਰਵਨ** = ਕੰਨ। **ਸੁਜਸੁ** = ਪਵਿਤਰ ਜਸ/ਵਿਚਾਰ। **ਪੂਰੀ ਰਾਖਉ** = ਭਰਪੂਰ ਰੱਖਾਂ। **ਮਨੁ** = ਮੰਨਤ ਕਰਨ ਵਾਲਾ। ਮੰਨਤ ਦਾ ਅਰਥ ਹੈ ਮੰਨ ਲੈਣ ਦੀ ਕਿਰਿਆ। ਮੰਨਤ ਦਾ ਅਰਥ ਮਾਨਤਾ ਦੇਣਾ ਵੀ ਹੈ। ਸੋ ਮਨ ਪ੍ਰਵਾਨ ਕਰਦਾ ਹੈ। ਮਨ, ਚਿਤ ਦੇ ਸਿਰਜੇ ਵਿਚਾਰਾਂ ਨੂੰ ਪ੍ਰਵਾਨ ਕਰਦਾ ਹੈ। **ਮਧੁਕਰੁ** = ਭੌਰਾ, ਮਧੁ (ਸ਼ਹਦ) ਬਣਾਉਣ ਵਾਲਾ, ਸ਼ਹਦ ਦੀ ਮੱਖੀ ; ਮਿਠੇ ਬੋਲ ਸਿਰਜਣ ਵਾਲਾ, ਬੋਲਣ ਵਾਲਾ। **ਹਿਰਦਾ** = ਅੰਤਹਿਕਰਣ, ਮਨ, ਦਿਲ; ਰਿਦੇ ਵਿਚ ਨਿਵਾਸ ਕਰਨ ਵਾਲਾ; ਹਿਰਦੈ ਰਿਦੈ ਨਿਹਾਲ”॥ (ਵਾਰ. ਮਾਝ. ਮ.੧) ਮਨ ਵਿਚ ਕਰਤਾਰ ਨੂੰ ਦੇਖ। **ਚਰਨ ਹਿਰਦੈ ਧਰਉ** = ਮੈਂ ਹਿਰਦੇ ਵਿੱਚ ਪ੍ਰਭ ਚਰਨਾਂ ਨੂੰ ਟਿਕਾ ਲਵਾਂ ਭਾਵ ਮਨ ਵਿੱਚ ਵਿਚਰ ਰਹੇ ਵਿਚਾਰਾਂ ਨਾਲ ਓਤ ਪੋਤ ਹੋ ਹਿਰਦੇ ਵਿੱਚ ਪ੍ਰਭ ਦੇ ਦਰਸ਼ਨ ਕਰਾਂ। **ਰਸਨੁ** = ਜੀਭ ਨਾਲ। **ਭਾਖਉ** = ਉਚਾਰਾਂ॥ ੧॥

ਜਿਨਿ = ਮਤੇ,ਕਿਤੇ। **ਜਿਨਿ ਘਟੈ** = ਮਤੇ ਘਟ ਜਾਵੇ, ਕਿਤੇ ਘਟ ਨਾ ਜਾਵੇ। **ਸਟੈ** = ਬਦਲੇ, ਵਟੇ॥ ਰਹਾਉ॥

ਭਾਉ = ਪ੍ਰੇਮ, ਪ੍ਰੀਤ। **ਭਾਵ** = ਵਿਚਾਰ, ਗਿਆਨ। (ਨੋਟ : ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਅਨੁਸਾਰ ਭਗਤੀ ਦਾ ਆਧਾਰ ਗਿਆਨ ਅਤੇ ਪ੍ਰੇਮ ਹੈ,

---

1. ਆਦਿ ਗ੍ਰੰਥ – ਪੰਨਾ : ੬੯੪

ਜਿਨ੍ਹਾਂ ਅਨੁਸਾਰ ਪ੍ਰਭ-ਪ੍ਰਾਪਤੀ ਲਈ ਕਰਮ ਕੀਤਾ ਜਾਂਦਾ ਹੈ। ਸੋ ਸਾਧ-ਸੰਗਤ ਪ੍ਰਭ ਪ੍ਰਾਪਤੀ ਲਈ ਕਰਮ-ਖੇਤਰ ਹੈ, ਜਿਥੇ ਪ੍ਰੇਮ ਦੀ ਉਤਪਤੀ ਹੁੰਦੀ ਹੈ ਅਤੇ ਗਿਆਨ ਇਸਨੂੰ ਪਰਪੱਕਤਾ ਅਤੇ ਦ੍ਰਿੜਤਾ ਪ੍ਰਦਾਨ ਕਰਦਾ ਹੈ।

ਦੂਜੇ, ਗੁਰੂ ਰਵਿਦਾਸ ਜੀ ਫਰਮਾਉਂਦੇ ਹਨ :

ਸੰਤ ਤੁਝੀ ਤਨੁ, ਸੰਗਤਿ ਪ੍ਰਾਨ॥
ਸਤਿਗੁਰੂ ਗਿਆਨ ਜਾਨੈ ਸੰਤ ਦੇਵਾ ਦੇਵ॥੧॥

ਉਹ ਇਸ ਬੰਦ ਵਿੱਚ ਸਪਸ਼ਟ ਕਰਦੇ ਹਨ, "ਹੇ ਪ੍ਰਭ! ਤੇਰੇ ਬ੍ਰਹਮ-ਗਿਆਨ ਨੂੰ ਤੇਰੀ ਮਿਹਰ ਸਦਕਾ ਸੰਤਾਂ ਨੇ ਪ੍ਰਾਪਤ ਕਰ ਲਿਆ ਹੈ, ਜਾਣ ਲਿਆ ਹੈ। ਇਸ ਕਰਕੇ ਸੰਤ ਤੇਰਾ ਹੀ ਸਰੂਪ ਹਨ ਅਤੇ (ਅਜਿਹੇ) ਸੰਤਾਂ ਦੀ ਸੰਗਤ ਵਿੱਚ ਤੇਰੀ ਜਿੰਦ ਜਾਨ ਹੈ।" ਇਸ ਕਥਨ ਤੋਂ ਸਪਸ਼ਟ ਹੈ ਕਿ **ਬ੍ਰਹਮ-ਗਿਆਨ ਤੋਂ ਬਿਨਾਂ ਜੀਵ ਸਾਧ ਹੀ ਨਹੀਂ ਬਣ ਸਕਦਾ। ਸੋ ਸਾਧ ਸੰਗਤ ਵਿੱਚ ਗਿਆਨ ਵੀ ਹੈ ਅਤੇ ਪ੍ਰੇਮ ਵੀ।**

ਇਸ ਸ਼ਬਦ ਵਿੱਚ ਗੁਰੂ ਰਵਿਦਾਸ ਜੀ ਨੇ ਸਾਧ ਸੰਗਤ ਦੇ ਦੋਹਾਂ ਕਾਰਜਾਂ ਨੂੰ ਨਿਖੇੜਕੇ ਸਪਸ਼ਟ ਕਰ ਦਿੱਤਾ ਹੈ ਕਿ ਸਾਧ-ਸੰਗਤ ਕਰਮ ਖੇਤਰ ਹੈ, ਜਿਸ ਵਿੱਚ ਪਹਿਲਾ ਕਾਰਜ ਸਾਧ ਸੰਗਤ ਵਿੱਚ ਪ੍ਰੇਮ-ਪ੍ਰਾਪਤੀ ਹੈ ਅਤੇ ਦੂਜਾ ਗਿਆਨ ਪ੍ਰਾਪਤੀ ਦਾ। ਇਸ ਲਈ 'ਭਾਵ' ਦਾ ਅਰਥ ਗਿਆਨ ਹੈ।)

ਪੈਜ = ਲਾਜ, ਇੱਜ਼ਤ। **ਰਾਜਾ** = ਪਾਤਸ਼ਾਹ॥੨॥੨॥

ਪ੍ਰਭ-ਪ੍ਰਾਪਤੀ ਦੀ ਵਿਧੀ ਦਾ ਸਿਧਾਂਤ

ਬੰਦ ਨੰ. ੧ ਦੀ ਪਹਿਲੀ ਤੁਕ ਵਿੱਚ ਬੌਧਿਕ ਵਿਚਾਰ ਨਿਰੂਪਤ ਹਨ ਅਤੇ ਦੂਜੀ ਵਿੱਚ ਭਾਵਕ ਭਾਵਨਾ। ਅਰਥਾਤ ਇਸ ਬੰਦ ਦੀ ਪਹਿਲੀ ਤੁਕ ਵਿੱਚ ਵਿਗਿਆਨਕ ਵਿਚਾਰਾਂ ਦੀ ਸਿਰਜਣਾ ਕੀਤੀ ਹੈ ਅਤੇ ਦੂਜੀ ਤੁਕ ਵਿੱਚ ਇਨ੍ਹਾਂ ਵਿਚਾਰਾਂ ਨੂੰ ਭਾਵਕਤਾ ਨਾਲ ਓਤਪੋਤ ਕਰਕੇ ਚਿੱਤ ਅਤੇ ਮਨ ; ਅਤੇ ਹਿਰਦੇ ਦੀ ਇਕਾਗਰਤਾ ਨੂੰ ਨਿਰੂਪਤ ਕੀਤਾ ਗਿਆ ਹੈ।

ਇਸ ਬੰਦ ਵਿੱਚ ਚਿੱਤ ਦੀ ਵਿਚਾਰ ਸਿਰਜਣਾ ਇੱਕ ਬੌਧਿਕ ਕਿਰਿਆ ਹੈ। ਮਨ ਇਨ੍ਹਾਂ ਸਿਰਜੇ ਵਿਚਾਰਾਂ ਨੂੰ ਨਿਰਖ ਪਰਖ ਕੇ ਮਾਨਤਾ ਦਿੰਦਾ ਹੈ, ਇਹ ਵੀ ਬੌਧਿਕ ਕਿਰਿਆ ਹੈ। ਇਸ ਤਰ੍ਹਾਂ ਮਨ ਵਿਚ, ਚਿੱਤ ਦੇ ਸਿਰਜੇ ਵਿਚਾਰਾਂ ਅਤੇ ਅਮਲ ਦੀ ਪ੍ਰਕਿਰਿਆ ਦਾ ਸੁਮੇਲ ਹੁੰਦਾ ਹੈ। ਹਿਰਦਾ ਇਸ ਬੌਧਿਕ ਅਮਲ ਦੀ ਪ੍ਰਕਿਰਿਆ ਦੇ ਸੁਮੇਲ ਵਿੱਚ ਭਾਵਕਤਾ ਨੂੰ ਓਤਪੋਤ ਕਰਕੇ ਪ੍ਰਭ ਨਾਲ ਅਟੁੱਟ ਸੰਬੰਧ ਪੈਦਾ ਕਰਦਾ ਹੈ।

ਉਪਰੋਕਤ ਸਿਧਾਂਤ ਨੂੰ ਬੰਦ ਨੰ. ੨ ਵਿੱਚ ਅਮਲੀ ਰੂਪ ਵਿੱਚ ਲਾਗੂ ਕਰਕੇ ਪ੍ਰਭ-ਪ੍ਰਾਪਤੀ ਦੀ ਵਿਧੀ ਨੂੰ ਰੂਪਮਾਨ ਕੀਤਾ ਗਿਆ ਹੈ। ਇਸ ਵਿੱਚ ਸਪਸ਼ਟ ਕੀਤਾ ਗਿਆ ਹੈ ਕਿ ਸਾਧ ਸੰਗਤ ਤੋਂ ਬਿਨ੍ਹਾਂ ਪ੍ਰਭ-ਪ੍ਰੇਮ ਦੀ ਉਤਪਤੀ ਨਹੀਂ ਹੋ ਸਕਦੀ ਅਤੇ ਇਹ ਉਤਪਤੀ ਵਿਚਾਰਧਾਰਕ ਆਧਾਰ ਭਾਵ ਬ੍ਰਹਮ ਗਿਆਨ ਦੇ ਆਧਾਰ ਤੋਂ ਬਿਨ੍ਹਾਂ ਸਾਰਥਕ, ਸਥਾਈ ਅਤੇ ਟਿਕਾਊ ਵਾਲੀ ਨਹੀਂ ਹੋ ਸਕਦੀ।

ਇਸ ਤਰ੍ਹਾਂ ਇਸ ਸ਼ਬਦ ਵਿੱਚ ਇੱਕ ਮਹੱਤਵਪੂਰਨ ਸਿਧਾਂਤ ਨੂੰ ਨਿਰੂਪਤ ਕੀਤਾ ਗਿਆ ਹੈ :—

ਪ੍ਰਭ-ਪ੍ਰਾਪਤੀ ਲਈ, ਪ੍ਰੇਮ, ਗਿਆਨ ਅਤੇ ਕਰਮ ਦਾ ਸੁਮੇਲ ਨਿਰੂਪਤ ਕੀਤਾ ਹੈ। ਸਾਧ ਸੰਗਤ ਕਰਮ ਖੇਤਰ ਹੈ ਭਗਤੀ ਦਾ ਜਿਥੇ ਪ੍ਰਭ-ਪ੍ਰੇਮ ਦੀ ਉਤਪਤੀ ਹੁੰਦੀ ਹੈ ਅਤੇ ਗਿਆਨ ਇਸ ਉਤਪਤੀ ਨੂੰ ਆਧਾਰ ਪ੍ਰਦਾਨ ਕਰਕੇ ਸਾਰਥਕ, ਸਥਾਈ ਅਤੇ ਟਿਕਾਊ ਵਾਲੀ ਬਣਾਉਂਦਾ ਹੈ।

ਸੋ ਇਸ ਸ਼ਬਦ ਵਿੱਚ ਪ੍ਰਭ-ਪ੍ਰਾਪਤੀ ਲਈ ਪ੍ਰੇਮ, ਗਿਆਨ ਅਤੇ ਕਰਮ ਦੇ ਸੁਮੇਲ ਨਾਲ ਇੱਕ ਮਹਾਨ ਸਿਧਾਂਤ ਰੂਪਮਾਨ ਹੁੰਦਾ ਹੈ।

ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ

ਬੰਦ ਨੰ. ੧ ਵਿੱਚ ਚਿੱਤ, ਮਨ, ਹਿਰਦਾ ਆਪਣਾ ਆਪਣਾ ਕਾਰਜ ਕਰਦੇ ਹਨ। ਚਿੱਤ ਵਿਚਾਰਦਾ ਹੈ, ਮਨ ਦਾ ਕਾਰਜ ਸਭ ਤੋਂ ਵੱਧ ਮਹੱਤਵਪੂਰਨ ਹੈ। ਜਿਵੇਂ ਭੌਰਾ ਫੁੱਲਾਂ ਵਿੱਚੋਂ ਨਿਰਖ ਪਰਖ ਕੇ, ਰਸ ਨੂੰ ਚੱਖਦਾ ਹੈ, ਉਸੇ ਹੀ ਤਰ੍ਹਾਂ ਮਨ, ਵਿਚਾਰ-ਰੂਪ ਫੁੱਲਾਂ ਵਿੱਚੋਂ ਨਿਰਖ ਪਰਖ ਕੇ ਉਸ ਵਿੱਚੋਂ ਤੱਤ ਸਿਧਾਂਤ ਨਿਖੇੜ ਕੇ, ਵਿਚਾਰਾਂ ਦੀ ਬੁਨਿਆਦ ਪਕੇਰੀ ਕਰਦਾ ਹੈ। ਇਸ ਤਰ੍ਹਾਂ ਖੰਡਨ ਮਤ ਕਰਕੇ ਅਤੇ ਸਿਧਾਂਤਕ ਵਿਚਾਰਾਂ ਨੂੰ ਭੌਰਾ ਬਣ ਸਵਿਕਾਰਦਾ ਹੈ ਅਤੇ ਹਿਰਦਾ ਭਾਵਕ ਤੌਰ ਤੇ ਵਿਚਾਰ ਨਾਲ ਇਕਮਿਕ ਹੁੰਦਾ ਹੈ। ਇਸ ਵਿਚਾਰ ਆਧਾਰ ਤੇ ਗਿਆਨ ਇੰਦਰੀਆਂ ਆਪਣਾ ਆਪਣਾ ਕਾਰਜ ਕਰਦੀਆਂ ਹਨ। ਗਿਆਨ-ਇੰਦਰੀਆਂ ਹਨ—ਅੱਖਾਂ, ਕੰਨ, ਨੱਕ (ਮਧੁਕਰ), ਜੀਭ। ਅੰਤਹਿਕਰਣ ਅੰਤਰ ਦੀ ਇੰਦਰੀ ਹੈ, ਜਿਸ ਦੇ ਸੰਜੋਗ ਨਾਲ ਬਾਹਰਲੀਆਂ ਦਸ ਇੰਦਰੀਆਂ ਕਾਰਜ ਕਰਦੀਆਂ ਹਨ। ਅੰਤਹਿਕਰਣ ਦੇ ਚਾਰ ਭੇਦ ਹਨ—ਮਨ, ਬੁੱਧੀ, ਚਿੱਤ, ਅਹੰਕਾਰ। ਮੋਟੇ ਅਰਥਾਂ ਵਿੱਚ ਮਨ, ਚਿੱਤ ਹਿਰਦਾ ਆਦਿ ਹੀ ਅੰਤਹਿਕਰਣ ਹੈ। ਇਸ ਤਰ੍ਹਾਂ ਇਸ ਸ਼ਬਦ ਵਿੱਚ ਅੰਤਹਿਕਰਣ ਦੇ ਸੰਜੋਗ ਨਾਲ ਬਾਕੀ ਦੇ ਗਿਆਨ ਇੰਦਰੇ ਅੱਖਾਂ, ਕੰਨ ਆਦਿ ਕਾਰਜਸ਼ੀਲ ਹਨ। ਮਧੁਕਰੁ ਦਾ ਅਰਥ ਹੀ ਮਿਠਾਸ ਪੈਦਾ ਕਰਨਾ ਹੈ; ਪਿਆਰ ਪੈਦਾ ਕਰਨਾ ਹੈ। ਇਸ ਤਰ੍ਹਾਂ ਅੰਤਹਿਕਰਣ ਬੌਧਿਕਤਾ ਤੇ ਭਾਵਕਤਾ ਦਾ ਸੁਮੇਲ ਹੈ। ਸਪਸ਼ਟ ਹੈ ਕਿ ਇਸ ਬੰਦ ਵਿੱਚ ਵਿਚਾਰ ਅਤੇ ਪ੍ਰੇਮ ਦੀ ਇਕਾਗਰਤਾ ਪ੍ਰਭ-ਪ੍ਰਾਪਤੀ ਦਾ ਸਾਧਨ ਬਣਦੀ ਹੈ।

ਪਹਿਲੇ ਬੰਦ ਨੰ. ੧ ਵਿੱਚ ਚਿੱਤ, ਮਨ ਅਤੇ ਹਿਰਦੇ ਦੇ ਵੱਖ-ਵੱਖ ਕਾਰਜਾਂ ਨੂੰ ਨਿਖੇੜਕੇ ਸਪਸ਼ਟ ਕੀਤਾ ਹੈ ਤਾਂ ਕਿ ਪ੍ਰਭ-ਪ੍ਰਾਪਤੀ ਦੀ ਵਿਧੀ ਨੂੰ ਭੁਲੇਖਿਆਂ, ਭਰਮਾਂ ਅਤੇ ਧੁੰਧਲੇਪਨ ਤੋਂ ਬਚਾਇਆ ਜਾ ਸਕੇ। ਇਹ ਅੰਤਹਿਕਰਣ ਦੀ ਪ੍ਰਕਿਰਿਆ ਹੈ, ਜਿਸ ਨੂੰ ਵਿਦਵਾਨਾਂ, ਗਿਆਨੀਆਂ ਅਤੇ ਬ੍ਰਹਮ-ਗਿਆਨੀਆਂ ਨੇ ਗਿਆਰਵੀਂ ਗਿਆਨ-ਇੰਦਰੀ ਮੰਨਿਆ ਹੈ। ਇਸ ਵਿੱਚ ਬਾਕੀ ਦੇ ਗਿਆਨ-ਇੰਦਰੇ ਹਨ—ਨੱਕ, ਕੰਨ, ਜੀਭ ਅਤੇ ਅੱਖਾਂ। ਗੁਰੂ ਰਵਿਦਾਸ ਜੀ ਨੇ ਇਨ੍ਹਾਂ ਦੇ ਕਾਰਜਾਂ ਨੂੰ ਸਪਸ਼ਟ ਅਤੇ ਨਿਸ਼ਚਤ ਕਰਕੇ ਸਾਧਕ ਨੂੰ ਕਰਮ-ਕਾਂਡਾਂ ਤੋਂ ਮੁਕਤ ਕਰ ਦਿੱਤਾ ਹੈ।

'ਰਹਾਓ' ਵਿੱਚ ਸਪਸ਼ਟ ਕੀਤਾ ਗਿਆ ਹੈ ਕਿ ਚਿੱਤ, ਮਨ ਅਤੇ ਹਿਰਦੇ ਦੀ ਇਕਾਗਰਤਾ, ਫਿਰ ਅੱਖਾਂ, ਕੰਨ ਆਦਿ ਤੇ ਕਾਬੂ, ਪ੍ਰਭ-ਪ੍ਰਾਪਤੀ ਲਈ ਅਤਿ ਕਠਨ ਤਪਸਿਆ ਹੈ। ਇਸ ਕਠਨ ਤਪਸਿਆ ਦੀ ਵਿਧੀ ਗੁਰੂ ਰਵਿਦਾਸ ਜੀ ਨੇ ਇਸ ਸ਼ਬਦ ਦੇ ਬੰਦ ਨੰ. ੧ ਵਿੱਚ ਨਿਰੂਪਤ ਕੀਤੀ ਹੈ। ਇਸ ਬੰਦ ਦੀ

ਪਹਿਲੀ ਤੁਕ ਬੌਧਾਤਮਕ ਹੈ ਅਤੇ ਦੂਜੀ ਤੁਕ ਭਾਵਾਤਮਕ। ਇਸੇ ਕਾਰਣ ਗੁਰੂ ਰਵਿਦਾਸ ਜੀ ਕਹਿੰਦੇ ਹਨ ਕਿ ਪ੍ਰਭ-ਪ੍ਰੇਮ ਦਾ ਮੁੱਲ ਤਾਰਨ ਲਈ ਸਮੁੱਚਾ ਜੀਵਨ ਹੀ ਅਰਪਨ ਕਰਨਾ ਪੈਂਦਾ ਹੈ। ਇਸ ਲਈ ਪ੍ਰਭ-ਪ੍ਰੇਮ ਅਤਿ ਮਹਿੰਗਾ ਹੈ ਅਤੇ ਪ੍ਰਾਪਤ ਕਰਨਾ ਅਤਿ ਕਠਨ ਹੈ।

ਬੰਦ ਨੰ. ੨ ਵਿੱਚ ਉਪਰੋਕਤ ਬੰਦ ਨੰ. ੧ ਦੇ ਸਿਧਾਂਤ ਨੂੰ ਅਮਲੀ ਰੂਪ ਵਿੱਚ ਲਾਗੂ ਕਰਕੇ ਸਾਧ ਸੰਗਤ ਰਾਹੀਂ ਪ੍ਰੇਮ ਅਤੇ ਗਿਆਨ ਪ੍ਰਾਪਤ ਕਰਕੇ ਉੱਤਮ ਮਾਨਸਿਕ ਅਵਸਥਾ ਨੂੰ ਰੂਪਮਾਨ ਕੀਤਾ ਗਿਆ ਹੈ ਜਿਸ ਰਾਹੀਂ ਪ੍ਰਭ ਦੀ ਬਖਸ਼ਿਸ਼ ਨਾਲ ਉਸ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ।

ਇਸ ਸ਼ਬਦ ਦੀ ਸਿਰਜਣਾ ਰਾਗੁ ਧਨਾਸਰੀ ਦੇ ਸੁਭਾਵ ਅਤੇ ਵਿਸ਼ੇ ਖੇਤਰ ਨੂੰ ਧਿਆਨ ਵਿੱਚ ਰੱਖਕੇ ਕੀਤੀ ਗਈ ਹੈ। ਇਸ ਸ਼ਬਦ ਵਿੱਚ ਪ੍ਰਭ-ਪ੍ਰਾਪਤੀ ਲਈ ਕਰਮ-ਕਾਂਡ ਦਾ ਜ਼ਿਕਰ ਤੱਕ ਨਹੀਂ ਕੀਤਾ ਗਿਆ। ਇਸ ਤੋਂ ਉਲਟ ਸਤਿ ਸੰਗਤ ਨੂੰ ਆਧਾਰ ਬਣਾ ਕੇ ਪ੍ਰਭ ਪ੍ਰਾਪਤੀ ਲਈ ਸਿਮਰਣ ਅਤੇ ਸਿਫਤ ਸਲਾਹ ਨੂੰ ਪ੍ਰਮੁਖ ਮੰਨਿਆ ਗਿਆ ਹੈ। ਭਾਰਤ ਦੇ ਪ੍ਰਮੁੱਖ ਸੰਗੀਤ ਸ਼ਾਸਤਰੀਆਂ ਅਨੁਸਾਰ, "ਰਸਮੀ ਕਰਮ-ਕਾਂਡਾਂ ਨੂੰ ਛੰਡ "ਜਾਪੀਅਲੇ ਰਾਮ ਚੇ ਨਾਮੰ" ਤਾਂ ਹੀ ਧਨਾਸਰੀ ਗਾਉਣ ਵਾਲਾ ਧਨਵੰਤ ਹੋਵੇਗਾ।"

ਧਨਾਸਰੀ ਧਨਵੰਤੀ ਜਾਣੀਐ ਭਾਈ
ਜੇ ਸਤਿਗੁਰੂ ਕੀ ਕਾਰ ਕਮਾਇ॥

ਸੋ ਹਰ ਪੱਖੋਂ ਸਬਦ ਦੀ ਸਿਰਜਣਾ, ਰਾਗ ਦੀਆਂ ਜ਼ਰੂਰਤਾਂ ਅਨੁਸਾਰ ਹੀ ਕੀਤੀ ਗਈ ਹੈ।

ਧਨਾਸਰੀ = ਉੱਚੀ ਪਦਵੀ
ਧਨਵੰਤੀ = ਯੋਗ, ਧੰਨਤਾ

ਸ਼ਬਦ ਅਰਥ :—ਗੁਰੂ ਰਵਿਦਾਸ ਜੀ ਪ੍ਰਭ ਅੱਗੇ ਬੇਨਤੀ ਕਰਦੇ ਹਨ ਕਿ ਚਿੱਤ ਵਿਚਾਰਾਂ ਦੀ ਸਿਰਜਣਾ ਕਰਦਾ ਹੋਇਆ ਪ੍ਰਭ ਦਾ ਸਿਮਰਨ ਕਰੇ, (ਇਨ੍ਹਾਂ ਵਿਚਾਰਾਂ ਦੇ ਪ੍ਰਕਾਸ਼ ਵਿੱਚ) ਅੱਖਾਂ ਉਸਦੇ ਦਰਸ਼ਨ ਕਰਨ ਅਤੇ ਕੰਨ ਇਸੇ ਪਵਿੱਤਰ ਕੀਰਤੀ ਨਾਲ ਭਰਪੂਰ ਰਹਿਣ, ਮਨ (ਇਨ੍ਹਾਂ ਵਿਚਾਰਾਂ ਅਨੁਸਾਰ ਕੀਤੇ ਕਰਮਾਂ ਦਾ ਪ੍ਰਭਾਵ ਕਬੂਲਕੇ) ਭੌਰੇ ਵਾਂਗ ਪ੍ਰਭ ਪਿਆਰ ਵਿੱਚ ਮਿੱਠਾ ਰਾਗ ਅਲਾਪਦਾ ਰਹੇ ਅਤੇ ਵਹਿਵਲ ਹੋ ਉਸਦੇ ਚਰਨਾਂ ਨੂੰ ਹਿਰਦੇ ਵਿੱਚ ਟਿਕਾ ਲਵੇ ਭਾਵ ਹਿਰਦੇ ਵਿੱਚ ਉਸ ਦੇ ਦਰਸ਼ਨ ਨਾਲ ਤ੍ਰਿਪਤ ਹੋ ਜਾਵੇ। ਅਜਿਹੇ ਰੂਹਾਨੀ ਅਤੇ ਨੂਰਾਨੀ ਵਾਤਾਵਰਣ ਵਿੱਚ ਸਿਰਜੀ ਅੰਮ੍ਰਿਤ ਬਾਣੀ ਰਾਹੀਂ ਜੀਭਾ ਪ੍ਰਭ-ਨਾਮ ਉਚਾਰਦੀ ਰਹੇ॥ ੧॥

ਗੁਰੂ ਰਵਿਦਾਸ ਜੀ ਪ੍ਰਭ ਅੱਗੇ ਵਹਿਵਲ ਹੋ ਅਰਜੋਈ ਕਰਦੇ ਹਨ ਕਿ ਹੇ ਪ੍ਰਭ! ਮੈਂ ਤੇਰਾ ਪ੍ਰੇਮ ਬਹੁਤੇ ਮਹਿੰਗੇ ਮੁਲ ਆਪਣੀ ਜਿੰਦ ਦੇ ਵਟੇ ਵਿਹਾਜਿਆ ਹੈ। ਇਹ ਪ੍ਰਭ ਪ੍ਰੇਮ ਕਿਤੇ ਘਟ ਨਾ ਜਾਵੇ, ਮੈਨੂੰ ਇਸ ਦਾ ਤੌਖਲਾ ਹੈ (ਹੇ ਪ੍ਰਭ ਜੀ! ਇਸ ਪ੍ਰੀਤ ਦੀ ਰੱਖਿਆ ਕਰਨਾ ਜੀ।) ॥ ੧॥ ਰਹਾਉ॥

ਹੇ ਪ੍ਰਭ! ਸਾਧ ਸੰਗਤ ਤੋਂ ਬਿਨ੍ਹਾਂ ਤੇਰੇ ਪ੍ਰੇਮ ਦੀ ਉਤਪਤੀ ਨਹੀਂ ਹੋ ਸਕਦੀ ਅਤੇ ਨਾਹੀ ਸਾਧ ਸੰਗਤ ਤੋਂ ਬਿਨ੍ਹਾਂ ਗਿਆਨ ਦੀ ਪ੍ਰਾਪਤੀ ਹੋ ਸਕਦੀ ਹੈ। ਇਸ ਲਈ ਗੁਰੂ ਰਵਿਦਾਸ ਜੀ ਅਰਜੋਈ ਕਰਦੇ ਹਨ ਕਿ ਹੇ ਪ੍ਰਭ! ਹੇ ਪਾਤਸ਼ਾਹ! ਮੈਨੂੰ ਆਪਣੇ ਪ੍ਰੇਮ ਅਤੇ ਗਿਆਨ ਦੀ ਬਖਸ਼ਿਸ਼ ਕਰਕੇ ਮੇਰੀ ਲਾਜ ਰੱਖੋ ਜੀ॥ ੨॥ ੨॥

ੴ ਸਤਿਗੁਰ ਪ੍ਰਸਾਦਿ॥

ਧਨਾਸਰੀ ਭਗਤ ਰਵਿਦਾਸ ਜੀ ਕੀ

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ॥ ੧॥ ਰਹਾਉ॥
ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ
ਨਾਮੁ ਤੇਰਾ ਕੇਸਰੋ ਲੇ ਛਿਟਕਾਰੇ।
ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ
ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ॥ ੧॥
ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ
ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ॥
ਨਾਮੁ ਤੇਰੇ ਕੀ ਜੋਤਿ ਲਗਾਈ
ਭਇਓ ਉਜਿਆਰੋ ਭਵਨ ਸਗਲਾਰੇ॥ ੨॥
ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ
ਭਾਰ ਅਠਾਰਹ ਸਗਲ ਜੂਠਾਰੇ॥
ਤੇਰੋ ਕੀਆ ਤੁਝਹਿ ਕਿਆ ਅਰਪਉ
ਨਾਮੁ ਤੇਰਾ ਤੁਹੀ ਚਵਰ ਢੋਲਾਰੇ॥ ੩॥
ਦਸ ਅਠਾ ਅਠਸਠੇ ਚਾਰੇ ਖਾਣੀ
ਇਹੈ ਵਰਤਣਿ ਹੈ ਸਗਲ ਸੰਸਾਰੇ॥
ਕਹੈ ਰਵਿਦਾਸੁ ਨਾਮੁ ਤੇਰੋ ਆਰਤੀ
ਸਤਿਨਾਮੁ ਹੈ ਹਰਿ ਭੋਗ ਤੁਹਾਰੇ॥ ੪॥ ੩॥[1]

ਪਦ ਅਰਥ :—**ਆਰਤੀ** = ਹਿੰਦੂ ਧਰਮ ਦੀ ਰੀਤ ਅਨੁਸਾਰ ਥਾਲ ਵਿੱਚ ਦੀਵਾ ਆਦਿ ਰੱਖ ਕੇ ਮੂਰਤੀ ਅੱਗੇ ਥਾਲ ਨੂੰ ਘੁਮਾਣਾ ਅਤੇ ਭਜਨ ਗਾਉਣੇ। **ਮਜਨੁ** = ਤੀਰਥਾਂ ਦਾ ਇਸ਼ਨਾਨ। **ਮੁਰਾਰ** = ਪ੍ਰਭ। **ਪਾਸਾਰੇ** = ਖਲਾਰੇ, ਅਡੰਬਰ॥ ੧॥ ਰਹਾਉ॥

ਆਸਨੋ = ਕਪੜਾ, ਜਿਸ ਤੇ ਬੈਠ ਕੇ ਮੂਰਤੀ ਦੀ ਪੂਜਾ ਕੀਤੀ ਜਾਂਦੀ ਹੈ। **ਉਰਸਾ** = ਚੰਦਨ ਰਗੜਨ ਵਾਲਾ ਪੱਥਰ। **ਅੰਭੁਲਾ** = ਪਾਣੀ। **ਚਾਰੈ** = ਚੜ੍ਹਾਉਂਦਾ ਹਾਂ॥ ੧॥

---

1. ਆਦਿ ਗ੍ਰੰਥ – ਪੰਨਾ : ੬੯੪

ਮਾਹਿ = ਵਿੱਚ। **ਪਸਾਰੇ** = ਪਾਉਂਦਾ ਹਾਂ। **ਭਵਨ ਸਗਲਾ** = ਸਾਰੀ ਸ੍ਰਿਸ਼ਟੀ॥ ੨॥

ਭਾਰ ਅਠਾਰਹ = ਸੰਸਾਰ ਦੀ ਸਾਰੀ ਬਨਸਪਤੀ ਦੇ ਹਰੇਕ ਬੂਟੇ ਦਾ ਇੱਕ-ਇੱਕ ਪੱਤਾ ਇਕੱਠਾ ਕੀਤਿਆਂ ਅਠ੍ਹਾਰਾਂ ਭਾਰ ਬਣਦੇ ਹਨ। **ਅਰਪਉ** = ਭੇਟ ਕਰਨਾ। **ਢੋਲਾਰੇ** = ਝੁਲਾਉਂਦਾ ਹਾਂ॥ ੩॥

ਦਸ ਅਠਾ = ਅਠਾਰਾਂ ਪੁਰਾਣ। **ਅਠ ਸਠੇ** = ਹਿੰਦੂਆਂ ਦੇ ਅਠਾਹਟ ਤੀਰਥ। **ਚਾਰੇ ਖਾਣੀ** = ਪੈਦਾਇਸ ਦੇ ਚਾਰ ਸੋਮੇ, ਅੰਡਜ, ਜੇਰਜ, ਸੇਤਜ, ਉਤਭੁਜ॥ ੪॥ ੩॥

ਨਵੇਂ ਧਰਮ ਦੀ ਨਵੀਂ ਆਰਤੀ

ਗੁਰੂ ਰਵਿਦਾਸ ਜੀ ਨੇ ਆਪਣੇ ਨਵੇਂ ਧਰਮ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਵਿੱਚ ਹਿੰਦੂ ਧਰਮ ਦੀ ਪੂਜਾ-ਸਮਗਰੀ ਅਤੇ ਪੂਜਾ ਵਿਧੀ ਨੂੰ ਤਬਦੀਲ ਕਰਕੇ ਇਸ ਦੀ ਥਾਂ ਇੱਕ ਨਵੀਂ ਕ੍ਰਾਂਤੀਕਾਰੀ ਪੂਜਾ ਸਮਗਰੀ ਅਤੇ ਪੂਜਾ ਵਿਧੀ ਸਥਾਪਤ ਕਰਕੇ ਨਵੇਂ ਧਰਮ ਦੀ ਸਥਾਪਨਾ ਨੂੰ ਹੋਰ ਪਰਪੱਕ ਕਰ ਦਿੱਤਾ ਹੈ। ਇਸ ਤਰ੍ਹਾਂ ਗੁਰੂ ਜੀ ਨੇ ਬਾਹਰੀ ਕਰਮ-ਕਾਂਡ ਅਤੇ ਪ੍ਰਭ ਦੀ ਹੀ ਪੈਦਾ ਕੀਤੀ ਸਮਗਰੀ ਨੂੰ ਅਰਪਣ ਨਾ ਕਰਕੇ ਪੂਜਾ ਵਿਧੀ ਵਿੱਚ ਇਕ ਕ੍ਰਾਂਤੀਕਾਰੀ ਤਬਦੀਲੀ ਕੀਤੀ ਹੈ।

ਇਸ ਤੋਂ ਬਿਨਾਂ ਗੁਰੂ ਜੀ ਨੇ ਇਕ ਹੋਰ ਮਹੱਤਵਪੂਰਨ ਕਰਮ-ਕਾਂਡ ਦਾ ਖੰਡਨ ਵੀ ਕੀਤਾ ਹੈ। ਇਹ ਹਿੰਦੂ ਧਰਮ ਦੇ ਕੁਝ ਕੁ ਚੁਣਵੇਂ ਬੁਨਿਆਦੀ ਧਾਰਮਕ ਥੰਮਾਂ ਵਿਚੋਂ ਇੱਕ ਹੈ। ਉਨ੍ਹਾਂ ਨੇ ਤੀਰਥ ਅਸਥਾਨਾਂ ਤੇ ਜਾਕੇ ਇਸ਼ਨਾਨ ਕਰਨ ਦਾ ਵੀ ਜ਼ੋਰਦਾਰ ਖੰਡਨ ਕੀਤਾ ਹੈ। ਪਹਿਲਾਂ ਇਸ ਦਾ ਖੰਡਨ 'ਰਹਾਉ' ਵਿੱਚ ਕੀਤਾ ਹੈ ਅਤੇ ਫਿਰ ਆਖਰੀ ਬੰਦ ਨੰ. ੪ ਵਿੱਚ।

ਇਥੇ ਹੀ ਬਸ ਨਹੀਂ, ਗੁਰੂ ਰਵਿਦਾਸ ਜੀ ਨੇ, ਜਿਹੜੀਆਂ ਅਠਾਰਾਂ ਪੁਰਾਣਾਂ ਦੀਆਂ ਮਿਥਿਹਾਸਕ (ਮਨਘੜਤ) ਕਹਾਣੀਆਂ ਇਨ੍ਹਾਂ ਤੀਰਥਾਂ ਨੂੰ ਮਹੱਤਵ-ਪੂਰਨ ਬਣਾਉਂਦੀਆਂ ਹਨ, ਉਨ੍ਹਾਂ ਦਾ ਵੀ ਪੂਰੀ ਸ਼ਕਤੀ ਨਾਲ ਜ਼ੋਰਦਾਰ ਖੰਡਨ ਕਰਕੇ, ਤੀਰਥਾਂ ਦੇ ਇਸ਼ਨਾਨ ਦੀ ਮਹੱਤਤਾ ਨੂੰ ਉੱਕਾ ਹੀ ਅਰਥਹੀਣ ਸਿੱਧ ਕਰ ਦਿੱਤਾ ਹੈ। ਇਸ ਦੀ ਥਾਂ ਤੇ ਇਹ ਸਪਸ਼ਟ ਤੌਰ ਤੇ ਸਿੱਧ ਕੀਤਾ ਹੈ ਕਿ ਘਰ ਬੈਠਿਆਂ ਹੀ ਉਸ ਪ੍ਰਭ ਦੇ ਸਤਿਨਾਮੁ ਦਾ ਸੱਚਾ ਸਿਮਰਨ ਕਰਨਾ ਹੀ ਸਹੀ ਅਰਥਾਂ ਵਿੱਚ ਤੀਰਥ ਇਸ਼ਨਾਨ ਹੈ ਅਤੇ ਇਹੋ ਹੀ ਸਹੀ ਅਰਥਾਂ ਵਿੱਚ ਪ੍ਰਭ ਅੱਗੇ ਸੱਚਾ ਸੁੱਚਾ ਭੋਗ ਅਰਪਣ ਕਰਨਾ ਹੈ। ਸੋ ਗੁਰੂ ਜੀ ਨੇ ਕਰਮ-ਕਾਂਡ ਦੇ ਖੰਡਨ ਦੇ ਨਾਲ ਨਾਲ ਤੀਰਥ ਇਸ਼ਨਾਨ ਦਾ ਖੰਡਨ ਅਤੇ ਉਸ ਨਾਲ ਜੁੜੀ ਧਾਰਮਕ ਵਿਚਾਰਧਾਰਾ ਦਾ ਖੰਡਨ ਵੀ ਕੀਤਾ ਹੈ ਅਤੇ ਇਸ ਦੇ ਬਦਲ ਵਿੱਚ ਪ੍ਰਭ ਪ੍ਰਾਪਤੀ ਲਈ ਉਸ ਦੀ ਆਰਤੀ ਵਿੱਚ ਉਸਦੇ ਸੱਚੇ-ਸੁੱਚੇ ਸਤਿਨਾਮੁ ਦਾ ਭੋਗ ਅਰਪਣ ਕਰਨ ਦੀ ਨਵੀਂ ਵਿਧੀ ਅਤੇ ਨਵੀਂ ਵਿਚਾਰਧਾਰਾ ਨੂੰ ਉਜਾਗਰ ਕੀਤਾ ਹੈ।

ਸੋ ਇਹ ਨਵੇਂ ਧਰਮ ਦੀ ਨਵੀਨ ਵਿਚਾਰਧਾਰਾ ਅਨੁਸਾਰ ਪ੍ਰਭ ਦੀ ਆਰਤੀ ਲਈ ਨਵੀਂ ਸਮਗਰੀ ਅਤੇ ਨਵੀਂ ਵਿਧੀ ਸਥਾਪਤ ਕੀਤੀ ਹੈ।

ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ

ਧਨਾਸਰੀ ਰਾਗੁ ਵਿੱਚ ਦਰਜ ਆਰਤੀ ਵਿੱਚ ਗੁਰੂ ਰਵਿਦਾਸ ਜੀ ਨੇ ਧਨਾਸਰੀ ਰਾਗੁ ਦੇ ਸਿਧਾਂਤ ਦੀ ਸਹੀ ਅਤੇ ਸੱਚੀ ਰੂਹ ਨੂੰ ਨਿਰੂਪਤ ਕੀਤਾ ਹੈ। ਇਸ ਰਾਗ ਦਾ ਸੁਭਾ ਭਾਰਤ ਦੇ ਪ੍ਰਸਿੱਧ ਸੰਗੀਤ ਸ਼ਾਸਤਰੀਆਂ ਨੇ ਇਸ ਤਰ੍ਹਾਂ ਕਥਨ ਕੀਤਾ ਹੈ :

> “ਰਸਮੀ ਕਰਮ-ਕਾਂਡ ਨੂੰ ਛੰਡ ‘ਜਾਪੀਆਲੇ ਰਾਮ ਚੇ ਨਾਮੰ’ ਤਾਂ ਹੀ ਧਨਾਸਰੀ ਗਾਉਣ ਵਾਲਾ ਧੰਨਵੰਤ ਹੋਵੇਗਾ।” [1]

ਪ੍ਰਭ ਦਾ ਨਾਮ ਸਹੀ ਅਰਥਾਂ ਵਿੱਚ ਤਾਂ ਹੀ ਜਪਿਆ ਜਾ ਸਕਦਾ ਹੈ ਜੇਕਰ ਕਰਮ-ਕਾਂਡ ਦਾ ਖੰਡਨ ਕੀਤਾ ਜਾਵੇ।

ਗੁਰੂ ਰਵਿਦਾਸ ਜੀ ਨੇ ‘ਆਰਤੀ’ ਵਿੱਚ ਕਰਮ-ਕਾਂਡ ਭਾਵ ਦਾਨ, ਯੱਗ (ਸਤਿਯੁੱਗ) ਦੇਵ-ਪੂਜਾ (ਤ੍ਰੇਤਾ ਯੁੱਗ) ਅਵਤਾਰ ਪੂਜਾ (ਦੁਆਪਰ ਯੁੱਗ) ਮੂਰਤੀ ਪੂਜਾ (ਕਲਿਯੁੱਗ) ਅਤੇ ਤੀਰਥ ਇਸ਼ਨਾਨ ਆਦਿ ਦਾ ਖੰਡਨ ਤਾਂ ਕੀਤਾ ਹੀ ਹੈ, ਉਨ੍ਹਾਂ ਨੇ ਤਾਂ ਕਈ ਕਦਮ ਅੱਗੇ ਜਾਕੇ ਇਨ੍ਹਾਂ ਕਰਮ-ਕਾਂਡਾਂ ਨੂੰ ਵਿਕਸਤ ਕਰਨ ਵਾਲੇ ਸਾਧਨ, ਤੀਰਥ ਇਸ਼ਨਾਨ ਅਤੇ ਇਨ੍ਹਾਂ ਤੀਰਥ-ਇਸ਼ਨਾਨਾਂ ਦੀ ਜ਼ਿੰਦ-ਜਾਨ ਹਿੰਦੂ ਧਰਮ ਦੇ ਅਠਾਰ੍ਹਾਂ ਪੁਰਾਣਾਂ ਦੀਆਂ ਮਨਘੜਤ ਕਹਾਣੀਆਂ ਦਾ ਖੰਡਨ ਕਰਕੇ, ਕਰਮ-ਕਾਂਡ ਨੂੰ ਮੂਲੋਂ ਹੀ ਰੱਦ ਕਰ ਦਿੱਤਾ ਹੈ।

ਬੰਦ ਨੰ. ੨ ਅਤੇ ੩ ਵਿੱਚ ਹਿੰਦੂ ਧਰਮ ਦੇ ਕਰਮ-ਕਾਂਡ ਅਤੇ ਪਦਾਰਥਕ ਸਮਗਰੀ ਦੀ ਇਕੱਲੀ ਇਕੱਲੀ ਚੀਜ਼ ਦਾ ਖੰਡਨ ਕਰਕੇ ਨਾਲ ਦੀ ਨਾਲ ਉਸ ਦਾ ਬਦਲ ਵੀ ਪੇਸ਼ ਕੀਤਾ ਹੈ। ਬੈਠਣ ਵਾਲਾ ਆਸਨ, ਕੇਸਰ ਘਸਾਉਣ ਵਾਲਾ ਉਰਸਾ, ਕੇਸਰ, ਦੀਵਾ, ਉਸ ਵਿੱਚ ਪਾਉਣ ਲਈ ਬੱਤੀ ਅਤੇ ਤੇਲ, ਉਸ ਦੀਵੇ ਦੀ ਜੋਤ ਦਾ ਜ਼ਿਕਰ ਕਰਕੇ ਇਸ ਦਾ ਖੰਡਨ ਕੀਤਾ ਹੈ ਅਤੇ ਇਸ ਦੇ ਬਦਲ ਦੇ ਤੌਰ ਤੇ ਕੇਵਲ ਤੇ ਕੇਵਲ ਪ੍ਰਭ ਦੇ ਨਾਮ ਦਾ ਸਿਮਰਨ ਸਿੱਧ ਕੀਤਾ ਹੈ। ਨਾਮ ਸਿਮਰਨ ਨਾਲ ਸਾਧਕ, ਜਦੋਂ ਪ੍ਰਕਾਸ਼ਮਾਨ ਹੁੰਦਾ ਹੈ ਭਾਵ ਉਸ ਦੇ ਨਾਮ ਦੀ ਜੋਤ ਜਗਾਉਂਦਾ ਹੈ ਤਾਂ ਸਾਰਾ ਬ੍ਰਹਮੰਡ ਪ੍ਰਕਾਸ਼ ਨਾਲ ਜਗਮਗਾ ਉੱਠਦਾ ਹੈ। ਸੋ ਪ੍ਰਭ ਪ੍ਰਾਪਤੀ ਲਈ ਕਿਸੇ ਸਮਗਰੀ ਜਾਂ ਕਰਮ-ਕਾਂਡ ਦੀ ਜ਼ਰੂਰਤ ਨਹੀਂ ਸਗੋਂ ਕੇਵਲ ਸੱਚੇ ਮਨੋਂ ਉਸ ਪ੍ਰਭ ਦਾ ਨਾਮ ਜਪਣ ਦੀ ਲੋੜ ਹੈ।

ਬੰਦ ਨੰ. ੩ ਵਿੱਚ ਸਾਰੀ ਸਮਗਰੀ ਅਤੇ ਕਰਮ-ਕਾਂਡ ਨੂੰ ਦਲੀਲਾਂ ਨਾਲ ਵਿਗਿਆਨਕ ਤੌਰ ਤੇ ਰੱਦ ਕਰਕੇ ਗੁਰੂ ਜੀ ਸਪਸ਼ਟ ਕਰਦੇ ਹਨ ਕਿ ਤੇਰੇ ਨਾਮ ਦਾ

---

1. ਰਾਗ ਨਾਦ ਸ਼ਬਦਿ ਸੋਹਣੇ - ਪੰਨਾ : ੬੬

ਸਿਮਰਨ ਹੀ ਧਾਗਾ ਹੈ ਅਤੇ ਪ੍ਰਭ ਦੇ ਨਾਮ ਦਾ ਸਿਮਰਨ ਹੀ ਫੁੱਲਾਂ ਦੀ ਮਾਲਾ ਹੈ। ਉਹ ਪਰਪੱਕ ਕਰਦੇ ਹਨ ਕਿ ਸਮੁੱਚੀ ਸ੍ਰਿਸ਼ਟੀ ਵਿੱਚੋਂ ਚੁਣਕੇ ਇਕੱਠੀ ਕੀਤੀ ਉਪਰੋਕਤ ਸਮਗਰੀ ਕਿਸੇ ਨਾ ਕਿਸੇ ਢੰਗ ਨਾਲ ਜੂਠੀ ਅਤੇ ਅਪਵਿੱਤਰ ਹੋ ਚੁੱਕੀ ਹੈ, ਜਿਵੇਂ—ਵੱਛਾ ਦੁੱਧ ਨੂੰ ਥਣਾਂ ਵਿੱਚ ਹੀ ਜੂਠਾ ਕਰ ਦਿੰਦਾ ਹੈ ਅਤੇ ਭੌਰਾ ਫੁੱਲ ਨੂੰ ਸੁੰਘਕੇ। ਸੋ ਉਪਰੋਕਤ ਸਾਰੀ ਸਮਗਰੀ ਜੂਠੀ ਹੋਣ ਕਰਕੇ ਪ੍ਰਭ ਦੇ ਅਰਪਣ ਕਰਨ ਦੇ ਯੋਗ ਨਹੀਂ ਹੈ।

ਇਸ ਬੰਦ ਵਿੱਚ ਗੁਰੂ ਰਵਿਦਾਸ ਜੀ ਪ੍ਰਭ ਅੱਗੇ ਆਪਣੀ ਸਥਿਤੀ ਸਪਸ਼ਟ ਕਰਦੇ ਪ੍ਰਸ਼ਨ ਕਰਦੇ ਹਨ ਕਿ ਹੇ ਪ੍ਰਭ! ਤੇਰੀ ਪੈਦਾ ਕੀਤੀ ਸਮਗਰੀ ਤੈਨੂੰ ਹੀ ਅਰਪਣ ਕਰਕੇ ਮੈਂ ਤੇਰੀ ਪੂਜਾ ਲਈ ਕੀ ਅਰਪਣ ਕੀਤਾ ਹੈ? ਸੋ ਉਪਰੋਕਤ ਸਮਗਰੀ ਅਰਪਣ ਕਰਕੇ ਤੇਰੀ ਪੂਜਾ ਕਰਨਾ, ਹਾਸੋ ਹੀਣੀ ਗਲ ਹੀ ਤਾਂ ਹੈ!

ਇਸ ਲਈ ਹੇ ਪ੍ਰਭ! ਮੈਂ ਤਨੋਂ ਮਨੋਂ ਤੇਰਾ ਨਾਮ ਜਪਕੇ ਸੱਚੀ ਸੁੱਚੀ ਭਾਵਨਾ ਨਾਲ ਤੇਰੇ ਨਾਮ ਦਾ ਤੈਨੂੰ ਚੌਰ ਝੁਲਾਉਂਦਾ ਹਾਂ। ਸੋ ਗੁਰੂ ਜੀ ਨੇ ਵਿਗਿਆਨਕ ਤੌਰ ਤੇ ਉਪਰੋਕਤ ਸਮਗਰੀ ਨੂੰ ਰੱਦ ਕਰਕੇ ਅਮਲੀ ਰੂਪ ਵਿੱਚ ਕਰਮ-ਕਾਂਡ ਨੂੰ ਖਤਮ ਕਰਕੇ ਨਵੀਂ ਪੂਜਾ ਵਿਧੀ ਦੀ ਸਥਾਪਨਾ ਕੀਤੀ ਹੈ।

ਬੰਦ ਨੰ. ੪ ਵਿੱਚ ਗੁਰੂ ਜੀ ਉਪਰੋਕਤ ਹਿੰਦੂ ਧਰਮ ਦੀ ਪੂਜਾ ਸਮਗਰੀ ਅਤੇ ਕਰਮ-ਕਾਂਡ ਨੂੰ ਪੂਰੀ ਤਰ੍ਹਾ ਨਸ਼ਟ ਕਰਨ ਲਈ ਉਨ੍ਹਾਂ ਨੂੰ ਮਹੱਤਵ ਦੇਣ ਵਾਲੇ ਅਠਾਰ੍ਹਾਂ ਪੁਰਾਣਾਂ ਦੀਆਂ ਮਨਘੜਤ ਕਹਾਣੀਆਂ ਨੂੰ ਅਤੇ ਇਨ੍ਹਾਂ ਕਹਾਣੀਆਂ ਕਾਰਣ ਵਿਕਸਤ ਹੋ ਰਹੇ ਅਠਾਹਟ ਤੀਰਥਾਂ ਅਤੇ ਇਨ੍ਹਾਂ ਕਾਰਣ ਵਿਕਸਤ ਹੋ ਰਹੇ ਪਾਖੰਡ ਅਤੇ ਕਰਮ-ਕਾਂਡ ਨੂੰ ਪੂਰੀ ਸ਼ਕਤੀ ਨਾਲ ਰੱਦ ਕਰ ਦਿੱਤਾ ਹੈ। ਇਸ ਦਾ ਬਦਲ ਦਿੰਦੇ ਹੋਏ ਗੁਰੂ ਜੀ ਦ੍ਰਿੜ ਕਰਦੇ ਹਨ ਕਿ ਪ੍ਰਭ ਦੀ ਆਰਤੀ ਉਸ ਦੇ ਨਾਮ ਦਾ ਸਿਮਰਨ ਹੈ ਮੈਂ ਤੇਰੇ ‘ਸਤਿਨਾਮੁ’ ਦੇ ਸਿਮਰਨ ਦਾ ਹੀ ਤੈਨੂੰ ਭੋਗ ਅਰਪਣ ਕਰਦਾ ਹਾਂ।

ਸੋ ਪ੍ਰਭ ਪੂਜਾ ਲਈ ਕਿਸੇ ਸਮਗਰੀ, ਜਾਂ ਕਰਮ-ਕਾਂਡ ਦੀ ਲੋੜ ਨਹੀਂ ਹੈ, ਸਗੋਂ ਤਨੋਂ ਮਨੋਂ ਉਸ ਦੇ ਸਤਿਨਾਮੁ ਦਾ ਸੱਚਾ ਸੁੱਚਾ ਸਿਮਰਨ ਹੀ ਅਸਲੀ ਪੂਜਾ ਹੈ।

ਸ਼ਬਦ ਅਰਥ :—ਹੇ ਪ੍ਰਭ! ਤੇਰਾ ਨਾਮ ਸਿਮਰਨ ਹੀ ਤੇਰੀ ਆਰਤੀ ਹੈ ਅਤੇ ਨਾਮ ਸਿਮਰਨ ਹੀ ਤੀਰਥਾਂ ਦਾ ਇਸ਼ਨਾਨ ਹੈ। ਸੋ ਪ੍ਰਭ ਸਿਮਰਨ ਤੋਂ ਬਿਨ੍ਹਾਂ ਬਾਕੀ ਸਭ ਕੁਝ ਝੂਠ ਹੈ ਅਤੇ ਫੋਕੇ ਅੰਡਬਰ ਹੀ ਹਨ॥ ੧॥ ਰਹਾਉ॥

ਤੇਰਾ ਨਾਮ ਸਿਮਰਨ ਹੀ ਆਸਨ ਹੈ ਅਤੇ ਤੇਰਾ ਨਾਮ ਸਿਮਰਨ ਹੀ ਉਰਸਾ ਹੈ ਅਤੇ ਤੇਰਾ ਨਾਮ ਸਿਮਰਨ ਹੀ ਮੂਰਤੀ ਉਪਰ ਕੇਸਰ ਦੇ ਛਿੱਟੇ ਦੇਣਾ ਹੈ। ਹੇ ਪ੍ਰਭ! ਤੇਰਾ ਨਾਮ ਸਿਮਰਨ ਹੀ ਪਾਣੀ ਹੈ ਅਤੇ ਤੇਰਾ ਨਾਮ ਸਿਮਰਨ ਹੀ ਚੰਦਨ ਹੈ। ਸੋ ਇਸ ਨਾਮ ਰੂਪੀ ਪਾਣੀ ਅਤੇ ਨਾਮ ਰੂਪੀ ਕੇਸਰ ਨੂੰ ਘਸਾ ਕੇ ਤੇਰੇ ਹੀ ਨਾਮ ਸਿਮਰਨ ਨੂੰ ਭੇਂਟ ਚੜਾਉਂਦਾ ਹਾਂ॥ ੧॥

ਤੇਰਾ ਨਾਮ ਸਿਮਰਨ ਹੀ ਦੀਵਾ ਹੈ ਅਤੇ ਤੇਰਾ ਨਾਮ ਸਿਮਰਨ ਹੀ ਉਸ ਵਿੱਚ ਪਾਉਣ ਵਾਲੀ ਬੱਤੀ ਹੈ ਅਤੇ ਤੇਰਾ ਨਾਮ ਸਿਮਰਨ ਹੀ ਤੇਲ ਹੈ, ਜਿਸ ਨੂੰ ਨਾਮ ਰੂਪੀ ਦੀਵੇ ਵਿੱਚ ਪਾਉਂਦਾ ਹਾਂ। ਇਸ ਤਰ੍ਹਾਂ ਮੈਂ ਤੇਰੇ ਨਾਮ ਸਿਮਰਨ ਦੀ ਹੀ ਜੋਤ ਜਗਾਈ ਹੈ, ਜਿਸ ਨਾਲ ਸਮੁੱਚਾ ਬ੍ਰਹਮੰਡ ਪ੍ਰਕਾਸ਼ ਨਾਲ ਜਗਮਗਾ ਉੱਠਿਆ ਹੈ॥ ੨॥

ਹੇ ਪ੍ਰਭ! ਤੇਰਾ ਨਾਮ ਸਿਮਰਣ ਹੀ ਧਾਗਾ ਹੈ ਅਤੇ ਤੇਰਾ ਨਾਮ ਸਿਮਰਨ ਹੀ ਫੁੱਲਾਂ ਦੀ ਮਾਲਾ ਹੈ। ਤੇਰੇ ਨਾਮ ਸਿਮਰਨ ਦੀ ਪੂਜਾ ਲਈ ਹੋਰ ਸਮੁੱਚੀ ਬਨਸਪਤੀ ਜੂਠੀ ਹੈ। ਉਹ ਤੇਰੀ ਪੂਜਾ ਲਈ ਭੇਟ ਕਰਨ ਯੋਗ ਨਹੀਂ ਹੈ। ਇਸ ਲਈ ਹੇ ਪ੍ਰਭ! ਤੇਰੀ ਪੈਦਾ ਕੀਤੀ ਸ੍ਰਿਸ਼ਟੀ ਵਿੱਚੋਂ ਪ੍ਰਾਪਤ ਕੀਤੀ ਸਮਗਰੀ ਤੈਨੂੰ ਕੀ ਅਰਪਣ ਕਰਾਂ? ਤੇਰੀ ਪੈਦਾ ਕੀਤੀ ਸਮਗਰੀ ਤੈਨੂੰ ਹੀ ਅਰਪਣ ਕਰਕੇ ਮੈਂ ਆਪਣੇ ਕੋਲੋਂ ਕੀ ਅਰਪਣ ਕੀਤਾ? ਸੋ ਮੈਂ ਤਨੋ ਮਨੋ ਤੇਰਾ ਨਾਮ ਸਿਮਰਦਾ ਹਾਂ ਅਤੇ ਨਾਮ ਸਿਮਰਨ ਰੂਪੀ ਚੌਰ ਝਲਾਉਂਦਾ ਹਾਂ॥ ੩॥

ਸਾਰਾ ਸੰਸਾਰ ਅਠਾਰ੍ਹਾਂ ਪੁਰਾਣਾਂ ਦੀਆਂ ਮਨਘੜਤ ਕਹਾਣੀਆਂ ਨੂੰ ਅਤੇ ਇਨ੍ਹਾਂ ਕਹਾਣੀਆਂ ਕਾਰਣ ਵਿਕਸਤ ਹੋ ਰਹੇ ਅਠਾਹਟ ਤੀਰਥਾਂ ਅਤੇ ਤੀਰਥ ਉਪਰ ਵਿਕਸਤ ਹੋ ਰਹੇ ਕਰਮ-ਕਾਂਡ ਨੂੰ ਪੁੰਨ-ਕਰਮ ਸਮਝ ਕੇ ਕਰਦਾ ਜਾ ਰਿਹਾ ਹੈ। ਇਸ ਕਰਕੇ ਚਾਰੇ ਖਾਣੀਆਂ ਦੀਆਂ ਚੁਰਾਸੀ ਲੱਖ ਜੂਨਾਂ ਦੇ ਚੱਕਰ ਵਿੱਚ ਭਟਕ ਰਿਹਾ ਹੈ। ਇਸ ਲਈ (ਗੁਰੂ) ਰਵਿਦਾਸ ਕਹਿੰਦਾ ਹੈ ਕਿ ਹੇ ਪ੍ਰਭ! ਤੇਰਾ ਨਾਮ ਸਿਮਰਨ ਹੀ ਸੱਚੀ ਆਰਤੀ ਹੈ ਅਤੇ ਸਤਿਨਾਮ ਦੇ ਸਿਮਰਨ ਦਾ ਹੀ ਭੋਗ ਤੈਨੂੰ ਲਾਉਂਦਾ ਹਾਂ॥ ੪॥ ੩॥

ੴ ਸਤਿਗੁਰ ਪ੍ਰਸਾਦਿ॥

ਜੈਤਸਰੀ ਬਾਣੀ ਭਗਤਾ ਕੀ॥

ਨਾਥ ਕਛੂਅ ਨ ਜਾਨਉ॥
ਮਨੁ ਮਾਇਆ ਕੈ ਹਾਥਿ ਬਿਕਾਨਉ॥ ੧॥ ਰਹਾਉ॥
ਤੁਮ ਕਹੀਅਤ ਹੌ ਜਗਤ ਗੁਰ ਸੁਆਮੀ॥
ਹਮ ਕਹੀਅਤ ਕਲਿਜੁਗ ਕੇ ਕਾਮੀ॥ ੧॥
ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ॥
ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ॥ ੨॥
ਜਤ ਦੇਖਉ ਤਤ ਦੁਖ ਕੀ ਰਾਸੀ॥
ਅਜੌਂ ਨ ਪਤ੍ਰਾਇ ਨਿਗਮ ਭਏ ਸਾਖੀ॥ ੩॥
ਗੌਤਮ ਨਾਰਿ ਉਮਾਪਤਿ ਸ੍ਵਾਮੀ॥
ਸੀਸੁ ਧਰਨਿ ਸਹਸ ਭਗ ਗਾਂਮੀ॥ ੪॥
ਇਨ ਦੂਤਨ ਖਲੁ ਬਧੁ ਕਰਿ ਮਾਰਿਓ॥
ਬਡੋ ਨਿਲਾਜੁ ਅਜਹੂ ਨਹੀ ਹਾਰਿਓ॥ ੫॥
ਕਹਿ ਰਵਿਦਾਸ ਕਹਾ ਕੈਸੇ ਕੀਜੈ॥
ਬਿਨੁ ਰਘੁਨਾਥ ਸਰਨਿ ਕਾ ਕੀ ਲੀਜੈ॥ ੬॥[1]

ਪਦ ਅਰਥ :—ਨਾਥ = ਹੇ ਪ੍ਰਭ। **ਕਛੂਆ** = ਕੁਝ। **ਬਿਕਾਨਉ** = ਵੇਚ ਦਿੱਤਾ ਹੈ॥ ੧॥ ਰਹਾਉ॥

ਕਹੀਅਤ = ਕਿਹਾ ਜਾਂਦਾ ਹੈ। **ਸੁਆਮੀ** = ਪਾਰਬ੍ਰਹਮ, ਪਰਮਾਤਮਾ। **ਕਾਮੀ** = ਵਿਸ਼ਈ॥ ੧॥

ਪੰਚਨ = ਮਾਇਆ ਦੇ ਦੂਤ ਪੰਜ ਵਿਕਾਰ। **ਜੁ** = ਐਨਾ॥ ੨॥

ਜਤ = ਜਿਧਰ। **ਤਤ** = ਓਧਰ। **ਰਾਸੀ** = ਬੇਅੰਤ, ਢੇਰ। **ਅਜੌਂ** = ਅਜੇ ਵੀ। **ਪਤ੍ਰਾਇ** = ਪਤੀਜਦਾ, ਵਿਸ਼ਵਾਸ਼, ਮੰਨਦਾ। **ਨਿਗਮ** = ਵੇਦ ਆਦਿ ਹਿੰਦੂ ਧਰਮ-ਪੁਸਤਕਾਂ। **ਸਾਖੀ** = ਗਵਾਹ॥ ੩॥

ਗੌਤਮ ਨਾਰਿ = ਗੌਤਮ ਦੀ ਵਹੁਟੀ ਅਹਲਿਆ, ਉਹ ਆਪਣੇ ਪਤੀ ਨਾਲ ਛਲ (ਮਾਇਆ) ਕਰਕੇ ਇੰਦਰ ਨਾਲ ਭੋਗ ਕਰਦੀ ਹੈ। ਉਮਾਪਤਿ = ਸ਼ਿਵ, ਸੰ. ਉਮਾ (ਪਾਰਵਤੀ) ਦਾ ਧਵ (ਪਤਿ) ਸ਼ਿਵ. ਰੁਦ੍ "ਗੌਤਮਨਾਰਿ ਉਮਾਪਤਿ ਸੁਆਮੀ ਸੀਸ ਧਰਨ ਸਹਸ ਭਗ ਗਾਮੀ॥" **ਸ੍ਵਾਮੀ** = ਬ੍ਰਹਮਾ। **ਸੀਸੁ ਧਰਨਿ** =

---

1. ਆਦਿ ਗ੍ਰੰਥ - ਪੰਨਾ : ੭੧੦

(ਬ੍ਰਹਮਾ ਦਾ) ਸਿਰ ਕੱਟਣ ਵਾਲਾ ਸ਼ਿਵ। (ਨੋਟ : ਜਦੋਂ ਬ੍ਰਹਮਾ ਆਪਣੀ ਹੀ ਧੀ ਉੱਤੇ ਮੋਹਿਤ ਹੋ ਗਿਆ, ਤੇ ਜਿਧਰ ਉਹ ਜਾਏ ਉਧਰ ਬ੍ਰਹਮਾ ਆਪਣਾ ਨਵਾਂ ਮੂੰਹ ਬਣਾਈ ਜਾਏ; ਉਹ ਅਕਾਸ਼ ਵੱਲ ਉੱਡ ਖਲੋਤੀ, ਬ੍ਰਹਮਾ ਨੇ ਪੰਜਵਾਂ ਮੂੰਹ ਉੱਪਰ ਵੱਲ ਬਣਾ ਲਿਆ। ਸ਼ਿਵ ਜੀ ਨੇ ਇਹ ਅੱਤ ਵੇਖਕੇ ਬ੍ਰਹਮਾ ਦਾ ਇਹ ਸਿਰ ਕੱਟ ਦਿੱਤਾ...। [1] ਹੰਕਾਰ ਕਰਕੇ ਸਿਰ ਕੱਟ ਦਿੱਤਾ। ਉਹ ਈਰਖਾ, ਹੰਕਾਰ (ਮਤਸਰ) ਕਰਕੇ ਬ੍ਰਹਮਾ ਦਾ ਸਿਰ ਕੱਟਦਾ ਹੈ।

ਨੋਟ : ਭਾਈ ਕਾਹਨ ਸਿੰਘ ਨਾਭਾ ਲਿਖਦੇ ਹਨ :

> ["ਗੌਤਮ ਨਾਰਿ ਉਮਾਪਤਿ ਸ੍ਵਾਮੀ। ਸੀਸ ਧਰਨਿ ਸਹਸ ਭਗ ਗਾਮੀ।" (ਜੈਤ. ਰਵਿਦਾਸ) ਪਾਠ ਦਾ ਅਨਵਯ ਇਉਂ ਹੈ—ਸੀਸਧਰਨਿ ਉਮਾਪਤਿ ਸੁਆਮੀ, ਗੌਤਮਨਾਰਿ ਗਾਮੀ ਸਹਸ ਭਗ, ਪੁਰਾਣ ਕਥਾ ਇਉਂ ਹੈ ਕਿ ਬ੍ਰਹਮਾ ਨੂੰ ਕਾਮਵਸ਼ਿ ਵੇਖਕੇ ਸ਼ਿਵ ਨੇ ਨੌਹ ਨਾਲ ਸਿਰ ਕੱਟ ਲਿਆ, ਪਰ ਉਹ ਸ਼ਿਵ ਦੇ ਚਿਮਟ ਗਿਆ, ਦੇਖੋ ਕਪਾਲ ਮੋਚਨ, ਗੌਤਮ ਰਿਖੀ ਦੀ ਇਸਤ੍ਰੀ ਅਹਲਯ ਨਾਲ ਵਿਭਚਾਰ ਕਰਕੇ ਇੰਦ੍ ਹਜ਼ਾਰ ਭਗ ਆਪਣੇ ਸਰੀਰ ਦੇ ਕਰਵਾ ਬੈਠਾ।"[2]

ਉਪਰੋਕਤ ਨੋਟ ਤੋਂ ਸਾਨੂੰ ਇਸ ਬੰਦ ਦੇ ਅਰਥ ਸਪਸ਼ਟ ਕਰਨ ਵਿੱਚ ਸਹਾਇਤਾ ਮਿਲਦੀ ਹੈ। ਦੂਜੇ ਇਥੇ ਇਹ ਵੀ ਸਪਸ਼ਟ ਹੋ ਜਾਂਦਾ ਹੈ ਕਿ ਸ੍ਵਾਮੀ ਦੇ ਅਰਥ ਬ੍ਰਹਮਾ ਹੀ ਹਨ। ਤੀਜੇ ਬ੍ਰਹਮਾ ਦੇ ਸਿਰ ਵੱਡਣ ਦਾ ਕਾਰਣ ਵੀ ਪਤਾ ਲੱਗ ਜਾਂਦਾ ਹੈ। ਇਸ ਬ੍ਰਹਮਾ ਦੇ ਕਾਮੀ, ਵਿਸ਼ਈ ਹੋਣ ਦਾ ਸਬੂਤ ਵੀ ਮਿਲਦਾ ਹੈ। **ਸਹਸ** = ਹਜਾਰ। **ਭਗ** = ਇਸਤਰੀ ਦਾ ਗੁਪਤ ਅੰਗ। **ਗਾਮੀ**= ਸੰਗਮ ਕਰਨ ਵਾਲਾ। **ਸਹਸ ਭਗ ਗਾਮੀ** = ਸੰਗਮ ਕਰਨ ਦੇ ਦੋਸ਼ ਵਿਚ ਹਜ਼ਾਰ ਭਗਾਂ ਵਾਲਾ। "ਇੰਦਰ ਦੇਵਤਾ ਦੇ ਸਰੀਰ ਪੁਰ ਗੌਤਮ ਰਿਸ਼ੀ ਦੇ ਸਰਾਪ ਨਾਲ ਹਜ਼ਾਰ ਭਗਾਂ ਦੇ ਚਿੰਨ੍ਹ ਹੋ ਗਏ।"[3] ॥ ੪ ॥

ਦੂਤਨ = ਮਾਇਆ ਦੇ ਪੰਜ ਵਿਕਾਰ-ਕਾਮ, ਕ੍ਰੋਧ, ਮਾਇਆ, ਮਧ ਮਤਸਰ। **ਖਲ੍** = ਮੂਰਖ। **ਬਧੁ** = ਬੰਨਕੇ। **ਨਿਲਾਜੁ** = ਬੇਸ਼ਰਮ। **ਅਜਹੁ** = ਅਜੇ ਵੀ ॥ ੫ ॥

ਕਹਾ = ਕਿਥੇ। **ਕੀਜੈ** = ਕਰਾਂ। **ਕਾ ਕੀ** = ਕਿਸ ਦੀ। **ਲੀਜੈ** = ਲਵਾਂ ॥ ੬ ॥

---

1. ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੋਥੀ ਪੰਜਵੀ) - ਪੰਨਾ : ੨੫੭

2. ਓਹੀ - ਪੰਨਾ : ੧੫੨

3. ਭਗਤ ਰਵਿਦਾਸ ਜੀਵਨ ਤੇ ਰਚਨਾ - ਭਾਈ ਜੋਧ ਸਿੰਘ ਪੰਨਾ : ੩੬

ਗੁਰੂ ਰਵਿਦਾਸ ਜੀ ਦਾ ਗੁਰੂ ਕੌਣ?

ਇਸ ਸ਼ਬਦ ਵਿੱਚ ਗੁਰੂ ਰਵਿਦਾਸ ਜੀ ਨੇ ਆਪਣੇ ਗੁਰੂ ਬਾਰੇ ਬੜੀ ਦ੍ਰਿੜਤਾ ਨਾਲ ਪਰਪੱਕ ਕੀਤਾ ਹੈ ਕਿ "ਬ੍ਰਹਮ ਗੁਰੂ" ਹੀ ਉਨ੍ਹਾਂ ਦੇ 'ਗੁਰੂ' ਹਨ। ਇਹ ਤੱਥ ਜੈਤਸਰੀ ਦੇ ਸਿਧਾਂਤ ਅਨੁਸਾਰ ਵੀ ਦ੍ਰਿੜ ਹੋ ਜਾਂਦਾ ਹੈ। ਹੁਣ ਅਸੀਂ ਇਸ ਦ੍ਰਿਸ਼ਟੀਕੋਣ ਤੋਂ ਰਾਗ ਜੈਤਸਰੀ ਅਤੇ ਇਸ ਸ਼ਬਦ ਦਾ ਅਧਿਐਨ ਕਰਦੇ ਹਾਂ।

ਇਹ ਸ਼ਬਦ ਰਾਗ ਜੈਤਸਰੀ ਵਿੱਚ ਸਿਰਜਿਆ ਗਿਆ ਹੈ। "ਜੈਤਸਰੀ ਦਾ ਪ੍ਰਭਾਵ ਸੁਖ ਅਤੇ ਖੁਸ਼ੀ ਦੇਣ ਵਾਲਾ ਹੈ। ਖੁਸ਼ੀ ਲੈਣ ਲਈ ਮਨ ਦੇ "ਆਲਸੀਆ ਉਘਲਾਨਾ" ਵਾਲਾ ਸੁਭਾ ਛੰਡ ਹੀਅਰੇ ਵਿੱਚ ਰਤਨ ਨਾਮ ਨੂੰ ਵਸਾ ਕੇ ਗੁਰੂ ਬਖਸ਼ਿਸ਼ ਲੈਣੀ ਪੈਂਦੀ ਹੈ।" [1]

ਇਸ ਵਿੱਚ ਦੋ ਵਿਚਾਰ ਹਨ :

1. ਪ੍ਰਭਾਵ ਸੁੱਖ ਅਤੇ ਅਨੰਦ ਦੇਣ ਵਾਲਾ।
2. ਅਨੰਦ ਪ੍ਰਾਪਤੀ ਲਈ ਗੁਰੂ ਦੀ ਬਖਸ਼ਿਸ਼ ਜ਼ਰੂਰੀ।

ਇਸ ਸ਼ਬਦ ਵਿੱਚ ਗੁਰੂ ਰਵਿਦਾਸ ਜੀ ਸੁੱਖ ਅਤੇ ਅਨੰਦ ਪ੍ਰਾਪਤੀ ਲਈ ਵਿਕਾਰਾਂ ਤੋਂ ਛੁਟਕਾਰਾ ਪਾਉਣ ਲਈ ਬ੍ਰਹਮ-ਗੁਰੂ ਦੀ ਬਖਸ਼ਿਸ਼ ਦੀ ਪ੍ਰਾਪਤੀ ਲਈ, ਉਸ ਦੀ ਸ਼ਰਨ ਵਿੱਚ ਜਾਂਦੇ ਹਨ।

ਇਸ ਤਰ੍ਹਾਂ ਇਹ ਸ਼ਬਦ ਸੁੱਖ ਅਤੇ ਆਨੰਦ ਦੀ ਪਰਾਪਤੀ ਲਈ ਅਤੇ ਪ੍ਰਭ ਦੀ ਪ੍ਰਾਪਤੀ ਲਈ ਬ੍ਰਹਮ-ਗੁਰੂ ਦੀ ਸ਼ਰਨ ਵਿੱਚ ਜਾਣਾ ਰਾਗ ਜੈਤਸਰੀ ਦੀ ਬੁਨਿਆਦੀ ਲੋੜ ਨੂੰ ਪੂਰਾ ਕਰਦਾ ਹੈ।

ਇਸ ਸ਼ਬਦ ਦੇ ਵਿਚਾਰ ਵਿਧਾਨ ਵਿੱਚ ਵਿਕਸਤ ਵਿਚਾਰਧਾਰਾ ਰਾਗ ਜੈਤਸਰੀ ਦੀ ਅਗਵਾਈ ਅਧੀਨ ਸਿਰਜੀ ਗਈ ਹੈ। ਸਿਧਾਂਤਕ ਤੌਰ ਤੇ ਰਾਗ ਜੈਤਸਰੀ ਦੀ ਵਿਗਿਆਨਕ ਅਤੇ ਵਿਚਾਰਧਾਰਕ ਸੰਰਚਨਾ ਨੇ ਗੁਰੂ ਰਵਿਦਾਸ ਜੀ ਦੀ ਬ੍ਰਹਮ-ਗੁਰੂ ਦੀ ਸ਼ਰਨ ਵਿੱਚ ਜਾਣ ਦੀ ਘਟਨਾ ਨੂੰ ਵਿਗਿਆਨਕ ਤੌਰ ਤੇ ਉਜਾਗਰ ਕੀਤਾ ਹੈ। ਗੁਰੂ ਜੀ ਨੇ ਵਿਕਾਰਾਂ ਨੂੰ ਕਾਬੂ ਕਰਨ ਹਿੱਤ ਬ੍ਰਹਮ-ਗਿਆਨ ਦੀ ਪ੍ਰਾਪਤੀ ਲਈ ਕੇਵਲ ਤੇ ਕੇਵਲ "ਬ੍ਰਹਮ-ਗੁਰੂ' ਨੂੰ ਹੀ 'ਗੁਰੂ' ਪ੍ਰਵਾਨ ਕਰਕੇ ਉਸ ਦੀ ਸ਼ਰਨ ਲਈ ਹੈ। ਸੋ ਗੁਰੂ ਜੀ ਦੇ 'ਗੁਰੂ' ਬ੍ਰਹਮ-ਗੁਰੂ ਹੀ ਹਨ।

ਇਸ ਤੱਥ ਨੂੰ ਇਸ ਸ਼ਬਦ ਵਿੱਚ ਆਈ ਵਿਚਾਰਧਾਰਾ ਅਤੇ ਰਾਗ ਜੈਤਸਰੀ ਸਿਧਾਂਤਕ ਅਤੇ ਵਿਚਾਰਧਾਰਕ ਪ੍ਰਭਾਵ, ਦੋਹਾਂ ਦੇ ਮਿਲਾਪ ਨੇ ਪਰਪੱਕ ਵਿਗਿਆਨਕ ਆਧਾਰ ਦੇਕੇ ਦ੍ਰਿੜ ਕੀਤਾ ਹੈ।

ਨੋਟ : ਹੋਰ ਜਾਣਕਾਰੀ ਲਈ ਪੜ੍ਹੋ ਲੇਖਕ ਦੀ ਪੁਸਤਕ "ਸ੍ਰੀ ਗੁਰੂ ਰਵਿਦਾਸ ਜੀ, ਉਨ੍ਹਾਂ ਦਾ ਗੁਰੂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ"।

---

1. ਰਾਗ ਨਾਦ ਸਬਦਿ ਸੋਹਣੇ - ਪੰਨਾ : ੩੮

ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ

ਗੁਰੂ ਰਵਿਦਾਸ ਜੀ ਦੇ ਵਿਚਾਰ-ਵਿਧਾਨ ਦੀ ਉਸਾਰੀ ਅਤੇ ਗੰਭੀਰਤਾ, ਸ਼ਬਦ ਵਿੱਚ ਦਰਜ ਵਿਚਾਰ ਦੇ ਵਿਕਾਸ ਦੀ ਮਹੱਤਤਾ ਦਾ ਪ੍ਰਤੀਕ ਹੈ। 'ਰਹਾਉ' ਵਿੱਚ ਉਹ ਸਪਸ਼ਟ ਕਰਦੇ ਹਨ ਕਿ ਮੈਂ ਅਗਿਆਨੀ ਹਾਂ। ਮੇਰਾ ਮਨ ਮਾਇਆ ਦੇ ਹੱਥ ਵਿੱਕ ਚੁੱਕਿਆ ਹੈ।

ਇਸ ਮਾਇਆ ਤੋਂ ਮੁਕਤੀ ਪਾਉਣ ਲਈ ਬੰਦ ਨੰ. ੧ ਵਿੱਚ ਸੁਚੇਤ ਤੌਰ ਤੇ ਜਗਤ-ਗੁਰੂ ਦਾ ਜ਼ਿਕਰ ਹੈ। ਜਗਤ ਦਾ ਮਾਲਕ (ਜਗਤ-ਗੁਰੂ) ਮਾਇਆ ਦਾ ਜਨਮਦਾਤਾ ਵੀ ਹੈ। ਇਸ ਲਈ ਇਹ ਕਲਜੁਗੀ ਜੀਵ ਇਸ ਮਾਇਆ ਤੋਂ ਕੇਵਲ ਬ੍ਰਹਮ-ਗੁਰੂ ਦੀ ਕ੍ਰਿਪਾ ਨਾਲ ਹੀ ਮੁਕਤੀ ਪ੍ਰਾਪਤ ਕਰ ਸਕਦਾ ਹੈ।

ਬੰਦ ਨੰ. ੨ ਵਿੱਚ ਮਾਇਆ ਦੇ ਮਨ ਉੱਪਰ ਪਏ ਪ੍ਰਭਾਵ ਨੂੰ ਦਰਸਾਇਆ ਗਿਆ ਹੈ ਕਿ ਪੰਜੇ ਵਿਕਾਰ ਮੈਨੂੰ ਹਰ ਛਿਣ ਪ੍ਰਭ ਤੋਂ ਦੂਰ ਕਰ ਰਹੇ ਹਨ।

ਬੰਦ ਨੰ. ੩ ਵਿੱਚ ਇਨ੍ਹਾਂ ਵਿਕਾਰਾਂ ਕਾਰਣ ਦੁੱਖਾਂ ਵਿੱਚ ਤੜਪ ਰਹੀ ਲੋਕਾਈ ਦੀ ਅਟੱਲ ਸੱਚਾਈ ਬਾਰੇ ਦਸ ਰਹੇ ਹਨ ਕਿ ਇਨ੍ਹਾਂ ਕਾਰਣ ਹਰ ਪਾਸੇ ਦੁੱਖ ਹੀ ਦੁੱਖ ਹੈ। ਫਿਰ ਵੀ ਮਨ ਨੂੰ ਵਿਸ਼ਵਾਸ਼ ਨਹੀਂ ਆਉਂਦਾ ਜਦਕਿ ਹਿੰਦੂ ਧਰਮ ਦੇ ਵੇਦ ਆਦਿ ਗ੍ਰੰਥ ਵੀ ਇਨ੍ਹਾਂ ਦੁੱਖਾਂ ਦੀ ਗਵਾਹੀ ਭਰਦੇ ਹਨ।

ਬੰਦ ਨੰ. ੪ ਵਿੱਚ ਗੁਰੂ ਜੀ ਵਿਕਾਰਾਂ ਦੀ ਡੂੰਘੇਰੀ ਤੇ ਤਖੇਰੀ ਮਾਰੂ ਸ਼ਕਤੀ ਨੂੰ ਹਿੰਦੂਆਂ ਦੇ ਭਗਵਾਨਾਂ ਬ੍ਰਹਮਾ, ਮਹੇਸ਼, ਦੇਵਤਿਆਂ ਦੇ ਸਿਰਤਾਜ ਇੰਦਰ ਅਤੇ ਰਿਸ਼ੀ ਗੌਤਮ ਆਦਿ ਦੀਆਂ ਗਵਾਹੀਆਂ ਦੇਕੇ ਸਿੱਧ ਕਰਦੇ ਹਨ, ਜਿਸ ਨਾਲ ਵਿਕਾਰਾਂ ਦੀ ਅਥਾਹ ਸ਼ਕਤੀ ਦੀ ਭਿਆਨਕਤਾ ਹੋਰ ਵੀ ਭਿਆਨਕ ਹੋ ਜਾਂਦੀ ਹੈ।

ਇਸ ਬੰਦ ਨੰ. ੫ ਵਿੱਚ ਉਪਰੋਕਤ ਭਿਆਨਕਤਾ ਨੂੰ ਦਰਸਾਉਂਦਿਆਂ ਆਪਣੇ ਮਨ ਨੂੰ ਕੋਸਦੇ ਹਨ ਕਿ ਮੇਰਾ ਮਨ ਮਾਇਆ ਦੇ ਕਾਬੂ ਵਿੱਚ ਆ ਕੇ ਬੇਸ਼ਰਮ ਬਣ ਗਿਆ ਹੈ। ਭਗਵਾਨਾਂ ਦੇਵਤਿਆਂ, ਰਿਸ਼ੀਆਂ ਆਦਿ ਦਾ ਘਟੀਆ ਹਾਲ ਦੇਖ ਕੇ ਵੀ ਵਿਕਾਰਾਂ ਦਾ ਖਹਿੜਾ ਨਹੀਂ ਛੱਡਦਾ।

ਆਖਰੀ ਬੰਦ ਨੰ. ੬ ਵਿੱਚ ਗੁਰੂ ਜੀ ਇਨ੍ਹਾਂ ਤੋਂ ਛੁਟਕਾਰਾ ਪਾਉਣ ਲਈ ਬ੍ਰਹਮ-ਗੁਰੂ (ਜਗਤ ਗੁਰੂ) ਦੀ ਸ਼ਰਨ ਲੈਂਦੇ ਹਨ। ਬ੍ਰਹਮ ਗੁਰੂ ਤੋਂ ਬਿਨ੍ਹਾਂ ਇਨ੍ਹਾਂ ਵਿਕਾਰਾਂ ਤੋਂ ਮੁਕਤੀ ਸੰਭਵ ਹੀ ਨਹੀਂ ਹੈ। ਸੋ ਗੁਰੂ ਰਵਿਦਾਸ ਜੀ ਰਘੁਨਾਥ ਅਰਥਾਤ ਪ੍ਰਭ ਬ੍ਰਹਮ-ਗੁਰੂ ਨੂੰ ਆਪਣਾ ਗੁਰੂ ਪ੍ਰਵਾਨ ਕਰਦੇ ਹਨ ਅਤੇ ਉਸ ਦੀ ਅਗਵਾਈ ਅਧੀਨ ਹੀ ਵਿਕਾਰਾਂ ਤੇ ਕਾਬੂ ਪਾਕੇ, ਮੁਕਤੀ ਪ੍ਰਾਪਤ ਕਰਦੇ ਹਨ।

ਸ਼ਬਦ ਅਰਥ :—ਗੁਰੂ ਰਵਿਦਾਸ ਜੀ ਆਪਣੀ ਸਮੱਸਿਆ ਦਾ ਉਲੇਖ ਕਰਦੇ ਸਪਸ਼ਟ ਕਰਦੇ ਹਨ ਕਿ ਹੇ ਨਾਥ! ਹੇ ਪ੍ਰਭ! ਮੈਨੂੰ ਕੁਝ ਨਹੀਂ ਪਤਾ, ਮੈਂ ਅਗਿਆਨੀ ਹਾਂ। ਮੇਰਾ ਮਨ ਮਾਇਆ ਦੇ ਹੱਥ ਬੁਰੀ ਤਰ੍ਹਾਂ ਵਿਕ ਚੁੱਕਿਆ ਹੈ॥ ੧॥ ਰਹਾਉ॥

ਹੇ ਪ੍ਰਭ (ਨਾਥ) ਤੁਸੀਂ ਜਗਤ ਦੇ ਗੁਰੂ ਅਤੇ ਸ੍ਰਿਸ਼ਟੀ ਦੇ ਸਿਰਜਣਹਾਰ ਹੋ ਅਤੇ ਅਸੀਂ ਕਲਿਜੁਗੀ, ਵਿਸ਼ਈ ਜੀਵ ਹਾਂ। ਇਸ ਤਰ੍ਹਾਂ ਗੁਰੂ ਜੀ ਨੇ ਮਾਇਆ ਦੇ ਨਾਲ ਨਾਲ ਪਾਪੀ ਜੀਵਾਂ ਦਾ ਵੀ ਜ਼ਿਕਰ ਕਰ ਦਿੱਤਾ ਹੈ॥ ੧॥

ਮਾਇਆ ਦੇ ਇਨ੍ਹਾਂ ਪੰਜਾਂ ਦੂਤਾਂ, ਕਾਮ, ਕ੍ਰੋਧ ਆਦਿ ਮੇਰੇ ਮਨ ਨੂੰ ਐਨਾ ਮਲੀਨ ਕਰ ਦਿੱਤਾ ਹੈ ਕਿ ਮੈਂ ਹਰ ਛਿਣ ਪ੍ਰਭ ਤੋਂ ਦੂਰ ਹੁੰਦਾ ਜਾਂ ਰਿਹਾ ਹਾਂ। ਮਾਇਆ ਦੀ ਮਾਰੂ ਸ਼ਕਤੀ ਦੇ ਪ੍ਰਭਾਵ ਨੂੰ ਸਪਸ਼ਟ ਕੀਤਾ ਗਿਆ ਹੈ॥ ੨॥

ਇਨ੍ਹਾਂ ਵਿਕਾਰਾਂ ਦੀ ਵਿਕਰਾਲ ਸ਼ਕਤੀ ਕਾਰਣ ਮੈਂ ਜਿਧਰ ਵੀ ਦੇਖਦਾ ਹਾਂ ਉਧਰ ਹੀ ਲੋਕਾਈ ਦੁੱਖਾਂ ਵਿੱਚ ਤੜਪ ਰਹੀ ਦਿਸਦੀ ਹੈ। ਇਸ ਤਰ੍ਹਾਂ ਸੰਸਾਰ ਦੁੱਖਾਂ ਦਾ ਘਰ ਬਣਿਆ ਹੋਇਆ ਹੈ। ਫਿਰ ਵੀ ਮੇਰੇ ਮਨ ਨੂੰ ਵਿਸ਼ਵਾਸ਼ ਨਹੀਂ ਆਇਆ ਜਦਕਿ ਹਿੰਦੂ ਧਰਮ ਦੇ ਵੇਦ ਆਦਿ ਗ੍ਰੰਥ ਵੀ ਇਸ ਦੀ ਗਵਾਹੀ ਭਰਦੇ ਹਨ॥ ੩॥

ਗੁਰੂ ਜੀ ਸਪਸ਼ਟ ਕਰਦੇ ਹਨ ਕਿ ਹਿੰਦੂ ਧਰਮ ਗ੍ਰੰਥਾਂ ਵਿੱਚ ਉਪਲਬਧ ਗਵਾਹੀਆਂ, ਸਮੱਸਿਆ ਦੀ ਭਿਆਨਕਤਾ ਅਤੇ ਗੰਭੀਰਤਾ ਨੂੰ ਦ੍ਰਿੜ ਕਰਦੀਆਂ ਹਨ।

ਪਹਿਲੀ ਗਵਾਹੀ – ਅਹਲਿਆ ਦਾ ਆਪਣੇ ਪਤੀ ਗੌਤਮ ਨਾਲ ਛਲ (ਮਾਇਆ) ; ਦੂਜੀ ਗਵਾਹੀ – ਹੰਕਾਰੀ ਭਗਵਾਨ ਸ਼ਿਵ ਦੀ, ਤੀਜੀ ਗਵਾਹੀ – ਕਾਮੀ ਭਗਵਾਨ ਬ੍ਰਹਮਾ ਦੀ, ਚੌਥੀ ਗਵਾਹੀ – ਵਿਭਚਾਰੀ ਇੰਦਰ ਦੇਵਤਾ ਦੀ ਅਤੇ ਪੰਜਵੀਂ ਗਵਾਹੀ – ਕ੍ਰੋਧੀ ਗੌਤਮ ਰਿਸ਼ੀ ਦੀ ਹੈ।

ਇਨ੍ਹਾਂ ਪੰਜਾਂ ਗਵਾਹੀਆਂ ਨੂੰ ਪੜ੍ਹਕੇ ਪੰਜਾਂ ਵਿਕਾਰਾਂ ਦੀ ਵਿਕਰਾਲ ਸ਼ਕਤੀ ਦੀ ਭਿਆਨਕਤਾ ਦਾ ਗਿਆਨ ਹੋ ਜਾਂਦਾ ਹੈ ਕਿ ਭਗਵਾਨਾਂ, ਦੇਵਤਿਆਂ, ਰਿਸ਼ੀਆਂ ਆਦਿ ਨੂੰ ਵੀ ਵਿਕਾਰਾਂ ਨੇ ਬੁਰੀ ਤਰ੍ਹਾਂ ਖੁਆਰ ਕੀਤਾ ਹੈ। ਫਿਰ ਆਮ ਮਨੁੱਖ ਦੀ ਕੀ ਵੁਕਤ ਰਹਿ ਜਾਂਦੀ ਹੈ?। ੪॥

ਗੁਰੂ ਜੀ ਉਪਰੋਕਤ ਭਿਆਨਕਤਾ ਨੂੰ ਦਸਦਿਆਂ ਆਪਣੇ ਮਨ ਨੂੰ ਕੋਸਦੇ ਹਨ ਕਿ ਮਾਇਆ ਦੇ ਇਨ੍ਹਾਂ ਪੰਜਾਂ ਵਿਕਾਰਾਂ ਨੇ ਮੇਰੇ ਮੂਰਖ ਮਨ ਨੂੰ ਬੰਨ ਕੇ ਕਾਬੂ ਕੀਤਾ ਹੋਇਆ ਹੈ। ਪਰ ਇਹ ਬੜਾ ਹੀ ਬੇਸ਼ਰਮ ਹੈ। ਭਗਵਾਨਾਂ, ਦੇਵਤਿਆਂ, ਰਿਸ਼ੀਆਂ ਆਦਿ ਦਾ ਬੁਰਾ ਹਾਲ ਦੇਖਕੇ ਵੀ ਇਨ੍ਹਾਂ ਵਿਕਾਰਾਂ ਦਾ ਖਹਿੜਾ ਨਹੀਂ ਛੱਡਦਾ॥ ੫॥

ਆਖਰ ਗੁਰੂ ਜੀ ਇਨ੍ਹਾਂ ਵਿਕਾਰਾਂ ਤੋਂ ਛੁਟਕਾਰਾ ਪਾਉਣ ਲਈ ਬ੍ਰਹਮ-ਗੁਰੂ ਦੀ ਸ਼ਰਨ ਲੈਂਦੇ ਹਨ। ਉਹ ਆਪਣੇ ਆਪ ਨੂੰ ਸੰਬੋਧਨ ਕਰਕੇ ਕਹਿੰਦੇ ਹਨ "ਦਸ ਰਵਿਦਾਸ ਹੁਣ ਮੈਂ ਕਿਥੇ ਜਾਵਾਂ? ਕੀ ਕਰਾਂ? ਆਪ ਹੀ ਉੱਤਰ ਦਿੰਦੇ ਸਪਸ਼ਟ ਕਰਦੇ ਹਨ—ਕਿ ਹੁਣ ਤਾਂ ਵਿਕਾਰਾਂ ਤੋਂ ਛੁਟਕਾਰਾ ਪਾਉਣ ਲਈ ਰਘੁਨਾਥ ਅਰਥਾਤ ਪ੍ਰਭ (ਬ੍ਰਹਮ-ਗੁਰੂ) ਤੋਂ ਬਿਨ੍ਹਾਂ ਹੋਰ ਕੋਈ ਸਹਾਰਾ ਨਹੀਂ ਹੈ॥ ੬॥

ੴ ਸਤਿਗੁਰ ਪ੍ਰਸਾਦਿ॥

ਰਾਗੁ ਸੂਹੀ ਬਾਣੀ ਸ੍ਰੀ ਰਵਿਦਾਸ ਜੀਉ ਕੀ

ਸਹ ਕੀ ਸਾਰ ਸੁਹਾਗਨਿ ਜਾਨੈ॥
ਤਜਿ ਅਭਿਮਾਨੁ ਸੁਖ ਰਲੀਆ ਮਾਨੈ॥
ਤਨੁ ਮਨੁ ਦੇਇ ਨ ਅੰਤਰੁ ਰਾਖੈ॥
ਅਵਰਾ ਦੇਖਿ ਨ ਸੁਨੈ ਅਭਾਖੈ॥ ੧॥
ਸੋ ਕਤ ਜਾਨੈ ਪੀਰ ਪਰਾਈ॥
ਜਾ ਕੈ ਅੰਤਰਿ ਦਰਦੁ ਨਾ ਪਾਈ॥ ੧॥ ਰਹਾਉ॥
ਦੁਖੀ ਦੁਹਾਗਨਿ ਦੁਇ ਪਖ ਹੀਨੀ॥
ਜਿਨਿ ਨਾਹ ਨਿਰੰਤਰਿ ਭਗਤਿ ਨ ਕੀਨੀ॥
ਪੁਰ ਸਲਾਤ ਕਾ ਪੰਥੁ ਦੁਹੇਲਾ॥
ਸੰਗਿ ਨ ਸਾਥੀ ਗਵਨੁ ਇਕੇਲਾ॥ ੨॥
ਦੁਖੀਆ ਦਰਦਵੰਦੁ ਦਰਿ ਆਇਆ॥
ਬਹੁਤੁ ਪਿਆਸ ਜਬਾਬੁ ਨ ਪਾਇਆ॥
ਕਹਿ ਰਵਿਦਾਸ ਸਰਨਿ ਪ੍ਰਭ ਤੇਰੀ॥
ਜਿਉ ਜਾਨਹੁ ਤਿਉ ਕਰੁ ਗਤਿ ਮੇਰੀ॥ ੩॥ ੧॥[1]

ਪਦ ਅਰਥ :—ਸਹ = ਖਸਮ, ਪਤੀ। **ਸੁਖ-ਰਲੀਆ** = ਅਨੰਦ। **ਅਵਰਾ** = ਦੂਜਾ। **ਅਭਾਖੈ** = ਬੋਲਦੀ ਹੈ॥ ੧॥

ਪਾਈ = ਭੋਰਾ ਭਰ, ਥੋੜਾ ਜਿਹਾ॥ ੧॥ ਰਹਾਉ॥

ਦੁਇ ਪਖ = ਲੋਕ ਪਰਲੋਕ, ਪੇਕਾ ਘਰ, ਸਹੁਰਾ ਘਰ। **ਨਾਹ** = ਪ੍ਰਭ-ਪਤੀ। **ਨਿਰੰਤਰਿ** = ਇਕ-ਮਨ, ਇਕ-ਰਸ। **ਪੁਰਸਲਾਤ** = ਇਸਲਾਮ ਧਰਮ ਅਨੁਸਾਰ ਦੋਜ਼ਖ ਦੀ ਅੱਗ ਉੱਤੇ ਬਣਿਆ ਵਾਲ ਵਰਗਾ ਬਰੀਕ ਪੁਲ, ਜਿਸ ਉੱਪਰ ਦੀ ਮਰਨ ਉਪਰੰਤ ਲੰਘਣਾ ਪੈਂਦਾ ਹੈ। **ਦੁਹੇਲਾ** = ਕਠਨ। **ਗਵਨੁ** = ਲੰਘਣਾ, ਪਾਰ ਕਰਨਾ॥ ੨॥

ਬਹੁਤੁ ਪਿਆਸ = ਤੀਬਰ ਮਿਲਣ ਦੀ ਆਸ, ਦਰਸ਼ਨ ਦੀ ਤੀਬਰ ਲੋਚਾ। **ਗਤਿ** = ਪਾਰ ਉਤਾਰਾ, ਮੁਕਤੀ॥ ੩॥ ੧॥

---

1. ਆਦਿ ਗ੍ਰੰਥ - ਪੰਨਾ : ੭੯੩

ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ

ਗੁਰੂ ਰਵਿਦਾਸ ਜੀ ਨੇ ਇਸ ਸ਼ਬਦ ਵਿਚ ਸੁਹਾਗਣ ਅਤੇ ਦੁਹਾਗਣ ਦੇ ਜੀਵਨ ਦੀ ਤੁਲਨਾ ਕਰਕੇ ਸਪਸ਼ਟ ਕੀਤਾ ਹੈ ਕਿ ਸੁਹਾਗਣ ਭਾਵ ਸਾਧਕ ਸਦਾ ਹੀ ਅਨੰਦਮਈ ਜੀਵਨ ਜਿਉਂਦਾ ਹੈ। ਇਸ ਕਰਕੇ ਗੁਰੂ ਜੀ ਪ੍ਰਭ ਦਾ ਸਿਮਰਨ ਕਰਕੇ ਉਸ ਨੂੰ ਪ੍ਰਾਪਤ ਕਰਨ ਦਾ ਉਪਦੇਸ਼ ਦਿੰਦੇ ਹਨ।

ਬੰਦ ਨੰ. ੧ ਵਿੱਚ ਗੁਰੂ ਰਵਿਦਾਸ ਜੀ ਸਾਧਕ ਰੂਪੀ ਸੁਹਾਗਣ ਦਾ ਦ੍ਰਿਸ਼ਟਾਂਤ ਪੇਸ਼ ਕਰਦੇ ਹਨ। ਉਹ ਸਾਧਕ—ਇਸਤਰੀਆਂ ਜਿਹੜੀਆਂ ਆਪਣੇ ਪ੍ਰਭ-ਪ੍ਰੀਤਮ ਦੇ ਪ੍ਰੇਮ ਲਈ ਹੰਕਾਰ ਦਾ ਤਿਆਗ ਕਰਕੇ ਤਨ ਅਤੇ ਮਨ ਅਰਪਨ ਕਰਕੇ ਦੂਜਿਆਂ ਵਲ ਰੱਤੀ ਭਰ ਵੀ ਧਿਆਨ ਨਹੀਂ ਕਰਦੀਆਂ ਉਹ ਅਨੰਦ ਭਰਪੂਰ ਖੁਸ਼ੀਆਂ ਮਾਣਦੀਆਂ ਹਨ। ਉਹ ਹੀ ਆਪਣੇ ਪਤੀ-ਪ੍ਰਮੇਸ਼ਵਰ ਦਾ ਆਦਰ ਸਤਿਕਾਰ ਕਰਨਾ ਜਾਣਦੀਆਂ ਹਨ। ਇਸ ਦ੍ਰਿਸ਼ਟਾਂਤ ਵਿੱਚ ਦਰਅਸਲ ਗੁਰੂ ਜੀ ਨੇ ਸਾਧਕ ਦੀ ਪ੍ਰਭ-ਮਿਲਾਪ ਪਿੱਛੋਂ ਦੇ ਅਨੰਦਮਣੀ ਜੀਵਨ ਨੂੰ ਪੇਸ਼ ਕੀਤਾ ਹੈ।

'ਰਹਾਉ' ਵਿੱਚ ਗੁਰੂ ਰਵਿਦਾਸ ਜੀ ਨੇ ਅਟੱਲ ਸੱਚਾਈ ਨੂੰ ਪੇਸ਼ ਕੀਤਾ ਹੈ। ਜਿਨ੍ਹਾਂ ਦੇ ਅੰਤਹਿਕਰਣ ਵਿੱਚ ਕਦੇ ਪ੍ਰੇਮ-ਵਿਛੋੜੇ ਦਾ ਦਰਦ ਨਹੀਂ ਉਠਿਆ, ਉਨ੍ਹਾਂ ਨੂੰ ਪ੍ਰੇਮ ਵਿਛੋੜੇ ਦੇ ਦਰਦ ਦੀ ਰਤੀ ਭਰ ਵੀ ਜਾਣਕਾਰੀ ਨਹੀਂ ਹੋ ਸਕਦੀ।

ਇਸ ਅਟੱਲ ਸੱਚਾਈ ਨੂੰ ਸਪਸ਼ਟ ਕਰਨ ਲਈ ਬੰਦ ਨੰ. ੨ ਵਿੱਚ ਗੁਰੂ ਰਵਿਦਾਸ ਜੀ ਨੇ ਦੁਹਾਗਣ ਦੇ ਜੀਵਨ ਦਾ ਦ੍ਰਿਸ਼ਟਾਂਤ ਪੇਸ਼ ਕੀਤਾ ਹੈ। ਗੁਰੂ ਜੀ ਨੇ ਸਪਸ਼ਟ ਕੀਤਾ ਹੈ ਕਿ ਜਿਹੜੀਆਂ ਸਾਧਕ-ਇਸਤਰੀਆਂ ਆਪਣੇ ਪਤੀ-ਪ੍ਰਮੇਸ਼ਵਰ ਦੀ ਇਕ ਮਨ ਹੋਕੇ ਭਗਤੀ ਨਹੀਂ ਕਰਦੀਆਂ, ਉਨ੍ਹਾਂ ਨੂੰ ਨਾ ਇਸ ਲੋਕ (ਪੇਕਾ ਘਰ) ਅਤੇ ਨਾ ਹੀ ਪਰਲੋਕ (ਸਹੁਰਾ ਘਰ) ਵਿੱਚ ਢੋਈ ਮਿਲਦੀ ਹੈ, ਭਾਵ ਆਦਰ ਸਤਿਕਾਰ ਨਹੀਂ ਮਿਲਦਾ। ਉਨ੍ਹਾਂ ਨੂੰ ਮੌਤ ਉਪਰੰਤ ਪੁਰਸਲਾਤ ਦੇ ਕਠਨ ਪੰਧ ਨੂੰ ਸਾਥੀ ਤੋਂ ਬਗੈਰ ਇਕੱਲਿਆਂ ਹੀ ਪਾਰ ਕਰਨਾ ਮੁਸ਼ਕਲ ਹੋ ਜਾਂਦਾ ਹੈ।

ਇਸ ਕਰਕੇ ਗੁਰੂ ਰਵਿਦਾਸ ਜੀ ਜੀਵ ਨੂੰ ਬੰਦ ਨੰ. ੩ ਵਿੱਚ ਸਪਸ਼ਟ ਕਰਦੇ ਹਨ ਕਿ ਪ੍ਰਭ ਦੇ ਪ੍ਰੇਮ ਨੂੰ ਪ੍ਰਾਪਤ ਕਰਨਾ ਕਠਨ ਹੈ। ਸਾਧਕ ਪ੍ਰਭ-ਪ੍ਰਾਪਤੀ ਲਈ ਤਾਂਘ ਭਰਪੂਰ ਆਸ ਨਾਲ ਪ੍ਰਭ ਦੇ ਦਰ ਤੇ ਬੇਨਤੀ ਕਰਦਾ ਹੈ, ਪਰ ਪ੍ਰਭ ਨੂੰ ਇਹ ਪ੍ਰੇਮ ਸਵੀਕਾਰ ਨਹੀਂ ਹੈ। ਇਸ ਲਈ ਗੁਰੂ ਜੀ ਤਰਲਾ ਕਰਦੇ ਹਨ ਕਿ ਹੇ ਪ੍ਰਭ! ਜਿਵੇਂ ਤੂੰ ਚਾਹੇਂ, ਉਵੇਂ ਹੀ ਮੇਰਾ ਕਲਿਆਣ ਕਰਦੇ, ਮੁਕਤੀ ਪ੍ਰਦਾਨ ਕਰ ਦੇ।

ਸੋ ਇਸ ਸ਼ਬਦ ਵਿੱਚ ਗੁਰੂ ਰਵਿਦਾਸ ਜੀ ਨੇ ਜੀਵ ਅੱਗੇ ਪ੍ਰਭ ਪ੍ਰਾਪਤੀ ਵਾਲੇ ਜੀਵਨ ਅਤੇ ਵਿਕਾਰਾਂ ਭਰੇ ਜੀਵਨ ਦੀ ਤੁਲਨਾ ਕਰਕੇ, ਉਸ ਨੂੰ ਪ੍ਰਭ ਪ੍ਰੇਮ ਲਈ ਉਤਸ਼ਾਹਿਤ ਕਰਕੇ ਉਪਦੇਸ਼ ਦਿੱਤਾ ਹੈ ਤਾਂ ਕਿ ਜੀਵ ਦੁੱਖਾਂ ਤੋਂ ਮੁਕਤੀ ਪ੍ਰਾਪਤ ਕਰਕੇ ਅਨੰਦਮਈ ਜੀਵਨ ਬਤੀਤ ਕਰ ਸਕੇ।

ਭਾਰਤ ਦੇ ਪ੍ਰਸਿੱਧ ਸੰਗੀਤ ਸ਼ਾਸਤਰੀਆਂ ਅਨੁਸਾਰ ਵੀ ਇਹ ਸਿੱਧ ਹੋ ਗਿਆ ਹੈ ਕਿ ਇਸ ਸ਼ਬਦ ਦੀ ਵਿਚਾਰ ਅਤੇ ਭਾਵਨਾ ਰਾਗੁ ਸੂਹੀ ਅਨੁਸਾਰ ਸਿਰਜੀ ਗਈ ਹੈ। ਸੰਗੀਤ ਸ਼ਾਸਤਰੀਆਂ ਦਾ ਕਥਨ ਹੈ :

> "ਸੂਹੀ ਉਤਸ਼ਾਹ ਦਾ ਰਾਗ ਹੈ। ਸੂਫੀਆਂ ਦਾ ਪ੍ਰਿਅ ਰਾਗ ਹੈ। ਸੁਹਾਗ ਅਤੇ ਸੁਹਾਗਣ ਦਾ ਇਥੇ ਬਹੁਤ ਵਰਨਣ ਹੈ। ਸੁਚੱਜੀ, ਗੁਣਵੰਤੀ, ਕੁਚੱਜੀ, ਕੁੜਮਾਈ ਅਤੇ ਲਾਵਾਂ ਇਸੇ ਰਾਗ ਵਿੱਚ ਹਨ। ਜਿਵੇਂ ਇਸ ਰਾਗ ਵਿੱਚ ਸੁਹਾਗਣ ਦੀਆਂ ਨਿਸ਼ਾਨੀਆਂ ਦੱਸੀਆਂ ਹਨ ਤਿਵੇਂ ਪ੍ਰਭ ਮਿਲਣ ਦੀਆਂ ਨਿਸ਼ਾਨੀਆਂ ਵੀ ਦੱਸੀਆਂ ਹਨ। "ਏਕ ਜੋਤਿ ਦੋਇ ਮੂਰਤੀ" ਹੋਣਾ ਹੀ ਅਸਲ ਵਸਲ ਹੈ।" [1]

ਇਸ ਲਈ ਇਸ ਸ਼ਬਦ ਵਿਚ ਸੁਹਾਗਣ ਅਤੇ ਦੁਹਾਗਣ ਦੀਆਂ ਪਰਿਭਾਸ਼ਾਵਾਂ ਦੀ ਉਤਪਤੀ ਸਹਜ ਰੂਪ ਵਿਚ ਹੀ ਹੋਈ ਹੈ।

ਪਰਿਭਾਸ਼ਾਵਾਂ :

1. **ਸੁਹਾਗਣ ਦੀ ਪਰਿਭਾਸ਼ਾ** — ਇਸ ਬੰਦ ਨੰ: ੧ ਵਿੱਚ ਸੁਹਾਗਣ ਦੀ ਪਰਿਭਾਸ਼ਾ ਵੀ ਦ੍ਰਿੜ ਹੋ ਜਾਂਦੀ ਹੈ। ਸੁਹਾਗਣ ਓਹੀ ਹੈ, ਜਿਹੜੀ ਪੰਜੇ ਵਿਕਾਰਾਂ ਨੂੰ ਤਿਆਗ ਕੇ ਇਕ ਮਨ ਹੋ ਆਪਣੇ ਪਤੀ ਨੂੰ ਆਪਣਾ ਤਨ-ਮਨ ਅਰਪਨ ਕਰ ਦਿੰਦੀ ਹੈ। ਉਹ ਨਾ ਹੋਰ ਕਿਸੇ ਵਲ ਵੇਖਦੀ ਹੈ ਨਾ ਕਿਸੇ ਹੋਰ ਬਾਰੇ ਸੁਣਦੀ ਹੈ ਅਤੇ ਨਾ ਹੀ ਹੋਰ ਕਿਸੇ ਨਾਲ ਗੱਲ ਕਰਦੀ ਹੈ।

2. **ਦੁਹਾਗਣ ਦੀ ਪਰਿਭਾਸ਼ਾ** — ਇਸ ਬੰਦ ਨੰ: ੨ ਵਿੱਚ ਦੁਹਾਗਣ ਦੀ ਪਰਿਭਾਸ਼ਾ ਵੀ ਦ੍ਰਿੜ ਹੋ ਜਾਂਦੀ ਹੈ। ਦੁਹਾਗਣ ਉਹ ਹੈ ਜਿਹੜੀ ਆਪਣੇ ਪਤੀ ਦਾ ਆਦਰ ਸਤਿਕਾਰ ਨਹੀਂ ਕਰਦੀ। ਅਜਿਹੀਆਂ ਇਸਤਰੀਆਂ ਦਾ ਨਾ ਪੇਕੇ ਘਰ ਸਤਿਕਾਰ ਹੁੰਦਾ ਹੈ ਅਤੇ ਨਾ ਹੀ ਸਹੁਰੇ ਘਰ। ਭਾਵ ਉਹ ਦੁੱਖਾਂ ਭਰਿਆ ਤ੍ਰਿਸਕਾਰ ਦਾ ਜੀਵਨ ਜਿਉਂਦੀਆਂ ਹਨ।

---

1. ਰਾਗ ਨਾਦ ਸਬਦਿ ਸੋਹਣੇ - ਪੰਨਾ : ੭੬

ਸ਼ਬਦ ਅਰਥ :—ਸਾਧਕ ਰੂਪੀ ਇਸਤਰੀਆਂ ਹੀ ਆਪਣੇ ਪਤੀ-ਪ੍ਰਮੇਸ਼ਵਰ ਦੀ ਕਦਰ ਜਾਣਦੀਆਂ ਹਨ। ਇਸ ਸੋਝੀ ਕਾਰਣ ਉਹ ਹੰਕਾਰ ਤਿਆਗ ਕੇ ਅਤੇ ਇਕ ਮਨ ਹੋਕੇ ਪਤੀ ਨੂੰ ਤਨ ਅਤੇ ਮਨ ਅਰਪਨ ਕਰਕੇ ਸੁੱਖ-ਅਨੰਦ ਭਰਪੂਰ ਜੀਵਨ ਜਿਉਂਦੀਆਂ ਹਨ। ਉਹ ਆਪਣੇ ਪ੍ਰਭ-ਪਤੀ ਦੇ ਪ੍ਰੇਮ ਵਿੱਚ ਐਨੀਆਂ ਮੁਗਧ ਹੋ ਜਾਂਦੀਆਂ ਹਨ ਕਿ ਉਹ ਕਿਸੇ ਹੋਰ ਵਲ ਨਾ ਦੇਖਦੀਆਂ ਹਨ, ਨਾ ਹੀ ਕਿਸੇ ਹੋਰ ਦੀ ਗਲ ਸੁਣਦੀਆਂ ਹਨ ਅਤੇ ਨਾ ਹੀ ਕਿਸੇ ਹੋਰ ਨਾਲ ਬੋਲਦੀਆਂ ਹਨ। ਭਾਵ ਉਹ ਵਿਕਾਰਾਂ ਤੋਂ ਮੁਕਤ, ਦੁਨੀਆਂ ਤੋਂ ਬੇਖਬਰ ਆਪਣੇ ਪ੍ਰਭ-ਪਤੀ ਨਾਲ ਇਕ-ਮਿਕ ਹੋ ਜਾਂਦੀਆਂ ਹਨ॥ ੧॥

ਇਸ ਲਈ ਜਿਨ੍ਹਾਂ ਦੁਹਾਗਣਾਂ (ਛੁਟੜਾਂ) ਨੇ ਆਪਣੇ ਪਤੀ-ਪ੍ਰਮੇਸ਼ਵਰ ਨਾਲ ਪ੍ਰੇਮ ਨਹੀਂ ਕੀਤਾ, ਉਹ ਉਨ੍ਹਾਂ ਸੁਹਾਗਣਾਂ ਦੀ ਆਪਣੇ ਪਤੀ-ਪ੍ਰਮੇਸ਼ਵਰ ਪ੍ਰਤੀ ਪ੍ਰੇਮ ਵਿੱਚ ਵਿਛੋੜੇ ਦੀ ਪੀੜ ਨੂੰ ਰੱਤੀ ਭਰ ਵੀ ਨਹੀਂ ਜਾਣ ਸਕਦੀਆਂ। ਭਾਵ ਉਨ੍ਹਾਂ ਨੂੰ ਸੁਹਾਗਣਾਂ ਦੀ ਵਿਛੋੜੇ ਵਿੱਚ ਪ੍ਰੇਮ-ਪੀੜ ਦਾ ਭੋਰਾ ਭਰ ਵੀ ਅਹਿਸਾਸ ਨਹੀਂ ਹੋ ਸਕਦਾ॥ ੧॥ ਰਹਾਉ॥

ਇਸ ਕਰਕੇ ਜਿਨ੍ਹਾਂ ਦੁਹਾਗਣਾਂ ਨੇ ਆਪਣੇ ਪਤੀ-ਪ੍ਰਮੇਸ਼ਵਰ ਨੂੰ ਇਕ ਮਨ ਹੋ ਕੇ ਪ੍ਰੇਮ ਨਹੀਂ ਕੀਤਾ, ਉਸ ਦੀ ਭਗਤੀ ਨਹੀਂ ਕੀਤੀ, ਉਹ ਸਦਾ ਦੁਖੀ ਰਹਿੰਦੀਆਂ ਹਨ। ਉਨ੍ਹਾਂ ਨੂੰ ਨਾ ਲੋਕ (ਪੇਕਾ ਘਰ) ਅਤੇ ਨਾ ਹੀ ਪਰਲੋਕ (ਸਹੁਰਾ ਘਰ), ਦੋਹੀਂ ਥਾਂਈ ਢੋਈ ਮਿਲਦੀ ਹੈ ਭਾਵ ਮਾਣ ਸਤਿਕਾਰ ਨਹੀਂ ਮਿਲਦਾ। ਅਜਿਹੀਆਂ ਦੁਹਾਗਣਾਂ ਨੂੰ ਪੁਰਸਲਾਤ ਦੇ ਕਠਨ ਪੰਧ ਨੂੰ ਬਿਨਾ ਸਾਥੀ ਤੋਂ ਇਕੱਲਿਆਂ ਹੀ ਪਾਰ ਕਰਨਾ ਪੈਂਦਾ ਹੈ॥ ੨॥

ਸੋ ਦੁੱਖਾਂ ਵਿੱਚ ਤੜਪ ਰਿਹਾ ਪ੍ਰਭ-ਵਿਛੋੜੇ ਦੀ ਪੀੜ ਦਾ ਭੰਨਿਆ ਸਾਧਕ, ਪ੍ਰਭ ਮਿਲਾਪ ਲਈ ਪ੍ਰਭ ਦਰਸ਼ਨ ਲਈ ਬੜੀ ਤੀਬਰ ਆਸ ਨਾਲ ਪ੍ਰਭ ਦੇ ਦਰ ਤੇ ਬੇਨਤੀ ਕਰਦਾ ਹੈ। ਪ੍ਰਭ ਨੂੰ ਇਹ ਪ੍ਰੇਮ ਸਵੀਕਾਰ ਨਹੀਂ ਹੈ ਅਤੇ ਸਾਧਕ ਵਲੋਂ ਬੇਪ੍ਰਵਾਹ ਹੋ ਜਾਂਦਾ ਹੈ। ਅਜਿਹੀ ਸਥਿਤੀ ਵਿੱਚ ਰਵਿਦਾਸ ਰੂਪ ਸਾਧਕ ਪ੍ਰਭ ਅੱਗੇ ਤਰਲੇ ਲੈਂਦਾ ਹੈ ਕਿ ਹੇ ਪ੍ਰਭ! ਮੈਂ ਤਾਂ ਤੇਰੀ ਸ਼ਰਨ ਆ ਗਿਆ ਹਾਂ, ਹੁਣ ਤੂੰ ਜਿਵੇਂ ਚਾਹੇਂ ਓਵੇਂ ਹੀ ਮੈਨੂੰ ਮੁਕਤੀ ਪ੍ਰਦਾਨ ਕਰ॥ ੩॥ ੧॥

ੴ ਸਤਿਗੁਰ ਪ੍ਰਸਾਦਿ॥

ਰਾਗੁ ਸੂਹੀ ਬਾਣੀ ਸ੍ਰੀ ਰਵਿਦਾਸ ਜੀਉ ਕੀ

ਜੋ ਦਿਨ ਆਵਹਿ ਸੋ ਦਿਨ ਜਾਹੀ॥
ਕਰਨਾ ਕੂਚੁ ਰਹਨੁ ਥਿਰੁ ਨਾਹੀ॥
ਸੰਗੁ ਚਲਤ ਹੈ ਹਮ ਭੀ ਚਲਨਾ॥
ਦੂਰਿ ਗਵਨੁ ਸਿਰ ਊਪਰਿ ਮਰਨਾ॥ ੧॥
ਕਿਆ ਤੂ ਸੋਇਆ ਜਾਗੁ ਇਆਨਾ॥
ਤੈ ਜੀਵਨੁ ਜਗਿ ਸਚੁ ਕਰਿ ਜਾਨਾ॥ ੧॥ ਰਹਾਉ॥
ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ॥
ਸਭ ਘਟ ਭੀਤਰਿ ਹਾਟੁ ਚਲਾਵੈ॥
ਕਰਿ ਬੰਦਗੀ ਛਾਡਿ ਮੈ ਮੇਰਾ॥
ਹਿਰਦੈ ਨਾਮੁ ਸਮ੍ਹਾਰਿ ਸਵੇਰਾ॥ ੨॥
ਜਨਮੁ ਸਿਰਾਨੋ ਪੰਥੁ ਨ ਸਵਾਰਾ॥
ਸਾਂਝ ਪਰੀ ਦਹ ਦਿਸ ਅੰਧਿਆਰਾ॥
ਕਹਿ ਰਵਿਦਾਸ ਨਿਦਾਨਿ ਦਿਵਾਨੇ॥
ਚੇਤਸਿ ਨਾਹੀ ਦੁਨੀਆ ਫਨ ਖਾਨੇ॥ ੩॥ ੨॥[1]

ਪਦ ਅਰਥ : **ਥਿਰੁ** = ਸਦਾ ਲਈ। **ਸੰਗੁ** = ਸਾਥ। **ਗਵਨੁ** = ਪੈਂਡਾ, ਰਸਤਾ॥ ੧॥

ਕਿਆ = ਕਿਉਂ। **ਇਆਨਾ** = ਅਣਜਾਣ॥ ੧॥ ਰਹਾਉ॥

ਜਿਨਿ = ਜਿਸ (ਪ੍ਰਭ) ਨੇ। **ਜੀਉ** = ਜੀਵਨ, ਜਨਮ। **ਅੰਬਰਾਵੈ** = ਪਹੁੰਚਾਉਣਾ, ਪ੍ਰਦਾਨ ਕਰਨਾ, ਬੇਅੰਤ ਭੰਡਾਰ। **ਘਟ** = ਸਰੀਰ, ਜੀਵ। **ਸਮ੍ਹਾਰਿ** = ਸਿਮਰਨ ਕਰਨਾ, ਸੰਭਾਲ ਕਰਨਾ। **ਸਵੇਰਾ** = ਜਵਾਨੀ ਦੀ ਉਮਰ, ਚੜ੍ਹਦੀ ਉਮਰ॥ ੨॥

ਸਿਰਾਨੋ = ਮੁੱਕਦੀ ਜਾ ਰਹੀ ਹੈ। **ਪੰਥ** = ਜੀਵਨ ਦਾ ਰਾਹ। **ਸਾਂਝ ਪਰੀ** = ਬੁਢਾਪਾ ਆ ਗਿਆ ਹੈ। **ਦਹਦਿਸ** = ਦਸ ਦਿਸ਼ਾਵਾਂ। **ਅੰਧਿਆਰਾ** = ਅਗਿਆਨਤਾ ਦਾ ਹਨੇਰਾ। **ਨਿਦਾਨਿ** = ਅੰਤ ਨੂੰ, ਓੜਕ ਨੂੰ। **ਫਨਖਾਨੇ** = ਨਾਸ਼ਵਾਨ॥ ੩॥ ੨॥

---

1. ਆਦਿ ਗ੍ਰੰਥ – ਪੰਨਾ : ੭੯੩-੭੯੪

ਸ਼ਬਦ ਦਾ ਅੰਤਰੀਵ ਵਿਚਾਰ ਵਿਧਾਨ

ਗੁਰੂ ਰਵਿਦਾਸ ਜੀ ਨੇ ਇਸ ਸ਼ਬਦ ਵਿੱਚ ਜਨਮ ਤੋਂ ਲੈਕੇ ਮੌਤ ਤੱਕ ਦੇ ਜੀਵਨ ਦੀ ਅਸਲੀਅਤ ਨੂੰ ਵਿਅਕਤ ਕੀਤਾ ਹੈ। ਮੌਤ, ਜਨਮ, ਜਵਾਨੀ ਅਤੇ ਬੁਢਾਪੇ ਦੇ ਹਰ ਪੱਖ ਨੂੰ ਸਪਸ਼ਟ ਕਰਕੇ ਜੀਵ ਨੂੰ ਸੁਚੇਤ ਕੀਤਾ ਹੈ ਕਿ ਇਹ ਦੁਨੀਆਂ ਨਾਸ਼ਵਾਨ ਹੈ। ਇਸ ਲਈ ਤੂੰ ਮੋਹ ਮਾਇਆ ਨੂੰ ਵਿਸਾਰ ਕੇ ਪ੍ਰਭ ਦਾ ਸਿਮਰਨ ਕਰ।

ਇਸ ਕਰਕੇ ਗੁਰੂ ਰਵਿਦਾਸ ਜੀ ਬੰਦ ਨੰ. ੧ ਵਿੱਚ ਮੌਤ ਬਾਰੇ ਸਪਸ਼ਟ ਕਰਦੇ ਹਨ ਕਿ ਜਿਵੇਂ—ਜੋ ਦਿਨ ਚੜ੍ਹਦਾ ਹੈ, ਉਸ ਨੇ ਹਰ ਹਾਲਤ ਵਿੱਚ ਛਿਪਣਾ ਹੈ, ਤਿਵੇਂ ਜਿਸ ਜੀਵ ਨੇ ਜਨਮ ਲਿਆ ਹੈ ਉਸ ਨੇ ਹਰ ਹਾਲਤ ਵਿੱਚ ਮਰਨਾ ਹੈ, ਇਥੇ ਸਦਾ ਲਈ ਕੋਈ ਵੀ ਜੀਵਤ ਨਹੀਂ ਰਹਿ ਸਕਿਆ। ਇਸ ਅਟੱਲ ਸੱਚਾਈ ਨੂੰ ਗੁਰੂ ਜੀ ਆਪਣੇ ਆਪ ਤੇ ਲਾਗੂ ਕਰਦੇ ਹਨ ਕਿ ਮੇਰੇ ਸਾਥੀ ਚਲਦੇ ਜਾ ਰਹੇ ਹਨ ਭਾਵ ਮੇਰੇ ਸਾਥੀਆਂ ਦਾ ਅੰਤ ਸਮਾਂ ਆ ਗਿਆ ਹੈ ਅਤੇ ਮੇਰਾ ਅੰਤ ਸਮਾਂ ਵੀ ਨੇੜੇ ਆ ਰਿਹਾ ਹੈ। ਇਹ ਪੈਂਡਾ ਦੂਰ ਦਾ ਹੈ, ਮੌਤ ਪਤਾ ਨਹੀਂ ਕਦੋਂ ਆ ਜਾਵੇ।

ਇਸ ਤਰ੍ਹਾਂ ਗੁਰੂ ਰਵਿਦਾਸ ਜੀ ਨੇ ਦ੍ਰਿੜ ਕੀਤਾ ਹੈ ਕਿ ਮੌਤ ਅਟੱਲ ਹੈ ਅਤੇ ਕਦੇ ਵੀ ਆ ਸਕਦੀ ਹੈ। ਇਸ ਕਰਕੇ ਸੰਸਾਰ ਨਾਸ਼ਵਾਨ ਹੈ ਕਿਉਂਕਿ ਜੋ ਵੀ ਪੈਦਾ ਹੋਇਆ ਹੈ ਉਸਨੇ ਜ਼ਰੂਰ ਮਰਨਾ ਹੈ।

ਇਸ ਲਈ ਗੁਰੂ ਰਵਿਦਾਸ ਜੀ 'ਰਹਾਉ' ਵਿੱਚ ਜੀਵ ਨੂੰ ਸੁਚੇਤ ਕਰਦਿਆਂ ਫਰਮਾਉਂਦੇ ਹਨ ਕਿ ਹੇ ਗਾਫ਼ਲ! ਤੂੰ ਕਿਉਂ ਆਪਣੇ ਜੀਵਨ ਅਤੇ ਸੰਸਾਰ ਨੂੰ ਸਦੀਵੀ ਸਮਝ ਲਿਆ ਹੈ? ਤੂੰ ਕਿਉਂ ਅਗਿਆਨਤਾ ਦੀ ਨੀਂਦ ਵਿੱਚ ਸੁੱਤਾ ਹੋਇਆ ਹੈਂ? ਤੂੰ ਜਾਗ! ਅਗਿਆਨਤਾ ਦੇ ਹਨੇਰੇ ਵਿੱਚੋਂ ਨਿਕਲ ਕੇ ਗਿਆਨ ਦੇ ਪ੍ਰਕਾਸ਼ ਨੂੰ ਪ੍ਰਾਪਤ ਕਰ।

ਗੁਰੂ ਰਵਿਦਾਸ ਜੀ ਬੰਦ ਨੰ. ੨ ਵਿੱਚ ਦ੍ਰਿੜ ਕਰਦੇ ਹਨ ਕਿ ਪ੍ਰਭ ਨੇ ਗਿਆਨ ਪ੍ਰਾਪਤੀ ਲਈ ਤੈਨੂੰ ਹਰ ਪੱਖੋਂ ਆਜ਼ਾਦ ਕੀਤਾ ਹੈ। ਉਸਨੇ ਜਿਸ ਨੂੰ ਵੀ ਜਨਮ ਦਿੱਤਾ ਹੈ, ਉਸ ਦੀ ਪੇਟ ਦੀ ਭੁੱਖ ਮਿਟਾਉਣ ਲਈ ਅੰਨ ਦੇ ਅਮੁੱਕ ਭੰਡਾਰ, ਉਸ ਨੂੰ ਬਿਨ੍ਹਾਂ ਸ਼ਰਤ, ਬਿਨ੍ਹਾਂ ਕਿਸੇ ਕੰਮ ਕਰਨ ਤੋਂ ਹਰ ਸਮੇਂ, ਹਰ ਹਾਲਤ ਵਿੱਚ ਪ੍ਰਦਾਨ ਕੀਤੇ ਹਨ।

ਇਸ ਲਈ ਗੁਰੂ ਰਵਿਦਾਸ ਜੀ ਜੀਵ ਨੂੰ ਉਤਸ਼ਾਹਿਤ ਕਰਕੇ ਉਪਦੇਸ਼ ਦਿੰਦੇ ਹਨ ਕਿ ਉਹ ਮੇਰ, ਤੇਰ ਭਾਵ ਹੰਕਾਰ ਆਦਿ ਵਿਕਾਰਾਂ ਨੂੰ ਛੱਡ ਕੇ ਹਿਰਦੇ ਵਿੱਚ

ਪ੍ਰਭ ਦਾ ਸਿਮਰਨ ਕਰਕੇ, ਆਪਣੀ ਜਵਾਨੀ (ਸਿਖਰ ਦੁਪਹਿਰ) ਨੂੰ ਤਬਾਹੀ ਤੋਂ ਬਚਾ ਲਵੇ।

ਪਰ ਬੜੀ ਹੈਰਾਨ ਦੀ ਗਲ ਹੈ ਕਿ ਉੱਚ ਅਹੁਦੇ ਤੇ ਵਿਰਾਜਮਾਨ ਡਾ. ਧਰਮ ਪਾਲ ਸਿੰਗਲ (ਹੁਣ ਸਾਬਕਾ) ਪ੍ਰੋਫੈਸਰ ਅਤੇ ਮੁਖੀ, ਗੁਰੂ ਰਵਿਦਾਸ ਚੇਅਰ, ਪੰਜਾਬ ਯੂਨੀਵਰਸਿਟੀ ਅਤੇ ਕੁਝ ਹੋਰ ਵਿਦਵਾਨ ਹੇਠ ਦਿੱਤੇ ਸਲੋਕ ਜਾਂ ਸਾਖੀ ਨੂੰ ਗੁਰੂ ਰਵਿਦਾਸ ਜੀ ਦਾ ਲਿਖਿਆ ਪ੍ਰਵਾਨ ਕਰਦੇ ਹਨ :

“ਐਸਾ ਚਾਹੂੰ ਰਾਜ ਮੈਂ, ਜਹਾਂ ਮਿਲੈ ਸਬਨ ਕੋ ਅੰਨ।

ਛੋਟ ਬੜੇ ਸਭ ਸਮ ਬਸੈ, ‘ਰਵਿਦਾਸ’ ਰਹੈ ਪ੍ਰਸਨ॥ ੨੩੬॥” [1]

ਇਹ ਸਲੋਕ ਜਾਂ ਸਾਖੀ ਉਪਰੋਕਤ ਬੰਦ ਨੰ. ੨ ਦੀ ਵਿਚਾਰਧਾਰਾ ਦੇ ਵਿਰੁਧ ਹੈ। ਇਥੇ ਹੀ ਬਸ ਨਹੀਂ, ਇਹ ਸਾਖੀ ਗੁਰੂ ਰਵਿਦਾਸ ਜੀ ਅਤੇ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਵਿਚਾਰਧਾਰਾ ਦਾ ਵਿਰੋਧ ਵੀ ਕਰਦੀ ਹੈ। ਸਾਰੀ ਸ੍ਰਿਸ਼ਟੀ ਵਿਚ ਹਰ ਇਕ ਜੀਵ ਲਈ, ਉਸ ਦੇ ਜਨਮ ਦੇ ਨਾਲ ਹੀ, ਉਸ ਦੀ ਸਾਰੀ ਜਿੰਦਗੀ ਲਈ, ਪ੍ਰਭ ਅੰਨ ਦਾ ਪ੍ਰਬੰਧ ਕਰਦਾ ਹੈ।

ਜਿਨਿ ਜਿਉ ਦੀਆ ਸੋ ਰਿਜਕ ਅੰਬਰਾਵੈ॥

ਸਭ ਘਟ ਭੀਤਰਿ ਹਾਟ ਚਲਾਵੈ॥

ਇਸ ਤਰ੍ਹਾਂ ਇਸ ਬੰਦ ਵਿਚ ਨਿਰੂਪਤ ਵਿਚਾਰ-ਸਿਧਾਂਤ, ਪ੍ਰਭ ਦੇ ਅੰਨ ਪ੍ਰਬੰਧ ਦੀ ਵਿਆਖਿਆ ਵੀ ਹੈ ਅਤੇ ਪ੍ਰੋੜਤਾ ਵੀ।

ਇਸ ਤਰ੍ਹਾਂ ਉਪਰੋਕਤ ਸਾਖੀ, ਗੁਰੂ ਰਵਿਦਾਸ ਜੀ ਦੀ ਰਚਨਾ ਨਹੀਂ ਹੈ ਕਿਉਂਕਿ ਗੁਰੂ ਰਵਿਦਾਸ ਜੀ “ਧੁਰ ਕੀ ਬਾਣੀ” ਦੀ ਵਿਚਾਰਧਾਰਕ ਤੌਰ ਤੇ ਵਿਰੋਧਤਾ ਕਰਦੀ ਹੈ। ਇਸ ਲਈ ਇਹ ਦ੍ਰਿੜ ਹੋ ਜਾਂਦਾ ਹੈ ਕਿ ਸਾਖੀ ਕਿਸੇ ਅਗਿਆਨੀ ਦੀ ਰਚਨਾ ਹੈ। ਸੋ ਡਾ. ਧਰਮਪਾਲ ਸਿੰਗਲ ਨੇ ਇਸ ਸਾਖੀ ਨੂੰ ਗੁਰੂ ਰਵਿਦਾਸ ਜੀ ਰਚਨਾ ਪ੍ਰਵਾਨ ਕਰਕੇ ਅਗਿਆਨਤਾ ਦਾ ਹੀ ਸਬੂਤ ਦਿੱਤਾ ਹੈ।

ਗੁਰੂ ਰਵਿਦਾਸ ਜੀ ਬੰਦ ਨੰ. ੩ ਵਿੱਚ ਬੁਢਾਪੇ (ਦਿਨ ਦੇ ਛਿਪਣ) ਵੇਲੇ ਜੀਵ ਨੂੰ ਸਪਸ਼ਟ ਕਰਦੇ ਹਨ ਕਿ ਤੂੰ ਸਾਰਾ ਜੀਵਨ ਪ੍ਰਭ ਦਾ ਸਿਮਰਨ ਨਹੀਂ ਕੀਤਾ, ਹੁਣ ਉਮਰ ਮੁੱਕਣ ਤੇ ਆ ਗਈ ਹੈ। ਪਰ ਤੂੰ ਪੁਰਸਲਾਤ ਦੇ ਪੈਂਡੇ ਨੂੰ ਗਿਆਨ ਦੇ ਪ੍ਰਕਾਸ਼ ਨਾਲ ਪ੍ਰਕਾਸ਼ਮਾਨ ਨਹੀਂ ਕੀਤਾ। ਇਸ ਲਈ ਅੰਤ ਸਮੇਂ ਦਸੇ

1. ਬਾਣੀ ਸ੍ਰੀ ਗੁਰੂ ਰਵਿਦਾਸ ਜੀ - ਪੰਨਾ : ੯੧

ਦਿਸ਼ਾਵਾਂ ਵਲ ਅਗਿਆਨਤਾ ਦਾ ਹਨੇਰਾ ਹੀ ਹਨੇਰਾ ਹੋਣਾ ਹੈ। ਸੋ ਗੁਰੂ ਜੀ ਫ਼ਰਮਾਉਂਦੇ ਹਨ ਕਿ ਹੇ ਗਾਫ਼ਲ! ਤੂੰ ਅੰਤ ਨੂੰ ਇਸ ਨਾਸ਼ਵਾਨ ਦੁਨੀਆਂ ਤੋਂ ਕੂਚ ਕਰ ਜਾਣਾ ਹੈ। ਫਿਰ ਤੂੰ ਪ੍ਰਭ ਦੇ ਨਾਮ ਦਾ ਸਿਮਰਨ ਕਿਉਂ ਨਹੀਂ ਕਰਦਾ? ਭਾਵ ਤੂੰ ਇਸ ਨਾਸ਼ਵਾਨ ਦੁਨੀਆਂ ਤੋਂ ਮੁਕਤੀ ਪ੍ਰਾਪਤ ਕਰਨ ਲਈ ਪ੍ਰਭ ਦਾ ਸਿਮਰਨ ਜ਼ਰੂਰ ਕਰ।

ਇਹ ਸ਼ਬਦ ਰਾਗੁ ਸੂਹੀ ਅਨੁਸਾਰ ਜੀਵ ਨੂੰ ਪ੍ਰਭ ਪ੍ਰਾਪਤੀ ਲਈ, ਪ੍ਰਭ ਸਿਮਰਨ ਕਰਨ ਲਈ ਉਤਸ਼ਾਹਿਤ ਕਰਦਾ ਹੈ।

ਸ਼ਬਦ ਅਰਥ : ਜਿਵੇਂ ਦਿਨ ਚੜ੍ਹਦਾ ਹੈ ਅਤੇ ਛਿਪ ਜਾਂਦਾ ਹੈ ਤਿਵੇਂ ਜੀਵ ਜਨਮ ਲੈਂਦਾ ਹੈ ਅਤੇ ਜੀਵਨ ਭੋਗ ਕੇ ਮਰ ਜਾਂਦਾ ਹੈ। ਕੋਈ ਵੀ ਸਦਾ ਲਈ ਨਹੀਂ ਰਹਿੰਦਾ, ਇਥੇ ਹਰ ਸ਼ੈਅ ਦਾ ਅੰਤ ਹੁੰਦਾ ਹੈ। ਮੇਰੇ ਸਾਥੀ ਜਾ ਰਹੇ ਹਨ ਅਤੇ ਮੈਂ ਵੀ ਜਾਣ ਲਈ ਤਿਆਰ ਹਾਂ। ਇਹ ਪੈਂਡਾ ਦੂਰ ਦਾ ਹੈ। ਪਤਾ ਨਹੀਂ ਮੌਤ ਕਦੋਂ ਆ ਜਾਵੇ॥ ੧॥

ਇਸ ਲਈ ਹੇ ਕਮਲੇ! ਤੂੰ ਕਿਉਂ ਅਗਿਆਨਤਾ ਦੀ ਨੀਂਦ ਸੁੱਤਾ ਹੈ ਅਤੇ ਆਪਣੇ ਜੀਵਨ ਅਤੇ ਜਗਤ ਨੂੰ ਸੱਚ ਸਮਝ ਲਿਆ ਹੈ? ਤੂੰ ਅਗਿਆਨਤਾ ਦੇ ਹਨੇਰੇ ਨੂੰ ਪ੍ਰਭ ਦਾ ਸਿਮਰਨ ਕਰਕੇ ਗਿਆਨ ਦੇ ਪ੍ਰਕਾਸ਼ ਨਾਲ ਰੌਸ਼ਨ ਕਰ॥ ੧॥ ਰਹਾਉ॥

ਪ੍ਰਭ ਸਿਮਰਨ ਦੇ ਮੰਤਵ ਨੂੰ ਪੂਰਾ ਕਰਨ ਲਈ ਪ੍ਰਭ ਨੇ ਜਿਸ ਜੀਵ ਨੂੰ ਜਨਮ ਦਿੱਤਾ ਹੈ, ਉਸ ਦੀ ਪੇਟ-ਪੂਜਾ ਲਈ ਅੰਨ ਦੇ ਅਮੁੱਕ ਭੰਡਾਰ ਪੈਦਾ ਕਰ ਦਿੱਤੇ ਹਨ। ਉਹ ਆਪ ਜੀਵ ਅੰਦਰ ਬੈਠਾ ਇਸ ਦਾ ਪ੍ਰਬੰਧ ਚਲਾ ਰਿਹਾ ਹੈ। ਇਸ ਲਈ ਹੇ ਜੀਵ! ਤੂੰ ਮੇਰ ਤੇਰ ਭਾਵ ਹੰਕਾਰ ਆਦਿ ਵਿਕਾਰਾਂ ਦਾ ਤਿਆਗ ਕਰਕੇ, ਮਨ ਵਿੱਚ ਪ੍ਰਭ ਸਿਮਰਨ ਕਰਕੇ ਜਵਾਨੀ ਦੇ ਸਮੇਂ ਨੂੰ ਸੰਭਾਲ॥ ੨॥

ਜੀਵਨ ਦਾ ਸਮਾਂ ਮੁਕਦਾ ਜਾ ਰਿਹਾ ਹੈ, ਪਰ ਹੇ ਜੀਵ! ਤੂੰ ਅਜੇ ਆਪਣੇ ਪੈਂਡੇ ਨੂੰ ਗਿਆਨ ਦੇ ਪ੍ਰਕਾਸ਼ ਨਾਲ ਰੌਸ਼ਨ ਨਹੀਂ ਕੀਤਾ। ਇਸ ਕਰਕੇ ਬੁਢਾਪੇ ਪਿੱਛੋਂ ਅੰਤ ਸਮੇਂ ਦਸੇ ਦਿਸ਼ਾਵਾਂ ਵਿੱਚ ਅਗਿਆਨਤਾ ਦਾ ਹਨੇਰਾ ਹੀ ਹਨੇਰਾ ਹੋਣਾ ਹੈ। ਇਸ ਲਈ ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਹੇ ਕਮਲੇ! ਤੂੰ ਪ੍ਰਭ ਦਾ ਸਿਮਰਨ ਕਿਉਂ ਨਹੀਂ ਕਰਦਾ? ਇਹ ਦੁਨੀਆਂ ਜਿਸਨੂੰ ਤੂੰ ਸੱਚ ਮੰਨੀ ਬੈਠਾ ਹੈ ਅੰਤ ਨੂੰ ਨਾਸ਼ ਹੋਣ ਵਾਲੀ ਹੈ। ਇਸ ਲਈ ਤੂੰ ਪ੍ਰਭ ਦਾ ਸਿਮਰਨ ਕਰਕੇ ਮੁਕਤੀ ਪ੍ਰਾਪਤ ਕਰ॥ ੩॥ ੨॥

ੴ ਸਤਿਗੁਰ ਪ੍ਰਸਾਦਿ॥

ਰਾਗੁ ਸੂਹੀ ਬਾਣੀ ਸ੍ਰੀ ਰਵਿਦਾਸ ਜੀਉ ਕੀ

ਊਚੇ ਮੰਦਰ ਸਾਲ ਰਸੋਈ॥
ਏਕ ਘਰੀ ਫੁਨਿ ਰਹਨੁ ਨ ਹੋਈ॥ ੧॥
ਇਹੁ ਤਨੁ ਐਸਾ ਜੈਸੇ ਘਾਸ ਕੀ ਟਾਟੀ॥
ਜਲਿ ਗਇਓ ਘਾਸੁ ਰਲਿ ਗਇਓ ਮਾਟੀ॥ ੧॥ ਰਹਾਉ॥
ਭਾਈ ਬੰਧ ਕੁਟੰਬ ਸਹੇਰਾ॥
ਓਇ ਭੀ ਲਾਗੇ ਕਾਢੁ ਸਵੇਰਾ॥ ੨॥
ਘਰ ਕੀ ਨਾਰਿ ਉਰਹਿ ਤਨ ਲਾਗੀ॥
ਉਹ ਤਉ ਭੂਤੁ ਭੂਤੁ ਕਰਿ ਭਾਗੀ॥ ੩॥
ਕਹਿ ਰਵਿਦਾਸ ਸਭੈ ਜਗੁ ਲੂਟਿਆ॥
ਹਮ ਤਉ ਏਕ ਰਾਮ ਕਹਿ ਛੂਟਿਆ॥ ੪॥ ੩॥[1]

ਪਦ ਅਰਥ : ਸਾਲ = ਉੱਤਮ, ਵਧੀਆ। (ਜਿਵੇਂ "ਊਚੇ" ਵਿਸ਼ੇਸ਼ਣ ਹੈ ਤਿਵੇਂ "ਸਾਲ" ਵੀ ਰਸੋਈ ਦਾ ਵਿਸ਼ੇਸ਼ਣ ਹੈ। ਇਸ ਲਈ ਸਾਲ ਰਸੋਈ ਦੇ ਅਰਥ, ਰਸੋਈ ਸ਼ਾਲਾ ਜਾਂ ਰਸੋਈ ਖਾਨਾ ਨਹੀਂ ਕੀਤਾ ਜਾ ਸਕਦਾ।) **ਸਾਲ ਰਸੋਈ** = ਉੱਤਮ ਰਸੋਈ। **ਫੁਨਿ** = ਫਿਰ, ਮੁੜ॥ ੧॥

ਟਾਟੀ = ਛੱਪਰ॥ ੧॥ ਰਹਾਉ॥

ਭਾਈ ਬੰਧ = ਰਿਸ਼ਤੇਦਾਰ। **ਕੁਟੰਬ** = ਪਰਿਵਾਰ। **ਸਹੇਰਾ** = ਸਖਾ, ਮਿੱਤਰ॥ ੨॥

ਨਾਰਿ = ਪਤਨੀ, ਵਹੁਟੀ। **ਉਰਹਿ ਤਨ** = ਛਾਤੀ ਨਾਲ। **ਭੂਤ** = ਮੁਰਦਾ, ਪ੍ਰੇਤ॥ ੩॥

ਲੂਟਿਆ = ਠੱਗਿਆ॥ ੪॥ ੩॥

---

1. ਆਦਿ ਗ੍ਰੰਥ - ਪੰਨਾ : ੭੯੪

ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ

ਗੁਰੂ ਰਵਿਦਾਸ ਜੀ ਇਸ ਸ਼ਬਦ ਵਿੱਚ ਸਪਸ਼ਟ ਕਰਦੇ ਹਨ ਕਿ ਦੁਨਿਆਵੀ ਰਿਸ਼ਤੇ ਅਤੇ ਪਦਾਰਥ ਮਨੁੱਖ ਦੇ ਅਸਲੀ ਸਾਥੀ ਨਹੀਂ ਹਨ, ਅਸਲੀ ਸਾਥੀ ਤਾਂ ਪ੍ਰਭ ਦੇ ਨਾਮ ਦਾ ਸਿਮਰਨ ਹੈ, ਜਿਹੜਾ ਸਦਾ ਨਾਲ ਨਿਭਦਾ ਹੈ।

ਇਸ ਲਈ ਗੁਰੂ ਰਵਿਦਾਸ ਜੀ ਬੰਦ ਨੰ. ੧ ਵਿੱਚ ਸਪਸ਼ਟ ਕਰਦੇ ਹਨ ਕਿ ਉੱਚੀਆਂ ਉੱਚੀਆਂ ਕੋਠੀਆਂ ਅਤੇ ਉਨ੍ਹਾਂ ਵਿੱਚ ਵਧੀਆ ਵਧੀਆ ਰਸੋਈਆਂ ਦਾ ਮਨੁੱਖ ਨੂੰ ਹੰਕਾਰ ਨਹੀਂ ਕਰਨਾ ਚਾਹੀਦਾ ਕਿਉਂਕਿ ਮਰਨ ਉਪਰੰਤ ਮਨੁੱਖ ਨੇ ਇੱਕ ਪਲ ਲਈ ਵੀ ਇਨ੍ਹਾਂ ਵਿਚ ਨਹੀਂ ਰਹਿ ਸਕਣਾ।

'ਰਹਾਉ' ਗੁਰੂ ਰਵਿਦਾਸ ਜੀ ਅਟੱਲ ਸੱਚਾਈ ਦਾ ਵਰਨਣ ਕਰਦੇ ਹੋਏ ਮਨੁੱਖ ਦੇ ਸਰੀਰ ਦੀ ਨਾਸ਼ਵਾਨਤਾ ਨੂੰ ਸਪਸ਼ਟ ਕਰਦੇ ਕਹਿੰਦੇ ਹਨ ਕਿ ਜਿਵੇਂ ਘਾਹ ਦੀ ਛੱਪਰੀ ਅੱਗ ਲੱਗਣ ਨਾਲ ਸੁਆਹ ਹੋਕੇ ਮਿੱਟੀ ਨਾਲ ਮਿਲ ਜਾਂਦੀ ਹੈ ਅਤੇ ਉਸ ਦਾ ਕੋਈ ਨਿਸ਼ਾਨ ਬਾਕੀ ਨਹੀਂ ਬਚਦਾ ਤਿਵੇਂ ਹੀ ਮਨੁੱਖ ਦਾ ਸਰੀਰ ਮਰਨ ਉਪਰੰਤ ਮਿੱਟੀ ਵਿੱਚ ਮਿਲਕੇ ਮਿੱਟੀ ਹੋ ਜਾਂਦਾ ਹੈ ਅਤੇ ਇਸ ਦਾ ਵੀ ਨਾਮੋ-ਨਸ਼ਾਨ ਮਿੱਟ ਜਾਂਦਾ ਹੈ। ਸੋ ਅੰਤ ਸਮੇਂ ਮਨੁੱਖ ਦਾ ਆਪਣਾ ਸਰੀਰ ਵੀ ਸਹਾਈ ਨਹੀਂ ਹੁੰਦਾ।

ਜਾਇਦਾਦ ਦੇ ਲਾਲਚ ਤੋਂ ਸਾਵਧਾਨ ਕਰਨ ਪਿਛੋਂ ਗੁਰੂ ਜੀ ਬੰਦ ਨੰ. ੨ ਵਿੱਚ ਦੁਨਿਆਵੀ ਰਿਸ਼ਤਿਆਂ ਦੇ ਮੌਤ ਪਿਛੋਂ ਵਰਤਾਰੇ ਦੀ ਭਿਆਨਕਤਾ ਦ੍ਰਿਸ਼ਾਉਂਦੇ ਹਨ ਕਿ ਮੌਤ ਪਿਛੋਂ ਰਿਸ਼ਤੇਦਾਰ, ਪਰਿਵਾਰ ਅਤੇ ਸੱਜਣ-ਸਾਥੀ, ਉਸ ਨੂੰ ਮਿੱਟੀ ਸਮਝ ਕੇ ਛੇਤੀ ਤੋਂ ਛੇਤੀ ਘਰੋਂ ਕੱਢਣ ਲਈ ਕਾਹਲੇ ਪੈ ਜਾਂਦੇ ਹਨ।

ਇਥੋਂ ਤੱਕ ਕਿ ਆਪਣੀ ਪਤਨੀ ਜਿਹੜੀ ਪ੍ਰੇਮ ਹੇਤ ਸਦਾ ਹੀ ਛਾਤੀ ਨਾਲ ਲੱਗੀ ਰਹਿੰਦੀ ਸੀ, ਉਹ ਵੀ ਮਨੁੱਖ ਦੇ ਮਰਨ ਨਾਲ ਹੀ ਸਾਥ ਛੱਡ ਦਿੰਦੀ ਹੈ ਅਤੇ "ਮਰ ਗਿਆ", "ਮਰ ਗਿਆ" ਕਹਿ ਕੇ ਦੂਰ ਭੱਜ ਜਾਂਦੀ ਹੈ। ਬੰਦ ਨੰ. ੩ ਦੇ ਇਸ ਵਿਚਾਰ ਦਾ ਮੰਤਵ ਇਹ ਹੈ ਕਿ ਮਨੁੱਖ ਜਿਨ੍ਹਾ ਨੂੰ ਸਾਰੀ ਉਮਰ ਆਪਣੇ ਸਮਝਕੇ ਮੋਹ-ਮਾਇਆ ਵਿੱਚ ਫਸਿਆ ਰਿਹਾ, ਉਹ ਵੀ ਅੰਤ ਸਮੇਂ ਸਾਥ ਛੱਡ ਜਾਂਦੇ ਹਨ।

ਸੋ ਗੁਰੂ ਰਵਿਦਾਸ ਜੀ ਬੰਦ ਨੰ. ੪ ਵਿੱਚ ਸਦੀਵੀ ਅਟੱਲ ਸੱਚਾਈ ਦਾ ਜ਼ਿਕਰ ਕਰਦੇ ਫਰਮਾਉਂਦੇ ਹਨ ਕਿ ਦੁਨਿਆਵੀ ਰਿਸ਼ਤੇ ਅਤੇ ਪਦਾਰਥ ਨਾਸ਼ਵਾਨ ਹਨ ਕੇਵਲ ਪ੍ਰਭ ਦਾ ਨਾਮ ਹੀ ਅਮਰ ਹੈ। ਸੋ ਪ੍ਰਭ ਦਾ ਨਾਮ-ਸਿਮਰਨ ਹੀ ਮਨੁੱਖ ਦਾ ਅਸਲ ਸਾਥੀ ਹੈ ਜਿਹੜਾ ਨਾਸ਼ਵਾਨਤਾ ਭਾਵ ਵਿਕਾਰਾਂ ਤੋਂ ਮੁਕਤ ਕਰਾਉਂਦਾ ਹੈ ਅਤੇ ਪ੍ਰਭ ਨੂੰ ਮਿਲਾਉਂਦਾ ਹੈ।

ਸ਼ਬਦ ਅਰਥ :— ਮਨੁੱਖ ਉੱਚੀਆਂ ਉੱਚੀਆਂ ਕੋਠੀਆਂ ਅਤੇ ਵਧੀਆ ਵਧੀਆ ਰਸੋਈਆਂ ਦਾ ਹੰਕਾਰ ਕਰਦਾ ਹੈ। ਪਰ ਅੰਤ ਸਮੇਂ ਇਨ੍ਹਾਂ ਵਿੱਚ ਇੱਕ ਪਲ ਲਈ ਵੀ ਰਹਿਣਾ ਨਸੀਬ ਨਹੀਂ ਹੋਣਾ। ਭਾਵ ਮਰਨ ਉਪਰੰਤ ਇਨ੍ਹਾਂ ਨੂੰ ਇਥੇ ਹੀ ਛੱਡ ਜਾਣਾ ਹੈ॥ ੧॥

ਇਹ ਸਰੀਰ ਵੀ ਘਾਹ ਦੀ ਬਣੀ ਛੱਪਰੀ ਵਾਂਗ ਹੈ। ਜਿਵੇਂ ਘਾਹ ਸੜਕੇ ਸੁਆਹ ਹੋਕੇ ਮਿੱਟੀ ਵਿੱਚ ਮਿਲ ਜਾਂਦਾ ਹੈ ਤਿਵੇਂ ਸਰੀਰ ਵੀ ਮਰਨ ਉਪਰੰਤ ਮਿੱਟੀ ਨਾਲ ਮਿਲਕੇ ਮਿੱਟੀ ਹੀ ਹੋ ਜਾਂਦਾ ਹੈ। ਸੋ ਮਨੁੱਖਾ ਸਰੀਰ ਵੀ ਨਾਸ਼ਵਾਨ ਹੈ॥ ੧॥ ਰਹਾਉ॥

ਮਰਨ ਉਪਰੰਤ ਰਿਸ਼ਤੇਦਾਰ, ਪਰਿਵਾਰ, ਦੋਸਤ-ਮਿੱਤਰ ਵੀ ਲਾਸ਼ ਨੂੰ ਘਰੋਂ ਕੱਢਣ ਲਈ ਕਾਹਲੇ ਪੈ ਜਾਂਦੇ ਹਨ। ਸੋ ਅੰਤ ਸਮੇਂ ਸਾਰੇ ਹੀ ਸਾਥ ਛੱਡ ਜਾਂਦੇ ਹਨ॥ ੨॥

ਇਥੋਂ ਤੱਕ ਕਿ ਘਰ ਦੀ ਆਪਣੀ ਪਤਨੀ, ਜਿਹੜੀ ਪ੍ਰੇਮ ਹੇਤ ਛਾਤੀ ਨਾਲ ਲੱਗੀ ਰਹਿੰਦੀ ਸੀ, ਉਹ ਵੀ "ਮਰ ਗਿਆ ਹੈ", "ਮਰ ਗਿਆ ਹੈ' ਕਹਿਕੇ ਦੂਰ ਨਸ ਜਾਂਦੀ ਹੈ, ਉਹ ਵੀ ਸਾਥ ਛੱਡ ਜਾਂਦੀ ਹੈ॥ ੩॥

ਇਸ ਕਰਕੇ ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਦੁਨਿਆਵੀ ਰਿਸ਼ਤਿਆਂ ਅਤੇ ਪਦਾਰਥਕ ਲਾਲਚਾਂ ਕਾਰਣ ਸਾਰਾ ਸੰਸਾਰ ਹੀ ਠੱਗਿਆ ਜਾ ਰਿਹਾ ਹੈ, ਪਰ ਮੈਂ ਪ੍ਰਭ ਦਾ ਨਾਮ ਸਿਮਰ ਕੇ ਇਨ੍ਹਾਂ ਵਿਕਾਰਾਂ ਤੋਂ ਮੁਕਤ ਹੋ ਗਿਆ ਹਾਂ॥ ੪॥ ੩॥

ੴ ਸਤਿਗੁਰ ਪ੍ਰਸਾਦਿ॥

ਬਿਲਾਵਲੁ ਬਾਣੀ ਰਵਿਦਾਸ ਭਗਤ ਕੀ

ਦਾਰਿਦੁ ਦੇਖਿ ਸਭੁ ਕੋ ਹਸੈ ਐਸੀ ਦਸਾ ਹਮਾਰੀ॥
ਅਸਟ ਦਸਾ ਸਿਧਿ ਕਰ ਤਲੈ ਸਭ ਕ੍ਰਿਪਾ ਤੁਮਾਰੀ॥ ੧॥
ਤੂ ਜਾਨਤ ਮੈ ਕਿਛੁ ਨਹੀਂ ਭਵਖੰਡਨ ਰਾਮ॥
ਸਗਲ ਜੀਅ ਸਰਨਾਗਤੀ ਪ੍ਰਭ ਪੂਰਨ ਕਾਮ॥ ੧॥ ਰਹਾਉ॥
ਜੋ ਤੇਰੀ ਸਰਨਾਗਤਾ ਤਿਨ ਨਾਹੀ ਭਾਰੁ॥
ਊਚ ਨੀਚ ਤੁਮ ਤੇ ਤਰੇ ਆਲਜੁ ਸੰਸਾਰ॥ ੨॥
ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ॥
ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ॥ ੩॥ ੧॥[1]

ਪਦ ਅਰਥ :—ਦਾਰਿਦੁ = ਗਰੀਬੀ, ਨਿਰਧਨਤਾ। **ਅਸਟ ਦਸਾ** = ਅਠਾਰ੍ਹਾਂ। **ਕਰ ਤਲੈ** = ਹੱਥ ਦੀ ਤਲੀ ਉੱਪਰ॥ ੧॥

ਭਵ ਖੰਡਨ = ਜਨਮ ਮਰਨ ਦੇ ਚੱਕਰ ਨੂੰ ਨਾਸ਼ ਕਰਨ ਵਾਲਾ। **ਪੂਰਨ ਕਾਮ** = ਸਭ ਕਾਮਨਾਵਾਂ ਪੂਰੀਆਂ ਕਰਨ ਵਾਲਾ॥ ੧॥ ਰਹਾਉ॥

ਭਾਰੁ = ਵਿਕਾਰਾਂ ਦਾ ਬੋਝ, ਪਾਪਾਂ ਦਾ ਬੋਝ। **ਆਲਜੁ** = ਬਖੇੜੇ ਭਰਿਆ, ਜੰਜਾਲ ਭਰਪੂਰ॥ ੨॥

ਅਕਥ = ਕਥਨ ਤੋਂ ਬਾਹਰ, ਬਿਆਨ ਤੋਂ ਪਰੇ। **ਬਹੁ** = ਬਹੁਤੀ। **ਕਾਇ** = ਕੀ॥ ੩॥ ੧॥

---

1. ਆਦਿ ਗ੍ਰੰਥ - ਪੰਨਾ : ੮੫੮

ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ

ਗੁਰੂ ਰਵਿਦਾਸ ਜੀ ਇਸ ਸ਼ਬਦ ਵਿੱਚ ਜਾਤ-ਪਾਤ, ਛੂਤ-ਛਾਤ ਦਾ ਖੰਡਨ ਕਰਦੇ ਸਪਸ਼ਟ ਕਰਦੇ ਹਨ ਕਿ ਪ੍ਰਭ ਦੀ ਬਖਸ਼ਿਸ਼-ਭਾਵੇਂ ਕੋਈ ਉਚ ਹੋਵੇ ਜਾਂ ਨੀਚ, ਗਰੀਬ ਹੋਵੇ ਜਾਂ ਅਮੀਰ—ਸਭ ਉੱਪਰ ਇੱਕ ਸਮਾਨ ਹੁੰਦੀ ਹੈ ਅਤੇ ਜੋ ਵੀ ਪ੍ਰਭ ਦਾ ਸਿਮਰਨ ਕਰਦਾ ਹੈ, ਉਸ ਦੀ ਮਿਹਰ ਸਦਕਾ ਉਸ ਦੀਆਂ ਕਾਮਨਾਵਾਂ ਪੂਰੀਆਂ ਹੁੰਦੀਆਂ ਹਨ।

ਇਸੇ ਕਾਰਣ ਗੁਰੂ ਰਵਿਦਾਸ ਜੀ ਬੰਦ ਨੰ. ੧ ਵਿੱਚ ਪ੍ਰਭ ਦੇ ਗੁਣ ਗਾਣ ਕਰਦੇ ਹਨ। ਉਹ ਆਪਣੇ ਬਾਰੇ ਸਪਸ਼ਟ ਕਰਦੇ ਫਰਮਾਉਂਦੇ ਹਨ ਕਿ ਜਾਤ ਪਾਤ, ਛੂਤ-ਛਾਤ ਵਿੱਚੋਂ ਉਪਜੀ ਮੇਰੀ ਅਤਿ ਦੀ ਗਰੀਬੀ ਕਾਰਣ ਹੋਈ ਭੈੜੀ ਹਾਲਤ ਨੂੰ ਦੇਖ ਕੇ ਲੋਕ ਮਖੌਲ ਕਰਦੇ ਸਨ। ਪਰ ਪ੍ਰਭ ਦੀ ਬਖਸ਼ਿਸ਼ ਸਦਕਾ ਹੁਣ ਮੇਰੇ ਕੋਲ ਅਠ੍ਹਾਰਾਂ ਸਿਧੀਆਂ ਹਨ ਭਾਵ ਮੇਰੇ ਪਾਸ ਹਰ ਕਿਸਮ ਦੀ ਨਿਯਾਮਤ ਹੈ।

'ਰਹਾਉ' ਵਿੱਚ ਗੁਰੂ ਰਵਿਦਾਸ ਜੀ ਉਪਰੋਕਤ ਵਿਚਾਰ ਦਾ ਸਿਧਾਂਤ ਵਿਅਕਤ ਕਰਦੇ ਫਰਮਾਉਂਦੇ ਹਨ ਕਿ ਜੋ ਜੋ ਵੀ ਪ੍ਰਭ ਦੀ ਸ਼ਰਨ ਆਉਂਦਾ ਹੈ, ਜਨਮ ਮਰਨ ਦੇ ਚੱਕਰ ਨੂੰ ਨਾਸ਼ ਕਰਨ ਵਾਲਾ ਪ੍ਰਭ, ਉਨ੍ਹਾਂ ਸਾਰਿਆਂ ਦੀਆਂ ਕਾਮਨਾਵਾਂ ਪੂਰੀਆਂ ਕਰਦਾ ਹੈ। ਭਾਵ ਜਿਵੇਂ ਅਤਿ ਦੀ ਗਰੀਬੀ ਕਾਰਣ ਮੇਰੀ ਹਾਸੋ ਹੀਣੀ ਹਾਲਤ ਬਣ ਗਈ ਸੀ ਅਤੇ ਪ੍ਰਭ ਦੀ ਮਿਹਰ ਸਦਕਾ ਮੈਂ ਤਰ ਗਿਆ ਹਾਂ ਤਿਵੇਂ ਜੋ ਵੀ ਕਿਸੇ ਵੀ ਕਾਰਣ ਦੁਖੀ ਹਾਲਤ ਵਿੱਚ ਪ੍ਰਭ ਦੀ ਸ਼ਰਨ ਆਉਂਦਾ ਹੈ, ਉਸ ਦੀ ਬਖਸ਼ਿਸ਼ ਸਦਕਾ ਉਹ ਆਪਣੀਆਂ ਮੁਸੀਬਤਾਂ ਤੋਂ ਮੁਕਤ ਹੋ ਜਾਂਦਾ ਹੈ।

ਬੰਦ ਨੰ. ੨ ਵਿਚ ਉਪਰੋਕਤ ਸਿਧਾਂਤ ਦੀ ਪੁਸ਼ਟੀ ਕੀਤੀ ਗਈ ਹੈ। ਗੁਰੂ ਰਵਿਦਾਸ ਜੀ ਦ੍ਰਿੜ ਕਰਦੇ ਹਨ ਕਿ ਜੋ ਵੀ ਪ੍ਰਭ ਦੀ ਸ਼ਰਨ ਵਿੱਚ ਜਾਂਦਾ ਹੈ ਭਾਵੇਂ ਉਹ ਗਰੀਬ ਹੈ ਜਾਂ ਅਮੀਰ, ਉੱਚਾ ਹੈ ਜਾਂ ਨੀਵਾਂ, ਬ੍ਰਾਹਮਣ ਹੈ ਜਾਂ ਅਛੂਤ ਪ੍ਰਭ ਇਸ ਬਖੇੜਿਆਂ ਭਰੇ ਸੰਸਾਰ ਵਿੱਚ ਸਭ ਉੱਪਰ ਬਖਸ਼ਿਸ਼ ਕਰਕੇ, ਉਨ੍ਹਾਂ ਨੂੰ ਵਿਕਾਰਾਂ ਕਾਰਣ ਉਪਜੇ ਪਾਪਾਂ ਦੇ ਬੋਝ ਤੋਂ ਮੁਕਤ ਕਰਾ ਦਿੰਦਾ ਹੈ, ਭਾਵ ਪ੍ਰਭ ਨਾਲ ਉਨ੍ਹਾਂ ਦਾ ਮੇਲ ਹੋ ਜਾਂਦਾ ਹੈ।

ਅੰਤ ਵਿੱਚ ਗੁਰੂ ਰਵਿਦਾਸ ਜੀ ਬੰਦ ਨੰ. ੩ ਵਿੱਚ ਪ੍ਰਭ ਦੀਆਂ ਅਨੰਤ ਬਖਸ਼ਿਸ਼ਾਂ ਦਾ ਜ਼ਿਕਰ ਕਰਦੇ ਹਨ ਕਿ ਪ੍ਰਭ ਦੀਆਂ ਅਨੰਤ ਬਖਸ਼ਿਸ਼ਾਂ ਦੀਆਂ ਅਨੰਤ ਕਥਾਵਾਂ ਹਨ ਜਿਨ੍ਹਾਂ ਦਾ ਬਿਆਨ ਨਹੀਂ ਕੀਤਾ ਜਾ ਸਕਦਾ। ਫਿਰ ਅਸੀਂ ਬਹੁਤਾ ਕਹਿ ਕਹਿ ਕੇ ਕੀ ਕਰ ਲੈਣਾ ਹੈ? ਭਾਵ ਜਿੰਨਾ ਮਰਜੀ ਗਿਣਦੇ ਚਲੇ ਜਾਉ ਉਸ ਦੀਆਂ ਰਹਿਮਤਾਂ ਦਾ ਅੰਤ ਨਹੀਂ ਹੋ ਸਕਦਾ। ਇਸ ਜੀਵ ਦੀ ਸਮਰਥਾ ਹੀ ਨਹੀਂ ਹੈ ਕਿ ਉਹ ਪ੍ਰਭ ਦੀਆਂ ਕਥਾਵਾਂ ਦਾ ਕਥਨ ਕਰ ਸਕੇ। ਇਸ ਲਈ ਪ੍ਰਭ ਪ੍ਰਤੀ ਐਨਾ ਹੀ ਕਿਹਾ ਜਾ ਸਕਦਾ ਹੈ ਕਿ ਪ੍ਰਭ ਵਰਗਾ ਕੇਵਲ ਤੇ ਕੇਵਲ ਉਹ ਆਪ ਹੀ ਹੈ,

ਉਸ ਦੀ ਕਿਸੇ ਹੋਰ ਨਾਲ ਉਪਮਾ ਹੋ ਹੀ ਨਹੀਂ ਸਕਦੀ।

ਸੋ ਪ੍ਰਭ ਦੀਆਂ ਬਖਸ਼ਿਸ਼ਾਂ ਅਨੰਤ ਹਨ। ਜੋ ਵੀ ਪ੍ਰਭ ਦੀ ਸ਼ਰਨ ਆਉਂਦਾ ਹੈ, ਉਸ ਦੀਆਂ ਬਖਸ਼ਿਸ਼ਾਂ ਨਾਲ ਭਰਪੂਰ ਹੋ ਜਾਂਦਾ ਹੈ।

ਇਸ ਸ਼ਬਦ ਵਿੱਚ ਆਏ ਵਿਚਾਰ ਰਾਗ ਬਿਲਾਵਲ ਅਨੁਸਾਰ ਵੀ ਢੁਕਵੇਂ ਹਨ। ਪ੍ਰਸਿੱਧ ਸੰਗੀਤ ਸ਼ਾਸਤਰੀਆਂ ਦਾ ਕਥਨ ਹੈ,

> "ਮਿਲਾਪ ਉਪਰੰਤ ਪੈਦਾ ਹੋਈ ਨਿਰਾਲੀ ਖੁਸ਼ੀ ਆਤਮਕ ਜ਼ਿੰਦਗੀ ਦੇ ਸਫ਼ਰ ਵਿੱਚ ਜੋ ਹੁਲਾਸ ਖੇੜਾ ਅਨੰਦ ਪੈਦਾ ਕਰਦੀ ਹੈ ਉਸੇ ਦਾ ਬਹੁਤਾ ਵਰਨਣ ਇਸ ਰਾਗ ਵਿੱਚ ਉਚਾਰੀ ਬਾਣੀ ਵਿੱਚ ਹੈ। ਪਰ "ਦੂਜੇ ਭਾਇ ਬਿਲਾਵਲੁ ਨ ਹੋਵਈ" ਜਿਸ ਮੁਖਿ ਵਿੱਚ ਨਾਮ ਹੈ ਬਿਲਾਵਲ ਉਨ੍ਹਾਂ ਨੂੰ ਸੋਭਦਾ ਹੈ।" [1]

ਉਪਰੋਕਤ ਚਰਚਾ ਤੋਂ ਸਪਸ਼ਟ ਹੈ ਕਿ ਇਸ ਸ਼ਬਦ ਦੀ ਸਿਰਜਣਾ ਰਾਗ ਦੇ ਇਸ ਸਿਧਾਂਤ ਅਨੁਸਾਰ ਹੀ ਕੀਤੀ ਗਈ ਹੈ।

ਪਰਿਭਾਸ਼ਾ - ਜਿਹੋ ਜਿਹਾ ਪਾਰਬ੍ਰਹਮ ਹੈ ਉਹੋ ਜਿਹਾ ਪਾਰਬ੍ਰਹਮ ਕੇਵਲ ਖੁਦ ਹੀ ਹੈ। ਇਸ ਲਈ ਪਾਰਬ੍ਰਹਮ ਨਾਲ ਕਿਸੇ ਹੋਰ ਦੀ ਉਪਮਾ ਨਹੀਂ ਦਿੱਤੀ ਜਾ ਸਕਦੀ ਅਤੇ ਨਾ ਹੀ ਕਿਸੇ ਹੋਰ ਨਾਲ ਪਾਰਬ੍ਰਹਮ ਦੀ ਉਪਮਾ ਦਿੱਤੀ ਜਾ ਸਕਦੀ ਹੈ।

ਨੋਟ : ਸੰਤ ਜਾਂ ਬ੍ਰਹਮ-ਗਿਆਨੀ ਦੀ ਪਾਰਬ੍ਰਹਮ ਨਾਲ ਉਪਮਾਂ ਨਹੀਂ ਦਿੱਤੀ ਜਾ ਸਕਦੀ ਕਿਉਂਕਿ ਸੰਤ ਜਾਂ ਬ੍ਰਹਮ-ਗਿਆਨੀ ਪਾਰਬ੍ਰਹਮ ਦੀ ਹੀ ਸਿਰਜਣਾ ਹੈ। ਪਾਰਬ੍ਰਹਮ ਦੀ ਸਿਰਜਣਾ ਪਾਰਬ੍ਰਹਮ ਦੀ ਹੀ ਬਰਾਬਰੀ ਨਹੀਂ ਕਰ ਸਕਦੀ। ਉਪਮਾ ਸਦਾ ਬਰਾਬਰ ਦੇ ਨਾਲ ਹੀ ਦਿੱਤੀ ਜਾ ਸਕਦੀ ਹੈ। ਜਿਵੇਂ ਮਨੁੱਖ ਦੀ ਉਪਮਾ ਮਨੁੱਖ ਨਾਲ ਹੀ ਦਿੱਤੀ ਜਾ ਸਕਦੀ ਹੈ। ਦੂਜੇ : ਸੰਤ ਜਾ ਬ੍ਰਹਮ-ਗਿਆਨੀ ਪਾਰਬ੍ਰਹਮ ਦੀ ਬਖਸ਼ੀਸ਼ ਸਦਕਾ ਹੀ ਬਣੇ ਹਨ। ਜੇ ਪਾਰਬ੍ਰਹਮ ਬਖਸ਼ਿਸ਼ ਖੋਹ ਲਵੇ ਤਾਂ ਸੰਤ ਜਾਂ ਬ੍ਰਹਮ-ਗਿਆਨੀ ਆਮ ਮਨੁੱਖ ਹੀ ਬਣ ਜਾਂਦੇ ਹਨ।

---

1. ਰਾਗ ਨਾਦ ਸ਼ਬਦਿ ਸੋਹਣੇ - ਪੰਨਾ : ੭੮

ਸ਼ਬਦ ਅਰਥ : ਹੇ ਪ੍ਰਭ! ਮੇਰੀ ਅਤਿ ਦੀ ਗਰੀਬੀ ਕਾਰਣ ਬਣੀ ਹਾਸੋ ਹੀਣੀ ਹਾਲਤ ਨੂੰ ਦੇਖਕੇ ਲੋਕ ਮਖੌਲ ਕਰਦੇ ਸਨ। ਪਰ ਹੁਣ ਹੇ ਪ੍ਰਭ! ਤੇਰੀ ਬਖਸ਼ਿਸ਼ ਕਾਰਣ ਅਠਾਰਾਂ ਸਿੱਧੀਆਂ ਭਾਵ ਹਰ ਕਿਸਮ ਦੀਆਂ ਨਿਯਾਮਤ ਮੇਰੀ ਪਹੁੰਚ ਵਿੱਚ ਹਨ॥ ੧॥

ਇਸ ਲਈ ਹੇ ਜਨਮ ਮਰਨ ਦੇ ਗੇੜ ਨੂੰ ਨਾਸ਼ ਕਰਨ ਵਾਲੇ ਪ੍ਰਭ! ਤੂੰ ਜਾਣਦਾ ਹੀ ਹੈ ਕਿ ਮੈਂ ਕੁਝ ਵੀ ਨਹੀਂ ਹਾਂ, ਮੇਰੀ ਕੋਈ ਵੁੱਕਤ ਨਹੀਂ ਹੈ। ਇਸ ਲਈ ਜਿਵੇਂ ਤੂੰ ਮੇਰੇ ਤੇ ਬਖਸ਼ਿਸ ਕੀਤੀ ਹੈ ਤਿਵੇਂ ਜਿਹੜੇ ਵੀ ਤੇਰੀ ਸ਼ਰਨ ਆਉਂਦੇ ਹਨ, ਤੂੰ ਉਨ੍ਹਾਂ ਸਾਰਿਆਂ ਦੀਆਂ ਕਾਮਨਾਵਾਂ ਪੂਰੀਆਂ ਕਰਦਾ ਹੈ॥ ੧॥ ਰਹਾਉ॥

ਇਸ ਤਰ੍ਹਾਂ ਹੇ ਪ੍ਰਭ! ਜੋ ਵੀ ਤੇਰੀ ਸ਼ਰਨ ਆਉਂਦਾ ਹੈ, ਭਾਵੇਂ ਉਹ ਗਰੀਬ ਹੈ ਜਾਂ ਅਮੀਰ, ਉੱਚਾ ਹੈ ਜਾਂ ਨੀਵਾਂ, ਇਸ ਜੰਜਾਲਾਂ ਭਰੇ ਸੰਸਾਰ ਤੋਂ, ਉਹ ਤੇਰੀ ਮਿਹਰ ਸਦਕਾ ਵਿਕਾਰਾਂ ਦੇ ਬੋਝ ਤੋਂ ਮੁਕਤ ਹੋ ਜਾਂਦੇ ਹਨ ਅਤੇ ਪ੍ਰਭ ਨੂੰ ਪ੍ਰਾਪਤ ਹੋ ਜਾਂਦੇ ਹਨ॥ ੨॥

ਇਸ ਤਰ੍ਹਾਂ ਪ੍ਰਭ ਦੀਆਂ ਅਨੰਤ ਬਖਸ਼ਿਸ਼ਾਂ ਸਦਕਾ ਗੁਰੂ ਰਵਿਦਾਸ ਜੀ ਫਿਰ ਫਰਮਾਉਂਦੇ ਹਨ ਕਿ ਹੇ ਪ੍ਰਭ! ਤੇਰੀਆਂ ਅਨੰਤ ਬਖਸ਼ਿਸ਼ਾਂ ਦਾ ਕਥਨ ਨਹੀਂ ਕੀਤਾ ਜਾ ਸਕਦਾ, ਬਹੁਤਾ ਕਹਿ ਕਹਿ ਕੇ ਅਸੀਂ ਕੀ ਕਰ ਲੈਣਾ ਹੈ? ਭਾਵ ਪ੍ਰਭ ਦੀਆਂ ਅਨੰਤ ਕਥਾਵਾਂ ਨੂੰ ਕਹਿਣ ਦੀ ਕਿਸੇ ਵਿੱਚ ਵੀ ਸਮਰਥਾ ਨਹੀਂ ਹੈ। ਅਸੀਂ ਬਸ ਐਨਾ ਹੀ ਕਹਿ ਸਕਦੇ ਹਾਂ ਕਿ ਤੇਰੇ ਵਰਗਾ ਕੇਵਲ ਤੇ ਕੇਵਲ ਤੂੰ ਹੀ ਹੈ, ਇਸ ਕਰਕੇ ਤੇਰੀ ਉਪਮਾ ਕਿਸੇ ਨਾਲ ਵੀ ਨਹੀਂ ਕੀਤੀ ਜਾ ਸਕਦੀ॥ ੩॥

ੴ ਸਤਿਗੁਰ ਪ੍ਰਸਾਦਿ॥

ਬਿਲਾਵਲੁ ਬਾਣੀ ਰਵਿਦਾਸ ਭਗਤ ਕੀ

ਜਿਹ ਕੁਲ ਸਾਧੁ ਬੈਸਨੌ ਹੋਇ॥
ਬਰਨ ਅਬਰਨ ਰੰਕੁ ਨਹੀਂ ਈਸੁਰੁ
ਬਿਮਲੁ ਬਾਸੁ ਜਾਨੀਐ ਜਗਿ ਸੋਇ॥ ੧॥ ਰਹਾਉ॥
ਬ੍ਰਹਮਨ ਬੈਸ ਸੂਦ ਅਰ ਖ੍ਰਤ੍ਰੀ
ਡੋਮ ਚੰਡਾਰ ਮਲੇਛ ਮਨ ਸੋਇ॥
ਹੋਇ ਪੁਨੀਤ ਭਗਵੰਤ ਭਜਨ ਤੇ
ਆਪੁ ਤਾਰਿ ਤਾਰੇ ਕੁਲ ਦੋਇ॥ ੧॥
ਧੰਨਿ ਸੁ ਗਾਉ ਧੰਨਿ ਸੋ ਠਾਉ
ਧੰਨਿ ਪੁਨੀਤ ਕੁਟੰਬ ਸਭ ਲੋਇ॥
ਜਿਨਿ ਪੀਆ ਸਾਰ ਰਸੁ ਤਜੇ ਆਨ ਰਸ
ਹੋਇ ਰਸ ਮਗਨ ਡਾਰੇ ਬਿਖੁ ਖੋਇ॥ ੨॥
ਪੰਡਿਤ ਸੂਰ ਛਤ੍ਰਪਤਿ ਰਾਜਾ
ਭਗਤ ਬਰਾਬਰਿ ਅਉਰੁ ਨ ਕੋਇ॥
ਜੈਸੇ ਪੁਰੈਨ ਪਾਤ ਰਹੈ ਜਲ ਸਮੀਪ
ਭਨਿ ਰਵਿਦਾਸ ਜਨਮੇ ਜਗਿ ਓਇ॥ ੩॥ ੨॥[1]

ਪਦ ਅਰਥ :—ਸਾਧੁ = ਉੱਤਮ, ਭਲਾ, ਨੇਕ। **ਬੈਸਨੌ** = ਪ੍ਰਭ ਦਾ ਭਗਤ। **ਬਰਨ** = ਚਾਰੇ ਵਰਨ, ਬ੍ਰਾਹਮਣ, ਖਤਰੀ ਵੈਸ਼ ਅਤੇ ਸ਼ੂਦਰ। **ਅਬਰਨ** = ਵਰਨ ਤੋਂ ਬਾਹਰ, ਜਿਵੇਂ ਡੂੰਮ, ਚੰਡਾਲ। **ਰੰਕੁ** = ਗਰੀਬ। **ਈਸ਼ਰ** = ਧਨਾਢ। **ਬਿਮਲ** = ਪਵਿੱਤਰ। **ਬਾਸ** = ਸੁਗੰਧੀ, ਸ਼ੋਭਾ। **ਸੋਇ** = ਪ੍ਰਭ ਦੇ ਭਗਤ ਦੀ ਸ਼ੋਭਾ॥ ੧॥ ਰਹਾਉ॥

ਡੋਮ = ਮਰਾਸੀ। **ਚੰਡਾਰ** = ਚੰਡਾਲ। **ਮਲੇਸ਼** = ਅਪਵਿਤਰ। **ਸੋਇ** = ਉਹ ਪ੍ਰਭ। **ਪੁਨੀਤ** = ਪਵਿੱਤਰ। **ਦੋਇ** = ਦਾਦਕੇ ਅਤੇ ਨਾਨਕੇ॥ ੧॥

ਠਾਉ = ਸਥਾਨ। **ਕੁਟੰਬ** = ਪਰਿਵਾਰ। **ਲੋਇ** = ਲੋਕ। **ਸਾਰ** = ਉੱਤਮ। **ਆਨ** = ਹੋਰ, ਦੂਜੇ। **ਮਗਨ** = ਮੁਗਧ। **ਡਾਰੇ** = ਤਿਆਗ, ਨਾਸ਼। **ਬਿਖ** = ਵਿਕਾਰ। **ਖੋਇ** = ਨਸ਼ਟ ਕਰ ਦੇਵੇ॥ ੨॥

ਸੂਰ = ਬਹਾਦਰ। **ਅਉਰੁ** = ਦੂਜਾ। **ਪੁਰੈਨ ਪਾਤ** = ਚੁਪੱਤੀ। **ਸਮੀਪ** = ਨੇੜੇ। **ਭਨਿ** = ਆਖਦਾ ਹੈ। **ਓਇ** = ਉਹ ਭਗਤ॥ ੩॥ ੨॥

---

1. ਆਦਿ ਗ੍ਰੰਥ – ਪੰਨਾ : ੮੫੮ ----------

ਕੀ ਗੁਰੂ ਰਵਿਦਾਸ ਵਿਸ਼ਨੂੰ ਭਗਤ ਸਨ ?

ਕਈ ਵਿਦਵਾਨਾਂ ਨੇ "ਬੈਸਨੋ" ਦੇ ਅਰਥ ਵਿਸ਼ਨੂੰ ਦਾ ਉਪਾਸ਼ਕ ਕੀਤੇ ਹਨ। ਭਾਈ ਜੋਧ ਸਿੰਘ ਲਿਖਦੇ ਹਨ,

> "ਬੈਸਨੋ-ਇੱਕ ਮਤ ਦਾ ਨਾਮ ਹੈ। ਇਹ ਲੋਕ ਭਗਤੀ ਭਾਵ ਵਿਚ ਬਹੁਤ ਉੱਘੇ ਸਨ। ਲਗਭਗ ਸਾਰੇ ਹੀ ਭਗਤ ਇਸ ਟੋਲੇ ਦੇ ਸਨ।" [1]

ਇਸੇ ਤਰ੍ਹਾਂ ਡੇਰਾ ਸੱਚ ਖੰਡ ਬੱਲਾਂ ਜਲੰਧਰ ਵਲੋਂ ਪ੍ਰਕਾਸ਼ਤ "ਅੰਮ੍ਰਿਤ ਬਾਣੀ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਸਟੀਕ" ਵਿੱਚ ਦਰਜ ਹੈ,

> "ਜਿਹ ਕੁਲ ਸਾਧੁ ਬੈਸਨੋ ਹੋਇ॥ ਜਿਸ ਕੁਲ ਵਿੱਚ ਕੋਈ ਆਦਮੀ ਵਿਸ਼ਨੂੰ ਦਾ ਸਾਧੁ ਭਾਵ ਵਿਸ਼ਨੂੰ ਉਪਾਸ਼ਕ ਹੋ ਜਾਵੇ," ਪੰਨਾ -੧੧੭

ਸੰਤ ਹੀਰਾ ਦਾਸ ਚੱਕ ਹਕੀਮ ਵੀ ਉਪਰੋਕਤ ਵਿਚਾਰਾਂ ਨਾਲ ਸੰਮਤੀ ਰਖਦੇ ਹਨ। ਉਨ੍ਹਾਂ ਦਾ ਕਥਨ ਹੈ,

> "ਜਿਹ ਕੁਲ ਜਿਸ ਕਿਸੇ ਕੁਲ ਮੈਂ ਸਾਧ ਸ੍ਰਿਸ਼ਟ ਬੈਸ਼ਨੋ ਬਿਸ਼ਨਕਾ ਭਗਤ ਹੋਵੇ...' [2]

ਉਪਰੋਕਤ ਤਿੰਨੇ ਵਿਦਵਾਨ ਬੈਸ਼ਨੋ ਦਾ ਅਰਥ ਵਿਸ਼ਨੂੰ ਦਾ ਉਪਾਸ਼ਕ ਕਰਦੇ ਹਨ। ਕਈ ਕਾਰਣਾਂ ਕਰਕੇ ਇਹ ਅਰਥ ਵਿਚਾਰ ਅਧੀਨ ਸ਼ਬਦ ਵਿਚ ਨਹੀਂ ਢੁਕਦੇ।

1. ਵਿਸ਼ਨੂੰ ਮੱਤ ਜਾਤ ਪਾਤ ਨੂੰ ਮੰਨਦਾ ਹੈ। ਵਿਸ਼ਨੂੰ ਦਾ ਅਵਤਾਰ 'ਭਗਵਾਨ ਰਾਮ' ਨੇ ਹਿੰਦੂ ਧਰਮ ਗ੍ਰੰਥਾਂ ਦਾ ਸਹਾਰਾ ਲੈਕੇ ਸੂਦਰ ਮਹਾਂਰਿਸ਼ੀ ਸੰਭੂਕ ਦਾ ਕਤਲ ਕੀਤਾ। ਇਸ ਕਾਰਣ ਅਤੇ ਅਨੇਕਾਂ ਹੋਰ ਕਾਰਣਾਂ ਕਰਕੇ ਗੁਰੂ ਰਵਿਦਾਸ ਜੀ ਅਤੇ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਇਸਨੂੰ ਨਹੀਂ ਮੰਨਦੀ। ਇਸ ਲਈ ਬੈਸਨੋ ਦੇ ਅਰਥ ਵਿਸ਼ਨੂੰ ਉਪਾਸ਼ਕ ਇਸ ਸ਼ਬਦ ਵਿੱਚ ਨਹੀਂ ਢੁਕਦੇ।

2. ਵਿਸ਼ਨੂੰ 'ਭਗਵਾਨ' ਨੂੰ ਗੁਰੂ ਰਵਿਦਾਸ ਜੀ ਅਤੇ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨੇ ਰੱਦ ਕੀਤਾ ਹੈ। "ਹਰਿ ਜਪਤ ਤੇਉ ਜਨਾਂ ਪਦਮ ਕਵਲਾਸਪਤੀ, ਤਾਸ ਸਮ ਤੁਲਿ ਨਹੀਂ ਆਨ ਕੋਊ॥" ਇਸੇ ਤੁਕ ਦਾ ਸਹਾਰਾ ਲੈ ਕੇ ਭਾਈ ਜੋਧ ਸਿੰਘ ਲਿਖਦੇ ਹਨ,

> "..... ਸਰੋਂ ਇਹ ਆਖਿਆ ਕਿ ਵਿਸ਼ਨੂੰ ਅਤੇ ਸ਼ਿਵ ਜੀ ਭਗਤਾਂ ਦੀ ਬਰਾਬਰੀ ਨਹੀਂ ਕਰ ਸਕਦੇ।" [3]

---

1. ਭਗਤ ਰਵਿਦਾਸ : ਜੀਵਨੀ ਤੇ ਰਚਨਾ – ਪੰਨਾ : ੪੧ 2. ਰਵਿਦਾਸ ਦੀਪ – ਪੰਨਾ : ੩੭੫
3. ਭਗਤ ਰਵਿਦਾਸ : ਜੀਵਨੀ ਤੇ ਰਚਨਾ – ਪੰਨਾ : ੪

ਜਿਸ ਵਿਸ਼ਨੂੰ ਨੂੰ ਗੁਰੂ ਰਵਿਦਾਸ ਜੀ ਰੱਦ ਕਰਦੇ ਹਨ, ਉਸੇ ਵਿਸ਼ਨੂੰ ਦੇ ਉਹ ਭਗਤ ਕਿਵੇਂ ਬਣ ਸਕਦੇ ਹਨ? ਇਸ ਨਾਲ ਉਨ੍ਹਾਂ ਦੀ ਵਿਚਾਰਧਾਰਾ ਵਿੱਚ ਆਪਸੀ ਵਿਰੋਧਤਾ ਉਤਪੰਨ ਹੋ ਜਾਂਦਾ ਹੈ। ਇਸ ਕਰਕੇ ਵੀ 'ਬੈਸਨੋ' ਦੇ ਅਰਥ 'ਵਿਸ਼ਨੂੰ ਉਪਾਸ਼ਕ' ਨਹੀਂ ਢੁਕਦੇ।

ਇਸ ਪਰਿਭਾਸ਼ਾ ਨੂੰ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਦੀ ਅਸ਼ਟਪਦੀ ਨੌਵੀਂ ਦੀ ਪਉੜੀ ਦੂਜੀ ਵਿੱਚ ਦਰਜ ਕੀਤਾ ਹੈ :

ਬੈਸਨੋ ਸੋ ਜਿਸੁ ਊਪਰਿ ਸੁਪ੍ਰਸਨ॥
ਬਿਸਨ ਕੀ ਮਾਇਆ ਤੇ ਹੋਇ ਭਿੰਨ॥
ਕਰਮ ਕਰਤ ਹੋਵੈ ਨਿਹਕਰਮ॥
ਤਿਸੁ ਬੈਸਨੋ ਕਾ ਨਿਰਮਲ ਧਰਮ॥
ਕਾਹੂ ਫਲ ਕੀ ਇਛਾ ਨਹੀਂ ਬਾਛੈ॥
ਕੇਵਲ ਭਗਤਿ ਕੀਰਤਨ ਸੰਗਿ ਰਾਚੈ॥
ਮਨ ਤਨ ਅੰਤਰਿ ਸਿਮਰਨ ਗੋਪਾਲ॥
ਸਭ ਊਪਰਿ ਹੋਵਤ ਕਿਰਪਾਲ॥
ਆਪਿ ਦ੍ਰਿੜੈ ਅਵਰਹ ਨਾਮੁ ਜਪਾਵੈ॥
ਨਾਨਕ ਓਹੁ ਬੈਸਨੋ ਪਰਮ ਗਤਿ ਪਾਵੈ॥੨॥੯॥[1]

ਉਪਰੋਕਤ ਪਉੜੀ ਦੀ ਵਿਆਖਿਆ ਇਸ ਤਰ੍ਹਾਂ ਹੈ :

> "ਵੈਸਨੋ ਉਹ ਹੈ ਜਿਸ ਉਪਰ ਪ੍ਰਭ ਪ੍ਰਸੰਨ ਹੈ, ਮਾਇਆ ਤੋਂ ਅਸੰਗ, ਨਿਸ਼ਕਰਮੀ ਹੈ। ਉਹ ਫਲ ਦੀ ਇੱਛਾ ਨਹੀਂ ਕਰਦਾ, ਭਗਤੀ ਤੇ ਕੀਰਤਨ ਨਾਲ ਪ੍ਰੀਤ ਕਰਦਾ ਹੈ। ਉਹ ਕ੍ਰਿਪਾਲੂ ਹੈ, ਉਹ ਆਪ ਨਾਮ ਸਿਮਰਨ ਨੂੰ ਦ੍ਰਿੜ ਕਰਕੇ ਦੂਜਿਆਂ ਤੋਂ ਨਾਮ ਜਪਾਉਂਦਾ ਹੈ। ਉਹ ਵੈਸ਼ਨੋ ਪਰਮਗਤੀ ਨੂੰ ਪ੍ਰਾਪਤ ਹੁੰਦਾ ਹੈ।"

ਗੁਰੂ ਅਰਜਨ ਦੇਵ ਜੀ ਦੀ "ਬੈਸਨੋ" ਦੀ ਪਰਿਭਾਸ਼ਾ ਤੋਂ ਹੇਠ ਲਿਖੇ ਵਿਚਾਰ ਸਪਸ਼ਟ ਹੁੰਦੇ ਹਨ :

1. ਗੁਰੂ ਰਵਿਦਾਸ ਜੀ ਦੇ ਵਿਚਾਰ ਅਧੀਨ ਸ਼ਬਦ ਵਿੱਚ ਵਰਤਿਆ ਲਫ਼ਜ਼ 'ਬੈਸਨੋ' ਵਿਸ਼ਨੂੰ ਮਤ ਨਾਲ ਸੰਬੰਧਤ ਨਹੀਂ ਹੈ।

2. ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 'ਬੈਸਨੋ' ਦੀ ਪਰਿਭਾਸ਼ਾ ਅਨੁਸਾਰ 'ਬੈਸਨੋ' ਦਾ ਅਰਥ "ਪ੍ਰਭ ਦਾ ਭਗਤ" ਹੈ। ਵਿਸ਼ਨੂੰ ਮਤ ਦੇ 'ਭਗਵਾਨ'

1. ਆਦਿ ਗ੍ਰੰਥ – ਪੰਨਾ : ੨੭੩

ਵਿਸ਼ਨੂੰ ਦੇ ਉਪਾਸ਼ਕ ਨਾਲ 'ਬੈਸਨੋ' ਦਾ ਉੱਕਾ ਹੀ ਕੋਈ ਸੰਬੰਧ ਨਹੀਂ ਹੈ।

ਉਪਰੋਕਤ ਸਮੁੱਚੀ ਚਰਚਾ ਤੋਂ ਇਹ ਵੀ ਪਰਪੱਕਤਾ ਨਾਲ ਦ੍ਰਿੜ ਹੋ ਗਿਆ ਹੈ ਕਿ ਗੁਰੂ ਰਵਿਦਾਸ ਜੀ ਵੈਸ਼ਨ ਮਤ ਦੇ ਉਪਾਸ਼ਕ ਬਿਲਕੁਲ ਹੀ ਨਹੀਂ ਹਨ। ਵੈਸ਼ਨਵ ਮੱਤ ਨਾਲ ਉਨ੍ਹਾਂ ਦਾ ਦੂਰ ਦਾ ਵੀ ਸੰਬਧ ਨਹੀਂ ਹੈ।

ਇਸ ਤੋਂ ਉਲਟ ਗੁਰੂ ਰਵਿਦਾਸ ਜੀ ਆਪਣੀ ਬਾਣੀ ਵਿੱਚ 'ਭਗਵਾਨ' ਵਿਸ਼ਨੂੰ ਨੂੰ ਰੱਦ ਕਰਦੇ ਹਨ। ਉਹ ਤਾਂ 'ਭਗਵਾਨ' ਵਿਸ਼ਨੂੰ ਨੂੰ ਪ੍ਰਭ ਦੇ ਭਗਤ ਦੇ ਵੀ ਬਰਾਬਰ ਨਹੀਂ ਸਮਝਦੇ। ਫਿਰ ਗੁਰੂ ਜੀ ਵਿਸ਼ਨੂੰ ਨੂੰ 'ਭਗਵਾਨ' ਕਿਵੇਂ ਮੰਨ ਸਕਦੇ ਹਨ? ਇਸ ਤਰ੍ਹਾਂ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ, "ਭਗਵਾਨ" ਵਿਸ਼ਨੂੰ ਅਤੇ ਉਸ ਨਾਲ ਸੰਬੰਧਤ ਵਿਸ਼ਨੂੰ ਮੱਤ ਦੀ ਵਿਚਾਰਧਾਰਾ ਨੂੰ ਬੁਨਿਆਦੀ ਤੌਰ ਤੇ ਰੱਦ ਕਰਦੀ ਹੈ।

ਇਸ ਨਿਰਣਾਇਕ ਸਿੱਟੇ ਤੋਂ ਸਪਸ਼ਟ ਹੈ ਕਿ ਗੁਰੂ ਰਵਿਦਾਸ ਜੀ ਨੂੰ ਵੈਸ਼ਨਵ ਭਗਤ ਕਹਿਣਾ ਕਿਸੇ ਤਰ੍ਹਾਂ ਵੀ ਉਚਿਤ ਨਹੀਂ ਹੈ। ਸੋ ਗੁਰੂ ਰਵਿਦਾਸ ਜੀ ਕਿਸੇ ਤਰ੍ਹਾਂ ਵੀ ਵੈਸ਼ਨਵ ਮੱਤ ਨਾਲ ਸੰਬੰਧਤ ਨਹੀਂ ਹਨ।

ਇਸ ਸ਼ਬਦ ਦੇ 'ਰਹਾਉ' ਵਿਚ ਹਿੰਦੂ ਧਰਮ ਦੇ ਧਾਰਮਕ ਗ੍ਰੰਥਾਂ ਵਿਚ ਦਰਜ ਜਾਤ-ਪਾਤ ਦੇ ਸਿਧਾਂਤ ਨੂੰ ਪਰਪੱਕ ਕਰਕੇ, ਫਿਰ ਉਸ ਨੂੰ ਸ਼ਕਤੀਸ਼ਾਲੀ ਦਲੀਲਾਂ ਨਾਲ ਰੱਦ ਕੀਤਾ ਹੈ।

ਪਹਿਲੇ ਬੰਦ ਵਿਚ ਹਿੰਦੂ ਧਰਮ ਦੇ ਧਾਰਮਕ ਗ੍ਰੰਥਾਂ ਵਿਚ ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ ਅਤੇ ਅਛੂਤਾਂ ਦੇ ਬੁਨਿਆਦੀ ਸਿਧਾਂਤ ਜਾਤ-ਪਾਤ ਨੂੰ ਰੱਦ ਕਰਕੇ, ਮਨੁੱਖ ਨੂੰ ਪ੍ਰਭ ਦੀ ਸਿਰਜਣਾ ਸਾਬਤ ਕਰਕੇ, ਹਿੰਦੂ ਧਰਮ ਗ੍ਰੰਥਾਂ ਨੂੰ ਰੱਦ ਕੀਤਾ ਹੈ।

ਦੂਜੇ ਬੰਦ ਵਿਚ ਬ੍ਰਾਹਮਣ ਦੀ ਅਖੌਤੀ ਵਿਦਵਤਾ, ਸੂਰਮੇ ਅਤੇ ਚੱਕਰਵਤੀ ਰਾਜੇ ਪ੍ਰਭ ਦੇ ਭਗਤ ਦੇ ਬਰਾਬਰ ਹੀ ਨਹੀਂ, ਉਹ ਤਾਂ ਉਸ ਦੇ ਅਧੀਨ ਹਨ। ਪੰਡਿਤ ਕੇਵਲ ਤੇ ਕੇਵਲ ਹਿੰਦੂ ਧਰਮ ਗ੍ਰੰਥਾਂ ਵਿਚ ਬ੍ਰਾਹਮਣ ਵਾਸਤੇ ਹੀ ਵਰਤਿਆ ਜਾਂਦਾ ਹੈ। ਇਸ ਲਈ ਬ੍ਰਾਹਮਣ ਦੀ ਵਿਦਵਤਾ ਨੂੰ ਰੱਦ ਕਰਕੇ ਭਗਤ ਦੀ ਮਹਾਨਤਾ ਨੂੰ ਐਨੀ ਉੱਚਤਾ ਪ੍ਰਦਾਨ ਕੀਤੀ ਹੈ ਕਿ ਭਗਤ ਦੇ ਬਰਾਬਰ ਕੋਈ ਹੋ ਹੀ ਨਹੀਂ ਸਕਦਾ।

ਸ਼ਬਦ ਦਾ ਅੰਤਰੀਵ ਵਿਚਾਰ ਵਿਧਾਨ

ਗੁਰੂ ਰਵਿਦਾਸ ਜੀ ਇਸ ਸ਼ਬਦ ਵਿੱਚ ਸਪਸ਼ਟ ਕਰਦੇ ਹਨ ਕਿ ਪ੍ਰਭ ਦਾ ਭਗਤ ਨਾ ਉੱਤਮ ਜਾਤ ਦਾ ਹੁੰਦਾ ਹੈ ਨਾ ਨੀਚ ਜਾਤ ਦਾ, ਨਾ ਉਹ ਗਰੀਬ ਹੁੰਦਾ ਹੈ ਅਤੇ ਨਾ ਹੀ ਅਮੀਰ। ਉਹ ਆਪਣੇ ਪਵਿੱਤਰ ਕਰਮਾਂ ਕਰਕੇ ਮਹਾਨ ਬਣ ਜਾਂਦਾ ਹੈ ਅਤੇ ਨਿਰਮਲ ਸ਼ੋਭਾ ਕਾਰਣ ਜਗਤ ਪ੍ਰਸਿੱਧ ਹੋ ਜਾਂਦਾ ਹੈ। ਇਸ ਤਰ੍ਹਾਂ ਇਹ ਸਿਧਾਂਤ ਵਿਸ਼ਵ-ਵਿਆਪੀ ਹੋਣ ਕਰਕੇ ਹਰ ਇੱਕ ਜੀਵ ਤੇ ਲਾਗੂ ਹੁੰਦਾ ਹੈ।

ਇਸ ਲਈ ਗੁਰੂ ਰਵਿਦਾਸ ਜੀ ਬੰਦ ਨੰ. ੧ ਅਤੇ 'ਰਹਾਉ' ਵਿੱਚ ਉਪਰੋਕਤ ਸਿਧਾਂਤ ਨੂੰ ਲਾਗੂ ਕਰਦੇ ਹਨ। ਉਹ ਫਰਮਾਉਂਦੇ ਹਨ ਕਿ ਭਾਵੇਂ ਬ੍ਰਾਹਮਣ, ਖਤਰੀ, ਵੈਸ਼ ਅਤੇ ਸ਼ੂਦਰ ਹੋਵੇ ਜਾਂ ਮਿਰਾਸੀ, ਚੰਡਾਲ ਜਾਂ ਅਪਵਿੱਤਰ (ਮਲੇਸ਼) ਹੋਵੇ ਸਭ ਦੇ ਮਨ ਵਿੱਚ ਉਸ ਪ੍ਰਭ ਦਾ ਵਾਸਾ ਹੈ। ਜਿਹੜਾ ਵੀ ਉਸ ਪ੍ਰਭ ਦਾ ਸਿਮਰਨ ਕਰਦਾ ਹੈ, ਪਹਿਲਾਂ ਉਹ ਆਪਣੇ ਆਪ ਨੂੰ ਤਾਰਦਾ ਹੈ ਅਤੇ ਫਿਰ ਦਾਦਕੇ ਅਤੇ ਨਾਨਕੇ ਦੋਹਾਂ ਕੁਲਾਂ ਨੂੰ ਤਾਰ ਦਿੰਦਾ ਹੈ। ਇਸ ਬੰਦ ਵਿੱਚ ਗੁਰੂ ਜੀ ਨੇ ਸਪਸ਼ਟ ਕਰ ਦਿੱਤਾ ਹੈ ਕਿ ਹਿੰਦੂ ਧਰਮ ਗ੍ਰੰਥਾਂ ਦਾ ਇਹ ਫਤਵਾ ਕਿ ਸ਼ੂਦਰ ਪ੍ਰਭ-ਭਗਤੀ ਨਹੀਂ ਕਰ ਸਕਦਾ, ਗੁਰੂ ਰਵਿਦਾਸ ਜੀ ਨੇ ਹਿੰਮਤ ਅਤੇ ਉੱਦਮ ਨਾਲ ਭਗਤੀ ਕਰਕੇ ਪ੍ਰਭ ਨੂੰ ਪ੍ਰਾਪਤ ਕਰਕੇ ਨੂੰ ਮੂਲੋਂ ਹੀ ਗਲਤ ਸਾਬਤ ਕਰ ਦਿੱਤਾ ਹੈ। ਉਹ ਤਾਂ ਹਿੰਦੂ ਧਰਮ ਤੋਂ ਬਾਹਰਲੇ ਸਭ ਲੋਕਾਂ ਨੂੰ ਵੀ ਪ੍ਰਭ ਭਗਤੀ ਵਿੱਚ ਸ਼ਾਮਲ ਕਰਦੇ ਹਨ ਅਤੇ ਦ੍ਰਿੜ ਕਰਦੇ ਹਨ ਕਿ ਉਹ ਵੀ ਪ੍ਰਭ ਨੂੰ ਪ੍ਰਾਪਤ ਕਰ ਸਕਦੇ ਹਨ। ਇਸ ਤਰ੍ਹਾਂ ਹਿੰਦੂ ਧਰਮ ਗ੍ਰੰਥ ਅਤੇ ਇਨ੍ਹਾਂ ਨੂੰ ਲਾਗੂ ਕਰਨ ਵਾਲੇ 'ਭਗਵਾਨ' ਰਾਮ ਵਰਗੇ ਵੀ ਆਪਣੇ ਆਪ ਹੀ ਰੱਦ ਹੋ ਜਾਂਦੇ ਹਨ। ਸਭ ਤੋਂ ਮਹਤਵਪੂਰਨ ਗੱਲ ਕਿ ਹਿੰਦੂ ਧਰਮ ਗ੍ਰੰਥ, ਖਾਸ ਕਰਕੇ ਵੇਦ, ਭਗਵਾਨ ਦੀ ਰਚਨਾ ਹਨ— ਇਹ ਵੀ ਬੰਦ ਨੰ. ੧ ਦੇ ਵਿਚਾਰਾਂ ਦੁਆਰਾ ਗਲਤ ਸਿੱਧ ਹੋ ਜਾਂਦਾ ਹੈ।

ਇਸ ਤਰ੍ਹਾਂ ਇਸ ਸ਼ਬਦ ਦੀ ਵਿਚਾਰਧਾਰਾ ਸਰਵ-ਵਿਆਪੀ ਹੈ। ਹਰ ਕੋਈ ਪ੍ਰਭ ਦਾ ਸਿਮਰਨ ਕਰਕੇ ਪ੍ਰਭ ਨੂੰ ਪ੍ਰਾਪਤ ਕਰ ਸਕਦਾ ਹੈ।

ਅਗਲੇ ਬੰਦ ਨੰ. ੨ ਵਿੱਚ ਗੁਰੂ ਰਵਿਦਾਸ ਜੀ ਪ੍ਰਭ ਦੇ ਭਗਤ ਦੀ ਪਵਿੱਤਰ ਸੋਭਾ ਅਤੇ ਮਹਾਨਤਾ ਦੇ ਪ੍ਰਭਾਵ ਦਾ ਜ਼ਿਕਰ ਕਰਦੇ ਹਨ ਕਿ ਉਹ ਪਿੰਡ ਧੰਨ ਹੈ, ਭਾਗਾਂ ਵਾਲਾ ਹੈ, ਉਹ ਸਥਾਨ ਵੀ ਧੰਨ ਹੈ ਅਤੇ ਉਸ ਕੁਲ ਦੇ ਪਰਿਵਾਰ ਦੇ ਲੋਕ ਵੀ ਧੰਨ ਹਨ ਜਿਸ ਕੁਲ ਵਿੱਚ ਜਨਮ ਲੈ ਕੇ ਉਨ੍ਹਾਂ ਨੇ ਅੰਮ੍ਰਿਤ ਰਸ ਪੀਤਾ ਹੈ ਅਤੇ ਦੂਜੇ ਵਿਕਾਰੀ ਸੁਆਦਾਂ ਦਾ ਤਿਆਗ ਕੀਤਾ ਹੈ। ਉਹ ਪ੍ਰਭ ਦੇ ਪ੍ਰੇਮ ਵਿੱਚ ਐਨੇ ਮੁਗਧ ਹੋ ਗਏ ਹਨ ਕਿ ਉਨ੍ਹਾਂ ਨੇ ਵਿਕਾਰਾਂ ਦੇ ਜ਼ਹਿਰ ਦਾ ਨਾਸ਼ ਕਰ ਦਿੱਤਾ ਹੈ।

ਇਸ ਬੰਦ ਵਿੱਚ ਸਰਵ-ਵਿਆਪੀ ਪਹੁੰਚ ਨੂੰ ਸਪਸ਼ਟ ਕੀਤਾ ਹੈ ਕਿ ਜਿਸ ਨੇ ਵੀ ਪ੍ਰਭ-ਪ੍ਰੇਮ ਦਾ ਅੰਮ੍ਰਿਤ ਰਸ ਪੀਤਾ ਹੈ, ਉਸ ਨੇ ਆਪਣੇ ਪਰਿਵਾਰ, ਪਿੰਡ, ਸਥਾਨ ਆਦਿ ਨੂੰ ਵੀ ਭਾਗਾਂ ਵਾਲਾ ਬਣਾ ਦਿੱਤਾ ਹੈ।

ਆਖਰੀ ਬੰਦ ਨੰ. ੩ ਵਿੱਚ ਪ੍ਰਭ ਦੇ ਭਗਤ ਦੀ ਪ੍ਰਸਿੱਧੀ ਅਤੇ ਮਹਾਨਤਾ ਨੂੰ ਚਾਰ ਚੰਨ ਲਾਏ ਹਨ। ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਕਿਉਂਕਿ ਪ੍ਰਭ ਦਾ ਭਗਤ, ਪ੍ਰਭ ਰੂਪ ਹੀ ਬਣ ਜਾਂਦਾ ਹੈ, ਇਸ ਲਈ ਦੁਨੀਆਂ ਵਿੱਚ ਵਿਚਰ ਰਹੇ ਵਿਦਵਾਨ, ਸੂਰਮੇ, ਚਕਰਵਰਤੀ ਰਾਜਾ ਕੋਈ ਵੀ ਪ੍ਰਭ ਦੇ ਭਗਤ ਦੇ ਬਰਾਬਰ ਨਹੀਂ ਹੈ। (ਨੋਟ-ਪੰਡਿਤ ਦਾ ਅਰਥ ਸਦਾ ਹੀ ਵਿਦਵਾਨ ਹੁੰਦਾ ਹੈ। ਇਸ ਦਾ ਅਰਥ ਬ੍ਰਾਹਮਣ, ਕਦਾਚਿਤ ਵੀ ਨਹੀਂ ਹੁੰਦਾ।)

ਇਸ ਕਰਕੇ ਜਿਵੇਂ ਚੁਪੱਤੀ ਦੂਜੇ ਪੌਦਿਆਂ ਨਾਲੋਂ ਭਿੰਨ ਅਤੇ ਨਿਰਾਲੀ ਹੁੰਦੀ ਹੈ, ਉਹ ਕੇਵਲ ਪਾਣੀ ਪਾਸ ਹੀ ਜੀਵਤ ਰਹਿ ਸਕਦੀ ਹੈ, ਤਿਵੇਂ ਹੀ ਪ੍ਰਭ ਦੇ ਭਗਤ ਵੀ ਦੁਨੀਆਂ ਨਾਲੋਂ ਭਿੰਨ ਅਤੇ ਨਿਰਾਲੇ ਹੁੰਦੇ ਹਨ ਜਿਹੜੇ ਕੇਵਲ ਪ੍ਰਭ ਦੇ ਚਰਨਾਂ ਵਿੱਚ ਨਿਵਾਸ ਕਰਕੇ ਹੀ ਵਿਛੋੜੇ ਦੀ ਅੱਗ ਤੋਂ ਬਚ ਸਕਦੇ ਹਨ ਭਾਵ ਪਰਮ ਅਨੰਦ ਨੂੰ ਪ੍ਰਾਪਤ ਕਰ ਸਕਦੇ ਹਨ।

ਇਸ ਸ਼ਬਦ ਦੇ ਵਿਚਾਰਾਂ ਦੀ ਉਸਾਰੀ ਰਾਗ ਬਿਲਾਵਲ ਦੀਆਂ ਜ਼ਰੂਰਤਾਂ ਅਨੁਸਾਰ ਹੀ ਕੀਤੀ ਗਈ ਹੈ।

ਪਰਿਭਾਸ਼ਾ - ਪਾਰਬ੍ਰਹਮ ਦਾ ਹਰ ਜੀਵ ਅੰਦਰ ਵਾਸਾ ਹੈ। ਭਾਵੇਂ ਉਹ ਬ੍ਰਾਹਮਣ ਹੋਵੇ ਜਾਂ ਖਤਰੀ, ਵੈਸ਼ ਹੋਵੇ ਜਾਂ ਸ਼ੂਦਰ, ਮਿਰਾਸੀ ਹੋਵੇ ਜਾਂ ਚੰ ਡਾਲ, ਅਪਵਿੱਤਰ (ਮਲੇਸ਼) ਹੋਵੇ ਜਾਂ ਹੋਰ ਕੋਈ ਵੀ, ਸਭ ਦੇ ਮਨ ਵਿੱਚ ਪ੍ਰਭ ਵਸਦਾ ਹੈ।

ਸ਼ਬਦ ਅਰਥ :—ਜਿਸ ਕਿਸੇ ਵੀ ਕੁਲ ਵਿੱਚ ਪ੍ਰਭ ਦਾ ਭਗਤ ਪ੍ਰਗਟ ਹੁੰਦਾ ਹੈ, ਨਾ ਉਹ ਜਾਤ ਦਾ ਉੱਤਮ ਹੁੰਦਾ ਹੈ ਨਾ ਨੀਚ ਜਾਤ ਦਾ, ਨਾ ਗਰੀਬ ਹੁੰਦਾ ਹੈ ਅਤੇ ਨਾ ਹੀ ਅਮੀਰ। ਉਹ ਤਾਂ ਆਪਣੇ ਪਵਿੱਤਰ ਕਰਮਾਂ ਨਾਲ਼ ਪਵਿੱਤਰ ਸ਼ੋਭਾ ਪ੍ਰਾਪਤ ਕਰਕੇ ਦੁਨੀਆਂ ਵਿੱਚ ਪ੍ਰਸਿੱਧ ਹੋ ਜਾਂਦਾ ਹੈ॥ ੧॥ ਰਹਾਉ॥

ਇਸ ਕਰਕੇ ਭਾਵੇਂ ਬ੍ਰਾਹਮਣ, ਖਤਰੀ, ਵੈਸ਼, ਸ਼ੂਦਰ ਜਾਂ ਮਿਰਾਸੀ, ਚੰਡਾਲ ਅਤੇ ਅਪਵਿੱਤਰ (ਮਲੇਸ਼) ਮਨ ਵਾਲਾ ਹੋਵੇ ਸਭ ਵਿੱਚ ਉਸ ਇਕ ਪਰਮਾਤਮਾ ਦਾ ਵਾਸਾ ਹੁੰਦਾ ਹੈ। ਇਸ ਲਈ ਜੋ ਕੋਈ ਵੀ ਪ੍ਰਭ ਦਾ ਸਿਮਰਨ ਕਰਦਾ ਹੈ, ਉਹ ਪਹਿਲਾਂ ਆਪਣੇ ਆਪ ਨੂੰ ਤਾਰਦਾ ਹੈ ਅਤੇ ਫਿਰ ਦਾਦਕੇ, ਨਾਨਕੇ ਦੋਹਾਂ ਕੁਲਾਂ ਨੂੰ ਵੀ ਤਾਰ ਦਿੰਦਾ ਭਾਵ ਵਿਕਾਰਾਂ ਤੋਂ ਮੁਕਤ ਕਰ ਦਿੰਦਾ ਹੈ॥ ੧॥

ਇਸ ਲਈ ਧੰਨ ਹਨ ਉਸ ਪਰਿਵਾਰ ਦੇ ਲੋਕ ਅਤੇ ਧੰਨ ਹੈ ਉਹ ਪਿੰਡ ਅਤੇ ਉਹ ਸਥਾਨ ਜਿਥੇ ਭਗਤ ਨੇ ਜਨਮ ਲਿਆ ਹੈ ਅਤੇ ਪ੍ਰਭ-ਪ੍ਰੇਮ ਦਾ ਅੰਮ੍ਰਿਤ ਰਸ ਪੀ ਕੇ ਹੋਰ ਸਾਰੇ ਸੁਆਦ ਤਿਆਗ ਦਿਤੇ ਹਨ ਅਤੇ ਵਿਕਾਰਾਂ ਦਾ ਨਾਸ਼ ਕਰ ਦਿੱਤਾ ਹੈ॥ ੨॥

ਪ੍ਰਭ-ਪ੍ਰਾਪਤੀ ਕਾਰਣ, ਵੱਡੇ ਵੱਡੇ ਵਿਦਵਾਨ, ਮਹਾਨ ਸੂਰਮੇ ਅਤੇ ਚਕਰਵਰਤੀ ਰਾਜਾ ਅਤੇ ਹੋਰ ਕੋਈ ਵੀ ਪ੍ਰਭ ਦੇ ਭਗਤ ਦੇ ਬਰਾਬਰ ਨਹੀਂ ਹੋ ਸਕਦਾ। ਸੋ ਜਗਤ ਵਿੱਚ ਅਜਿਹੇ ਭਗਤਾਂ ਦਾ ਜਨਮ ਹੀ ਮੁਬਾਰਕ ਹੈ। ਕਿਉਂਕਿ ਜਿਵੇਂ ਚੁਪੱਤੀ ਨਿਰਾਲੀ ਹੈ, ਉਹ ਕੇਵਲ ਪਾਣੀ ਪਾਸ ਹੀ ਜੀਵਤ ਰਹਿ ਸਕਦੀ ਹੈ ਤਿਵੇਂ ਹੀ ਪ੍ਰਭ ਦੇ ਭਗਤ ਨਿਰਾਲੇ ਹਨ ਜਿਹੜੇ ਕੇਵਲ ਪ੍ਰਭ ਚਰਨਾਂ ਵਿੱਚ ਨਿਵਾਸ ਕਰਕੇ ਹੀ ਵਿਛੋੜੇ ਦੀ ਅੱਗ ਤੋਂ ਬਚ ਸਕਦੇ ਹਨ ਭਾਵ ਪਰਮ ਅਨੰਦ ਨੂੰ ਪ੍ਰਾਪਤ ਕਰ ਸਕਦੇ ਹਨ॥ ੩॥੨॥

ੴ ਸਤਿਗੁਰ ਪ੍ਰਸਾਦਿ॥

ਰਾਗੁ ਗੌਂਡ ਬਾਣੀ-ਰਵਿਦਾਸ ਜੀਉ ਕੀ ਘਰੁ ੨

ਮੁਕੰਦ ਮੁਕੰਦ ਜਪਹੁ ਸੰਸਾਰ॥
ਬਿਨੁ ਮੁਕੰਦ ਤਨੁ ਹੋਇ ਅਉਹਾਰ॥
ਸੋਈ ਮੁਕੰਦੁ ਮੁਕਤਿ ਕਾ ਦਾਤਾ॥
ਸੋਈ ਮੁਕੰਦੁ ਹਮਰਾ ਪਿਤ ਮਾਤਾ॥ ੧॥
ਜੀਵਤ ਮੁਕੰਦੇ ਮਰਤ ਮੁਕੰਦੇ॥
ਤਾ ਕੇ ਸੇਵਕ ਕੋਉ ਸਦਾ ਅਨੰਦੇ॥ ੧॥ ਰਹਾਉ॥
ਮੁਕੰਦ ਮੁਕੰਦ ਹਮਾਰੇ ਪ੍ਰਾਨੰ॥
ਜਪਿ ਮੁਕੰਦ ਮਸਤਕਿ ਨੀਸਾਨੰ॥
ਸੇਵ ਮੁਕੰਦ ਕਰੈ ਬੈਰਾਗੀ॥
ਸੋਈ ਮੁਕੰਦੁ ਦੁਰਬਲ ਧਨੁ ਲਾਧੀ॥ ੨॥
ਏਕੁ ਮੁਕੰਦੁ ਕਰੈ ਉਪਕਾਰੁ॥
ਹਮਰਾ ਕਹਾ ਕਰੈ ਸੰਸਾਰੁ॥
ਮੇਟੀ ਜਾਤਿ ਹੂਏ ਦਰਬਾਰਿ॥
ਤੁਹੀ ਮੁਕੰਦ ਜੋਗ ਜੁਗ ਤਾਰਿ॥ ੩॥
ਉਪਜਿਓ ਗਿਆਨੁ ਹੂਆ ਪਰਗਾਸ॥
ਕਰ ਕਿਰਪਾ ਲੀਨੇ ਕੀਟ ਦਾਸ॥
ਕਹੁ ਰਵਿਦਾਸ ਅਬ ਤ੍ਰਿਸਨਾ ਚੂਕੀ॥
ਜਪਿ ਮੁਕੰਦ ਸੇਵਾ ਤਾਹੂ ਕੀ॥ ੪॥ ੧॥[1]

ਪਦ ਅਰਥ :—**ਮੁਕੰਦ** = ਮੁਕਤੀ ਦੇਣ ਵਾਲਾ ਪ੍ਰਭ। **ਜਪਹੁ** = ਸਿਮਰਨ ਕਰੋ। **ਅਉਹਾਰ** = ਨਾਸ਼ ਹੋਣ ਵਾਲਾ, ਵਿਅਰਥ ਜਾਣ ਵਾਲਾ॥ ੧॥

ਜੀਵਤ = ਜਿਉਂਦਿਆਂ। **ਮਰਤ** = ਮਰਨ ਵੇਲੇ। **ਤਾ ਕੇ** = ਉਸ ਪ੍ਰਭ ਦੇ॥ ੧॥ ਰਹਾਉ॥

ਪ੍ਰਾਨੰ=ਜਿੰਦ ਜਾਨ। **ਨਿਸਾਨੰ**=ਪ੍ਰਮਾਣਿਕਤਾ ਦਾ ਚਿੰਨ੍ਹ। **ਦੁਰਬਲ** = ਆਤਮਕ ਤੌਰ ਤੇ ਕਮਜ਼ੋਰ। **ਧਨੁ** = ਪ੍ਰਭਦਾ ਨਾਮ ਰੂਪੀ ਧਨ। **ਲਾਧੀ** = ਲੱਭ ਪਿਆ ਹੈ॥ ੨॥

ਜਾਤਿ = ਦੇਖੋ ਪੰਨਾ ਨੰ.੧੧੫ ਦਾ ਬੰਦ ਨੰ.੩ ॥੩॥

ਕੀਟ = ਕੀੜੇ, ਨਿਮਾਣੇ। **ਤ੍ਰਿਸਨਾ** = ਇੱਛਾਵਾਂ, ਵਿਕਾਰ। **ਤਾਹੂ ਕੀ** = ਉਸੇ ਪ੍ਰਭ ਦੀ॥ ੪॥ ੧॥

---

1. ਆਦਿ ਗ੍ਰੰਥ – ਪੰਨਾ : ੮੭੫

ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ

ਗੁਰੂ ਰਵਿਦਾਸ ਜੀ ਨੇ ਇਸ ਸ਼ਬਦ ਦੇ ਬੰਦ ਨੰ. ੧ ਵਿੱਚ 'ਮੁਕੰਦ' ਲਫਜ਼ ਦੀ ਦੋ ਵਾਰ ਵਰਤੋਂ ਕਰਕੇ, ਪ੍ਰਭ ਦੇ ਸਿਮਰਨ ਲਈ ਸੇਵਕ ਨੂੰ ਸ਼ਕਤੀਸ਼ਾਲੀ ਰੂਪ ਵਿੱਚ ਚਿਤਾਵਣੀ ਦਿੱਤੀ ਹੈ ਅਤੇ ਇਹ ਵੀ ਦ੍ਰਿੜ ਕੀਤਾ ਹੈ ਕਿ ਪ੍ਰਭ ਦਾ ਸਿਮਰਨ ਹੀ ਜੀਵ ਨੂੰ ਚੁਰਾਸੀ ਦੇ ਚੱਕਰ ਤੋਂ ਮੁਕਤ ਕਰ ਸਕਦਾ ਹੈ। ਪ੍ਰਭ ਸਮੁੱਚੀ ਸ੍ਰਿਸ਼ਟੀ ਦਾ ਪਿਤਾ ਹੈ। ਇਸ ਕਰਕੇ ਪ੍ਰਭ ਸਾਨੂੰ ਮਾਂ-ਪਿਉ ਦੀ ਤਰ੍ਹਾਂ ਸੰਭਾਲ ਕੇ ਪਾਲਦਾ ਹੈ।

'ਰਹਾਉ' ਵਿੱਚ ਦੂਜਾ ਨੁਕਤਾ ਪ੍ਰਭ ਦੇ ਸਿਮਰਨ ਦੀ ਮਹੱਤਤਾ ਅਤੇ ਵਿਧੀ ਬਾਰੇ ਹੈ। ਗੁਰੂ ਰਵਿਦਾਸ ਜੀ ਚਿਤਾਵਣੀ ਦਿੰਦੇ ਹਨ ਕਿ ਸੇਵਕ ਪ੍ਰਭ ਦਾ ਨਿਰੰਤਰ ਹਰ ਪਲ ਸਿਮਰਨ ਕਰੇ ਤਾਂ ਉਹ ਪ੍ਰਭ ਦਾ ਪਰਮ ਅਨੰਦ ਪ੍ਰਾਪਤ ਕਰ ਸਕਦਾ ਹੈ। ਇਹ ਸਮੁੱਚੇ ਸ਼ਬਦ ਦਾ ਬੁਨਿਆਦੀ ਸਿਧਾਂਤ ਹੈ।

ਅਗਲੇ ਬੰਦ ਨੰ. ੨ ਵਿੱਚ ਇਸ ਸਿਧਾਂਤ ਨੂੰ ਲਾਗੂ ਕੀਤਾ ਗਿਆ ਹੈ। ਸੇਵਕ ਪ੍ਰਭ ਦਾ ਸਿਮਰਨ ਕਰਦਾ ਹੋਇਆ, ਪ੍ਰਭ ਨੂੰ ਆਪਣੇ ਪ੍ਰਾਣ ਸਮਝਦਾ ਹੈ। ਇਸ ਦਾ ਪ੍ਰਮਾਣ, ਇਸ ਬੰਦ ਦੇ ਮੁੱਢ ਵਿੱਚ "ਮੁਕੰਦ" ਲਫਜ਼ ਦਾ ਦੋ ਵਾਰ ਆਉਣਾ ਹੈ। ਇਸ ਦਾ ਮੰਤਵ ਵਿਸ਼ੇ ਦੀ ਗੰਭੀਰਤਾ, ਗਹਿਰਾਈ ਅਤੇ ਸੇਵਕ ਦੀ ਬਦਲ ਰਹੀ ਮਾਨਸਿਕ ਅਵਸਥਾ ਦ੍ਰਿਸ਼ਾ ਕੇ ਦ੍ਰਿੜ ਕਰਨਾ ਵੀ ਹੈ। ਇਸ ਅਵਸਥਾ ਵਿੱਚ ਸੇਵਕ ਦੇ ਚਿਹਰੇ ਦਾ ਜਲਾਲ ਨੂਰ-ਨੂਰ ਹੋ ਭੱਖ ਉੱਠਦਾ ਹੈ। ਇਹ ਵੈਰਾਗ ਦੀ ਪਰਮ ਅਵਸਥਾ ਦਾ ਪ੍ਰਮਾਣ ਹੈ, ਜਿਸ ਸਦਕਾ ਉਸ ਦੀ ਆਤਮਕ ਕਮਜ਼ੋਰੀ ਮਿਟ ਜਾਂਦੀ ਹੈ ਅਤੇ ਆਤਮਕ ਸ਼ਕਤੀ ਰੂਪ ਧਨ ਲੱਭ ਪੈਂਦਾ ਹੈ।

ਅਗਲੇ ਬੰਦ ਨੰ. ੩ ਵਿੱਚ ਗੁਰੂ ਰਵਿਦਾਸ ਜੀ ਸਪਸ਼ਟ ਕਰਦੇ ਹਨ ਕਿ ਜਦੋਂ "ਇੱਕ" ਪ੍ਰਭ ਬਖਸ਼ਿਸ਼ ਕਰਦਾ ਹੈ ਤਾਂ ਆਤਮਕ ਬਲ ਪ੍ਰਾਪਤ ਹੁੰਦਾ ਹੈ, ਹੁਣ ਲੋਕ ਸੇਵਕ ਦਾ ਕੁਝ ਵੀ ਵਿਗਾੜ ਨਹੀਂ ਸਕਦੇ। ਇਸ ਤਰ੍ਹਾਂ ਪ੍ਰਭ ਦੀ ਮਿਹਰ ਸੇਵਕ ਦੇ ਵਿਕਾਰੀ ਸੁਭਾ ਨਸ਼ਟ ਕਰਕੇ ਪਵਿੱਤਰਤਾ ਪ੍ਰਦਾਨ ਕਰ ਦਿੰਦੀ ਹੈ ਅਤੇ ਪ੍ਰਭ ਦੇ ਚਰਨਾਂ ਵਿੱਚ ਸਥਾਨ ਪ੍ਰਾਪਤ ਹੋ ਜਾਂਦਾ ਹੈ। ਹੇ ਪ੍ਰਭ! ਜੁਗਾਂ ਜੁਗਾਂ ਤੋਂ ਬਖਸ਼ਿਸ਼ ਕਰਕੇ ਤੂੰ ਆਪਣੇ ਸੇਵਕ ਨੂੰ ਭਵ-ਸਾਗਰ ਤੋਂ ਪਾਰ ਲੰਘਾਉਂਦਾ ਹੈਂ।

ਇਸ ਬੰਦ ਨੰ. ੪ ਵਿੱਚ ਵਿਕਾਰੀ ਸੁਭਾ ਨੂੰ ਨਸ਼ਟ ਕਰਨ ਵਾਲੀ ਸ਼ਕਤੀ ਦਾ ਜ਼ਿਕਰ ਹੈ। ਇਹ ਸ਼ਕਤੀ ਹੈ ਪ੍ਰਭ ਦੁਆਰਾ ਮਿਹਰ ਕਰਕੇ ਪ੍ਰਦਾਨ ਕੀਤਾ ਬ੍ਰਹਮ-ਗਿਆਨ, ਜਿਸ ਦੇ ਪ੍ਰਕਾਸ਼ ਨਾਲ ਅਗਿਆਨਤਾ ਮਿਟ ਜਾਂਦੀ ਹੈ ਅਤੇ ਪ੍ਰਭ-ਮਿਲਾਪ ਹੋ ਜਾਂਦਾ ਹੈ। ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਹੁਣ ਇਸ ਅਵਸਥਾ ਵਿੱਚ ਮੇਰੀਆਂ ਇੱਛਾਵਾਂ ਤੇ ਵਿਕਾਰਾਂ ਦਾ ਨਾਸ਼ ਹੋ ਗਿਆ ਹੈ। ਇਸ ਲਈ ਹੇ ਰਵਿਦਾਸ! ਤੂੰ ਪ੍ਰਭ ਦਾ ਨਿਰੰਤਰ ਸਿਮਰਨ ਕਰ ਅਤੇ ਉਸ ਦੀ ਸੇਵਾ ਲਈ ਵੀ ਸਦਾ ਤੱਤਪਰ ਰਹਿ।

ਇਸ ਤਰ੍ਹਾਂ ਗੁਰੂ ਰਵਿਦਾਸ ਜੀ ਨੇ ਪ੍ਰਭ ਦੇ ਸਿਮਰਨ ਦਾ ਮਹੱਤਵ ਦਸਕੇ, ਉਸ ਨੂੰ ਸੇਵਕ ਤੇ ਲਾਗੂ ਕਰਕੇ ਦ੍ਰਿੜ ਵੀ ਕੀਤਾ ਹੈ ਕਿ ਪ੍ਰਭ ਦਾ ਨਿਰੰਤਰ, ਪਲ-ਪਲ ਸਿਮਰਨ ਸੇਵਕ ਨੂੰ ਸਦੀਵੀ ਅਨੰਦ ਪ੍ਰਦਾਨ ਕਰਦਾ ਹੈ।

ਗੌਂਡ ਰਾਗ ਦੇ ਸਿਧਾਂਤ ਦੀਆਂ ਬੁਨਿਆਦੀ ਜ਼ਰੂਰਤਾਂ ਅਨੁਸਾਰ ਇਸ ਸ਼ਬਦ ਦੀ ਸਿਰਜਣਾ ਕੀਤੀ ਗਈ ਹੈ। ਇਸ ਰਾਗ ਦਾ ਬੁਨਿਆਦੀ ਧੁਰਾ "ਇੱਕ ਪਰਮਾਤਮਾ" ਦਾ ਸੰਕਲਪ ਹੈ ਅਤੇ ਇਸ "ਇੱਕ ਪਰਮਾਤਮਾ" ਦੇ ਸੇਵਕ ਨੂੰ ਵਾਰ ਵਾਰ ਸਿਮਰਨ ਕਰਨ ਦੀ ਚੇਤਾਵਨੀ ਦਿੱਤੀ ਗਈ ਹੈ।

ਗੁਰੂ ਰਵਿਦਾਸ ਜੀ ਇਸ ਸ਼ਬਦ ਦੇ ਬੰਦ ਨੰ. ੩ ਵਿੱਚ ਰਾਗ ਗੌਂਡ ਦੇ ਬੁਨਿਆਦੀ ਧੁਰੇ ਦਾ ਜ਼ਿਕਰ ਕਰਦੇ ਹਨ—"ਏਕੁ ਮੁਕੰਦ ਕਰੈ ਉਪਕਾਰ॥" ਇਸ "ਏਕੁ ਮੁਕੰਦ" ਦੇ ਸਿਮਰਨ ਲਈ ਬੰਦ ਨੰ. ੧ ਅਤੇ ੨ ਵਿੱਚ "ਮੁਕੰਦ" ਲਫ਼ਜ਼ ਨੂੰ ਦੋ ਦੋ ਵਾਰ ਵਰਤਕੇ ਪ੍ਰਭ ਦੇ ਵਾਰ-ਵਾਰ ਸਿਮਰਨ ਉੱਪਰ ਜ਼ੋਰ ਦੇਕੇ ਸਿਮਰਨ ਦੀ ਮਹੱਤਤਾ ਨੂੰ ਦ੍ਰਿੜ ਕੀਤਾ ਗਿਆ ਹੈ। ਸੋ ਇਹ ਸ਼ਬਦ ਵਿੱਚ ਆਏ ਵਿਚਾਰ ਰਾਗ ਗੌਂਡ ਦੀਆਂ ਬੁਨਿਆਦੀ ਜਰੂਰਤਾਂ ਪੂਰੀਆਂ ਕਰਦਾ ਹੈ। ਭਾਰਤ ਦੇ ਪ੍ਰਸਿੱਧ ਸੰਗੀਤ ਸ਼ਾਸਤਰੀ ਰਾਗ ਦੀਆਂ ਸਿਧਾਂਤਕ ਜਰੂਰਤਾਂ ਨੂੰ ਨਿਸ਼ਚਤ ਕਰਦੇ ਲਿਖਦੇ ਹਨ,

ਕੇਵਲ ਇੱਕ ਹੀ ਆਸ ਰਖਣੀ ਇਸ ਚਿਤਾਵਨੀ ਨੂੰ ਬਾਰ ਬਾਰ ਚਿਤਵਣਾ ਹੈ ਕਿਉਂਕਿ "ਇਹ ਆਸ ਪਰਮਿਤ੍ਰੀ ਭਾਉ ਦੂਜਾ ਹੈ, ਖਿਨ ਮਹਿ ਝੂਠ ਬਿਨਸਿ ਸਭ ਜਾਈ॥" [1]

---

1. ਰਾਗ ਨਾਦ ਸਬਦਿ ਸੋਹਣੇ - ਪੰਨਾ : ੮੦

ਸ਼ਬਦ ਅਰਥ :—ਹੇ ਸੰਸਾਰ ਦੇ ਲੋਕੋ! ਉਸ ਮੁਕਤੀ ਪ੍ਰਦਾਨ ਕਰਨ ਵਾਲੇ ਪ੍ਰਭ ਦਾ ਸਿਮਰਨ ਕਰੋ, ਹਾਂ! ਜ਼ਰੂਰੀ ਹੀ ਉਸ ਦਾ ਸਿਮਰਨ ਕਰੋ। ਕਿਉਂਕਿ ਉਸ ਦੇ ਸਿਮਰਨ ਤੋਂ ਬਿਨ੍ਹਾਂ ਇਹ ਸਰੀਰ ਵਿਅਰਥ ਹੀ ਚਲਾ ਜਾਂਦਾ ਹੈ। ਓਹੀ ਪ੍ਰਭ ਮੁਕਤੀ ਪ੍ਰਦਾਨ ਕਰਦਾ ਹੈ। ਇਸ ਕਰਕੇ ਉਹ ਸਾਡੀ ਮਾਂ-ਪਿਉ ਵਾਂਗ ਸੰਭਾਲ ਕਰਦਾ ਹੈ॥ ੧॥

ਇਸ ਲਈ ਪ੍ਰਭ ਦਾ ਸੇਵਕ ਜਿਹੜਾ ਜਿਉਂਦੇ ਜੀਅ ਹਰ ਪਲ ਉਸ ਦੇ ਨਾਮ ਦੇ ਸਿਮਰਨ ਵਿੱਚ ਹੀ ਜਿਉਂਦਾ ਹੈ ਅਤੇ ਮਰਨ ਸਮੇਂ ਵੀ ਉਸ ਦੀ ਸੁਰਤੀ ਪ੍ਰਭ ਵਿੱਚ ਟਿਕੀ ਰਹਿੰਦੀ ਹੈ, ਉਹ ਸਦਾ ਹੀ ਪਰਮ ਅਨੰਦ ਦਾ ਰਸ ਮਾਣਦਾ ਹੈ ਭਾਵ ਪ੍ਰਭ ਨੂੰ ਪ੍ਰਾਪਤ ਹੁੰਦਾ ਹੈ॥ ੧॥ ਰਹਾਉ॥

ਇਸ ਕਾਰਣ ਹੀ ਗੁਰੂ ਰਵਿਦਾਸ ਜੀ ਦ੍ਰਿੜ ਕਰਦੇ ਹਨ ਕਿ ਪ੍ਰਭ, ਹਾਂ ਭਾਈ! ਪ੍ਰਭ ਹੀ ਸਾਡੀ ਜ਼ਿੰਦ-ਜਾਨ ਹੈ। ਉਸ ਦੇ ਸਿਮਰਨ ਨਾਲ ਸੇਵਕ ਦੇ ਮੱਥੇ ਤੇ ਪ੍ਰਮਾਣਿਕਤਾ ਦਾ ਚਿੰਨ੍ਹ ਭਾਵ ਚਿਹਰਾ ਪ੍ਰਭ ਦੇ ਨੂਰ ਨਾਲ ਨੂਰਾਨੀ ਹੋ ਜਾਂਦਾ ਹੈ। ਨੂਰ-ਪ੍ਰਾਪਤੀ ਨਾਲ ਪ੍ਰਭ ਦਾ ਸੇਵਕ ਵੈਰਾਗੀ ਬਣ ਜਾਂਦਾ ਹੈ ਅਤੇ ਆਤਮਕ ਤੌਰ ਤੇ ਨਿਰਬਲ ਸੇਵਕ ਨੂੰ ਆਤਮਕ ਸ਼ਕਤੀ ਰੂਪੀ ਧਨ ਲੱਭ ਪੈਂਦਾ ਹੈ॥ ੨॥

ਇਸ ਤਰ੍ਹਾਂ "ਇੱਕ ਪ੍ਰਭ" ਨੇ ਸਾਡੇ ਤੇ ਬਖਸ਼ਿਸ਼ ਕਰਕੇ ਸਾਰੀ ਦੁਨੀਆਂ ਵਿੱਚ ਜਸ ਤੇ ਕੀਰਤੀ ਪ੍ਰਦਾਨ ਕੀਤੀ ਹੈ, ਹੁਣ ਲੋਕ ਕੁਝ ਨਹੀਂ ਵਿਗਾੜ ਸਕਦੇ ਕਿਉਂਕਿ ਵਿਕਾਰੀ ਸੁਭਾ ਨੂੰ ਵਿਕਾਰਾਂ ਤੋਂ ਮੁਕਤੀ ਮਿਲਣ ਕਾਰਣ ਪ੍ਰਭ ਦੇ ਚਰਨਾਂ ਵਿੱਚ ਸਥਾਨ ਪ੍ਰਾਪਤ ਹੋਇਆ ਹੈ। ਉਹ ਪ੍ਰਭ ਤਾਂ ਜੁਗਾਂ ਜੁਗਾਂ ਤੋਂ ਸਦਾ ਹੀ ਆਪਣੇ ਸੇਵਕਾਂ ਨੂੰ ਪਾਰ ਲੰਘਾਉਂਦਾ ਹੈ॥ ੩॥

ਪ੍ਰਭ ਦੇ ਸਿਮਰਨ ਨਾਲ ਵਿਕਾਰਾਂ ਤੋਂ ਮੁਕਤੀ ਪ੍ਰਾਪਤ ਹੋਣ ਨਾਲ ਸੇਵਕ ਨੂੰ ਬ੍ਰਹਮ-ਗਿਆਨ ਦੀ ਪ੍ਰਾਪਤੀ ਹੋਈ ਹੈ ਜਿਸ ਦੇ ਪ੍ਰਕਾਸ਼ ਸਦਕਾ ਅਗਿਆਨਤਾ ਮਿਟ ਗਈ ਹੈ। ਇਸ ਤਰ੍ਹਾਂ ਇਸ ਨਿਮਾਣੇ ਸੇਵਕ ਨੂੰ ਪ੍ਰਭ ਨੇ ਬਖਸ਼ਿਸ਼ ਕਰਕੇ ਆਪਣਾ ਬਣਾ ਲਿਆ ਹੈ। ਇਸ ਲਈ ਗੁਰੂ ਰਵਿਦਾਸ ਜੀ ਸਪਸ਼ਟ ਕਰਦੇ ਹਨ ਕਿ ਹੁਣ ਮੇਰੀਆਂ ਇੱਛਾਵਾਂ ਅਤੇ ਵਿਕਾਰ ਮਿਟ ਗਏ ਹਨ ਅਤੇ ਹੁਣ ਉਸ ਪ੍ਰਭ ਦਾ ਹੀ ਸਿਮਰਨ ਕਰਦਾ ਹਾਂ ਅਤੇ ਹਰ ਸਮੇਂ ਉਸ ਦੀ ਸੇਵਾ ਵਿੱਚ ਹੀ ਮਗਨ ਰਹਿੰਦਾ ਹਾਂ॥ ੪॥ ੧॥

ੴ ਸਤਿਗੁਰ ਪ੍ਰਸਾਦਿ॥

ਰਾਗੁ ਗੌਂਡ ਬਾਣੀ ਰਵਿਦਾਸ ਜੀਉ ਕੀ ਘਰ ੨

ਜੇ ਓਹੁ ਅਠਸਠਿ ਤੀਰਥ ਨ੍ਹਾਵੈ॥
ਜੇ ਓਹੁ ਦੁਆਦਸ ਸਿਲਾ ਪੂਜਾਵੈ॥
ਜੇ ਓਹੁ ਕੂਪ ਤਟਾ ਦੇਵਾਵੈ॥
ਕਰੈ ਨਿੰਦ ਸਭ ਬਿਰਥਾ ਜਾਵੈ॥ ੧॥
ਸਾਧ ਕਾ ਨਿਦੰਕੁ ਕੈਸੇ ਤਰੈ॥
ਸਰਪਰ ਜਾਨਹੁ ਨਰਕ ਹੀ ਪਰੈ॥ ੧॥ ਰਹਾਉ॥
ਜੇ ਓਹੁ ਗ੍ਰਹਨ ਕਰੈ ਕੁਲਖੇਤਿ॥
ਆਰਪੈ ਨਾਰਿ ਸੀਗਾਰ ਸਮੇਤਿ॥
ਸਗਲੀ ਸਿੰਮ੍ਰਿਤੀ ਸ੍ਰਵਨੀ ਸੁਨੈ॥
ਕਰੈ ਨਿੰਦ ਕਵਨੈ ਨਹੀ ਗੁਨੈ॥ ੨॥
ਜੇ ਓਹੁ ਅਨਿਕ ਪ੍ਰਸਾਦ ਕਰਾਵੈ॥
ਭੂਮਿ ਦਾਨ ਸੋਭਾ ਮੰਡਪਿ ਪਾਵੈ॥
ਅਪਨਾ ਬਿਗਾਰਿ ਬਿਰਾਂਨਾ ਸਾਂਢੈ॥
ਕਰੈ ਨਿੰਦ ਬਹੁ ਜੂਨੀ ਹਾਂਢੈ॥ ੩॥
ਨਿੰਦਾ ਕਹਾ ਕਰਹੁ ਸੰਸਾਰਾ॥
ਨਿੰਦਕ ਕਾ ਪਰਗਟਿ ਪਾਹਾਰਾ॥
ਨਿੰਦਕੁ ਸੋਧਿ ਸਾਧਿ ਬੀਚਾਰਿਆ॥
ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ॥ ੪॥ ੨॥ ੧੧॥ ੭॥ ੨॥ ੪੯॥ ਜੋੜੁ॥[1]

ਪਦ ਅਰਥ :—ਅਠਸਠਿ = ਅਠਾਹਠ। **ਦੁਆਦਸ** = ਬਾਰ੍ਹਾਂ। **ਸਿਲਾ** = ਸ਼ਿਵਲਿੰਗ। **ਦੁਆਦਸ ਸਿਲਾ** = ਬਾਰ੍ਹਾਂ ਸ਼ਿਵਲਿੰਗ (ਸੋਮ ਨਾਥ, ਬਦਰੀ ਨਰੈਣ, ਕੇਦਾਰ, ਬਿਸੇਸ਼ੂਰ, ਰਾਮੇਸ਼ੂਰ, ਨਾਗੇਸ਼ੂਰ, ਬੈਜਨਾਥ, ਭੀਮ ਸ਼ੰਕਰ ਆਦਿ) **ਕੂਪ** = ਖੂਹ। **ਤਟਾ** = ਤਲਾ। **ਦੇਵਾਵੈ** = ਲਵਾਉਂਦਾ ਹੈ। **ਨਿੰਦ** = "ਗੁਣਾ ਵਿੱਚ ਦੋਸ਼ ਥਾਪਣ ਦੀ ਕ੍ਰਿਯਾ"[2]॥ ੧॥

ਸਰਪਰ = ਨਿਸ਼ਚਤ, ਜ਼ਰੂਰ॥ ੧॥ ਰਹਾਉ॥

ਕੁਲਖੇਤਿ = ਕੁਰੂਕਛੇਤਰ। **ਸ੍ਰਵਨੀ** = ਕੰਨੀਂ॥ ੨॥

ਅਨਿਕ = ਕਈ ਤਰ੍ਹਾਂ ਦੇ। **ਮੰਡਪਿ** = ਦੇਵ ਮੰਦਰ। **ਬਿਰਾਂਨਾਂ** = ਪਰਾਇਆ। **ਸਾਂਢੈ** = ਸੰਵਾਰਦਾ ਹੈ। **ਹਾਂਢੈ** = ਭਟਕਦਾ ਹੈ॥ ੩॥

ਪਾਹਾਰਾ = ਸੰਸਾਰ। **ਸੋਧਿ** = ਨਿਰਣੇ ਕਰਕੇ। **ਸਾਧਿ** = ਸਾਧਨਾ ਕਰਕੇ। **ਸੋਧਿ ਸਾਧਿ** = ਸੋਚ ਵਿਚਾਰ ਕੇ ਨਿਰਣਾ ਕਰਨਾ॥ ੪॥ ੨॥ ੧੧॥ ੭॥ ੨॥ ੪੯॥ ਜੋੜੁ॥

---

1. ਆਦਿ ਗ੍ਰੰਥ - ਪੰਨਾ : ੮੭੫ 2. ਮਹਾਨ ਕੋਸ਼ - ਪੰਨਾ : ੫੩੦

ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ

ਗੁਰੂ ਰਵਿਦਾਸ ਜੀ ਨੇ ਇਸ ਸ਼ਬਦ ਵਿੱਚ ਨਿੰਦਕ ਨੂੰ ਉਪਦੇਸ਼ ਦਿੱਤਾ ਹੈ ਕਿ ਉਹ ਸੱਚੇ ਸੁੱਚੇ ਮਹਾਂਪੁਰਸ਼ ਦੀ ਨਿੰਦਿਆ ਨੂੰ ਛੱਡਕੇ, ਪ੍ਰਭ ਦਾ ਨਾਮ ਸਿਮਰਨ ਕਰੇ। ਨਿੰਦਕ ਉਹ ਹੈ ਜਿਹੜਾ ਗੁਣਾਂ ਨੂੰ ਦੋਸ਼ ਕਹਿੰਦਾ ਹੈ। ਸੋ ਜੋ ਵੀ ਕੋਈ ਗੁਣਾਂ ਨੂੰ ਅਵਗੁਣ ਬਣਾਕੇ ਕਿਸੇ ਦੀ ਭੰਡੀ ਕਰਦਾ ਹੈ, ਉਹ ਪ੍ਰਭ ਦੀ ਨਜ਼ਰ ਵਿੱਚ ਦੋਸ਼ੀ ਹੈ। ਸੋ ਇਸ ਸ਼ਬਦ ਵਿੱਚ ਸੱਚੇ-ਸੁੱਚੇ ਸਾਧਾਂ-ਸੰਤਾਂ ਦੀ ਨਿੰਦਿਆ ਕਰਨ ਤੋਂ ਵਰਜਿਆ ਗਿਆ ਹੈ।

ਬੰਦ ਨੰ. ੧ ਵਿੱਚ ਗੁਰੂ ਰਵਿਦਾਸ ਜੀ ਸਪਸ਼ਟ ਕਰਦੇ ਹਨ ਕਿ ਵਿਖਾਵੇ ਅਤੇ ਪਾਖੰਡ ਵਾਲੀ ਪੂਜਾ ਨਿੰਦਕ ਦਾ ਕਰਮ ਹੈ। ਉਹ ਅਠਾਹਠ ਤੀਰਥਾਂ ਦਾ ਇਸ਼ਨਾਨ, ਬਾਰ੍ਹਾਂ ਸ਼ਿਵਲਿੰਗਾਂ ਦੀ ਪੂਜਾ ਅਤੇ ਸ਼ਰਧਾਲੂਆਂ ਲਈ ਖੂਹ ਅਤੇ ਤਲਾ ਲਵਾਉਂਦਾ ਹੈ ਇਹ ਸਭ ਵਿਖਾਵਾ ਹਨ, ਪਾਖੰਡ ਹਨ, ਜੇਕਰ ਉਹ ਮਹਾਂਪੁਰਸ਼ਾਂ ਦੀ ਨਿੰਦਿਆ ਕਰਦਾ ਹੈ।

ਇਸ ਕਰਕੇ 'ਰਹਾਉ' ਵਿੱਚ ਗੁਰੂ ਰਵਿਦਾਸ ਜੀ ਇੱਕ ਸਿਧਾਂਤ ਦੀ ਸਿਰਜਣਾ ਕਰਦੇ ਹਨ ਕਿ ਸੱਚੇ-ਸੁੱਚੇ ਮਹਾਂਪੁਰਸ਼ਾਂ ਦਾ ਨਿੰਦਕ ਨਿਸ਼ਚੇ ਹੀ ਨਰਕ ਵਿੱਚ ਜਾਂਦਾ ਹੈ।

ਗੁਰੂ ਰਵਿਦਾਸ ਜੀ ਬੰਦ ਨੰ. ੨ ਵਿੱਚ ਦ੍ਰਿੜ ਕਰਦੇ ਹਨ ਕਿ ਭਾਵੇਂ ਕੋਈ ਸਿੰਮ੍ਰਿਤੀਆਂ ਦੀ ਸਿਖਿਆ ਨੂੰ ਸੁਣ ਕੇ ਉਸ ਅਨੁਸਾਰ ਗ੍ਰਹਿਣ ਵਾਲੇ ਦਿਨ ਕੁਰੂਕਛੇਤਰ ਦਾ ਇਸ਼ਨਾਨ ਕਰਕੇ ਗਹਿਣਿਆਂ ਨਾਲ ਲੱਦੀ ਆਪਣੀ ਪਤਨੀ ਦਾ ਦਾਨ ਬ੍ਰਾਹਮਣ ਨੂੰ ਕਰੇ ਫਿਰ ਵੀ ਸੰਤਾਂ ਦੇ ਨਿੰਦਕ ਨੂੰ ਇਸ ਦਾ ਕੋਈ ਲਾਭ ਨਹੀਂ ਹੋਵੇਗਾ।

ਗੁਰੂ ਰਵਿਦਾਸ ਜੀ ਬੰਦ ਨੰ. ੩ ਵਿੱਚ ਨਿੰਦਕ ਨੂੰ ਸਮਾਜਕ ਪੱਖੋਂ ਵੀ ਸਪਸ਼ਟ ਕਰਦੇ ਹਨ ਕਿ ਸਾਧਾਂ-ਸੰਤਾਂ ਦਾ ਨਿੰਦਕ ਫਿਰ ਵੀ ਚੁਰਾਸੀ ਦੇ ਚੱਕਰ ਵਿੱਚ ਭਟਕੇਗਾ ਜੇਕਰ ਭੂਮੀ ਦਾਨ ਅਤੇ ਮੰਦਰ ਦਾਨ ਦੇਕੇ ਅਤੇ ਦੂਜਿਆਂ ਦਾ ਭਲਾ ਕਰਨ ਹਿੱਤ ਆਪਣੇ ਕੰਮ ਵਿਗਾੜ ਕੇ ਸੰਸਾਰ ਵਿੱਚ ਵਡਿਆਈ ਪ੍ਰਾਪਤ ਕਰ ਲੈਂਦਾ ਹੈ। ਪਰ ਸਾਧਾਂ ਦੀ ਨਿੰਦਿਆ ਕਾਰਣ ਇਹ ਵਡਿਆਈ ਵਿਅਰਥ ਬਣ ਜਾਂਦੀ ਹੈ।

ਹਰ ਪੱਖੋਂ ਵਿਚਾਰ ਕਰਨ ਉਪਰੰਤ ਗੁਰੂ ਰਵਿਦਾਸ ਜੀ ਬੰਦ ਨੰ. ੪ ਵਿੱਚ ਲੋਕਾਂ ਨੂੰ ਸੰਬੋਧਨ ਕਰਦੇ ਉਪਦੇਸ਼ ਦਿੰਦੇ ਹਨ ਕਿ ਹੇ ਸੰਸਾਰ ਦੇ ਲੋਕੋ! ਤੁਸੀਂ ਸੰਤਾਂ ਦੀ ਨਿੰਦਿਆ ਨਾ ਕਰੋ, ਇਹ ਤਾਂ ਨਸ਼ਰ ਹੋ ਜਾਂਦੀ ਹੈ, ਨਿੰਦਕ ਦਾ ਭੇਦ ਖੁਲ੍ਹ ਜਾਂਦਾ ਹੈ। ਇਸ ਤਰ੍ਹਾਂ ਇਹ ਨਿੰਦਿਆ ਬਦਨਾਮੀ ਦਾ ਕਾਰਣ ਬਣਦੀ ਹੈ। ਗੁਰੂ ਜੀ ਇਹ ਵੀ ਸਪਸ਼ਟ ਕਰਦੇ ਹਨ ਕਿ ਸੋਚ ਵਿਚਾਰ ਪਿੱਛੋਂ ਸਿੱਟਾ ਇਹੋ ਨਿਕਲਦਾ ਹੈ ਕਿ ਨਿੰਦਕ ਪਾਪੀ ਹੈ, ਉਹ ਨਿਸ਼ਚੇ ਹੀ ਨਰਕ ਨੂੰ ਜਾਂਦਾ ਹੈ। ਤੁਸੀਂ ਇਸ ਨਿੰਦਿਆ ਤੋਂ ਬਚੋ।

ਸ਼ਬਦ ਅਰਥ :—ਜੇ ਕੋਈ ਜੀਵ ਅਠਾਹਠ ਤੀਰਥਾਂ ਦਾ ਇਸ਼ਨਾਨ ਕਰੇ ਅਤੇ ਬਾਰ੍ਹਾਂ ਸ਼ਿਵਲਿੰਗਾਂ ਦੀ ਪੂਜਾ ਕਰੇ ਅਤੇ ਜੇ ਉਹ ਲੋਕਾਂ ਜਾਂ ਸ਼ਰਧਾਲੂਆਂ ਦੇ ਭਲੇ ਲਈ ਖੂਹ ਅਤੇ ਤਲਾ ਵੀ ਲਵਾ ਦਿੰਦਾ ਹੈ। ਜੇ ਉਹ ਸੱਚੇ-ਸੁੱਚੇ ਸੰਤਾਂ ਦੀ ਨਿੰਦਿਆ ਕਰਦਾ ਹੈ ਤਾਂ ਸਭ ਵਿਅਰਥ ਹੀ ਜਾਂਦਾ ਹੈ॥ ੧॥

ਇਸ ਲਈ ਗੁਰੂ ਰਵਿਦਾਸ ਜੀ ਸਪਸ਼ਟ ਨਿਰਣਾ ਦਿੰਦੇ ਹਨ ਕਿ ਸਾਧਾਂ, ਸੰਤਾਂ ਦਾ ਨਿੰਦਕ ਕਿਵੇਂ ਤਰ ਸਕਦਾ ਹੈ? ਭਾਵ ਉਹ ਤਰ ਹੀ ਨਹੀਂ ਸਕਦਾ। ਉਹ ਤਾਂ ਨਿਸ਼ਚੇ ਹੀ ਨਰਕ ਵਿੱਚ ਜਾਂਦਾ ਹੈ॥ ੧॥ ਰਹਾਉ॥

ਜੇ ਕੋਈ ਜੀਵ ਗ੍ਰਹਿਣ ਵਾਲੇ ਦਿਨ ਕੁਰੂਕਛੇਤਰ ਜਾਕੇ ਇਸ਼ਨਾਨ ਕਰਕੇ ਪੂਰੇ ਗਹਿਣਿਆਂ ਸਮੇਤ ਆਪਣੀ ਪਤਨੀ ਨੂੰ ਬ੍ਰਾਹਮਣ ਨੂੰ ਦਾਨ ਕਰ ਦੇਵੇ ਅਤੇ ਸਾਰੀਆਂ ਸਿੰਮ੍ਰਿਤੀਆਂ ਨੂੰ ਕੰਨੀਂ ਸੁਣੇ। ਪਰ ਜੇ ਉਹ ਸਾਧਾਂ ਸੰਤਾਂ ਦੀ ਨਿੰਦਿਆ ਕਰਦਾ ਹੈ ਤਾਂ ਅਜਿਹੇ ਦਾਨ ਦਾ ਕੋਈ ਵੀ ਲਾਭ ਨਹੀਂ ਹੁੰਦਾ॥ ੨॥

ਜੇ ਉਹ ਦੇਵੀ ਦੇਵਤਿਆਂ ਨੂੰ ਕਈ ਕਿਸਮ ਦੇ ਭੋਗ ਲਵਾਵੇ, ਭੂਮੀਦਾਨ ਅਤੇ ਮੰਦਰ ਦਾਨ ਕਰਕੇ ਵਡਿਆਈ ਪ੍ਰਾਪਤ ਕਰ ਲਵੇ, ਇਥੋਂ ਤੱਕ ਕਿ ਆਪਣਾ ਕੰਮ ਵਿਗਾੜ ਕੇ ਦੂਜਿਆਂ ਦਾ ਭਲਾ ਕਰੇ ਤਾਂ ਵੀ ਉਹ ਚੁਰਾਸੀ ਲੱਖ ਜੂਨਾਂ ਦੇ ਚੱਕਰ ਵਿੱਚ ਭਟਕਦਾ ਹੈ ਜੇ ਉਹ ਮਹਾਂਪੁਰਸ਼ਾਂ ਦੀ ਨਿੰਦਿਆ ਕਰਦਾ ਹੈ॥ ੩॥

ਗੁਰੂ ਰਵਿਦਾਸ ਜੀ ਸਮਝਾਉਂਦੇ ਹਨ ਕਿ ਹੇ ਦੁਨੀਆਂ ਦੇ ਲੋਕੋ! ਤੁਸੀਂ ਸਾਧਾਂ ਦੀ ਨਿੰਦਿਆ ਕਿਉਂ ਕਰਦੇ ਹੋ? ਜਦਕਿ ਉਨ੍ਹਾਂ ਦਾ ਇਹ ਨਿੰਦਿਆ ਵਾਲਾ ਘਟੀਆ ਵਰਤਾਰਾ ਨਸ਼ਰ ਹੋ ਜਾਂਦਾ ਹੈ ਭਾਵ ਇਸ ਦਾ ਭੇਦ ਖੁੱਲ ਜਾਂਦਾ ਹੈ। ਇਸ ਕਰਕੇ ਗੁਰੂ ਜੀ ਦ੍ਰਿੜ ਕਰਦੇ ਹਨ ਕਿ ਬਹੁਤ ਸੋਚ ਵਿਚਾਰ ਕਰਨ ਉਪਰੰਤ ਇਹੋ ਨਿਰਣਾ ਪਰਪੱਕ ਹੁੰਦਾ ਹੈ ਕਿ ਨਿੰਦਕ ਪਾਪੀ ਹੈ ਅਤੇ ਨਿਸ਼ਚੇ ਹੀ ਉਸ ਦਾ ਵਾਸਾ ਨਰਕ ਵਿੱਚ ਹੁੰਦਾ ਹੈ॥ ੪॥ ੨॥ ੧੧॥ ੭॥ ੨॥ ੪੯॥ ਜੋੜੁ॥

ਸਿਧਾਂਤ - ਨਿੰਦਕ ਉਹ ਹੈ ਜਿਹੜਾ ਗੁਣਾਂ ਨੂੰ ਦੋਸ਼ ਕਹਿੰਦਾ ਹੈ। ਗੁਣਾਂ ਨੂੰ ਦੋਸ਼ ਕਹਿਣ ਵਾਲਾ ਮਹਾਂਪਾਪੀ ਹੈ ਅਤੇ ਉਹ ਸਿੱਧਾ ਨਰਕਾਂ ਨੂੰ ਜਾਂਦਾ ਹੈ।

ੴ ਸਤਿਗੁਰ ਪ੍ਰਸਾਦਿ॥

ਰਾਮਕਲੀ ਬਾਣੀ ਰਵਿਦਾਸ ਜੀ ਕੀ

ਪੜੀਐ ਗੁਨੀਐ ਨਾਮੁ ਸਭੁ ਸੁਨੀਐ
ਅਨਭਉ ਭਾਉ ਨ ਦਰਸੈ॥
ਲੋਹਾ ਕੰਚਨੁ ਹਿਰਨ ਹੋਇ ਕੈਸੇ
ਜਉ ਪਾਰਸਹਿ ਨ ਪਰਸੈ॥ ੧॥
ਦੇਵ ਸੰਸੇ ਗਾਂਠਿ ਨ ਛੂਟੈ॥
ਕਾਮ ਕ੍ਰੋਧ ਮਾਇਆ ਮਦ ਮਤਸਰ
ਇਨ ਪੰਚਹੁ ਮਿਲਿ ਲੂਟੇ॥ ੧॥ ਰਹਾਉ॥
ਹਮ ਬਡ ਕਬਿ ਕੁਲੀਨ
ਹਮ ਪੰਡਿਤ ਹਮ ਜੋਗੀ ਸੰਨਿਆਸੀ॥
ਗਿਆਨੀ ਗੁਨੀ ਸੂਰ ਹਮ ਦਾਤੇ
ਇਹ ਬੁਧਿ ਕਬਹਿ ਨ ਨਾਸੀ॥ ੨॥
ਕਹੁ ਰਵਿਦਾਸ ਸਭੈ ਨਹੀ ਸਮਝਸਿ
ਭੂਲਿ ਪਰੇ ਜੈਸੇ ਬਉਰੇ॥
ਮੋਹਿ ਅਧਾਰੁ ਨਾਮੁ ਨਾਰਾਇਨ
ਜੀਵਨ ਪ੍ਰਾਨ ਧਨ ਮੋਰੇ॥ ੩॥ ੧॥[1]

ਪਦ ਅਰਥ :—ਪੜੀਐ = ਪੜੀਦਾ ਹੈ। **ਗੁਨੀਐ** = ਵਿਚਾਰੀਦਾ ਹੈ। **ਸੁਨੀਐ** = ਸੁਣੀਂਦਾ ਹੈ। **ਅਨਭਉ** = ਕਰਤਾਰ, ਪਰਮਾਤਮਾ, ਪ੍ਰਭ। **ਦਰਸੈ** = ਦਰਸ਼ਨ ਹੁੰਦਾ ਹੈ। **ਕੰਚਨੁ ਹਿਰਨ** = ਸ਼ੁਧ ਸੋਨਾ। **ਪਰਸੈ** = ਛੂਹਦਾ ਹੈ॥ ੧॥

ਸੰਸੈ = ਸੰਕੇ ਦੀ, ਭਰਮ ਦੀ, ਸਹਿਮ ਦੀ। **ਮਦ** = ਹੰਕਾਰ। **ਮਤਸਰ** = ਈਰਖਾ॥ ੧॥ ਰਹਾਉ॥

ਬਡ = ਬੜੇ। **ਕਬਿ** = ਕਵੀ। **ਸੂਰ** = ਸੂਰਮੇ॥ ੨॥

ਭੂਲਿ ਪਰੇ = ਭੁੱਲ ਗਏ ਹਨ। **ਬਉਰੇ** = ਝੱਲੇ। **ਆਧਾਰ** = ਆਸਰਾ॥ ੩॥ ੧॥

---

1. ਆਦਿ ਗ੍ਰੰਥ – ਪੰਨਾ : ੯੭੩-੯੭੪

ਸ਼ਬਦ ਦਾ ਅੰਤਰੀਵ ਵਿਚਾਰ ਵਿਧਾਨ

ਗੁਰੂ ਰਵਿਦਾਸ ਜੀ ਨੇ ਸਮੁੱਚੇ ਸ਼ਬਦ ਵਿੱਚ ਸਪਸ਼ਟ ਕੀਤਾ ਹੈ ਕਿ ਫੋਕੀਆਂ ਗੱਲਾਂ ਨਾਲ ਪ੍ਰਭ ਪ੍ਰਾਪਤੀ ਨਹੀਂ ਹੋ ਸਕਦੀ। ਇਸ ਕਰਕੇ ਉਨ੍ਹਾਂ ਨੇ ਬੁਨਿਆਦੀ ਸਮੱਸਿਆ ਇਹ ਦਸੀ ਹੈ ਕਿ ਪੰਜੇ ਵਿਕਾਰਾਂ ਦੇ ਸ਼ਕਤੀਸ਼ਾਲੀ ਹੋਣ ਕਾਰਣ ਮਨ ਦੇ ਸ਼ੰਕਿਆਂ ਤੋਂ ਛੁਟਕਾਰਾ ਨਹੀਂ ਹੋ ਸਕਦਾ। ਨਾਲ ਦੀ ਨਾਲ ਇਹ ਵੀ ਦ੍ਰਿੜ ਕਰ ਦਿੱਤਾ ਹੈ ਕਿ ਸੰਸਾਰ ਦੇ ਜੀਵ ਕਿਸੇ ਨਾ ਕਿਸੇ ਵਿਕਾਰ ਕਾਰਣ ਆਪਣੇ ਮਨ ਅਤੇ ਬੁੱਧੀ ਨੂੰ ਮਲੀਨ ਕਰੀ ਬੈਠੇ ਹਨ। ਆਖਰ ਵਿੱਚ ਗੁਰੂ ਜੀ ਸਪਸ਼ਟ ਕਰਦੇ ਹਨ ਕਿ ਇਸ ਮਲੀਨਤਾ ਕਰਕੇ ਜੀਵ ਝੱਲਿਆਂ ਵਾਂਗ ਭਟਕ ਰਹੇ ਹਨ। ਇਨ੍ਹਾਂ ਵਿਕਾਰਾਂ ਤੋਂ ਮੁਕਤੀ ਤਾਂ ਹੀ ਮਿਲ ਸਕਦੀ ਹੈ ਜੇਕਰ ਜੀਵ ਮਨ ਨੂੰ ਪ੍ਰਭ ਨਾਲ ਜੋੜਕੇ ਉਸ ਦਾ ਸਿਮਰਨ ਕਰੇ।

ਇਸ ਸ਼ਬਦ ਦੇ ਬੰਦ ਨੰ. ੧ ਵਿੱਚ ਗੁਰੂ ਰਵਿਦਾਸ ਜੀ ਨੇ ਜੀਵ ਨੂੰ ਸਪਸ਼ਟ ਕੀਤਾ ਹੈ ਕਿ ਪੜ੍ਹਨ, ਵਿਚਾਰਨ ਅਤੇ ਪ੍ਰਭ ਦੇ ਸਾਰੇ ਨਾਮ ਸੁਣਨ ਨਾਲ ਪ੍ਰਭ ਦੇ ਦਰਸ਼ਨ ਨਹੀਂ ਹੋ ਸਕਦੇ। ਉਸ ਦੇ ਦਰਸ਼ਨ ਤਾਂ ਚੰਗੇ ਕਰਮ ਕਰਕੇ ਪ੍ਰਭ ਦੀ ਮਿਹਰ ਪ੍ਰਾਪਤੀ ਨਾਲ ਹੀ ਹੋ ਸਕਦੇ ਹਨ। ਜਿਵੇਂ ਜੀਵ ਨੂੰ ਲੋਹੇ ਤੋਂ ਸੋਨਾ ਬਨਾਉਣ ਲਈ ਉਦਮ ਕਰਕੇ ਪਾਰਸ ਨੂੰ ਲੋਹੇ ਨਾਲ ਛੂਹਣਾ ਪੈਂਦਾ ਹੈ। ਇਸ ਉਦਮੀ ਕਰਮ ਕਰਕੇ ਹੀ ਲੋਹਾ ਸੋਨਾ ਬਣਿਆ ਹੈ। ਇਸ ਤਰ੍ਹਾਂ ਜੀਵ ਦੇ ਉਦਮ ਕਰਨ ਨਾਲ ਭਾਵ ਪ੍ਰਭ ਦਾ ਸਿਮਰਨ ਕਰਨ ਨਾਲ ਉਸ ਨਾਲ ਪ੍ਰੇਮ ਕਰਨ ਨਾਲ ਪ੍ਰਭ ਦੀ ਛੋਹ ਪ੍ਰਾਪਤ ਹੋ ਜਾਂਦੀ ਹੈ ਭਾਵ ਪ੍ਰਭ ਦੇ ਦਰਸ਼ਨ ਹੋ ਜਾਂਦੇ ਹਨ।

ਇਸੇ ਕਾਰਣ 'ਰਹਾਉ' ਵਿੱਚ ਗੁਰੂ ਰਵਿਦਾਸ ਜੀ ਨੇ ਸੁਚੇਤ ਹੋਕੇ ਪੰਜੇ ਵਿਕਾਰਾਂ ਦਾ ਨਾਮ ਲੈ ਕੇ ਉਨ੍ਹਾਂ ਨੂੰ ਸ਼ਕਤੀਸ਼ਾਲੀ ਢੰਗ ਨਾਲ ਉਭਾਰਿਆ ਹੈ ਤਾਂ ਕਿ ਜੀਵ ਸੁਚੇਤ ਹੋਕੇ ਇਨ੍ਹਾਂ ਤੋਂ ਛੁਟਕਾਰਾ ਪਾਉਣ ਦਾ ਉਪਰਾਲਾ ਕਰੇ। ਇਸ ਕਰਕੇ ਜੀਵ ਪ੍ਰਭ ਨੂੰ ਸੰਬੋਧਨ ਕਰਦੇ ਹਨ ਕਿ ਹੇ ਪ੍ਰਭ! ਕਾਮ, ਕ੍ਰੋਧ, ਲੋਭ, ਹੰਕਾਰ, ਅਤੇ ਈਰਖਾ, ਇਨ੍ਹਾਂ ਪੰਜਾਂ ਨੇ ਮਿਲਕੇ ਸਾਨੂੰ ਪਾਗਲ ਕਰ ਦਿੱਤਾ ਹੈ ਅਤੇ ਇਸ ਕਰਕੇ ਮਨ ਦੇ ਸ਼ੰਕਿਆ ਤੋਂ ਛੁਟਕਾਰਾ ਨਹੀਂ ਮਿਲ ਰਿਹਾ।

ਅਗਲੇ ਬੰਦ ਨੰ. ੨ ਵਿੱਚ ਇਸ ਵਿਕਾਰੀ ਜੀਵ ਦੇ ਹੰਕਾਰ ਨੂੰ ਵਿਅਕਤ ਕਰਕੇ ਉਸ ਦੀ ਮਾਨਸਿਕ ਦਸ਼ਾ ਨੂੰ ਨੰਗਾ ਕੀਤਾ ਹੈ। ਸੋ ਵਿਕਾਰਾਂ ਹੱਥੋਂ ਝੱਲੇ ਬਣੇ ਜੀਵ ਆਪਣੇ ਮਨ ਅੰਦਰਲੇ ਵਿਕਾਰਾਂ ਨੂੰ ਸਪਸ਼ਟ ਕਰਦੇ ਹਨ ਕਿ ਅਸੀਂ ਬੜੇ ਕਵੀ ਹਾਂ, ਉੱਤਮ ਕੁਲ ਵਿੱਚੋਂ ਹਾਂ, ਅਸੀਂ ਵਿਦਵਾਨ ਹਾਂ, ਅਸੀਂ ਬ੍ਰਹਮਚਾਰੀ, ਜੋਗੀ ਅਤੇ ਸੰਨਿਆਸੀ ਹਾਂ, ਅਸੀਂ ਗਿਆਨੀ ਹਾਂ, ਗੁਣਵੰਤੇ ਹਾਂ, ਮਹਾਨ ਸੂਰਮੇ ਅਤੇ ਵੱਡੇ ਦਾਤੇ ਹਾਂ। ਇਨ੍ਹਾਂ ਵਿਕਾਰਾਂ ਕਰਕੇ ਹੀ ਜੀਵ ਦੀ ਬੁੱਧੀ ਮਲੀਨ ਹੋ ਚੁੱਕੀ ਹੈ ਅਤੇ ਉਹ ਕਦੇ ਵੀ ਇਸ ਤੋਂ ਛੁਟਕਾਰਾ ਨਹੀਂ ਪਾ ਸਕਦਾ।

ਆਖਰੀ ਬੰਦ ਨੰ. ੩ ਵਿੱਚ ਗੁਰੂ ਰਵਿਦਾਸ ਜੀ ਸਪਸ਼ਟ ਕਰਦੇ ਹਨ ਕਿ ਸਾਰਾ ਸੰਸਾਰ ਹੀ ਵਿਕਾਰਾਂ ਕਾਰਣ ਝੱਲਾ ਹੋਇਆ ਭਟਕਦਾ ਫਿਰ ਰਿਹਾ ਹੈ ਕਿਉਂਕਿ ਕਿਸੇ ਨੂੰ ਵੀ ਪ੍ਰਭ ਦੇ ਸਿਮਰਨ ਲਈ ਉੱਦਮ ਕਰਨ ਦੀ ਸਮਝ ਨਹੀਂ ਹੈ, ਜਿਸ ਸਦਕਾ ਵਿਕਾਰਾਂ ਤੋਂ ਮੁਕਤੀ ਪਾਕੇ ਪ੍ਰਭ ਦੇ ਦਰਸ਼ਨ ਕਰ ਸਕੇ। ਗੁਰੂ ਜੀ ਫਰਮਾਉਂਦੇ ਹਨ ਕਿ ਮੈਂ ਤਾਂ ਪ੍ਰਭ ਦਾ ਸਿਮਰਨ ਕਰਕੇ ਵਿਕਾਰਾਂ ਤੋਂ ਮੁਕਤ ਹੋ ਗਿਆ ਹਾਂ। ਇਸ ਲਈ ਹੁਣ ਪ੍ਰਭ ਦੇ ਨਾਮ ਦਾ ਸਿਮਰਨ ਹੀ ਮੇਰੇ ਜੀਵਨ ਦਾ ਆਧਾਰ ਹੈ, ਨਾਮ ਸਿਮਰਨ ਹੀ ਮੇਰੇ ਪ੍ਰਾਣ ਹਨ ਅਤੇ ਨਾਮ ਸਿਮਰਨ ਹੀ ਮੇਰਾ ਧਨ ਹੈ।

ਸੋ ਵਿਕਾਰਾਂ ਤੋਂ ਛੁਟਕਾਰਾ ਪਾਕੇ ਪਰਮ ਅਨੰਦ ਦੀ ਪ੍ਰਾਪਤੀ ਲਈ ਜੀਵ ਨੂੰ ਪ੍ਰਭ ਦੇ ਨਾਮ ਦਾ ਸਿਮਰਨ ਕਰਨਾ ਚਾਹੀਦਾ ਹੈ।

ਪ੍ਰਸਿੱਧ ਸੰਗੀਤ ਸ਼ਾਸਤਰੀਆਂ ਦਾ ਕਥਨ ਹੈ,

> "ਗੁਰੂ ਮਹਾਰਾਜ ਜੀ ਨੇ "ਰਾਮਕਲੀ ਰਾਮ ਮਨਿ ਵਸਿਆ ਤਾ ਬਨਿਆ ਸੀਗਾਰ॥ ਗੁਰੂ ਕੇ ਸਬਦਿ ਕਮਲੁ ਵਿਗਸਿਆ ਤਾ ਸਉਪਿਆ ਭਗਓ ਭੰਡਾਰ॥" ਲਿਖਕੇ ਇਸ ਰਾਗ ਦਾ ਮਜ਼ਮੂਨ ਸਪਸ਼ਟ ਕੀਤਾ ਹੈ।" [1]

ਉਪਰੋਕਤ ਪਰਿਭਾਸ਼ਾ ਅਨੁਸਾਰ ਰਾਗ ਰਾਮਕਲੀ ਗਾਉਣ ਨਾਲ ਪ੍ਰਭ ਮਨ ਵਿੱਚ ਵਸ ਜਾਂਦਾ ਹੈ, ਬ੍ਰਹਮ-ਗੁਰੂ ਦੀ ਬਖਸ਼ਿਸ਼ ਨਾਲ ਅਤੇ ਇਸ ਬਖਸ਼ਿਸ਼ ਨਾਲ ਪ੍ਰਭ ਦੇ ਭਰਪੂਰ ਪ੍ਰੇਮ ਕਰਕੇ ਮਨ ਅਨੰਦ ਵਿੱਚ ਮੁਗਧ ਹੋ ਜਾਂਦਾ ਹੈ। ਇਹ ਰਾਮਕਲੀ ਰਾਗ ਦਾ ਵਿਸ਼ਾ ਹੈ। ਇਹੋ ਵਿਸ਼ਾ ਗੁਰੂ ਰਵਿਦਾਸ ਜੀ ਦੇ ਇਸ ਸ਼ਬਦ ਦੀ ਬੁਨਿਆਦ ਹੈ। ਇਸ ਵਿੱਚ ਸਪਸ਼ਟ ਕੀਤਾ ਹੈ ਕਿ ਪ੍ਰਭ ਦੇ ਸਿਮਰਨ ਨਾਲ—ਭਾਵੇਂ ਉਹ ਕੋਈ ਵੀ ਹੋਵੇ—ਪ੍ਰਭ ਪ੍ਰਾਪਤੀ ਹੁੰਦੀ ਹੈ। ਪ੍ਰਭ ਪ੍ਰਾਪਤੀ ਦੇ ਅਨੰਦ ਤੋਂ ਬਿਨਾਂ ਸਾਧਕ ਨੂੰ ਹੁਣ ਹੋਰ ਰਸ ਫਿੱਕੇ ਲਗਦੇ ਹਨ ਅਤੇ ਉਹ ਪ੍ਰਭ ਦੇ ਪ੍ਰੇਮ-ਰਸ ਵਿੱਚ ਮੁਗਧ ਹੈ।

---

1. ਰਾਗ ਨਾਦ ਸਬਦਿ ਸੋਹਣੇ - ਪੰਨਾ : ੮੨

ਸ਼ਬਦ ਅਰਥ :—ਪ੍ਰਭ ਦਾ ਨਾਮ ਪੜੀਂਦਾ ਵੀ ਹੈ, ਵਿਚਾਰੀਦਾ ਵੀ ਹੈ ਅਤੇ ਪ੍ਰਭ ਦੇ ਹਰ ਇੱਕ ਨਾਮ ਦੀ ਉਸਤਤ ਵੀ ਸੁਣੀਂਦੀ ਹੈ, ਪਰ ਫਿਰ ਵੀ ਪ੍ਰਭ ਦੇ ਦਰਸ਼ਨ ਨਹੀਂ ਹੁੰਦੇ। ਪ੍ਰਭ ਦੇ ਦਰਸ਼ਨ ਹੋ ਵੀ ਨਹੀਂ ਸਕਦੇ ਕਿਉਂਕਿ ਜੀਵ ਪੰਜੇ ਵਿਕਾਰਾਂ ਦੀ ਸ਼ਕਤੀਸ਼ਾਲੀ ਪਕੜ ਕਾਰਣ ਝੱਲਾ ਹੋਇਆ ਫਿਰਦਾ ਹੈ। ਇਸ ਲਈ ਜਿਵੇਂ ਲੋਹਾ, ਪਾਰਸ ਦੀ ਛੋਹ ਤੋਂ ਬਿਨਾ ਸ਼ੁੱਧ ਸੋਨਾ ਨਹੀਂ ਬਣ ਸਕਦਾ, ਉਸੇ ਤਰ੍ਹਾਂ ਜਦ ਤੱਕ ਜੀਵ ਪ੍ਰਭ ਦਾ ਸਿਮਰਨ ਕਰਕੇ ਪ੍ਰਭ ਪਿਆਰ ਵਿਚ ਮੁਗਧ ਹੋਕੇ ਵਿਕਾਰਾਂ ਤੋਂ ਮੁਕਤ ਨਹੀਂ ਹੋ ਜਾਂਦਾ, ਉਸ ਨੂੰ ਪ੍ਰਭ ਦੀ ਛੋਹ ਪ੍ਰਾਪਤ ਨਹੀਂ ਹੋ ਸਕਦੀ॥ ੧॥

ਹੇ ਪ੍ਰਭ! ਮੈਨੂੰ ਕਾਮ, ਕ੍ਰੋਧ, ਲੋਭ, ਹੰਕਾਰ ਅਤੇ ਈਰਖਾ ਇਨ੍ਹਾਂ ਪੰਜਾਂ ਵਿਕਾਰਾਂ ਨੇ ਮਿਲ ਕੇ ਤਬਾਹ ਕਰ ਦਿੱਤਾ ਹੈ। ਇਸੇ ਕਾਰਣ ਮਨ ਨੂੰ ਅੰਦਰਲੇ ਸ਼ੰਕਿਆਂ, ਭਰਮਾਂ ਤੋਂ ਛੁਟਕਾਰਾ ਨਹੀਂ ਮਿਲਦਾ ਭਾਵ ਮੁਕਤੀ ਨਹੀਂ ਮਿਲਦੀ॥ ੧॥ ਰਹਾਉ॥

ਇਨ੍ਹਾਂ ਵਿਕਾਰਾਂ ਕਾਰਣ ਹੀ ਜੀਵ ਹੰਕਾਰ ਵਿੱਚ ਭਟਕੇ ਰਹਿੰਦੇ ਹਨ ਕਿ ਅਸੀਂ ਬੜੇ ਕਵੀ ਹਾਂ, ਉੱਤਮ ਕੁਲ ਦੇ ਹਾਂ, ਵਿਦਵਾਨ ਹਾਂ, ਅਸੀਂ ਬ੍ਰਹਮਚਾਰੀ ਜੋਗੀ ਅਤੇ ਸੰਨਿਆਸੀ ਹਾਂ, ਆਤਮ-ਗਿਆਨੀ ਹਾਂ, ਗੁਣਵਾਨ ਹਾਂ, ਮਹਾਨ ਸੂਰਮੇ ਅਤੇ ਵਡੇ ਦਾਨੀ ਹਾਂ। ਇਸ ਈਰਖਾ ਆਦਿ ਵਿਕਾਰਾਂ ਵਾਲੀ ਸਮਝ ਤੋਂ ਅਸੀਂ ਕਦੇ ਵੀ ਛੁਟਕਾਰਾ ਨਹੀਂ ਪਾ ਸਕਦੇ॥ ੨॥

ਇਸ ਕਾਰਣ ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਈਰਖਾ ਆਦਿ ਵਿਕਾਰਾਂ ਕਾਰਣ ਕਿਸੇ ਨੂੰ ਵੀ ਪ੍ਰਭ ਦੇ ਨਾਮ ਸਿਮਰਨ ਲਈ ਉੱਦਮ ਕਰਨ ਦੀ ਸਮਝ ਨਹੀਂ ਹੈ। ਇਸ ਕਰਕੇ ਸਾਰੇ ਹੀ ਝੱਲਿਆਂ ਵਾਂਗ ਭਟਕ ਰਹੇ ਹਨ। ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਮੈਂ ਪ੍ਰਭ ਦੇ ਸਿਮਰਨ ਸਦਕਾ ਵਿਕਾਰਾਂ ਤੋਂ ਮੁਕਤ ਹੋ ਗਿਆ ਹਾਂ ਭਾਵ ਪ੍ਰਭ ਦੇ ਦਰਸ਼ਨ ਹੋ ਗਏ ਹਨ। ਇਸ ਲਈ ਹੁਣ ਪ੍ਰਭ ਦੇ ਨਾਮ ਦਾ ਸਿਮਰਨ ਹੀ ਮੇਰੇ ਜੀਵਨ ਦਾ ਆਧਾਰ ਹੈ, ਨਾਮ ਸਿਮਰਨ ਹੀ ਮੇਰੇ ਪ੍ਰਾਣ ਹਨ ਅਤੇ ਨਾਮ ਸਿਮਰਨ ਹੀ ਮੇਰਾ ਧਨ ਹੈ॥ ੩॥ ੧॥

ੴ ਸਤਿਗੁਰ ਪ੍ਰਸਾਦਿ॥

ਰਾਗੁ ਮਾਰੂ ਬਾਣੀ ਰਵਿਦਾਸ ਜੀਉ ਕੀ

ਐਸੀ ਲਾਲ ਤੁਝ ਬਿਨੁ ਕਉਨੁ ਕਰੈ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰ ਧਰੈ॥ ੧॥ ਰਹਾਉ॥
ਜਾ ਕੀ ਛੋਤਿ ਜਗਤ ਕਉ ਲਾਗੈ
ਤਾ ਪਰ ਤੁਂਹੀ ਢਰੈ॥
ਨੀਚਹ ਊਚ ਕਰੈ ਮੇਰਾ ਗੋਬਿੰਦੁ
ਕਾਹੂ ਤੇ ਨ ਡਰੈ॥ ੧॥
ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ॥
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ
ਹਰਿ ਜੀਉ ਤੇ ਸਭੈ ਸਰੈ॥ ੨॥ ੧॥ [1]

ਪਦ ਅਰਥ :— **ਲਾਲ** = ਸੋਹਣਾ ਪ੍ਰਭ। **ਨਿਵਾਜ** = ਸਤਿਕਾਰ ਦੇਣ ਵਾਲਾ। **ਗੁਸਈਆ** = ਪ੍ਰਭ। **ਮਾਥੈ** = ਮਸਲਣਾ, ਕੁਚਲਣਾ ਯੁੱਧ ਵਿੱਚ ਸਫਲਤਾ ਹਾਸਲ ਕਰਨੀ ਮਾ: 963, **ਛਤ੍ਰ ਧਰੈ** = ਛਤ੍ਰ ਦੇ ਧਾਰਨ ਵਾਲਾ ਬਾਦਸ਼ਾਹ, ਮਹਾਰਾਜ॥ ੧॥ ਰਹਾਉ॥ ਮਹਾਨ ਕੋਸ਼ 486 "ਛਤ੍ਰ = ਸ਼ਸਤ੍ਰਧਾਰੀਆਂ ਦਾ ਟੋਲਾ"

ਛੋਤਿ = ਛੂਤ, ਭਿੱਟ। **ਢਰੈ** = ਪਸੀਜਦਾ ਹੈ, ਰੀਝਦਾ ਹੈ, ਢਾਲ ਬਣਦਾ ਹੈ, ਕਿਰਪਾ ਕਰਦਾ ਹੈ। **ਨੀਚਹ** = ਅਛੂਤ॥ ੧॥

ਸਭੈ ਸਰੈ = ਸਭ ਕੁਝ ਕਰਨ ਦੇ ਸਮਰਥ ਹੈ॥ ੨॥

---

1. ਆਦਿ ਗ੍ਰੰਥ – ਪੰਨਾ : ੧੧੦੬

ਕ੍ਰਾਂਤੀਕਾਰੀ ਗੁਰੂ ਰਵਿਦਾਸ ਜੀ
ਅਤੇ

ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ

ਇਹ ਸ਼ਬਦ ਮਾਰੂ ਰਾਗ ਵਿੱਚ ਹੈ। ਭਾਰਤ ਪ੍ਰਸਿੱਧ ਸੰਗੀਤ ਸ਼ਾਸਤਰੀਆਂ ਨੇ ਮਾਰੂ ਰਾਗ ਦਾ ਪ੍ਰਭਾਵ ਇਸ ਤਰ੍ਹਾਂ ਅੰਕਿਤ ਕੀਤਾ ਹੈ :

> "ਟਿਕੀ ਹੋਈ ਆਤਮਾ ਵਿੱਚ, ਅਣਖ ਜਾਗ ਉੱਠਦੀ ਹੈ ਕਿਉਂਕਿ ਉਥੇ ਕੇਵਲ ਸੱਚ ਟਿਕਿਆ ਹੁੰਦਾ ਹੈ। ਸੱਚ ਹੈ ਨਿਰਭਉ, ਨਿਰਵੈਰ, ਇਸ ਲਈ ਸੂਯੰ-ਧਰਮ ਦ੍ਰਿੜ ਹੁੰਦਾ ਹੈ। ਅਜੇਹੀ ਆਤਮਾ ਵਿਚ ਜ਼ੁਰਅਤਿ ਭਰ ਜਾਂਦੀ ਹੈ, ਬੇ ਪ੍ਰਵਾਹ ਹੋ ਜਾਂਦੀ ਹੈ, ਕਾਯਰਤਾ ਨਸ ਜਾਂਦੀ ਹੈ, ਇਹ ਹੈ ਮਾਰੂ ਦਾ ਪ੍ਰਭਾਵ ਸੁਨ ਕੈ, ਸ਼ੁਧ ਨ ਰਹੈ ਕਾਯਰ ਕੀ, ਜਬ ਬਾਜੈ ਧੁਨ ਮਾਰੂ। ਫਿਰ ਮਾਰੂ ਰਾਗ ਵਿੱਚ ਵੈਰਾਗ ਭਾਵਨਾ ਦੀ ਵੀ ਪ੍ਰਧਾਨਤਾ ਹੋਣ ਕਰਕੇ ਇਸ ਨੂੰ ਪ੍ਰਾਣੀ ਦੇ ਚਲਾਣੇ ਸਮੇਂ ਗਾਉਣ ਦੀ ਵੀ ਪ੍ਰਥਾ ਹੈ। ਸੋ ਜੁੱਧਾਂ ਸਮੇਂ ਅਤੇ ਚਲਾਣੇ ਸਮੇਂ ਇਸ ਰਾਗ ਨੂੰ ਗਾਇਆ ਜਾਦਾਂ ਹੈ।" [1]

ਇਸ ਸ਼ਬਦ ਵਿੱਚ ਵੈਰਾਗ ਦੀ ਭਾਵਨਾ ਨਹੀਂ ਹੈ। "ਐਸੀ ਲਾਲ" ਇਸ ਸ਼ਬਦ ਵਿੱਚ ਤਾਂ ਮਹਾਂਬਲੀ ਸੂਰਵੀਰ ਮਹਾਨ ਅਜਿਤ ਯੋਧਾ ਅਤੇ ਬ੍ਰਹਮ ਗੁਰੂ ਰਵਿਦਾਸ ਜੀ ਨੇ ਅਛੂਤ, ਸ਼ੂਦਰ, ਗਰੀਬ ਵਰਗ ਦੇ ਮਹਾਂਬਲੀ ਸੂਰਵੀਰ-ਸੰਤਾਂ (ਗੁਰੂਆਂ) ਨੂੰ ਸੰਬੋਧਨ ਕਰਕੇ ਸਪਸ਼ਟ ਕੀਤਾ ਹੈ ਕਿ ਇਨ੍ਹਾਂ ਨੇ ਵੀ ਹਿੰਦੂ ਧਰਮ ਦੇ ਭਗਵਾਨਾਂ ਦੇ ਜੁਲਮਾਂ ਵਿਰੁਧ ਨਿਰਭੈ ਹੋ ਕੇ ਕ੍ਰਾਂਤੀ ਮਚਾਈ ਹੈ ਅਤੇ ਸਫ਼ਲਤਾ ਪ੍ਰਾਪਤ ਕੀਤੀ ਹੈ। ਇਸ ਕਾਰਣ ਗੁਰੂ ਰਵਿਦਾਸ ਜੀ ਦ੍ਰਿੜ ਕਰਦੇ ਹਨ ਕਿ ਪ੍ਰਭ ਸਰਵ-ਸ਼ਕਤੀਮਾਨ ਹੈ ਅਤੇ ਸਭ ਕੁਝ ਕਰਨ ਦੇ ਸਮਰਥ ਹੈ।

ਗੁਰੂ ਅਰਜਨ ਸਾਹਿਬ ਇਸ ਦੀ ਪ੍ਰੋੜਤਾ ਕਰਦੇ ਲਿਖਦੇ ਹਨ :

ਬਾਬੁਲੁ ਮੇਰਾ ਵਡ ਸਮਰਥਾ ਕਰਣ ਕਾਰਣ ਪ੍ਰਭੁ ਹਾਰਾ॥

ਆਦਿ ਗ੍ਰੰਥ ਪੰਨਾ : 778

ਪ੍ਰਭ ਪਾਤਸ਼ਾਹ ਸਰਬ ਸ਼ਕਤੀਮਾਨ ਹੈ। ਉਹ ਆਪਣੇ ਆਪ ਹੀ ਜੋ ਚਾਹੁੰਦਾ ਹੈ, ਉਹ ਕਰਦਾ ਹੈ। ਉਸ ਦੀ ਸਮਰੱਥਾ ਦਾ ਕੋਈ ਸਾਨੀ ਨਹੀਂ। ਪ੍ਰਭ ਪਾਤਸ਼ਾਹ ਦੇ ਵਰਸੋਏ ਸਤਿਗੁਰੂ ਰਵਿਦਾਸ ਜੀ ਬ੍ਰਹਮ ਗਿਆਨੀ ਬਣ ਗਏ। ਗੁਰੂ ਅਰਜਨ ਦੇਵ ਜੀ ਪਰਪੱਕ ਕਰਦੇ ਹਨ ਕਿ ਬ੍ਰਹਮ ਗਿਆਨੀ ਖੁਦ ਪਰਮੇਸ਼ਰ ਹੈ। ਇਸ ਤਰ੍ਹਾਂ ਗੁਰੂ ਰਵਿਦਾਸ ਜੀ ਪਰਮੇਸ਼ਰ ਪਾਤਸ਼ਾਹ ਬਣ ਪ੍ਰਮੁੱਖ ਸਮਰੱਥਾ ਦੇ ਮਾਲਕ ਬਣ ਗਏ। ਇਸ ਤਰ੍ਹਾਂ ਸਰਵ ਸਮਰੱਥਾ ਵਾਲੇ ਅਤੇ ਸਰਵ ਸ਼ਕਤੀਮਾਨ

---

1. ਰਾਗ ਨਾਦ ਸਬਦਿ ਸੋਹਣੇ – ਪੰਨਾ : ੮੮

ਅਜਿੱਤ ਯੋਧਾ ਬਣ ਗਏ।

ਮਾਰੂ ਰਾਗ ਦਾ ਦੂਜਾ ਸ਼ਬਦ "ਸੁਖ ਸਾਗਰ ਸੁਰਤਰੁ" ਹਿੰਦੂ ਧਰਮ ਦੇ ਲਤਾੜੇ ਅਤੇ ਸਤਾਏ ਹੋਏ ਲੋਕਾਂ ਨੂੰ ਸੰਬੋਧਤ ਹੈ।

ਸੋ ਗੁਰੂ ਰਵਿਦਾਸ ਜੀ ਨੇ ਦੋਹਾਂ ਸ਼ਬਦਾਂ ਦੀ ਤਰਤੀਬ ਨੂੰ ਬੜੀ ਹੀ ਗਹਿਰ ਗੰਭੀਰ ਸੋਚ ਵਿਚਾਰ ਪਿੱਛੋ ਨਿਸਚਤ ਕੀਤਾ ਹੈ। "ਐਸੀ ਲਾਲ" ਸ਼ਬਦ ਵਿੱਚ ਜੋ ਕੁਝ ਪਿਛੋਕੜ ਵਿੱਚ ਵਿਚਰ ਰਿਹਾ ਹੈ, ਉਹ 'ਸੁਖ ਸਾਗਰ ਵਾਲੇ ਸ਼ਬਦ ਵਿੱਚ ਪ੍ਰਤੱਖ ਤੌਰ 'ਤੇ ਮੁੱਖ ਵਿਚਾਰ ਬਣ ਗਿਆ ਹੈ।

ਇਸ ਕਰਕੇ ਗੁਰੂ ਰਵਿਦਾਸ ਜੀ 'ਐਸੀ ਲਾਲ' ਸ਼ਬਦ ਦੇ ਪਹਿਲੇ ਬੰਦ ਤੋਂ ਲੈ ਕੇ ਆਖਰੀ ਬੰਦ ਤੱਕ, ਪ੍ਰਭ-ਪਾਤਸ਼ਾਹ ਦੀ ਅਦਭੁਤ, ਅਣਕਿਆਸੀ, ਅਜਿੱਤ ਮਹਾਂਸ਼ਕਤੀ ਦਾ ਜ਼ਿਕਰ ਕਰਦੇ ਹਨ ਕਿ ਇਸ ਅਥਾਹ ਸ਼ਕਤੀ ਦਾ ਕੋਈ ਸਾਨੀ ਨਹੀਂ। ਇਹ ਤੱਥ 'ਐਸੀ ਲਾਲ' ਨੂੰ 'ਮਾਥੈ ਛਤ੍ਰ ਧਰੈ' ਨਾਲ ਮਿਲਾ ਕੇ ਅਰਥ ਕਰਨ ਨਾਲ ਹੀ 'ਰਾਗ ਮਾਰੂ ਦੀ ਪ੍ਰਕ੍ਰਿਤੀ ਵਿਚ ਨਿਰੂਪਤ ਵਿਚਾਰ' ਦੀ ਸਹੀ ਅਤੇ ਸਾਰਥਕ ਵਿਆਖਿਆ ਰਾਹੀਂ ਸ਼ਕਤੀਸ਼ਾਲੀ ਕ੍ਰਾਂਤੀਕਾਰੀ, ਹਥਿਆਰਬੰਦ ਅਥਾਹ ਅਨੰਦ ਸ਼ਕਤੀ ਦਾ ਸਬੂਤ ਉਪਲਭਧ ਹੁੰਦਾ ਹੈ। ਇਹ ਉਪਲਭਧੀ ਦਰਅਸਲ ਪ੍ਰਭ-ਪਾਤਸ਼ਾਹ ਦੀ ਹੀ ਬੁਨਿਆਦੀ, ਅਥਾਹ ਅਤੇ ਅਣਕਿਆਸੀ ਅਨੰਤ ਸ਼ਕਤੀ ਦਾ ਹੀ ਪ੍ਰਗਟਾਵਾ ਹੈ। ਦੂਜੇ ਅਰਥਾਂ ਵਿਚ, ਗੁਰੂ ਰਵਿਦਾਸ ਜੀ ਦੀ ਪ੍ਰਭ-ਪਾਤਸ਼ਾਹ ਨਾਲ ਡੂੰਘੇਰੀ ਅਤੇ ਘਨੇਰੀ ਇਕਰੂਪਤਾ ਅਤੇ ਇਕਸੁਰਤਾ ਹੋਣ ਕਰਕੇ, ਪ੍ਰਭ-ਪਾਤਸ਼ਾਹ ਦੀ ਗੁਰੂ ਰਵਿਦਾਸ ਜੀ ਨੂੰ ਪ੍ਰਦਾਨ ਕੀਤੀ ਸਮੁੱਚੀ ਅਣ-ਕਿਆਸੀ, ਅਨੰਤ, ਅਤਹਾ ਕ੍ਰਾਂਤੀਕਾਰੀ ਹਥਿਆਰਬੰਦ ਸ਼ਕਤੀ ਦਾ ਕੁਦਰਤੀ ਰੂਪ ਪ੍ਰਗਟ ਹੋਣ ਦਾ ਸਬੂਤ ਹੈ।

ਇਸ ਕਰਕੇ "ਐਸੀ ਲਾਲ ਮਾਥੈ ਛਤ੍ਰ ਧਰੈ॥" ਭਾਵ ਅਦਭੁਤ, ਅਣਕਿਆਸੀ ਮਹਾਂਸ਼ਕਤੀ ਦਾ ਪ੍ਰਭ, ਪਾਤਸ਼ਾਹ ਵੱਲੋਂ ਗੁਰੂ ਰਵਿਦਾਸ ਜੀ ਨੂੰ ਵਰਸੋਇਆ ਜਾਣਾ ਹੀ, ਆਪਣੇ ਆਪ ਵਿਚ ਵੱਡੀਆਂ-ਵੱਡੀਆਂ ਸ਼ਕਤੀਸ਼ਾਲੀ ਹਥਿਆਰਬੰਦ ਮਹਾਰਾਜਿਆਂ ਦੀ ਫੌਜਾਂ ਉੱਪਰ ਜਿੱਤ ਇੱਕ ਮਹਾਨ ਅਤੇ ਅਣਕਿਆਸੀ, ਦੁਰਲਭ ਮਹਾਂਸ਼ਕਤੀ ਦਾ ਸਬੂਤ ਹੈ। ਚਕਰਵਰਤੀ ਮਹਾਰਾਜਾ ਬਣਨ ਪਿੱਛੋਂ ਛਤ੍ਰ ਝੁਲਣ ਦਾ ਸਬੂਤ ਹੈ।

ਉਪਰੋਕਤ ਚਰਚਾ ਤੋਂ ਸਾਬਤ ਹੋ ਗਿਆ ਹੈ ਕਿ ਗੁਰੂ ਰਵਿਦਾਸ ਜੀ ਨੇ ਆਪਣੀਆਂ ਅਜਿੱਤ ਸ਼ਕਤੀਸ਼ਾਲੀ ਫੌਜਾਂ ਸਦਕਾ ਹੀ ਦੁਨੀਆਂ ਦੇ ਮਹਾਰਾਜਿਆਂ ਦੀ ਫੌਜੀ ਸ਼ਕਤੀ ਮਲੀਆਮੇਟ ਕਰਕੇ ਫੈਸਲਾਕੁੰਨ ਜਿੱਤਾਂ ਪ੍ਰਾਪਤ ਕੀਤੀਆਂ। ਗੁਰੂ ਰਵਿਦਾਸ ਜੀ ਪਰਪੱਕਤਾ ਨਾਲ ਸਪੱਸ਼ਟ ਕਰਦੇ ਹਨ ਕਿ ਸ਼ਕਤੀਸ਼ਾਲੀ

1. ਸ੍ਰੀ ਮਦ ਵਾਲਮੀਕੀ ਰਾਮਾਇਣ - ਅਨੁਵਾਦਕ ਚਤੁਰਵੇਦੀ ਦੁਆਰਕਾ ਪ੍ਰਸਾਦਿ ਸ਼ਰਮਾ - ੧੦.੭੬.੪

ਅਣਕਿਆਸੀ ਜਿੱਤ ਦਰਅਸਲ ਪ੍ਰਭ ਪਾਤਸ਼ਾਹ ਦੀ ਹੀ ਜਿੱਤ ਹੈ :

ਐਸੀ ਲਾਲ ਤੁਝ ਬਿਨੁ ਕਉਨੁ ਕਰੈ॥
ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥੧॥ ਰਹਾਉ॥
ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀ ਢਰੈ॥
ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥੧॥

ਮਾਰੂ ਪੰਨਾ : 1106

ਉਪਰੋਕਤ ਅਦਭੁਤ ਅਣਕਿਆਸੀ ਜਿੱਤਾਂ ਨੇ ਗੁਰੂ ਰਵਿਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੇ ਹੇਠ ਲਿਖੇ ਬੁਨਿਆਦੀ ਸਿਧਾਂਤ ਨੂੰ ਸੱਚ ਸਾਬਤ ਕਰ ਦਿੱਤਾ ਹੈ -

(1) ਕਹਿ ਰਵਿਦਾਸੁ ਸੁਨਹੁ ਰੇ ਸੰਤਹੁ
ਹਰਿ ਜੀਉ ਤੇ ਸਭੈ ਸਰੈ॥੧॥ ਮਾਰੂ ਪੰਨਾ : 1106

(2) ਬਾਬੁਲੁ ਮੇਰਾ ਵਡ ਸਮਰਥਾ
ਕਰਣ ਕਾਰਣ ਪ੍ਰਭ ਹਾਰਾ॥

ਗੁਰੂ ਅਰਜਨ ਦੇਵ ਜੀ ਆਦਿ ਗ੍ਰੰਥ ਪੰਨਾ : 778

ਪਹਿਲੇ ਸ਼ਬਦ "ਐਸੀ ਲਾਲ" ਵਿਚ ਆਛੂਤਾਂ ਅਤੇ ਗਰੀਬਾਂ ਉੱਪਰ ਸਰਗਰਮੀ ਨਾਲ ਜ਼ੁਲਮ ਕਰਨ ਵਾਲੇ ਪਿਛੋਕੜ ਵਿੱਚ ਵਿਚਰ ਰਹੇ ਹਿੰਦੂ ਧਰਮ ਦੇ ਭਗਵਾਨਾਂ ਅਤੇ ਦੇਵਤਿਆਂ ਦਾ ਖੰਡਨ ਕੀਤਾ ਹੈ, ਜਿਨ੍ਹਾਂ ਨੇ ਛੂਤ ਛਾਤ ਨੂੰ ਜਨਮ ਦਿੱਤਾ ਹੈ। ਉਨ੍ਹਾਂ 'ਭਗਵਾਨਾਂ' ਅਤੇ ਦੇਵਤਿਆਂ ਆਦਿ ਦੇ ਘਿਨਾਉਣੇ ਜ਼ੁਲਮਾਂ ਦਾ ਮੂੰਹ ਬੋਲਦਾ ਇਤਿਹਾਸ ਹੈ, ਜਿਸ ਤੋਂ ਸ਼ੂਦਰ ਅਤੇ ਅਛੂਤ ਤ੍ਰਾਂਹ! ਤ੍ਰਾਂਹ! ਕਰ ਉੱਠਦੇ ਹਨ। ਉਹ ਜ਼ੁਲਮਾਂ ਕਾਰਣ ਐਨੇ ਭੈ ਭੀਤ ਹੋ ਚੁੱਕੇ ਹਨ ਕਿ ਉਨਾਂ ਉੱਪਰ ਹੋ ਰਹੇ ਜ਼ੁਲਮਾਂ ਦਾ ਉਹ ਵਿਰੋਧ ਕਰਨ ਦੇ ਸਮਰਥ ਵੀ ਨਹੀਂ ਹਨ। ਇਸ ਕਰਕੇ ਹਿੰਦੂ ਧਰਮ ਦੇ ਕਰਤਾ ਧਰਤਾ, ਧਰਮ ਦੇ ਨਾਮ ਤੇ ਭੇਡਾਂ ਬਕਰੀਆਂ ਵਾਂਗ ਸ਼ੂਦਰਾਂ, ਅਛੂਤਾਂ ਨੂੰ ਕਤਲ ਕਰ ਦਿੰਦੇ ਹਨ। ਅੱਜ ਦੀ ਵੀਹਵੀਂ ਸਦੀ ਵਿੱਚ ਵੀ ਅਜਿਹਾ ਕੁਝ ਵਾਪਰ ਰਿਹਾ ਹੈ।

ਹੇ ਗਰੀਬਾਂ ਦੀ ਆਣ, ਅਣਖ਼ ਅਤੇ ਸ਼ਾਨ ਪ੍ਰਦਾਨ ਕਰਨ ਵਾਲੇ ਮਹਾਂਯੋਧੇ-ਪ੍ਰਭ-ਪਾਤਸ਼ਾਹ! ਤੇਰੇ ਤੋਂ ਬਿਨ੍ਹਾਂ ਇਹੋ ਜਿਹੀ ਅਲੌਕਿਕ, ਅਲੋਕਾਰਕ, ਕਰਾਮਾਤੀ ਅਤੇ ਕ੍ਰਾਂਤੀਕਾਰੀ ਘਟਨਾ ਕੋਈ ਨਹੀਂ ਵਰਤਾ ਸਕਦਾ। ਤੂੰ ਹੀ ਮੇਰੇ ਤੇ ਕ੍ਰਿਪਾ ਕਰਕੇ ਮੈਥੋਂ ਹੀ ਮੇਰੇ ਦੁਸ਼ਮਣਾਂ, ਸਸ਼ਤਰਧਾਰੀ ਵਿਰੋਧੀਆਂ ਦਾ ਮਲੀਆਮੇਟ (ਮਾਥੈ) ਕਰਵਾ ਕੇ, ਦੁਸ਼ਮਣ ਰਾਜਿਆਂ ਦੀਆਂ ਸ਼ਕਤੀਸ਼ਾਲੀ ਫੌਜਾਂ ਨੂੰ ਹਰਾ ਕੇ ਮੈਨੂੰ ਚਕਰਵਰਤੀ ਮਹਾਰਾਜਾ ਬਣਾ ਅਜਿੱਤ ਬਾਦਸ਼ਾਹ ਉੱਪਰ ਛਤਰ (ਛਤਰ ਧਰੈ) ਝੁਲਾ ਦਿੱਤਾ।

ਉਪਰੋਕਤ ਅਰਥ ਵਿਸੇ ਦੇ ਅੰਤਰੀਵ ਮੁੱਖ ਵਿਚਾਰ ਅਨੁਸਾਰ ਹਨ। ਗੁਰੂ ਰਵਿਦਾਸ ਜੀ ਨੇ ਇਹ ਵਿਸ਼ਾ ਵਿਚਾਰਿਆ ਅਤੇ ਪਰਪੱਕ ਵੀ 'ਰਹਾਉ' ਵਿਚ ਹੀ ਕੀਤਾ ਹੈ। 'ਰਹਾਉ' ਸ਼ਬਦ ਦਾ ਸਿਧਾਂਤ ਅਤੇ ਮੁੱਖ ਵਿਚਾਰ ਹੁੰਦਾ ਹੈ। ਇਸ ਵਿਸੇ (ਵਿਚਾਰ) ਦੀ ਪਰਪੱਕਤਾ ਦਾ ਆਧਾਰ ਰਾਗ ਦੀ ਪ੍ਰਕ੍ਰਿਤੀ ਅਤੇ ਉਸ ਅਨੁਸਾਰ ਉਪਜੇ ਵਿਚਾਰਾਂ ਦੇ ਦਿਸ਼ਾ ਨਿਰਦੇਸ਼ ਹੀ ਹਨ। ਇਸ ਤਰ੍ਹਾਂ ਇਨ੍ਹਾਂ ਵਿਚਾਰਾਂ ਦੀ 'ਰਹਾਉ' ਵਿਚ ਸਿਰਜਣਾ ਕਰਨਾ ਅਤੇ ਰਾਗ ਦੇ ਦਿਸ਼ਾ ਨਿਰਦੇਸ਼ ਅਨੁਸਾਰ ਕਰਨਾ, ਸਮੁੱਚੇ ਸ਼ਬਦ ਵਿਚ ਨਿਰੂਪਤ ਵਿਚਾਰਾਂ ਦੀ ਪਰਪੱਕਤਾ, ਮਹੱਤਵ ਅਤੇ ਮਹਾਨਤਾ ਦਾ ਵਿਗਿਆਨਿਕ ਸੱਚ ਦ੍ਰਿੜ ਹੋ ਗਿਆ ਹੈ।

ਇਸੇ ਸਥਿਤੀ ਨੂੰ ਗੁਰੂ ਰਵਿਦਾਸ ਜੀ 'ਰਹਾਉ' ਵਿਚ ਵਰਨਣ ਕਰਦੇ ਹਨ। ਜਦੋਂ ਰਾਜ ਗੁਰੂ ਦੀ ਪਦਵੀ ਮਿਲੀ ਤਾਂ ਧਰਮ ਕਰਮ ਵਿੱਚ ਪਰਪੱਕ ਮਹਤਵ ਪੂਰਣ ਬ੍ਰਾਹਮਣ ਸੰਸਥਾਵਾਂ ਦੇ ਪ੍ਰਧਾਨ ਬ੍ਰਾਹਮਣਾ ਨੇ ਆਪਣੇ ਹੀ ਧਰਮ ਦਾ ਖੰਡਨ ਕਰਕੇ, ਗੁਰੂ ਜੀ ਨੂੰ ਗੁਰੂ ਧਾਰਨ ਕੀਤਾ, ਉਸੇ ਸਮੇਂ ਉਹ ਪ੍ਰਭ ਦੀ ਅਪਾਰ ਬਖਸ਼ਿਸ਼ ਵਿੱਚ ਪ੍ਰਭ ਦੀ ਸਿਫਤ ਸਲਾਹ ਕਰਦੇ ਸਪਸ਼ਟ ਕਰਦੇ ਹਨ ਕਿ ਹੇ ਮੇਰੇ ਸੋਹਣੇ ਪ੍ਰਭ! ਤੇਰੇ ਤੋਂ ਬਿਨਾਂ ਅਜਿਹਾ ਅਲੋਕਾਰਕ ਚਮਤਕਾਰ ਹੋਰ ਕੋਈ ਨਹੀਂ ਕਰ ਸਕਦਾ!! ਮੇਰਾ ਰਾਮ! ਗਰੀਬਾਂ ਨੂੰ ਉੱਚੇ ਤੋਂ ਉੱਚਾ ਮਾਣ ਬਖਸ਼ਦਾ ਹੈ ਅਤੇ ਮੇਰੇ ਵਰਗੇ ਅਛੂਤ ਨੂੰ ਰਾਜ ਗੁਰੂ ਦੀ ਪਦਵੀ ਬਖਸ਼ਿਸ਼ ਕਰਕੇ ਸਿਰ ਛਤਰ ਝੁਲਾ ਦੇਣਾ ਕੇਵਲ ਤੇ ਕੇਵਲ ਤੇਰੀ ਹੀ ਸਮਰਥਾ ਹੈ।

ਸੋ ਗੁਰੂ ਰਵਿਦਾਸ ਜੀ ਦਾ ਰਾਮ, ਅਛੂਤ 'ਰਵਿਦਾਸ' ਨੂੰ ਰਾਜ ਗੁਰੂ ਅਤੇ ਚਕਰਵਰਤੀ ਮਹਾਰਾਜਾ ਦੀ ਪਦਵੀ ਬਖਸ਼ਿਸ਼ ਕਰਦਾ ਹੈ। ਪਰ ਵਾਲਮੀਕੀ ਰਾਮਾਇਣ ਦਾ ਰਾਮ, ਪ੍ਰਭ ਦੀ ਭਗਤੀ ਕਰਨ ਦੇ ਦੋਸ਼ ਵਿੱਚ ਸ਼ੂਦਰ 'ਸ਼ਭੂੰਕ' ਦਾ ਕਤਲ ਕਰਦਾ ਹੈ।[1] ਇਸ ਕਾਰਣ ਹੀ ਗੁਰੂ ਜੀ ਨੇ 'ਭਗਵਾਨ' ਵਿਸ਼ਨੂੰ -ਜਿਸ ਦੇ ਅਵਤਾਰ ਭਗਵਾਨ ਰਾਮ ਹਨ-ਅਤੇ ਹਿੰਦੂ ਧਰਮ ਦੇ ਬਾਕੀ ਸਾਰੇ ਭਗਵਾਨਾ ਅਤੇ ਦੇਵਤਿਆਂ ਦੇ ਕਿਰਦਾਰ ਨੂੰ ਰੱਦ ਕੀਤਾ ਹੈ:

(ੳ) ਹਰਿ ਜਪਤ ਤੇਊ ਜਨਾ ਪਦਮ ਕਵਲਾਸ ਪਤਿ
ਤਾਸ ਸਮ ਤੁਲਿ ਨਹੀਂ ਆਨ ਕੋਊ॥
ਏਕ ਹੀ ਏਕ ਅਨੇਕ ਹੋਇ ਬਿਸਥਰਿਓ
ਆਨ ਰੇ ਆਨ ਭਰਪੂਰਿ ਸੋਊ॥ ਰਹਾਉ॥

(ਅ) ਰੌਤਮ ਨਾਰਿ ਉਮਾਪਤਿ ਸ੍ਵਾਮੀ॥
ਸੀਸ ਧਰਨਿ ਸਹਸ ਭਗ ਗਾਮੀ॥ ੪॥

ਸੋ ਇਸ ਅਲੋਕਾਰਕ ਚਮਤਕਾਰੀ ਵਿਚਾਰਧਾਰਾ ਅਤੇ ਅਸਚਰਜ ਘਟਨਾ ਨੇ ਗਰੀਬਾਂ ਸ਼ੂਦਰਾਂ ਅਤੇ ਅਛੂਤਾਂ ਨੂੰ ਉਤਸ਼ਾਹਿਤ ਕੀਤਾ ਹੈ ਕਿ ਉਹ ਕਾਇਰਤਾ

ਨੂੰ ਤਿਆਗ ਕੇ ਨਿਰਭੈ ਬਣਨ, ਅਣਖੀਲੇ ਯੋਧੇ ਬਣਕੇ ਆਪਣੇ ਮਾਣ ਸਤਿਕਾਰ ਦੀ ਰਾਖੀ ਕਰਨ ਲਈ ਕ੍ਰਾਂਤੀ ਮਚਾਉਣ। ਗੁਰੂ ਰਵਿਦਾਸ ਜੀ ਨੇ ਰਾਜ-ਗੁਰੂ ਦੀ ਪਦਵੀ ਕ੍ਰਾਂਤੀ ਮਚਾਉਣ ਪਿੱਛੋਂ ਹੀ ਪ੍ਰਾਪਤ ਕੀਤੀ ਹੈ।

ਬੰਦ ਨੰ: ੧ ਵਿੱਚ ਹਿੰਦੂ ਧਰਮ ਦੇ 'ਭਗਵਾਨਾਂ', ਦੇਵਤਿਆਂ ਅਤੇ ਰਿਸ਼ੀਆਂ ਦੀ ਵਿਚਾਰਧਾਰਾ ਕਾਰਣ ਉਤਪੰਨ ਧਾਰਮਕ ਅਤੇ ਸਮਾਜਕ ਕੋਹੜ ਨੂੰ ਸਪਸ਼ਟ ਕਰਕੇ, ਉਸ ਨੂੰ ਰੱਦ ਕੀਤਾ ਗਿਆ ਹੈ। ਗੁਰੂ ਜੀ ਫਰਮਾਉਂਦੇ ਹਨ ਕਿ ਹਿੰਦੂ ਧਰਮ ਅਨੁਸਾਰ ਜਿਸ ਅਛੂਤ ਦੀ ਛੋਹ ਨਾਲ 'ਭਗਵਾਨ', 'ਦੇਵਤੇ', 'ਰਿਸ਼ੀ' ਅਤੇ ਸਮੁੱਚਾ ਸੰਸਾਰ ਭਿਟਿਆਂ ਜਾਂਦਾ ਹੈ। ਉਨ੍ਹਾਂ 'ਭਗਵਾਨਾਂ ਆਦਿ ਕਾਰਣ ਜਿਸ ਨੂੰ ਪ੍ਰਭ ਦੀ ਭਗਤੀ ਕਰਨ ਦੇ ਦੋਸ਼ ਵਿੱਚ ਮੌਤ ਦੀ ਸਜ਼ਾ ਦਿੱਤੀ ਜਾਂਦੀ ਹੈ (ਸੰਭੂਕ), ਉਹ ਮੰਦਰ ਵਲ ਦੇਖ ਤੱਕ ਨਹੀਂ ਸਕਦਾ, ਅੰਦਰ ਜਾਣ ਦਾ ਤਾਂ ਸਵਾਲ ਹੀ ਨਹੀਂ ਹੈ, ਵੇਦ ਉਚਾਰਣ ਕਾਰਣ ਜੀਭ ਕੱਟੀ ਜਾਂਦੀ ਹੈ ਅਤੇ ਸੁਣਨ ਕਾਰਣ ਕੰਨਾਂ ਵਿੱਚ ਸਿੱਕਾ ਢਾਲਕੇ ਭਰ ਦਿੱਤਾ ਜਾਂਦਾ ਹੈ, ਅਨੇਕਾਂ ਅਜਿਹੇ ਹੋਰ ਜ਼ੁਲਮ ਕੀਤੇ ਜਾਂਦੇ ਹਨ। ਗੁਰੂ ਰਵਿਦਾਸ ਜੀ ਨੇ ਜੁਲਮਾਂ ਨੂੰ ਖ਼ਤਮ ਕਰਨ ਲਈ ਸਫਲ ਕ੍ਰਾਂਤੀ ਮਚਾਈ ਅਤੇ ਰਾਜ-ਗੁਰੂ ਦੀ ਪਦਵੀ ਪ੍ਰਾਪਤ ਕੀਤੀ। ਇਸ ਸਫਲ ਹੋਈ ਕ੍ਰਾਂਤੀ ਦਾ ਸ਼ੁਕਰਾਨਾ ਕਰਦੇ ਹੋਏ ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਹੇ ਸੁੰਦਰ ਪ੍ਰਭ! ਤੂੰ ਅਜਿਹੇ ਹਾਲਾਤ ਦੇ ਹੁੰਦਿਆਂ ਹੋਇਆਂ ਵੀ ਮੈਨੂੰ ਅਛੂਤ ਨੂੰ ਰਾਜ-ਗੁਰੂ ਦੀ ਪਦਵੀ ਬਖਸ਼ਿਸ਼ ਕਰਕੇ ਨੀਵੇਂ ਤੋਂ ਨੀਵੇਂ ਨੂੰ ਉੱਚੇ ਤੋਂ ਉੱਚਾ ਬਣਾ ਦਿੱਤਾ ਹੈ। ਅਤੇ ਉਸ ਪਿੱਛੋਂ ਅਜਿੱਤ ਮਹਾਂਬਲੀ ਅਜਿੱਤ ਮਹਾਂ ਯੋਧਾ ਬਣਾ ਕੇ ਅਨੇਕਾਂ ਜਿੱਤਾਂ ਕਰਵਾਈਆਂ ਅਤੇ ਮੈਨੂੰ ਚੱਕਰਵਰਤੀ ਮਹਾਰਾਜਾ ਬਣਆ ਕੇ ਛੱਤਰ ਝੁਲਾ ਦਿੱਤਾ। ਅਜਿਹਾ ਕਰਨ ਲਗਿਆ ਪ੍ਰਭ ਕਿਸੇ ਤੋਂ ਡਰਦਾ ਨਹੀਂ ਹੈ।

ਇਸ ਤਰ੍ਹਾਂ ਹਿੰਦੂ ਧਰਮ ਦੀ ਅਨਿਆਂ ਅਤੇ ਜੁਲਮ ਭਰਪੂਰ ਵਿਚਾਰਧਾਰਾ ਨੂੰ ਪ੍ਰਭ ਨੇ ਹੀ ਨਸ਼ਟ ਕਰ ਦਿੱਤਾ ਹੈ ਅਤੇ ਇਕ ਅਛੂਤ ਨੂੰ ਰਾਜ-ਗੁਰੂ ਸਥਾਪਤ ਕਰ ਦਿੱਤਾ ਹੈ। ਇਸ ਤੋਂ ਵੱਡੀ ਹੋਰ ਕ੍ਰਾਂਤੀ ਕੀ ਹੋ ਸਕਦੀ ਹੈ? ਇਸ ਅਲੋਕਾਰੀ ਘਟਨਾ ਨੇ ਹਿੰਦੂ ਧਰਮ ਦੀ ਵਿਚਾਰਧਾਰਾ ਨਸ਼ਟ ਕਰ ਦਿੱਤੀ ਹੈ, ਇਸ ਦੇ 'ਭਗਵਾਨਾਂ ਦੇਵਤਿਆਂ ਅਤੇ ਰਿਸ਼ੀਆਂ ਨੂੰ ਵੀ ਰੱਦ ਕਰ ਦਿੱਤਾ ਹੈ ਇਹ ਹਰ ਪੱਖੋਂ ਸੰਪੂਰਨ ਤਬਦੀਲੀ ਹੈ। ਸੰਪੂਰਨ ਤਬਦੀਲੀ ਹੀ ਸਹੀ ਅਰਥਾਂ ਵਿੱਚ ਕ੍ਰਾਂਤੀ ਹੈ। ਇਸ ਕ੍ਰਾਂਤੀਕਾਰੀ ਘਟਨਾ ਨੂੰ ਸਪਸ਼ਟ ਰੂਪ ਵਿੱਚ ਗੁਰੂ ਜੀ ਸੰਬੋਧਨ ਕਰਕੇ ਹੀ ਮਹਾਨ ਕ੍ਰਾਂਤੀਕਾਰੀ ਲਹਿਰ ਦਾ ਸਫਲ ਆਰੰਭ ਕਰਦੇ ਹਨ।

ਬੰਦ ਨੰ: ੨ ਵਿੱਚ ਗੁਰੂ ਰਵਿਦਾਸ ਜੀ ਸਰਵ ਗੁਰੂ ਨਾਮਦੇਵ, ਕਬੀਰ, ਤ੍ਰਿਲੋਚਨ, ਸਧਨਾ ਅਤੇ ਸੇਨ ਦਾ ਜ਼ਿਕਰ ਕਰਦੇ ਹਨ। ਗੁਰੂ ਤ੍ਰਿਲੋਚਨ ਵੈਸ਼ ਹਨ ਅਤੇ ਬਾਕੀ ਸਾਰੇ ਸ਼ੂਦਰ ਹਨ। ਗੁਰੂ ਜੀ ਰਾਜ-ਗੁਰੂ ਦੀ ਪਦਵੀ ਪ੍ਰਾਪਤ ਕਰਨ

ਪਿਛੋਂ ਇਨ੍ਹਾਂ ਸੰਤਾਂ ਨੂੰ ਸੰਬੋਧਨ ਕਰਦੇ ਹੋਏ ਇਨ੍ਹਾਂ ਦੀ ਗਵਾਹੀ ਦਿੰਦੇ ਹਨ ਕਿ ਇਨ੍ਹਾਂ ਨੇ ਵੀ ਕ੍ਰਾਂਤੀ ਮਚਾ ਕੇ ਹਿੰਦੂ ਧਰਮ ਦੇ 'ਭਗਵਾਨਾਂ' ਦੇਵਤਿਆਂ ਨੂੰ ਰੱਦ ਕੀਤਾ ਹੈ ਅਤੇ ਇਕ ਨਿਰਭਉ ਅਤੇ ਨਿਰਵੈਰ ਪ੍ਰਭ ਦਾ ਪ੍ਰਚਾਰ ਕਰਕੇ ਬੜੀ ਸ਼ਾਨ ਨਾਲ ਧਰਮ ਯੁੱਧ ਜਿੱਤਿਆ ਹੈ।

ਇਸ ਜਿੱਤ ਪਿੱਛੋਂ ਇਹ ਮਹਾਨ ਸੰਤ ਟਿਕ ਕੇ ਨਹੀਂ ਬੈਠੇ ਸਗੋਂ ਸਾਰਿਆਂ ਨੇ ਮਿਲਕੇ ਇਕ ਕ੍ਰਾਂਤੀ ਮਚਾ ਦਿੱਤੀ। ਉਨ੍ਹਾਂ ਨੇ ਮੂਲੋਂ ਹੀ ਕਾਇਰ ਬਣੇ ਗਰੀਬਾਂ, ਸ਼ੂਦਰਾਂ ਅਤੇ ਅਛੂਤਾਂ ਵਿੱਚ ਜੁਰਅਤ ਭਰੀ, ਨਿਰਭੈ ਬਣਾਇਆ, ਅਣਖੀਲੇ ਬਣਾ ਕੇ ਕ੍ਰਾਂਤੀ ਮਚਾਉਣ ਦਾ ਹੁਕਮ ਕੀਤਾ। ਜਿਸ ਕਾਰਣ ਅੱਜ ਵੀਹਵੀਂ ਸਦੀ ਵਿੱਚ ਕ੍ਰਾਂਤੀਕਾਰੀ ਵਿਚਾਰਧਾਰਾ ਇਕ ਲਹਿਰ ਦਾ ਰੂਪ ਧਾਰਨ ਕਰ ਗਈ ਹੈ। ਜਿਸ ਕਾਰਣ ਹਿੰਦੂ ਧਰਮ ਦੇ ਠੇਕੇਦਾਰ ਹੁਣ ਆਪਣੇ ਹੀ ਧਰਮ ਗ੍ਰੰਥਾਂ ਨੂੰ ਸੋਧ ਕੇ ਤਬਦੀਲ ਕਰਨ ਤੇ ਮਜ਼ਬੂਰ ਹੋ ਗਏ ਹਨ। ਗਵਾਹੀ ਦੇ ਤੌਰ ਤੇ "ਗੀਤਾ ਪ੍ਰੈਸ ਗੋਰਖਪੁਰ" ਵਲੋਂ ਛਾਪੀ ਵਾਲਮੀਕੀ ਰਾਮਾਇਣ ਹੈ, ਜਿਸ ਵਿੱਚੋਂ 'ਸੰਭੂਕ' ਕਤਲ-ਕਾਂਡ ਨੂੰ ਕੱਢ ਦਿੱਤਾ ਗਿਆ ਹੈ।

ਇਸ ਦਾ ਸਬੂਤ "ਸੁਖ ਸਾਗਰ ਸੁਰਤਰੁ" ਵਾਲੇ ਮਾਰੂ ਰਾਗ ਵਾਲੇ ਸ਼ਬਦ ਵਿੱਚ ਵੀ ਉਪਲਬਧ ਹੈ। ਇਸ ਸ਼ਬਦ ਵਿੱਚ ਉਹ 'ਭਗਵਾਨਾਂ', ਦੇਵਤਿਆਂ ਦੇ ਨਾਲ ਉਨ੍ਹਾਂ ਦੇ ਧਰਮ-ਗ੍ਰੰਥਾਂ ਨੂੰ ਵੀ ਰੱਦ ਕਰ ਦਿੰਦੇ ਹਨ। ਫਿਰ ਗੁਰੂ ਜੀ ਹਿੰਦੂ ਧਰਮ ਦੇ ਧਾਰਮਕ ਗ੍ਰੰਥਾਂ ਵੇਦਾਂ, ਪੁਰਾਣਾਂ ਅਤੇ ਬਾਕੀ ਸਾਰੇ ਧਰਮ ਗ੍ਰੰਥਾਂ ਨੂੰ ਮਹਾਂਰਿਸ਼ੀ ਵੇਦ ਵਿਆਸ ਤੋਂ ਰੱਦ ਕਰਵਾ ਕੇ ਪਰਪੱਕਤਾ ਨਾਲ ਹਿੰਦੂ ਧਰਮ ਨੂੰ ਸਦਾ ਸਦਾ ਲਈ ਨਸ਼ਟ ਕਰ ਦਿੰਦੇ ਹਨ, ਜਿਸ ਨੂੰ ਬਾਦ ਵਿੱਚ ਪੰਜਾਬ ਦੇ ਸਿੱਖ ਗੁਰੂ ਸਾਹਿਬਾਨ ਨੇ ਵੀ ਪੂਰੀ ਸ਼ਕਤੀ ਨਾਲ ਹਿੰਦੂ ਧਰਮ ਦੇ ਗ੍ਰੰਥਾਂ, 'ਭਗਵਾਨਾਂ', ਦੇਵਤਿਆਂ ਆਦਿ ਦਾ ਖੰਡਨ ਉਨ੍ਹਾਂ ਲੀਹਾਂ ਤੇ ਹੀ ਕੀਤਾ ਹੈ, ਜਿਨ੍ਹਾਂ ਲੀਹਾਂ ਤੇ ਉਪਰੋਕਤ ਗੁਰੂ ਰਵਿਦਾਸ, ਗੁਰੂ ਕਬੀਰ ਆਦਿ ਨੇ ਕੀਤਾ ਹੈ।

ਸੋ ਗੁਰੂ ਰਵਿਦਾਸ ਜੀ ਨੂੰ ਖੂੰ-ਖਾਰ ਹਿੰਦੂ ਧਰਮ ਦੀ ਵਿਚਾਰਧਾਰਾ, ਇਸ ਨੂੰ ਲਾਗੂ ਕਰਨ ਵਾਲੇ ਅਤਿਆਚਾਰੀ ਰਾਜਿਆਂ, ਮਹਾਰਾਜਿਆਂ ਅਤੇ ਬ੍ਰਾਹਮਣਾਂ ਵਿਰੁਧ ਕ੍ਰਾਂਤੀ ਮਚਾ ਕੇ, ਧਰਮ-ਯੁੱਧ ਲੜਨਾ ਪਿਆ ਹੈ ਅਤੇ ਜਿੱਤਾਂ ਪ੍ਰਾਪਤ ਕੀਤੀਆਂ। ਇਸ ਲਈ ਉਨ੍ਹਾਂ ਦਾ ਕ੍ਰਾਂਤੀਕਾਰੀ ਹੋਣਾ ਜ਼ਰੂਰੀ ਹੀ ਬੁਨਿਆਦੀ ਤੌਰ ਤੇ ਸੁਭਾਵਿਕ ਹੈ। ਇੱਕ ਕ੍ਰਾਂਤੀਕਾਰੀ ਕੇਵਲ ਤਬਦੀਲੀ ਹੀ ਕਰਦਾ ਹੈ। ਗੁਰੂ ਜੀ ਨੇ ਤਬਦੀਲੀ ਹੀ ਨਹੀਂ ਕੀਤੀ ਸਗੋਂ ਹਿੰਦੂ ਧਰਮ ਦੀ ਵਿਚਾਰਧਾਰਾ ਨੂੰ ਨਸ਼ਟ ਕਰਕੇ ਕੇ ਉਸ ਦੀ ਥਾਂ ਇੱਕ ਨਵੇਂ ਸਿਰਜੇ ਧਰਮ ਦੀ ਵਿਚਾਰਧਾਰਾ ਅਨੁਸਾਰ ਅਮਲੀ ਰੂਪ ਵਿੱਚ ਵਿਚਰੇ ਵੀ ਹਨ। ਸੋ ਹਰ ਪੱਖੋਂ ਅਤੇ ਹਰ ਰੂਪ ਵਿੱਚ ਗੁਰੂ ਰਵਿਦਾਸ ਜੀ ਕ੍ਰਾਂਤੀਕਾਰੀ ਹਨ।

ਸ਼ਬਦ ਅਰਥ :— ਹੇ ਸੋਹਣੇ ਪ੍ਰਭ! ਤੂੰ ਗਰੀਬਾਂ ਦਾ ਸਹਾਰਾ ਬਣਕੇ, ਉਨ੍ਹਾਂ ਨੂੰ ਮਾਣ ਸਤਿਕਾਰ ਬਖਸ਼ਦਾ ਹੈ। ਇਥੋਂ ਤੱਕ ਕਿ ਤੂੰ ਉਨ੍ਹਾਂ ਨੂੰ ਉੱਚੇ ਤੋਂ ਉੱਚਾ ਮਾਣ ਬਖਸ਼ ਕੇ ਉਨ੍ਹਾਂ ਦੇ ਸਿਰ ਤੇ ਛਤਰ ਝੁਲਾ ਦਿੰਦਾ ਹੈ। (ਜਿਵੇਂ ਮੇਰੇ ਵਰਗੇ ਅਛੂਤ ਨੂੰ ਰਾਜ-ਗੁਰੂ ਦੀ ਪਦਵੀ ਦੀ ਬਖਸ਼ਿਸ ਕਰਕੇ ਸਿਰ ਤੇ ਛਤਰ ਝੁਲਾ ਦਿੱਤਾ ਹੈ।) ਹੇ ਪ੍ਰਭ! ਅਜਿਹਾ ਅਲੋਕਾਰਕ ਚਮਤਕਾਰ ਤੇਰੇ ਤੋਂ ਬਿਨਾਂ ਹੋਰ ਕੋਈ ਨਹੀਂ ਕਰ ਸਕਦਾ।

ਇਹ ਘਟਨਾ ਹਿੰਦੂ ਧਰਮ ਦੀ ਵਿਚਾਰਧਾਰਾ ਅਤੇ ਉਨ੍ਹਾਂ ਦੇ 'ਭਗਵਾਨਾਂ' ਅਤੇ ਦੇਵਤਿਆਂ ਦੇ ਕਿਰਦਾਰ ਤੋਂ ਬਿਲਕੁਲ ਉਲਟਾ ਹੈ। ਇਹ ਕ੍ਰਾਂਤੀਕਾਰੀ ਤਬਦੀਲੀ ਹੈ॥ ੧॥ ਰਹਾਉ॥

ਹੇ ਪ੍ਰਭ! ਜਿਨ੍ਹਾਂ ਦੀ ਛੋਹ ਨਾਲ 'ਭਗਵਾਨ', ਦੇਵਤੇ ਅਤੇ ਸੰਸਾਰ ਦੇ ਲੋਕ ਭਿੱਟੇ ਜਾਂਦੇ ਹਨ, ਜਿਨ੍ਹਾਂ ਨੂੰ ਅਛੂਤ ਕਹਿ ਕਹਿ ਕੇ ਤ੍ਰਿਸਕਾਰਿਆ ਜਾਂਦਾ ਹੈ, ਉਨ੍ਹਾਂ ਦੇ ਬਚਾਉ ਲਈ ਤੂੰ ਢਾਲ ਬਣਕੇ ਬਹੁੜਦਾ ਹੈਂ। ਇਨ੍ਹਾਂ ਨੀਵੇਂ ਤੋਂ ਨੀਵੇਂ ਅਛੂਤਾਂ ਨੂੰ ਤੂੰ ਉੱਚੇ ਤੋਂ ਉੱਚਾ ਸਨਮਾਨ ਬਖਸ਼ਿਸ਼ ਕਰਦਾ ਹੈਂ। ਅਜਿਹਾ ਕਰਦਾ ਹੋਇਆ ਤੂੰ ਕਿਸੇ ਤੋਂ ਨਹੀਂ ਡਰਦਾ ਅਤੇ ਪ੍ਰਭ ਸਿਮਰਨ ਕਰਨ ਵਾਲੇ ਨੂੰ ਵੀ ਨਿਰਭਉ ਬਣਾ ਦਿੰਦਾ ਹੈਂ।

ਇਹ ਛੂਤ-ਛਾਤ, ਜਾਤ-ਪਾਤ, ਹਿੰਦੂ ਧਰਮ ਦੇ 'ਭਗਵਾਨ' ਬ੍ਰਹਮਾ ਦੀ ਬਣਾਈ ਹੋਈ ਹੈ (ਰਿਗਵੇਦ ੧੦.੯੦.੧੧-੧੨) । ਬ੍ਰਹਮਾ ਖੁਦ ਪ੍ਰਭ ਦੀ ਹੀ ਸਿਰਜਣਾ ਹੈ। ਇਸ ਲਈ ਛੂਤ-ਛਾਤ ਬੰਦੇ ਨੇ ਬਣਾਈ ਹੈ, ਪ੍ਰਭ ਨੇ ਨਹੀਂ। ਇਸ ਪ੍ਰਥਾ ਦਾ ਪ੍ਰਭ ਦੇ ਪ੍ਰਬੰਧ ਵਿੱਚ ਜ਼ਿਕਰ ਤੱਕ ਨਹੀਂ ਹੈ।

ਸੋ ਇਸ ਬੰਦ ਵਿੱਚ ਵੀ ਹਿੰਦੂ ਧਰਮ ਨੂੰ ਰੱਦ ਕੀਤਾ ਗਿਆ ਹੈ ਅਤੇ ਇਸ ਦੀ ਥਾਂ ਇਕ ਨਵੀਂ ਧਰਮ-ਵਿਚਾਰਧਾਰਾ ਹੋਂਦ ਵਿੱਚ ਆਈ ਹੈ, ਜਿਹੜੀ ਸਮੁੱਚੇ ਵਿਸ਼ਵ ਲਈ ਹੈ। ਇਹ ਵੀ ਇੱਕ ਕ੍ਰਾਂਤੀਕਾਰੀ ਤਬਦੀਲੀ ਹੈ ਅਤੇ 'ਰਹਾਉ' ਦੀ ਹੀ ਪ੍ਰੋੜਤਾ ਕਰਦੀ ਹੈ॥ ੧॥

ਗੁਰੂ ਰਵਿਦਾਸ ਜੀ ਇਸ ਨਵੇਂ ਧਰਮ ਦੀ ਵਿਚਾਰਧਾਰਾ ਦੀ ਪਰਪੱਕਤਾ ਲਈ ਸਰਵ ਗੁਰੂ ਨਾਮਦੇਵ, ਕਬੀਰ, ਤ੍ਰਿਲੋਚਨ, ਸਧਨਾ ਅਤੇ ਸੇਨ ਜੀ ਦੀ ਗਵਾਹੀ ਦਿੰਦੇ ਹਨ। ਗੁਰੂ ਜੀ ਸਪਸ਼ਟ ਕਰਦੇ ਹਨ ਕਿ ਇਹ ਸਾਰੇ ਮਹਾਂਪੁਰਸ਼ ਉਪਰੋਕਤ ਨਵੀਂ ਵਿਚਾਰਧਾਰਾ ਸਦਕਾ ਹੀ ਪ੍ਰਭ ਨੂੰ ਪ੍ਰਾਪਤ ਹੋਏ ਹਨ। ਉਹ ਵੀ ਕ੍ਰਾਂਤੀਕਾਰੀ ਹਨ।

ਇਸ ਲਈ ਗੁਰੂ ਰਵਿਦਾਸ ਜੀ ਸੰਤਾਂ ਨੂੰ ਸੰਬੋਧਨ ਕਰਦੇ ਹੋਏ ਫਰਮਾਉਂਦੇ ਹਨ ਕਿ ਹੇ ਸੰਤੋ ਸੁਣੋ! ਪ੍ਰਭ ਵੱਡੀਆਂ ਵੱਡੀਆਂ ਅਲੋਕਾਰਕ ਘਟਨਾਵਾਂ ਵਰਤਾ ਦਿੰਦਾ ਹੈ (ਅਛੂਤਾਂ ਨੂੰ ਰਾਜ-ਗੁਰੂ ਬਣਾ ਦਿੰਦਾ ਹੈ), ਅਨਿਆ ਨੂੰ ਖਤਮ ਕਰ

ਦਿੰਦਾ ਹੈ। ਅਜਿਹਾ ਕਰਦਾ ਉਹ ਕਿਸੇ ਤੋਂ ਨਹੀਂ ਡਰਦਾ। ਉਹ ਸਭ ਕੁਝ ਕਰਨ ਦੇ ਸਮਰਥ ਹੈ। ਇਸ ਲਈ ਪ੍ਰਭ ਦਾ ਸਿਮਰਨ ਹਰ ਇੱਕ ਨੂੰ ਨਿਰਭਉ ਬਣਾ ਦਿੰਦਾ ਹੈ।

ਸੋ ਤੁਸੀਂ ਵੀ ਇਸ ਨਵੀਂ ਸਿਰਜੀ ਵਿਚਾਰਧਾਰਾ ਅਨੁਸਾਰ ਸਮਾਜ ਨੂੰ ਨਿਰਭਉ ਬਣਾਕੇ, ਅਨਿਆਂ ਭਰਪੂਰ ਧਰਮਾਂ ਨੂੰ ਬਦਲਣ ਲਈ ਕ੍ਰਾਂਤੀ ਮਚਾ ਦਿਉ॥ ੨॥ ੧॥

ੴ ਸਤਿਗੁਰੂ ਪ੍ਰਸਾਦਿ॥

ਰਾਗ ਮਾਰੂ ਬਾਣੀ ਰਵਿਦਾਸ ਜੀਉ ਕੀ

ਸੁਖ ਸਾਗਰ ਸੁਰਿਤਰੁ ਚਿੰਤਾਮਨਿ
ਕਾਮਧੇਨ ਬਸਿ ਜਾ ਕੇ ਰੇ॥
ਚਾਰਿ ਪਦਾਰਥ ਅਸਟ ਮਹਾ ਸਿਧਿ
ਨਵ ਨਿਧਿ ਕਰ ਤਲ ਤਾ ਕੈ॥ ੧॥
ਹਰਿ ਹਰਿ ਹਰਿ ਨ ਜਪਸਿ ਰਸਨਾ॥
ਅਵਰ ਸਭ ਛਾਡਿ ਬਚਨ ਰਚਨਾ॥ ੧॥ ਰਹਾਉ॥
ਨਾਨਾ ਖਿਆਨ ਪੁਰਾਨ ਬੇਦ ਬਿਧਿ
ਚਉਤੀਸ ਅਛਰ ਮਾਹੀ॥
ਬਿਆਸ ਬੀਚਾਰਿ ਕਹਿਓ ਪਰਮਾਰਥੁ
ਰਾਮ ਨਾਮ ਸਰਿ ਨਾਹੀ॥ ੨॥
ਸਹਜ ਸਮਾਧਿ ਉਪਾਧਿ ਰਹਤ ਹੋਇ
ਬਡੇ ਭਾਗਿ ਲਿਵ ਲਾਗੀ॥
ਕਹਿ ਰਵਿਦਾਸ ਉਦਾਸ ਦਾਸ ਮਤਿ
ਜਨਮ ਮਰਨ ਭੈ ਭਾਗੀ॥ ੩॥ ੨॥ ੧੫॥ [1]

ਪਦ ਅਰਥ :—ਰੇ = ਓ, ਅਰੇ। **"ਓ** = ਸੰਬੋਧਨ, ਹੇ! ਰੇ! ਓ! ਛੋਟੇ ਦਰਜੇ ਦੇ ਆਦਮੀ ਨੂੰ 'ਓ' ਸ਼ਬਦ ਨਾਲ ਬੁਲਾਈਦਾ ਹੈ।" [2] **"ਅਰੇ** = ਸੰਬੋਧਨ ਸ਼ਬਦ, ਹੇ! ਅਰੇ! ਸ਼ਬਦ ਨਾਲ ਛੋਟੇ ਦਰਜੇ ਦੇ ਆਦਮੀ ਨੂੰ ਬੁਲਾਈਦਾ ਹੈ।" [3] **ਰੇ** = ਹੇ ਹਿੰਦੂ ਧਰਮ ਦੇ ਲਤਾੜੇ ਤੇ ਸਤਾਏ ਲੋਕੋ! (ਧਿਆਨ ਦੇਣ ਵਾਲਾ ਅਤਿ ਮਹਤਵਪੂਰਨ ਤੱਥ (Fact) ਇਹ ਹੈ ਕਿ ਰਾਗ ਸੋਰਠਿ ਵਿੱਚ "ਨਵ ਨਿਧਿ ਕਰਤਲ ਤਾਕੇ॥" ਤੁਕ ਨਾਲ 'ਰੇ' ਲਫ਼ਜ ਨਹੀਂ ਹੈ। ਕਾਰਣ : ਪ੍ਰਭ ਨੂੰ 'ਓ' ਜਾਂ 'ਅਰੇ' ਕਹਿ ਕੇ ਸੰਬੋਧਨ ਨਹੀਂ ਕੀਤਾ ਜਾ ਸਕਦਾ ਕਿਉਂਕਿ ਸਰਬ ਸ੍ਰਿਸ਼ਟੀ, ਪ੍ਰਭ ਦੇ ਹੁਕਮ ਅਧੀਨ ਕੰਮ ਕਰਦੀ ਹੈ। ਇਸ ਕਰਕੇ ਉਹ ਸਭ ਤੋਂ 'ਉੱਚਾ' ਹੈ। ਇਸ ਤੱਥ ਤੋਂ ਦ੍ਰਿੜ ਹੋ ਗਿਆ ਹੈ ਕਿ ਬੰਦ ਨੰ.੧ ਦੀ ਪਹਿਲੀ ਤੁੱਕ ਦੇ ਅੰਤ ਵਿੱਚ ਦਰਜ 'ਰੇ' ਛੋਟੇ ਦਰਜੇ ਦੇ ਲੋਕਾਂ ਲਈ ਹੀ ਵਰਤਿਆ ਗਿਆ ਹੈ।) **ਜਪਸਿ** = ਜਪਦਾ, ਜਪੇਗਾ। ਉਦਾਸ ਦਾਸ **ਮਤਿ** = ਸੇਵਕ ਦੀ ਮਤ ਵਿਕਾਰਾਂ ਤੋਂ ਉਪਰਾਮ ਰਹਿੰਦੀ ਹੈ।

ਨੋਟ : ਬਾਕੀ ਪਦ ਅਰਥ ਪੰਨਾ ਨੰ. 187 ਉਪਰ ਦੇਖੋ।

---

1. ਆਦਿ ਗ੍ਰੰਥ - ਪੰਨਾ : ੧੧੦੬ 2. ਮਹਾਨ ਕੋਸ਼ -੧੬ 3. ਓਹੀ - ੬੨

ਸਮੁੱਚੇ ਸ਼ਬਦ ਦੀ ਵਿਚਾਰਧਾਰਾ ਅਤੇ ਰਾਗ

ਜਿੰਨੇ ਵੀ ਸ਼ਬਦ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਹਨ ਉਨ੍ਹਾਂ ਦੀ ਰਚਨਾ ਲਗਭਗ ਰਾਗਾਂ ਵਿੱਚ ਹੀ ਹੋਈ ਹੈ। ਇਸ ਲਈ ਸ਼ਬਦ ਵਿੱਚ ਦਰਜ ਵਿਚਾਰ ਅਤੇ ਸਬੰਧੰਤ ਰਾਗ ਦਾ ਆਪਸੀ ਡੂੰਘਾ ਅਤੇ ਅਟੁੱਟ ਸੰਬੰਧ ਹੈ। ਸੋ ਇਹ ਅਤਿਅੰਤ ਜ਼ਰੂਰੀ ਹੈ ਕਿ ਇਨ੍ਹਾਂ ਸ਼ਬਦਾਂ ਦੇ ਅਰਥ ਸਬੰਧੰਤ ਰਾਗ ਦੇ ਨਿਰਦੇਸ਼ਨ ਅਨੁਸਾਰ ਹੀ ਕੀਤੇ ਜਾਣ। ਰਾਗ ਨੂੰ ਆਧਾਰ ਨਾ ਬਣਾਕੇ ਅਸੀਂ ਦੋ ਘਾਤਕ ਗ਼ਲਤੀਆਂ ਕਰਾਂਗੇ:

੧. ਸ਼ਬਦਾਂ ਦੇ ਬੁਨਿਆਦੀ ਤੌਰ ਤੇ ਅਰਥ ਗ਼ਲਤ ਹੋ ਜਾਣਗੇ ਅਤੇ ਅੰਤਰੀਵ ਭਾਵ ਵੀ ਗ਼ਲਤ ਹੋ ਜਾਵੇਗਾ।

੨. ਸ਼ਬਦ ਦੀ ਵਿਚਾਰਧਾਰਾ ਵੀ ਬੁਨਿਆਦੀ ਤੌਰ ਤੇ ਸਪਸ਼ਟ ਰੂਪ ਵਿੱਚ ਗ਼ਲਤ ਹੋ ਜਾਵੇਗੀ।

ਉਪਰੋਕਤ ਘਾਤਕ ਗ਼ਲਤੀਆਂ ਤੋਂ ਬਚਣ ਲਈ ਰਾਗ ਦੇ ਸੁਭਾ ਅਤੇ ਗੁਣਾਂ ਮੁਤਾਬਕ ਸ਼ਬਦਾਂ ਦਾ ਅਰਥ ਕਰਨਾ ਅਤਿਅੰਤ ਜ਼ਰੂਰੀ ਹੈ। ਇਹ ਤੱਥ ਅਜੇ ਤੱਕ ਵਿਦਵਾਨਾਂ ਨੇ ਟੀਕਾ ਕਰਦਿਆਂ ਧਿਆਨ ਵਿੱਚ ਨਹੀਂ ਰਖਿਆ। ਸੋ ਇਹ ਅਟੱਲ ਸਿਧਾਂਤ ਹੈ ਅਤੇ ਅਟੱਲ ਸੱਚਾਈ ਵੀ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਰ ਸ਼ਬਦ ਸਬੰਧੰਤ ਰਾਗ ਦੇ ਮਾਰਗ ਦਰਸ਼ਨ ਅਧੀਨ ਹੀ ਰਚਿਆ ਗਿਆ ਹੈ। ਇਸ ਮਹੱਤਵ ਪੂਰਨ ਤਰਕ ਕਾਰਣ ਰਾਗ ਦੇ ਨਿਰਦੇਸ਼ਨ ਅਨੁਸਾਰ ਹੀ ਉਸ ਸ਼ਬਦ ਦੀ ਵਿਚਾਰਧਾਰਾ ਦੀ ਉਤਪਤੀ ਅਤੇ ਪਦ ਅਰਥਾਂ ਦੀ ਖੋਜ ਵੀ ਅਤਿ ਜ਼ਰੂਰੀ ਹੈ।

ਇਥੋਂ ਤੱਕ ਕਿ ਇਕੱਲਾ ਇੱਕੋ ਸ਼ਬਦ ਜੇ ਦੋ ਰਾਗਾਂ ਅਧੀਨ ਦਰਜ ਹੈ, ਤਾਂ ਯਕੀਨਨ ਉਨ੍ਹਾਂ ਰਾਗਾਂ ਦੇ ਮਾਰਗ ਦਰਸ਼ਨ ਜਾਂ ਨਿਰਦੇਸ਼ਨ ਕਾਰਣ ਦੋਹਾਂ ਸ਼ਬਦਾਂ ਵਿੱਚ ਨਿਰੂਪਤ ਵਿਚਾਰਧਾਰਾ ਇੱਕ ਨਹੀਂ ਰਹਿੰਦੀ, ਉਹ ਸਬੰਧੰਤ ਰਾਗ ਦੇ ਸੁਭਾ ਅਤੇ ਗੁਣਾਂ ਅਨੁਸਾਰ ਬਦਲ ਜਾਂਦੀ ਹੈ ਅਤੇ ਕੇਵਲ ਤੇ ਕੇਵਲ ਇੱਕ ਵਿਚਾਰਧਾਰਾ ਬੁਨਿਆਦੀ ਤੌਰ ਤੇ ਦੋ ਵਿਚਾਰਧਾਰਾਵਾਂ ਬਣ ਜਾਂਦੀਆਂ ਹਨ।

ਇਸ ਚਰਚਾ ਤੋਂ ਗੁਰਬਾਣੀ ਦੇ ਅਰਥਾਂ ਨੂੰ ਸਮਝਣ, ਪਰਖਣ ਦਾ ਇੱਕ ਬਹੁਤ ਹੀ ਮਹੱਤਵਪੂਰਨ ਸਿਧਾਂਤ ਜਨਮ ਲੈਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਰ ਸ਼ਬਦ ਦੇ ਅਰਥ, ਸਬੰਧੰਤ ਰਾਗ ਨੂੰ ਸਮਝੇ ਬਿਨਾਂ ਨਹੀਂ ਕੀਤੇ ਜਾ ਸਕਦੇ। ਸੋ ਸ਼ਬਦ ਦੇ ਅਰਥ ਕਰਨ ਲਈ ਸਬੰਧੰਤ ਰਾਗ ਦੇ ਮਾਰਗ ਦਰਸ਼ਨ ਜਾਂ ਨਿਰਦੇਸ਼ਨ ਅਨੁਸਾਰ ਸ਼ਬਦ ਦਾ ਅਧਿਐਨ ਅਤੇ ਸੋਚ ਵਿਚਾਰ ਜ਼ਰੂਰੀ ਹੈ।

ਗੁਰੂ ਗ੍ਰੰਥ ਸਾਹਿਬ ਦਾ ਹੁਕਮ ਹੈ, ਗੁਰੂ ਅਰਜਨ ਦੇਵ ਜੀ ਦਾ ਹੁਕਮ ਹੈ ਅਤੇ ਗੁਰੂ ਰਵਿਦਾਸ ਜੀ ਦਾ ਹੁਕਮ ਹੈ ਕਿ ਬਾਣੀ ਨੂੰ ਸੰਬੰਧਤ ਰਾਗ ਦੇ ਨਿਰਦੇਸ਼ਨ ਵਿੱਚ

ਹੀ ਗਾਉਣਾ ਹੈ। ਰਾਗ ਵੀ ਇਸ ਢੰਗ ਨਾਲ ਗਾਉਣਾ ਹੈ ਤਾਂ ਕਿ ਰਾਗ ਦਾ ਸੁਭਾ ਸ਼ਬਦ ਦੇ ਗਾਉਣ ਸਮੇਂ ਸਪਸ਼ਟ ਰੂਪ ਵਿੱਚ ਸ਼ਬਦ ਵਿੱਚ ਨਿਰੂਪਤ ਆਤਮਾ ਨੂੰ ਰਾਗ ਦੇ ਸੁਭਾ ਅਤੇ ਗੁਣ ਅਨੁਸਾਰ ਮੂਰਤੀਮਾਨ ਕੀਤਾ ਜਾ ਸਕੇ। ਇਹ ਪਰਪੱਕ ਤੌਰ ਤੇ ਸਪਸ਼ਟ ਹੈ ਸ਼ਬਦ ਨੂੰ ਸੰਬੰਧਤ ਰਾਗ ਵਿਚ ਗਾਉਣ ਨਾਲ ਉਸ ਦੇ ਅਰਥਾਂ ਨੂੰ ਸਮਝਣ ਵਿੱਚ ਗਲਤੀ ਨਹੀਂ ਲਗ ਸਕਦੀ।

ਪਰ ਗੁਰਬਾਣੀ ਦੇ ਅਰਥ ਕਰਨ ਲਗਿਆਂ 99% ਵਿਦਵਾਨਾਂ ਨੇ ਰਾਗ ਦੇ ਨਿਰਦੇਸ਼ਨ ਨੂੰ ਉੱਕਾ ਹੀ ਬੇਲੋੜਾ ਸਮਝਕੇ ਤਿਆਗ ਦਿੱਤਾ। ਜਿਸ ਕਾਰਣ ਵਿਦਵਾਨ ਸ਼ਬਦ ਦੇ ਸਹੀ ਅਰਥ ਕਰਨ ਵਿੱਚ ਅਸਮਰਥ ਰਹੇ ਹਨ, ਅਤੇ ਪੂਰੀ ਤਰ੍ਹਾਂ ਗਲਤ ਸਾਬਤ ਹੋ ਗਏ ਹਨ। ਗਲਤੀ ਕਰਨ ਵਾਲੇ ਅਜਿਹੇ ਪ੍ਰਸਿੱਧ ਵਿਦਵਾਨਾਂ ਵਿੱਚੋਂ ਡਾ. ਸਾਹਿਬ ਸਿੰਘ ਅਤੇ ਡਾ. ਭਾਈ ਜੋਧ ਸਿੰਘ ਹਨ। ਦੋਹਾਂ ਨੇ ਹੀ ਗੁਰੂ ਰਵਿਦਾਸ ਜੀ ਦੇ ਸ਼ਬਦ "ਸੁਖਸਾਗਰ ਸੁਰਤਰੁ ਚਿੰਤਾਮਨਿ" ਦੇ ਅਰਥ ਗਲਤ ਕੀਤੇ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਇਹ ਸ਼ਬਦ "ਰਾਗ ਸੋਰਠਿ" ਅਤੇ ਰਾਗ ਮਾਰੂ ਵਿੱਚ ਦਰਜ ਹੈ। ਡਾ. ਸਾਹਿਬ ਸਿੰਘ ਲਿਖਦੇ ਹਨ!

> "ਨੋਟ : ਰਵਿਦਾਸ ਜੀ ਦਾ ਇਹ ਸ਼ਬਦ ਥੋੜੇ ਜਹੇ ਫਰਕ ਨਾਲ ਸੋਰਠਿ ਰਾਗ ਵਿੱਚ ਭੀ ਹੈ। ਇਸ ਦਾ ਭਾਵ ਇਹ ਹੈ ਕਿ ਇਹ ਸ਼ਬਦ ਦੋਹਾਂ ਰਾਗਾਂ ਵਿੱਚ ਗਾਵਿਆ ਜਾਣਾ ਚਾਹੀਦਾ ਹੈ। ਇਸ ਸ਼ਬਦ ਦੇ ਪਦ-ਅਰਥ ਵੇਖੋ ਸੋਰਠਿ ਰਾਗ ਵਿੱਚ ਸ਼ਬਦ ਨੰ-੪, ਰਵਿਦਾਸ ਜੀ ਦਾ।" [1]

ਉਪਰੋਕਤ ਪੈਰਾ ਸਪਸ਼ਟ ਕਰਦਾ ਹੈ ਕਿ ਡਾ. ਸਾਹਿਬ ਸਿੰਘ ਇਸ ਤੱਥ ਤੋਂ ਪੂਰੀ ਤਰ੍ਹਾਂ ਅਣਜਾਣ ਹਨ ਕਿ ਹਰ ਇੱਕ ਰਾਗ ਦਾ ਆਪਣਾ ਸੁਭਾ ਹੁੰਦਾ ਹੈ ਅਤੇ ਉਸਦੇ ਆਪਣੇ ਗੁਣ ਹੁੰਦੇ ਹਨ। ਡਾ. ਸਾਹਿਬ ਸਿੰਘ ਇਸ ਤੱਥ ਤੋਂ ਵੀ ਪੂਰੀ ਤਰ੍ਹਾਂ ਅਣਜਾਣ ਹਨ ਕਿ ਉਪਰੋਕਤ ਸ਼ਬਦ ਸੋਰਠਿ ਰਾਗ ਵਿੱਚ ਗਾਉਣ ਨਾਲ ਹੋਰ ਅਰਥ ਹੋਣਗੇ ਅਤੇ ਮਾਰੂ ਰਾਗ ਵਿੱਚ ਗਾਉਣ ਨਾਲ ਇਹ ਸ਼ਬਦ ਦੇ ਅਰਥ ਪੂਰੀ ਤਰ੍ਹਾਂ ਮੁਕੰਲਮ ਤੌਰ ਤੇ ਬਦਲ ਜਾਣਗੇ ਅਤੇ ਕ੍ਰਾਂਤੀਕਾਰੀ ਸੁਰ ਪ੍ਰਧਾਨ ਬਣ ਜਾਵੇਗੀ। ਇਸ ਤਰ੍ਹਾਂ ਡਾ. ਸਾਹਿਬ ਸਿੰਘ ਦੇ ਮਾਰੂ ਰਾਗ ਵਿੱਚ ਕੀਤੇ ਇਸ ਸ਼ਬਦ ਦੇ ਅਰਥ ਗਲਤ ਹਨ।

ਇਹੋ ਹਾਲ ਭਾਈ ਜੋਧ ਸਿੰਘ ਦਾ ਹੈ। ਉਹ "ਭਗਤ ਰਵਿਦਾਸ ਜੀਵਨ ਤੇ ਰਚਨਾ" ਦੇ ਪੰਨਾ ਨੰ: ੪੫ ਤੇ ਲਿਖਦੇ ਹਨ।

"(ਇਹ ਸ਼ਬਦ ਅੱਗੇ ਸੋਰਠਿ ਰਾਗ ਵਿੱਚ ਆ ਚੁੱਕਾ ਹੈ। ਥੋੜਾ ਜਿਹਾ ਭੇਦ ਹੈ।

---

1. ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੋਥੀ ਅਠਵੀਂ) - ਪੰਨਾ : ੧੨੦

ਸੋ ਉਨ੍ਹਾਂ ਸ਼ਬਦਾਂ ਦਾ ਅਰਥ ਦਿੱਤਾ ਜਾਂਦਾ ਹੈ)।" ਨੋਟ : ਇਥੇ ਪੂਰੇ ਸ਼ਦ ਦੇ ਅਰਥ ਨਹੀਂ ਕੀਤੇ ਗਏ। ਇਹ ਦੋਵੇਂ ਵਿਦਵਾਨ ਗੁਰਬਾਣੀ ਦੇ ਅਰਥ ਕਰਨ ਲਈ ਸਿਖ ਜਗਤ ਵਿੱਚ ਸਭ ਤੋਂ ਵੱਡੇ ਵਿਦਵਾਨ ਮੰਨੇ ਗਏ ਹਨ। ਇਨ੍ਹਾਂ ਦੋਹਾਂ ਵਿਦਵਾਨਾਂ ਨੇ ਹੀ ਗੁਰਬਾਣੀ ਦੇ ਅਰਥ ਕਰਨ ਲਗਿਆਂ ਰਾਗ ਦੀ ਅਹਿਮੀਅਤ ਨੂੰ ਨਹੀਂ ਸਮਝਿਆ ਅਤੇ ਨਾ ਹੀ ਰਾਗ ਦੇ ਸੁਭਾ ਅਤੇ ਗੁਣਾਂ ਨੂੰ ਬਾਣੀ ਨਾਲ ਜੋੜਕੇ ਇਸ ਦੇ ਅਰਥ ਜਾਣਨ ਦੀ ਕੋਸ਼ਿਸ਼ ਕੀਤੀ। ਸਪਸ਼ਟ ਹੈ ਦੋਹਾਂ ਵਿਦਵਾਨਾਂ ਨੇ ਗੁਰਬਾਣੀ ਦੇ ਅਰਥ ਕਰਨ ਲਗਿਆਂ ਰਾਗ ਨੂੰ ਬੇਲੋੜਾਂ ਸਮਝਕੇ ਤਿਆਗ ਦਿੱਤਾ ਹੈ। ਸਿੱਟਾ ਅਚੁੱਕ ਅਤੇ ਸਪਸ਼ਟ ਹੈ - ਗੁਰਬਾਣੀ ਦੇ ਅਰਥ ਹਰ ਹਾਲਤ ਵਿੱਚ ਗਲਤ ਕਰ ਦਿੱਤੇ ਗਏ ਹਨ। ਖਾਸ ਕਰਕੇ "ਰਾਗ ਮਾਰੂ" ਅਧੀਨ ਆਈ ਗੁਰਬਾਣੀ ਦੇ।

ਉਦਾਹਰਣ ਨਾਲ ਇਸ ਸਿਧਾਂਤ ਦਾ ਅਮਲੀ ਰੂਪ ਅਤੇ ਸ਼ਬਦਾਂ ਵਿੱਚ ਰਾਗ ਕਾਰਣ ਆਈ ਵਿਚਾਰਧਾਰਾ ਵਿੱਚ ਤਬਦੀਲੀ ਦੇ ਕਾਰਣ ਵੀ ਸਪਸ਼ਟ ਹੋ ਜਾਣਗੇ। ਗੁਰੂ ਰਵਿਦਾਸ ਜੀ ਦਾ ਸ਼ਬਦ "ਸੁਖ ਸਾਗਰ ਸੁਰਿਤਰ, ਚਿੰਤਾਮਨਿ॥" ਰਾਗ ਸੋਰਠਿ ਵਿੱਚ ਵੀ ਦਰਜ ਹੈ ਅਤੇ ਰਾਗ ਮਾਰੂ ਵਿੱਚ ਵੀ। ਰਾਗ ਮਾਰੂ ਵਿੱਚ ਦਰਜ਼ ਸ਼ਬਦ ਵਿੱਚ ਕੇਵਲ ਹੇਠ ਲਿਖੇ ਸ਼ਬਦ ਬਦਲੇ ਹੋਏ ਹਨ :

	ਸ਼ਬਦ ਰਾਗ ਸੋਰਠਿ		ਸ਼ਬਦ ਰਾਗ ਮਾਰੂ
੧.	ਨਹੀਂ ਹੈ।	੧.	ਰੇ
੨.	ਦਸਾ	੨.	ਮਹਾ
੩.	ਜਪਹਿ	੩.	ਜਪਸਿ
੪.	ਤਿਆਗਿ	੪.	ਛਾਡਿ
੫.	ਅਖਰ	੫.	ਅਛਰ
੬.	ਫੁਨਿ	੬.	ਹੋਇ
੭.	ਪ੍ਰਗਾਸ ਰਿਧੈ ਧਰਿ	੭.	ਉਦਾਸ ਦਾਸ ਮਤਿ

ਸੋ ਗੁਰੂ ਰਵਿਦਾਸ ਜੀ ਦੀ ਮਾਰ੍ਹ ਰਾਗ ਵਿਚ ਕੀਤੀ ਸ਼ਬਦਾਂ ਵਿਚ ਤਬਦੀਲੀ ਰਾਗ ਮਾਰੂ ਦੇ ਕ੍ਰਾਂਤੀਕਾਰੀ ਸੁਭਾ ਅਤੇ ਵਾਰ (ਲੜਾਈ) ਦੀ ਜ਼ਰੂਰਤ ਨੂੰ ਪੂਰਾ ਕਰਨ ਲਈ ਜ਼ਰੂਰੀ ਸੀ। ਕ੍ਰਾਂਤੀਕਾਰੀ ਯੁੱਧ ਲਈ ਖੜਕਵੇਂ ਸ਼ਬਦਾਂ ਨੂੰ ਵਰਤ ਕੇ ਮਨ ਵਿਚ ਕ੍ਰਾਂਤੀਕਾਰੀ ਯੁੱਧ ਲਈ ਜ਼ੁਅਰਤ ਭਰਨ ਲਈ ਹਰ ਹਾਲਤ ਵਿਚ ਜ਼ਰੂਰੀ ਸੀ। ਸੋ ਗੁਰੂ ਰਵਿਦਾਸ ਜੀ ਨੇ ਕੁਝ ਖਾਸ ਸ਼ਬਦਾਂ ਵਿਚ ਤਬਦੀਲੀ ਕਰਕੇ ਮੂਲਨਿਵਾਸੀ ਅਛੂਤਾਂ ਵਿਚ ਕ੍ਰਾਂਤੀਕਾਰੀ ਜ਼ੁਅਰਤ ਨੂੰ ਕੁਟ ਕੁਟ ਕੇ ਭਰ ਦਿੱਤਾ ਅਤੇ ਕਾਇਰ ਮੂਲ ਨਿਵਾਸੀ ਅਛੂਤਾਂ ਨੂੰ ਮਹਾਂਬਲੀ ਕ੍ਰਾਂਤੀਕਾਰੀ ਯੋਧੇ ਬਣਾ ਦੁਸ਼ਮਣਾਂ, ਜ਼ਾਲਮਾਂ ਨਾਲ ਯੁੱਧ ਲੜਕੇ ਜਿੱਤਾ ਪ੍ਰਾਪਤ ਕੀਤੀਆਂ।

'ਰੇ' ਲਫ਼ਜ਼ ਤੋਂ ਬਿਨਾਂ ਉਪਰੋਕਤ ਲਫ਼ਜ਼ਾਂ ਦੇ ਅੰਤਰ ਕਾਰਣ ਅਰਥਾਂ

ਵਿੱਚ ਕੋਈ ਅੰਤਰ ਨਹੀਂ ਹੈ। ਪਰ ਸਬੰਧਤ ਰਾਗਾਂ ਦੇ ਮਾਰਗ ਦਰਸ਼ਨ ਜਾਂ ਨਿਰਦੇਸ਼ਨ ਕਾਰਣ ਦੋਹਾਂ ਰਾਗਾਂ ਵਿੱਚ ਸਥਿਤ ਇੱਕੋ ਸ਼ਬਦ ਦੀਆਂ ਦੋ ਅਲੱਗ-ਅਲੱਗ ਵਿਚਾਰਧਾਰਾਵਾਂ ਵਿਕਸਤ ਹੋ ਗਈਆਂ ਹਨ।

ਸੋਰਠਿ ਰਾਗ ਵਿੱਚ ਉਚਾਰਿਆ ਗੁਰੂ ਰਵਿਦਾਸ ਜੀ ਦਾ ਇਹ ਸ਼ਬਦ ਬ੍ਰਾਹਮਣਾਂ ਨੂੰ ਸੰਬੋਧਨ ਕੀਤਾ ਗਿਆ ਹੈ ਅਤੇ ਸਮਝਾਇਆ ਗਿਆ ਹੈ ਕਿ ਉਹ ਸਵਰਗ ਦੇ ਰੁੱਖ, ਚਿੰਤਾਮਨਿ, ਕਾਮਧੇਨ, ਚਾਰਿ ਪਦਾਰਥ (ਧਰਮ, ਅਰਥ, ਕਾਮ, ਮੋਕਸ਼) ਅਠਾਰਾਂ ਸਿਧੀਆਂ ਅਤੇ ਨੌ ਨਿਧਾਂ, ਬ੍ਰਹਮਾ, ਵਿਸ਼ਨੂੰ, ਮਹੇਸ਼ ਆਦਿ ਦੇ ਹੱਥ ਵਿੱਚ ਨਹੀਂ। ਇਹ ਸਭ ਕੁਝ ਤਾਂ ਪ੍ਰਭ ਦੇ ਹੱਥ ਵਸ ਹੈ, ਉਸ ਪ੍ਰਭ ਨੇ ਹੀ ਸਮੇਤ ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਉਪਰੋਕਤ ਸਾਰੇ ਪਦਾਰਥਾਂ ਦੀ ਸਿਰਜਣਾ ਕੀਤੀ ਹੈ। ਗੁਰੂ ਰਵਿਦਾਸ ਜੀ ਨੇ ਇਹ ਵੀ ਸਪਸ਼ਟ ਤੌਰ ਤੇ ਹੁਕਮ ਕੀਤਾ ਹੈ ਕਿ ਜੋ ਕੁਝ ਵੀ ਚੌਂਤੀ ਅਖਰਾਂ (ਨਾਗਰੀ ਲਿਪੀ ਦੇ ਬਵੰਜਾ ਨਹੀਂ ਚੌਂਤੀ ਅੱਖਰ ਹਨ।) ਵਿੱਚ ਭਾਵ ਸੰਸਕ੍ਰਿਤ ਵਿੱਚ ਜਿੰਨੇ ਵੀ ਧਾਰਮਕ ਗ੍ਰੰਥ ਅਤੇ ਸਾਹਿਤ ਰਚਿਆ ਗਿਆ ਹੈ, ਉਸਨੂੰ ਤਿਆਗ ਕੇ, ਕੇਵਲ ਪ੍ਰਭ ਦਾ ਹੀ ਸਿਮਰਨ ਕਰੋ।

ਉਪਰੋਕਤ ਵਿਚਾਰ, ਬ੍ਰਾਹਮਣਾਂ ਨੂੰ, ਬੜੇ ਹੀ ਠੰਡੇ ਦਿਮਾਗ ਨਾਲ, ਸ਼ਾਂਤ ਚਿੱਤ ਰਹਿਕੇ, ਇਨਸਾਨੀਅਤ ਦੇ ਨਾਤੇ ਪਿਆਰ ਭਾਵਨਾ ਨਾਲ ਸਮਝਾਏ। ਪਰ ਪਿਆਰ ਭਾਵਨਾ ਨਾਲ ਸਮਝਾਈ 'ਚਮਾਰ ਰਵਿਦਾਸ' ਦੀ ਗਲ ਉੱਚ-ਜਾਤੀ ਬ੍ਰਾਹਮਣਾਂ ਦੀ ਹਉਮੈ ਨੂੰ ਸੱਟ ਮਾਰਦੀ ਸੀ, ਇਸ ਕਰਕੇ ਮੂਲੋਂ ਹੀ ਬ੍ਰਾਹਮਣ ਨੇ ਇਸ ਗਲ ਨੂੰ ਪ੍ਰਵਾਨ ਨਹੀਂ ਕੀਤਾ।

ਬਹੁਤ ਚਿਰ ਉਡੀਕ ਕਰਨ ਪਿੱਛੋਂ, ਗੁਰੂ ਰਵਿਦਾਸ ਜੀ ਨੇ ਉਪਰੋਕਤ ਸ਼ਬਦ ਵਿੱਚ ਕੁਝ ਕੁ ਮਾਮੂਲੀ ਤਬਦੀਲੀਆਂ ਕਰਕੇ ਮਾਰੂ ਰਾਗ ਵਿੱਚ ਦਰਜ ਕਰ ਦਿੱਤਾ। ਇਹ ਤਬਦੀਲੀਆਂ ਕਰਕੇ ਗੁਰੂ ਰਵਿਦਾਸ ਜੀ ਨੇ ਇਸ ਸ਼ਬਦ ਵਿੱਚ ਸਤਾਏ ਅਤੇ ਲਤਾੜੇ ਹੋਏ ਲੋਕਾਂ ਨੂੰ ਭਾਵ ਸੂਦਰਾਂ, ਅਛੂਤਾਂ ਆਦਿ ਨੂੰ ਸੰਬੋਧਨ ਕਰਕੇ ਉਪਰੋਕਤ ਪਦਾਰਥਾਂ ਦੀ ਅਸਲੀਅਤ ਨੂੰ ਸਪਸ਼ਟ ਕਰਕੇ ਕ੍ਰਾਂਤੀ ਮਚਾਉਣ ਦਾ ਆਦੇਸ਼ ਦਿੱਤਾ ਅਤੇ ਇਹ ਵੀ ਦ੍ਰਿੜ ਕੀਤਾ ਕਿ ਚੌਂਤੀ ਅੱਖਰਾਂ ਵਿੱਚ ਸੰਸਕ੍ਰਿਤ ਵਿੱਚ ਲਿਖੇ ਹਿੰਦੂਆਂ ਦੇ ਧਾਰਮਕ ਗ੍ਰੰਥਾਂ ਅਤੇ ਸਾਰੇ ਸਾਹਿਤ ਨੂੰ ਛੱਡੇ ਬਿਨ੍ਹਾਂ, ਨਸ਼ਟ ਕੀਤੇ ਬਿਨਾਂ, ਭ੍ਰਾਂਤੀ ਨਹੀਂ ਮਚਾਈ ਜਾ ਸਕਦੀ।

ਇਸ ਲਈ ਗੁਰੂ ਰਵਿਦਾਸ ਜੀ ਨੇ ਆਦੇਸ਼ ਦਿੱਤਾ ਕਿ ਹੇ ਸਤਾਏ ਅਤੇ ਲਤਾੜੇ ਹੋਏ ਲੋਕੋ! ਹਿੰਦੂ ਧਰਮ ਗ੍ਰੰਥਾਂ ਦੀ ਵਿਚਾਰਧਾਰਾ ਅਤੇ ਕਰਮ-ਕਾਂਡ ਦੇ ਪਾਖੰਡਾਂ ਤੋਂ ਮੁਕਤ ਹੋ ਕੇ ਆਪਣੀ ਧਾਰਮਕ, ਸਮਾਜਕ, ਰਾਜਨੀਤਕ ਅਤੇ ਕਾਨੂੰਨੀ ਆਜ਼ਾਦੀ ਲਈ ਕ੍ਰਾਂਤੀ ਮਚਾ ਦਿਉ।

ਇਸ ਤਰ੍ਹਾਂ ਮਾਰੂ ਰਾਗ ਦੇ ਨਿਰਦੇਸ਼ਨ ਵਿੱਚ ਗਾਉਣ ਨਾਲ ਇਸ ਸ਼ਬਦ

ਦੀ ਵਿਚਾਰਧਾਰਾ ਦਾ ਬੁਨਿਆਦੀ ਪ੍ਰਭਾਵ ਬਦਲ ਗਿਆ ਹੈ। ਇਸ ਰਾਗ ਦੇ ਨਿਰਦੇਸ਼ਨ ਵਿੱਚ ਇਹ ਵਿਚਾਰਧਾਰਾ ਜੁਝਾਰੂ (ਕ੍ਰਾਂਤੀਕਾਰੀ) ਬਣ ਗਈ ਹੈ ਅਤੇ ਸਤਾਏ ਅਤੇ ਲਤਾੜੇ ਹੋਏ ਲੋਕ ਯੋਧੇ ਬਣ ਗਏ ਹਨ। ਇਸ ਕਰਕੇ ਇਸ ਸ਼ਬਦ ਵਿੱਚ ਨਿਰਭੈ ਬਣਕੇ ਕ੍ਰਾਂਤੀ ਮਚਾਉਣ ਦਾ ਹੁਕਮ ਹੈ।

ਰਾਗ ਮਾਰੂ ਜੀਵ ਵਿੱਚ ਪ੍ਰਭ ਪ੍ਰੇਮ ਜਗਾ ਕੇ ਅਰਥਾਤ ਪਵਿੱਤਰ ਮਨ ਵਿੱਚ ਪਿਆਰ ਭਰਪੂਰ ਪਰਪੱਕ ਆਚਰਣ ਪੈਦਾ ਕਰਕੇ ਕ੍ਰਾਂਤੀ ਮਚਾਉਣ ਲਈ ਭਾਵਨਾ ਭਰਦਾ ਹੈ। ਇਸ ਰਾਗ ਅਧੀਨ ਇਸ ਸ਼ਬਦ ਦਾ ਮੰਤਵ ਹਿੰਦੂ ਧਰਮ ਦੀ ਵਿਚਾਰਧਾਰਾ ਨੂੰ ਰੱਦ ਕਰਕੇ, ਜੋਸ਼ ਤੇ ਤਰਕ ਨਾਲ ਪ੍ਰਭ ਪ੍ਰੇਮ ਦੀ ਰੰਗਤ ਚਾੜ, ਨਵੀਂ ਵਿਚਾਰਧਾਰਾ ਨਾਲ ਕ੍ਰਾਂਤੀ ਮਚਾਣਾ ਹੈ। ਭਾਰਤ ਦੇ ਪ੍ਰਮੁੱਖ ਸੰਗੀਤ ਸ਼ਾਸਤਰੀਆਂ ਦਾ ਕਥਨ ਹੈ :

> "ਟਿਕੀ ਹੋਈ ਆਤਮਾ ਵਿੱਚ ਅਣਖ ਜਾਗ ਉੱਠਦੀ ਹੈ ਕਿਉਂਕਿ ਉਥੇ ਕੇਵਲ ਸੱਚ ਟਿਕਿਆ ਹੁੰਦਾ ਹੈ। ਸੱਚ ਹੈ ਨਿਰਭਉ, ਨਿਰਵੈਰ, ਇਸ ਲਈ ਸ੍ਵੈਯੰ ਧਰਮ (ਆਪਾ ਧਰਮ) ਦ੍ਰਿੜ ਹੁੰਦਾ ਹੈ। ਅਜਿਹੀ ਆਤਮਾ ਵਿੱਚ ਜ਼ੁਰਅਤਿ ਭਰ ਜਾਂਦੀ ਹੈ, ਬੇਪ੍ਰਵਾਹ ਹੋ ਜਾਂਦੀ ਹੈ, ਕਾਯਰਤਾ ਨਸ ਜਾਂਦੀ ਹੈ, ਇਹ ਹੈ ਮਾਰੂ ਦਾ ਪ੍ਰਭਾਵ-ਸੁਨ ਕੈ ਸੁਧ ਨ ਰਹੈ, ਕਾਯਰ ਕੀਂ, ਜਬ ਬਾਜੇ ਧੁਨ ਮਾਰੂ। ਫਿਰ ਮਾਰੂ ਰਾਗ ਵਿੱਚ ਵੈਰਾਗ ਭਾਵਨਾ ਦੀ ਵੀ ਪ੍ਰਧਾਨਤਾ ਹੋਣ ਕਰਕੇ ਇਸ ਨੂੰ ਪ੍ਰਾਣੀ ਦੇ ਚਲਾਣੇ ਸਮੇਂ ਗਾਉਣ ਦੀ ਪ੍ਰਥਾ ਹੈ। ਸੋ ਯੁੱਧਾਂ ਸਮੇਂ ਅਤੇ ਚਲਾਣੇ ਸਮੇਂ ਇਸ ਰਾਗ ਨੂੰ ਗਾਇਆ ਜਾਂਦਾ ਹੈ।" [1]

ਭਾਈ ਕਾਹਨ ਸਿੰਘ ਨਾਭਾ ਦਾ ਵੀ ਇਹੋ ਵਿਚਾਰ ਹੈ। ਉਹ ਲਿਖਦੇ ਹਨ,

> "ਇਹ (ਮਾਰੂ) ਰਾਗ ਯੁੱਧ ਅਤੇ ਚਲਾਣੇ ਸਮੇਂ ਖਾਸ ਕਰਕੇ ਅਤੇ ਦਿਨ ਦੇ ਤੀਜੇ ਪਹਿਰ ਸਾਧਾਰਣ ਰੀਤਿ ਅਨੁਸਾਰ ਗਾਈਦਾ ਹੈ।" [2]

ਇਸ ਸ਼ਬਦ ਵਿੱਚ ਵੈਰਾਗ ਦੀ ਭਵਨਾ ਦਾ ਅਭਾਵ ਹੈ। ਇਸ ਸ਼ਬਦ ਵਿੱਚ ਤਾਂ ਸਗੋਂ ਹਿੰਦੂ ਧਰਮ ਦੀ ਵਿਚਾਰਧਾਰਾ ਨੂੰ ਬਦਲ ਕੇ ਇਸ ਦੀ ਥਾਂ ਨਵੇਂ ਧਰਮ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਨੂੰ ਸਥਾਪਤ ਕੀਤਾ ਗਿਆ ਹੈ। ਇਹ ਕ੍ਰਾਂਤੀਕਾਰੀ ਵਿਚਾਰਧਾਰਾ ਹਿੰਦੂ ਧਰਮ ਦੇ ਲਿਤਾੜੇ ਅਤੇ ਸਤਾਏ ਹੋਏ ਅਛੂਤਾਂ, ਸ਼ੂਦਰਾਂ [ਅਛੂਤ (S/C) + ਪਛੜੀਆਂ ਸ਼੍ਰੇਣੀਆਂ (B/C)] ਅਤੇ ਗਰੀਬਾਂ ਨੂੰ

1. ਰਾਗ ਨਾਦ ਸ਼ਬਦਿ ਸੋਹਣੇ - ਪੰਨਾ : ੮੮ 2. ਮਹਾਨ ਕੋਸ਼ -੧੨੪

ਅਣਖੀਲੇ ਬਣਾਉਂਦੀ ਹੈ, ਕਾਇਰਤਾ ਨੂੰ ਨਸ਼ਟ ਕਰਕੇ ਜ਼ੁਰਅਤ ਪੈਦਾ ਕਰਦੀ ਹੈ, ਨਿਰਭੈ ਬਣਾਉਂਦੀ ਹੈ। ਸਪਸ਼ਟ ਰੂਪ ਵਿੱਚ ਬਿਨਾਂ ਕਿਸੇ ਸੰਕੋਚ ਤੋਂ ਗੁਰੂ ਰਵਿਦਾਸ ਜੀ ਦੀ ਇਹ ਕ੍ਰਾਂਤੀਕਾਰੀ ਵਿਚਾਰਧਾਰਾ ਸੱਚ ਤੇ ਚਲਦਿਆਂ ਹਰ ਖੇਤਰ ਵਿਚ ਕ੍ਰਾਂਤੀ ਮਚਾਉਣ ਲਈ ਯੋਧੇ ਪੈਦਾ ਕਰਦੀ ਹੈ। ਦਰਅਸਲ ਅਜਿਹੇ ਯੋਧੇ ਹੀ ਬੇਗ਼ਮਪੁਰਾ ਵਿਸ਼ਵ-ਵਤਨ ਦੀ ਸਿਰਜਣਾ ਦਾ ਆਧਾਰ ਹਨ।

ਇਸ ਤਰ੍ਹਾਂ ਦੋਹਾਂ ਸ਼ਬਦਾਂ ਤੋਂ ਇਹ ਵੀ ਦ੍ਰਿੜ ਹੋ ਗਿਆ ਹੈ ਕਿ ਸ਼ਬਦਾਂ ਦੇ ਅਰਥ ਕਰਨ ਲਗਿਆਂ ਰਾਗ ਨੂੰ ਅਖੋਂ ਪ੍ਰੋਖੇ ਨਹੀਂ ਕੀਤਾ ਜਾ ਸਕਦਾ। ਦਰਅਸਲ ਰਾਗ ਹੀ ਹੈ ਜਿਹੜਾ ਸਾਧਕ ਅਤੇ ਖੋਜੀ ਨੂੰ ਸ਼ਬਦ ਦੀ ਧੁਰ ਆਤਮਾ ਨਾਲ ਇਕਮਿਕ ਕਰਕੇ ਅਰਥਾਂ ਦੇ ਅੰਤਰੀਵ ਭਾਵ ਤੱਕ ਲੈ ਜਾਣ ਦਾ ਸਾਧਨ ਬਣਦਾ ਹੈ। ਇਸ ਲਈ ਰਾਗ ਦੇ ਪ੍ਰਸੰਗ ਵਿੱਚ ਰੱਖਕੇ, ਪੜਤਾਲ ਕੀਤੇ ਬਿਨਾ ਸ਼ਬਦ ਦੇ ਸਹੀ ਅਰਥਾਂ ਤੱਕ ਪਹੁੰਚਣਾ ਕਠਨ ਹੈ।

ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ

ਇਸ ਸ਼ਬਦ ਵਿੱਚ ਹਿੰਦੂ ਧਰਮ ਵਲੋਂ ਲਤਾੜੇ ਅਤੇ ਸਤਾਏ ਹੋਏ ਲੋਕਾਂ ਨੂੰ ਸੰਬੋਧਨ ਕੀਤਾ ਗਿਆ ਹੈ। ਹਿੰਦੂ ਧਰਮ ਦਾ ਨਾਮ ਇਸ ਕਰਕੇ ਆਇਆ ਹੈ ਕਿਉਂਕਿ ਸਵਰਗਾਂ ਦੇ ਰੁੱਖ, ਚਿੰਤਾਮਣੀ ਅਤੇ ਕਾਮਧੇਨ ਆਦਿ ਦਾ ਹਿੰਦੂ ਧਰਮ ਦੇ ਦੇਵਤਿਆਂ ਨਾਲ ਸੰਬੰਧ ਹੈ, ਖਾਸ ਕਰਕੇ ਸਵਰਗ ਦੇ ਇੰਦਰ ਦੇਵਤਾ ਨਾਲ। ਚਾਰ ਪਦਾਰਥ, ਅੱਠ ਵੱਡੀਆਂ ਸਿਧੀਆਂ ਅਤੇ ਨੌ ਖਜ਼ਾਨਿਆਂ ਦਾ ਜ਼ਿਕਰ ਹਿੰਦੂ ਧਰਮ ਗ੍ਰੰਥਾਂ ਵਿੱਚ ਦਰਜ ਹੈ। ਪ੍ਰਮੁੱਖ ਤੌਰ ਤੇ ਇਸ ਸ਼ਬਦ ਵਿੱਚ ਵੇਦਾਂ, ਪੁਰਾਣਾਂ ਅਤੇ ਬਾਕੀ ਸਮੁੱਚੇ ਹਿੰਦੂ ਧਰਮ ਗ੍ਰੰਥਾਂ ਨੂੰ ਰੱਦ ਕੀਤਾ ਗਿਆ ਹੈ।

ਇਸ ਲਈ ਬੰਦ ਨੰ. ੧ ਵਿੱਚ ਗੁਰੂ ਰਵਿਦਾਸ ਜੀ ਸੰਬੋਧਨ ਕਰਦੇ ਫਰਮਾਉਂਦੇ ਹਨ ਕਿ ਹੇ ਹਿੰਦੂ ਧਰਮ ਦੇ ਲਤਾੜੇ ਅਤੇ ਸਤਾਏ ਲੋਕੋ! ਇਹ ਬ੍ਰਾਹਮਣ ਲੋਕ ਹਿੰਦੂ-ਧਰਮ ਗ੍ਰੰਥਾਂ ਦਾ ਹਵਾਲਾ ਦੇਕੇ ਕਹਿੰਦੇ ਹਨ ਕਿ ਸਵਰਗਾਂ ਦੇ ਪੰਜ ਰੁੱਖ, ਮਨ ਦੀ ਚਿਤਵੀ ਹਰ ਇੱਛਾ ਨੂੰ ਪੂਰਾ ਕਰਨ ਵਾਲੀ ਚਿੰਤਾਮਣੀ ਮਨ ਦੀ ਹਰ ਕਾਮਨਾ ਨੂੰ ਪੂਰਾ ਕਰਨ ਵਾਲੀ ਕਾਮਧੇਨ, ਇੰਦਰ ਦੇਵਤੇ ਦੇ ਸਵਰਗ ਵਿੱਚ ਹਨ, ਉਸ ਦੇ ਵਸ ਵਿੱਚ ਹਨ। ਚਾਰ ਪਦਾਰਥ, ਅੱਠ ਵੱਡੀਆਂ ਸਿਧੀਆਂ ਅਤੇ ਨੌਂ ਖਜਾਨੇ ਦੇਵਤਿਆਂ ਦੇ ਹਨ। ਪਰ ਇਹ ਗ਼ਲਤ ਹੈ। ਕਿਉਂਕਿ ਜਿਸ ਸੁੱਖਾਂ ਦੇ ਸਮੁੰਦਰ ਪ੍ਰਭ ਪਾਸ ਸਵਰਗ ਦੇ ਰੁੱਖ, ਚਿੰਤਾਮਣੀ, ਕਾਮਧੇਨ ਹੈ, ਉਸੇ ਇਕ ਪ੍ਰਭ ਦੀਆਂ ਹੱਥ ਦੀਆਂ ਤਲੀਆਂ ਤੇ ਚਾਰ ਪਦਾਰਥ, ਅੱਠ ਵਡੀਆਂ ਸਿਧੀਆਂ ਅਤੇ ਨੌ ਖਜਾਨੇ ਹਨ। ਹਿੰਦੂ ਧਰਮ ਦੇ ਇਹ 'ਭਗਵਾਨ' ਦੇਵੀ ਦੇਵਤਿਆਂ ਨੂੰ ਪੈਦਾ ਕਰਨ ਵਾਲਾ ਵੀ ਉਹੀ ਪ੍ਰਭ ਹੈ। ਇਸ ਲਈ ਉਸ ਇੱਕ ਪ੍ਰਭ ਤੋਂ ਬਿਨ੍ਹਾਂ ਕੋਈ 'ਭਗਵਾਨ' ਜਾਂ ਦੇਵੀ ਦੇਵਤਾ ਨਹੀਂ ਹੈ। ਇਸ ਲਈ ਹੇ ਸਤਾਏ ਹੋਏ ਲੋਕੋ! ਹਿੰਦੂ ਧਰਮ ਦੀ ਵਿਚਾਰਧਾਰਾ ਨੂੰ ਨਸ਼ਟ ਕਰਕੇ ਨਵੇਂ ਧਰਮ ਦੀ ਵਿਚਾਰਧਾਰਾ ਸਮਝੋ ਅਤੇ ਇਸ ਨੂੰ ਪਰਪੱਕ ਕਰਕੇ ਕ੍ਰਾਂਤੀ ਮਚਾ ਦਿਉ।

'ਰਹਾਉ' ਵਿੱਚ ਸਪਸ਼ਟ ਤੌਰ ਤੇ ਗੁਰੂ ਰਵਿਦਾਸ ਜੀ ਹੁਕਮ ਕਰਦੇ ਹਨ ਨਵੇਂ ਧਰਮ ਅਨੁਸਾਰ ਅਰਾਧਨਾ ਕਰਨ ਦਾ। ਇਸ ਲਈ ਰਹਾਉ ਵਿੱਚ ਵੈਰਾਗੀ ਮਨ ਦੀ ਨਹੀਂ ਸਗੋਂ ਕ੍ਰਾਂਤੀਕਾਰੀ ਮਨ ਦੀ ਸਿਰਜਣਾ ਕੀਤੀ ਗਈ ਹੈ। ਸਤਾਏ ਹੋਏ ਲੋਕਾਂ ਨੂੰ ਹੁਕਮ ਹੈ ਕਿ ਉਹ ਹਿੰਦੂ ਧਰਮ ਦੀ ਵਿਚਾਰਧਾਰਾ ਨੂੰ ਨਸ਼ਟ ਕਰ ਕੇ ਨਵੀਂ ਵਿਚਾਰਧਾਰਾ ਅਨੁਸਾਰ ਪ੍ਰਭ ਦਾ ਸਿਮਰਨ ਕਰਕੇ ਕ੍ਰਾਂਤੀ ਮਚਾਓ। ਵੈਰਾਗੀ ਮਨ ਤਬਦੀਲੀ ਨਹੀਂ ਲਿਆਉਂਦਾ। ਤਬਦੀਲੀ ਦਾ ਅਰਥ ਹੈ ਕ੍ਰਾਂਤੀ। ਸੋ ਕ੍ਰਾਂਤੀ ਮਚਾਉਣ ਦਾ ਮਹਾਨ ਕੰਮ ਤਾਂ ਜੋਸ਼ ਨਾਲ ਭਰੇ ਜ਼ੁਰਅਤ ਨਾਲ ਓਤਪੋਤ ਨਿਰਭੈ ਮਨ ਦਾ ਹੈ। ਸੋ ਇਸ ਸ਼ਬਦ ਦੀ ਬੁਨਿਆਦ ਕ੍ਰਾਂਤੀਕਾਰੀ ਤਬਦੀਲੀ ਹੈ।

ਬੰਦ ਨੰ. ੨ ਵਿੱਚ ਗੁਰੂ ਜੀ ਹਿੰਦੂ ਧਰਮ ਦੀ ਨਸ਼ਟ ਕੀਤੀ ਵਿਚਾਰਧਾਰਾ ਨੂੰ ਮਹਾਂਰਿਸ਼ੀ ਵੇਦ ਵਿਆਸ ਰਾਹੀਂ ਰੱਦ ਕਰਵਾਕੇ ਇਸ ਨੂੰ ਬੁਨਿਆਦੀ ਤੌਰ ਤੇ

ਨਸ਼ਟ ਕਰ ਦਿੰਦੇ ਹਨ। ਇਹ ਇੱਕ ਇਤਿਹਾਸਿਕ ਕ੍ਰਾਂਤੀਕਾਰੀ ਘਟਨਾ ਹੈ। ਮਹਾਂਰਿਸ਼ੀ ਵੇਦ ਵਿਆਸ ਦਾ ਕ੍ਰਾਂਤੀਕਾਰੀ ਕਥਨ ਹੈ, "ਪੁਰਾਣਾ ਦੇ ਰਾਜਿਆਂ ਮਹਾਰਾਜਿਆਂ ਦੇ ਮਿਥਿਹਾਸ ਨੂੰ ਖੋਜਕੇ, ਘੋਖਕੇ, ਬ੍ਰਹਮਾ ਦੇ ਰਚੇ ਵੇਦਾਂ ਦਾ ਅਤੇ ਦੇਵਨਾਗਰੀ ਲਿਪੀ ਦੇ ਚੌਂਤੀ ਅੱਖਰਾਂ ਭਾਵ ਸਮੁੱਚੀ ਸੰਸਕ੍ਰਿਤ ਭਾਸ਼ਾ ਵਿੱਚ ਜੋ ਵੀ ਹਿੰਦੂ ਧਰਮ ਗ੍ਰੰਥ ਰਚੇ ਗਏ ਹਨ ਦਾ ਪੂਰੀ ਤਰ੍ਹਾਂ ਡੂੰਘਾਈ ਨਾਲ ਅਧਿਐਨ ਕਰਨ ਪਿਛੋਂ ਸੋਚ ਵਿਚਾਰ ਕੇ ਇਹ ਮਹਾਨ ਕ੍ਰਾਂਤੀਕਾਰੀ ਪਰਮ-ਤੱਤ ਦੀ ਅਟੱਲ ਸੱਚਾਈ ਦੱਸੀ ਹੈ ਕਿ ਵੇਦ, ਪੁਰਾਣ ਆਦਿ ਹਿੰਦੂ ਧਰਮ-ਗ੍ਰੰਥ, ਪ੍ਰਭ-ਨਾਮ ਸਿਮਰਨ ਦੇ ਬਰਾਬਰ ਨਹੀਂ ਹਨ। ਇਸ ਤਰ੍ਹਾਂ ਗੁਰੂ ਜੀ ਨੇ ਨਿਰਭੈ ਹੋਕੇ ਬੜੀ ਦ੍ਰਿੜਤਾ ਨਾਲ ਹਿੰਦੂ ਧਰਮ ਦੀ ਵਿਚਾਰਧਾਰਾ ਨੂੰ ਨਸ਼ਟ ਕੀਤਾ ਹੈ ਅਤੇ ਆਪਣੀ ਨਵੇਂ ਕ੍ਰਾਂਤੀਕਾਰੀ ਧਰਮ ਦੀ ਵਿਚਾਰਧਾਰਾ ਦੀ ਪ੍ਰੋੜਤਾ ਵੀ ਕਰ ਦਿੱਤੀ ਹੈ।

ਬੰਦ ਨੰ. ੩ ਵਿੱਚ ਗੁਰੂ ਜੀ ਆਪਣੀ ਨਵੀਂ ਸਿਰਜੀ ਵਿਚਾਰਧਾਰਾ ਦਾ ਅਮਲੀ ਰੂਪ ਪੇਸ਼ ਕਰਦੇ ਹਨ। ਗੁਰੂ ਜੀ ਫਰਮਾਉਂਦੇ ਹਨ ਕਿ ਹੇ ਸਤਾਏ ਹੋਏ ਲੋਕੋ! ਉਹ ਲੋਕ ਬੜੇ ਭਾਗਾਂ ਵਾਲੇ ਹਨ, ਜਿਨ੍ਹਾਂ ਨੇ ਵਿਕਾਰਾਂ ਤੋਂ ਰਹਿਤ ਹੋਕੇ ਪ੍ਰਭ ਨਾਲ ਅੰਤਰ ਧਿਆਨ ਹੋਕੇ ਸੁਰਤ ਜੋੜ ਲਈ ਹੈ। ਇਸ ਤਰ੍ਹਾਂ ਉਹ ਵਿਕਾਰਾਂ ਤੇ ਕਾਬੂ ਪਾ ਲੈਂਦੇ ਹਨ ਅਤੇ ਜਨਮ ਮਰਨ ਦੇ ਭੈ ਤੋਂ ਮੁਕਤ ਹੋ ਜਾਂਦੇ ਹਨ। ਸਿੱਟੇ ਵਜੋਂ "ਅਜਿਹੀ ਆਤਮਾ ਵਿੱਚ ਜੁਰਅਤ ਭਰ ਜਾਂਦੀ ਹੈ, ਬੇਪ੍ਰਵਾਹ ਹੋ ਜਾਂਦੀ ਹੈ, ਕਾਇਰਤਾ ਨੱਸ ਜਾਂਦੀ ਹੈ।" ਇਸ ਤਰ੍ਹਾਂ ਯੋਧਾ ਬਣੀ ਆਤਮਾ ਕ੍ਰਾਂਤੀ ਮਚਾ ਦਿੰਦੀ ਹੈ।

ਵਿਚਾਰਧਾਰਾ ਵਿੱਚ ਆਈ ਕ੍ਰਾਂਤੀਕਾਰੀ ਤਬਦੀਲੀ ਖਾਸ ਕਰਕੇ ਇਸ ਅੱਧੀ ਤੁੱਕ "ਕਹਿ ਰਵਿਦਾਸ ਉਦਾਸ ਦਾਸ ਮਤਿ॥" ਕਾਰਣ ਨਿਰੂਪਤ ਹੋਈ ਹੈ। ਇਸ ਤੁਕ ਅਨੁਸਾਰ ਸਤਾਏ ਹੋਏ (ਸੇਵਕ) ਲੋਕ ਹਰ ਪ੍ਰਕਾਰ ਦੀ ਉਦਾਸੀਨਤਾ ਤੋਂ ਉਪਰਾਮ ਹੋ ਜਾਂਦੇ ਹਨ। ਜਨਮ-ਮਰਨ ਦੇ ਭੈ ਤੋਂ ਮੁਕਤ ਹੋ ਜਾਂਦੇ ਹਨ ਅਤੇ ਮਹਾਂਬਲੀ ਯੋਧੇ ਬਣ ਜਾਂਦੇ ਹਨ। ਇਸ ਤਰ੍ਹਾਂ ਸਤਾਏ ਹੋਏ ਲੋਕ ਨਿਰਭੈ ਯੋਧੇ ਬਣ ਜਾਂਦੇ ਹਨ ਅਤੇ ਕ੍ਰਾਂਤੀ ਮਚਾਉਂਦੇ ਹਨ।

ਇਸ ਤਰ੍ਹਾਂ ਗੁਰੂ ਰਵਿਦਾਸ ਜੀ ਮਾਰੂ ਰਾਗ ਵਿੱਚ ਇਸ ਸ਼ਬਦ ਰਾਹੀਂ ਸਤਾਏ ਹੋਏ ਲੋਕਾਂ ਨੂੰ ਨਿਰਭੈ ਬਣਾਕੇ ਆਪਣੇ ਧਾਰਮਕ, ਸਮਾਜਕ, ਰਾਜਨੀਤਕ, ਆਰਥਕ ਹੱਕਾਂ ਲਈ ਕ੍ਰਾਂਤੀ ਮਚਾਉਂਦੇ ਹਨ, ਹਕੀਕਤ ਵਿਚ ਯੁੱਧ ਲੜਦੇ ਹਨ। ਇਸ ਦਾ ਅਮਲੀ ਰੂਪ 'ਬੇਗ਼ਮਪੁਰਾ ਸਹਰ ਕੋ ਨਾਉ' 'ਤੁਮ ਚੰਦਨ ਹਮ ਇਰੰਡ ਬਾਪਰੇ" ਅਤੇ ਹੋਰ ਅਨੇਕਾਂ ਸ਼ਬਦਾਂ ਵਿੱਚ ਵੀ ਨਿਰੂਪਤ ਹੈ।

ਸੋ ਇਸ ਸ਼ਬਦ ਵਿੱਚ ਗੁਰੂ ਰਵਿਦਾਸ ਜੀ ਦਾ ਕ੍ਰਾਂਤੀ ਮਚਾ ਦੇਣ ਦਾ ਹੁਕਮ ਹੇ ਸਤਾਏ ਹੋਏ ਲੋਕੋ! ਆਤਮਕ ਅਤੇ ਸਦਾਚਾਰਕ ਤੌਰ ਤੇ ਪਰਪੱਕ ਹੋਕੇ ਨਿਰਭੈ ਯੋਧੇ ਬਣੋ ਅਤੇ ਕ੍ਰਾਂਤੀ ਮਚਾ ਕੇ ਆਪਣੇ ਹੱਕ ਪ੍ਰਾਪਤ ਕਰੋ।

ਸ਼ਬਦ ਅਰਥ :— ਗੁਰੂ ਰਵਿਦਾਸ ਜੀ ਸੰਬੋਧਨ ਕਰਦੇ ਫਰਮਾਉਂਦੇ ਹਨ ਕਿ ਹੇ ਹਿੰਦੂ ਧਰਮ ਦੇ ਸਤਾਏ ਅਤੇ ਲਤਾੜੇ ਹੋਏ ਲੋਕੋ! ਬ੍ਰਾਹਮਣਾਂ ਦੇ ਧਾਰਮਕ ਗ੍ਰੰਥਾਂ ਅਨੁਸਾਰ ਸਵਰਗ ਦੇ ਪੰਜ ਰੁੱਖ, ਚਿੰਤਾਮਣੀ, ਕਾਮਧੇਨ ਇੰਦਰ ਦੇਵਤਾ ਦੇ ਸਵਰਗ ਵਿੱਚ ਹਨ ਅਤੇ ਚਾਰੇ ਪਦਾਰਥ, ਅੱਠ ਵੱਡੀਆਂ ਸਿਧੀਆਂ, ਨੌਂ ਖਜ਼ਾਨੇ ਦੇਵਤਿਆਂ ਦੇ ਹੱਥ ਵਿੱਚ ਹਨ। ਇਹ ਸਭ ਗ਼ਲਤ ਹੈ। ਕਿਉਂਕਿ ਸਵਰਗ ਦੇ ਰੁੱਖ, ਚਿੰਤਾਮਣੀ, ਕਾਮਧੇਨ ਸੁੱਖਾਂ ਦੇ ਸਮੁੰਦਰ ਪ੍ਰਭ ਦੇ ਵਸ ਵਿੱਚ ਹਨ, ਉਸੇ ਦੇ ਹੀ ਹੱਥਾਂ ਦੀਆਂ ਤਲੀਆਂ ਤੇ ਚਾਰ ਪਦਾਰਥ, ਅੱਠ ਵੱਡੀਆਂ ਸਿਧੀਆਂ ਅਤੇ ਨੌਂ ਖਜ਼ਾਨੇ ਹਨ। ਹਿੰਦੂ ਧਰਮ ਅਨੁਸਾਰ ਦੱਸੇ ਇਨ੍ਹਾਂ ਦੇ ਮਾਲਕ ਦੇਵਤੇ ਵੀ ਤਾਂ ਇਸ ਇੱਕ ਪ੍ਰਭ ਦੇ ਹੀ ਪੈਦਾ ਕੀਤੇ ਹੋਏ ਹਨ। ਸੋ ਹੇ ਸਤਾਏ ਅਤੇ ਲਤਾੜੇ ਹੋਏ ਲੋਕੋ! ਹਿੰਦੂ ਧਰਮ ਦੀ ਵਿਚਾਰਧਾਰਾ ਅਤੇ ਮਿਥਿਹਾਸ ਨੂੰ ਨਸ਼ਟ ਕਰਕੇ ਇਕ ਨਵੀਂ ਸਿਰਜੀ ਵਿਚਾਰਧਾਰਾ ਅਨੁਸਾਰ ਪ੍ਰਭ ਦਾ ਸਿਮਰਨ ਕਰੋ॥ ੧॥

ਇਸ ਲਈ ਹੇ ਸਤਾਏ ਹੋਏ ਲੋਕੋ! ਹੋਰ ਸਭ ਵਿਚਾਰਧਾਰਾਵਾਂ ਨੂੰ ਤਿਆਗ ਦਿਉ, ਨਸ਼ਟ ਕਰ ਦਿਉ ਅਤੇ ਨਵੀਂ ਵਿਚਾਰਧਾਰਾ ਅਨੁਸਾਰ ਪ੍ਰਭ ਦਾ ਸਿਮਰਨ ਕਰੋ। ਸੋ ਗੁਰੂ ਜੀ ਨੇ ਹਿੰਦੂ ਧਰਮ ਵਲੋਂ ਸਤਾਏ ਲੋਕਾਂ ਦੀ ਨਵੀਂ ਕ੍ਰਾਂਤੀਕਾਰੀ ਮਾਨਸਿਕਤਾ ਨੂੰ ਸਿਰਜਣ ਲਈ ਪੁਰਾਣੇ ਵਿਚਾਰਧਾਰਾਈ ਸਿਧਾਂਤ ਦਾ ਖੰਡਨ ਕਰਕੇ, ਨਵੇਂ ਸਿਧਾਂਤ ਦੀ ਸਿਰਜਣਾ ਅਨੁਸਾਰ ਪ੍ਰਭ ਸਿਮਰਨ ਦਾ ਹੁਕਮ ਦਿੱਤਾ ਹੈ॥ ੧॥ ਰਹਾਉ॥

ਮਹਾਂਰਿਸ਼ੀ ਵੇਦ ਵਿਆਸ ਨੇ ਇਸ ਕ੍ਰਾਂਤੀਕਾਰੀ ਵਿਚਾਰਧਾਰਾ ਦੀ ਤਬਦੀਲੀ ਨੂੰ ਆਪਣੇ ਅਧਿਐਨ ਨਾਲ ਪੂਰੀ ਤਰ੍ਹਾਂ ਸੋਚ ਵਿਚਾਰ ਕਰਕੇ ਪ੍ਰੋੜਤਾ ਕੀਤਾ ਹੈ। ਮਹਾਂਰਿਸ਼ੀ ਵਿਆਸ ਨੇ ਪੁਰਾਣਾਂ ਦੇ ਅਨੇਕਾਂ ਪ੍ਰਸੰਗਾਂ ਦਾ ਬ੍ਰਹਮਾ ਦੇ ਵੇਦਾਂ ਦਾ ਅਤੇ ਦੇਵਨਾਗਰੀ ਲਿਪੀ ਦੇ ਚਉਂਤੀ ਅੱਖਰਾਂ ਭਾਵ ਸਮੁੱਚੀ ਸੰਸਕ੍ਰਿਤ ਭਾਸ਼ਾ ਵਿੱਚ ਜੋ ਵੀ ਰਚਿਆ ਗਿਆ ਹੈ, ਉਸ ਦਾ ਡੂੰਘਾਈ ਨਾਲ ਅਧਿਐਨ ਕਰਕੇ, ਸੋਚ ਵਿਚਾਰ ਕਰਕੇ ਹਿੰਦੂ ਧਰਮ ਦੀ ਵਿਚਾਰਧਾਰਾ ਅਤੇ ਮਿਥਿਹਾਸ ਨੂੰ ਰੱਦ ਕਰਕੇ ਅਤੇ ਇਸ ਦੀ ਥਾਂ ਨਵੀਂ ਸਥਾਪਤ ਕੀਤੀ ਵਿਚਾਰਧਾਰਾ ਦੀ ਪ੍ਰੋੜਤਾ ਕੀਤੀ ਹੈ। ਇਸ ਕਰਕੇ ਵਿਆਸ ਜੀ ਨੇ ਆਪਣੇ ਕਥਨ ਵਿਚ ਦ੍ਰਿੜ ਕੀਤਾ ਹੈ ਕਿ ਹਿੰਦੂ ਧਰਮ ਗ੍ਰੰਥ ਵੇਦ, ਪੁਰਾਣ ਆਦਿ ਪ੍ਰਭ ਨਾਮ ਦੇ ਸਿਮਰਨ ਦੇ ਬਰਾਬਰ ਨਹੀਂ ਹਨ॥ ੨॥

ਇਸ ਲਈ ਗੁਰੂ ਜੀ ਆਪਣੀ ਨਵੇਂ ਧਰਮ ਦੀ ਵਿਚਾਰਧਾਰਾ ਦਾ ਅਮਲੀ ਰੂਪ ਪੇਸ਼ ਕਰਦੇ ਹਨ। ਉਹ ਫਰਮਾਉਂਦੇ ਹਨ ਕਿ ਹੇ ਸਤਾਏ ਹੋਏ ਲੋਕੋ! ਉਹ ਲੋਕ ਵੱਡੇ ਭਾਗਾਂ ਵਾਲੇ ਹਨ ਜਿਨ੍ਹਾਂ ਨੇ ਵਿਕਾਰਾਂ ਤੋਂ ਰਹਿਤ, ਅੰਤਰ ਧਿਆਨ ਹੋਕੇ ਆਪਣੀ ਸੁਰਤ ਪ੍ਰਭ ਨਾਲ ਜੋੜ ਲਈ ਹੈ। ਉਹ ਲੋਕ ਮੋਹ ਮਾਇਆ ਤੋਂ ਉਦਾਸ

ਹੋਕੇ, ਵਿਕਾਰਾਂ ਤੇ ਕਾਬੂ ਪਾ ਲੈਂਦੇ ਹਨ। ਇਸ ਤਰ੍ਹਾਂ ਜਨਮ-ਮਰਨ ਦਾ ਭੈ ਖਤਮ ਹੋ ਜਾਂਦਾ ਹੈ। ਆਤਮਾ, ਪਰਮਾਤਮਾ ਨਾਲ ਇੱਕ-ਮਿੱਕ ਹੋ ਜਾਂਦੀ ਹੈ। ਹੇ ਲੋਕੋ! "ਅਜੇਹੀ ਆਤਮਾ ਵਿੱਚ ਜੁਰਅਤਿ ਭਰ ਜਾਂਦੀ ਹੈ, ਬੇਪ੍ਰਵਾਹ ਹੋ ਜਾਂਦੀ ਹੈ, ਕਾਇਰਤਾ ਨਸ ਜਾਂਦੀ ਹੈ" ਅਤੇ ਯੋਧਾ ਬਣ ਕ੍ਰਾਂਤੀ ਮਚਾ ਦਿੰਦੀ ਹੈ। ਸੋ ਸਤਾਏ ਹੋਏ ਲੋਕ! ਨਿਰਭੈ ਬਣ ਕੇ, ਕ੍ਰਾਂਤੀ ਮਚਾਕੇ, ਆਪਣੇ ਹੱਕ ਪ੍ਰਾਪਤ ਕਰਦੇ ਹਨ॥ ੩॥ ੨॥ ੧੫॥

ੴ ਸਤਿਗੁਰ ਪ੍ਰਸਾਦਿ॥

ਰਾਗੁ ਕੇਦਾਰਾ ਬਾਣੀ ਰਵਿਦਾਸ ਜੀਉ ਕੀ

ਖਟੁ ਕਰਮ ਕੁਲ ਸੰਜੁਗਤੁ ਹੈ
ਹਰਿ ਭਗਤਿ ਹਿਰਦੈ ਨਾਹਿ॥
ਚਰਨਾਰਬਿੰਦ ਨ ਕਥਾ ਭਾਵੈ
ਸੁਪਚ ਤੁਲਿ ਸਮਾਨਿ॥ ੧॥
ਰੇ ਚਿਤ ਚੇਤਿ ਚੇਤ ਅਚੇਤ
ਕਾਹੇ ਨਾ ਬਾਲਮੀਕਹਿ ਦੇਖ॥
ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ
ਰਾਮ ਭਗਤਿ ਬਿਸੇਖ॥ ੧॥ ਰਹਾਉ॥
ਸੁਆਨ ਸਤ੍ਰ ਅਜਾਤੁ ਸਭ ਤੇ
ਕ੍ਰਿਸਨ ਲਾਵੈ ਹੇਤੁ॥
ਲੋਗੁ ਬਪੁਰਾ ਕਿਆ ਸਰਾਹੈ
ਤੀਨ ਲੋਕ ਪ੍ਰਵੇਸ॥ ੨॥
ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ
ਗਏ ਹਰਿ ਕੈ ਪਾਸਿ॥
ਐਸੇ ਦੁਰਮਤਿ ਨਿਸਤਰੇ
ਤੂ ਕਿਉ ਨ ਤਰਹਿ ਰਵਿਦਾਸ॥ ੩॥ ੧॥[1]

ਪਦ ਅਰਥ :—ਖਟੁ ਕਰਮ = ਹਿੰਦੂ ਧਰਮ ਗ੍ਰੰਥਾਂ ਅਨੁਸਾਰ ਬ੍ਰਾਹਮਣਾਂ ਦੇ ਛੇ ਕਰਮ-ਵਿਦਿਆ ਪੜ੍ਹਨਾ, ਪੜ੍ਹਾਣਾ, ਜਗ ਕਰਨਾ ਤੇ ਕਰਾਣਾ, ਦਾਨ ਦੇਣਾ ਤੇ ਲੈਣਾ। **ਸੰਜੁਗਤੁ** = ਸਹਿਤ, ਪਰਪੱਕ। **ਚਰਨਾਰਬਿੰਦ** = ਪਰਮਾਤਮਾ। **ਸੁਪਚ** = ਚੰਡਾਲ, ਜੋ ਕੁੱਤੇ ਨੂੰ ਰਿੰਨ੍ਹ ਲਏ। **ਤੁਲਿ** = ਬਰਾਬਰ। **ਸਮਾਨਿ** = ਵਰਗਾ॥ ੧॥

ਰੇ = ਦੂਜੇ ਦਰਜੇ ਦਾ, ਨਿਕੰਮਾ, ਅਨਾਦਰ ਬੋਧਕ। **ਚਿਤ** = ਮਨ। **ਚੇਤਿ** = ਤੂੰ ਯਾਦ ਕਰ, ਸਿਮਰਨ ਕਰ। **ਚੇਤ** = ਜਾਗਦਾ ਮਨ (Concious Mind)। **ਅਚੇਤ** = ਸੌਂਦੇ, ਸੁੱਤਾ ਮਨ (Unconcious Mind)। **ਚੇਤ ਅਚੇਤ** = ਜਾਗਦੇ ਸੌਂਦੇ ਭਾਵ ਨਿਰੰਤਰ। **ਕਾਹੇ ਨ** = ਕਿਉਂ ਨਹੀਂ। **ਅਮਰਿਓ** = ਅਮਰ ਹੋ ਗਿਆ। **ਵਿਸੇਖ** = ਵਿਸ਼ੇਸ਼॥ ੧॥ ਰਹਾਉ॥

ਸੁਆਨਸਤ੍ਰ = ਕੁੱਤਿਆਂ ਦਾ ਵੈਰੀ, ਕੁੱਤਿਆਂ ਨੂੰ ਮਾਰਕੇ ਖਾਣ ਵਾਲਾ। **ਅਜਾਤੁ** = ਸੁਪਚ, ਚੰਡਾਲ। **ਬਪੁਰਾ** = ਵਿਚਾਰਾ, ਨਿਮਾਣਾ॥ ੨॥

---

1. ਆਦਿ ਗ੍ਰੰਥ - ਪੰਨਾ : ੧੧੨੪

ਦੁਰਮਤਿ = ਭੈੜੀ ਮਤ ਵਾਲੇ। **ਲੁਭਤ** = ਸ਼ਿਕਾਰੀ। **ਕੁੰਚਰ** = ਹਾਥੀ॥ ੩॥ ੧॥

ਨੋਟ : ਬਾਲਮੀਕ : ਗੁਰੂ ਰਵਿਦਾਸ ਜੀ 'ਰਹਾਉ' ਵਿੱਚ ਸੰਕੇਤ ਕਰਦੇ ਹਨ ਅਤੇ ਬੰਦ ਨੰ. ੨ ਵਿੱਚ ਸਪਸ਼ਟ ਕਰਦੇ ਹਨ ਕਿ ਮਹਾਂਰਿਸ਼ੀ ਬਾਲਮੀਕ ਜੀ ਚੰਡਾਲ ਸਨ, ਜਿਸ ਨੇ ਆਪਣੀ ਭਗਤੀ ਦੇ ਜ਼ੋਰ ਨਾਲ ਪ੍ਰਭ ਦਾ ਵਿਸ਼ੇਸ਼ ਭਗਤ ਬਣਕੇ ਅਮਰ-ਪਦ ਨੂੰ ਪ੍ਰਾਪਤ ਕੀਤਾ। ਭਾਈ ਜੋਧ ਸਿੰਘ ਲਿਖਦੇ ਹਨ,

> "ਸੁਆਨਸਤ੍ਰ = ਕੁੱਤਿਆਂ ਦਾ ਵੈਰੀ। ਬਾਲਮੀਕ ਚੰਡਾਲ ਸੀ। ਪਾਂਡਵਾਂ ਨੇ ਬੜਾ ਜੱਗ ਕੀਤਾ। ਸਭ ਭੋਜਨ ਖਾ ਚੁੱਕੇ ਪਰ ਜੱਗ ਦੀ ਪੂਰਨਤਾ ਦਾ ਘੰਟਾ ਨਾ ਵਜਿਆ। ਫਿਰ ਕ੍ਰਿਸ਼ਨ ਜੀ ਨੇ ਕਹਿਆ, ਬਾਲਮੀਕ ਨਹੀਂ ਆਏ। ਜਦ ਉਹ ਆਏ ਤਾਂ ਕ੍ਰਿਸ਼ਨ ਜੀ ਨੇ ਉਨ੍ਹਾਂ ਦੇ ਚਰਨ ਧੋਤੇ ਤੇ ਜਦੋਂ ਉਨ੍ਹਾਂ ਭੋਜਨ ਛਕਿਆ ਤਾਂ ਘੰਟਾ ਵਜਿਆ।" [1]

ਭਾਈ ਕਾਹਨ ਸਿੰਘ ਨਾਭਾ ਦੇ ਵਿਚਾਰ ਵੀ ਭਾਈ ਜੋਧ ਸਿੰਘ ਨਾਲ ਮਿਲਦੇ-ਜੁਲਦੇ ਹਨ।

ਅਜਾਮਲ : ਭਾਈ ਕਾਹਨ ਸਿੰਘ ਨਾਭਾ ਲਿਖਦੇ ਹਨ,

> "ਕਨੌਜ ਦੇਸ਼ ਦਾ ਇੱਕ ਦੁਰਾਚਾਰੀ ਬ੍ਰਾਹਮਣ, ਜਿਸ ਨੇ ਇੱਕ ਵੇਸ਼ਯਾ ਨਾਲ ਵਿਆਹ ਕੀਤਾ ਸੀ, ਜਿਸ ਦੇ ਉਦਰ ਤੋਂ ਦਸ ਪੁਤ੍ਰ ਹੋਏ। ਭਗਤਮਾਲ ਅਤੇ ਭਾਗਵਤ ਵਿੱਚ ਕਥਾ ਹੈ ਕਿ ਛੋਟੇ ਪੁਤ੍ਰ ਦਾ ਨਾਉਂ ਨਾਰਾਯਣ ਹੋਣ ਕਰਕੇ ਅਜਾਮਲ ਨਾਰਾਯਣ ਦਾ ਭਗਤ ਹੋਕੇ ਮੁਕਤਿ ਦਾ ਅਧਿਕਾਰੀ ਬਣਿਆ।" [2]

ਪਿੰਗਲਾ : ਭਾਈ ਕਾਹਨ ਸਿੰਘ ਨਾਭਾ ਲਿਖਦੇ ਹਨ,

> "ਵਿਦੇਹ ਨਗਰ (ਜਨਕਪੁਰੀ) ਵਿੱਚ ਇੱਕ ਵੇਸ਼ਯਾ ਰਹਿੰਦੀ ਸੀ, ਜਿਸ ਦਾ ਨਾਮ ਪਿੰਗਲਾ ਸੀ। ਉਸ ਨੇ ਇਕ ਦਿਨ ਇਕ ਧਨੀ ਸੁੰਦਰ ਜਵਾਨ ਦੇਖਿਆ ਅਰ ਕਾਮ ਨਾਲ ਵਯਾਕੁਲ ਹੋ ਉੱਠੀ, ਪਰ ਉਹ ਉਸ ਪਾਸ ਨਾ ਆਇਆ, ਜਿਸ ਤੋਂ ਸਾਰੀ ਰਾਤ ਬੇਚੈਨੀ ਵਿਚ ਵੀਤੀ। ਅੰਤ ਨੂੰ ਉਸ ਦੇ ਮਨ ਵੈਰਾਗ ਹੋਇਆ ਕਿ ਜੇ ਅਜੇਹਾ ਪ੍ਰੇਮ ਮੈਂ ਈਸ਼ਵਰ ਵਿੱਚ ਲਾਉਂਦੀ,

---

1. ਭਗਤ ਰਵਿਦਾਸ : ਜੀਵਨੀ ਤੇ ਰਚਨਾ- ਪੰਨਾ : ੪੫-੪੬

2. ਮਹਾਨ ਕੋਸ਼ - ਪੰਨਾ : ੩੬

> ਤਦ ਕੇਹਾ ਉੱਤਮ ਫਲ ਹੁੰਦਾ। ਇਸ ਪਰ ਉਹ ਕਰਤਾਰ ਦੇ ਸਿਮਰਨ ਵਿੱਚ ਲਗ ਕੇ ਮੁਕਤੀ ਨੂੰ ਪ੍ਰਾਪਤ ਹੋਈ। ਸਾਂਖਯ-ਸੂਤਰਾਂ ਵਿੱਚ ਇਸ ਦਾ ਜ਼ਿਕਰ ਆਇਆ ਹੈ।" [1]

ਲੁਭਤੁ : ਸ਼ਿਕਾਰੀ। ਗਿਆਨੀ ਬਰਕਤ ਸਿੰਘ ਅਨੰਦ ਗੁਰਾਲਵੀ (ਧੱਕੜਾਂ) ਲਿਖਦੇ ਹਨ,

> "ਸ੍ਰੀ ਬਾਬਾ ਜੀ ਤੋਂ ਇਹ ਪਵਿੱਤਰ ਉਪਦੇਸ਼ ਸੁਣ ਸ਼ਿਕਾਰੀ ਦਾ ਮਨ ਪਿਆਰ ਤੇ ਵੈਰਾਗ ਨਾਲ ਮੋਮ ਹੋ ਗਿਆ..... ਰਵਿਦਾਸ ਜੀ ਨੇ ਪ੍ਰੇਮ ਦੇਖ ਗਲੇ ਲਗਾ ਕੇ ਸਿੱਖੀ ਦੇ ਅਸੂਲ ਸਮਝਾ ਲੋਕ ਸੇਵਾ ਦਾ ਤਰੀਕਾ ਦਸ ਕੇ ਨਾਮ ਜਪਨ ਦੀ ਜੁਗਤੀ ਦਾਨ ਕੀਤੀ, ਹਰਨੀ ਸਮੇਤ ਬੱਚਿਆਂ ਦੇ, ਛੁਡਾ ਦਿੱਤੀ, ਉਹ ਭਗਤ ਜੀ ਦਾ ਧੰਨਵਾਦ ਗਾਂਦੀ ਛਾਲਾਂ ਲਾਂਦੀ, ਬੱਚਿਆਂ ਨੂੰ ਨਾਲ ਲੈ ਕੇ ਜੰਗਲ ਵਲ ਦੌੜੀ। ਇਹ ਹੀਰੂ ਨਾਮ ਫਾਂਦਕੀ ਭਗਤ ਜੀ ਦਾ ਪਹਿਲਾ ਭਗਤ ਹੋਇਆ ਹੈ।" [2]

ਉਪਰੋਕਤ ਸਾਖੀ ਢੁਕਵੀਂ ਲਗਦੀ ਹੈ, ਭਾਈ ਜੋਧ ਸਿੰਘ ਦੇ ਹੇਠ ਦਿੱਤੇ ਕਥਨ ਨਾਲੋਂ।

> "ਲੁਭਿਤ ਸ਼ਿਕਾਰੀ ਜਿਸ ਨੇ ਕ੍ਰਿਸ਼ਨ ਜੀ ਦੇ ਚਰਨਾਂ ਵਿੱਚ ਬਾਣ ਮਾਰਿਆ। ਕ੍ਰਿਸ਼ਨ ਜੀ ਨੇ ਉਸ ਨੂੰ ਵੀ ਮੁਕਤ ਕਰ ਦਿੱਤਾ।" [3]

ਇਹ ਸਾਖੀ ਪੁਰਾਣਾਂ ਵਿੱਚ ਹੈ। ਮਹਾਂਰਿਸ਼ੀ ਬਾਲਮੀਕ ਵਾਲੀ ਸਾਖੀ ਵੀ ਪੁਰਾਣਾ ਵਿੱਚ ਹੈ।

"ਕੁੰਚਰ : ਹਾਥੀ, ਗਜ। ਇਕ ਗੰਧਰਵ, ਜੋ ਕੇਵਲ ਰਿਖੀ ਦੇ ਸਰਾਪ ਨਾਲ ਹਾਥੀ ਬਣ ਗਿਆ ਸੀ। ਵਰੁਣ ਦੇਵਤੇ ਦੇ ਤਲਾਬ ਵਿੱਚ ਤੇਂਦੂਏ ਨੇ ਇਸ ਨੂੰ ਗ੍ਰਸ ਲਿਆ ਸੀ। ਜਦੋਂ ਨਿਰਬਲ ਹੋਕੇ ਇਹ ਡੁੱਬਣ ਲੱਗਾ, ਤਦ ਕਮਲ ਸੁੰਡ ਵਿੱਚ ਲੈ ਕੇ ਈਸ਼ਵਰ ਨੂੰ ਅਰਪਦੇ ਹੋਏ ਨੇ ਸਹਾਇਤਾ ਲਈ ਪੁਕਾਰ ਕੀਤੀ ਸੀ। ਭਗਵਾਨ ਨੇ ਤੇਂਦੂਏ ਦੇ ਬੰਧਨਾਂ ਤੋਂ ਗਜਰਾਜ ਨੂੰ ਮੁਕਤ ਕੀਤਾ ਸੀ। ਇਹ ਕਥਾ ਭਾਗਵਤ ਦੇ ਅਠਵੇਂ ਅਸਕੰਦ ਦੇ ਦੂਜੇ ਅਧਿਆਇ ਵਿੱਚ ਹੈ।" [4]

---

1. ਓਹੀ - ਪੰਨਾ : ੫੭੬

2. ਜਨਮ ਸਾਖੀ ਰਵਿਦਾਸ ਭਗਤ ਜੀ - ਪੰਨਾ : ੩੯-੪੦

3. ਭਗਤ ਰਵਿਦਾਸ : ਜੀਵਨੀ ਤੇ ਰਚਨਾ - ਪੰਨਾ : ੪੫-੪੬

4. ਭਗਤ ਬਾਣੀ ਸਟੀਕ - ਹਿੱਸਾ ਦੂਜਾ - ਡਾ. ਸਾਹਿਬ ਸਿੰਘ - ਪੰਨਾ : ੧੪੩

ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ

ਗੁਰੂ ਰਵਿਦਾਸ ਜੀ ਨੇ ਇਸ ਸ਼ਬਦ ਵਿਚ ਵਿਗਿਆਨਕ ਅਤੇ ਸ਼ਕਤੀਸ਼ਾਲੀ ਤਰਕ ਨਾਲ ਜਾਤ-ਪਾਤ ਦਾ ਖੰਡਨ ਕੀਤਾ ਹੈ। ਇਸ ਸ਼ਬਦ ਦੀ ਵਿਚਾਰਧਾਰਾ ਤੋਂ ਉਨ੍ਹਾਂ ਦੀ ਬ੍ਰਹਮ-ਗਿਆਨੀ ਚਿੰਤਕ, ਨਿਡਰ ਯੋਧੇ ਅਤੇ ਮਹਾਨ ਗੁਰੂ ਦੇ ਤੌਰ ਤੇ ਸ਼ਨਾਖਤ ਹੁੰਦੀ ਹੈ। ਗੁਰੂ ਜੀ ਨੇ ਸਪਸ਼ਟ ਕੀਤਾ ਹੈ ਕਿ ਪ੍ਰਭ ਆਪਣੇ ਭਗਤਾਂ ਦਾ ਪ੍ਰੇਮ ਸਵੀਕਾਰ ਕਰਨ ਲੱਗਿਆਂ ਕਿਸੇ ਦੀ ਉੱਚੀ ਜਾਤ ਅਤੇ ਕਿਸੇ ਦੀ ਨੀਵੀਂ ਜਾਤ ਨੂੰ ਉੱਕਾ ਹੀ ਨਹੀਂ ਮੰਨਦੇ। ਦਰਅਸਲ ਜਾਤ-ਪਾਤ, ਛੂਤ-ਛਾਤ ਪ੍ਰਭ ਦੀ ਰਚਨਾ ਹੀ ਨਹੀਂ ਹੈ। ਇਹ ਤਾਂ ਮਨੁੱਖ ਦੀ ਆਪਣੀ ਰਚਨਾ ਹੈ। ਇਸ ਲਈ ਪ੍ਰਭ ਦੇ ਵਿਧਾਨ ਵਿੱਚ ਇਸ ਦੀ ਹੋਂਦ ਦਾ ਮਤਲਬ ਹੀ ਪੈਦਾ ਨਹੀਂ ਹੁੰਦਾ।

ਇਸ ਲਈ ਗੁਰੂ ਰਵਿਦਾਸ ਜੀ ਬੰਦ ਨੰ. ੧ ਵਿੱਚ ਪਹਿਲਾਂ ਸਭ ਤੋਂ ਉੱਚੀ ਜਾਤ ਬ੍ਰਾਹਮਣ ਦਾ ਦ੍ਰਿਸ਼ਟਾਂਤ ਦੇਕੇ ਸਿੱਧ ਕਰਦੇ ਹਨ ਕਿ ਜੇ ਉਹ ਬ੍ਰਾਹਮਣ ਪ੍ਰਭ ਦੀ ਭਗਤੀ ਨਹੀਂ ਕਰਦਾ, ਪਰ ਬ੍ਰਾਹਮਣਾਂ ਵਾਲੇ ਛੇ ਦੇ ਛੇ ਕਰਮਾਂ—ਵਿਦਿਆ ਪੜ੍ਹਨਾ, ਪੜ੍ਹਾਉਣਾ, ਜਗ ਕਰਨਾ, ਕਰਾਉਣਾ ਅਤੇ ਦਾਨ ਲੈਣਾ ਤੇ ਦੇਣਾ—ਵਿੱਚ ਪਰਪੱਕ ਹੈ, ਤਾਂ ਉਹ ਬ੍ਰਾਹਮਣ ਕੁੱਤਿਆਂ ਨੂੰ ਮਾਰਕੇ ਖਾ ਜਾਣ ਵਾਲੇ ਚੰਡਾਲ ਦਾ ਹੀ ਰੂਪ ਹੈ।

ਉਪਰੋਕਤ ਬੰਦ ਤੋਂ ਸਪਸ਼ਟ ਹੋ ਗਿਆ ਹੈ ਕਿ ਪ੍ਰਭ-ਪ੍ਰਾਪਤੀ ਲਈ ਸਭ ਤੋਂ ਉੱਚੀ ਜਾਂ ਸਭ ਤੋਂ ਨੀਵੀਂ ਅਤੇ ਘਟੀਆ ਜਾਤ ਕੋਈ ਮਹੱਤਵ ਨਹੀਂ ਰੱਖਦੀ। ਜੋ ਵੀ ਜੀਵ ਇਕ ਮਨ ਹੋ ਕੇ ਪ੍ਰਭ ਦਾ ਸਿਮਰਨ ਕਰਦਾ ਹੈ, ਉਹ ਪ੍ਰਭ ਨੂੰ ਪ੍ਰਾਪਤ ਹੋ ਜਾਂਦਾ ਹੈ। ਗੁਰੂ ਰਵਿਦਾਸ ਜੀ ਨੇ ਇਸ ਵਿਚਾਰ ਨੂੰ 'ਰਹਾਉ' ਵਿੱਚ ਦਰਜ ਕੀਤਾ ਹੈ ਅਤੇ ਇਸ ਨੂੰ ਦ੍ਰਿੜ ਕਰਨ ਲਈ ਮਹਾਂਰਿਸ਼ੀ ਬਾਲਮੀਕ ਜੀ ਦਾ ਦ੍ਰਿਸ਼ਟਾਂਤ ਦਿੱਤਾ ਹੈ। ਉਹ ਸਭ ਤੋਂ ਨੀਵੀਂ ਜਾਤ ਦੇ ਸਨ ਪਰ ਪ੍ਰਭ-ਭਗਤੀ ਸਦਕਾ ਪ੍ਰਭ ਦੇ ਵਿਸ਼ੇਸ਼ ਭਗਤ ਬਣਕੇ ਅਮਰ-ਪਦ ਨੂੰ ਪ੍ਰਾਪਤ ਹੋਏ।

ਇਸ ਤਰ੍ਹਾਂ ਬੰਦ ਨੰ. ੨ ਵਿੱਚ ਉਪਰੋਕਤ ਬੰਦ ਨੰ. ੧ ਤੋਂ ਉਲਟ ਸਭ ਤੋਂ ਨੀਵੀਂ ਅਤੇ ਘਟੀਆ ਜਾਤ ਦੇ ਮਹਾਂਰਿਸ਼ੀ ਬਾਲਮੀਕ ਦਾ ਦ੍ਰਿਸ਼ਟਾਂਤ ਦੇਕੇ ਸਿੱਧ ਕੀਤਾ ਹੈ ਕਿ ਪ੍ਰਭ ਦੇ ਨਾਮ ਦਾ ਸਿਮਰਨ ਕਰਨ ਨਾਲ ਅਜਿਹੀ ਨੀਵੀਂ ਅਤੇ ਘਟੀਆ ਜਾਤ ਵਾਲਾ ਜੀਵ ਵੀ ਪ੍ਰਭ ਨੂੰ ਪ੍ਰਾਪਤ ਹੋ ਜਾਂਦਾ ਹੈ।

ਇਸ ਅਟੱਲ ਸੱਚਾਈ ਨੂੰ ਹੋਰ ਪਰਪੱਕਤਾ ਨਾਲ ਦ੍ਰਿੜ ਕਰਨ ਲਈ ਗੁਰੂ ਰਵਿਦਾਸ ਜੀ ਨੇ ਬੰਦ ਨੰ. ੩ ਵਿੱਚ ਘਟੀਆ ਤੋਂ ਘਟੀਆ ਕਰਮ ਕਰਨ ਵਾਲੇ ਜੀਵਾਂ ਦਾ ਜਿਕਰ ਕਰਕੇ ਸਿੱਧ ਕੀਤਾ ਹੈ ਕਿ ਪ੍ਰਭ ਦਾ ਸਿਮਰਨ ਕਰਨ ਵਾਲੇ ਮਹਾਂ-ਪਾਪੀਆਂ ਨੂੰ ਵੀ ਪ੍ਰਭ ਬਖਸ਼ ਦਿੰਦਾ ਹੈ ਅਤੇ ਆਪਣੇ ਵਿਸ਼ੇਸ਼ ਭਗਤਾਂ ਵਿੱਚ ਸ਼ਾਮਲ ਕਰ ਲੈਂਦਾ ਹੈ।

ਸੋ ਪ੍ਰਭ ਪ੍ਰਾਪਤੀ ਲਈ ਜਾਤ-ਪਾਤ ਦਾ ਕੋਈ ਮਹੱਤਵ ਨਹੀਂ ਹੈ। ਮਹੱਤਵ ਤਾਂ ਇਕ-ਮਨ ਹੋ ਕੇ ਪ੍ਰਭ ਦੇ ਸਿਮਰਨ ਕਰਨ ਦਾ ਹੈ, ਜਿਸ ਨਾਲ ਪ੍ਰਭ ਦੀ ਬਖਸ਼ਿਸ਼ ਪ੍ਰਾਪਤ ਹੁੰਦੀ ਹੈ ਅਤੇ ਪ੍ਰਭ ਦੇ ਚਰਨਾਂ ਵਿੱਚ ਵਾਸਾ ਹੋ ਜਾਂਦਾ ਹੈ।

ਇਸ ਸ਼ਬਦ ਦੀ ਵਿਚਾਰਧਾਰਾ ਰਾਗ ਕੇਦਾਰਾ ਦੀ ਧਾਰਨਾ ਦੇ ਅਨੁਕੂਲ ਹੈ। ਇਸ ਰਾਗ ਵਿੱਚ ਦਰਜ ਵਿਸ਼ਾ ਬੁਨਿਆਦੀ ਤੌਰ ਤੇ ਪ੍ਰਭ ਨਾਲ ਪ੍ਰੇਮ ਦਾ ਹੈ, ਪ੍ਰਭ ਦੇ ਸਿਮਰਨ ਦਾ ਹੈ। ਭਾਰਤ ਦੇ ਪ੍ਰਸਿੱਧ ਸੰਗੀਤ ਸ਼ਾਸਤਰੀਆਂ ਨੇ ਗੁਰਮੱਤ ਅਨੁਸਾਰ ਹੀ ਇਸ ਰਾਗ ਦਾ ਵਿਸ਼ਾ ਨਿਸ਼ਚਤ ਕੀਤਾ ਹੈ। ਉਹ ਲਿਖਦੇ ਹਨ,

> "ਇਸ ਰਾਗ ਦੇ ਸੰਬੰਧ ਵਿੱਚ ਗੁਰਵਾਕ ਹੈ, ਕੇਦਾਰਾ ਰਾਗ ਵਿਚਿ ਜਾਣੀਐ ਭਾਈ ਸਬਦੇ ਕਰੇ ਪਿਆਰੁ॥ ਸਤਿ ਸੰਗਤਿ ਸਿਉ ਮਿਲਦੈ ਰਹੈ ਸਚੈ ਕਰੇ ਪਿਆਰੁ॥" [1]

---

1. ਰਾਗ ਨਾਦ ਸ਼ਬਦਿ ਸੋਹਣੇ - ਪੰਨਾ : ੯੨

ਸ਼ਬਦ ਅਰਥ :—ਜੇ ਕੋਈ ਉੱਚੀ ਕੁਲ ਦਾ ਬ੍ਰਾਹਮਣ ਆਪਣੇ ਛੇ ਕਰਮਾਂ—ਵਿਦਿਆ ਪੜ੍ਹਨਾ, ਪੜ੍ਹਾਉਣਾ; ਜਗ ਕਰਨਾ, ਕਰਾਉਣਾ; ਦਾਨ ਲੈਣਾ, ਦੇਣਾ— ਵਿੱਚ ਪਰਪੱਕ ਹੈ, ਪਰ ਉਸ ਦੇ ਮਨ ਵਿੱਚ ਪ੍ਰਭ ਪ੍ਰਤੀ ਪ੍ਰੇਮ ਨਹੀਂ ਹੈ ਅਤੇ ਨਾ ਹੀ ਉਸ ਨੂੰ ਪ੍ਰਭ ਦੀ ਸਿਫਤ ਸਲਾਹ ਭਾਉਂਦੀ ਹੈ। ਉਹ ਬ੍ਰਾਹਮਣ ਰੂਪ ਚੰਡਾਲ ਹੈ। ਉਹ ਕੁੱਤੇ ਰਿੰਨ੍ਹ ਕੇ ਖਾ ਜਾਣ ਵਾਲੇ ਚੰਡਾਲ ਵਰਗਾ ਹੀ ਹੈ॥ ੧॥

ਇਸ ਲਈ ਹੇ ਮੇਰੇ ਨਿਕੰਮੇ ਮਨ! ਤੂੰ ਜਾਗਦੇ ਸੌਂਦੇ ਭਾਵ ਨਿਰੰਤਰ ਪ੍ਰਭ ਦੇ ਨਾਮ ਦਾ ਸਿਮਰਨ ਕਰ। ਤੂੰ ਮਹਾਂਰਿਸ਼ੀ ਬਾਲਮੀਕ ਜੀ ਵਲ ਧਿਆਨ ਕਿਉਂ ਨਹੀਂ ਮਾਰਦਾ? ਉਸ ਦੀ ਕੀ ਜਾਤ ਸੀ! ਅਤੇ ਉਹ ਪ੍ਰਭ ਦਾ ਸਿਮਰਨ ਕਰਨ ਸਦਕਾ ਪ੍ਰਭ ਦੇ ਵਿਸ਼ੇਸ਼ ਭਗਤ ਦੇ ਅਮਰ-ਪਦ ਨੂੰ ਪ੍ਰਾਪਤ ਹੋਇਆ ਹੈ॥ ੧॥ ਰਹਾਉ॥

ਪਰ ਕੁੱਤਿਆਂ ਦਾ ਵੈਰੀ ਅਤੇ ਕੁੱਤਿਆਂ ਨੂੰ ਮਾਰਕੇ ਖਾਣ ਵਾਲੇ ਚੰਡਾਲ ਦੀ ਜਾਤ ਸਭ ਤੋਂ ਨੀਵੀਂ ਮੰਨੀ ਜਾਂਦੀ ਹੈ, ਉਸ ਨੇ ਵੀ ਪ੍ਰਭ ਦੀ ਭਗਤੀ ਕਰਕੇ ਪ੍ਰਭ ਦਾ ਪ੍ਰੇਮ ਪ੍ਰਾਪਤ ਕਰ ਲਿਆ ਸੀ। ਦੁਨੀਆਂ ਦੇ ਲੋਕ ਉਸ ਦੀ ਕੀ ਵਡਿਆਈ ਕਰ ਸਕਦੇ ਹਨ? ਉਸ ਦੀ ਵਡਿਆਈ ਤਾਂ ਤਿੰਨਾਂ ਲੋਕਾਂ ਵਿੱਚ ਹੋ ਰਹੀ ਹੈ॥ ੨॥

ਸੋ ਘਟੀਆ ਤੋਂ ਘਟੀਆ ਕਰਮ ਕਰਨ ਵਾਲੇ ਵੱਡੇ-ਵੱਡੇ ਮਹਾਂ-ਪਾਪੀ ਅਜਾਮਲ, ਪਿੰਗਲਾ, ਸ਼ਿਕਾਰੀ ਅਤੇ ਹਾਥੀ ਪ੍ਰਭ ਦਾ ਨਾਮ ਜਪਕੇ, ਉਸ ਦੀ ਬਖਸ਼ਿਸ਼ ਨਾਲ ਮੁਕਤੀ ਪ੍ਰਾਪਤ ਕਰ ਗਏ ਹਨ। ਹੇ ਰਵਿਦਾਸ! ਜੇ ਐਨੀ ਭੈੜੀ ਅਤੇ ਘਟੀਆ ਮੱਤ ਵਾਲੇ ਤਰ ਗਏ ਹਨ, ਫਿਰ ਤੂੰ ਪ੍ਰਭ ਨੂੰ ਪ੍ਰਾਪਤ ਕਿਉਂ ਨਹੀਂ ਕਰ ਸਕੇਂਗਾ॥ ੩॥

ੴ ਸਤਿਗੁਰ ਪ੍ਰਸਾਦਿ॥

ਭੈਰਉ ਬਾਣੀ ਰਵਿਦਾਸ ਜੀਉ ਕੀ ਘਰ ੨

ਬਿਨੁ ਦੇਖੇ ਉਪਜੈ ਨਹੀ ਆਸਾ॥
ਜੋ ਦੀਸੈ ਸੋ ਹੋਇ ਬਿਨਾਸਾ॥
ਬਰਨ ਸਹਿਤ ਜੋ ਜਾਪੈ ਨਾਮੁ॥
ਸੋ ਜੋਗੀ ਕੇਵਲ ਨਿਹਕਾਮੁ॥ ੧॥
ਪਰਚੈ ਰਾਮੁ ਰਵੈ ਜਉ ਕੋਈ॥
ਪਾਰਸੁ ਪਰਸੈ ਦੁਬਿਧਾ ਨ ਹੋਈ॥ ੧॥ ਰਹਾਉ॥
ਸੋ ਮੁਨਿ ਮਨ ਕੀ ਦੁਬਿਧਾ ਖਾਇ॥
ਬਿਨੁ ਦੁਆਰੇ ਤ੍ਰੈ ਲੋਕ ਸਮਾਇ॥
ਮਨ ਕਾ ਸੁਭਾਉ ਸਭੁ ਕੋਈ ਕਰੈ॥
ਕਰਤਾ ਹੋਇ ਸੁ ਅਨਭੈ ਰਹੈ॥ ੨॥
ਫਲ ਕਾਰਨ ਫੂਲੀ ਬਨਰਾਇ॥
ਫਲੁ ਲਾਗਾ ਤਬ ਫੂਲੁ ਬਿਲਾਇ॥
ਗਿਆਨੈ ਕਾਰਨ ਕਰਮ ਅਭਿਆਸੁ.।
ਗਿਆਨੁ ਭਇਆ ਤਹ ਕਰਮਹ ਨਾਸੁ॥ ੩॥
ਘ੍ਰਿਤ ਕਾਰਨ ਦਧਿ ਮਥੈ ਸਇਆਨ॥
ਜੀਵਤ ਮੁਕਤ ਸਦਾ ਨਿਰਬਾਨ॥
ਕਹਿ ਰਵਿਦਾਸ ਪਰਮ ਬੈਰਾਗ॥
ਰਿਦੈ ਰਾਮੁ ਕੀ ਨ ਜਪਸਿ ਅਭਾਗ॥ ੪॥ ੧॥ [1]

ਪਦ ਅਰਥ :—**ਆਸਾ** = ਵਿਸ਼ਵਾਸ਼, ਧਰਵਾਸ, ਤਾਂਘ। **ਬਿਨਾਸਾ** = ਨਾਸ਼ਵਾਨ। **ਬਰਨ** "੭ ਸੰ. ਵਣ੍ਰਯ (ਕਰਣੇ) ਵਣ੍ਰਨ ਕਰਨ ਯੋਗਯ, ਭਾਵ ਸ਼ਬਦ ਦਾ ਸਿਧਾਂਤ ਅਰਥ।" [2] (ਨੋਟ : ਭਾਵ-ਸ਼ਬਦ ਦਾ ਅਰਥ ਹੈ ਸ਼ਬਦ ਦੀ ਅੰਤਰੀਵ ਦਸ਼ਾ (ਜਾਂ ਵਿਚਾਰ) ਨੂੰ ਪ੍ਰਗਟ ਕਰਨ ਵਾਲਾ ਅਤੇ ਸਿਧਾਂਤ ਦਾ ਅਰਥ ਹੈ "ਅੰਤ ਨੂੰ ਸਿੱਧ ਹੋਈ ਬਾਤ, ਸਹੀ ਨਤੀਜਾ" ਸੋ ਬਰਨ ਸਹਿਤ ਦਾ ਅਰਥ ਹੈ ਸ੍ਰਿਸ਼ਟੀ ਦੇ ਨਿਯਮਾਂ ਦੇ ਸਮੁੱਚੇ ਗਿਆਨ ਨਾਲ। **ਨਿਹਕਾਮ** = ਇੱਛਾ ਰਹਿਤ, ਕਾਮਨਾ ਰਹਿਤ, ਵਾਸਨਾ ਰਹਿਤ॥ ੧॥

---

1. ਆਦਿ ਗ੍ਰੰਥ - ਪੰਨਾ : ੧੧੬੭ 2. ਮਹਾਨ ਕੋਸ਼ - ਪੰਨਾ : ੬੩੦

ਰਵੈ = ਜਪਦਾ ਹੈ, ਸਿਮਰਨ ਕਰਦਾ ਹੈ। **ਪਰਸੈ** = ਛੂੰਹਦਾ ਹੈ। **ਦੁਬਿਧਾ** = ਦ੍ਵੈਤਭਾਵ। ਭਰਮ, ਦੁਖ, ਇੱਛਾਵਾਂ॥ ੧॥ ਰਹਾਉ॥

ਖਾਇ = ਮੁਕਤ ਹੋ ਜਾਂਦਾ ਹੈ। **ਬਿਨੁ-ਦੁਆਰੇ** = ਜਿਸ ਦੀਆਂ ਇੰਦਰੀਆਂ ਨਹੀਂ ਭਾਵ ਪਰਮਾਤਮਾ। **ਸਮਾਇ** = ਲੀਨ ਹੋਣਾ। **ਕਰਤਾ ਹੋਇ** = ਕਰਤਾਰ ਰੂਪ ਹੋਕੇ। **ਅਨਭੈ** = ਪਰਤੱਖ ਗਿਆਨ ਨਿਰਭਯ॥ ੨॥

ਬਨਰਾਇ = ਬਨਸਪਤੀ। **ਗਿਆਨੈ** = ਗਿਆਨ ਦੀ। **ਕਰਮ-ਅਭਿਆਸ** = ਗਿਆਨ ਨੂੰ ਪਰਪਕ ਕਰਨ ਲਈ ਸਖ਼ਤ ਮਿਹਨਤ। **ਕਰਮਹ ਨਾਸੁ** = ਦੁੱਖਾਂ, ਇੱਛਾਵਾਂ, ਵਿਕਾਰਾਂ ਦਾ ਨਾਸ਼॥ ੩॥

ਦਧਿ = ਦਹੀਂ। **ਮਥੈ** = ਰਿੜਕਦੀ ਹੈ। **ਨਿਰਬਾਨ** = ਇੱਛਾਵਾਂ ਰਹਿਤ, ਵਾਸਨਾ ਰਹਿਤ ਭਾਵ ਪ੍ਰਭ ਪ੍ਰਾਪਤੀ। **ਬੈਰਾਗ** = ਦੁੱਖਾਂ, ਇੱਛਾਵਾਂ, ਵਿਕਾਰਾਂ ਤੋਂ ਮੁਕਤੀ॥ ੪॥ ੧॥

ਪਰਤਖ ਗਿਆਨ, ਬੁੱਧ ਦਾ ਬੁਨਿਆਦੀ ਅਤੇ ਮਹੱਤਵਪੂਰਨ ਸਿਧਾਂਤ ਹੈ। ਇਸ ਦੀ ਪਾਲਣਾ ਬੋਧੀ ਲਈ ਹਰ ਹਾਲਤ ਵਿਚ ਜ਼ਰੂਰੀ ਹੈ।

ਆਦਿ ਧਰਮ, ਬੁੱਧ ਧਰਮ ਅਤੇ ਬਾਣੀ ਗੁਰੂ ਰਵਿਦਾਸ ਜੀ

ਗੁਰੂ ਰਵਿਦਾਸ ਜੀ ਬ੍ਰਹਮ-ਗਿਆਨੀ ਸਨ, ਇਸ ਕਰਕੇ ਉਨ੍ਹਾਂ ਨੂੰ ਤ੍ਰੈਲੋਕੀ ਦਾ ਗਿਆਨ ਸੀ। ਤ੍ਰੈਲੋਕੀ ਦਾ ਗਿਆਨ ਹੋਣ ਕਰਕੇ ਉਹ ਗਹਿਰ ਗੰਭੀਰ, ਉੱਚ ਪਾਏ ਦੇ ਚਿੰਤਕ ਵੀ ਸਨ। ਇਸ ਕਰਕੇ ਉਨ੍ਹਾਂ ਦੀ ਡੂੰਘੀ ਨੀਝ, ਪਾਰਖੂ ਵਿਗਿਆਨਕ ਦ੍ਰਿਸ਼ਟੀ ਅਤੇ ਵਿਸ਼ਵ ਵਿਆਪੀ ਪ੍ਰੌਢ ਸੂਝ-ਬੂਝ ਨੇ ਨਵੇਂ ਵਿਸ਼ਵ ਧਰਮ ਦੀ ਨਵੀਂ ਵਿਚਾਰਧਾਰਾ ਨੂੰ ਜਨਮ ਦਿੱਤਾ।

ਗੁਰੂ ਰਵਿਦਾਸ ਜੀ ਦੇ ਸ਼ਬਦ "ਬਿਨੁ ਦੇਖੈ ਉਪਜੈ ਨਹੀਂ ਆਸਾ" ਅਤੇ ਉਨ੍ਹਾਂ ਦੀ ਸਮੁੱਚੀ ਬਾਣੀ ਤੋਂ ਇਹ ਵੀ ਸਪਸ਼ਟ ਹੋ ਜਾਂਦਾ ਹੈ ਕਿ ਨਵੇਂ ਵਿਸ਼ਵ ਧਰਮ ਦੀ ਵਿਚਾਰਧਾਰਾ ਦਾ ਆਧਾਰ "ਆਦਿ ਧਰਮ" ਹੈ। ਜਿਸਨੂੰ ਵਿਦਵਾਨਾਂ ਨੇ "ਸ੍ਰਮਣ ਧਰਮ" ਜਾਂ ਅਵੈਦਿਕ ਧਰਮ ਦਾ ਨਾਮ ਦਿੱਤਾ ਹੈ। ਅਵੈਦਿਕ, ਵੈਦਿਕ ਦਾ ਵਿਰੋਧੀ ਸ਼ਬਦ ਹੈ। ਸੋ ਅਵੈਦਿਕ ਧਰਮ ਦਾ ਵੈਦਿਕ ਧਰਮ ਨਾਲ ਕੋਈ ਸੰਬੰਧ ਨਹੀਂ ਹੈ। ਇਸ ਤੋਂ ਉਲਟ ਅਵੈਦਿਕ ਧਰਮ, ਵੈਦਿਕ ਧਰਮ ਨਾਲੋਂ ਪ੍ਰਾਚੀਨ ਹੋਣ ਕਰਕੇ ਵੈਦਿਕ ਧਰਮ ਵਿੱਚ ਨਿਰੂਪਤ ਸਦਾਚਾਰੀ ਪੱਖ ਉੱਪਰ ਅਵੈਦਿਕ ਧਰਮ ਦਾ ਅਮਿੱਟ ਅਤੇ ਸ਼ਕਤੀਸ਼ਾਲੀ ਪ੍ਰਭਾਵ ਹੈ। ਅਵੈਦਿਕ ਧਰਮ ਦੁਨੀਆਂ ਦੇ ਧਰਮਾਂ ਵਿਚੋਂ ਸੱਭ ਤੋਂ ਪ੍ਰਾਚੀਨ ਧਰਮ ਹੈ। ਇਸ ਕਰਕੇ ਕਈ ਵਿਦਵਾਨਾਂ ਨੇ ਇਸ ਨੂੰ ਆਦਿ ਧਰਮ ਦਾ ਨਾਮ ਵੀ ਦਿੱਤਾ ਹੈ।

ਗੁਰੂ ਰਵਿਦਾਸ ਜੀ ਵਿਚਾਰ ਅਧੀਨ ਸ਼ਬਦ ਵਿੱਚ "ਜੋਗੀ" ਲਫ਼ਜ਼ ਦੀ ਵਰਤੋਂ ਕਰਦੇ ਹਨ।

> "ਮਹਿੰਜੋਦੜੋ ਤੇ ਹੜੱਪਾ ਦੀ ਖੁਦਾਈ ਵਿੱਚ ਕਈ ਮੂਰਤੀਆਂ ਯੋਗੀਆਂ ਦੀਆਂ ਮਿਲੀਆਂ ਹਨ।" [1]

ਇਸ ਤੋਂ ਸਪਸ਼ਟ ਹੁੰਦਾ ਹੈ ਕਿ ਗੁਰੂ ਰਵਿਦਾਸ ਜੀ ਨੂੰ ਮਹਿੰਜੋਦੜੋ ਅਤੇ ਹੜੱਪਾ ਦੇ ਸਭਿਆਚਾਰ ਅਤੇ ਧਰਮ ਬਾਰੇ ਵੀ ਡੂੰਘਾ ਗਿਆਨ ਸੀ। ਡਾ. ਐਲ. ਐਮ. ਜੋਸ਼ੀ, "ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਲਿਖਦੇ ਹਨ :

> "ਇਸ ਵੈਦਿਕ ਬ੍ਰਾਹਮਣ ਧਰਮ ਦੇ ਨਾਲ ਹੀ ਪ੍ਰਾਚੀਨ ਭਾਰਤ ਵਿੱਚ ਇੱਕ ਦੂਜਾ ਮੁੱਖ ਧਰਮ ਸੀ, ਜਿਸ ਨੂੰ ਸ੍ਰਮਣ ਧਰਮ ਜਾਂ ਅਵੈਦਿਕ ਧਰਮ ਕਿਹਾ ਗਿਆ ਹੈ ਇਸ ਦੀ ਉਤਪਤੀ ਭਾਰਤ ਦੇ ਮੂਲ ਨਿਵਾਸੀਆਂ ਦੇ ਧਰਮ ਤੋਂ ਹੋਈ ਸੀ। ਇਹ ਮੂਲ ਧਰਮ ਆਰੀਆਂ ਦੇ ਭਾਰਤ-ਪ੍ਰਵੇਸ਼ ਤੋਂ ਬਹੁਤ ਪਹਿਲੇ ਤੋਂ ਤੁਰਿਆ ਆ ਰਿਹਾ ਸੀ। ਹੜੱਪਾ ਤੇ ਮਹਿੰਜੋਦੜੋ ਦੀ ਸਭਿਅਤਾ ਭਾਰਤ ਦੇ ਮੂਲ ਨਿਵਾਸੀਆਂ ਦੀ ਸਭਿਅਤਾ ਸੀ।" [2]

ਇਸ ਪੈਰੇ ਤੋਂ ਹੇਠ ਲਿਖੇ ਸਿੱਟੇ ਨਿਕਲਦੇ ਹਨ :

---

1. ਧਮਪਦ - ਪੰਨਾ : ੧੨ 2. ਓਹੀ - ਪੰਨਾ : ੧੧-੧੨

1. ਸ੍ਰਮਣ ਧਰਮ (ਆਦਿ ਧਰਮ) ਮੂਲ ਨਿਵਾਸੀਆਂ ਦਾ ਧਰਮ ਹੈ।
2. ਆਦਿ ਧਰਮ, ਆਰੀਆਂ ਦੇ ਭਾਰਤ-ਪ੍ਰਵੇਸ਼ ਤੋਂ ਬਹੁਤ ਚਿਰ ਪਹਿਲਾਂ ਹੋਂਦ ਵਿੱਚ ਆ ਚੁੱਕਾ ਸੀ।
3. ਮਹਿੰਜੋਦੜੋ ਤੇ ਹੜੱਪਾ ਦੀ ਸਭਿਅਤਾ ਭਾਰਤ ਦੇ ਮੂਲ ਨਿਵਾਸੀਆਂ ਦੀ ਸਭਿਅਤਾ ਸੀ।
4. ਆਰੀਆ ਲੋਕ ਵਿਦੇਸ਼ੀ ਹਨ।

ਇਸ ਅਧਿਐਨ ਤੋਂ ਪਰਪੱਕ ਹੋ ਗਿਆ ਹੈ ਕਿ ਆਦਿ ਧਰਮ (ਸ੍ਰਮਣ ਧਰਮ) ਦੁਨੀਆਂ ਦੇ ਸਭ ਧਰਮਾਂ ਤੋਂ ਪੁਰਾਣਾ ਧਰਮ ਹੈ। ਆਰੀਆਂ ਨੇ ਤਾਂ ਅਜੇ ਭਾਰਤ ਵਿੱਚ ਪ੍ਰਵੇਸ਼ ਹੀ ਨਹੀਂ ਸੀ ਕੀਤਾ, ਜਦੋਂ ਦਾ ਇਹ ਧਰਮ ਭਰਵੇਂ ਰੂਪ ਵਿੱਚ ਵਿਕਸਤ ਹੋ ਚੁੱਕਾ ਸੀ। ਦੂਜੇ, ਜਦੋਂ ਆਰੀਆ ਲੋਕਾਂ ਨੇ ਭਾਰਤ ਵਿੱਚ ਪ੍ਰਵੇਸ਼ ਕੀਤਾ, ਓਦੋਂ ਆਰੀਆ ਲੋਕ ਕੋਰੇ ਅਨਪੜ, ਗੰਵਾਰ ਅਤੇ ਜੰਗਲੀ ਸਨ। ਇਸ ਤੱਥ ਦੀ ਗਵਾਹੀ ਮੈਸੋਪੋਟੇਮੀਆ ਦੇ ਥੇਹਾਂ ਦੀ ਖੁਦਾਈ ਤੋਂ ਪ੍ਰਾਪਤ ਹੋਈ ਹੈ। ਇਸ ਸੰਬੰਧੀ ਸ. ਕਪੂਰ ਸਿੰਘ I.C.S. ਲਿਖਦੇ ਹਨ,

> "ਹੁਣ ਨਕਸ਼ਾ ਬਿਲਕੁਲ ਬਦਲ ਗਿਆ ਹੈ। ਹੁਣ ਨਕਸ਼ਾਂ ਇਉਂ ਹੈ ਜੁ ਹੜੱਪਾ ਸਭਿਅਤਾ ਦੇ ਲੋਕਾਂ ਦੇ ਸਾਹਮਣੇ ਆਰੀਆ ਲੋਕ ਕਸ਼ਾਤ੍ਰ ਬ੍ਰਿਤੀਆਂ ਵਾਲੇ ਜੰਗਲੀ ਤੇ ਅਸੱਭਯ ਲੋਕ ਸਨ। ਜਿਸ ਵਿਸ਼ਵ ਵਿਆਪੀ ਉੱਥਲ ਪੁੱਥਲ ਵੱਲ ਉੱਤੇ ਸੰਕੇਤ ਹੋ ਚੁੱਕਾ ਹੈ, ਉਸ ਬਾਰੇ, ਮੈਸੋਪੋਟੇਮੀਆ ਦੇ ਇੱਕ ਥੇਹ "ਅਮਰੂ" ਵਿਚੋਂ ਇੱਕ ਟੁੱਟਾ ਹੋਇਆ ਠੀਕਰ ਕੋਈ ਚਾਲੀ ਕੁ ਵਰ੍ਹੇ ਹੋਏ ਲੱਭਾ ਹੈ, ਜਿਸ ਉਤੇ ਇਕ ਨਹੇਰਨਾ ਲਿਖਤ ਵਿਚ "ਉਰ" ਦੇ ਤ੍ਰਿੱਤੀਆ ਰਾਜ ਘਰਾਣੇ ਦੇ ਸਮੇਂ, ਘੁੱਗ ਵਸਦੇ ਸ਼ਹਿਰਾਂ ਉੱਤੇ, ਜੰਗਲੀ ਲੋਕਾਂ ਦੀ ਯਲਗਾਰ ਬਾਰੇ ਲਿਖਿਆ ਹੋਇਆ ਹੈ, ਭੈ ਤੇ ਅਸਤਿਕਾਰ ਭਰੇ ਲਹਿਜੇ ਵਿਚ :
>
> **"ਇਹ ਜਾਂਗਲੀ ਲੋਕ ਹਵਾ ਦੇ ਝੱਖੜ ਵਾਂਗਰ ਟੁੱਟ ਕੇ ਆ ਪੈਂਦੇ ਹਨ। ਇਨ੍ਹਾਂ ਲੋਕਾਂ ਨੇ ਜੰਮ ਕੇ ਕਦੇ ਕੋਈ ਨਗਰ ਜਾਂ ਸ਼ਹਿਰ ਨਹੀਂ ਦੇਖਿਆ।** ਇਹ ਲਿਖਤ ਮਸੀਹੀ ਸੰਮਤ ਦੇ ਅਰੰਭ ਤੋਂ ਪਹਿਲਾਂ ਦੀ ਸਹੰਸ੍ਰਾਬਦੀ ਦੇ ਮਧੰਤਰ ਕਾਲ ਦੀ ਹੈ। ਇਹੋ ਸਮਾਂ ਰਿਗ ਵੇਦ ਦੇ ਆਰਯ ਲੋਕਾਂ ਦੇ ਸਿੰਧੂ ਭੂਮੀ ਦੀ ਹੜੱਪਾ ਸੱਭਯਤਾ ਨੂੰ ਨਾਸ਼ ਕਰਨ ਦਾ ਸਮਾਂ ਹੈ।"[1]

---

1. ਪੁੰਦ੍ਰੀਕ - ਪੰਨਾ : ੨੧੨-੨੧੩, ਕਰਤਾ ਸਿਰਦਾਰ ਕਪੂਰ ਸਿੰਘ ਐਮ.ਏ.(ਪੰਜਾਬ) ਐਮ.ਏ.(ਕੰਟਬ) ਭੂਤਪੂਰਵ ਆਈ.ਸੀ.ਐਸ., ਧਾਰਮਿਕ ਪ੍ਰੋਫੈਸਰ ਖਾਲਸਾ ਕਾਲਜ ਬੰਬਈ, ਮੈਂਬਰ ਪਾਰਲੀਮੈਂਟ (ਲੋਕ ਸਭਾ) ਮੈਂਬਰ ਵਿਧਾਨ ਸਭਾ। ਭੂਤਪੂਰਵ ਪ੍ਰੋਫੈਸਰ ਆਫ਼ ਸਿਖਿਜ਼ਮ ਆਦਿ।

ਸੋ ਇਸ ਤੱਥ ਤੋਂ ਪਰਪੱਕ ਤੌਰ ਤੇ ਦ੍ਰਿੜ ਹੋ ਗਿਆ ਹੈ ਕਿ ਆਰੀਆ ਲੋਕ ਗੰਵਾਰ ਸਨ, ਜਾਂਗਲੀ ਸਨ। ਧਰਮ ਕੀ ਹੁੰਦਾ ਹੈ? ਅਤੇ ਸੰਸਕ੍ਰਿਤੀ ਕਿਸ ਬਲਾ ਦਾ ਨਾਮ ਹੈ? ਉਹ ਇਸ ਬਾਰੇ ਉੱਕਾ ਹੀ ਕੋਰੇ ਅਤੇ ਅਣਜਾਣ ਸਨ। ਉਹ ਕੇਵਲ ਤੇ ਕੇਵਲ ਜਾਂਗਲੀ ਸਨ। ਇਸ ਕਰਕੇ ਆਰੀਆ ਲੋਕਾਂ ਨੇ ਭਾਰਤ ਵਿੱਚ ਪ੍ਰਵੇਸ਼ ਕਰਦਿਆਂ ਹੀ ਇਥੋਂ ਦੀ ਅਣਮੁਲੀ ਵਿਕਸਤ ਸੰਸਕ੍ਰਿਤੀ (Culture) ਧਰਮ ਅਤੇ ਸਭਿਅਤਾ (Civilization) ਨੂੰ ਸਾੜ ਫੂਕ ਕੇ ਤਬਾਹ ਕਰ ਦਿੱਤਾ ਅਤੇ ਮਹਿੰਜੋਦੜੋ ਅਤੇ ਹੜੱਪਾ ਦੇ ਲੋਕਾਂ ਨੂੰ ਘਰਾਂ ਵਿੱਚ ਬੰਦ ਕਰਕੇ ਅਤੇ ਘਰਾਂ ਨੂੰ ਅੱਗ ਲਾਕੇ, ਚਿਖਾ ਬਣਾ ਦਿੱਤਾ ਅਤੇ ਸਮੁਚਾ ਖੇਤਰ ਸ਼ਮਸ਼ਾਨ ਘਾਟ ਬਣ ਗਿਆ। ਆਰੀਆਂ ਦੇ ਖੂੰ-ਖਾਰ ਜੰਗਲੀ ਹੋਣ ਦਾ ਇਸ ਤੋਂ ਵੱਧ ਹੋਰ ਸਬੂਤ ਕੀ ਹੋ ਸਕਦਾ ਹੈ? ਇਸੇ ਕਾਰਣ ਪੁਰਾਤਤਵ-ਵਿਗਿਆਨੀਆਂ ਨੇ ਇਸ ਖੇਤਰ ਦਾ ਨਾਮ ਹੀ "ਮਹਿੰਜੋਦੜੋ" ਰੱਖ ਦਿੱਤਾ। ਮਹਿੰਜੋਦੜੋ ਦਾ ਅਰਥ ਹੈ "ਮੁਰਦਿਆਂ ਦਾ ਥੇਹ"।

ਉਪਰੋਕਤ ਚਰਚਾ ਤੋਂ ਦ੍ਰਿੜ ਹੋ ਗਿਆ ਹੈ ਕਿ ਆਰੀਆ ਲੋਕ ਜਾਂਗਲੀ ਸਨ। ਇਸ ਤੋਂ ਇਹ ਵੀ ਪਰਪੱਕ ਹੋ ਗਿਆ ਹੈ ਕਿ ਆਰੀਆ ਲੋਕਾਂ ਨੇ ਧਰਮ ਦੀ ਸਿਖਿਆ, ਸੰਸਕ੍ਰਿਤੀ ਅਤੇ ਸੱਭਿਅਤਾ ਦਾ ਢੰਗ ਤਰੀਕਾ ਮਹਿੰਜੋਦੜੋ ਅਤੇ ਹੜੱਪਾ ਤੋਂ ਹੀ ਪ੍ਰਾਪਤ ਕੀਤਾ ਹੈ। ਇਸ ਲਈ ਆਦਿ ਧਰਮ ਉੱਪਰ ਵੈਦਿਕ ਧਰਮ ਦੇ ਪ੍ਰਭਾਵ ਦਾ ਪ੍ਰਸ਼ਨ ਹੀ ਨਹੀਂ ਉੱਠਦਾ। ਇਸ ਤੋਂ ਉਲਟ ਵੈਦਿਕ ਧਰਮ ਨੇ ਅਵੈਦਿਕ ਧਰਮ (ਆਦਿ ਧਰਮ) ਦੀ ਵਿਚਾਰਧਾਰਾ ਤੋਂ ਸ਼ਕਤੀਸ਼ਾਲੀ ਅਤੇ ਅਮਿੱਟ ਪ੍ਰਭਾਵ ਕਬੂਲ ਕੀਤਾ ਹੈ। ਇਸ ਕਰਕੇ ਅਵੈਦਿਕ ਧਰਮ ਦੀ ਵਿਚਾਰਧਾਰਾ, ਵੈਦਿਕ ਧਰਮ ਦੀ ਵਿਚਾਰਧਾਰਾ ਦਾ ਆਧਾਰ ਬਣੀ। ਇਸ ਤੱਥ ਦੀ ਡਾ. ਜੋਸ਼ੀ ਵੀ ਪ੍ਰੋੜਤਾ ਕਰਦੇ ਲਿਖਦੇ ਹਨ :

> "ਸਾਂਖਯ ਦਰਸ਼ਨ ਯੋਗ ਅਭਿਆਸ, ਜੈਨ ਧਰਮ, ਬੁੱਧ ਧਰਮ, ਆਜੀਵਿਕ ਧਰਮ ਤੇ ਉਪਨਿਸ਼ਦਾਂ ਦੀ ਉਹ ਵਿਚਾਰਧਾਰਾ ਜੋ ਵੈਦਿਕ ਵਿਚਾਰਾਂ ਦੀ ਵਿਰੋਧੀ ਤੇ ਸਾਂਖਯ ਯੋਗ ਤੇ ਬੁੱਧ-ਜੈਨ ਆਦਰਸ਼ਾਂ ਦੇ ਅਨੁਕੂਲ ਹੈ, ਇਸੇ ਅਵੈਦਿਕ ਸੰਸਕ੍ਰਿਤੀ ਦੀ ਦੇਣ ਹੈ। ਇਥੇ ਸਵਾਲ ਇਹ ਹੈ ਕਿ ਉਪਨਿਸ਼ਦ, ਵੈਦਿਕ ਅਤੇ ਬ੍ਰਾਹਮਣ ਧਰਮ ਦੇ ਗ੍ਰੰਥ ਹਨ, ਇਨ੍ਹਾਂ ਵਿੱਚ ਅਵੈਦਿਕ ਵਿਚਾਰ ਕਿਵੇਂ ਆਏ? ਪੱਕੀ ਗੱਲ ਹੈ ਕਿ ਇਹ ਅਵੈਦਿਕ ਵਿਚਾਰ ਅਵੈਦਿਕ ਸੰਸਕ੍ਰਿਤੀ ਤੋਂ ਦਾਖਲ ਹੋਏ ਸਨ।"[1]

---

(1) ਧਮਪਦ - ਪੰਨਾ-੧੨, — "ਡੀਸਿਫ਼ਰਮੈਂਟ ਆਫ਼ ਦਾ ਇੰਡਸ ਸਕਰਿਪਟ" ਲੇਖਕ ਸ੍ਰੀ ਐਸ. ਆਰ. ਰਾਉ.

ਇਸ ਪੈਰ੍ਹੇ ਤੋਂ ਇਹ ਵਿਚਾਰ ਦ੍ਰਿੜ ਹੋ ਜਾਂਦਾ ਹੈ ਕਿ ਆਦਿ ਧਰਮ ਵਿੱਚ ਨਿਰੂਪਤ ਉੱਚ ਪਾਏ ਦੇ ਸਦਾਚਾਰਕ, ਧਾਰਮਕ ਅਤੇ ਸੰਸਕ੍ਰਿਤਕ ਆਦਿ ਵਿਚਾਰਾਂ ਨੂੰ ਬੁੱਧ ਧਰਮ, ਜੈਨ ਧਰਮ, ਉਪਨਿਸ਼ਦ ਆਦਿ ਨੇ ਉਧਾਰ ਲਿਆ ਹੈ।

ਬੁੱਧ ਧਰਮ ਦੀ ਜਿਸ ਵਿਚਾਰਧਾਰਾ ਦੀ ਪ੍ਰਸੰਸਾ ਸਾਰਾ ਸੰਸਾਰ ਕਰਦਾ ਹੈ ਉਹ ਵਿਚਾਰਧਾਰਾ ਦਰਅਸਲ ਆਦਿ ਧਰਮ (ਸ੍ਰਮਣ ਧਰਮ) ਦੀ ਹੈ। ਆਦਿ ਧਰਮ (ਸ੍ਰਮਣ ਧਰਮ) ਦੇ ਕੁਝ ਬੁਨਿਆਦੀ ਵਿਚਾਰ ਸ੍ਰੀ ਐਸ.ਆਰ.ਰਾਉ ਨੇ ਆਪਣੀ ਪੁਸਤਕ "Decipherment of the Indus Script" ਵਿੱਚ ਮਹਿੰਜੋਦੜੋ ਅਤੇ ਹੜੱਪਾ ਦੇ ਠੀਕਰਾਂ, ਸ਼ੀਲਾਂ ਆਦਿ ਦੀ ਬੋਲੀ ਨੂੰ ਪੜਨ ਪਿਛੋਂ ਦਰਜ ਕੀਤੇ ਹਨ। ਇਹ ਵਿਚਾਰ ਬੜੇ ਮਹੱਤਵਪੂਰਨ ਅਤੇ ਵਡਮੁੱਲੇ ਹਨ। ਇਹੋ ਵਿਚਾਰ ਬੁੱਧ ਧਰਮ ਦਾ ਆਧਾਰ ਬਣਦੇ ਹਨ ਅਤੇ ਇਹੋ ਗੁਰੂ ਰਵਿਦਾਸ ਬਾਣੀ ਦਾ ਵੀ ਆਧਾਰ ਬਣਦੇ ਹਨ।

ਅਚੰਬੇ ਵਾਲੀ ਗਲ ਹੈ ਕਿ ਆਦਿ ਧਰਮ ਦੇ ਬੁਨਿਆਦੀ ਵਿਚਾਰ ਬੁੱਧ ਧਰਮ ਨਾਲੋਂ ਗੁਰੂ ਰਵਿਦਾਸ ਬਾਣੀ ਦੇ ਵੱਧ ਨੇੜੇ ਹਨ।

ਦੂਜੇ ਅਰਥਾਂ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੁਨਿਆਦੀ ਵਿਚਾਰਧਾਰਾ ਦਾ ਆਧਾਰ ਬਣਦੇ ਹਨ। ਆਦਿ ਧਰਮ ਵਿੱਚ ਨਿਰੂਪਤ ਇਹਨਾਂ ਵਿਚਾਰਾਂ ਨੂੰ ਅਸੀਂ ਹੇਠਾਂ ਦਰਜ ਕਰਦੇ ਹਾਂ।

> "ਉਹ (ਸ੍ਰਿਸ਼ਟੀ) ਤੋਂ ਪਰੇ ਹੈ (ਭਾਵ ਉਹ (ਪਾਰਬ੍ਰਹਮ) ਸ੍ਰਿਸ਼ਟੀ ਦੀ ਅਣਹੋਂਦ ਵੇਲੇ ਵੀ ਵਿਚਰਦਾ ਹੈ)" [1]। (ਇਸ ਕਰਕੇ) ਉਹ "ਸਦਾ ਲਈ ਕਾਇਮ ਹੈ।" [2] ("ਕਾਇਮ ਦਾਇਮ ਸਦਾ ਪਾਤਸ਼ਾਹੀ॥" ਉਹ ਪਾਰਬ੍ਰਹਮ ਨਿਰੰਤਰ, ਲਗਾਤਾਰ ਸਦਾ ਸਦਾ ਕਾਇਮ ਹੈ ਅਤੇ ਪਾਤਸ਼ਾਹ ਹੋਣ ਕਰਕੇ ਉਹ ਆਦਿ ਤੋਂ ਹੀ ਹੁਕਮ ਚਲਾ ਰਿਹਾ ਹੈ।) ਉਹ ਆਪਣੇ ਆਪ ਤੋਂ ਗਿਆਨਵਾਨ ਹੈ ਅਤੇ ਸਭ ਦਾ ਹਿਤੂ (ਦੋਸਤ) ਹੈ। [3] ਉਹ ਆਪਣੇ ਆਪ ਹੀ ਗਿਆਨ ਦਾ ਨਿਰਮਾਣ (ਪੈਦਾ) ਕਰਦਾ ਹੈ। [4] (ਭਾਵ ਉਹ ਆਪਣੇ ਆਪ ਤੋਂ ਪ੍ਰਕਾਸ਼ਮਾਨ ਹੈ।)। ਉਹ ਆਪਣਾ ਗਿਆਨ (ਦੂਜਿਆਂ ਨੂੰ) ਪ੍ਰਦਾਨ ਕਰਕੇ ਅਗਵਾਈ ਕਰਦਾ ਹੈ ਅਤੇ ਬਚਾਉਂਦਾ ਵੀ ਹੈ।"[5] "(ਸੋ ਉਹ) ਗਿਆਨ ਨਾਲ ਇੱਛਾਵਾਂ ਤੇ ਕਾਬੂ ਪਾਉਂਦਾ ਹੈ।[6] ਇਸ ਕਰਕੇ ਉਹ ਸ਼ਾਂਤ [7] ਹੈ। (ਸਪਸ਼ਟ ਹੈ ਕਿ ਉਹ) ਗਿਆਨ ਨਾਲ ਹੀ ਇੱਛਾਵਾਂ ਤੇ ਕਾਬੂ ਪਾਉਂਦਾ ਹੈ।[8]"

(1) – ਪੰਨਾ – ੧੧੭-੨੬; ੧੩੫-੩੦; ੧੩੬-੧੩੬; ੩੮੮-੬੮. (2) ਪੰਨਾ – ੮੫-੧੩; ੩੮੮-੬੮. (3) ਪੰਨਾ- ੧੦੬-੮੫; ੧੦੬-੮੬. (4) ਪੰਨਾ-੧੦੪-੬੩. (5) ਪੰਨਾ-੧੨੬-੬੨. (6) ਪੰਨਾ-੧੦੪-੬੨, (7) ਪੰਨਾ-੬੩-੫; ੬੪-੩੬. (8) ਪੰਨਾ-੮੯-੬੫; ੧੧੨-੩; ੧੧੫-੬; ੧੭੨-੭.

> "(ਸਮਾਜਕ ਤੌਰ ਤੇ) ਉਹ ਬਚਾਉਂਦਾ ਵੀ ਹੈ [1] ਅਤੇ ਦੋਸਤ ਬਣਕੇ ਬਚਾਉ ਕਰਨ ਵਿੱਚ ਮਦਦ ਵੀ ਕਰਦਾ ਹੈ। [2] ਉਹ ਦੋਸਤ ਧੋਖੇਬਾਜ਼ ਨਹੀਂ ਹੈ ਅਤੇ ਨਾ ਹੀ ਮੰਦ-ਇੱਛਾਵਾਂ ਵਾਲਾ ਹੈ। [3]
>
> "(ਉਹ ਰਾਜਨੀਤਕ ਤੌਰ ਤੇ) ਸ਼ਕਤੀ ਪ੍ਰਦਾਨ ਕਰਦਾ ਹੈ।"[4] "ਉਹ ਬਚਾਉਣ ਵਾਲਾ ਹੈ, ਪਵਿੱਤਰ ਹੈ, ਸ਼ਕਤੀਸ਼ਾਲੀ ਹੈ ਅਤੇ ਤਬਾਹ ਕਰਨ ਵਾਲਾ ਹੈ।"[5] "ਉਹ ਬਖਸ਼ਣਹਾਰ ਵੀ ਹੈ।"[6]
>
> "ਸਦਾਚਾਰਕ ਤੌਰ ਤੇ ਉਹ ਸਲਹੁਣਯੋਗ ਹੈ।"[7] "ਦੈਵੀ ਗੁਣਾਂ ਵਾਲਾ ਅਤੇ ਵਿਸ਼ਵਾਸ਼ ਦਾ ਪਾਤਰ ਹੈ।"[8] "ਉਹ ਸਤਿਵਾਦੀ ਹੈ।" [9]
>
> ਸਮੁੱਚੇ ਤੌਰ ਤੇ : "ਉਹ (ਹਰ ਖੇਤਰ ਵਿੱਚ) ਅਗਵਾਈ ਕਰਦਾ ਹੈ, (ਧਾਰਮਿਕ, ਵਿਦਿਅਕ, ਸਮਾਜਕ, ਰਾਜਨੀਤਕ, ਸਦਾਚਾਰਕ ਆਦਿ। ਭਾਵ ਉਹ ਹਰ ਖੇਤਰ ਵਿੱਚ ਗੁਰੂ-ਰੂਪ ਹੈ।)"[10]

ਉਪਰੋਕਤ ਵਿਚਾਰਾਂ ਵਿੱਚ ਕਿਧਰੇ ਵੀ ਪੱਖਪਾਤ ਨਹੀਂ ਹੈ। ਕਿਸੇ ਖਾਸ ਵਰਗ ਨੂੰ ਵੱਧ ਅਧਿਕਾਰ ਨਹੀਂ ਦਿੱਤੇ ਗਏ ਅਤੇ ਨਾ ਹੀ ਕੋਈ ਨੀਵਾਂ ਵਰਗ ਸਿਰਜ ਕੇ ਉਸ ਨੂੰ ਘੱਟ ਅਧਿਕਾਰ ਦਿੱਤੇ ਗਏ ਹਨ। ਸਾਰੇ ਵਿਚਾਰ, ਸਾਰਿਆਂ ਲਈ ਬਰਾਬਰ ਦਾ ਅਧਿਕਾਰ ਪ੍ਰਦਾਨ ਕਰਦੇ ਹਨ। ਸਪਸ਼ਟ ਹੈ, ਮਹਿੰਜੋਦੜੋ ਅਤੇ ਹੜੱਪਾ ਦੇ ਧਰਮ ਅਤੇ ਸਮਾਜ ਵਿੱਚ ਕਿਸੇ ਤਰ੍ਹਾਂ ਦੀ ਕੋਈ ਵੰਡ ਨਹੀਂ ਹੈ। ਇਹ ਸਾਰੇ ਵਿਚਾਰ ਕੁਦਰਤ ਦੇ ਨਿਯਮਾਂ ਦੀ ਹੀ ਪ੍ਰੋੜਤਾ ਕਰਦੇ ਹਨ। ਗੁਰੂ ਰਵਿਦਾਸ ਜੀ ਦੇ ਸ਼ਬਦ 'ਬੇਗਮਪੁਰਾ ਸਹਰ ਕੋ ਨਾਓ' ਵਿਚ ਬੜੇ ਸਪੱਸ਼ਟ ਅਤੇ ਸਿਧਾਂਤਕ ਰੂਪ ਵਿਚ ਦਰਜ ਹਨ।

ਸੋ ਉਪਰੋਕਤ ਚਰਚਾ ਤੋਂ ਸਪਸ਼ਟ ਹੁੰਦਾ ਹੈ ਕਿ ਮਹਾਤਮਾ ਬੁੱਧ ਨੇ ਆਦਿ ਧਰਮ ਵਿੱਚ ਸੋਧ ਕਰਕੇ ਇਸ ਦੇ ਬੁਨਿਆਦੀ ਅਤੇ ਵਿਗਿਆਨਕ ਤੱਤਾਂ ਨੂੰ ਆਪਣੀ ਵਿਚਾਰਧਾਰਾ ਵਿੱਚ ਸ਼ਾਮਲ ਕਰ ਲਿਆ ਹੈ। ਸੋ ਆਦਿ ਧਰਮ ਦੀ ਵਿਚਾਰਧਾਰਾ ਦੇ ਬੁਨਿਆਦੀ ਤੱਤ ਅੱਜ ਦੇ ਸੰਸਾਰ ਵਿੱਚ ਵਿਚਰ ਰਹੇ ਧਰਮਾਂ ਵਿੱਚੋਂ ਮਹਾਨਤਮ ਹਨ। ਬੁੱਧ ਧਰਮ ਦੀ ਬੁਨਿਆਦੀ ਵਿਚਾਰਧਾਰਾ ਦਾ ਸ਼ਕਤੀਸ਼ਾਲੀ ਪ੍ਰਭਾਵ ਗੁਰੂ ਰਵਿਦਾਸ ਜੀ ਦੀ ਸਮੁੱਚੀ ਬਾਣੀ ਉੱਪਰ ਪਿਆ ਹੈ। ਇਸ ਤੱਥ ਦਾ ਸਬੂਤ ਉਪਰੋਕਤ ਇਕ ਸ਼ਬਦ ਦੇ ਅਧਿਐਨ ਤੋਂ ਹੀ ਪ੍ਰਾਪਤ ਹੋ ਜਾਂਦਾ ਹੈ। ਸੋ ਇਸ ਪੈਰੇ ਤੋਂ ਪਰਪੱਕਤਾ ਨਾਲ ਦ੍ਰਿੜ ਹੋ ਗਿਆ ਹੈ ਕਿ ਅੱਜ ਦੇ ਸੰਸਾਰ ਦੇ ਧਰਮਾਂ ਵਿੱਚੋਂ ਗੁਰੂ ਰਵਿਦਾਸ ਜੀ ਦੀ ਬਾਣੀ ਸਰਵੋਤਮ ਹੈ। ਉਨ੍ਹਾਂ ਦੀ ਵਿਚਾਰਧਾਰਾ

(1) ਪੰਨਾ-੬੦-੩੨; ੬੨-੫੦. (2) ਪੰਨਾ-੬੮-੫੩. (3) ਪੰਨਾ-੧੭੮-੧੯. (4) ਪੰਨਾ-੫੭-੪. (5) ਪੰਨਾ-੧੨੪-੫੫; ੩੭੯-੨੦੩. (6) ਪੰਨਾ-੧੬੭-੧੪. (7) ਪੰਨਾ-੮੬-੨੮. (8) ਪੰਨਾ-੮੬-੨੯. (9) ਪੰਨਾ-੬੫-੧੦. (10) ਪੰਨਾ-੧੪੭-੨੨.

ਵਿਗਿਆਨਕ ਹੋਣ ਕਰਕੇ ਮਹਾਨ ਵੀ ਹੈ। ਇਸ ਦੀ ਪ੍ਰੌੜਤਾ ਲਈ ਡੂੰਘੇ ਅਧਿਐਨ ਦੀ ਜ਼ਰੂਰਤ ਹੈ। ਇਹ ਪ੍ਰੌੜਤਾ ਕੇਵਲ ਵਿਚਾਰ ਅਧੀਨ ਸ਼ਬਦ ਤੋਂ ਹੀ ਮੁਕੰਮਲ ਤੌਰ ਤੇ ਦ੍ਰਿੜ ਹੋ ਜਾਂਦੀ ਹੈ। ਅਸੀਂ ਅੱਗੇ ਚੱਲਕੇ ਇਸ ਦਾ ਅਧਿਐਨ ਕਰਾਂਗੇ।

ਇਸ ਪੈਰੇ ਤੋਂ ਪਰਪੱਕ ਤੌਰ ਤੇ ਇਹ ਵੀ ਸਪਸ਼ਟ ਹੋ ਗਿਆ ਹੈ ਕਿ ਆਦਿ ਧਰਮ ਤੋਂ ਵੈਦਿਕ ਧਰਮ ਨੇ ਵੀ ਸ਼ਕਤੀਸ਼ਾਲੀ ਅਤੇ ਮਹੱਤਵਪੂਰਨ ਪ੍ਰਭਾਵ ਕਬੂਲ ਕੀਤੇ ਹਨ। ਇਸ ਤੋਂ ਸਿੱਟਾ ਨਿਕਲਦਾ ਹੈ ਕਿ ਜੋ ਥੋੜਾ ਬਹੁਤ ਵਿਗਿਆਨਕ ਧਰਮ ਅਤੇ ਸਦਾਚਾਰ ਵੈਦਿਕ ਧਰਮ ਵਿੱਚ ਉਪਲਭਧ ਹੈ ਉਹ ਅਵੈਦਿਕ ਧਰਮ ਦੇ ਪ੍ਰਭਾਵ ਸਦਕਾ ਹੀ ਹੈ। ਇਹ ਤੱਥ ਅਵੈਦਿਕ ਧਰਮ (ਆਦਿ ਧਰਮ) ਜਾਂ ਸ੍ਰਮਣ ਧਰਮ ਦੀ ਵਿਚਾਰਧਾਰਾ ਤੋਂ ਵੀ ਸਪਸ਼ਟ ਹੋ ਜਾਂਦਾ ਹੈ।

> "ਦੂਜੀ ਵਿਚਾਰਧਾਰਾ (ਅਵੈਦਿਕ ਧਰਮ ਦੀ ਵਿਚਾਰਧਾਰਾ) ਵਿੱਚ ਸੰਸਾਰ ਦਾ ਵਿਚਾਰ (ਦੁੱਖ ਦੀ ਚੇਤਨਾ) ਕਰਮ ਦਾ ਸਿਧਾਂਤ, ਨੈਤਿਕ ਆਦਰਸ਼, ਧਿਆਨ ਯੋਗ ਸਾਧਨਾ ਤੇ ਮੋਕਸ਼ ਦੇ ਵਿਚਾਰ ਮੁੱਖ ਸਨ। ਇਸ ਨੂੰ ਸ੍ਰਮਣ ਸੰਸਕ੍ਰਿਤੀ ਕਿਹਾ ਗਿਆ ਹੈ।..... ਇਸ ਦੇ ਪ੍ਰਧਾਨ ਆਚਰਜ ਜੋਗੀ, ਜਤੀ, ਮੁਨੀ, ਵਾਨਪ੍ਰਸਥੀ ਤੇ ਉਦਾਸੀ ਸਾਧੂ ਸਨ।"[1]

ਇਸ ਪੈਰੇ ਤੋਂ ਹੇਠ ਲਿਖੇ ਸਿੱਟੇ ਦ੍ਰਿਸ਼ਟੀਗੋਚਰ ਹੁੰਦੇ ਹਨ :

੧. ਆਦਿ ਧਰਮ (ਅਵੈਦਿਕ ਧਰਮ) ਦੀ ਵਿਚਾਰਧਾਰਾ ਵਿਸ਼ਵ-ਵਿਆਪੀ ਸੀ। ਬੁੱਧ ਧਰਮ ਅਤੇ ਬਾਣੀ ਗੁਰੂ ਰਵਿਦਾਸ ਦੀ ਵਿਚਾਰਧਾਰਾ ਵੀ ਵਿਸ਼ਵ ਵਿਆਪੀ ਹੈ।

੨. ਇਸ ਦੇ ਬੁਨਿਆਦੀ ਤੱਤ ਨੈਤਿਕਤਾ, ਸਾਧਨਾ ਅਤੇ ਮੁਕਤੀ ਆਦਿ ਹਨ। ਇਹੋ ਬੁਨਿਆਦੀ ਤੱਤ ਬੁੱਧ ਧਰਮ ਅਤੇ ਗੁਰੂ ਰਵਿਦਾਸ ਬਾਣੀ ਵਿੱਚ ਵੀ ਨਿਰੂਪਤ ਹਨ।

੩. ਜੋਗੀ, ਮੁਨੀ ਆਦਿ ਧਰਮ ਦੇ ਸੰਚਾਲਕ ਸਨ। ਮਹਿੰਜੋਦੜੋ ਤੇ ਹੜੱਪਾ ਦੀ ਖੁਦਾਈ ਵਿੱਚ ਮਿਲੀਆਂ ਜੋਗੀਆਂ ਦੀਆਂ ਮੂਰਤੀਆਂ ਇਸ ਵਿਚਾਰ ਨੂੰ ਬਲ ਪ੍ਰਦਾਨ ਕਰਦੀਆਂ ਹਨ।

੪. ਜੋਗੀ, ਮੁਨੀ ਆਦਿ ਸ਼ਬਦ, ਆਦਿ ਧਰਮ, ਬੁੱਧ ਧਰਮ ਅਤੇ ਗੁਰੂ ਰਵਿਦਾਸ-ਬਾਣੀ ਵਿੱਚ ਦਰਜ ਹਨ। ਇਸ ਤੋਂ ਆਦਿ ਧਰਮ, ਬੁੱਧ ਧਰਮ ਅਤੇ ਗੁਰੂ ਰਵਿਦਾਸ-ਬਾਣੀ ਦੀ ਵਿਚਾਰਧਾਰਾ ਵਿੱਚ ਏਕਤਾ ਅਤੇ ਸੁਮੇਲ ਸਪਸ਼ਟ ਹੋ ਜਾਂਦਾ ਹੈ।

ਇਸ ਤਰ੍ਹਾਂ ਬੁੱਧ ਧਰਮ ਨੇ ਬਹੁਤ ਕੁਝ ਆਦਿ ਧਰਮ (ਸ੍ਰਮਣ ਧਰਮ) ਦੀ

1. ਧਮਪਦ - ਪੰਨਾ : ੧੨

ਵਿਚਾਰਧਾਰਾ ਅਤੇ ਸੰਸਕ੍ਰਿਤੀ ਤੋਂ ਹੀ ਪ੍ਰਾਪਤ ਕੀਤਾ ਹੈ ਪਰ ਗੁਰੂ ਰਵਿਦਾਸ ਜੀ ਨੇ ਕੁਦਰਤ ਦੇ ਨਿਯਮਾਂ ਵਿੱਚੋਂ ਵਿਚਾਰਧਾਰਾ ਪ੍ਰਾਪਤ ਕੀਤੀ ਹੈ, ਜਿਹੜੀ ਕੁਦਰਤੀ ਹੀ ਆਦਿ ਧਰਮ ਦੀ ਵਿਚਾਰਧਾਰਾ ਅਤੇ ਸੰਸਕ੍ਰਿਤੀ ਨਾਲ ਮੇਲ ਖਾਂਦੀ ਹੈ। ਬੁੱਧ ਧਰਮ ਤੋਂ। ਡਾ. ਜੋਸ਼ੀ ਇਸ ਵਿਚਾਰ ਨੂੰ ਹੋਰ ਦ੍ਰਿੜ ਕਰਦੇ ਲਿਖਦੇ ਹਨ:—

> "ਇਸ ਤੋਂ ਸਪਸ਼ਟ ਹੈ ਕਿ ਬੁੱਧ ਧਰਮ ਬ੍ਰਾਹਮਣ ਪ੍ਰਧਾਨ ਵੈਦਿਕ ਧਰਮ ਤੋਂ ਭਿੰਨ ਪ੍ਰਾਚੀਨ ਅਵੈਦਿਕ ਧਰਮ ਦੀ ਪਰੰਪਰਾ ਹੈ।" [1]

ਸੋ ਸਿੱਟਾ ਇਹੋ ਨਿਕਲਦਾ ਹੈ ਕਿ ਬੁੱਧ ਧਰਮ ਨੇ ਬਹੁਤ ਕੁਝ ਆਦਿ ਧਰਮ (ਅਵੈਦਿਕ ਧਰਮ) ਤੋਂ ਗ੍ਰਹਿਣ ਕੀਤਾ ਹੈ। ਇਸ ਤਰ੍ਹਾਂ ਨੈਤਿਕਤਾ, ਸਾਧਨਾ, ਮੁਕਤੀ ਆਦਿ ਦਾ ਸੰਕਲਪ ਆਦਿ ਧਰਮ (ਸ੍ਰਮਣ ਧਰਮ), ਬੁੱਧ ਧਰਮ ਅਤੇ ਪਿੱਛੋਂ ਗੁਰੂ ਰਵਿਦਾਸ ਜੀ ਦੀ ਬਾਣੀ ਵਿੱਚ ਨਿਰੂਪਤ ਹੈ। ਪਰ ਆਦਿ ਧਰਮ ਵਿੱਚ ਨਿਰੂਪਤ ਆਤਮਾ-ਪਰਮਾਤਮਾ ਦੇ ਵਿਚਾਰ ਗੁਰੂ ਰਵਿਦਾਸ-ਬਾਣੀ ਵਿੱਚ ਦਰਜ ਹਨ, ਬੁੱਧ ਮੱਤ ਵਿੱਚ ਨਹੀਂ। ਇਹ ਤੱਥ ਬੁੱਧ ਧਰਮ ਅਤੇ ਗੁਰੂ ਰਵਿਦਾਸ ਜੀ ਦੀ ਬਾਣੀ ਦੇ ਅਧਿਐਨ ਤੋਂ ਸਪਸ਼ਟ ਹੋ ਜਾਂਦਾ ਹੈ। ਇਸ ਤੱਥ ਤੋਂ ਸਪੱਸ਼ਟਤਾ ਨਾਲ ਇਹ ਵੀ ਦ੍ਰਿੜ ਹੋ ਜਾਂਦਾ ਹੈ ਕਿ ਆਦਿ ਧਰਮ ਗੁਰੂ ਰਵਿਦਾਸ ਬਾਣੀ, ਬੁੱਧ ਧਰਮ ਨਾਲੋਂ ਆਦਿ ਧਰਮ ਦੇ ਵਧੇਰੇ ਨੇੜੇ ਹੈ ਅਤੇ ਰਵਿਦਾਸ ਬਾਣੀ ਵਿਚ ਨਿਰੂਪਤ ਵਿਚਾਰ ਬੁੱਧ ਧਰਮ ਨਾਲੋਂ ਵਧੇਰੇ ਪੁਰਾਤਨ ਹਨ ਅਤੇ ਮਹਿੰਜੋਦੜੋ ਦੀ ਵਿਚਾਰਧਾਰਾ ਨਾਲ ਇਕਸੁਰ ਹਨ। ਗੁਰੂ ਰਵਿਦਾਸ ਜੀ ਨੇ ਨਵੇਂ ਵਿਸ਼ਵ ਧਰਮ ਦੀ ਸਿਰਜਣਾ ਲਈ ਆਦਿ ਧਰਮ ਅਤੇ ਬੁੱਧ ਧਰਮ ਤੇ ਕੇਂਦਰਤ ਕੀਤਾ। ਇਸ ਤੋਂ ਪਹਿਲਾਂ ਉਨ੍ਹਾਂ ਨੇ ਹਿੰਦੂ ਧਰਮ ਦੀ ਵਿਚਾਰਧਾਰਾ ਅਤੇ ਇਸ ਨਾਲ ਸੰਬੰਧਤ 'ਭਗਵਾਨਾਂ', 'ਅਵਤਾਰਾਂ' ਅਤੇ ਦੇਵੀ-ਦੇਵਤਿਆਂ ਦਾ ਖੰਡਨ ਮੁਕੰਮਲ ਤੌਰ ਤੇ

"ਸਤਿਜੁਗ ਸਤ ਤੇਤਾ ਜਗੀ, ਦੁਆਪਰ ਪੂਜਾ ਚਾਰ॥"

ਵਾਲੇ ਸ਼ਬਦ ਵਿੱਚ ਕੀਤਾ ਹੈ। ਵਿਚਾਰ ਅਧੀਨ ਸ਼ਬਦ ਦੇ ਪਹਿਲੇ ਬੰਦ ਵਿੱਚ ਵੀ ਹਿੰਦੂ ਧਰਮ ਦੇ ਭਗਵਾਨਾਂ, ਅਵਤਾਰਾਂ ਦਾ ਖੰਡਨ ਕਰਕੇ, ਇੱਕੋ ਸਦੀਵੀ ਪ੍ਰਭ ਦੀ ਹੋਂਦ ਨੂੰ ਦ੍ਰਿੜ ਕੀਤਾ ਹੈ। ਫਿਰ "ਬਿਨੁ ਦੇਖੈ .....॥" ਸ਼ਬਦ ਵਿੱਚ ਗੁਰੂ ਜੀ ਨੇ ਬੁੱਧ ਧਰਮ ਦੀ ਵਿਚਾਰਧਾਰਾ ਦਾ ਅਧਿਐਨ ਕੀਤਾ ਹੈ। ਵਿਚਾਰ ਅਧੀਨ ਸ਼ਬਦ ਦੇ ਅਧਿਐਨ ਤੋਂ ਵੀ ਇਹ ਦ੍ਰਿੜ ਹੋ ਗਿਆ ਹੈ ਕਿ ਗੁਰੂ ਰਵਿਦਾਸ ਜੀ ਨੂੰ ਬੁੱਧ ਧਰਮ ਦਾ ਸੰਪੂਰਨ ਅਤੇ ਡੂੰਘਾ ਗਿਆਨ ਸੀ। ਇਸੇ ਕਾਰਣ ਗੁਰੂ ਜੀ ਨੇ ਇਸ ਸ਼ਬਦ ਦੇ ਦੂਜੇ ਬੰਦ ਵਿੱਚ "ਮੁਨੀ" ਦਾ ਜ਼ਿਕਰ ਕਰਕੇ ਨਾਲ ਦੀ ਨਾਲ 'ਦੁਬਿਧ' ਭਾਵ ਦੁੱਖਾਂ ਅਤੇ ਇੱਛਾਵਾਂ ਦਾ ਵੀ ਜ਼ਿਕਰ ਕਰਦਿਆਂ ਇਹ ਵੀ ਸਪਸ਼ਟ ਕੀਤਾ ਹੈ ਕਿ ਇੱਛਾਵਾਂ ਨੂੰ ਗਿਆਨ ਦੇ ਪ੍ਰਕਾਸ਼ ਨਾਲ ਨਸ਼ਟ ਕਰਕੇ ਜੀਵ ਕਰਤਾਰ ਰੂਪ ਬਣ

1. ਓਹੀ - ਪੰਨਾ : ੧੩

ਜਾਂਦਾ ਹੈ। ਇਸ ਬੰਦ ਵਿੱਚ ਸਪਸ਼ਟ ਕੀਤਾ ਗਿਆ ਹੈ ਕਿ ਮੁਨੀ ਇੱਛਾਵਾਂ ਨੂੰ ਮਾਰਕੇ ਪ੍ਰਭ ਨੂੰ ਪ੍ਰਾਪਤ ਹੁੰਦਾ ਹੈ। ਪ੍ਰਭ ਪ੍ਰਾਪਤੀ ਦਾ ਸੰਕਲਪ ਬੁੱਧ ਧਰਮ ਦੀ ਵਿਚਾਰਧਾਰਾ ਵਿੱਚ ਸ਼ਾਮਲ ਕੀਤਾ ਗਿਆ ਹੈ। ਬੁੱਧ ਧਰਮ ਵਿੱਚ ਨਾ ਤਾਂ ਆਤਮਾ ਅਤੇ ਪਰਮਾਤਮਾ ਨੂੰ ਪ੍ਰਵਾਨ ਕੀਤਾ ਹੈ ਅਤੇ ਨਾ ਹੀ ਇਸ ਨੂੰ ਰੱਦ ਕੀਤਾ ਹੈ।

ਪਰ ਕੀ ਬੁੱਧ ਧਰਮ ਵਿੱਚ ਪ੍ਰਭ-ਵਿਚਾਰ ਨਹੀਂ ਹੈ? ਬੁੱਧ ਧਰਮ ਦੇ ਡੂੰਘੇ ਅਧਿਐਨ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਮਹਾਤਮਾ ਬੁੱਧ ਵੀ ਅੰਤਰੀਵ ਤੌਰ ਤੇ ਪਰਮਾਤਮਾ ਨੂੰ ਮੰਨਦੇ ਸਨ। ਮਹਾਤਮਾ ਬੁੱਧ ਮਨ ਦੀ ਸ਼ਕਤੀ ਨੂੰ ਪ੍ਰਵਾਨ ਕਰਦੇ ਹਨ। ਇਸ ਸੰਬੰਧ ਵਿੱਚ ਭਾਰਤ ਰਤਨ ਡਾ. ਭੀਮ ਰਾਉ ਅੰਬੇਡਕਰ ਲਿਖਦੇ ਹਨ:

> "3. ਉਹ ਸਦਾ ਹੀ ਆਪਣੀ ਸਮੱਸਿਆ ਦਾ ਹੱਲ ਲੱਭਣ ਲਈ ਆਸਵੰਦ ਸੀ। ਇਥੋਂ ਤੱਕ ਕਿ ਜਿਸ ਦਿਨ ਉਸ ਨੇ ਸੁਜਾਤਾ ਦਾ ਭੇਜਿਆ ਖਾਣਾ ਖਾਧਾ ਸੀ, ਉਸ ਰਾਤ ਗੌਤਮ ਨੂੰ ਪੰਜ ਸੁਪਨੇ ਆਏ, ਜਦੋਂ ਉਹ ਜਾਗਿਆ ਅਤੇ ਉਸਨੇ ਇਨ੍ਹਾਂ ਸੁਪਨਿਆਂ ਦੇ ਅਰਥ ਕੱਢੇ ਤਾਂ ਉਸਨੂੰ ਗਿਆਨ-ਪ੍ਰਕਾਸ਼ ਦੀ ਪ੍ਰਾਪਤੀ ਦਾ ਪੱਕਾ ਨਿਸ਼ਚਾ ਹੋ ਗਿਆ ਸੀ।" [1]

ਉਪਰੋਕਤ ਪੈਰੇ ਤੋਂ ਸਪਸ਼ਟ ਹੋ ਗਿਆ ਹੈ ਕਿ ਗਿਆਨ ਦੀ ਪ੍ਰਾਪਤੀ ਦੀ ਦ੍ਰਿੜਤਾ ਦਾ ਆਧਾਰ ਸੁਪਨੇ ਹਨ। ਸੁਪਨੇ ਮਨ ਦੀ ਸਿਰਜਣਾ ਹਨ। ਮਨ ਵਿੱਚ ਜਿਹੋ ਜਿਹੇ ਸ਼ਕਤੀਸ਼ਾਲੀ ਪਵਿੱਤਰ ਅਤੇ ਸਪਸ਼ਟ ਵਿਚਾਰ ਹੁੰਦੇ ਹਨ, ਸੁਪਨੇ ਦੇ ਵਿਚਾਰ ਵੀ ਓਨੇ ਹੀ ਸ਼ਕਤੀਸ਼ਾਲੀ, ਪਵਿੱਤਰ ਅਤੇ ਸਪਸ਼ਟ ਹੁੰਦੇ ਹਨ। ਇਸ ਲਈ ਇਨ੍ਹਾਂ ਤੋਂ ਭਵਿੱਖ ਦੀ ਸਹੀ ਅਤੇ ਸਪਸ਼ਟ ਸੇਧ ਪ੍ਰਾਪਤ ਹੋ ਜਾਂਦੀ ਹੈ। ਇਹ ਸਭ ਕੁਝ ਮਨ ਵਿੱਚ ਹੀ ਵਾਪਰਿਆ ਹੈ। ਇਸ ਕਰਕੇ ਇਹ ਮਨ ਦੀ ਹੀ ਸ਼ਕਤੀ ਹੈ, ਜਿਸ ਉੱਪਰ ਮਹਾਤਮਾ ਬੁੱਧ ਦ੍ਰਿੜ ਹੋ ਗਏ ਹਨ ਕਿ ਉਨ੍ਹਾਂ ਨੂੰ ਗਿਆਨ ਦਾ ਪ੍ਰਕਾਸ਼ ਹਰ ਹਾਲਤ ਵਿੱਚ ਹੋਣਾ ਹੈ।ਸੁਪਨਿਆਂ ਦੀ ਘਟਨਾ ਪਿਛੋਂ ਮਹਾਤਮਾ ਬੁੱਧ ਨੇ ਆਪਣੇ ਮਨ ਦੀ ਸ਼ਕਤੀ ਦੀ ਪਰਖ ਕੀਤੀ। ਡਾ. ਅੰਬੇਡਕਰ ਲਿਖਦੇ ਹਨ :

> "4. ਉਸ ਨੇ ਆਪਣੇ ਭਵਿੱਖ ਦੀ ਭਵਿਸ਼ ਬਾਣੀ ਕੀਤੀ ਸੀ। ਇਹ ਉਸਨੇ ਸੁਜਾਤਾ ਦੀ ਨੌਕਰਾਣੀ ਦੇ ਲਿਆਂਦੇ ਭੋਜਨ ਵਾਲੇ ਪਿਆਲੇ ਨੂੰ ਨਾਇਰਾਜਾ ਦਰਿਆ ਵਿੱਚ ਸੁੱਟਦਿਆਂ, ਭਵਿੱਖ ਬਾਣੀ ਇਹ ਕਹਿਕੇ ਕੀਤੀ, "ਜੇ ਮੈਨੂੰ ਗਿਆਨ ਹੋਣਾ ਹੈ ਤਾਂ ਇਹ ਪਿਆਲਾ ਤੈਰ ਕੇ ਦਰਿਆ ਪਾਰ ਚਲਾ ਜਾਵੇ; ਜੇ ਨਹੀਂ, ਤਾਂ ਇਹ ਡੁੱਬ ਜਾਵੇ।" ਸਚਮੁਚ ਹੀ ਪਿਆਲਾ ਦਰਿਆ ਦੇ ਵਹਾਉ ਦੇ ਵਿਰੁਧ ਤੈਰ ਕੇ, ਦੂਜੇ ਕਿਨਾਰੇ, ਨਾਗਰਾਜਾ, ਕਾਲਾ ਦੇ ਮਹਿਲ ਕੋਲ ਡੁਬ ਗਿਆ।"[2]

1 ਤੇ 2. ਬੁੱਧਾ ਐਂਡ ਹਿਜ਼ ਧੱਮਾ - ਪੰਨਾ : ੭੩

ਉਪਰੋਕਤ ਪੈਰੇ ਤੋਂ ਦੋ ਵਿਚਾਰ ਸਪਸ਼ਟ ਹੁੰਦੇ ਹਨ :

੧. ਮਹਾਤਮਾ ਬੁੱਧ ਨੂੰ ਭਵਿੱਖ ਬਾਣੀ ਵਿਚ ਵਿਸ਼ਵਾਸ਼ ਸੀ।

੨. ਪਿਆਲਾ ਦਰਿਆ ਦੇ ਉਲਟ ਰੁਖ, ਮਨ ਦੀ ਸ਼ਕਤੀ ਨਾਲ ਹੀ ਤੈਰਿਆ ਸੀ। ਸੋ ਬੁੱਧ ਨੂੰ ਮਨ ਦੀ ਸ਼ਕਤੀ ਤੇ ਵਿਸ਼ਵਾਸ਼ ਸੀ ਅਤੇ ਉਹ "ਮਨ ਨੂੰ ਹੀ ਮਨੁੱਖ ਦੀ ਗਿਆਨ ਪ੍ਰਾਪਤੀ ਦਾ ਸਾਧਨ ਮੰਨਦੇ ਸਨ।"[1] ਇਹੋ ਕਾਰਣ ਹੈ ਕਿ

"ਸੰਮ ਸਮਾਧੀ ਮਨ ਨੂੰ ਚੰਗਾ ਸੋਚਣ ਦੀ ਅਤੇ ਸਦਾ ਹੀ ਚੰਗਾ ਸੋਚਣ ਦੀ ਆਦਤ ਪ੍ਰਦਾਨ ਕਰਦੀ ਹੈ। ਚੰਗਾ ਕਰਨ ਲਈ, ਇਹ ਮਨ ਨੂੰ ਜਰੂਰੀ ਮੰਤਵ ਭਰਪੂਰ ਸ਼ਕਤੀ ਪ੍ਰਦਾਨ ਕਰਦੀ ਹੈ।" [2]

ਉਪਰੋਕਤ ਚਰਚਾ ਤੋਂ ਦ੍ਰਿੜ ਹੋ ਗਿਆ ਹੈ ਕਿ

੧. ਮਹਾਤਮਾ ਬੁੱਧ ਨੂੰ ਸੁਪਨਿਆਂ ਵਿੱਚ ਵਿਸ਼ਵਾਸ਼ ਸੀ। ਉਨ੍ਹਾਂ ਨੂੰ ਸੁਪਨਿਆਂ ਤੋਂ ਪਰਪੱਕ ਹੋ ਗਿਆ ਸੀ ਕਿ ਉਸ ਨੂੰ ਹਰ ਹਾਲਤ ਵਿੱਚ ਗਿਆਨ ਹੋਣਾ ਹੈ। ਸੁਪਨਿਆਂ ਦਾ ਆਧਾਰ ਮਨ ਹੈ। ਸੋ ਬੁੱਧ ਮਨ ਦੀ ਸ਼ਕਤੀ ਵਿੱਚ ਪੱਕਾ ਭਰੋਸਾ ਰਖਦੇ ਸਨ। ਡਾ. ਜੋਸ਼ੀ ਦਾ ਵੀ ਇਹੋ ਹੀ ਵਿਚਾਰ ਹੈ,

"ਉਨ੍ਹਾਂ ਨੇ (ਬੁੱਧ ਨੇ) ਬੁੱਧੀ, ਗਿਆਨ, ਸਦਾਚਾਰ ਤੇ ਆਤਮ-ਬਲ

ਪਰ ਜੋਰ ਦਿੱਤਾ ਸੀ।" [3]

੨. ਮਹਾਤਮਾ ਬੁੱਧ ਨੂੰ ਮਨ ਦੀ ਸ਼ਕਤੀ ਤੇ ਪੱਕਾ ਵਿਸ਼ਵਾਸ਼ ਸੀ। ਇਹ ਵਿਚਾਰ "ਸੰਮ-ਸਮਾਧੀ" ਤੋਂ ਵੀ ਪ੍ਰਮਾਣਿਤ ਹੋ ਜਾਂਦਾ ਹੈ। ਉਹ ਮਨ ਨੂੰ ਹੀ ਗਿਆਨ ਦਾ ਸਾਧਨ ਮੰਨਦੇ ਹਨ।

3. ਗੁਰੂ ਰਵਿਦਾਸ ਸਾਹਿਬ ਅਤੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵੀ ਮਨ ਦੀ ਸ਼ਕਤੀ ਨੂੰ ਪ੍ਰਵਾਨ ਕਰਦੇ ਹਨ। ਇਨ੍ਹਾਂ ਅਨੁਸਾਰ ਗਿਆਨ ਦਾ ਪ੍ਰਕਾਸ਼ ਹੀ ਮਨ ਦਾ ਪ੍ਰਕਾਸ਼ ਹੈ :

(ੳ) "ਉਨਮਨ ਮਨ ਮਨ ਹੀ ਮਿਲੇ,
ਗੁਣ ਨਿਰਗੁਣ ਏਕ ਵਿਚਾਰ।"[4]

(ਅ) "ਉਪਜਿਓ ਗਿਆਨ ਹੂਆ ਪ੍ਰਗਾਸ॥" [5]

(ਏ) "ਮਨ ਤੂੰ ਜੋਤਿ ਸਰੂਪ ਹੈ।" (ਜਪੁਜੀ)

ਜਿਸ ਮਨ ਰਾਹੀਂ ਮਹਾਤਮਾ ਬੁੱਧ ਗਿਆਨ ਪ੍ਰਾਪਤ ਕਰਦੇ ਹਨ, ਉਸੇ ਮਨ

1. ਓਹੀ - ਪੰਨਾ : ੧੨੪ 2. ਓਹੀ - ਪੰਨਾ : ੧੨੭ 3. ਧਮਪਦ - ਪੰਨਾ : ੯
4. ਆਦਿ ਗ੍ਰੰਥ - ਪੰਨਾ : ੩੪੬ 5. ਓਹੀ - ਪੰਨਾ : ੮੭੫

ਰਾਹੀਂ ਗੁਰੂ ਰਵਿਦਾਸ ਅਤੇ ਗੁਰੂ ਗ੍ਰੰਥ ਸਾਹਿਬ ਦੇ ਗਿਆਨ ਦਾ ਪ੍ਰਕਾਸ਼ ਹੋਇਆ ਦ੍ਰਿੜ ਕਰਦੇ ਹਨ। ਗੁਰੂ ਰਵਿਦਾਸ ਸਾਹਿਬ ਅਤੇ ਗੁਰੂ ਗ੍ਰੰਥ ਸਾਹਿਬ ਗਿਆਨ ਦੇ ਪ੍ਰਕਾਸ਼ ਨੂੰ ਪਰਮਾਤਮਾ ਮੰਨਦੇ ਹਨ, ਪਰ ਮਹਾਤਮਾ ਬੁੱਧ ਇਸ ਨੂੰ ਪਰਮਾਤਮਾ ਕਹਿਣ ਤੋਂ ਦਰੇਗ ਕਰਦੇ ਹਨ। ਮਹਾਤਮਾ ਬੁੱਧ ਨਾ ਪਰਮਾਤਮਾ ਦੇ ਸੰਕਲਪ ਨੂੰ ਮੰਨਦੇ ਹਨ ਅਤੇ ਨਾ ਹੀ ਰੱਦ ਕਰਦੇ ਹਨ। ਪਰ ਗੁਰੂ ਰਵਿਦਾਸ ਜੀ ਅਤੇ ਮਹਾਤਮਾ ਬੁੱਧ ਦੋਹਾਂ ਦੀ ਬਾਣੀ ਦਾ ਬੁਨਿਆਦੀ ਧੁਰਾ ਮਨ ਰਾਹੀਂ ਗਿਆਨ ਪ੍ਰਾਪਤੀ ਹੀ ਹੈ।

ਸੋ ਕਿਹਾ ਜਾ ਸਕਦਾ ਹੈ ਕਿ ਭਾਵੇਂ ਮਹਾਤਮਾ ਬੁੱਧ ਆਤਮਾ ਅਤੇ ਪਰਮਾਤਮਾ ਨੂੰ ਨਹੀਂ ਮੰਨਦੇ, ਪਰ ਬੁਨਿਆਦੀ ਤੌਰ ਤੇ ਉਨ੍ਹਾਂ ਦੀ ਵਿਚਾਰਧਾਰਾ ਦਾ ਅੰਤਰੀਵ ਵਿਚਾਰ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨਾਲ ਮੇਲ ਖਾਂਦਾ ਹੈ। ਇਸ ਲਈ ਵਿਚਾਰ ਅਧੀਨ ਸ਼ਬਦ ਵਿੱਚ ਗੁਰੂ ਰਵਿਦਾਸ ਜੀ ਨੇ ਮਹਾਤਮਾ ਬੁੱਧ ਦੀ ਵਿਚਾਰਧਾਰਾ ਵਿੱਚ ਆਤਮਾ ਪਰਮਾਤਮਾ ਦਾ ਸੰਕਲਪ ਦਰਜ ਕਰਕੇ ਸੋਧ ਕੀਤੀ ਹੈ। ਇਹ ਸੋਧ ਦਰਅਸਲ ਮਹਾਤਮਾ ਬੁੱਧ ਦੀ ਵਿਚਾਰਧਾਰਾ ਦੇ ਅੰਤਰੀਵ ਵਿਚਾਰ ਵਿੱਚ ਓਤਪੋਤ ਹੈ। ਉਦਾਹਰਣ ਦੇ ਤੌਰ ਤੇ ਜਿਸ ਮਨ ਵਿੱਚ ਗੁਰੂ ਰਵਿਦਾਸ ਜੀ ਦੇ ਪ੍ਰਭ ਦਾ ਪ੍ਰਕਾਸ਼ ਹੈ, ਉਸੇ ਮਨ ਵਿੱਚ ਮਹਾਤਮਾ ਬੁੱਧ ਦੇ ਗਿਆਨ ਦਾ ਪ੍ਰਕਾਸ਼ ਹੈ। ਸੋ ਪ੍ਰਭ ਅਤੇ ਗਿਆਨ ਦੋਹਾਂ ਦਾ ਪ੍ਰਕਾਸ਼ ਮਨ ਵਿੱਚ ਹੈ :

(ੳ) ਸੋ ਮੁਨਿ ਮਨ ਕੀ ਦੁਬਿਧਾ ਖਾਇ॥
ਬਿਨੁ ਦੁਆਰੇ ਤ੍ਰੈ ਲੋਕ ਸਮਾਇ॥

(ਅ) ਘ੍ਰਿਤ ਕਾਰਨ ਦਧਿ ਮਥੈ ਸਇਆਨ॥
ਜੀਵਤ ਮੁਕਤ ਸਦਾ ਨਿਰਵਾਨ॥
ਕਹਿ ਰਵਿਦਾਸ ਪਰਮ ਬੈਰਾਗ॥
ਰਿਦੈ ਰਾਮੁ ਕੀ ਨ ਜਪਸਿ ਅਭਾਗ॥ ੪॥ ੧॥

(ਆਦਿ ਗ੍ਰੰਥ ਪੰਨਾ–1167)

ਉਪਰੋਕਤ ਚਰਚਾ ਤੋਂ ਸਪਸ਼ਟ ਹੋ ਗਿਆ ਹੈ ਕਿ ਮਹਾਤਮਾ ਬੁੱਧ ਅੰਤਰੀਵ ਤੌਰ ਤੇ ਪਰਮਾਤਮਾ ਨੂੰ ਪ੍ਰਵਾਨ ਕਰਦੇ ਹਨ। ਫਿਰ ਕੀ ਕਾਰਣ ਹੈ ਕਿ ਮਹਾਤਮਾ ਬੁੱਧ ਨੇ ਆਪਣੀ ਵਿਚਾਰਧਾਰਾ ਵਿੱਚ ਇਸ ਦਾ ਜ਼ਿਕਰ ਤੱਕ ਨਹੀਂ ਕੀਤਾ? ਸਾਡੀ ਜਾਚੇ ਉਸ ਦੇ ਹੇਠ ਲਿਖੇ ਕਾਰਣ ਹਨ :

੧. ਜੇਕਰ ਮਹਾਤਮਾ ਬੁੱਧ ਕਿਸੇ ਵੀ ਰੂਪ ਵਿੱਚ ਪਰਮਾਤਮਾ ਨੂੰ ਸਵਿਕਾਰ ਕਰ ਲੈਂਦੇ ਤਾਂ ਵੈਦਿਕ ਧਰਮ ਵਾਲਿਆਂ ਨੇ ਭੰਡੀ ਪ੍ਰਚਾਰ ਕਰਕੇ ਇਸ ਨੂੰ ਉੱਠਦਿਆਂ ਹੀ ਦਬੋਚ ਲੈਣਾ ਸੀ ਅਤੇ ਬੁੱਧ ਧਰਮ ਦੀ ਵਿਚਾਰਧਾਰਾ ਨੇ ਸਾਂਖਯ ਦਰਸ਼ਨ, ਚਾਰਵਾਕ ਦਰਸ਼ਨ ਆਦਿ ਵਾਂਗ ਵੈਦਿਕ ਧਰਮ (ਹਿੰਦੂ ਧਰਮ) ਦਾ ਹੀ ਅੰਗ ਬਣਕੇ ਰਹਿ ਜਾਣੀ ਸੀ। ਜਿਵੇਂ ਹੁਣ ਭਾਰਤ ਦੀ ਉੱਚਤਮ ਅਦਾਲਤ ਸੁਪਰੀਮ ਕੋਰਟ (Supreme Court) ਨੇ ਆਪਣੇ ਫੈਂਸਲੇ ਵਿੱਚ ਜੈਨ ਧਰਮ ਨੂੰ ਹਿੰਦੂ

ਧਰਮ ਦਾ ਹੀ ਹਿੱਸਾ ਐਲਾਨ ਦਿੱਤਾ ਹੈ।

੨. ਉਸ ਸਮੇਂ ਮਹਾਤਮਾ ਬੁੱਧ ਦੇ ਪਰਮਾਤਮਾ ਨੂੰ ਪ੍ਰਵਾਨ ਕਰਨ ਨਾਲ ਹਿੰਦੂ ਧਰਮ ਦੇ ਦੇਹਧਾਰੀ ਭਗਵਾਨਾਂ, ਅਵਤਾਰਾਂ ਆਦਿ ਨੂੰ ਬਲ ਮਿਲ ਜਾਣਾ ਸੀ ਅਤੇ ਹਿੰਦੂ ਧਰਮ ਨੇ ਆਪਣੇ ਪ੍ਰਚਾਰ ਨਾਲ ਬੁੱਧ ਧਰਮ ਦੇ ਪਰਮਾਤਮਾ ਨੂੰ ਵੀ ਆਪਣੇ ਦੇਹਧਾਰੀ ਭਗਵਾਨਾਂ–ਅਵਤਾਰਾਂ ਵਰਗਾ ਹੀ ਬਣਾ ਦੇਣਾ ਸੀ। ਇਸ ਤਰ੍ਹਾਂ ਬੁੱਧ ਧਰਮ ਦੀ ਮਹਾਨ ਵਿਚਾਰਧਾਰਾ ਨੂੰ ਹਿੰਦੂ ਧਰਮ ਨੇ ਗ੍ਰਹਿਣ ਲਾ ਦੇਣਾ ਸੀ। ਇਸ ਤਰ੍ਹਾਂ ਬੁੱਧ ਧਰਮ ਨੂੰ ਉਠਦਿਆਂ ਹੀ ਪ੍ਰਭਾਵਹੀਣ ਕਰ ਦੇਣਾ ਸੀ।

੩. ਸਿੱਟੇ ਵਜੋਂ ਇਸ ਗ੍ਰਹਿਣ ਲੱਗੀ ਅਤੇ ਪ੍ਰਭਾਵਹੀਨ ਹੋ ਚੁੱਕੀ ਵਿਚਾਰਧਾਰਾ ਨੇ ਸ਼ਾਇਦ ਅਸ਼ੋਕ ਵਰਗੇ ਮਹਾਨ ਮਹਾਰਾਜਿਆਂ ਨੂੰ ਪ੍ਰਭਾਵਤ ਕਰਨ ਤੋਂ ਅਸਮਰਥ ਹੋ ਜਾਣਾ ਸੀ ਅਤੇ ਇਸ ਨੂੰ ਵਿਸ਼ਾਲ ਪੱਧਰ ਤੇ ਪ੍ਰਚਾਰਨ ਵਾਲਾ ਵੀ ਉਪਲਭਧ ਨਹੀਂ ਸੀ ਹੋਣਾ ਅਤੇ ਨਾ ਹੀ ਅੱਜ ਦੀ ਪੱਧਰ ਤੇ ਬੁੱਧ ਧਰਮ ਦਾ ਪ੍ਰਸਾਰ ਹੋ ਸਕਣਾ ਸੀ। ਇਸ ਤਰ੍ਹਾਂ ਬੁੱਧ ਧਰਮ ਦੇ ਉਥਾਨ ਸਮੇਂ ਪਰਮਾਤਮਾ ਦੇ ਸੰਕਲਪ ਨੂੰ ਪ੍ਰਵਾਨ ਕਰਨਾ, ਕਿਸੇ ਵੀ ਤਰ੍ਹਾਂ ਉਚਿਤ ਨਹੀਂ ਸੀ।

੪. ਬੁੱਧ ਧਰਮ ਵਿੱਚ ਜਾਤ–ਪਾਤ, ਛੂਤ–ਛਾਤ ਦਾ ਜ਼ਿਕਰ ਤੱਕ ਨਹੀਂ ਹੈ। ਪਰ ਆਰੀਆਂ (ਹਿੰਦੂਆਂ) ਨੇ ਆਪਣੇ ਜਾਤ–ਪਾਤ, ਛੂਤ–ਛਾਤ ਦੇ ਸਿਰਜਣਹਾਰ ਹਿੰਦੂ ਭਗਵਾਨਾਂ, ਅਵਤਾਰਾਂ ਵਾਂਗ, ਆਪਣੇ ਪ੍ਰਚਾਰ ਨਾਲ ਪ੍ਰਭਾਵਤ ਕਰਕੇ ਮਹਾਤਮਾ ਬੁੱਧ ਦੇ ਪਰਮਾਤਮਾ ਨੂੰ ਵੀ ਜਾਤ–ਪਾਤ, ਛੂਤ–ਛਾਤ ਦਾ ਜਨਮਦਾਤਾ ਸਿੱਧ ਕਰ ਦੇਣਾ ਸੀ ਅਤੇ ਜਾਤ–ਪਾਤ ਵਰਗੇ ਕੋਹੜ ਨੂੰ ਬੋਧ–ਸੰਸਕ੍ਰਿਤੀ ਵਿੱਚ ਸ਼ਾਮਲ ਕਰ ਦੇਣਾ ਸੀ, ਜਿਵੇਂ ਅੱਜ ਦੇ ਸਿੱਖ ਧਰਮ ਦੇ ਧਾਰਮਕ ਗ੍ਰੰਥ "ਗੁਰੂ ਗ੍ਰੰਥ ਸਾਹਿਬ" ਵਿੱਚ ਜਾਤ–ਪਾਤ ਦਾ ਖੰਡਨ ਕੀਤਾ ਗਿਆ ਹੈ, ਪਰ ਇਸ ਦੇ 99% ਪੈਰੋਕਾਰ, ਹਿੰਦੂ ਧਰਮ ਦੇ ਪ੍ਰਭਾਵ ਕਾਰਣ ਜਾਤ–ਪਾਤ ਨੂੰ ਪੂਰੀ ਤਰ੍ਹਾਂ ਨਾਲ ਮੰਨਦੇ ਅਤੇ ਇਸ ਤੇ ਪਹਿਰਾ ਦਿੰਦੇ ਹਨ। ਇਸ ਤਰ੍ਹਾਂ ਸਿੱਖ ਧਰਮ ਦੇ ਪੈਰੋਕਾਰਾਂ ਦੀ ਸੰਸਕ੍ਰਿਤੀ ਲਗਭਗ ਹਿੰਦੂ ਧਰਮ ਦੀ ਸੰਸਕ੍ਰਿਤੀ ਹੀ ਹੈ।

ਸੋ ਮਹਾਤਮਾ ਬੁੱਧ ਨੇ ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ, ਪਹਿਚਾਣਦਿਆਂ ਆਤਮਾ ਅਤੇ ਪਰਮਾਤਮਾ ਦੇ ਸੰਕਲਪ ਬਾਰੇ ਚੁੱਪ ਧਾਰਨਾ ਹੀ ਸਭ ਤੋਂ ਵੱਡੀ ਸਿਆਣਪ ਸਮਝਿਆ। ਇਸ ਤਰ੍ਹਾਂ ਬੁੱਧ–ਧਰਮ ਨੂੰ ਵੈਦਿਕ ਧਰਮ ਦੇ ਪੈਰੋਕਾਰਾਂ ਦੀ ਗੜੇਮਾਰ ਤੋਂ ਬਚਾ ਲਿਆ।

ਹੁਣ ਅਸੀਂ ਵਿਚਾਰ ਅਧੀਨ ਸ਼ਬਦ ਦੇ ਆਧਾਰ ਤੇ ਬੁੱਧ ਧਰਮ ਅਤੇ ਗੁਰੂ ਰਵਿਦਾਸ–ਬਾਣੀ ਦਾ ਅਧਿਐਨ ਕਰਦੇ ਹਾਂ।

ਗੁਰੂ ਰਵਿਦਾਸ ਜੀ ਨੇ 'ਰਹਾਉ' ਵਿੱਚ ਬੁੱਧ ਧਰਮ ਅਤੇ ਆਪਣੀ ਵਿਚਾਰਧਾਰਾ ਦੋਹਾਂ ਨੂੰ ਇੱਕਸੁਰ ਕਰਕੇ ਇੱਕ ਨਵੀਂ ਵਿਚਾਰਧਾਰਾ ਦੇ ਰੂਪ ਵਿੱਚ

ਪੇਸ਼ ਕੀਤਾ ਹੈ। ਪਹਿਲੀ ਤੁਕ ਵਿੱਚ ਉਨ੍ਹਾਂ ਨੇ ਆਪਣੀ ਵਿਚਾਰਧਾਰਾ ਨੂੰ ਨਿਰੂਪਤ ਕੀਤਾ ਹੈ ਅਤੇ ਦੂਜੀ ਤੁਕ ਵਿੱਚ ਬੁੱਧ ਧਰਮ ਦੀ ਵਿਚਾਰਧਾਰਾ ਨੂੰ। ਪਰ ਦੋਹਾਂ ਵਿਚਾਰਧਾਰਾਵਾਂ ਨੂੰ ਪ੍ਰਭ ਦੀ ਸੰਜੀਵ, ਪ੍ਰਤੱਖ ਛੋਹੀ ਜਾਣ ਵਾਲੀ ਹੋਂਦ ਨਾਲ ਇਕਸੁਰ ਕਰਕੇ ਗੁਰੂ ਜੀ ਨੇ ਆਪਣੀ ਵਿਚਾਰਧਾਰਾ ਦੇ ਅਨੁਰੂਪ ਸਿਰਜਿਆ ਹੈ।

ਦੁੱਖ ਅਤੇ ਇੱਛਾਵਾਂ ਉੱਪਰ ਕਾਬੂ ਪਾਉਣਾ ਬੁੱਧ ਧਰਮ ਦੀ ਬੁਨਿਆਦੀ ਸਮੱਸਿਆ ਹੈ। ਸੰਸਾਰ ਦੁੱਖਾਂ ਦਾ ਘਰ ਹੈ ਅਤੇ ਦੁੱਖਾਂ ਦਾ ਕਾਰਣ ਮਨੁੱਖ ਦੀਆਂ ਇੱਛਾਵਾਂ (ਦੁਬਿਧਾ) ਹਨ।

ਸੋ 'ਰਹਾਉ' ਵਿੱਚ ਦੋਹਾਂ ਵਿਚਾਰਧਾਰਾਵਾਂ ਦਾ ਮੇਲ ਹੈ। ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਦੇ ਵਿਕਾਰ (ਦੁਬਿਧਾ) ਬੁੱਧ ਧਰਮ ਦੀ ਵਿਚਾਰਧਾਰਾ ਦੇ ਦੁੱਖ ਅਤੇ ਇੱਛਾਵਾਂ ਹੀ ਹਨ, ਜਿਸ ਨੂੰ ਪ੍ਰਭ ਸਿਮਰਨ ਨਾਲ ਨਾਸ਼ ਕਰਕੇ ਪਰਮ ਅਨੰਦ ਜਾਂ ਨਿਰਵਾਣ ਪ੍ਰਾਪਤ ਕੀਤਾ ਜਾ ਸਕਦਾ ਹੈ। ਪਰ ਆਤਮਾ ਪਰਮਾਤਮਾ ਦਾ ਸੰਕਲਪ ਦਰਜ ਕਰਕੇ ਗੁਰੂ ਰਵਿਦਾਸ ਜੀ ਨੇ ਬੁੱਧ ਮੱਤ ਨੂੰ ਸੋਧ ਦਿੱਤਾ ਹੈ।

ਬੰਦ ਨੰ. ੨, ੩ ਅਤੇ ੪ ਵਿੱਚ ਦੋਵੇਂ ਵਿਚਾਰਧਾਰਾਵਾਂ ਬਰਾਬਰ-ਬਰਾਬਰ ਚਲਦੀਆਂ ਹਨ। ਬੁੱਧ ਧਰਮ ਵਿੱਚ ਨਿਰਵਾਣ ਪ੍ਰਾਪਤੀ ਦਾ ਸਿਧਾਂਤ ਹੈ—੧. ਦੁੱਖ ੨. ਦੁੱਖਾਂ ਦਾ ਕਾਰਣ ਇੱਛਾਵਾਂ, ੩. ਗਿਆਨ ਨਾਲ ਇੱਛਾਵਾਂ ਤੇ ਕਾਬੂ ਪੈ ਜਾਂਦਾ ਹੈ ਅਤੇ ੪. ਜੀਵ ਨਿਰਵਾਣ ਪਦ ਨੂੰ ਪ੍ਰਾਪਤ ਕਰ ਲੈਂਦਾ ਹੈ। ਬੁੱਧ ਧਰਮ ਵਿੱਚ ਨਿਰਵਾਣ ਪ੍ਰਾਪਤੀ ਕਰਨ ਵਾਲੇ ਸਾਧਕ ਨੂੰ ਬੁੱਧ, ਮੁਨੀ, ਜੋਗੀ, ਭਿਕਸ਼ੂ ਆਦਿ ਕਿਹਾ ਜਾਂਦਾ ਹੈ। ਇਸ ਲਈ ਗੁਰੂ ਰਵਿਦਾਸ ਜੀ ਨੇ ਬੁੱਧ ਧਰਮ ਦੀ ਵਿਚਾਰਧਾਰਾ ਦਾ ਅਧਿਐਨ ਕਰਨ ਲਗਿਆਂ ਸ਼ਬਦ ਜੋਗੀ ਅਤੇ 'ਮੁਨੀ' ਵਰਤਿਆ ਹੈ ਫਿਰ ਦੁਬਿਧਾ ਭਾਵ ਦੁੱਖਾਂ ਦੀ ਗਲ ਕੀਤੀ ਹੈ ਅਤੇ ਫਿਰ ਇੱਛਾਵਾਂ ਦੀ :

(ੳ) ਸੋ ਜੋਗੀ ਕੇਵਲ ਨਿਹਕਾਮੁ॥
(ਅ) ਸੋ ਮੁਨਿ ਮਨ ਕੀ ਦੁਬਿਧਾ ਖਾਇ॥
(ੲ) ਮਨ ਕਾ ਸੁਭਾਉ ਸਭ ਕੋਈ ਕਰੈ॥

ਇਸ ਪਿੱਛੋਂ ਗਿਆਨ ਦਾ ਮੰਤਵ ਸਿੱਧ ਕੀਤਾ ਹੈ ਅਤੇ ਅੰਤ ਵਿੱਚ ਨਿਰਵਾਣ ਪ੍ਰਾਪਤੀ ਬਾਰੇ ਦ੍ਰਿੜ ਕੀਤਾ ਹੈ। ਸੋ ਬੰਦ ਨੰ. ੨ ਤੋਂ ਆਰੰਭ ਕਰਕੇ ਬੰਦ ਨੰ. ੪ ਤੱਕ ਬੁੱਧ ਧਰਮ ਦੀ ਵਿਚਾਰਧਾਰਾ ਨੂੰ ਸੰਕੇਤਕ ਪਰ ਸਪਸ਼ਟ ਰੂਪ ਵਿੱਚ ਵਿਚਾਰ ਕੇ ਸਿੱਧ ਕੀਤਾ ਗਿਆ ਹੈ ਕਿ ਬੁੱਧ ਧਰਮ ਅਤੇ ਗੁਰੂ ਜੀ ਦੇ ਨਵੇਂ ਧਰਮ ਦੀ ਵਿਚਾਰਧਾਰਾ ਇੱਕੋ ਹੀ ਹਨ। ਪਰ ਗੁਰੂ ਰਵਿਦਾਸ ਜੀ ਨੇ ਬੁੱਧ ਧਰਮ ਦੀ ਵਿਚਾਰਧਾਰਾ ਵਿੱਚ ਆਤਮਾ ਅਤੇ ਪਰਮਾਤਮਾ ਨੂੰ ਸ਼ਾਮਲ ਕਰਕੇ ਇੱਕ ਨਵੇਂ ਧਰਮ ਦੀ ਨਵੀਂ ਵਿਚਾਰਧਾਰਾ ਨੂੰ ਵਿਕਸਤ ਕੀਤਾ ਹੈ। ਇਹ ਸ਼ਾਮਲ ਕੀਤਾ ਨਵਾਂ ਸੰਕਲਪ ਬੁੱਧ ਧਰਮ ਦੀ ਅੰਤਰੀਵ ਭਾਵਨਾ ਵਿੱਚ ਓਤਪੋਤ ਹੈ। ਬੁੱਧ ਧਰਮ ਅਨੁਸਾਰ ਗਿਆਨ ਦੇ

ਪ੍ਰਕਾਸ਼ ਨਾਲ ਨਿਰਵਾਣ ਪਦ ਪ੍ਰਾਪਤ ਹੁੰਦਾ ਹੈ। ਜਿਹੜਾ ਸਾਧਕ-ਭਿਕਸ਼ੂ ਨਿਰਵਾਣ-ਪਦ ਨੂੰ ਪ੍ਰਾਪਤ ਹੁੰਦਾ ਹੈ, ਉਸਨੂੰ ਬੁੱਧ ਮੁਨੀ, ਭਿਕਸ਼ੂ ਆਦਿ ਕਿਹਾ ਜਾਂਦਾ ਹੈ। ਗੁਰੂ ਰਵਿਦਾਸ-ਬਾਣੀ ਅਨੁਸਾਰ ਜਿਹੜਾ ਸਾਧਕ ਨਿਰਵਾਣ ਪਦ ਭਾਵ ਪ੍ਰਭ ਨੂੰ ਪ੍ਰਾਪਤ ਹੁੰਦਾ ਹੈ, ਉਸ ਨੂੰ ਸੰਤ, ਭਗਤ ਮੁਨੀ ਆਦਿ ਕਿਹਾ ਜਾਂਦਾ ਹੈ। ਸੋ ਮਹਾਂਪੁਰਸ਼ਾਂ ਨੂੰ ਬੁਧ ਧਰਮ ਵਿੱਚ ਵੀ ਮੁਨੀ ਕਿਹਾ ਜਾਂਦਾ ਹੈ ਅਤੇ ਗੁਰੂ ਰਵਿਦਾਸ-ਬਾਣੀ ਵਿੱਚ ਵੀ ਮੁਨੀ ਕਿਹਾ ਜਾਂਦਾ ਹੈ। ਇਥੋਂ ਤੱਕ ਦੋਹਾਂ ਵਿਚਾਰਾਂ ਵਿੱਚ ਕੋਈ ਅੰਤਰ ਨਹੀਂ ਹੈ। ਇਸ ਤਰ੍ਹਾਂ ਬੁੱਧ, ਮੁਨੀ, ਭਿਕਸ਼ੂ ਗਿਆਨ ਪ੍ਰਾਪਤੀ ਦੇ ਆਧਾਰ ਤੇ ਸੰਤ, ਭਗਤ, ਮੁਨੀ ਦੇ ਬਰਾਬਰ ਹੈ।

ਪਰ ਗੁਰੂ ਰਵਿਦਾਸ ਜੀ ਇੱਕ ਕਦਮ ਅੱਗੇ ਜਾਂਦੇ ਹਨ। ਉਹ ਅਜਿਹੇ ਸੰਤ, ਭਗਤ ਨੂੰ ਪ੍ਰਭ ਦਾ ਹੀ ਰੂਪ ਮੰਨਦੇ ਹਨ :

(ੳ) ਸੰਤ ਅਨੰਤਹਿ ਅੰਤਰ ਨਾ ਹੀ॥
(ਅ) ਰਿਧੈ ਰਾਮੁ ਕੀ ਨ ਜਪਸਿ ਅਭਾਗ॥

ਗਿਆਨ ਪ੍ਰਾਪਤੀ ਨਾਲ ਹੀ ਸੰਤ ਜਾਂ ਮੁਨੀ ਬਣਦਾ ਹੈ ਅਤੇ ਗਿਆਨ ਪ੍ਰਾਪਤੀ ਨਾਲ ਹੀ 'ਬੁੱਧ', 'ਮੁਨੀ' ਜਾਂ ਭਿਕਸ਼ੂ ਬਣਦਾ ਹੈ। ਸੋ ਗੁਰੂ ਜੀ ਅਨੁਸਾਰ 'ਮੁਨੀ' ਪ੍ਰਭ ਦਾ ਹੀ ਰੂਪ ਹੈ, ਭਾਵੇਂ ਬੁੱਧ ਧਰਮ ਨੇ ਪ੍ਰਭ ਦੇ ਸੰਕਲਪ ਨੂੰ ਮਾਨਤਾ ਨਹੀਂ ਦਿੱਤੀ। ਪਰ ਉਪਰੋਕਤ ਵਿਚਾਰ ਅਨੁਸਾਰ 'ਮੁਨੀ' ਪ੍ਰਭ ਦਾ ਰੂਪ ਹੀ ਸਿੱਧ ਹੁੰਦਾ ਹੈ।

ਗੁਰੂ ਰਵਿਦਾਸ ਜੀ ਦੇ ਸਿਰਜੇ ਵਿਚਾਰ ਅਧੀਨ ਸ਼ਬਦ ਵਿੱਚ ਇਹੋ ਹੀ ਸਿੱਧ ਕੀਤਾ ਗਿਆ ਹੈ ਕਿ ਨਿਰਵਾਣ-ਪਦ ਦੀ ਪ੍ਰਾਪਤੀ, ਪ੍ਰਭ ਪ੍ਰਾਪਤੀ ਹੀ ਹੈ। ਇਸ ਸ਼ਬਦ ਦੇ ਬੰਦ ਨੰ. ੨ ਤੋਂ ਬੰਦ ਨੰ. ੪ ਤੱਕ ਬੁੱਧ ਧਰਮ ਦੀ ਵਿਚਾਰਧਾਰਾ ਅਤੇ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਬਰਾਬਰ-ਬਰਾਬਰ ਚਲਦੀਆਂ ਹਨ।

ਬੁੱਧ ਧਰਮ ਦੇ ਸਿਧਾਂਤ ਅਨੁਸਾਰ ਸੰਸਾਰ ਦੁੱਖਾਂ ਦਾ ਘਰ ਹੈ, ਦੁਖ, ਇੱਛਾਵਾਂ ਕਾਰਣ ਹਨ, ਇੱਛਾਵਾਂ ਗਿਆਨ ਦੇ ਪ੍ਰਕਾਸ਼ ਨਾਲ ਕਾਬੂ ਕੀਤੀਆਂ ਜਾ ਸਕਦੀਆਂ ਹਨ। ਇਸ ਮੰਤਵ ਲਈ ਬੁੱਧ ਧਰਮ ਵਿੱਚ ਅਸ਼ਟਾਂਗ ਮਾਰਗ ਨੂੰ ਅਪਣਾਇਆ ਗਿਆ ਹੈ। ਗਿਆਨ ਪ੍ਰਾਪਤੀ ਨਾਲ ਹੀ ਨਿਰਵਾਣ ਪ੍ਰਾਪਤੀ ਹੁੰਦੀ ਹੈ ਅਤੇ ਸਾਧਕ, ਬੁਧ, ਮੁਨੀ, ਭਿਕਸ਼ੂ ਬਣ ਜਾਂਦਾ ਹੈ।

ਹੁਣ ਅਸੀਂ ਇਸ ਸਿਧਾਂਤ ਦੀ ਵਿਚਾਰ ਅਧੀਨ ਸ਼ਬਦ ਵਿੱਚ ਖੋਜ ਕਰਦੇ ਹਾਂ।

੧. ਬੁੱਧ ਧਰਮ ਅਨੁਸਾਰ ਸੰਸਾਰ ਦੁੱਖਾਂ ਦਾ ਘਰ ਹੈ।

ਗੁਰੂ ਰਵਿਦਾਸ ਜੀ ਵੀ ਸੰਸਾਰ ਨੂੰ ਦੁੱਖਾਂ ਦਾ ਘਰ ਮੰਨਦੇ ਹਨ :

(ੳ) ਜਤ ਦੇਖਉ ਤਤ ਦੁਖ ਕੀ ਰਾਸੀ॥
(ਅ) ਸੋ ਮੁਨਿ ਮਨ ਕੀ ਦੁਬਿਧਾ ਖਾਇ॥

ਦੁਬਿਧਾ ਦਾ ਅਰਥ ਦੁੱਖ, ਇੱਛਾਵਾਂ ਹੈ। ਜੋ ਸਾਧਕ ਇੱਛਾਵਾਂ ਨੂੰ ਮਾਰ ਲੈਂਦਾ ਹੈ, ਉਸ ਦੇ ਦੁੱਖ ਵੀ ਨਾਲ ਦੀ ਨਾਲ ਮਿਟ ਜਾਂਦੇ ਹਨ। ਸੋ ਗੁਰੂ ਰਵਿਦਾਸ ਜੀ ਦੀ ਬਾਣੀ ਵੀ ਬੁਨਿਆਦੀ ਤੌਰ ਤੇ ਸੰਸਾਰ ਨੂੰ ਦੁੱਖਾਂ ਦਾ ਘਰ ਮੰਨਦੀ ਹੈ।

੨. ਬੁੱਧ ਧਰਮ ਅਨੁਸਾਰ ਦੁੱਖਾਂ ਦਾ ਕਾਰਣ ਇੱਛਾਵਾਂ ਹਨ।

ਗੁਰੂ ਰਵਿਦਾਸ ਜੀ ਵੀ ਇੱਛਾਵਾਂ ਨੂੰ ਹੀ ਦੁੱਖਾਂ ਦਾ ਕਾਰਣ ਮੰਨਦੇ ਹਨ। ਉਨ੍ਹਾਂ ਦੀ ਬਾਣੀ ਵਿੱਚ ਇੱਛਾਵਾਂ ਦੀ ਘਾਤਕ ਅਤੇ ਮਾਰੂ ਸ਼ਕਤੀ ਦਾ ਵਰਨਣ ਹੈ।

(ੳ) ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥
ਪੰਚ ਦੋਖ ਆਸਾਧ ਜਾ ਮਹਿ ਤਾ ਕੀ ਕੇਤਕ ਆਸ॥ ੧॥

(ਅ) ਮਾਧੋ ਅਬਿਦਿਆ ਹਿਤ ਕੀਨ॥
ਬਿਬੇਕ ਦੀਪ ਮਲੀਨ॥

(ਏ) ਮਨ ਕਾ ਸੁਭਾਉ ਸਭ ਕੋਈ ਕਰੈ॥

ਸੋ ਗੁਰੂ ਜੀ ਸਪਸ਼ਟ ਕਰਦੇ ਹਨ ਕਿ ਮਨ ਦੀਆਂ ਇੱਛਾਵਾਂ ਐਨੀਆਂ ਸ਼ਕਤੀਸ਼ਾਲੀ ਹਨ ਕਿ ਇਨ੍ਹਾਂ ਤੇ ਕਾਬੂ ਪਾਉਣਾ ਅਤਿਅੰਤ ਕਠਨ ਹੈ। ਇਸ ਕਰਕੇ ਹਰ ਜੀਵ ਦਾ ਮਨ ਇਨ੍ਹਾਂ ਇੱਛਾਵਾਂ ਦੀ ਪੂਰਤੀ ਲਈ ਵਿਆਕੁਲ ਹੋਇਆ ਫਿਰਦਾ ਹੈ। ਇਹ ਸਭ ਕੁਝ ਅਗਿਆਨਤਾ ਕਾਰਣ ਹੀ ਹੋ ਰਿਹਾ ਹੈ। ਬੁੱਧ ਧਰਮ ਵਿੱਚ ਵੀ ਦੁੱਖਾਂ ਦਾ ਕਾਰਣ ਇੱਛਾਵਾਂ (ਅਗਿਆਨਤਾ) ਹੀ ਹਨ।

੩. ਬੁੱਧ ਧਰਮ ਅਨੁਸਾਰ ਇੱਛਾਵਾਂ (ਅਗਿਆਨਤਾ) ਨੂੰ ਗਿਆਨ ਨਾਲ ਕਾਬੂ ਕੀਤਾ ਜਾ ਸਕਦਾ ਹੈ। ਇਸ ਮੰਤਵ ਲਈ ਬੁੱਧ ਧਰਮ ਵਿੱਚ ਅਸ਼ਟ ਮਾਰਗ ਨੂੰ ਅਪਣਾ ਕੇ ਇਸ ਨੂੰ ਪਰਪੱਕ ਕਰਨ ਲਈ ਅਭਿਆਸ ਕੀਤਾ ਜਾਂਦਾ ਹੈ।

ਗੁਰੂ ਰਵਿਦਾਸ-ਬਾਣੀ ਵਿਚ ਇੱਛਾਵਾਂ ਨੂੰ ਵਿਕਾਰ ਵੀ ਕਿਹਾ ਗਿਆ ਹੈ। ਪੰਜ ਵਿਕਾਰ ਹਨ-ਕਾਮ, ਕ੍ਰੋਧ, ਲੋਭ, ਮਧ (ਹੰਕਾਰ) ਅਤੇ ਮਤਸਰ (ਈਰਖਾ)। ਗੁਰੂ ਜੀ ਵੀ ਇਨ੍ਹਾਂ ਵਿਕਾਰਾਂ ਨੂੰ ਕਾਬੂ ਕਰਨ ਲਈ ਗਿਆਨ ਨੂੰ ਮੰਨਦੇ ਹਨ। ਸਮੁੱਚੀ ਸ੍ਰਿਸ਼ਟੀ ਦੇ ਫਰਜ਼ਾਂ ਭਾਵ ਨਿਯਮਾਂ ਨੂੰ ਪਹਿਚਾਣ ਕੇ ਸਾਧਕ ਗਿਆਨ ਪ੍ਰਾਪਤ ਕਰਦਾ ਹੈ "ਬਰਨ ਸਹਿਤ ਜੋ ਜਾਪੈ ਨਾਮ॥" ਗਿਆਨ ਪ੍ਰਾਪਤੀ ਲਈ ਫਰਜ਼ਾਂ ਦੀ ਪਹਿਚਾਣ ਵਿੱਚ ਸਾਧਕ ਦੇ ਦੁੱਖਾਂ ਦੇ ਕਾਰਣ ਪੰਜ ਵਿਕਾਰ ਵੀ ਹਨ। ਸੋ ਸਾਧਕ ਵਿਕਾਰਾਂ ਤੇ ਕਾਬੂ ਪਾਉਣ ਲਈ ਪਹਿਚਾਣ ਦੁਆਰਾ ਪ੍ਰਾਪਤ ਕੀਤੇ ਗਿਆਨ ਨੂੰ ਪਰਪੱਕ ਕਰਨ ਲਈ ਅਮਲੀ ਜੀਵਨ ਵਿੱਚ ਕਰਮ ਅਭਿਆਸ ਕਰਦਾ ਹੋਇਆ ਪੂਰੇ ਤਾਣ ਨਾਲ ਸੰਘਰਸ਼ ਕਰਦਾ ਹੈ :

(ੳ) ਰਵਿਦਾਸ ਦਾਸ ਉਦਾਸ ਤਜ ਭ੍ਰਮ
ਤਪਨ ਤਪ ਗੁਰ ਗਿਆਨ॥

(ਅ) ਗਿਆਨੈ ਕਾਰਨ ਕਰਮ ਅਭਿਆਸੁ॥

ਸੋ ਬੁੱਧ ਧਰਮ ਵਿੱਚ ਇੱਛਾਵਾਂ ਨੂੰ ਕਾਬੂ ਕਰਨ ਲਈ ਅਸਟ ਮਾਰਗ ਰਾਹੀਂ ਸਮਾਧੀ ਨਾਲ ਗਿਆਨ ਪ੍ਰਾਪਤੀ ਲਈ ਅਭਿਆਸ ਕਰਦਾ ਹੈ, ਸੰਘਰਸ਼ ਕਰਦਾ ਹੈ। ਇਸੇ ਤਰ੍ਹਾਂ ਗੁਰੂ ਰਵਿਦਾਸ-ਬਾਣੀ ਵਿੱਚ ਵਿਕਾਰਾਂ ਤੇ ਕਾਬੂ ਪਾਉਣ ਲਈ ਗਿਆਨ ਨੂੰ ਪਰਪੱਕ ਕਰਨ ਲਈ ਕਰਮ-ਅਭਿਆਸ ਹੈ। ਇਹ ਗਿਆਨ ਦੀ ਪਰਪੱਕਤਾ ਜਾਂ ਗਿਆਨ ਪ੍ਰਾਪਤੀ ਪ੍ਰਭ ਦੀ ਮਿਹਰ ਸਦਕਾ ਪ੍ਰਾਪਤ ਹੁੰਦੀ ਹੈ।

੪. ਬੁੱਧ ਧਰਮ ਅਨੁਸਾਰ ਅਸ਼ਟ ਮਾਰਗ ਦੇ ਕਰੜੇ ਅਭਿਆਸ ਨਾਲ ਗਿਆਨ ਦਾ ਪ੍ਰਕਾਸ਼ ਹੁੰਦਾ ਹੈ। ਇਹੋ ਗਿਆਨ ਦਾ ਪ੍ਰਕਾਸ਼-ਨਿਰਵਾਣ ਪਦ ਹੈ। ਗਿਆਨ ਦੇ ਪ੍ਰਕਾਸ਼ ਨਾਲ ਦੁੱਖਾਂ ਦਾ ਕਾਰਣ ਇੱਛਾਵਾਂ ਉੱਪਰ ਕਾਬੂ ਹੋ ਜਾਂਦਾ ਹੈ।

ਇਸ ਤਰ੍ਹਾਂ ਮੁਨੀ ਜਿਉਂਦੇ ਜੀਅ ਨਿਰਵਾਣ-ਪਦ ਦੀ ਪਦਵੀ ਨੂੰ ਪ੍ਰਾਪਤ ਹੁੰਦਾ ਹੈ।

ਗੁਰੂ ਰਵਿਦਾਸ-ਬਾਣੀ ਵਿਚ ਵੀ ਗਿਆਨ ਦੇ ਪ੍ਰਕਾਸ਼ ਨਾਲ ਇੱਛਾਵਾਂ ਤੇ ਕਾਬੂ ਹੋ ਜਾਂਦਾ ਹੈ ਭਾਵ ਪੰਜੇ ਵਿਕਾਰ ਕਾਬੂ ਵਿੱਚ ਹੋ ਜਾਂਦੇ ਹਨ। ਪਰ ਇਹ ਗਿਆਨ ਪ੍ਰਾਪਤੀ ਪ੍ਰਭ ਦੀ ਬਖਸ਼ਿਸ਼ ਨਾਲ ਪ੍ਰਾਪਤ ਹੁੰਦੀ ਹੈ :

(ੳ) ਉਪਜਿਓ ਗਿਆਨੁ ਹੂਆ ਪਰਗਾਸ॥
ਕਰਿ ਕਿਰਪਾ ਲੀਨੇ ਕੀਟ ਦਾਸ॥
ਕਹੁ ਰਵਿਦਾਸ ਅਬ ਤ੍ਰਿਸਨਾ ਚੂਕੀ॥
ਜਪਿ ਮੁਕੰਦ ਸੇਵਾ ਤਾਹੂ ਕੀ॥ ੪॥ ੧॥

(ਅ) ਗਿਆਨੁ ਭਇਆ ਤਹ ਕਰਮਹਿ ਨਾਸੁ॥

ਸੋ ਗੁਰੂ ਰਵਿਦਾਸ ਜੀ ਬੜੀ ਪਰਪੱਕਤਾ ਨਾਲ ਦ੍ਰਿੜ ਕਰਦੇ ਹਨ ਕਿ ਜਿਉਂਦੇ ਜੀਅ ਸਾਧਕ ਨੂੰ ਗਿਆਨ ਦਾ ਪ੍ਰਕਾਸ਼ ਪ੍ਰਭ ਦੀ ਬਖਸ਼ਿਸ਼ ਨਾਲ ਪ੍ਰਾਪਤ ਹੁੰਦਾ ਹੈ। ਇਹ ਪਰਮ ਵੈਰਾਗ ਦੀ ਅਵਸਥਾ ਹੈ। ਇਸ ਅਵਸਥਾ ਵਿੱਚ ਤ੍ਰਿਸ਼ਨਾ, ਇੱਛਾਵਾਂ ਆਦਿ ਦਾ ਨਾਸ਼ ਹੋ ਜਾਂਦਾ ਹੈ। ਇਹ ਅਵਸਥਾ ਨਿਰਵਾਣ ਪਦ ਦੀ ਅਵਸਥਾ ਹੀ ਹੈ। ਇਸ ਤਰ੍ਹਾਂ ਗੁਰੂ ਜੀ ਦ੍ਰਿੜ ਕਰਦੇ ਹਨ ਕਿ ਸਾਧਕ ਗਿਆਨ ਦੀ ਪ੍ਰਾਪਤੀ ਨਾਲ ਹੀ ਨਿਰਵਾਣ ਪਦ ਪ੍ਰਾਪਤ ਕਰ ਲੈਂਦਾ ਹੈ। ਇਹੋ ਨਿਰਵਾਣ ਪਦ ਦੀ ਪ੍ਰਾਪਤੀ, ਪ੍ਰਭ ਪ੍ਰਾਪਤੀ ਹੈ।

ਘ੍ਰਿਤ ਕਾਰਨ ਦਧਿ ਮਥੈ ਸਇਆਨ॥
ਜੀਵਤ ਮੁਕਤ ਸਦਾ ਨਿਰਵਾਨ॥
ਕਹਿ ਰਵਿਦਾਸ ਪਰਮ ਵੈਰਾਗ॥
ਰਿਦੈ ਰਾਮੁ ਕੀ ਨ ਜਪਸਿ ਅਭਾਗ॥ ੪॥ ੧॥

ਸੋ ਉਪਰੋਕਤ ਚਰਚਾ ਤੋਂ ਸਪੱਸ਼ਟ ਹੈ ਕਿ ਮਹਾਤਮਾ ਬੁੱਧ ਨੇ ਮਹਿੰਜੋਦੜੋ ਅਤੇ ਹੜੱਪਾ ਦੇ ਆਦਿ ਧਰਮ ਵਿੱਚੋਂ ਆਤਮਾ-ਪਰਮਾਤਮਾ ਦਾ ਸੰਕਲਪ ਕੱਢ ਕੇ,

ਇਸ ਵਿਚ ਸੋਧ ਕੀਤੀ ਹੈ। ਇਸ ਤਰ੍ਹਾਂ ਮਹਾਤਮਾ ਬੁੱਧ ਨੇ ਆਦਿ ਧਰਮ ਦੇ ਬੁਨਿਆਦੀ ਅਤੇ ਵਿਗਿਆਨਕ ਤੱਤ-ਸਿਧਾਂਤਾਂ ਨੂੰ ਆਪਣੀ ਵਿਚਾਰਧਾਰਾ ਵਿਚ ਸ਼ਾਮਲ ਕਰ ਲਿਆ।

ਪਰ ਗੁਰੂ ਰਵਿਦਾਸ ਜੀ ਨੇ ਬੁੱਧ ਧਰਮ ਦੀ ਵਿਚਾਰਧਾਰਾ ਵਿੱਚ ਆਤਮਾ-ਪਰਮਾਤਮਾ ਦੇ ਸੰਕਲਪ ਨੂੰ ਮੁੜ ਦਰਜ ਕਰਕੇ ਇਸ ਵਿਚ ਸਿਧਾਂਤਕ ਸੋਧ ਕਰ ਦਿੱਤੀ ਹੈ, ਜਿਸ ਨੂੰ ਅੱਜ ਦੇ ਵਿਗਿਆਨੀਆਂ ਨੇ ਵੀ ਪ੍ਰਵਾਨ ਕਰ ਲਿਆ ਹੈ। ਇਸ ਤਰ੍ਹਾਂ ਗੁਰੂ ਰਵਿਦਾਸ ਜੀ ਨੇ ਮਹਿੰਜੋਦੜੋ ਅਤੇ ਹੜੱਪਾ ਦੇ ਮੌਲਿਕ ਧਰਮ, ਆਦਿ ਧਰਮ ਨੂੰ ਮੁੜ ਸੁਰਜੀਤ ਕਰਕੇ ਵਿਸ਼ਵ-ਵਿਆਪੀ ਵਿਚਾਰਧਾਰਾ ਦੀ ਸਿਰਜਣਾ ਕੀਤੀ ਹੈ, ਜਿਸ ਨਾਲ ਵਿਸ਼ਵ ਧਰਮ ਦਾ ਪੁਨਰ-ਜਨਮ ਹੁੰਦਾ ਹੈ।

ਉਪਰੋਕਤ ਚਰਚਾ ਤੋਂ ਸਪਸ਼ਟ ਹੈ ਕਿ :

੧. ਗੁਰੂ ਰਵਿਦਾਸ ਜੀ ਨੇ ਬੁੱਧ ਧਰਮ ਦਾ ਡੂੰਘਾ ਅਤੇ ਸਰਵ-ਪੱਖੀ ਅਧਿਐਨ ਕਰਕੇ ਇਸ ਵਿਚਾਰ ਅਧੀਨ ਸ਼ਬਦ ਦੀ ਸਿਰਜਣਾ ਕੀਤੀ ਹੈ। ਇਸ ਕਰਕੇ ਹੀ ਉਨ੍ਹਾਂ ਦੀ ਬਾਣੀ ਵਿੱਚ ਬੁੱਧ ਧਰਮ ਦੇ ਬੁਨਿਆਦੀ ਤੱਤਾਂ ਦੇ ਸਿਧਾਂਤ ਨੂੰ ਭਰਵੇਂ ਰੂਪ ਵਿੱਚ ਨਿਰੂਪਤ ਕੀਤਾ ਗਿਆ ਹੈ।

੨. ਇਸ ਚਰਚਾ ਤੋਂ ਇਹ ਵੀ ਸਪਸ਼ਟ ਹੋ ਗਿਆ ਹੈ ਕਿ ਗੁਰੂ ਰਵਿਦਾਸ ਜੀ ਨੇ ਬੁੱਧ ਧਰਮ ਦੇ ਸਿਧਾਂਤ ਨੂੰ ਹੂ-ਬ-ਹੂ ਸਵਿਕਾਰ ਨਹੀਂ ਕੀਤਾ। ਉਹ ਤਾਂ ਆਤਮਾ ਅਤੇ ਪਰਮਾਤਮਾ ਦੇ ਸੰਕਲਪ ਨੂੰ ਬੁੱਧ-ਧਰਮ ਦੀ ਵਿਚਾਰਧਾਰਾ ਨਾਲ ਓਤਪੋਤ ਕਰਕੇ ਮੂਲੋਂ ਹੀ ਬੁਨਿਆਦੀ ਤੌਰ ਤੇ ਇੱਕ ਨਵੀਂ ਵਿਚਾਰਧਾਰਾ ਦੀ ਸਿਰਜਣਾ ਕਰਦੇ ਹਨ। ਇਹ ਨਵੀਂ ਵਿਚਾਰਧਾਰਾ, ਇਕ ਨਵੇਂ ਵਿਸ਼ਵ-ਧਰਮ ਦੀ ਸਥਾਪਤੀ ਦਾ ਸਾਧਨ ਬਣੀ ਹੈ, ਜਿਸ ਨੂੰ ਗੁਰੂ ਰਵਿਦਾਸ ਜੀ ਦੇ ਪੈਰੋਕਾਰ ਆਦਿ ਧਰਮ ਦਾ ਨਾਮ ਦਿੰਦੇ ਹਨ।

ਆਦਿ ਧਰਮ ਦਾ ਨਾਮ ਹੋਰ ਵੀ ਵਧੇਰੇ ਉਚਿਤ ਹੋ ਜਾਂਦਾ ਹੈ ਜਦੋਂ ਅਸੀਂ ੨੦ਵੀਂ ਸਦੀ ਦੇ ਪ੍ਰੌਢ ਵਿਦਵਾਨਾਂ ਦੇ ਵਿਚਾਰਾਂ ਦਾ ਘੋਖਵਾਂ ਅਧਿਐਨ ਕਰਦੇ ਹਾਂ।

ਆਦਿ ਧਰਮ ਮੰਡਲ ਦੀ ਸਥਾਪਨਾ ੧੯੨੫ ਈ. ਵਿੱਚ ਕੀਤੀ ਗਈ ਅਤੇ ਇਸ ਦੀ ਪਹਿਲੀ ਮੀਟਿੰਗ ੧੧-੧੨ ਜੂਨ ੧੯੨੬ ਨੂੰ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਪਾਸ ਕੀਤੇ ਕੁਝ ਮਤੇ ਇਸ ਤਰ੍ਹਾਂ ਹਨ :—

"੧ (ਅ) ਸਾਡਾ ਸ਼ੁਭਕਾਮਨਾ ਸੰਦੇਸ਼ "ਜੈ ਗੁਰਦੇਵ" ਹੈ।"

੧ (ਸ) ਸਾਡਾ ਪਵਿੱਤਰ ਸ਼ਬਦ "ਸੋਹੰ' ਹੈ।

੨ ਸਾਡੇ ਧਰਮ (ਆਦਿ ਧਰਮ) ਦੇ ਬਾਨੀ ਹਨ - ਰਿਸ਼ੀ ਵਾਲਮੀਕਿ ਗੁਰੂ ਰਵਿਦਾਸ, ਗੁਰੂ ਮਹਾਰਾਜ ਕਬੀਰ, ਸਤਿਗੁਰੂ ਨਾਮਦੇਵ ਅਤੇ

ਬਾਣੀ ਦੇ ਗ੍ਰੰਥ ਦਾ ਨਾਂ "ਆਦਿ ਪ੍ਰਕਾਸ਼" ਮੰਨਿਆ ਗਿਆ ਹੈ।" [1]

ਇਸ ਮਤੇ ਅਨੁਸਾਰ ਦੋ ਤੱਥ ਦ੍ਰਿੜ ਹੁੰਦੇ ਹਨ :

੧. ਮੂਲ ਨਿਵਾਸੀਆਂ ਦਾ ਧਰਮ "ਆਦਿ ਧਰਮ"

੨. ਮੂਲ ਨਿਵਾਸੀਆਂ ਦੀ ਔਲਾਦ ਦਾ ਧਰਮ ਗ੍ਰੰਥ "ਆਦਿ ਪ੍ਰਕਾਸ਼" ਹੈ

ਹੁਣ ਅਸੀਂ ਇਸ ਤੇ ਚਰਚਾ ਕਰਦੇ ਹਾਂ :

੧. ਆਦਿ ਧਰਮ ਮੰਡਲ ਦੇ ਪ੍ਰੌਢ ਵਿਦਵਾਨਾਂ ਨੇ ਲੋਥੀਅਨ ਕਮੇਟੀ ਅੱਗੇ ਆਦਿ ਧਰਮ ਬਾਰੇ ਸਪਸ਼ਟ ਕੀਤਾ :—

"ਸਵਾਲ :— ਲਾਰਡ ਲੋਥੀਅਨ ਨੇ ਸਵਾਲ ਕੀਤਾ, ਤੁਸੀਂ ਕੌਣ ਹੋ ?

ਸਾਡੇ ਵਲੋਂ ਜਵਾਬ :— ਅਸੀਂ ਆਦਿ ਧਰਮੀ ਹਾਂ।

ਸਵਾਲ :— ਆਦਿ ਧਰਮ ਦਾ ਕੀ ਮਤਲਬ ਹੈ ?

ਸਾਡੇ ਵਲੋਂ ਜਵਾਬ :— ਅਸੀਂ ਹਿੰਦੋਸਤਾਨ ਦੇ ਅਸਲੀ ਵਾਸ਼ਿੰਦਿਆਂ ਦੀ ਔਲਾਦ ਹਾਂ, ਇਸ ਵਾਸਤੇ ਆਦਿ ਵਾਸੀ (ਆਦਿ ਧਰਮੀ) ਹਾਂ। ਹਿੰਦੂ, ਤਿੱਬਤ ਅਤੇ ਏਸ਼ੀਆ ਤੋਂ ਆਏ ਹਨ ਅਤੇ ਮੁਸਲਮਾਨ ਅਰਬ ਦੇਸ਼ਾਂ ਤੋਂ ਆਏ ਹਨ.....।

ਅਸੀਂ ਨਾ ਤਾਂ ਜਨੇਊ ਧਾਰਨ ਕਰਦੇ ਹਾਂ ਅਤੇ ਨਾ ਹੀ ਪੰਜ ਕੱਕੇ ਰੱਖਦੇ ਹਾਂ ਅਤੇ ਨਾ ਹੀ ਖਤਨੇ ਕਰਾਉਂਦੇ ਹਾਂ। ਅਸੀਂ ਤਾਂ ਕੇਵਲ ਪਰਮਾਤਮਾ ਦੇ ਆਦਿ ਅਸੂਲਾਂ ਦੇ ਮੁਤਾਬਕ, ਜਿਸ ਸ਼ਕਲ ਵਿੱਚ ਪੈਦਾ ਹੋਏ ਹਾਂ, ਉਸ ਹੀ ਆਦਿ ਧਰਮ ਨੂੰ ਮੰਨਦੇ ਹਾਂ, ਇਸ ਵਾਸਤੇ ਅਸੀਂ ਆਦਿ ਧਰਮੀ ਹਾਂ।"[2]

ਇਨ੍ਹਾਂ ਆਦਿ ਅਸੂਲਾਂ ਭਾਵ ਕੁਦਰਤ ਦੇ ਨਿਯਮਾਂ ਅਨੁਸਾਰ ਹੀ ਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਦੀ ਸਿਰਜਣਾ ਕੀਤੀ ਹੈ। ਆਦਿ ਧਰਮ ਮੰਡਲ ਨੇ ਗੁਰੂ ਰਵਿਦਾਸ ਬਾਣੀ ਰਾਹੀਂ ਮਹਿੰਜੋਦੜੋ ਅਤੇ ਹੜੱਪਾ ਦੇ ਧਰਮ ਦੇ ਬੁਨਿਆਦੀ ਤੱਤਾਂ (ਕੁਦਰਤੀ ਨਿਯਮਾਂ) ਨੂੰ ਸਮਝਿਆ, ਅਪਣਾਇਆ ਅਤੇ ਪਰਚਾਰਿਆ ਹੈ ਅਤੇ ਇਹ ਦ੍ਰਿੜ ਕੀਤਾ ਹੈ ਕਿ ਉਹ ਭਾਰਤ ਦੇ ਮਹਿੰਜੋਦੜੋ ਅਤੇ ਹੜੱਪਾ ਦੇ ਆਦਿਵਾਸੀਆਂ ਦੀ ਔਲਾਦ ਹਨ, ਇਸ ਲਈ ਉਹ ਭਾਰਤ ਦੇ ਆਦਿਵਾਸੀ ਹਨ। ਸੋ ਆਦਿ ਵਾਸੀਆਂ ਦੇ ਧਰਮ ਦਾ ਨਾਮ ਆਦਿ ਧਰਮ ਹੀ ਸਹੀ ਅਤੇ ਉਚਿਤ ਹੈ।

ਆਦਿ ਧਰਮ ਨਾਮ ਹੋਰ ਵੀ ਉਚਿਤ ਅਤੇ ਢੁਕਵਾਂ ਹੋ ਨਿਬੜਦਾ ਹੈ ਜਦੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਆਦਿ ਧਰਮ ਦੀਆਂ ਜੜ੍ਹਾਂ ਮਹਿੰਜੋਦੜੋ ਅਤੇ ਹੜੱਪਾ ਦੇ ਸ੍ਮਣ ਧਰਮ ਵਿੱਚ ਵਿਰਾਜਮਾਨ ਹਨ। ਦਰਅਸਲ ਸ੍ਮਣ ਧਰਮ ਹੀ

1 ਤੇ 2. ਆਦਿ ਧਰਮ ਮੰਡਲ ਰਿਪੋਰਟ-ਪੰਨਾ : ੧੧-ਕੌਮੀ ਉਡਾਰੀਆਂ ਵਿਸ਼ੇਸ਼ ਅੰਕ-ਪੰਨਾ : ੧੨

ਆਦਿ ਧਰਮ ਹੈ। ਇਸ ਦਾ ਵਿਕਾਸ ਬੁੱਧ ਧਰਮ ਰਾਹੀਂ ਗੁਰੂ ਰਵਿਦਾਸ-ਬਾਣੀ ਦੀ ਨਵੀਂ ਵਿਚਾਰਧਾਰਾ ਦੇ ਰੂਪ ਵਿੱਚ ਪ੍ਰਗਟ ਹੁੰਦਾ ਹੈ। ਸੋ ਇਸ ਨਵੀਂ ਵਿਚਾਰਧਾਰਾ ਦੇ ਸਥਾਪਤ ਕੀਤੇ ਨਵੇਂ ਵਿਸ਼ਵ-ਧਰਮ ਨੂੰ ਆਦਿ ਧਰਮ ਕਹਿਣਾ ਹੀ ਉਚਿਤ ਹੈ।

੨. ਇਸ ਵਿਸ਼ਵ ਧਰਮ ਦੀ ਨਵੀਂ ਵਿਚਾਰਧਾਰਾ ਦਾ ਆਧਾਰ ਮਹਿੰਜੋਦੜੋ ਅਤੇ ਹੜਪਾ ਅਰਥਾਤ ਸਿੰਧੂ-ਘਾਟੀ ਦੇ ਸ਼੍ਰਮਣ ਧਰਮ ਭਾਵ ਆਦਿ ਧਰਮ ਦੀ ਕੁਦਰਤੀ ਨਿਯਮਾਂ ਅਨੁਸਾਰ ਸਿਰਜੀ ਵਿਚਾਰਧਾਰਾ ਹੈ, ਜਿਸ ਦਾ ਪ੍ਰਗਟਾ ਬੁੱਧ-ਬਾਣੀ ਰਾਹੀਂ ਗੁਰੂ ਰਵਿਦਾਸ ਬਾਣੀ ਵਿੱਚ ਪਰਗਟ ਹੁੰਦਾ ਹੈ। ਕੁਦਰਤ ਦਾ ਅਰਥ ਹੈ ਬ੍ਰਹਮ ਅਤੇ ਨਿਯਮ ਦਾ ਅਰਥ ਹੈ ਗਿਆਨ। ਸੋ ਕੁਦਰਤੀ ਨਿਯਮਾਂ ਦਾ ਅਰਥ ਹੈ ਬ੍ਰਹਮ-ਗਿਆਨ। ਇਹੋ ਬ੍ਰਹਮ-ਗਿਆਨ ਗੁਰੂ ਰਵਿਦਾਸ ਅਤੇ ਹੋਰ ਮਹਾਂਪੁਰਸ਼ਾਂ ਦੀ ਬਾਣੀ ਵਿੱਚ ਨਿਰੂਪਤ ਹੈ। ਉਪਰੋਕਤ ਮਤੇ ਵਿੱਚ ਗੁਰੂ ਰਵਿਦਾਸ, ਗੁਰੂ ਕਬੀਰ ਅਤੇ ਗੁਰੂ ਨਾਮਦੇਵ ਦੀ ਬਾਣੀ ਦਾ ਨਾਮ ਆਦਿ ਪ੍ਰਕਾਸ਼ ਗ੍ਰੰਥ ਰੱਖਿਆ ਹੈ। "ਆਦਿ ਪ੍ਰਕਾਸ਼" ਦਾ ਅਰਥ ਹੈ ਆਦਿ ਤੋਂ ਪਰਗਟ ਹੋਇਆ ਗਿਆਨ। ਇਹ ਗਿਆਨ ਦੁਨੀਆਂ ਭਰ ਦੀ ਸਭ ਤੋਂ ਪੁਰਾਣੀ ਸਿੰਧੂ ਘਾਟੀ ਦੀ ਵਿਚਾਰਧਾਰਾ ਦਾ ਉਹ ਗਿਆਨ ਹੈ ਜਿਹੜਾ ਬੁੱਧ-ਬਾਣੀ ਰਾਹੀਂ ਗੁਰੂ ਰਵਿਦਾਸ-ਬਾਣੀ ਵਿੱਚ ਪਰਗਟ ਹੋਇਆ ਹੈ। ਇਸ ਤੱਥ ਤੋਂ ਸਾਬਤ ਹੋ ਗਿਆ ਹੈ ਕਿ "ਆਦਿ ਪ੍ਰਕਾਸ਼" ਗ੍ਰੰਥ ਬਹੁਤ ਹੀ ਢੁਕਵਾਂ ਨਾਮ ਹੈ। ਇਸ ਤੱਥ ਤੋਂ ਇਹ ਵੀ ਸਾਬਤ ਹੋ ਗਿਆ ਹੈ ਕਿ "ਆਦਿ ਪ੍ਰਕਾਸ਼" ਗ੍ਰੰਥ ਦੇ ਧਰਮ ਦਾ ਧਰਮ ਦਾ ਢੁਕਵਾਂ ਨਾਮ ਕੇਵਲ "ਆਦਿ ਧਰਮ" ਹੀ ਹੋ ਸਕਦਾ ਹੈ।

ਡੂੰਘਾਈ ਅਤੇ ਬਰੀਕੀ ਨਾਲ ਅਧਿਐਨ ਕਰਨ ਉਪਰੰਤ ਉਪਰੋਕਤ ਚਰਚਾ ਤੋਂ ਪਰਪੱਕ ਹੋ ਗਿਆ ਹੈ ਕਿ :

੧. ਸਿੰਧੂ ਘਾਟੀ ਦੇ ਮੂਲ ਨਿਵਾਸੀਆਂ ਦੀ ਕੁਦਰਤੀ ਨਿਯਮਾਂ ਅਨੁਸਾਰ ਸਿਰਜੀ ਵਿਚਾਰਧਾਰਾ ਜਿਹੜੀ ਬੁੱਧ-ਬਾਣੀ ਰਾਹੀਂ ਗੁਰੂ ਰਵਿਦਾਸ ਬਾਣੀ ਵਿੱਚ ਪਰਗੱਟ ਹੁੰਦੀ ਹੈ ਇਹ ਸਿੰਧੂ ਘਾਟੀ ਦੇ ਧਰਮ ਦੀ ਵਿਚਾਰਧਾਰਾ ਦਾ ਹੀ ਵਿਕਸਤ ਰੂਪ ਹੈ। ਜਿਸ ਦੇ ਗ੍ਰੰਥ ਦਾ ਨਾਮ "ਆਦਿ ਪ੍ਰਕਾਸ਼" ਬਹੁਤ ਹੀ ਢੁਕਵਾਂ ਹੈ।

੨. ਮੂਲ ਨਿਵਾਸੀਆਂ ਦੀ ਔਲਾਦ ਨੇ ਵੀਹਵੀਂ ਸਦੀ ਵਿੱਚ "ਆਦਿ ਪ੍ਰਕਾਸ਼" ਗ੍ਰੰਥ ਦੇ ਅਧਾਰ ਤੇ ਹੀ ਆਪਣੇ ਧਰਮ ਦਾ ਨਾਮ "ਆਦਿ ਧਰਮ" ਰੱਖਿਆ ਹੈ। ਸੋ "ਆਦਿ ਪ੍ਰਕਾਸ਼" ਗ੍ਰੰਥ ਦੀ ਨਵੀਂ ਵਿਸ਼ਵਵਿਆਪੀ ਵਿਚਾਰਧਾਰਾ ਦੇ ਸਥਾਪਤ ਕੀਤੇ ਧਰਮ ਨੂੰ "ਆਦਿ ਧਰਮ" ਕਹਿਣ ਹੀ ਉਚਿੱਤ ਹੈ।

ਸੋ ਗੁਰੂ ਨਾਮ ਦੇਵ ਜੀ, ਗੁਰੂ ਰਵਿਦਾਸ ਜੀ ਅਤੇ ਗੁਰੂ ਕਬੀਰ ਜੀ ਦੀ ਬਾਣੀ ਦੇ ਗ੍ਰੰਥ ਦਾ ਨਾਮ "ਆਦਿ ਪ੍ਰਕਾਸ਼" ਹੈ ਅਤੇ ਇਸ ਬਾਣੀ ਦੀ ਨਵੀਂ ਵਿਸ਼ਵਵਿਆਪੀ ਵਿਚਾਰਧਾਰਾ ਦੇ ਸਥਾਪਤ ਕੀਤੇ ਧਰਮ ਦਾ ਸਹੀ ਅਤੇ ਢੁਕਵਾਂ

ਨਾਮ "ਆਦਿ ਧਰਮ" ਹੈ।

ਹੁਣ ਭਾਰਤ ਸਰਕਾਰ ਨੇ ਵੀ ਆਦਿ ਧਰਮ ਨੂੰ, ਧਰਮ ਦੇ ਤੌਰ ਤੇ ਪ੍ਰਵਾਨ ਕਰਕੇ, 1931 ਦੀ ਮਰਦਮਸ਼ੁਮਾਰੀ ਵਿਚ ਸ਼ਾਮਲ ਕਰ ਲਿਆ ਹੈ।

1. ਆਦਿਵਾਸੀ ਸ਼ੂਦਰਾਂ, ਅਛੂਤਾਂ ਦਾ ਧਰਮ ਮਹਿੰਜੋਦੜੋ ਅਤੇ ਹੜੱਪਾ ਅਰਥਾਤ ਸਿੰਧੂ ਘਾਟੀ ਦਾ ਧਰਮ ਹੈ।

2. ਇਸ ਧਰਮ ਨੂੰ ਵਿਦਵਾਨਾਂ ਨੇ 'ਸ਼ਰਮਣ ਧਰਮ' ਜਾਂ 'ਅਵਿਦਿਕ ਧਰਮ' ਦਾ ਨਾਮ ਦਿੱਤਾ ਹੈ। ਪਰ ਵੀਹਵੀਂ ਸਦੀ ਦੇ ਆਦਿ ਵਾਸੀ ਵਿਦਵਾਨਾਂ ਇਸ ਨੂੰ 'ਆਦਿ ਧਰਮ' ਦਾ ਨਾਮ ਦਿੱਤਾ ਹੈ। ਜਿਸ ਨੂੰ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਡਕਰ ਨੇ ਲੋਥੀਅਨ ਕਮੇਟੀ ਸਾਹਮਣੇ ਵਕਾਲਤ ਕਰਕੇ 'ਆਦਿ ਧਰਮ' ਨੂੰ ਸਵੀਕਾਰ ਕਰਕੇ, ਭਾਰਤ ਸਰਕਾਰ ਤੋਂ ਪ੍ਰਵਾਨ ਕਰਵਾਇਆ।

3. ਸਟੀਕ ਪੰਨਾ. 342 ਦਾ ਨੁਕਤਾ - 1

4. ਸਟੀਕ ਪੰਨਾ 343 ਦਾ ਨੁਕਤਾ - 2

5. ਗੁਰੂ ਰਵਿਦਾਸ ਜੀ ਦੀ ਸਮੁੱਚੀ ਬਾਣੀ, "ਸੋਹੰ ਦੇ ਸਿਧਾਂਤ" ਦੀ ਹੀ ਵਿਆਖਿਆ ਹੈ।

ਹੁਣ ਅਸੀਂ ਗੁਰੂ ਰਵਿਦਾਸ ਵਿਚ ਨਿਰੂਪਤ ਸੋਹੰ ਦੇ ਸਿਧਾਂਤ ਦੀ ਵਿਆਖਿਆ ਕਰਦੇ ਹਾਂ। ਜਿਸ ਨੂੰ ਅਸੀਂ 'ਪ੍ਰਭੂ ਦੀ ਹੋਂਦ' ਅਤੇ ਉਸ ਦੀ ਸਿਰਜਣਾ 'ਸ੍ਰਿਸ਼ਟੀ' ਤੱਕ ਹੀ ਸੀਮਤ ਰੱਖਿਆ ਹੈ।

'ਸੋਹੰ' ਸਿਦਾਂਤਕ ਸ਼ਬਦ ਹੈ। 'ਸੋ' ਦਾ ਅਰਥ ਹੈ 'ਪ੍ਰਭ' ਅਤੇ 'ਅਹੰ' ਦਾ ਅਰਥ ਹੈ 'ਪ੍ਰਭ ਦੀ ਸ੍ਰਿਸ਼ਟੀ'। ਦੋਵੇਂ ਹੀ ਸੋਹੰ ਵਿਚ ਵਿਰਾਜਮਾਨ ਹਨ।

ਤੋਹੀ ਮੋਹੀ, ਮੋਹੀ ਤੋਹੀ, ਅੰਤਰ ਕੈਸਾ॥

ਦੋਵੇਂ ਹੀ ਇਕ ਦੂਜੇ ਨਾਲ ਓਤਪੋਤ ਹਨ।

ਗੁਰੂ ਰਵਿਦਾਸ-ਬਾਣੀ ਅਤੇ ਜਪੁਜੀ ਦੇ ਪੰਜ-ਖੰਡ

ਗੁਰੂ ਰਵਿਦਾਸ ਜੀ ਨੇ ਵਿਚਾਰ ਅਧੀਨ ਸ਼ਬਦ ਵਿੱਚ ਬੜੀ ਸਪਸ਼ਟਤਾ ਅਤੇ ਵਿਲਖਣਤਾ ਨਾਲ ਪ੍ਰਭ ਪ੍ਰਾਪਤੀ ਦੀ ਵਿਧੀ ਨੂੰ ਨਿਰੂਪਤ ਕੀਤਾ ਹੈ। ਉਹ ਫਰਮਾਉਂਦੇ ਹਨ ਕਿ ਜੋ ਸਾਧਕ ਸਮੁੱਚੀ ਸ੍ਰਿਸ਼ਟੀ ਦੇ ਸਿਧਾਂਤਾਂ, ਨਿਯਮਾਂ ਨੂੰ ਪਹਿਚਾਣ ਲੈਂਦਾ ਹੈ ਭਾਵ ਸ੍ਰਿਸ਼ਟੀ ਦਾ ਗਿਆਨ ਪ੍ਰਾਪਤ ਕਰ ਲੈਂਦਾ ਹੈ ਅਤੇ ਉਸ ਅਨੁਸਾਰ ਪ੍ਰਭ ਦਾ ਸਿਮਰਨ ਕਰਦਾ ਹੈ, ਉਹ ਇੱਛਾਵਾਂ ਰਹਿਤ, ਕਾਮਨਾ ਰਹਿਤ ਹੋ ਜਾਂਦਾ ਹੈ। ਦੂਜੇ ਅਰਥਾਂ ਵਿੱਚ ਉਹ ਪ੍ਰਭ ਨੂੰ ਪ੍ਰਾਪਤ ਹੁੰਦਾ ਹੈ। (ਬਰਨ ਦਾ ਇੱਕ ਅਰਥ, ਭਾਈ ਕਾਹਨ ਸਿੰਘ ਨਾਭਾ ਨੇ, "ਭਾਵ-ਸ਼ਬਦ ਦਾ ਸਿਧਾਂਤ ਅਰਥ" ਵੀ ਕੀਤਾ ਹੈ। ਇਸ ਤੁਕ ਵਿੱਚ ਇਹੋ ਅਰਥ ਹੀ ਸਹੀ ਹਨ।)

1. ਧਰਮ ਖੰਡ

ਸਮੁੱਚੀ ਸਿਰਸ਼ਟੀ ਦੇ ਨਿਯਮਾਂ ਦੀ ਪਹਿਚਾਣ ਵਿੱਚ ਜੀਵ ਅਤੇ ਅਜੀਵ, ਸਭ ਦੀ ਸਮਝ ਅਤੇ ਪਹਿਚਾਣ ਸਾਧਕ ਨੂੰ ਹੋ ਜਾਂਦੀ ਹੈ। ਇਸ ਵਿੱਚੋਂ ਜੀਵ ਨੂੰ ਨਿਖੇੜ ਕੇ ਗੁਰੂ ਜੀ ਨੇ ਉਸ ਦੀ ਮੁਕਤੀ ਲਈ

ਬਰਨ ਸਹਿਤ ਜੋ ਜਾਪੈ ਨਾਮੁ॥
ਸੋ ਜੋਗੀ ਕੇਵਲ ਨਿਹਕਾਮੁ॥

ਦੇ ਸਿਧਾਂਤ ਦੀ ਸਿਰਜਣਾ ਕੀਤੀ ਹੈ। ਸੋ ਇਸ ਵਿਚਾਰ ਵਿੱਚ ਸਾਧਕ ਕੁਦਰਤ ਦੇ ਨਿਯਮਾਂ ਨੂੰ ਸਮਝਕੇ ਅਤੇ ਪਹਿਚਾਣ ਕਰਕੇ ਇਸ ਅਨੁਸਾਰ ਪ੍ਰਭ ਦਾ ਸਿਮਰਨ ਕਰਦਾ ਹੈ, ਜਿਸ ਸਦਕਾ ਉਹ ਪ੍ਰਭ ਨੂੰ ਪ੍ਰਾਪਤ ਹੁੰਦਾ ਹੈ। ਸਾਧਕ ਦੀ ਇਸ ਮਾਨਸਿਕ ਅਵਸਥਾ ਨੂੰ ਜਪੁਜੀ ਵਿੱਚ ਗੁਰੂ ਨਾਨਕ ਦੇਵ ਜੀ ਨੇ ਧਰਮ-ਖੰਡ ਦਾ ਨਾਮ ਦੇਕੇ ਵਿਆਖਿਆ ਕੀਤੀ ਹੈ।

ਤਿਥੈ ਸੋਹਨਿ ਪੰਚ ਪਰਵਾਣੁ॥
ਨਦਰੀ ਕਰਮਿ ਪਵੈ ਨੀਸਾਣੁ॥ (ਪਉੜੀ ੩੪)

ਡਾ. ਰਾਮ ਸਿੰਘ ਇਨ੍ਹਾਂ ਸੱਤਰਾਂ ਦਾ ਟੀਕਾ ਕਰਦੇ ਲਿਖਦੇ ਹਨ :

> "ਉਸ ਸੱਚੇ ਦਰਬਾਰ ਵਿੱਚ (ਨਾਮ ਜਪ ਕੇ ਸ਼ੁਭ ਕਰਮਾਂ ਦੇ ਨਜ਼ਰੀਏ ਤੋਂ ਉੱਚੇ ਉੱਠਕੇ ਨਿਰੰਕਾਰੀ ਮਿਹਰ ਦੁਆਰਾ ਚੁਣੇ ਗਏ) ਪਵਿੱਤਰ ਮਨੁੱਖ (ਕਰਮਾਂ ਦੀ ਦੈਵੀ ਕਸਵੱਟੀ ਉੱਤੇ) ਪੂਰੇ ਉਤਰਦੇ ਤੇ ਸ਼ੋਭਾ ਪ੍ਰਾਪਤ ਕਰਦੇ ਹਨ। (ਉਨ੍ਹਾਂ ਉੱਤੇ) ਦਇਆਵਾਨ ਨਿਰੰਕਾਰ ਦੀ ਮਿਹਰ ਦੁਆਰਾ (ਪ੍ਰਵਾਨਗੀ ਦੀ) ਮੁਹਰ ਲੱਗ ਜਾਂਦੀ ਹੈ।"[1]

---

1. *ਜਪੁਜੀ ਦੇ ਪੰਜ ਖੰਡ - ਪੰਨਾ-੯੬*

ਉਪਰੋਕਤ ਅਧਿਐਨ ਤੋਂ ਸਪਸ਼ਟ ਹੈ ਕਿ ਦੋਹਾਂ ਮਹਾਂਪੁਰਸ਼ਾਂ ਦੇ 'ਧਰਮ-ਖੰਡ' ਸਬੰਧੀ ਵਿਚਾਰ ਇਕੋ ਹੀ ਹਨ। ਗੁਰੂ ਰਵਿਦਾਸ ਜੀ ਦੇ ਵਿਚਾਰ ਸੰਕੇਤ ਮਾਤਰ ਹਨ। ਪਰ ਗੁਰੂ ਨਾਨਕ ਦੇਵ ਜੀ ਨੇ ਇਸ ਵਿਚਾਰ ਦੀ ਵਿਸਥਾਰ ਪੂਰਵਕ ਵਿਆਖਿਆ ਕੀਤੀ ਹੈ।

2. ਗਿਆਨ ਖੰਡ

ਗੁਰੂ ਰਵਿਦਾਸ ਜੀ ਨੇ ਸ੍ਰਿਸ਼ਟੀ ਦੇ ਸਮੁੱਚੇ ਸਿਧਾਂਤਾਂ ਜਾਂ ਨਿਯਮਾਂ ਵਿੱਚੋਂ ਕੇਵਲ ਜੀਵ ਦੇ ਆਤਮਕ ਜੀਵਨ ਦੇ ਵਿਕਾਸ ਲਈ ਮਨ ਦੀਆਂ ਇੱਛਾਵਾਂ ਭਾਵ ਪੰਜ ਵਿਕਾਰਾਂ ਦਾ ਨਿਖੇੜਾ ਕਰਕੇ, ਜੀਵ ਨੂੰ ਵੱਖਰੇ ਤੌਰ ਤੇ ਭਰਵੇਂ ਰੂਪ ਵਿੱਚ ਸੁਚੇਤ ਕਰਨ ਲਈ ਇਨ੍ਹਾਂ ਵਿਕਾਰਾਂ ਦਾ ਸ਼ਕਤੀਸ਼ਾਲੀ ਢੰਗ ਨਾਲ ਬੋਧ ਕਰਾਇਆ ਹੈ। ਫਿਰ ਸਾਧਕ ਪੰਜਾਂ ਵਿਕਾਰਾਂ ਉੱਪਰ ਸ਼ਕਤੀਸ਼ਾਲੀ ਢੰਗ ਨਾਲ ਕਾਬੂ ਪਾਕੇ ਪ੍ਰਤੱਖ ਗਿਆਨ ਨੂੰ ਦ੍ਰਿੜ ਕਰਦਾ ਹੈ। (ਅਨਭੈ ਦਾ ਅਰਥ, ਭਾਈ ਕਾਹਨ ਸਿੰਘ ਨਾਭਾ ਅਨੁਸਾਰ ਪ੍ਰਤੱਖ ਗਿਆਨ ਵੀ ਹੈ, ਜਿਹੜਾ ਇਸ ਬੰਦ ਵਿੱਚ ਢੁਕਵਾਂ ਹੈ।) ਇਹੋ ਪ੍ਰਤੱਖ ਗਿਆਨ, ਸਾਧਕ ਨੂੰ ਪ੍ਰਭ-ਰੂਪ ਬਨਾਉਣ ਦਾ ਸਾਧਨ ਬਣਦਾ ਹੈ।

ਸੋ ਮੁਨਿ ਮਨ ਕੀ ਦੁਬਿਧਾ ਖਾਇ॥
ਬਿਨੁ ਦੁਆਰੇ ਤ੍ਰੈ ਲੋਕ ਸਮਾਇ॥
ਮਨ ਕਾ ਸੁਭਾਉ ਸਭ ਕੋਈ ਕਰੈ॥
ਕਰਤਾ ਹੋਇ ਸੁ ਅਨਭੈ ਰਹੈ॥੨॥

ਸੋ ਗੁਰੂ ਰਵਿਦਾਸ ਜੀ ਨੇ ਵਿਸ਼ਾਲ ਗਿਆਨ ਦਾ ਬੋਧ ਕਰਾਉਣ ਦੇ ਨਾਲ ਨਾਲ ਵੱਖਰੇ ਤੌਰ ਤੇ ਪ੍ਰਭਾਵਸ਼ਾਲੀ ਢੰਗ ਨਾਲ ਪੰਜੇ ਵਿਕਾਰਾਂ ਤੇ ਕਾਬੂ ਪਾਕੇ ਪ੍ਰਤੱਖ ਗਿਆਨ ਦਾ ਜ਼ਿਕਰ ਵੀ ਕੀਤਾ ਹੈ। ਇਨ੍ਹਾਂ ਪੰਜਾਂ ਵਿਕਾਰਾਂ ਨੂੰ ਕਿਵੇਂ ਕਾਬੂ ਕੀਤਾ ਜਾ ਸਕਦਾ ਹੈ? ਇਸ ਦਾ ਜ਼ਿਕਰ ਗੁਰੂ ਜੀ ਨੇ ਇਸ ਸ਼ਬਦ ਦੇ ਤੀਜੇ ਬੰਦ ਵਿੱਚ ਕੀਤਾ ਹੈ। ਇਸ ਤਰ੍ਹਾਂ ਗੁਰੂ ਜੀ ਨੇ ਸਾਧਕ ਦੀ ਇਸ ਮਾਨਸਿਕ ਅਵਸਥਾ ਨੂੰ ਸੰਪੂਰਨ, ਵਿਆਪਕ ਗਿਆਨ ਦੀ ਅਵਸਥਾ ਦੇ ਤੌਰ ਤੇ ਸਿਰਜਿਆ ਹੈ। ਇਸੇ ਮਾਨਸਿਕ ਅਵਸਥਾ ਨੂੰ ਜਪੁਜੀ ਵਿੱਚ ਗੁਰੂ ਨਾਨਕ ਦੇਵ ਜੀ ਨੇ 'ਗਿਆਨ-ਖੰਡ' ਵਿੱਚ ਸਿਰਜਿਆ ਹੈ :

(ੳ) ਧਰਮ ਖੰਡ ਕਾ ਏਹੋ ਧਰਮੁ॥
ਗਿਆਨ ਖੰਡ ਕਾ ਆਖਹੁ ਕਰਮ॥ (ਪਉੜੀ ੩੫)

ਡਾ. ਰਾਮ ਸਿੰਘ ਲਿਖਦੇ ਹਨ,

> "ਧਰਮ ਦੇ ਨਿਯਮ ਵਾਲੇ ਅਰਥਾਂ ਨੂੰ ਲਈਏ ਤਾਂ ਚੌਤੀਵੀਂ ਪਉੜੀ ਵਿੱਚ ਕਾਰਨ, ਕਾਰਜ ਦਾ ਨਿਯਮ, (ਜਿਹੜਾ ਕੇਵਲ ਧਰਤੀ ਦੇ ਪ੍ਰਕਿਰਤਕ ਤੇ ਮਨੁੱਖੀ ਭਾਗਾਂ ਵਿੱਚ ਵਰਤਦਾ ਦਸਿਆ ਗਿਆ ਹੈ। ਪੈਂਤੀਵੀ ਪਉੜੀ ਵਿੱਚ ਉਸੇ ਨਿਯਮ ਨੂੰ ਸਾਰੀ ਸ੍ਰਿਸ਼ਟੀ ਵਿੱਚ ਵਿਆਪਕ ਦ੍ਰਿਸਾਉਣ ਦਾ ਜਤਨ ਹੈ।"[1]

ਇਸ ਵਿਚਾਰ ਅਧੀਨ ਸ਼ਬਦ ਵਿੱਚ ਜਿਹੜੇ ਸ੍ਰਿਸ਼ਟੀ ਦੇ ਨਿਯਮਾਂ ਨੂੰ ਪਹਿਚਾਣ ਕੇ ਸਾਧਕ ਪ੍ਰਭ ਦਾ ਸਿਮਰਨ ਕਰਦਾ ਹੈ ਅਤੇ ਪ੍ਰਤੱਖ ਗਿਆਨ ਨੂੰ ਪ੍ਰਾਪਤ ਕਰਦਾ ਹੈ. ਉਸੇ ਨੂੰ ਡਾ. ਰਾਮ ਸਿੰਘ ਨੇ ਧਰਮ-ਖੰਡ ਵਿੱਚ ਕਾਰਨ-ਕਾਰਜ ਦਾ ਨਿਯਮ ਕਿਹਾ ਹੈ ਅਤੇ ਇਨ੍ਹਾਂ ਸ੍ਰਿਸ਼ਟੀ ਦੇ ਨਿਯਮਾਂ ਦਾ ਵਿਕਾਸ ਹੀ ਗਿਆਨ ਖੰਡ ਵਿੱਚ ਵਿਆਪਕ ਵਰਤਦਾ ਦ੍ਰਿਸਾਇਆ ਗਿਆ ਹੈ। ਜਿਸ ਨੂੰ ਗੁਰੂ ਰਵਿਦਾਸ ਜੀ ਨੇ ਪ੍ਰਤੱਖ ਗਿਆਨ ਦੇ ਰੂਪ ਵਿੱਚ ਦ੍ਰਿੜ ਕੀਤਾ ਹੈ। ਉਸੇ ਨੂੰ ਗਿਆਨ ਖੰਡ ਦੇ ਪ੍ਰਸੰਗ ਵਿਚ ਛਤੀਵੀਂ ਪਉੜੀ ਦੀ ਪਹਿਲੀ ਤੁਕ ਵਿੱਚ ਗਿਆਨ ਨੂੰ ਦ੍ਰਿੜ ਕੀਤਾ ਗਿਆ ਹੈ।

ਗਿਆਨ ਖੰਡ ਮਹਿ ਗਿਆਨ ਪਰਚੰਡੁ॥ (ਪਉੜੀ ੩੬)

ਸੋ ਗਿਆਨ ਖੰਡ ਸੰਬੰਧੀ ਵੀ ਦੋਹਾਂ ਮਹਾਂਪੁਰਸ਼ਾਂ ਦੇ ਵਿਚਾਰ ਮਿਲਦੇ ਜੁਲਦੇ ਹਨ।

ਇਥੇ ਇਹ ਗਲ ਸਪਸ਼ਟ ਕਰਨੀ ਜ਼ਰੂਰੀ ਹੈ ਕਿ ਗੁਰੂ ਰਵਿਦਾਸ ਜੀ ਦੇ ਸਾਧਕ ਨੇ ਆਤਮਕ ਜੀਵਨ ਦੇ ਵਿਕਾਸ ਦੀ ਪਹਿਲੀ ਮਾਨਸਿਕ ਅਵਸਥਾ ਵਿੱਚ ਹੀ ਸਮੁੱਚੀ ਸ੍ਰਿਸ਼ਟੀ ਦੇ ਨਿਯਮਾਂ ਦੀ ਪਹਿਚਾਣ ਅਤੇ ਸੂਝ-ਬੂਝ ਪ੍ਰਾਪਤ ਕੀਤੀ ਹੈ। ਪਰ ਗੁਰੂ ਨਾਨਕ ਦੇਵ ਜੀ ਦੇ ਸਾਧਕ ਨੇ ਵੀ ਧਰਮ ਖੰਡ ਵਿੱਚ ਸਮੁੱਚੀ ਸ੍ਰਿਸ਼ਟੀ ਦੇ ਨਿਯਮਾਂ ਦੀ ਪਹਿਚਾਣ ਕੀਤੀ ਹੈ ਅਤੇ ਗਿਆਨ ਖੰਡ ਭਾਵ ਦੂਜੀ ਅਵਸਥਾ ਵਿੱਚ ਉਸ ਨੂੰ ਸਮੁੱਚੀ ਸ੍ਰਿਸ਼ਟੀ ਦੀ ਬੇਅੰਤਤਾ ਦਾ ਬੋਧ ਹੁੰਦਾ ਹੈ। ਸਾਧਕ ਸ੍ਰਿਸ਼ਟੀ ਦੇ ਭਰਪੂਰ ਗਿਆਨ ਨਾਲ ਭਰਪੂਰ ਹੋ ਜਾਂਦਾ ਹੈ। ਪਰ ਗੁਰੂ ਰਵਿਦਾਸ ਜੀ ਦਾ ਸਾਧਕ ਪਹਿਲੀ ਅਵਸਥਾ ਵਿੱਚ ਹੀ ਸ੍ਰਿਸ਼ਟੀ ਦੇ ਗਿਆਨ ਨਾਲ ਭਰਪੂਰ ਹੋ ਜਾਂਦਾ ਹੈ ਅਤੇ ਦੂਜੀ ਅਵਸਥਾ ਵਿੱਚ ਆਪਣੇ ਮੰਤਵ, ਪ੍ਰਭ ਪ੍ਰਾਪਤੀ ਲਈ, "ਮਨ ਕਾ ਸੁਭਾਉ" ਭਾਵ ਪੰਜਾਂ ਵਿਕਾਰਾਂ ਨੂੰ ਨਿਖੇੜ ਕੇ, ਉਨ੍ਹਾਂ ਉੱਪਰ ਕਾਬੂ ਕਿਵੇਂ ਪਾਇਆ ਜਾ ਸਕਦਾ ਹੈ? ਇਸ ਉੱਪਰ ਵਧੇਰੇ ਧਿਆਨ ਕੇਂਦਰਤ ਕਰਕੇ ਮਹੱਤਵਪੂਰਨ ਪਹਿਚਾਣ ਅਤੇ ਸੂਝ-ਬੂਝ ਪ੍ਰਾਪਤ ਕਰਦਾ ਹੈ ਭਾਵ ਪ੍ਰਤੱਖ ਗਿਆਨ ਪ੍ਰਾਪਤ ਕਰਦਾ ਹੈ।

ਇਸ ਤਰ੍ਹਾਂ ਗੁਰੂ ਰਵਿਦਾਸ ਜੀ ਅਤੇ ਗੁਰੂ ਨਾਨਕ ਦੇਵ ਜੀ ਅਨੁਸਾਰ ਸਾਧਕ ਦੂਜੀ ਅਵਸਥਾ ਤੱਕ ਸ੍ਰਿਸ਼ਟੀ ਦੇ ਗਿਆਨ ਨਾਲ ਭਰਪੂਰ ਹੋ ਜਾਦਾ ਹੈ।

---

1. ਓਹੀ - ਪੰਨਾ : ੧੭

3. ਸ਼ਰਮ ਖੰਡ

ਇਸ ਮਾਨਸਿਕ ਅਵਸਥਾ ਪਿੱਛੋਂ ਗੁਰੂ ਰਵਿਦਾਸ ਜੀ ਉਸ ਵਿਧੀ ਦੀ ਸਿਰਜਣਾ ਕਰਦੇ ਹਨ, ਜਿਸ ਰਾਹੀਂ ਸਾਧਕ ਗਿਆਨ ਦੀ ਪ੍ਰਾਪਤੀ ਕਰਕੇ ਆਤਮਾ ਨੂੰ ਪ੍ਰਕਾਸ਼ਮਈ ਕਰ ਸਕਦਾ ਹੈ। ਗਿਆਨ ਵਾਲੀ ਮਾਨਸਿਕ ਅਵਸਥਾ ਨੂੰ ਪ੍ਰਾਪਤ ਕਰਨ ਲਈ ਸਾਧਕ, ਗੁਰੂ ਜੀ ਦੀ ਦਿੱਤੀ ਵਿਧੀ ਅਨੁਸਾਰ ਕਰਮ ਅਭਿਆਸ ਕਰਦਾ ਹੈ। ਸਾਧਕ, ਦ੍ਰਿੜ ਕੀਤੇ ਗਿਆਨ ਅਨੁਸਾਰ ਇਸ ਅਵਸਥਾ ਵਿੱਚ ਚੰਗੇ ਕਰਮਾਂ ਨੂੰ ਭਾਵ ਸੱਚ ਨੂੰ ਪ੍ਰਾਪਤ ਕਰਨ ਲਈ ਅਤੇ ਬੁਰੇ ਕਰਮਾਂ ਨੂੰ ਭਾਵ ਵਿਕਾਰਾਂ ਨੂੰ ਤਿਆਗਣ ਲਈ ਪੂਰੀ ਸ਼ਕਤੀ ਨਾਲ ਸੰਘਰਸ਼ ਚਲਦਾ ਹੈ। ਜਦੋਂ ਸਾਧਕ ਇਸ ਕਰੜੀ ਸਾਧਨਾ ਦੇ ਸੰਘਰਸ਼ ਵਿੱਚ 'ਸੱਚ' ਨੂੰ ਪ੍ਰਾਪਤ ਕਰਨ ਵਿੱਚ ਸਫਲ ਹੋ ਜਾਂਦਾ ਹੈ ਤਾਂ ਪ੍ਰਤੱਖ ਗਿਆਨ ਭਾਵ ਬ੍ਰਹਮ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਇਸ ਵਿਧੀ ਨੂੰ ਗੁਰੂ ਜੀ ਨੇ ਹੇਠਲੀ ਤੁਕ ਵਿੱਚ ਵਿਅਕਤ ਕੀਤਾ ਹੈ :

ਗਿਆਨੈ ਕਾਰਨ ਕਰਮੁ-ਅਭਿਆਸ॥

ਜਿਸ ਕਰਮ-ਅਭਿਆਸ ਦਾ ਜ਼ਿਕਰ, ਗੁਰੂ ਰਵਿਦਾਸ ਜੀ ਨੇ ਵਿਚਾਰ ਅਧੀਨ ਸ਼ਬਦ ਵਿੱਚ ਕੀਤਾ ਹੈ, ਇਸ ਨੂੰ ਗੁਰੂ ਨਾਨਕ ਦੇਵ ਜੀ ਦੇ 'ਸ਼ਰਮ ਖੰਡ' ਦਾ ਨਾਮ ਦਿੱਤਾ ਹੈ। ਸ਼ਰਮ ਦਾ ਅਰਥ ਹੈ—ਉੱਦਮ, ਮਿਹਨਤ, ਸੋ ਇਹ ਖੰਡ ਸਖ਼ਤ ਉੱਦਮ ਦਾ ਖੰਡ ਹੈ, ਜਿਸ ਵਿੱਚ ਸਾਧਕ ਆਪਣੇ ਆਤਮਕ ਜੀਵਨ ਦੇ ਵਿਕਾਸ ਵਿੱਚ ਵਿਕਾਰਾਂ ਨੂੰ ਤਿਆਗਕੇ, ਸੱਚ ਨੂੰ ਪ੍ਰਾਪਤ ਕਰਨ ਲਈ ਸਖਤ ਉੱਦਮ ਕਰਦਾ ਹੈ। ਡਾ. ਰਾਮ ਸਿੰਘ ਲਿਖਦੇ ਹਨ,

> "ਸ਼ਰਮ ਖੰਡ ਉਸ ਨੂੰ (ਸਾਧਕ ਨੂੰ) ਸਚਿਆਰ ਬਣਨ ਲਈ ਤਿਆਰ ਕਰਦਾ ਹੈ। ਪਰ ਇਹ ਤਿਆਰੀ ਬਹੁਤ ਕਠਨ ਘਾਲ ਦੁਆਰਾ ਸਿਰੇ ਚੜ੍ਹਦੀ ਹੈ।" [1]

ਇਸ ਸੰਬੰਧ ਵਿੱਚ ਗੁਰੂ ਨਾਨਕ ਦੇਵ ਜੀ ਦਾ ਫਰਮਾਨ ਹੈ :

ਸਰਮ ਖੰਡ ਕੀ ਬਾਣੀ ਰੂਪੁ॥
ਤਿਥੈ ਘੜਤਿ ਘੜੀਐ ਬਹੁਤੁ ਅਨੂਪੁ॥ (ਪਉੜੀ ੩੬)

ਇਸ ਖੰਡ ਦੀਆਂ ਬਾਕੀ ਤੁਕਾਂ ਉਪਰਲੀਆਂ ਦੋ ਤੁਕਾਂ ਦੀ ਵਿਆਖਿਆ ਹਨ। ਅੰਤਰਲੀਆਂ ਦੋ ਤੁਕਾਂ ਵਿੱਚ ਉਹ ਖੇਤਰ ਨਿਸ਼ਚਤ ਕੀਤੇ ਗਏ ਹਨ, ਜਿਨ੍ਹਾਂ ਵਿੱਚ ਆਤਮਕ ਜੀਵਨ ਦਾ ਵਿਕਾਸ ਹੁੰਦਾ ਹੈ। ਇਨ੍ਹਾਂ ਦੋਹਾਂ ਤੁਕਾਂ ਅਨੁਸਾਰ ਸਾਧਕ ਦੀ 'ਸੁਰਤਿ', 'ਮਤਿ', 'ਮਨਿ' ਅਤੇ 'ਬੁਧਿ' ਦਾ ਗਿਆਨ ਖੰਡ ਦੇ ਗਿਆਨ ਅਨੁਸਾਰ ਵਿਕਾਸ ਹੁੰਦਾ ਹੈ। ਇਹ ਅਰਥ ਉਪਰਲੀਆਂ ਦੋ ਤੁਕਾਂ ਦੇ ਅਰਥਾਂ ਵਿੱਚ ਸਮੋਏ ਹੋਏ ਹਨ। ਇਸ ਤਰ੍ਹਾਂ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਰਵਿਦਾਸ ਜੀ ਦਾ 'ਕਰਮ-ਅਭਿਆਸ' ਅਤੇ ਗੁਰੂ ਨਾਨਕ ਦੇਵ ਜੀ ਦਾ 'ਸ਼ਰਮ ਖੰਡ' ਇਕੋ ਹੀ ਵਿਚਾਰ ਅਤੇ ਭਾਵਨਾ ਨੂੰ ਵਿਅਕਤ ਕਰਦੇ ਹਨ। ਸੋ ਸਾਧਕ ਦੀ ਇਸ ਮਾਨਸਿਕ ਅਵਸਤਾ ਸੰਬੰਧੀ ਦੋਵੇਂ ਮਹਾਂਪੁਰਸ਼ਾਂ ਦੇ ਵਿਚਾਰ ਇਕੋ ਜਹੇ ਹਨ।

1. ਓਹੀ - ਪੰਨਾ : ੩੩

4. ਕਰਮ ਖੰਡ

ਗੁਰੂ ਰਵਿਦਾਸ ਜੀ ਪ੍ਰਭ-ਪ੍ਰਾਪਤੀ ਲਈ ਦਿੱਤੀ ਵਿਧੀ ਦਾ ਵਿਕਾਸ ਕਰਦੇ ਫਰਮਾਉਂਦੇ ਹਨ ਕਿ ਜਦੋਂ ਗਿਆਨ ਦਾ ਪ੍ਰਕਾਸ਼ ਹੁੰਦਾ ਹੈ ਤਾਂ "ਕਰਮਹਿ ਨਾਸ" ਵਿਕਾਰਾਂ ਦਾ ਨਾਸ਼ ਹੋ ਜਾਂਦਾ ਹੈ। ਇਹ ਪ੍ਰਾਪਤੀ ਪ੍ਰਭ ਦੀ ਬਖਸ਼ਿਸ਼ ਸਦਕਾ ਹੀ ਸੰਭਵ ਹੁੰਦੀ ਹੈ।

ਸੋ ਇਸ ਮਾਨਸਿਕ ਅਵਸਥਾ ਵਿੱਚ ਪ੍ਰਭ ਦੀ ਬਖਸ਼ਿਸ਼ ਹੁੰਦੀ ਹੈ ਅਤੇ ਸਾਧਕ ਬ੍ਰਹਮ-ਗਿਆਨ ਦੇ ਪ੍ਰਕਾਸ਼ ਨਾਲ ਭਰਪੂਰ ਹੋ ਜਾਂਦਾ ਹੈ। ਸਾਧਕ ਅਤੇ ਪ੍ਰਭ ਵਿੱਚ ਇਕਮਿਕਤਾ ਹੋ ਜਾਂਦੀ ਹੈ, "ਦੋਹਾਂ ਵਿੱਚ ਕੋਈ ਅੰਤਰ ਨਹੀਂ ਰਹਿੰਦਾ। ਗੁਰੂ ਰਵਿਦਾਸ ਜੀ ਦਾ ਫਰਮਾਨ ਹੈ :

ਗਿਆਨ ਭਇਆ ਤਹ ਕਰਮਹਿ ਨਾਸ॥

ਇਸ ਸ਼ਬਦ ਤੋਂ ਬਿਨ੍ਹਾਂ ਵੀ ਗੁਰੂ ਜੀ ਨੇ ਇਸ ਸੰਬੰਧੀ ਵਿਚਾਰ ਪ੍ਰਗਟ ਕੀਤੇ ਹਨ, ਜਿਹੜੇ ਇਸ ਵਿਚਾਰ ਨੂੰ ਹੋਰ ਪਰਪੱਕ ਅਤੇ ਸਪਸ਼ਟ ਕਰਦੇ ਹਨ :

ਉਪਜਿਓ ਗਿਆਨ ਹੂਆ ਪਰਗਾਸ॥
ਕਰਿ ਕਿਰਪਾ ਲੀਨੇ ਕੀਟ ਦਾਸ॥
ਕਹਿ ਰਵਿਦਾਸ ਆਬ ਤ੍ਰਿਸਨਾ ਚੂਕੀ॥
ਜਪਿ ਮੁਕੰਦ ਸੇਵਾ ਤਾਹੂ ਕੀ॥੪॥੧॥

"ਗਿਆਨ ਭਇਆ ਤਹ ਕਰਮਹਿ ਨਾਸ" ਵਾਲੀ ਤੁਕ ਉਪਰੋਕਤ ਬੰਦ ਨਾਲ ਸਪਸ਼ਟ ਹੋ ਜਾਂਦੀ ਹੈ। ਜਿਹੜੇ ਸੰਕੇਤ ਇਸ ਤੁਕ ਵਿੱਚ ਗੁਰੂ ਰਵਿਦਾਸ ਜੀ ਨੇ ਦਿੱਤੇ ਹਨ, ਉਪਰਲਾ ਬੰਦ ਉਸ ਦੀ ਹੀ ਵਿਆਖਿਆ ਹੈ। ਇਸ ਤਰ੍ਹਾਂ ਦ੍ਰਿੜ ਹੋ ਗਿਆ ਹੈ ਕਿ ਗਿਆਨ ਦੇ ਪ੍ਰਕਾਸ਼ ਨਾਲ ਵਿਕਾਰਾਂ ਦਾ ਨਾਸ਼ ਹੋ ਜਾਂਦਾ ਹੈ ਅਤੇ ਪ੍ਰਭ-ਮਿਲਾਪ ਹੋ ਜਾਂਦਾ ਹੈ। ਪਰ ਇਹ ਮਿਲਾਪ ਪ੍ਰਭ ਦੀ ਮਿਹਰ ਨਾਲ ਹੀ ਸੰਭਵ ਹੋ ਸਕਿਆ ਹੈ। ਸੋ ਇਹ ਮਾਨਸਿਕ ਅਵਸਥਾ ਸਾਧਕ ਉਪਰ ਪ੍ਰਭ ਦੀ ਬਖਸ਼ਿਸ਼ ਦੀ ਅਵਸਥਾ ਹੈ ਜਿਸ ਨਾਲ ਬ੍ਰਹਮ-ਗਿਆਨ ਦਾ ਪ੍ਰਕਾਸ਼ ਹੁੰਦਾ ਹੈ ਅਤੇ ਸਾਧਕ ਨਾਲ ਪ੍ਰਭ ਦੀ ਅਭੇਦਤਾ ਹੋ ਜਾਂਦੀ ਹੈ।

> ਇਸ "ਕਰਮਹਿ ਨਾਸ" ਵਾਲੀ ਮਾਨਸਿਕ ਅਵਸਥਾ ਨੂੰ ਗੁਰੂ ਨਾਨਕ ਦੇਵ ਜੀ ਨੇ "ਕਰਮ-ਖੰਡ" ਦਾ ਨਾਮ ਦਿੱਤਾ ਹੈ। ਕਰਮ-ਖੰਡ ਬਾਰੇ ਡਾ: ਰਾਮ ਸਿੰਘ ਲਿਖਦੇ ਹਨ, "ਕਰਮ ਖੰਡ ਬਖਸ਼ੀਆਂ ਹੋਈਆਂ ਰੂਹਾਂ ਦਾ ਖੰਡ ਹੈ, ਜਿਨ੍ਹਾਂ ਦੀ ਘਾਲ ਹੁਣ ਥਾਇ ਪੈਂਦੀ ਹੈ।"[1]

ਇਕ ਹੋਰ ਥਾਂ. ਡਾ. ਰਾਮ ਸਿੰਘ ਸਪਸ਼ਟ ਕਰਦੇ ਹਨ ਕਿ ਕਰਮ ਖੰਡ ਵਿੱਚ ਸਾਧਕ ਤੇ ਪ੍ਰਭ ਇੱਕ-ਮਿੱਕ ਹੋ ਜਾਂਦੇ ਹਨ। ਉਹ ਲਿਖਦੇ ਹਨ,

1. ਓਹੀ - ਪੰਨਾ : ੫੩

"ਗੁਰੂ ਨਾਨਕ ਸਾਹਿਬ ਨੇ ਕਰਮ-ਖੰਡ ਵਿੱਚ ਸਾਧਕ ਦੇ ਮਨ ਅੰਦਰ 'ਰਾਮੁ ਜਾਂ 'ਸੱਚ' ਦੇ ਵਸ ਜਾਣ ਦੇ ਤੱਥ ਦਾ ਉਲੇਖ ਤਿੰਨ ਵਾਰ ਕੀਤਾ ਹੈ। ਇਸ ਤੋਂ ਜਾਪਦਾ ਹੈ ਕਿ ਇਸ ਖੰਡ ਦਾ ਸਭ ਤੋਂ ਮਹੱਤਵਪੂਰਨ ਪੱਖ ਦੈਵੀ ਹੋਏ ਦਾ ਸਾਧਕ ਦੀ ਚੇਤਨਾ ਵਿੱਚ ਪ੍ਰਧਾਨ ਹੋਣਾ ਹੈ।" [1]

ਇਸ ਵਿਚਾਰ ਤੋਂ ਦ੍ਰਿਸ਼ਟੀ ਗੋਚਰ ਹੁੰਦਾ ਹੈ ਕਿ ਕਰਮ-ਖੰਡ ਬਖਸ਼ਿਸ਼ ਦਾ ਖੰਡ ਹੈ ਅਤੇ ਸਾਧਕ ਅਤੇ ਪ੍ਰਭ ਇਸ ਖੰਡ ਵਿੱਚ ਅਭੇਦ ਹੋ ਜਾਂਦੇ ਹਨ। ਗੁਰੂ ਨਾਨਕ ਦੇਵ ਜੀ ਦਾ ਫਰਮਾਨ ਹੈ :

ਕਰਮ ਖੰਡ ਕੀ ਬਾਣੀ ਜੋਰੁ॥
ਤਿਥੈ ਹੋਰੁ ਨਾ ਕੋਈ ਹੋਰੁ॥ (ਪਉੜੀ ੩੭)

ਇਸ ਪਉੜੀ ਦੀਆਂ ਬਾਕੀ ਤੁਕਾਂ ਉਪਰੋਕਤ ਦੋ ਤੁਕਾਂ ਦੀ ਹੀ ਵਿਆਖਿਆ ਹੈ। ਆਖਰੀ ਤੁਕ "ਕਰਹਿ ਅਨੰਦੁ ਸਚਾ ਮਨਿ ਸੋਇ" ਵਿੱਚ ਪਉੜੀ ਦਾ ਸਾਰ ਅੰਸ਼ ਦਿੱਤਾ ਹੈ। ਆਖਰੀ ਤੁਕ ਦੇ ਅਰਥ ਹਨ-ਜਿਨ੍ਹਾਂ ਦੇ ਮਨ ਵਿੱਚ ਉਸ ਸੱਚੇ ਪ੍ਰਭ ਦਾ ਵਾਸ ਹੈ ਉਹ ਸਾਧਕ ਪਰਮ ਅਨੰਦ ਦੀ ਅਵਸਥਾ ਨੂੰ ਪ੍ਰਾਪਤ ਹੁੰਦੇ ਹਨ।

ਸੋ ਸਾਧਕ ਦੀ ਇਸ ਮਾਨਸਿਕ ਅਵਸਥਾ ਬਾਰੇ ਵੀ ਦੋਹਾਂ ਮਹਾਂਪੁਰਸ਼ਾਂ ਦੇ ਵਿਚਾਰਾਂ ਵਿੱਚ ਪੂਰਨ ਏਕਤਾ ਹੈ।

5. ਸੱਚ ਖੰਡ

ਆਖਰੀ ਮਾਨਸਿਕ ਅਵਸਥਾ ਬਾਰੇ ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਸਾਧਕ ਕਠਨ ਤਪਸਿਆ ਪਿੱਛੋਂ ਪ੍ਰਭ ਦੀ ਮਿਹਰ ਨਾਲ ਗਿਆਨ ਨੂੰ ਦ੍ਰਿੜ ਕਰਦਾ ਹੈ ਅਤੇ ਸਾਧਕ ਅਤੇ ਪ੍ਰਭ ਅਭੇਦ ਹੋ ਜਾਂਦੇ ਹਨ। ਇਸ ਤਰ੍ਹਾਂ, ਇਸੇ ਜੀਵਨ ਵਿੱਚ ਜਿਉਂਦੇ ਜੀਅ ਹੀ ਸਾਧਕ ਵਿਕਾਰਾਂ ਤੋਂ ਮੁਕਤ ਹੋਂ ਜਾਂਦਾ ਹੈ। ਗੁਰੂ ਜੀ ਨੇ ਇਸ ਨੂੰ ਪਰਮ ਵੈਰਾਗ ਦੀ ਅਵਸਥਾ ਅਤੇ ਨਿਰਵਾਣ ਪਦ ਦੀ ਪ੍ਰਾਪਤੀ ਕਿਹਾ ਹੈ। ਉਨ੍ਹਾਂ ਨੇ ਆਪਣੇ ਸ਼ਬਦ ਵਿੱਚ ਇਸ ਅਵਸਥਾ ਨੂੰ ਹੇਠ ਲਿਖੇ ਬੰਦ ਵਿੱਚ ਵਿਅਕਤ ਕੀਤਾ ਹੈ:

ਘ੍ਰਿਤ ਕਾਰਨ ਦਧਿ ਮਥੈ ਸਇਆਨ॥
ਜੀਵਤ ਮੁਕਤ ਸਦਾ ਨਿਰਵਾਨ॥
ਕਹਿ ਰਵਿਦਾਸ ਪਰਮ ਬੈਰਾਗ॥
ਰਿਦੈ ਰਾਮ ਕੀ ਨ ਜਪਸਿ ਅਭਾਗ॥ ੪॥ ੧॥

ਗੁਰੂ ਰਵਿਦਾਸ ਜੀ ਦੀ ਸਿਰਜੀ ਆਖਰੀ ਮਾਨਸਿਕ ਅਵਸਥਾ "ਨਿਰਵਾਣ ਅਵਸਥਾ" ਨੂੰ ਗੁਰੂ ਨਾਨਕ ਦੇਵ ਜੀ ਨੇ 'ਸਚ ਖੰਡ' ਦੀ ਅਵਸਥਾ

1. ਓਹੀ - ਪੰਨਾ : ੪੮

ਕਿਹਾ ਹੈ। ਡਾ. ਸਾਹਿਬ ਸਿੰਘ ਇਸ ਮਾਨਸਿਕ ਅਵਸਥਾ ਦਾ ਵਰਨਣ ਕਰਦੇ ਲਿਖਦੇ ਹਨ,

"ਅਕਾਲ ਪੁਰਸ਼ ਦੀ ਮਿਹਰ ਦੇ ਪਾਤਰ ਬਣਕੇ ਆਖਰ ਪੰਜਵੇਂ ਖੰਡ ਵਿੱਚ ਜਾ ਨਿਵਾਸ ਕਰਦਾ ਹੈ, ਭਾਵ ਅਕਾਲ ਪੁਰਖ ਨਾਲ ਇੱਕ-ਮਿੱਕ ਹੋ ਜਾਂਦੇ ਹਨ। ਧੁਰ ਉਸ ਜੋਤਿ ਦੀ ਹਜ਼ੂਰੀ ਵਿਚ ਅੱਪੜ ਜਾਂਦੇ ਹਨ, ਜੋ ਸਾਰੇ ਜੀਆਂ ਦੀ ਸੰਭਾਲ ਕਰ ਰਿਹਾ ਹੈ, ਜਿਸ ਦਾ ਹੁਕਮ ਸਾਰੇ ਵਰਤ ਰਿਹਾ ਹੈ।"[1]

ਇਸ ਤਰ੍ਹਾਂ ਆਖਰੀ ਮਾਨਸਿਕ ਅਵਸਥਾ ਬਾਰੇ ਵੀ ਦੋਹਾਂ ਮਹਾਂਪੁਰਸ਼ਾਂ ਦੇ ਵਿਚਾਰ ਇੱਕੋ ਹੀ ਹਨ।

ਸੋ ਸਾਧਕ ਦੀਆਂ ਪੰਜੇ ਮਾਨਸਿਕ ਅਵਸਥਾਵਾਂ ਵਿੱਚ ਗੁਰੂ ਰਵਿਦਾਸ ਜੀ ਅਤੇ ਗੁਰੂ ਨਾਨਕ ਦੇਵ ਜੀ ਦੇ ਵਿਚਾਰ ਇੱਕੋ ਜਿਹੇ ਹਨ। ਉਪਰੋਕਤ ਵਿਚਾਰ ਦੀ ਪੁੜਤਾ ਇਸ ਤੱਥ ਤੋਂ ਵੀ ਕੀਤੀ ਜਾਂਦੀ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਾਰੀ ਬਾਣੀ ਵਿੱਚ ਇਕੋ ਜਿਹੇ ਵਿਚਾਰ ਹਨ, ਕਿਧਰੇ ਵੀ ਰੱਤੀ ਭਰ ਵਿਰੋਧ ਨਹੀਂ ਹੈ। ਇਸ ਤੱਥ ਤੋਂ ਇਹ ਵੀ ਦ੍ਰਿੜ ਹੋ ਜਾਂਦਾ ਹੈ ਕਿ ਗੁਰੂ ਰਵਿਦਾਸ ਜੀ ਦੇ ਵਿਚਾਰ ਅਧੀਨ ਸ਼ਬਦ ਵਿੱਚ ਆਏ ਵਿਚਾਰ ਗੁਰੂ ਨਾਨਕ ਦੇਵ ਜੀ ਦੇ ਜਪੁਜੀ ਵਿੱਚ ਆਏ ਪੰਜ ਖੰਡਾਂ ਦੇ ਵਿਚਾਰ ਇੱਕੋ ਹਨ। ਗੁਰੂ ਰਵਿਦਾਸ ਜੀ ਨੇ ਇਸ ਸ਼ਬਦ ਵਿੱਚ ਸਪਸ਼ਟ ਅਤੇ ਅਰਥ ਭਰਪੂਰ ਸੰਕੇਤ ਦਿੱਤੇ ਹਨ ਪਰ ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਵਿਚਾਰਾਂ ਨੂੰ ਵਿਆਖਿਆ ਸਹਿਤ ਵਿਅਕਤ ਕੀਤਾ ਹੈ।

ਪੰਜਾਂ ਅਵਸਥਾਵਾਂ ਜਾਂ ਪੰਜਾਂ ਖੰਡਾਂ ਦੇ ਅਧਿਐਨ ਉਪਰੰਤ, ਇਹ ਗਲ ਸਪਸ਼ਟ ਕਰਨੀ ਜ਼ਰੂਰੀ ਹੈ ਕਿ ਆਤਮਕ ਜੀਵਨ ਦੇ ਵਿਕਾਸ ਵਿੱਚ ਅਮਲੀ ਰੂਪ ਵਿੱਚ ਉਪਰੋਕਤ ਖੰਡਾਂ ਦਾ ਨਿਖੇੜਾ ਸੰਭਵ ਨਹੀਂ ਹੈ। ਪਹਿਲੇ ਦੋਹਾਂ ਖੰਡਾਂ ਵਿੱਚ ਸਾਧਕ ਸ੍ਰਿਸ਼ਟੀ ਦਾ ਅਤੇ ਫਿਰ ਇਸ ਵਿੱਚੋਂ ਆਤਮਕ ਜੀਵਨ ਦੇ ਵਿਕਾਸ ਲਈ ਨਿਯਮਾਂ ਦੀ ਪਹਿਚਾਣ ਕਰਕੇ ਆਪਣੇ ਮੰਤਵ ਨੂੰ ਪ੍ਰਾਪਤ ਕਰਨ ਲਈ ਤੀਜੀ ਮਾਨਸਿਕ ਅਵਸਥਾ ਜਾਂ ਖੰਡ ਵਿੱਚ ਪ੍ਰਵੇਸ਼ ਕਰਦਾ ਹੈ। ਇਸ ਅਵਸਥਾ ਵਿੱਚ ਉਹ ਪ੍ਰਾਪਤ ਕੀਤੇ ਗਿਆਨ ਅਨੁਸਾਰ ਪ੍ਰਭ-ਪ੍ਰਾਪਤੀ ਲਈ ਸਖ਼ਤ ਉੱਦਮ ਕਰਦਾ ਹੈ। ਪਰ ਪਹਿਲੀ ਅਵਸਥਾ ਨੂੰ ਦੂਜੀ ਅਵਸਥਾ ਨਾਲੋਂ ਅਮਲੀ ਰੂਪ ਵਿੱਚ ਨਿਖੇੜਿਆ ਨਹੀਂ ਜਾ ਸਕਦਾ। ਉਸੇ ਤਰ੍ਹਾਂ ਤੀਜੀ ਅਵਸਥਾ ਨੂੰ ਵੀ ਨਿਖੇੜਨਾ ਸੰਭਵ ਨਹੀਂ ਹੈ। ਚੌਥੀ ਅਵਸਥਾ ਪ੍ਰਭ ਦੀ ਬਖਸ਼ਿਸ਼ ਦੀ ਹੈ। ਸਾਧਕ ਦੀ ਸਖ਼ਤ ਮਿਹਨਤ ਰੰਗ ਲਿਆਉਂਦੀ ਹੈ ਅਤੇ ਪ੍ਰਭ ਉਸ ਦੇ ਪ੍ਰੇਮ ਅਤੇ ਲਗਨ ਤੋਂ ਨਿਹਾਲ ਹੋਕੇ ਬਖ਼ਸ਼ਿਸ਼ ਕਰਦਾ ਹੈ। ਇਹੋ ਸਥਿਤੀ ਹੈ ਜਿਥੇ ਸਾਧਕ ਤੇ ਪ੍ਰਭ ਅਭੇਦ ਹੋ ਜਾਂਦੇ ਹਨ ਅਤੇ ਫਿਰ

1. ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪਹਿਲੀ ਪੋਥੀ) - ਪੰਨਾ : ੧੨੫

ਨਿਖੇੜਨ ਦੀ ਸੰਭਾਵਨਾ ਹੀ ਮਿਟ ਜਾਂਦੀ ਹੈ। ਇਸ ਪਿੱਛੋਂ ਝਟਪਟ ਹੀ ਸਾਧਕ ਪਰਮ ਵੈਰਾਗ ਦੀ ਅਵਸਥਾ ਨੂੰ ਪ੍ਰਾਪਤ ਹੁੰਦਾ ਹੈ, ਜਿਸ ਨੂੰ ਨਿਰਵਾਣ ਪਦ ਦੀ ਅਵਸਥਾ ਜਾਂ 'ਸੱਚ ਖੰਡ' ਦੀ ਅਵਸਥਾ ਦਾ ਨਾਮ ਦਿੱਤਾ ਹੈ। ਇਸ ਤਰ੍ਹਾਂ ਤੀਜੀ ਅਵਸਥਾ ਤੋਂ ਚੌਥੀ ਅਵਸਥਾ ਨੂੰ ਨਿਖੇੜਨਾ ਸੰਭਵ ਨਹੀਂ ਹੈ ਅਤੇ ਨਾ ਹੀ ਚੌਥੀ ਨਾਲੋਂ ਪੰਜਵੀਂ ਅਵਸਥਾ ਨੂੰ ਨਿਖੇੜਿਆ ਜਾ ਸਕਦਾ ਹੈ। ਇਨ੍ਹਾਂ ਅਵਸਥਾਵਾਂ ਦਾ ਨਿਖੇੜ ਕੇਵਲ ਸਾਧਕ ਦੇ ਸਮਝਣ, ਸਮਝਾਉਣ ਲਈ ਹੀ ਕੀਤਾ ਗਿਆ ਹੈ। ਦਰਅਸਲ ਇਨ੍ਹਾਂ ਮਾਨਸਿਕ ਅਵਸਥਾਵਾਂ ਦਾ ਨਿਖੇੜ ਹੋ ਹੀ ਨਹੀਂ ਸਕਦਾ ਕਿਉਂਕਿ ਆਤਮਕ ਜੀਵਨ ਦੇ ਵਿਕਾਸ ਦੀ ਇਹ ਪ੍ਰਕਿਰਿਆ ਨਿਰੰਤਰ ਚਲਦੀ ਰਹਿੰਦੀ ਹੈ।

ਉਪਰੋਕਤ ਚਰਚਾ ਤੋਂ ਤਿੰਨ ਨਿਰਣਾਇਕ ਸਿੱਟੇ ਦ੍ਰਿਸ਼ਟੀਗੋਚਰ ਹੁੰਦੇ ਹਨ :

੧. ਪਹਿਲੀ ਮਾਨਸਿਕ ਅਵਸਥਾ ਤੋਂ ਪੰਜਵੀਂ ਮਾਨਸਿਕ ਅਵਸਥਾ ਤੱਕ ਆਤਮਕ ਜੀਵਨ ਦਾ ਵਿਕਾਸ ਨਿਰੰਤਰ ਜਾਰੀ ਹੈ, ਇਸ ਨੂੰ ਨਿਖੇੜਿਆ ਨਹੀਂ ਜਾ ਸਕਦਾ। ਇਨ੍ਹਾਂ ਅਵਸਥਾਵਾਂ ਦਾ ਨਿਖੇੜਾ ਕੇਵਲ ਇਨ੍ਹਾਂ ਅਵਸਥਾਵਾਂ ਨੂੰ ਸਮਝਣ, ਸਮਝਾਉਣ ਲਈ ਹੀ ਕੀਤਾ ਗਿਆ ਹੈ।

੨. ਆਤਮਕ ਜੀਵਨ ਦੇ ਵਿਕਾਸ ਦੀਆਂ ਪੰਜੇ ਅਵਸਥਾਵਾਂ ਵਿੱਚ ਆਏ ਨਿਯਮ ਅਤੇ ਪ੍ਰਭ ਪ੍ਰਾਪਤੀ ਦੀ ਵਿਧੀ ਵਿੱਚ ਗੁਰੂ ਰਵਿਦਾਸ ਜੀ ਅਤੇ ਗੁਰੂ ਨਾਨਕ ਦੇਵ ਜੀ ਦੇ ਵਿਚਾਰਾਂ ਵਿੱਚ ਸਮਾਨਤਾ ਹੈ।

੩. ਗੁਰੂ ਰਵਿਦਾਸ ਜੀ ਨੇ ਇਨ੍ਹਾਂ ਅਵਸਥਾਵਾਂ ਨੂੰ ਸੰਕੇਤ ਮਾਤਰ ਪਰ ਸਪਸ਼ਟ ਅਤੇ ਅਰਥ ਭਰਪੂਰ ਤੌਰ ਤੇ ਵਿਅਕਤ ਕੀਤਾ ਹੈ, ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਅਵਸਥਾਵਾਂ ਨੂੰ ਵਿਆਖਿਆ ਸਹਿਤ ਵਿਅਕਤ ਕੀਤਾ ਹੈ।

ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ

ਗੁਰੂ ਰਵਿਦਾਸ ਜੀ ਦੇ ਵਿਚਾਰ ਅਧੀਨ ਸ਼ਬਦ ਦੇ ਅੰਤਰੀਵ ਵਿਚਾਰ-ਵਿਧਾਨ ਦੀ ਸਿਰਜਣਾ ਅਲੌਕਾਰਕ ਹੈ। ਮੁੱਖ ਤੌਰ ਤੇ ਇਸ ਵਿੱਚ ਪ੍ਰਭ ਪ੍ਰਾਪਤੀ ਦੀ ਵਿਧੀ ਦਾ ਉਲੇਖ ਹੈ। ਨਾਲ ਦੀ ਨਾਲ ਇਸ ਸ਼ਬਦ ਵਿੱਚ ਦੋ ਵਿਚਾਰਧਾਰਾਵਾਂ ਦਾ ਵੀ ਉਲੇਖ ਹੈ। ਇੱਕ ਉਨ੍ਹਾਂ ਦੀ ਆਪਣੇ ਨਵੇਂ ਧਰਮ ਦੀ ਸਿਰਜੀ ਨਵੀਂ ਵਿਚਾਰਧਾਰਾ ਹੈ। ਦੂਜੀ ਵਿਚਾਰਧਾਰਾ ਹੈ ਬੁੱਧ ਧਰਮ ਦੀ। ਗੁਰੂ ਜੀ ਨੇ ਬੁੱਧ ਧਰਮ ਦੀ ਵਿਚਾਰਧਾਰਾ ਵਿੱਚ ਸੋਧ ਕਰਕੇ ਇਸ ਨੂੰ ਆਪਣੀ ਵਿਚਾਰਧਾਰਾ ਦੇ ਅਨੁਰੂਪ ਢਾਲਿਆ ਹੈ। ਇਸ ਤਰ੍ਹਾਂ ਇਸ ਵਿੱਚ ਆਤਮਾ ਅਤੇ ਪਰਮਾਤਮਾ ਦੇ ਸੰਕਲਪ ਨੂੰ ਇਕਮਿੱਕ ਕਰਕੇ, ਇਸ ਨੂੰ ਨਵਾਂ ਰੂਪ ਪ੍ਰਦਾਨ ਕੀਤਾ ਹੈ। ਇਹ ਗੁਰੂ ਜੀ ਦੀ ਬ੍ਰਹਮ-ਗਿਆਨ ਦੇ ਮਹਾਨ ਚਿੰਤਕ ਦੇ ਤੌਰ ਤੇ ਇੱਕ ਮਹਾਨ ਉਪਲਬਧੀ ਹੈ, ਜਿਹੜੀ ਉਨ੍ਹਾਂ ਦੀ ਵਿਸ਼ਵ ਵਿਆਪੀ ਵਿਗਿਆਨਕ ਦ੍ਰਿਸ਼ਟੀ, ਗਹਿਰ-ਗੰਭੀਰ ਸੂਝ-ਬੂਝ ਅਤੇ ਡੂੰਘੀ ਨੀਝ ਸਦਕਾ ਹੀ ਸੰਭਵ ਹੋ ਸਕੀ ਹੈ।

ਦੂਜੀ ਵਿਸ਼ੇਸ਼ਤਾ ਇਸ ਸ਼ਬਦ ਦੀ ਇਹ ਹੈ ਕਿ ਇਸ ਦੇ ਹਰ ਇੱਕ ਬੰਦ ਵਿੱਚ ਦ੍ਰਿਸ਼ਟਾਂਤ ਦੇ ਕੇ ਵਿਚਾਰਾਂ ਦੀ ਗਹਿਰ ਗੰਭੀਰ ਭਾਵਨਾ ਨੂੰ ਸਪਸ਼ਟ ਕੀਤਾ ਗਿਆ ਹੈ।

ਬੁੱਧ ਦਰਸ਼ਨ ਪ੍ਰਤੱਖ ਸੱਚ (Perception) ਤੇ ਅਨੁਮਾਨ (Inference) ਦੇ ਪ੍ਰਮਾਣਾਂ ਨੂੰ ਮੰਨਦਾ ਹੈ। ਇਨ੍ਹਾਂ ਵਿਚੋਂ ਪਰਤੱਖ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਹੈ। ਗਾਥਾ - 93.... ਨਿਰਵਾਣ ਨੂੰ ਦੇਖ ਲਿਆ ਹੈ। ਪਰ ਗੁਰੂ ਰਵਿਦਾਸ ਜੀ ਇਸ ਦਰਸ਼ਨ ਨੂੰ ਉੱਕਾ ਹੀ ਰੱਦ ਕਰ ਦਿੰਦੇ ਹਨ-

ਬਿਨ ਦੇਖੈ ਉਪਜੈ ਨਹੀਂ ਆਸਾ॥
ਜੋ ਦੀਸੈ ਸੋ ਹੋਇ ਬਿਨਾਸਾ॥

ਪਹਿਲੇ ਬੰਦ ਨੰ. 1 ਵਿੱਚ ਗੁਰੂ ਰਵਿਦਾਸ ਜੀ ਨੇ ਪ੍ਰਭ ਪ੍ਰਤੀ ਵਿਚਾਰ ਨੂੰ ਸਪਸ਼ਟ ਕੀਤਾ ਹੈ। ਪ੍ਰਭ ਦਿਸਦਾ ਨਹੀਂ ਹੈ ਇਸ ਕਰਕੇ ਉਸ ਦੀ ਪ੍ਰਾਪਤੀ ਲਈ ਤਾਂਘ ਨਹੀਂ ਉਪਜਦੀ। ਇਸ ਬੰਦ ਦੀ ਅਗਲੀ ਤੁਕ ਵਿੱਚ ਹਿੰਦੂ ਧਰਮ ਦੇ ਭਗਵਾਨਾਂ ਅਤੇ ਅਵਤਾਰਾਂ ਨੂੰ ਰੱਦ ਕੀਤਾ ਗਿਆ ਹੈ। ਗੁਰੂ ਜੀ ਦੂਜੀ ਤੁਕ ਵਿੱਚ ਸਪਸ਼ਟ ਕਰ ਦਿੰਦੇ ਹਨ ਕਿ ਪ੍ਰਭ ਤਾਂ ਅਮਰ ਹੈ ਅਤੇ ਸ੍ਰਿਸ਼ਟੀ ਦੇ ਕਣ-ਕਣ ਵਿਚ ਵਿਚਰਦਾ ਹੈ। ਪਰ ਜੋ ਕੁਝ ਦਿਸਦਾ ਹੈ ਇਹ ਨਾਸ਼ ਹੋਣ ਵਾਲਾ ਹੈ। ਇਸ ਨਾਲ ਦੋ ਵਿਚਾਰ ਸਪਸ਼ਟ ਹੁੰਦੇ ਹਨ—

੧. ਪ੍ਰਭ ਨੂੰ ਦੇਖੇ ਬਿਨਾਂ ਪ੍ਰਭ ਪ੍ਰਾਪਤੀ ਲਈ ਤਾਂਘ ਨਹੀਂ ਉਪਜਦੀ।

੨. ਜੋ ਦਿਸਦਾ ਹੈ, ਉਹ ਨਾਸ਼ਵਾਨ ਹੈ, ਇਸ ਕਰਕੇ ਉਹ ਪ੍ਰਭ ਨਹੀਂ ਹੋ ਸਕਦਾ। ਪ੍ਰਭ ਤਾਂ ਅਮਰ ਹੈ। ਇਸ ਤਰ੍ਹਾਂ ਹਿੰਦੂ ਧਰਮ ਦੇ 'ਭਗਵਾਨਾਂ' ਅਤੇ

'ਅਵਤਾਰਾਂ' ਦਾ ਵੀ ਖੰਡਨ ਹੋ ਜਾਂਦਾ ਹੈ ਕਿਉਂਕਿ ਮੌਤ ਨੇ ਉਨ੍ਹਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਹੈ।

ਇਨ੍ਹਾਂ ਵਿਚਾਰਾਂ ਦਾ ਨਿਰਣਾਇਕ ਉੱਤਰ ਇਸ ਬੰਦ ਦੀਆਂ ਪਿਛਲੀਆਂ ਤੁਕਾਂ ਵਿੱਚ ਦਿੱਤਾ ਗਿਆ ਹੈ। ਜੋਗੀ ਦਾ ਦ੍ਰਿਸ਼ਟਾਂਤ ਦੇਕੇ ਇਨ੍ਹਾਂ ਦੋਹਾਂ ਵਿਚਾਰਾਂ ਨੂੰ ਸਪਸ਼ਟ ਕੀਤਾ ਗਿਆ ਹੈ। ਜੋ ਜੋਗੀ (ਜੀਵ) ਸਮੁੱਚੀ ਸ੍ਰਿਸ਼ਟੀ ਨਾਲ ਇੱਕ ਸੁਰ ਹੋਕੇ ਪ੍ਰਭ ਦਾ ਸਿਮਰਨ ਕਰਦਾ ਹੈ, ਉਹ ਵਿਕਾਰਾਂ ਤੋਂ ਰਹਿਤ ਹੋ ਜਾਂਦਾ ਹੈ ਭਾਵ ਪ੍ਰਭ ਦੇ ਦਰਸ਼ਨ ਕਰ ਲੈਂਦਾ ਹੈ। ਇਸ ਤੱਥ ਤੋਂ ਦ੍ਰਿੜ ਹੋ ਜਾਂਦਾ ਹੈ ਕਿ ਬਰਨ ਨਾਲ ਜੋਗੀ ਦਾ ਸੰਬੰਧ ਮੂਲ ਨਿਵਾਸੀਆਂ ਦੇ ਆਦਿ ਧਰਮ ਦੀ ਵਿਚਾਰਧਾਰਾ ਨੂੰ ਦ੍ਰਿੜ ਕਰਦਾ ਹੈ।

ਇਸ ਦ੍ਰਿਸ਼ਟਾਂਤ ਤੋਂ ਇਹ ਵੀ ਸਪਸ਼ਟ ਹੋ ਜਾਂਦਾ ਹੈ ਕਿ ਪ੍ਰਭ ਦੇਹਧਾਰੀ ਨਹੀਂ ਹੋ ਸਕਦਾ। ਸੋ ਦੇਹਧਾਰੀ 'ਭਗਵਾਨ', 'ਅਵਤਾਰ' ਪ੍ਰਭ ਨਹੀਂ ਹਨ ਕਿਉਂਕਿ ਦੇਹ ਨਾਸ਼ਵਾਨ ਹੈ ਜਦਕਿ ਪ੍ਰਭ ਅਮਰ ਹੈ।

ਇਸ ਤਰ੍ਹਾਂ ਗੁਰੂ ਰਵਿਦਾਸ ਜੀ ਨੇ ਪਹਿਲੇ ਬੰਦ ਵਿਚ ਦੇਹਧਾਰੀ ਭਗਵਾਨਾਂ ਦਾ ਖੰਡਨ ਕੀਤਾ ਹੈ ਅਤੇ ਨਾਲ ਦੀ ਨਾਲ ਸਪਸ਼ਟ ਕੀਤਾ ਹੈ ਕਿ ਪ੍ਰਭ ਦੇ ਦਰਸ਼ਨ ਸਿਮਰਨ ਨਾਲ ਹੋ ਸਕਦੇ ਹਨ।

'ਰਹਾਉ' ਦੀ ਪਹਿਲੀ ਤੁਕ ਵਿੱਚ ਸਪਸ਼ਟ ਕੀਤਾ ਗਿਆ ਹੈ ਕਿ ਜਿਹੜਾ ਪ੍ਰਭ ਦਾ ਸਿਮਰਨ ਕਰਦਾ ਹੈ ਉਹ ਪ੍ਰਭ ਦੀ ਛੋਹ ਪ੍ਰਾਪਤ ਕਰ ਲੈਂਦਾ ਹੈ। ਦੂਜੀ ਤੁਕ ਵਿਚ ਸਪਸ਼ਟ ਕੀਤਾ ਹੈ ਕਿ ਪ੍ਰਭ ਦੀ ਛੋਹ ਪ੍ਰਾਪਤ ਕਰਦਿਆਂ ਹੀ ਸਾਧਕ ਦੇ ਦੁੱਖ ਅਤੇ ਇੱਛਾਵਾਂ (ਦੁਬਿਧਾ) ਦਾ ਨਾਸ਼ ਹੋ ਜਾਂਦਾ ਹੈ। ਇਹ ਬੁੱਧ ਧਰਮ ਦੀ ਵਿਚਾਰਧਾਰਾ ਵਲ ਸੰਕੇਤ ਹੈ। ਇਸ ਦੀ ਪੁਸ਼ਟਤਾ ਬੰਦ ਨੰ. ੨ ਵਿੱਚ ਆਏ "ਦੁਬਿਧਾ" ਸ਼ਬਦ ਦੇ "ਮੁਨੀ" ਨਾਲ ਸੰਬੰਧਤ ਹੋਣ ਨਾਲ ਹੋ ਜਾਂਦਾ ਹੈ।

ਇਸ ਤਰ੍ਹਾਂ ਗੁਰੂ ਰਵਿਦਾਸ ਜੀ ਨੇ ਬੁੱਧ ਧਰਮ ਦੀ ਵਿਚਾਰਧਾਰਾ ਵਿੱਚ ਆਤਮਾ ਅਤੇ ਪਰਮਾਤਮਾ ਦਾ ਸੰਕਲਪ ਸ਼ਾਮਲ ਕਰਕੇ ਇਸ ਨੂੰ ਆਪਣੀ ਵਿਚਾਰਧਾਰਾ ਦੇ ਅਨੁਰੂਪ ਸੋਧ ਲਿਆ ਹੈ। ਇਹ ਤੱਥ ਬੰਦ ਨੰ. ੨ ਤੋਂ ਬੰਦ ਨੰ. ੪ ਵਿੱਚ ਆਏ ਵਿਚਾਰਾਂ ਤੋਂ ਦ੍ਰਿੜ ਹੋ ਜਾਂਦਾ ਹੈ।

ਹੁਣ ਅਸੀਂ ਦੋਹਾਂ ਵਿਚਾਰਧਾਰਾਵਾਂ ਦਾ ਤੁਲਨਾਤਮਕ ਅਧਿਐਨ ਕਰਦੇ ਹਾਂ:

	ਬੁੱਧ ਧਰਮ	**ਗੁਰੂ ਰਵਿਦਾਸ ਬਾਣੀ**
੧.	ਬੁੱਧ ਧਰਮ ਅਨੁਸਾਰ ਸੰਸਾਰ ਦੁੱਖਾਂ ਦਾ ਘਰ ਹੈ।	੧. ਗੁਰੂ ਰਵਿਦਾਸ-ਬਾਣੀ ਅਨੁਸਾਰ ਵੀ ਸੰਸਾਰ ਦੁੱਖਾਂ ਦਾ ਘਰ ਹੈ। (ੳ) "ਜਤ ਦੇਖਉ ਤਤ ਦੁਖ ਕੀ ਰਾਸੀ॥"

		(ਅ) "ਸੋ ਮੁਨਿ ਮਨ ਕੀ ਦੁਬਿਧਾ ਖਾਇ॥" ਉਹੋ ਹੀ ਮੁਨੀ ਹੈ ਜਿਹੜਾ ਦੁੱਖਾਂ ਨੂੰ ਮਾਰ ਲੈਂਦਾ ਹੈ ਅਤੇ ਪ੍ਰਭ ਨੂੰ ਪ੍ਰਾਪਤ ਕਰ ਲੈਂਦਾ ਹੈ। ਇਸ ਤੁਕ ਵਿੱਚ ਮੁਨੀ ਦਾ ਦ੍ਰਿਸ਼ਟਾਂਤ ਇਸ ਵਿਚਾਰ ਨੂੰ ਵੀ ਸਪਸ ਕਰਦਾ ਹੈ ਅਤੇ ਬੁੱਧ ਧਰਮ ਨਾਲ ਸੰਬੰਧ ਨੂੰ ਵੀ ਪਰਪੱਕ ਕਰਦਾ ਹੈ। ਇਹ ਦ੍ਰਿਸ਼-ਅਲੰਕਾਰ ਬੰਦ ਨੰ. ੨ ਵਿੱਚ ਨਿਰੂਪਤ ਹੈ ਅਤੇ ਬੁੱਧ ਧਰਮ ਦੀ ਪਹਿਲੀ ਅਤੇ ਦੂਜੀ ਅਵਸਥਾ ਨਾਲ ਸੰਬੰਧਤ ਹੈ।
੨.	ਬੁੱਧ ਧਰਮ ਅਨੁਸਾਰ ਦੁੱਖਾਂ ਦਾ ਕਾਰਣ ਇੱਛਾਵਾਂ ਹਨ।	੨. ਗੁਰੂ ਰਵਿਦਾਸ ਬਾਣੀ ਅਨੁਸਾਰ ਜਿਹੜੇ ਜੀਵ ਮਨ ਦੀਆਂ ਇੱਛਾਵਾਂ ਦੀ ਪ੍ਰਾਪਤੀ ਲਈ ਵਿਆਕੁਲ ਹਨ, ਓਹੋ ਹੀ ਦੁੱਖ ਪਾਉਂਦੇ ਹਨ। "ਮਨ ਕਾ ਸੁਭਾਉ ਸਭ ਕੋਈ ਕਰੈ॥" "ਕਰਤਾ ਹੋਇ ਸੁ ਅਨਭੈ ਰਹੈ"॥੨॥ "ਪਰ ਜੋ (ਮਨ ਵਸ ਕਰਕੇ) ਆਪ ਕਰਤਾ (ਭਾਵ ਪ੍ਰਭ) ਬਣ ਜਾਂਦਾ ਹੈ ਉਹ ਪ੍ਰਤੱਖ ਗਿਆਨ ਪ੍ਰਾਪਤ ਕਰਦਾ ਹੈ।" [1]
੩.	ਬੁੱਧ ਧਰਮ ਅਨੁਸਾਰ ਗਿਆਨ ਨੂੰ ਦ੍ਰਿੜ ਕਰਨ ਨਾਲ 'ਮੁਨੀ' ਇੱਛਾਵਾਂ ਤੇ ਕਾਬੂ ਪਾ ਲੈਂਦਾ ਹੈ। ਇਸ ਮੰਤਵ ਲਈ ਉਹ ਅੱਠ ਸੁਨਹਿਰੀ ਅਸੂਲਾਂ ਤੇ ਅਮਲ ਕਰਦਾ ਹੈ।	੩. ਗੁਰੂ ਰਵਿਦਾਸ ਬਾਣੀ ਅਨੁਸਾਰ ਸਾਧਕ ਕਰਮ-ਅਭਿਆਸ ਨਾਲ ਗਿਆਨ ਨੂੰ ਦ੍ਰਿੜ ਕਰਦਾ ਹੈ। "ਗਿਆਨੈ ਕਾਰਨ ਕਰਮ-ਅਭਿਆਸ॥" ਅਤੇ ਗਿਆਨ ਭਾਵ ਪ੍ਰਤੱਖ ਗਿਆਨ ਦੀ ਪ੍ਰਾਪਤੀ ਨਾਲ ਮੁਨੀ, ਦੁੱਖਾਂ ਅਤੇ ਇੱਛਾਵਾਂ ਤੇ ਕਾਬੂ ਪਾ ਲੈਂਦਾ ਹੈ। ਭਾਵ ਕਾਮ ਕ੍ਰੋਧ ਲੋਭ ਮੋਹ ਹੰਕਾਰ ਤੋਂ ਮੁਕਤ ਹੋ ਜਾਂਦਾ ਹੈ। "ਗਿਆਨ ਭਇਆ ਤਹ ਕਰਮਹਿ ਨਾਸ॥੩॥" ਗਿਆਨ ਪ੍ਰਾਪਤੀ ਹੀ ਪ੍ਰਭ ਪ੍ਰਾਪਤੀ ਹੈ।
੪.	ਬੁੱਧ ਧਰਮ ਅਨੁਸਾਰ	੪. ਗੁਰੂ ਰਵਿਦਾਸ-ਬਾਣੀ ਅਨੁਸਾਰ ਪ੍ਰਤੱਖ

1. ਭਗਤ ਰਵਿਦਾਸ : ਜੀਵਨੀ ਤੇ ਰਚਨਾ - ਪੰਨਾ : ੪੭

ਗਿਆਨ ਦੇ ਪ੍ਰਕਾਸ਼ ਨਾਲ ਮੁਨੀ ਇਸੇ ਜੀਵਨ ਵਿੱਚ ਹੀ ਨਿਰਵਾਣ ਪਦ ਪ੍ਰਾਪਤ ਕਰਦਾ ਹੈ।

ਗਿਆਨ ਭਾਵ ਪ੍ਰਭ ਦੇ ਗਿਆਨ ਦੇ ਪ੍ਰਕਾਸ਼ ਨਾਲ ਹੀ ਮੁਨੀ ਇਸੇ ਜੀਵਨ ਵਿੱਚ ਜਿਉਂਦੇ ਜੀਅ ਨਿਰਵਾਣ-ਪਦ ਨੂੰ ਪ੍ਰਾਪਤ ਹੁੰਦਾ ਹੈ। "ਜੀਵਤ ਮੁਕਤ ਸਦਾ ਨਿਰਵਾਨ॥"
ਮੁਨੀ ਮੁਕਤੀ ਪ੍ਰਾਪਤ ਕਰਕੇ ਭਾਵ ਨਿਰਵਾਣ-ਪਦ ਪ੍ਰਾਪਤ ਕਰਕੇ ਸਦੀਵੀ ਅਨੰਦ ਵਿੱਚ ਵਾਸਾ ਕਰਦਾ ਹੈ।
ਉਪਰੋਕਤ ਤੁਕ ਤੋਂ ਪਹਿਲਾਂ ਦ੍ਰਿਸ਼ਟਾਂਤ ਦੇਕੇ ਇਸ ਤੁਕ ਦੇ ਸੂਖਮ ਵਿਚਾਰ ਦੀ ਡੂੰਘਾਈ ਅਤੇ ਮੰਤਵ ਨੂੰ ਸਪਸ਼ਟ ਕੀਤਾ ਗਿਆ ਹੈ।

ਸੋ ਗਿਆਨ-ਪ੍ਰਕਾਸ਼ ਨਾਲ ਜਿਸ ਪ੍ਰਾਪਤੀ ਨੂੰ ਮਹਾਤਮਾ ਬੁੱਧ ਨਿਰਵਾਣ ਪ੍ਰਾਪਤੀ ਕਹਿੰਦੇ ਹਨ, ਗੁਰੂ ਰਵਿਦਾਸ ਜੀ ਉਸੇ ਗਿਆਨ-ਪ੍ਰਕਾਸ਼ ਨੂੰ ਪ੍ਰਭ ਪ੍ਰਾਪਤੀ ਦਾ ਨਾਮ ਦਿੰਦੇ ਹਨ, "ਰਿਦੈ ਰਾਮ ਕੀ ਨਾ ਜਪਿਸਿ ਅਭਾਗ"। ਸੋ ਨਿਰਵਾਣ ਪ੍ਰਾਪਤੀ ਦਾ ਅਰਥ ਪ੍ਰਭ ਪ੍ਰਾਪਤੀ ਹੀ ਹੈ। ਇਸੇ ਕਾਰਣ ਗੁਰੂ ਜੀ ਨੇ ਪ੍ਰਭ ਪ੍ਰਾਪਤੀ ਲਈ ਨਿਰਵਾਣ ਸ਼ਬਦ ਦੀ ਵਰਤੋਂ ਕੀਤੀ ਹੈ। ਸੋ ਅੰਤਰੀਵ ਤੌਰ ਤੇ ਮਹਾਤਮਾ ਬੁੱਧ ਪਰਮਾਤਮਾ ਨੂੰ ਮੰਨਦੇ ਸਨ। ਪਰ ਉਨ੍ਹਾਂ ਨੇ ਆਪਣੀ ਵਿਚਾਰਧਾਰਾ ਵਿੱਚ ਕਿਧਰੇ ਵੀ ਇਸ ਦਾ ਜ਼ਿਕਰ ਨਹੀਂ ਕੀਤਾ।

5. ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਇਹ ਨਿਰਵਾਣ ਪਦ ਦੀ ਅਵਸਥਾ ਪਰਮ ਵੈਰਾਗ ਦੀ ਅਵਸਥਾ ਹੀ ਹੈ। ਮਹਾਤਮਾ ਬੁੱਧ ਨੇ ਵੀ ਧਮਪਦ ਦੇ ਬੰਦ ਨੰ. ੨੭੩ ਵਿੱਚ, ਸਭ ਅਵਸਥਾਵਾਂ ਵਿਚੋਂ ਵੈਰਾਗ ਦੀ ਅਵਸਥਾ ਨੂੰ ਸ੍ਰੇਸ਼ਟ ਮੰਨਿਆ ਹੈ।[1] ਇਹ ਪਰਮ ਵੈਰਾਗ ਦੀ ਅਵਸਥਾ ਹੀ ਪ੍ਰਭ ਪ੍ਰਾਪਤੀ ਹੈ। ਇਸ ਲਈ ਗੁਰੂ ਜੀ ਫਰਮਾਉਂਦੇ ਹਨ ਕਿ ਹੇ ਅਭਾਗੇ! ਪ੍ਰਭ ਤੇਰੇ ਮਨ ਵਿੱਚ ਵਸਦਾ ਹੈ, ਤੂੰ ਉਸ ਦੀ ਅਰਾਧਨਾ ਕਿਉਂ ਨਹੀਂ ਕਰਦਾ, ਜਿਸ ਨਾਲ ਨਿਰਵਾਣ ਪਦ ਭਾਵ ਪ੍ਰਭ ਪ੍ਰਾਪਤੀ ਹੋ ਜਾਂਦੀ ਹੈ।

ਗੁਰੂ ਰਵਿਦਾਸ ਜੀ ਨੇ ਭੈਰਉ ਰਾਗ ਦੀ ਪ੍ਰਕਿਰਤੀ ਨੂੰ ਧਿਆਨ ਵਿੱਚ ਰੱਖਕੇ ਹੀ ਇਸ ਸ਼ਬਦ ਦੀ ਰਚਨਾ ਕੀਤੀ ਹੈ। ਭਾਰਤ ਦੇ ਪ੍ਰਸਿੱਧ ਸੰਗੀਤ ਸ਼ਾਸਤ੍ਰੀਆਂ ਅਨੁਸਾਰ ਭੈਰਉ ਰਾਗ ਵਿੱਚ ਧਾਰਮਕ ਵਿਚਾਰਧਾਰਾਵਾਂ ਦਾ ਆਪਸੀ ਵਿਰੋਧ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦੀਆਂ ਅਨੁਸਾਰੀ ਧਾਰਮਕ

1. ਧਮਪਦ - ਪੰਨਾ : ੧੩੯

ਵਿਚਾਰਧਾਰਾਵਾਂ ਨੂੰ ਦ੍ਰਿਸ਼ਟਾਂਤਾਂ ਨਾਲ ਪਰਪੱਕ ਕਰਕੇ ਉਭਾਰਿਆ ਗਿਆ ਹੈ ਅਤੇ ਉਨ੍ਹਾਂ ਨੂੰ ਸਹੀ ਮੰਨਿਆ ਗਿਆ ਹੈ। ਸੰਗੀਤ ਸ਼ਾਸਤਰੀਆਂ ਨੇ ਇਸ ਰਾਗ ਦੀ ਭਾਵਨਾ ਨੂੰ ਸਪਸ਼ਟ ਕਰਨ ਲਈ, ਇੱਕ ਦ੍ਰਿਸ਼ਟਾਂਤ ਗੁਰੂ ਨਾਮ ਦੇਵ ਜੀ ਦਾ ਅਤੇ ਵਿਰੋਧੀ ਧਿਰ ਇਸਲਾਮ ਦੇ ਪੈਰੋਕਾਰਾਂ ਦਾ ਹੈ। ਦੂਜਾ ਦ੍ਰਿਸ਼ਟਾਂਤ ਪ੍ਰਹਿਲਾਦ ਅਤੇ ਵਿਰੋਧੀ ਧਿਰ ਹਰਨਾਕਸ਼ ਦਾ ਹੈ। ਦੋਹਾਂ ਘਟਨਾਵਾਂ ਵਿੱਚ ਪ੍ਰਭ-ਪ੍ਰੇਮੀਆਂ ਅਤੇ ਪ੍ਰਭ ਨੂੰ ਨਾ ਮੰਨਣ ਵਾਲਿਆਂ ਦੀਆਂ ਵਿਚਾਰਧਾਰਾਵਾਂ ਵਿੱਚ ਟਕਰਾਉ ਹੈ। ਦੋਹਾਂ ਘਟਨਾਵਾਂ ਵਿੱਚ ਪ੍ਰਭ-ਪ੍ਰੇਮੀਆਂ, ਗੁਰੂ ਨਾਮ ਦੇਵ ਜੀ ਅਤੇ ਭਗਤ ਪ੍ਰਹਿਲਾਦ ਦੀਆਂ ਵਿਚਾਰਧਾਰਾਵਾਂ ਦੀ ਜਿੱਤ ਹੁੰਦੀ ਹੈ। ਸੰਗੀਤ ਸ਼ਾਸਤਰੀਆਂ ਨੇ ਆਪਣੇ ਸ਼ਬਦਾਂ ਵਿੱਚ ਇਸ ਦੀ ਪੋ੍ੜਤਾ ਕੀਤੀ ਹੈ,

> "ਇਸ ਰਾਗ ਵਿੱਚ ਭਗਤ ਪ੍ਰਹਿਲਾਦ ਜੀ ਦੀ ਕਥਾ ਦਾ ਜ਼ਿਕਰ ਗੁਰੂ ਸਾਹਿਬ (ਮਹਲਾ-੩) ਨੇ ਵਿਸਥਾਰ ਨਾਲ ਕੀਤਾ ਹੈ ਜਿਸ ਨੇ ਹਰਨਾਕਸ਼ ਦਾ ਹੰਕਾਰ ਭੰਨਿਆ। ਗੁਰੂ ਦੀ ਕਰਣੀ ਬਾਰੇ ਵੀ ਦਿੱਸਿਆ ਹੈ ਕਿ ਮ੍ਰਿਗ ਪਕਰੇ ਬਿਨ ਘੋਰ ਹਥਿਆਰ। ਇਥੇ ਹੀ ਨਾਮ ਦੇਵ ਜੀ ਦੀ ਸੂਰਮਤਾਈ ਦਾ ਵੀ ਜ਼ਿਕਰ ਹੈ ਜਿਨ੍ਹਾਂ ਨੇ ਮਾਂ ਨੂੰ ਕਹਿ ਦਿੱਤਾ ਸੀ, "ਨ ਹਉ ਤੇਰਾ ਪੂੰਗਰਾ ਨਾ ਤੂੰ ਮੇਰੀ ਮਾਇ॥"[1]

ਇਸ ਸ਼ਬਦ ਵਿਚ ਆਤਮਾ ਪਰਮਾਤਮਾ ਨੂੰ ਨਾ ਮੰਨਣ ਵਾਲੀ ਬੁੱਧ ਧਰਮ ਦੀ ਵਿਚਾਰਧਾਰਾ ਦਾ ਗੁਰੂ ਰਵਿਦਾਸ ਜੀ ਦੀ ਆਤਮਾ ਪਰਮਾਤਮਾ ਨੂੰ ਮੰਨਣ ਵਾਲੀ ਵਿਚਾਰਧਾਰਾ ਨਾਲ ਟਕਰਾਉ ਹੈ, ਆਪਸੀ ਵਿਰੋਧ ਹੈ। ਇਸੇ ਤਰ੍ਹਾਂ ਗੁਰੂ ਰਵਿਦਾਸ ਜੀ ਨੇ ਪ੍ਰਭ ਨੂੰ ਨਾ ਮੰਨਣ ਵਾਲੀ ਬੁੱਧ ਧਰਮ ਦੀ ਵਿਚਾਰਧਾਰਾ ਵਿੱਚ ਆਤਮਾ ਅਤੇ ਪਰਮਾਤਮਾ ਦੇ ਸੰਕਲਪ ਨੂੰ ਦਰਜ ਕਰਕੇ ਸੋਧਿਆ ਹੈ ਅਤੇ ਇੱਕ ਨਵੀਂ ਵਿਚਾਰਧਾਰਾ ਦੀ ਸਿਰਜਣਾ ਕਰਕੇ ਨਵੇਂ ਵਿਸ਼ਵ ਧਰਮ ਦੀ ਸਿਰਜਣਾ ਕੀਤੀ ਹੈ। ਇਸ ਤਰ੍ਹਾਂ ਵਿਚਾਰ ਅਧੀਨ ਸ਼ਬਦ ਦੀ ਰਚਨਾ ਰਾਗ ਭੈਰਉ ਦੀਆਂ ਜ਼ਰੂਰਤਾਂ ਅਨੁਸਾਰ ਕੀਤੀ ਗਈ ਹੈ।

---

1. ਰਾਗ ਨਾਦ ਸਬਦਿ ਸੋਹਣੇ - ਪੰਨਾ : ੯੪

ਸ਼ਬਦ ਅਰਥ : ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਪਰਮਾਤਮਾ ਨੂੰ ਦੇਖੇ ਬਿਨ੍ਹਾਂ ਮਨ ਵਿੱਚ ਪ੍ਰਭ ਪ੍ਰਾਪਤੀ ਲਈ ਵਿਸ਼ਵਾਸ਼ ਨਹੀਂ ਬੱਝਦਾ, ਪ੍ਰਭ ਪ੍ਰਾਪਤੀ ਦੀ ਤਾਂਘ ਨਹੀਂ ਉਪਜਦੀ। ਸਮਸਿਆ ਇਹ ਵੀ ਹੈ ਕਿ ਜੋ ਦਿਸਦਾ ਹੈ ਉਹ ਨਾਸ਼ਵਾਨ ਹੈ। ਜਦ ਕਿ ਪ੍ਰਭ ਅਵਿਨਾਸ਼ੀ ਹੈ। ਅਗਲੀਆਂ ਤੁਕਾਂ ਵਿੱਚ ਆਪ ਹੀ ਇਸ ਦਾ ਹੱਲ ਦੱਸਦੇ ਹਨ ਕਿ ਜੋ ਸਾਧਕ (ਜੋਗੀ) ਸ੍ਰਿਸ਼ਟੀ ਦੇ ਨਿਯਮਾਂ ਦੀ ਪਹਿਚਾਣ ਕਰਕੇ ਪ੍ਰਭ ਦਾ ਸਿਮਰਨ ਕਰਦਾ ਹੈ, ਕੇਵਲ ਉਹ ਸਾਧਕ ਹੀ ਇੱਛਾਵਾਂ ਰਹਿਤ, ਵਾਸਨਾ ਰਹਿਤ ਹੋ ਜਾਂਦਾ ਹੈ ਭਾਵ ਪ੍ਰਭ ਨੂੰ ਪ੍ਰਾਪਤ ਹੁੰਦਾ ਹੈ॥ ੧॥

ਇਸ ਲਈ ਜੋ ਵੀ ਕੋਈ ਸਾਧਕ ਪ੍ਰਭ ਦਾ ਨਾਮ ਸਿਮਰਦਾ ਹੈ ਉਹ ਜਿਸ ਤਰ੍ਹਾਂ ਪਾਰਸ ਦੀ ਛੋਹ ਪ੍ਰਾਪਤ ਕਰਦਿਆਂ ਹੀ ਲੋਹਾ ਸੋਨਾ ਬਣ ਜਾਂਦਾ ਹੈ, ਉਸੇ ਤਰ੍ਹਾਂ ਸਾਧਕ ਪ੍ਰਭ-ਪਾਰਸ ਦੀ ਛੋਹ ਪ੍ਰਾਪਤ ਕਰਦਿਆਂ ਹੀ ਦੁੱਖਾਂ, ਇੱਛਾਵਾਂ, ਵਿਕਾਰਾਂ ਆਦਿ ਤੋਂ ਨਿਰਲੇਪ ਹੋ ਜਾਂਦਾ ਹੈ ਅਤੇ ਪ੍ਰਭ ਰੂਪ ਬਣ ਜਾਂਦਾ ਹੈ॥ ੧॥ ਰਹਾਉ॥ ਜੋ ਜੋਗੀ, ਮੁਨੀ, ਪ੍ਰਭ ਸਿਮਰਨ ਰਾਹੀਂ ਪਰਤਖ ਗਿਆਨ (ਬੁੱਧ ਸੰਕਲਪ) ਪ੍ਰਾਪਤ ਕਰਦਾ ਹੈ। ਇਸ ਤਰ੍ਹਾਂ ਗੁਰੂ ਰਵਿਦਾਸ ਦੀ ਵਿਚਾਰਧਾਰਾ ਬੁੱਧ-ਵਿਚਾਰਧਾਰਾ ਤੋਂ ਭਿੰਨ ਹੋ ਜਾਂਦੀ ਹੈ। ਇਹ ਬੋਧ ਵਿਚਾਰਧਾਰਾ ਵਿਚ ਵਾਧਾ ਕਰਕੇ ਉਸ ਨੂੰ ਸੋਧ ਕੇ ਵਿਗਿਆਨਕ ਬਣਾ ਦਿੱਤਾ ਹੈ॥ ਰਹਾਉ॥੧॥

ਗੁਰੂ ਰਵਿਦਾਸ, ਬੁੱਧ ਮੱਤ ਦੇ ਮੁਨੀ ਨੂੰ ਸਮਝਾ ਰਹੇ ਹਨ ਕਿ ਕੇਵਲ ਓਹੋ ਹੀ ਮੁਨੀ ਹੈ, ਜਿਹੜਾ ਮਨ ਦੇ ਦੁੱਖਾਂ (ਦੁਬਿਧਾ) ਨੂੰ ਮਿਟਾ ਦਿੰਦਾ ਹੈ, ਇੱਛਾਵਾਂ ਨੂੰ ਕਾਬੂ ਕਰ ਲੈਂਦਾ ਹੈ। ਇਸ ਤਰ੍ਹਾਂ ਉਹ ਮੁਨੀ ਤਿੰਨਾਂ ਲੋਕਾਂ ਵਿੱਚ ਭਾਵ ਸ੍ਰਿਸ਼ਟੀ ਵਿੱਚ ਵਿਆਪਕ ਪ੍ਰਭ ਨਾਲ ਇੱਕਮਿੱਕ ਹੋ ਜਾਂਦਾ ਹੈ। ਪਰ ਹੁਣ ਬੁੱਧ ਮੱਤ ਵਿਚ ਆਤਮਾ ਪਰਮਾਤਮਾ ਦਾ ਸੰਕਲਪ ਦਰਜ ਕਰਕੇ ਬੁੱਧ-ਵਿਚਾਰਧਾਰਾ ਨੂੰ ਸੋਧ ਦਿੱਤਾ ਹੈ। ਸਮੁੱਚੀ ਦੁਨੀਆਂ ਮਨ ਦਿਆਂ ਵਿਕਾਰਾਂ, ਇੱਛਾਵਾਂ ਦੇ ਪਿੱਛੇ ਵਿਆਕੁਲ ਹੋਈ ਦੁੱਖਾਂ ਵਿੱਚ ਤੜਪ ਰਹੀ ਹੈ। ਪਰ ਜਿਹੜਾ ਵੀ ਜੋਗੀ, ਮੁਨੀ (ਸਾਧਕ) ਪ੍ਰਭ ਦਾ ਸਿਮਰਨ ਕਰਦਾ ਹੈ ਉਹ ਪ੍ਰਤੱਖ ਗਿਆਨ ਪ੍ਰਾਪਤ ਕਰਕੇ ਕਰਤਾਰ ਰੂਪ ਹੀ ਬਣ ਜਾਂਦਾ ਹੈ॥ ੨॥

ਬੁੱਧ ਅਨੁਸਾਰ ਜਿਵੇਂ ਸਾਰੀ ਸ੍ਰਿਸ਼ਟੀ ਦੀ ਬਨਸਪਤੀ ਫਲ ਦੇਣ ਲਈ ਹੀ ਪ੍ਰਫੁੱਲਤ ਹੁੰਦੀ ਹੈ ਅਤੇ ਫੁੱਲ ਲਗਦੇ ਹਨ ਪਰ ਫਲ ਲਗਦਿਆਂ ਹੀ ਫੁੱਲ ਟੁੱਟ ਜਾਂਦੇ ਹਨ ਭਾਵ ਨਾਸ਼ ਹੋ ਜਾਂਦੇ ਹਨ। ਉਸੇ ਤਰ੍ਹਾਂ ਹੀ ਸਾਧਕ ਪ੍ਰਭ ਸਿਮਰਨ ਰਾਹੀਂ ਆਪਣੇ ਅਨੁਭਵ ਨਾਲ ਪ੍ਰਾਪਤ ਕੀਤੇ ਉਪਰੋਕਤ ਗਿਆਨ ਨੂੰ ਪਰਪੱਕ ਕਰਨ ਲਈ ਅਮਲੀ ਰੂਪ ਵਿੱਚ ਜੀਵਨ ਵਿੱਚੋਂ ਇੱਛਾਵਾਂ, ਵਿਕਾਰਾਂ ਆਦਿ ਦਾ ਨਾਸ਼ ਕਰਨ ਲਈ ਕਰਮ ਕਰਦਾ ਹੈ, ਸਖ਼ਤ ਮਿਹਨਤ ਨਾਲ ਅਭਿਆਸ ਕਰਦਾ ਹੈ। ਜਦੋਂ ਸਾਧਕ ਨੂੰ ਬ੍ਰਹਮ-ਗਿਆਨ (ਪ੍ਰਤੱਖ ਗਿਆਨ) ਪ੍ਰਾਪਤ ਹੋ ਜਾਂਦਾ ਹੈ ਤਾਂ ਵਿਕਾਰ

ਅਤੇ ਇੱਛਾਵਾਂ ਦਾ ਨਾਸ਼ ਹੋ ਜਾਂਦਾ ਹੈ ਪ੍ਰਭ ਪ੍ਰਾਪਤੀ ਹੋ ਜਾਂਦੀ ਹੈ॥ ੩॥

ਇਸੇ ਤਰ੍ਹਾਂ ਸਿਆਣੀ ਇਸਤਰੀ ਘਿਉ ਦੀ ਪ੍ਰਾਪਤੀ ਲਈ ਦਹੀਂ ਰਿੜਕਦੀ ਹੈ। ਜਦੋਂ ਘਿਉ ਬਣ ਜਾਂਦਾ ਹੈ ਤਾਂ ਰਿੜਕਣਾ ਬੰਦ ਕਰ ਦਿੰਦੀ ਹੈ ਭਾਵ ਸਾਧਕ ਨੇ ਸਖ਼ਤ ਮਿਹਨਤ ਤੇ ਉੱਦਮ ਪਿੱਛੋਂ ਵਿਕਾਰਾਂ ਅਤੇ ਇੱਛਵਾਂ ਉੱਪਰ ਕਾਬੂ ਪਾ ਕੇ ਪ੍ਰਭ ਸਿਮਰਨ ਰਾਹੀਂ ਬ੍ਰਹਮ-ਗਿਆਨ ਦੀ ਪ੍ਰਾਪਤੀ ਕੀਤੀ ਹੈ। ਇਹੋ ਗਿਆਨ ਦਾ ਪ੍ਰਕਾਸ਼ ਹੀ ਮੁਨੀ (ਸਾਧਕ) ਨੂੰ ਇਸੇ ਜੀਵਨ ਵਿੱਚ ਜਿਉਂਦੇ ਜੀਅ ਹੀ ਸਦੀਵੀ ਨਿਰਵਾਣ ਪਦ ਦੀ ਪ੍ਰਾਪਤੀ ਪ੍ਰਦਾਨ ਕਰਦਾ ਹੈ। ਇਹੋ ਹੀ ਪ੍ਰਭ ਪ੍ਰਾਪਤੀ ਹੈ। ਇਸ ਕਰਕੇ ਗੁਰੂ ਰਵਿਦਾਸ ਜੀ ਆਪਣੇ ਆਪ ਨੂੰ ਕਹਿ ਰਹੇ ਹਨ ਕਿ ਹੇ ਅਭਾਗੇ! ਤੂੰ ਇਸ ਪਰਮ ਵੈਰਾਗ ਦੀ ਪ੍ਰਾਪਤੀ ਭਾਵ ਪ੍ਰਭ ਪ੍ਰਾਪਤੀ ਲਈ ਆਪਣੇ ਹੀ ਹਿਰਦੇ ਵਿੱਚ ਵਸਦੇ ਪ੍ਰਭ ਦਾ ਸਿਮਰਨ ਕਿਉਂ ਨਹੀਂ ਕਰਦਾ? ਭਾਵ ਤੂੰ ਹਿਰਦੇ ਵਿੱਚ ਵਸਦੇ ਪ੍ਰਭ ਦਾ ਸਿਮਰਨ ਜ਼ਰੂਰ ਕਰ॥ ੪॥ ੧॥

ੴ ਸਤਿਗੁਰੂ ਪ੍ਰਸਾਦਿ

ਬਸੰਤ ਬਾਣੀ ਰਵਿਦਾਸੁ ਜੀ ਕੀ

ਤੁਝਹਿ ਸੁਝੰਤਾ ਕਛੂ ਨਾਹੀ॥
ਪਹਿਰਾਵਾ ਦੇਖੇ ਊਭਿ ਜਾਹਿ॥
ਗਰਬਵਤੀ ਕਾ ਨਾਹੀ ਠਾਉ॥
ਤੇਰੀ ਗਰਦਨਿ ਊਪਰਿ ਲਵੈ ਕਾਉ॥੧॥
ਤੂ ਕਾਂਇ ਗਰਬਹਿ ਬਾਵਲੀ॥
ਜੈਸੇ ਭਾਦਉ ਖੂੰਬਰਾਜੁ ਤੂ ਤਿਸ ਤੇ ਖਰੀ ਉਤਾਵਲੀ॥੧॥ ਰਹਾਉ॥
ਜੈਸੇ ਕੁਰੰਕ ਨਹੀ ਪਾਇਓ ਭੇਦੁ॥
ਤਨਿ ਸੁਗੰਧ ਢੂਢੈ ਪ੍ਰਦੇਸੁ॥
ਅਪ ਤਨ ਕਾ ਜੋ ਕਰੇ ਬੀਚਾਰੁ॥
ਤਿਸੁ ਨਹੀ ਜਮ ਕੰਕਰੁ ਕਰੇ ਖੁਆਰੁ॥੨॥
ਪੁਤ੍ਰ ਕਲਤ੍ਰ ਕਾ ਕਰਹਿ ਅਹੰਕਾਰੁ॥
ਠਾਕੁਰੁ ਲੇਖਾ ਮਗਨਹਾਰੁ॥
ਫੇੜੇ ਕਾ ਦੁਖੁ ਸਹੈ ਜੀਉ॥
ਪਾਛੇ ਕਿਸਹਿ ਪੁਕਾਰਹਿ ਪੀਉ ਪੀਉ॥੩॥
ਸਾਧੂ ਕੀ ਜਉ ਲੇਹਿ ਓਟ॥
ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ॥
ਕਹਿ ਰਵਿਦਾਸ ਜੋ ਜਪੈ ਨਾਮੁ॥
ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮ॥੪॥੧॥[1]

ਪਦ ਅਰਥ :—ਊਭਿ ਜਾਹਿ = ਆਕੜਦੀ ਹੈ। **ਗਰਬਵਤੀ** = ਹੰਕਾਰਨ। **ਲਵੈ ਕਾਉ** = ਕਾਲ ਚੱਕਰ ਕੱਟਦਾ ਹੈ॥੧॥

ਕਾਇ = ਕਿਉਂ। **ਖਰੀ ਉਤਾਵਲੀ** = ਬਹੁਤ ਕਾਹਲੀ॥੧॥ ਰਹਾਉ॥

ਕੁਰੰਕ = ਹਿਰਨ। **ਜਮ ਕੰਕਰੁ** = ਜਮਦੂਤ॥੨॥

ਕਲਤ੍ਰ = ਵਹੁਟੀ, ਪਤਨੀ। **ਫੇੜੇ ਕਾ** = ਕੀਤੇ ਮੰਦੇ ਕਰਮਾਂ ਦਾ। **ਪੀਉ** = ਪਿਆਰਾ॥੩॥

ਸਾਧੂ = ਮਹਾਂਪੁਰਸ਼, ਗੁਰੂ। **ਕੋਟਿ** = ਕ੍ਰੋੜ। **ਜਾਤਿ** = ਮਨੁੱਖ ਦਾ ਵਿਕਾਰੀ ਸੁਭਾ। ਜਾਤਿ, ਸ੍ਵਭਾਵੋਕਿ੍ਤ ਅਲੰਕਾਰ ਹੈ। ਇਸ ਦਾ ਨਾਉ ਜਾਤਿ ਅਲੰਕਾਰ ਵੀ ਹੈ॥੪॥੧॥

---

1. ਆਦਿ ਗ੍ਰੰਥ- ਪੰਨਾ : ੧੧੯੬

ਕੀ ਮਨ ਦਾ ਖੇੜਾ ਜਾਤਿ ਕਰਕੇ ਮਿਲਦਾ ਹੈ? ਬਿਲਕੁਲ ਨਹੀਂ। ਫਿਰ ਜਾਤਿ ਦੇ ਅਰਥ ਜਾਤ-ਪਾਤ ਕਿਵੇਂ ਸਿੱਧ ਹੁੰਦੇ ਹਨ। ਜਾਤਿ ਦਾ ਅਰਥ ਹੈ ਸੁਭਾ। ਸੁਭਾ ਵਿੱਚੋਂ ਹੰਕਾਰ ਅਤੇ ਭਰਮ ਖਤਮ ਕਰਨੇ ਜ਼ਰੂਰੀ ਹਨ। ਜਦੋਂ ਸੁਆਮੀ ਰਾਮਾਨੰਦ ਵੈਰਾਗ ਵਿਚ ਵਹਿਬਲ ਹੋ ਉਠਦੇ ਹਨ ਅਤੇ ਗੁਰੂ ਰਵਿਦਾਸ ਜੀ ਦੇ ਚਰਨੀਂ ਲੱਗ ਕੇ ਹੰਕਾਰ ਅਤੇ ਭਰਮ ਤਿਆਗ ਦਿੰਦੇ ਹਨ। ਇਸ ਤਿਆਗ ਵਿੱਚੋਂ ਉਪਜੇ ਬ੍ਰਹਮ ਗਿਆਨ ਪ੍ਰਾਪਤ ਕਰਕੇ ਗੁਰੂ ਰਵਿਦਾਸ ਜੀ ਦੇ ਸਵਾਲਾਂ ਦਾ ਜਵਾਬ ਦਿੰਦੇ ਹੋਏ ਉਨ੍ਹਾਂ ਨੂੰ ਗੁਰੂ ਪ੍ਰਵਾਨ ਕਰ ਲੈਂਦੇ ਹਨ। ਬ੍ਰਹਮ ਗਿਆਨ ਦੀ ਪ੍ਰਾਪਤੀ ਕਾਰਨ ਮਨ ਦੇ ਅਨੰਤ ਖੇੜੇ ਵਿਚ ਮੁਗਧ ਹੋ ਜਾਂਦੇ ਹਨ।

ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ

ਗੁਰੂ ਰਵਿਦਾਸ ਜੀ ਨੇ ਇਸ ਸ਼ਬਦ ਵਿੱਚ ਸਾਰੇ ਵਿਕਾਰਾਂ ਵਿੱਚੋਂ ਇਕੱਲੇ ਵਿਕਾਰ, ਹੰਕਾਰ ਨੂੰ ਚੁਣਕੇ, ਦ੍ਰਿਸ਼ਟਾਂਤਾਂ ਰਾਹੀਂ ਇਸ ਦੀ ਮਾਰੂ ਸ਼ਕਤੀ ਦੇ ਪ੍ਰਭਾਵ ਦੀ ਵਿਆਖਿਆ ਕੀਤੀ ਹੈ। ਉਨ੍ਹਾਂ ਨੇ 'ਪਹਿਰਾਵਾ', 'ਸਰੀਰ', 'ਹਿਰਨ', 'ਪੁਤ੍ਰ ਕਲਤ੍ਰ' ਆਦਿ ਦ੍ਰਿਸ਼ਟਾਂਤ ਦੇਕੇ ਮਨੁੱਖ ਨੂੰ ਹੰਕਾਰ ਦੇ ਮਾਰੂ ਪ੍ਰਭਾਵ ਦਾ ਬੋਧ ਕਰਾਇਆ ਹੈ ਅਤੇ ਸਪਸ਼ਟ ਕੀਤਾ ਹੈ ਕਿ ਜ਼ਿਆਦਾ ਤਰ ਹੰਕਾਰ ਹੀ ਮਨੁੱਖ ਦੇ ਦੁੱਖਾਂ ਦਾ ਕਾਰਣ ਹੈ। ਇਹੋ ਹੀ ਇਸ ਸ਼ਬਦ ਦਾ ਮੁੱਖ ਮੰਤਵ ਹੈ, ਜਿਸ ਨੂੰ 'ਰਹਾਉ' ਵਿਚ ਦ੍ਰਿੜ ਕੀਤਾ ਗਿਆ ਹੈ ਅਤੇ ਹੰਕਾਰ ਦੀ ਵਿਨਾਸ਼ਕਾਰੀ ਸ਼ਕਤੀ ਨੂੰ ਐਡਾ ਭਿਆਨਕ ਦਰਸਾਇਆ ਗਿਆ ਹੈ ਕਿ ਹੰਕਾਰੀ ਮਨੁੱਖ ਦੇ ਵਿਨਾਸ਼ ਵਿੱਚ ਵੱਡੀ ਖੁੰਬ ਦੇ ਵਿਨਾਸ਼ ਜਿੰਨਾ ਸਮਾਂ ਵੀ ਨਹੀਂ ਲਗਦਾ। ਆਖਰੀ ਬੰਦ ਨੰ. ੪ ਵਿੱਚ ਗੁਰੂ ਜੀ ਨੇ ਇਸਦਾ ਇਲਾਜ ਵੀ ਦੱਸਿਆ ਹੈ ਕਿ ਜੋ ਜੀਵ ਪ੍ਰਭ ਦਾ ਸਿਮਰਨ ਕਰਦਾ ਹੈ ਉਹ ਦੁੱਖਾਂ ਤੋਂ ਛੁਟਕਾਰਾ ਪਾ ਲੈਂਦਾ ਹੈ।

ਬੰਦ ਨੰ. ੧ ਵਿਚ ਦੁਨਿਆਵੀ ਪਦਾਰਥਾਂ ਕਾਰਣ ਮਨੁੱਖ ਦੇ ਹੰਕਾਰੀ ਸੁਭਾ ਨੂੰ ਉਲੀਕਿਆ ਗਿਆ ਹੈ। ਮਨੁੱਖ ਨੂੰ ਆਪਣੇ ਸ਼ਾਹੀ ਠਾਠ-ਬਾਠ ਵਾਲੇ ਪਹਿਰਾਵੇ ਨੂੰ ਦੇਖਕੇ ਹੀ ਹੰਕਾਰ ਵਿੱਚ ਕੁਝ ਨਹੀਂ ਸੁੱਝਦਾ। ਉਸ ਦੀ ਮੱਤ ਮਾਰੀ ਜਾਂਦੀ ਹੈ। ਉਸ ਨੂੰ ਇਹ ਵੀ ਗਿਆਨ ਨਹੀਂ ਹੁੰਦਾ ਕਿ ਹੰਕਾਰ ਦਾ ਜੀਵਨ ਵਿੱਚ ਕੋਈ ਥਾਂ ਨਹੀਂ ਹੈ। ਹੰਕਾਰ ਕਾਰਣ ਹੀ ਜੀਵਨ 'ਕਾਲ' ਦੇ ਮੂੰਹ ਵਿੱਚ ਜਾ ਰਿਹਾ ਹੈ।

ਇਸ ਲਈ 'ਰਹਾਉ' ਵਿੱਚ ਸਰੀਰ ਦੀ ਨਾਸ਼ਵਾਨਤਾ ਦਾ ਬੋਧ ਕਰਵਾਇਆ ਗਿਆ ਹੈ ਕਿ ਜਿਵੇਂ ਭਾਦੋਂ ਦੇ ਮਹੀਨੇ ਵਿੱਚ ਉੱਗੀ ਖੁੰਭ ਦੀ ਉਮਰ ਬਹੁਤ ਥੋੜੀ ਹੁੰਦੀ ਹੈ ਤਿਵੇਂ ਹੀ ਹੰਕਾਰ ਨਾਲ ਭਰੇ ਜੀਵ ਦੀ ਉਮਰ ਉਸ ਤੋਂ ਵੀ ਥੋੜੀ ਹੁੰਦੀ ਹੈ। ਤੂੰ ਹੰਕਾਰ ਵਿੱਚ ਮਸਤ ਆਪਣੀ ਉਮਰ ਨੂੰ ਬੜੀ ਕਾਹਲੀ ਨਾਲ ਗਵਾ ਰਿਹਾ ਹੈਂ। ਇਹ ਸਭ ਅਗਿਆਨਤਾ ਕਾਰਣ ਹੀ ਹੈ।

ਇਸ ਅਗਿਆਨਤਾ ਨੂੰ ਖਤਮ ਕਰਨ ਲਈ ਬੰਦ ਨੰ. ੨ ਵਿੱਚ ਗੁਰੂ ਰਵਿਦਾਸ ਜੀ ਹਿਰਨ ਦਾ ਦ੍ਰਿਸ਼ਟਾਂਤ ਦੇਕੇ ਮਨੁੱਖ ਨੂੰ ਇਸ ਤੋਂ ਮੁਕਤ ਹੋਣ ਦਾ ਉਪਾਉ ਦਸਦੇ ਹਨ। ਉਹ ਫਰਮਾਉਂਦੇ ਹਨ ਕਿ ਜਿਵੇਂ ਹਿਰਨ ਨੂੰ ਅਗਿਆਨਤਾ ਕਾਰਣ ਇਹ ਨਹੀਂ ਪਤਾ ਕਿ ਸੁਗੰਧੀ ਉਸਦੇ ਆਪਣੇ ਅੰਦਰ ਹੈ, ਪਰ ਲੱਭਦਾ ਉਹ ਬਾਹਰ ਫਿਰਦਾ ਹੈ। ਉਸੇ ਤਰ੍ਹਾਂ ਜੀਵ ਵੀ ਅਗਿਆਨਤਾ ਕਾਰਣ ਆਪਣੇ ਮਨ ਅੰਦਰ ਝਾਤੀ ਨਹੀਂ ਮਾਰਦਾ। ਜੇ ਉਹ ਵਿਚਾਰ ਕਰਕੇ ਆਪਣੇ ਮਨ ਨੂੰ ਪੜਚੋਲ ਕੇ ਆਪਣੇ ਅੰਦਰ ਵਸਦੇ ਪ੍ਰਭ ਦਾ ਸਿਮਰਨ ਕਰੇ ਤਾਂ ਉਹ ਜਮਦੂਤਾਂ ਦੀ ਖੁਆਰੀ ਤੋਂ ਮੁਕਤ ਹੋ ਜਾਂਦਾ ਹੈ।

ਬੰਦ ਨੰ. ੩ ਵਿੱਚ ਪਤਨੀ ਅਤੇ ਪੁੱਤਰ ਪ੍ਰਤੀ ਹੰਕਾਰ ਨੂੰ ਲੈਕੇ ਜੀਵ ਨੂੰ

ਇਸ ਦੇ ਮਾਰੂ ਪ੍ਰਭਾਵ ਦਾ ਬੋਧ ਕਰਾਇਆ ਹੈ। ਪੁੱਤਰ ਅਤੇ ਪਤਨੀ ਦਾ ਹੰਕਾਰ, ਬਹੁਤ ਹੀ ਮਾਰੂ ਅਤੇ ਮੰਦਾ ਕਰਮ ਹੈ। ਇਨ੍ਹਾਂ ਹੰਕਾਰ ਭਰੇ ਮੰਦੇ ਕਰਮਾਂ ਕਾਰਣ ਪ੍ਰਭ ਨੇ ਇਨ੍ਹਾਂ ਦਾ ਹਿਸਾਬ ਲੈਣਾ ਹੈ। ਪ੍ਰਭ ਦਾ ਸਿਮਰਨ ਨਾ ਕਰਨ ਕਰਕੇ ਜੀਵ ਇਨ੍ਹਾਂ ਭੈੜੇ ਕਰਮਾਂ ਕਾਰਣ ਹੀ ਅੰਤ ਸਮੇਂ ਦੁੱਖ ਪਾਉਂਦਾ ਹੈ। ਇਨ੍ਹਾਂ ਭੈੜੇ ਕਰਮਾਂ ਕਾਰਣ ਹੀ ਅੰਤ ਸਮੇਂ ਉਸ ਦਾ ਕੋਈ ਸਾਥੀ ਨਹੀਂ ਹੁੰਦਾ। ਫਿਰ ਉਹ ਕਿਸਨੂੰ 'ਪਿਆਰਾ-ਪਿਆਰਾ' ਕਹਿਕੇ ਆਪਣੀ ਸਹਾਇਤਾ ਲਈ ਬੁਲਾਏਗਾ? ਭਾਵ ਅੰਤ ਸਮੇਂ ਅਜਿਹੇ ਮਨੁੱਖ ਦਾ ਕੋਈ ਸਹਾਈ ਨਹੀਂ ਹੋ ਸਕਦਾ।

ਇਸ ਕਰਕੇ ਇਨ੍ਹਾਂ ਹੰਕਾਰ ਆਦਿ ਵਿਕਾਰਾਂ ਤੋਂ ਮੁਕਤ ਹੋਣ ਲਈ ਜੀਵ ਗੁਰੂ ਦੀ ਸ਼ਰਨ ਆ ਜਾਂਦੇ ਹਨ ਅਤੇ ਉਨ੍ਹਾਂ ਦੇ ਕਰੋੜਾਂ ਪਾਪ ਮਿਟ ਜਾਂਦੇ ਹਨ। ਸੋ ਬੰਦ ਨੰ. ੪ ਵਿੱਚ ਗੁਰੂ ਰਵਿਦਾਸ ਜੀ ਦ੍ਰਿੜ ਕਰਦੇ ਹਨ ਕਿ ਜੋ ਪ੍ਰਭ ਦੀ ਭਗਤੀ ਕਰਦੇ ਹਨ, ਨਾਮ ਸਿਮਰਦੇ ਹਨ, ਉਨ੍ਹਾਂ ਦਾ ਵਿਕਾਰੀ ਸੁਭਾ ਮਿਟ ਜਾਂਦਾ ਹੈ, ਜਨਮ ਮਰਨ ਦਾ ਚੱਕਰ ਖਤਮ ਹੋ ਜਾਂਦਾ ਹੈ ਅਤੇ ਚੁਰਾਸੀ ਲੱਖ ਜੂਨਾਂ ਨਾਲ ਉਨ੍ਹਾਂ ਦਾ ਕੋਈ ਵਾਸਤਾ ਨਹੀਂ ਰਹਿੰਦਾ।

ਪਰ ਲਗਭਗ ਸਾਰੇ ਵਿਦਵਾਨ 'ਜਾਤਿ' ਦਾ ਅਰਥ 'ਨੀਵੀਂ ਜਾਤ' ਭਾਵ 'ਚਮਾਰ ਜਾਤ' ਕਰਦੇ ਹਨ। ਜੇ ਇਨ੍ਹਾਂ ਅਰਥਾਂ ਨੂੰ ਸਹੀ ਮੰਨ ਲਿਆ ਜਾਵੇ ਤਾਂ ਇੱਕ ਬੜੀ ਕਠਨ ਸਮੱਸਿਆ ਆ ਬਣਦੀ ਹੈ। ਗੁਰੂ ਰਵਿਦਾਸ ਜੀ ਨੇ ਜਨਮ ਮਰਨ ਤੋਂ ਮੁਕਤੀ ਪਾ ਲਈ ਹੈ ਅਤੇ ਚੁਰਾਸੀ ਲੱਖ ਜੂਨਾਂ ਤੋਂ ਵੀ ਉਹ ਮੁਕਤ ਹੋ ਗਏ ਹਨ, ਪਰ ਉਨ੍ਹਾਂ ਨੂੰ 'ਚਮਾਰ ਜਾਤ' ਤੋਂ ਮੁਕਤੀ ਨਹੀਂ ਮਿਲੀ। ਵਿਦਵਾਨ ਉਨ੍ਹਾਂ ਨੂੰ ਪ੍ਰਭ ਪ੍ਰਾਪਤੀ ਕਾਰਣ ਬ੍ਰਹਮ-ਗਿਆਨੀ ਕਹਿੰਦੇ ਹਨ, ਪਰ ਬ੍ਰਹਮ-ਗਿਆਨ ਹੋਣ ਦੇ ਬਾਵਜੂਦ ਉਨ੍ਹਾਂ ਦੀ ਜਾਤ ਚਮਾਰ ਹੀ ਰਹੀ। ਉਦਾਹਰਣ ਵਜੋਂ ਭਾਈ ਗੁਰਦਾਸ ਨੂੰ ਪੇਸ਼ ਕੀਤਾ ਜਾ ਸਕਦਾ ਹੈ। "ਭਗਤ ਭਗਤ ਕਰ ਵਜਿਆ ਚੌਂਹ ਚੱਕਾਂ ਵਿੱਚ ਇਕ ਚਮਰੇਟਾ"। ਪ੍ਰਸ਼ਨ ਕੀਤਾ ਜਾ ਸਕਦਾ ਹੈ ਕਿ ਗੁਰੂ ਰਵਿਦਾਸ ਜੀ ਖੁਦ ਆਪਣੇ ਆਪ ਨੂੰ 'ਚਮਾਰ' ਕਿਉਂ ਲਿਖਦੇ ਹਨ ? ਇਸ ਦਾ ਉੱਤਰ ਬੜਾ ਮਹੱਤਵਪੂਰਨ ਅਤੇ ਅਰਥ ਭਰਪੂਰ ਹੈ। ਉਹ 'ਚਮਾਰ' ਜਾਤ ਲਿਖਦੇ ਫ਼ਖਰ ਕਰਦੇ ਹਨ ਅਤੇ ਨਾਲ ਦੀ ਨਾਲ ਆਪਣੀ ਕੌਮ ਦੀ ਹੀਣ-ਭਾਵਨਾ ਨੂੰ ਸ਼ਕਤੀਸ਼ਾਲੀ ਢੰਗ ਨਾਲ ਖਤਮ ਕਰਨ ਲਈ, ਉੱਚੀ ਜਾਤ ਵਾਲਿਆਂ ਨੂੰ ਚੁਣੌਤੀ (Challenge) ਵੀ ਦਿੰਦੇ ਹਨ ਕਿ ਉਹ 'ਚਮਾਰ' ਹੁੰਦਾ ਹੋਇਆ ਵੀ ਪ੍ਰਭ ਨੂੰ ਪ੍ਰਾਪਤ ਹੋ ਗਿਆ ਹੈ, ਬਾਵਜੂਦ ਹਿੰਦੂ ਧਰਮ ਦੇ ਗ੍ਰੰਥਾਂ ਦੀ ਵਿਰੋਧਤਾ ਦੇ। ਉਹ ਗ੍ਰੰਥ, ਮੇਰੀ ਪ੍ਰਭ ਪ੍ਰਾਪਤੀ ਕਾਰਣ ਅਰਥਹੀਣ ਹੋ ਗਏ ਹਨ। ਇਸ ਚਰਚਾ ਤੋਂ ਸਪਸ਼ਟ ਹੈ ਕਿ ਇਸ ਤੁਕ ਵਿਚ ਆਈ 'ਜਾਤਿ' ਦਾ ਹਿੰਦੂ ਧਰਮ ਗ੍ਰੰਥਾਂ ਦੀ ਪੈਦਾ ਕੀਤੀ ਜਾਤ ਨਾਲ ਕੋਈ ਸੰਬੰਧ ਨਹੀਂ ਹੈ। ਹਿੰਦੂ ਧਰਮ ਗ੍ਰੰਥਾਂ ਦੀ ਪੈਦਾ ਕੀਤੀ ਜਾਤ ਹੀਣ ਭਾਵਨਾ ਪੈਦਾ ਕਰਦੀ ਹੈ ਜਦਕਿ

ਇਸ ਤੁਕ ਵਿੱਚ ਆਈ 'ਜਾਤਿ' ਇੱਕ ਵਿਕਾਰ ਦੇ ਰੂਪ ਵਿੱਚ ਵਰਤੀ ਗਈ ਹੈ ਅਤੇ ਮਨੁੱਖੀ ਸੁਭਾ ਨੂੰ ਉਜਾਗਰ ਕਰਦੀ ਹੈ। ਇਸ ਕਰਕੇ ਗੁਰੂ ਰਵਿਦਾਸ ਦੀ ਤੁਕ, "ਤਿਸੁ ਜਾਤਿ ਨ ਜਨਮ ਨ ਜੋਨਿ ਕਾਮ॥" ਵਿੱਚ 'ਜਾਤਿ' ਦੇ ਅਰਥ ਹਨ, "ਜੋ ਵੀ ਜੀਵ ਮੁਕਤੀ ਪ੍ਰਾਪਤ ਕਰ ਲੈਂਦਾ ਹੈ ਉਸ ਦਾ ਵਿਕਾਰੀ ਸੁਭਾ ਵੀ ਮਿਟ ਜਾਂਦਾ ਹੈ।"

ਸੋ ਵਿਦਵਾਨਾਂ ਦੇ ਅਰਥ ਅਤੇ ਇਸ ਤੁਕ ਦੇ ਸਾਡੇ ਅਰਥ ਅੰਤਰ ਵਿਰੋਧੀ ਹੋ ਗਏ ਹਨ।

ਇਹ ਵਿਰੋਧਾਤਮਕ ਸਥਿਤੀ ਇਸ ਕਰਕੇ ਉਤਪੰਨ ਹੋ ਗਈ ਹੈ ਕਿ ਵਿਦਵਾਨਾਂ ਨੇ 'ਚਮਾਰ ਜਾਤ' ਨੂੰ ਵਿਕਾਰਾਂ ਦਾ ਅੰਗ ਮੰਨ ਲਿਆ ਹੈ। ਪਰ ਇਸ ਸ਼ਬਦ ਦੇ ਬੰਦ ਨੰ. ੪ ਵਿੱਚ ਸਪਸ਼ਟ ਕੀਤਾ ਗਿਆ ਹੈ ਕਿ ਜੋ ਵੀ ਸਾਧ ਦੀ ਸ਼ਰਣ ਜਾਂਦਾ ਹੈ, ਉਸ ਦੇ ਕਰੋੜਾਂ ਕਰੋੜਾਂ ਵਿਕਾਰਾਂ ਦੇ ਸਿਰਜੇ ਪਾਪ ਮਿਟ ਜਾਂਦੇ ਹਨ। ਕੀ 'ਜਾਤਿ' ਪਾਪਾਂ ਵਿੱਚ ਸ਼ਾਮਲ ਹੈ? ਪਾਪ ਤਾਂ ਵਿਕਾਰਾਂ ਨੇ ਪੈਦਾ ਕੀਤੇ ਹਨ। ਵਿਕਾਰ ਕੁਦਰਤ ਦੀ ਰਚਨਾ ਹਨ। 'ਜਾਤਿ' ਹਿੰਦੂ ਧਰਮ ਗ੍ਰੰਥ—ਰਿਗਵੇਦ, ਰਾਮਾਇਣ, ਗੀਤਾ ਆਦਿ ਦੀ ਪੈਦਾ ਕੀਤੀ ਹੋਈ ਹੈ। ਵਿਕਾਰ, ਵਿਸ਼ਵ-ਵਿਆਪੀ ਹਨ ਪਰ 'ਜਾਤਿ' ਕੇਵਲ ਹਿੰਦੂ ਧਰਮ-ਵਿਆਪੀ ਹੈ। ਵਿਕਾਰ ਕੇਵਲ ਕੁਦਰਤ ਦੀ ਹੀ ਰਚਨਾ ਹੈ। ਪਰ 'ਜਾਤਿ' ਕੁਦਰਤ ਦੀ ਰਚਨਾ ਨਹੀਂ ਹੈ, ਪ੍ਰਭ ਦੇ ਵਿਧਾਨ ਦਾ ਹਿੱਸਾ ਨਹੀਂ ਹੈ। ਇਸ ਲਈ ਚਮਾਰ ਜਾਤ ਵਿਕਾਰਾਂ ਦਾ ਅੰਗ ਨਹੀਂ ਹੈ। ਜਦੋਂ ਚਮਾਰ ਜਾਤ ਵਿਕਾਰ ਹੀ ਨਹੀਂ ਹੈ ਫਿਰ ਇਸ ਤੋਂ ਮੁਕਤੀ ਦਾ ਕੀ ਅਰਥ ਹੈ ?

ਸੋ ਨਿਰਣਾਇਕ ਸਿੱਟਾ ਇਹੋ ਹੀ ਨਿਕਲਦਾ ਹੈ ਕਿ ਵਿਚਾਰ ਅਧੀਨ ਸ਼ਬਦ ਵਿੱਚ ਆਇਆ ਲਫਜ਼ 'ਜਾਤਿ' ਦਾ ਅਰਥ ਜਾਤ ਪਾਤ ਨਾਲ ਸੰਬੰਧਤ ਨਹੀਂ ਹੈ। ਇਸ ਦਾ ਅਰਥ ਹੈ "ਮਨੁੱਖ ਦਾ ਵਿਕਾਰੀ ਸੁਭਾ" ਜਿਸ ਤੋਂ ਜੀਵ ਨੇ ਪ੍ਰਭ ਪ੍ਰਾਪਤੀ ਲਈ ਮੁਕਤੀ ਪ੍ਰਾਪਤ ਕਰਨੀ ਹੈ। ਭਾਈ ਕਾਹਨ ਸਿੰਘ ਨਾਭਾ ਲਿਖਦੇ ਹਨ,

> "(ਸਹਜ ਧਰਮ ਦਾ ਕਥਨ) ਕਿਸੇ ਵਸਤੂ ਦੇ ਜਾਤਿ ਸੁਭਾਵ ਦਾ ਵਰਨਣ 'ਸ੍ਵਭਾਵੋਕ੍ਤਿ' ਅਲੰਕਾਰ ਹੈ। ਇਸ ਦਾ ਨਾਉਂ 'ਜਾਤਿ' ਭੀ ਹੈ।
>
> ਉਦਾਹਰਣ
>
> ਲਉਕੀ ਅਠਸਠਿ ਤੀਰਥਿ ਨਾਈ॥
> ਕਉਰਾਪਨ ਤਊ ਨ ਜਾਈ॥(ਸੋਰ ਕਬੀਰ)[1]

1. *ਮਹਾਨ ਕੋਸ਼ - ਪੰਨਾ : ੧੮੯*

ਸੋ ਵਿਚਾਰ ਅਧੀਨ ਸ਼ਬਦ ਦੀ ਤੁਕ ਵਿੱਚ ਆਏ ਲਫਜ਼ ਦਾ ਅਰਥ ਹੈ 'ਮਨੁੱਖੀ ਸੁਭਾ' ਹੁਣ ਸਾਰੀ ਤੁਕ ਦਾ ਅਰਥ ਇਸ ਤਰ੍ਹਾਂ ਹੈ, "ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਪ੍ਰਭ ਦੇ ਸਿਮਰਨ ਨਾਲ ਮਨੁੱਖ ਦਾ ਵਿਕਾਰੀ ਸੁਭਾ ਮਿਟ ਜਾਂਦਾ ਹੈ ਅਤੇ ਮਨ ਪਵਿੱਤਰ ਹੋ ਜਾਂਦਾ ਹੈ। ਲੱਖਾਂ ਜੂਨਾਂ ਨਾਲ ਉਸ ਦਾ ਕੋਈ ਵਾਸਤਾ ਨਹੀਂ ਰਹਿੰਦਾ। ਇਸ ਤਰ੍ਹਾਂ ਜੀਵ ਨੂੰ ਅਨੰਦਮਈ ਖੇੜਾ ਪ੍ਰਾਪਤ ਹੋ ਜਾਂਦਾ ਹੈ।" ਭਾਰਤ ਦੇ ਪ੍ਰਸਿੱਧ ਸੰਗੀਤ ਸ਼ਾਸਤਰੀਆਂ ਅਨੁਸਾਰ ਵੀ ਰਾਗ ਬਸੰਤ ਗਾਇਆਂ ਮਨ ਨੂੰ ਖੇੜਾ ਮਿਲਦਾ ਹੈ। ਉਨ੍ਹਾਂ ਦਾ ਕਥਨ ਹੈ,

"ਜਿਥੇ ਬਸੰਤ ਵਿੱਚ ਚਾਰੇ ਪਾਸੇ ਖੇੜਾ ਹੁੰਦਾ ਹੈ ਉਥੇ ਬਸੰਤ ਰਾਗ ਗਾਇਆਂ ਮਨ ਨੂੰ ਖੇੜਾ ਮਿਲਦਾ ਹੈ।"[1]

---

1. ਰਾਗ ਨਾਦ ਸਬਦਿ ਸੋਹਣੇ - ਪੰਨਾ : ੯੬

ਸ਼ਬਦ ਅਰਥ :—ਹੇ ਜੀਵ! ਤੈਨੂੰ ਤਾਂ ਸੁਰਤ ਹੀ ਨਹੀਂ ਹੈ, ਤੂੰ ਤਾਂ ਆਪਣੇ ਅਮੀਰੀ ਠਾਠ ਬਾਠ ਦੇ ਪਹਿਰਾਵੇ ਨੂੰ ਦੇਖਕੇ ਹੰਕਾਰ ਵਿੱਚ ਆਕੜਿਆ ਫਿਰਦਾ ਹੈਂ। ਪਰ ਇਥੇ ਹੰਕਾਰ ਦੀ ਕੋਈ ਥਾਂ ਨਹੀਂ ਹੈ। ਹੰਕਾਰ ਕਰਕੇ ਤੇਰੇ ਸਿਰ ਤੇ ਕਾਲ ਚੱਕਰ ਲਾ ਰਿਹਾ ਹੈ॥ ੧॥

ਇਸ ਲਈ ਹੇ ਕਮਲੇ ਸਰੀਰ! ਤੂੰ ਕਿਸ ਗੱਲੋਂ ਹੰਕਾਰ ਕਰਦਾ ਹੈਂ? ਜਿਵੇਂ ਭਾਦੋਂ ਦੇ ਮਹੀਨੇ ਵਿੱਚ ਵੱਡੀ ਖੁੰਬ ਦੀ ਕੁਝ ਦਿਨ ਦੀ ਹੀ ਉਮਰ ਹੁੰਦੀ ਹੈ ਤਿਵੇਂ ਤੂੰ ਵੀ ਹੰਕਾਰ ਕਾਰਣ, ਉਸ ਤੋਂ ਵੀ ਛੇਤੀ ਨਾਸ਼ ਹੋਣ ਵਾਲਾ ਹੈਂ॥ ੧॥ ਰਹਾਉ॥

ਇਸ ਕਰਕੇ ਹੰਕਾਰ ਆਦਿ ਵਿਕਾਰਾਂ ਕਾਰਣ ਭਾਵ ਅਗਿਆਨਤਾ ਕਾਰਣ ਹੇ ਜੀਵ! ਜਿਵੇਂ ਹਿਰਨ ਨੂੰ ਇਸ ਤੱਥ ਦਾ ਗਿਆਨ ਨਹੀਂ ਹੈ ਕਿ ਜਿਸ ਸੁਗੰਧੀ ਦੀ ਭਾਲ ਵਿੱਚ ਉਹ ਬਾਹਰ ਭਟਕ ਰਿਹਾ ਹੈ, ਉਹ, ਦਰਅਸਲ ਉਸ ਦੇ ਆਪਣੇ ਸਰੀਰ ਅੰਦਰ ਹੀ ਹੈ ਤਿਵੇਂ ਹੀ ਅਗਿਆਨਤਾ ਕਾਰਣ ਜੀਵ ਨੂੰ ਨਹੀਂ ਪਤਾ ਕਿ ਅਨੰਦ ਪ੍ਰਾਪਤੀ ਦਾ ਸੋਮਾ ਪ੍ਰਭ, ਉਸ ਦੇ ਮਨ ਅੰਦਰ ਹੀ ਹੈ। ਇਸ ਲਈ ਜੋ ਜੀਵ ਵਿਚਾਰ ਨਾਲ ਖੋਜ ਕਰਕੇ ਅਗਿਆਨਤਾ ਨੂੰ ਖਤਮ ਕਰਨ ਲਈ ਪ੍ਰਭ ਦਾ ਸਿਮਰਨ ਕਰਦਾ ਹੈ, ਉਹ ਜਮਦੂਤਾਂ ਦੀ ਖੁਆਰੀ ਤੋਂ ਬਚ ਜਾਂਦਾ ਹੈ ਅਤੇ ਅਨੰਦ ਪ੍ਰਾਪਤ ਕਰ ਲੈਂਦਾ ਹੈ॥ ੨॥

ਇਸੇ ਤਰ੍ਹਾਂ ਜੋ ਜੀਵ ਆਪਣੀ ਪਤਨੀ ਅਤੇ ਪੁੱਤਰ ਦਾ ਹੰਕਾਰ ਕਰਦਾ ਹੈ ਅਤੇ ਪ੍ਰਭ ਨੂੰ ਭੁੱਲ ਜਾਂਦਾ ਹੈ, ਉਸ ਤੋਂ ਪ੍ਰਭ ਨੇ ਉਸ ਦੇ ਭੈੜੇ ਕਰਮਾਂ ਦਾ ਲੇਖਾ ਮੰਗਣਾ ਹੀ ਹੈ। ਇਸ ਤਰ੍ਹਾਂ ਜੀਵ ਪਤਨੀ ਅਤੇ ਪੁਤਰ ਦੇ ਹੰਕਾਰ ਕਾਰਣ ਹੀ ਦੁੱਖ ਭੋਗਦਾ ਹੈ। ਮਰਨ ਉਪਰੰਤ ਇਨ੍ਹਾਂ ਰਿਸ਼ਤੇਦਾਰਾਂ ਨੇ ਨਾਲ ਨਹੀਂ ਜਾਣਾ। ਉਸ ਸਮੇਂ ਹੇ ਜੀਵ! ਆਪਣੀ ਮਦਦ ਲਈ ਤੂੰ 'ਪਿਆਰਾ' 'ਪਿਆਰਾ' ਕਹਿਕੇ ਕਿਸ ਨੂੰ ਪੁਕਾਰੇਂਗਾ?। ੩॥

ਸੋ ਇਨ੍ਹਾਂ ਹੰਕਾਰ ਆਦਿ ਵਿਕਾਰਾਂ ਤੋਂ ਮੁਕਤੀ ਪਾਉਣ ਲਈ ਜਿਹੜਾ ਜੀਵ ਗੁਰੂ ਦੀ ਸ਼ਰਨ ਵਿੱਚ ਚਲਾ ਜਾਂਦਾ ਹੈ ਉਸ ਦੇ ਸਾਰੇ ਦੇ ਸਾਰੇ ਪਾਪ ਮਿਟ ਜਾਂਦੇ ਹਨ। ਇਸ ਲਈ ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਜੋ ਜੀਵ ਪ੍ਰਭ ਦਾ ਸਿਮਰਨ ਕਰਦਾ ਹੈ, ਉਨ੍ਹਾਂ ਦਾ ਹੰਕਾਰ ਆਦਿ ਵਿਕਾਰਾਂ ਕਾਰਣ ਬਣਿਆ ਅਗਿਆਨਤਾ ਵਾਲਾ ਵਿਕਾਰੀ ਸੁਭਾ ਮਿਟ ਜਾਂਦਾ ਹੈ, ਜਨਮ ਮਰਨ ਦਾ ਚੱਕਰ ਖਤਮ ਹੋ ਜਾਂਦਾ ਹੈ। ਇਸ ਤਰ੍ਹਾਂ ਜੀਵ ਦਾ ਚੁਰਾਸੀ ਲੱਖ ਜੂਨਾਂ ਨਾਲ ਕੋਈ ਸੰਬੰਧ ਨਹੀਂ ਰਹਿੰਦਾ॥ ੪॥ ੧॥

ੴ ਸਤਿਗੁਰ ਪ੍ਰਸਾਦਿ॥

ਮਲਾਰ ਬਾਣੀ ਭਗਤ ਰਵਿਦਾਸ ਜੀ ਕੀ

ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ॥
ਰਿਦੈ ਰਾਮ ਗੋਬਿੰਦ ਗੁਨ ਸਾਰੰ॥ ੧॥ ਰਹਾਉ॥
ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ
ਸੰਤ ਜਨ ਕਰਤ ਨਹੀਂ ਪਾਨੰ॥
ਸੁਰਾ ਅਪਵਿਤ੍ਰ ਨਤ ਅਵਰ ਜਲ ਰੇ
ਸੁਰਸਰੀ ਮਿਲਤ ਨਹਿ ਹੋਇ ਆਨੰ॥ ੧॥
ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ
ਜੈਸੇ ਕਾਗਰਾ ਕਰਤ ਬੀਚਾਰੰ॥
ਭਗਤਿ ਭਾਗਉਤੁ ਲਿਖੀਐ ਤਿਹ ਊਪਰੇ
ਪੂਜੀਐ ਕਰਿ ਨਮਸਕਾਰੰ॥ ੨॥
ਮੇਰੀ ਜਾਤਿ ਕੁਟ ਬਾਂਢਲ ਢੋਰ ਢੋਵੰਤਾ
ਨਿਤਹਿ ਬਾਨਾਰਸੀ ਆਸ ਪਾਸਾ।
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥ ੩॥ ੧॥[1]

ਪਦ ਅਰਥ :—ਬਿਖਿਆਤ = ਪ੍ਰਸਿੱਧ, ਮੰਨੀ ਪ੍ਰਮੰਨੀ। **ਸਾਰੰ** = ਵਸੇ ਹਨ, ਸਿਮਰਦਾ ਹਾਂ॥ ੧॥ ਰਹਾਉ॥

ਸੁਰਸਰੀ = ਗੰਗਾ। **ਸਲਲ** = ਪਾਣੀ। **ਕ੍ਰਿਤ** = ਬਣਾਈ ਹੋਈ। **ਬਾਰੁਨੀ** = ਸ਼ਰਾਬ। **ਸੁਰਾ** = ਸ਼ਰਾਬ। **ਨ ਤ** = ਨਹੀਂ ਤਾਂ, ਭਾਵੇਂ। **ਆਨੰ** = ਵਖਰਾ॥ ੧॥

ਤਰਿ = ਰੁੱਖ। **ਤਾਰਿ** = ਤਾੜ ਦਾ ਰੁੱਖ, ਜਿਸ ਵਿੱਚੋਂ ਨਸ਼ਾ ਦੇਣ ਵਾਲਾ ਰਸ ਨਿਕਲਦਾ ਹੈ, ਤਾੜ ਦੀ ਸ਼ਰਾਬ। **ਕਾਗਰਾ** = ਕਾਗਜ਼। **ਬੀਚਾਰੰ** = ਵਿਚਾਰਦੇ ਹਨ। **ਭਗਤਿ ਭਗਉਤ** = ਪ੍ਰਭ ਦਾ ਗੁਣ ਗਾਣ, ਪ੍ਰਭ ਦੀ ਸਿਫਤ-ਸਲਾਹ ॥ ੨॥

ਕੁਟ ਬਾਢਲਾ = 'ਮੇਰੀ ਜਾਤਿ ਕੁਟਬਾਂਢਲਾ' = ਮੇਰੀ ਚਮਾਰ ਜਾਤਿ ਪਸ਼ੂਆਂ ਨੂੰ ਕੱਟਣ ਅਤੇ ਖੱਲਣ ਵਾਲੀ ਹੈ। ਮਹਾਨ ਕੋਸ਼ : 337, ਚੰਮ ਉਤਾਰਨਾ। **ਢੋਰ** = ਮਰੇ ਹੋਏ ਪਸ਼ੂ। **ਬ੍ਰਿਪ੍ਰ** = ਬ੍ਰਾਹਮਣ। **ਸਰਣਾਇ** = ਸ਼ਰਨ ਵਿੱਚ॥ ੩॥

---

1. ਆਦਿ ਗ੍ਰੰਥ - ਪੰਨਾ : ੧੨੯੩

ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ

ਇਹ ਸ਼ਬਦ ਰਾਗ ਮਲਾਰ, ਵਿੱਚ ਉਚਾਰਿਆ ਗਿਆ ਹੈ। ਮਲਾਰ ਬਾਰੇ ਭਾਰਤ ਦੇ ਸੰਗੀਤ ਸ਼ਾਸਤਰੀਆਂ ਦਾ ਨਿਰਣਾ ਹੈ ਕਿ

> "ਰਾਗ ਮਲਾਰ ਬਾਰੇ ਗੁਰੂ ਅਮਰਦਾਸ ਜੀ ਦਾ ਬਚਨ ਹੈ—
> ਮਲਾਰ ਸੀਤਲ ਰਾਗ ਹੈ
> ਹਰਿ ਧਿਆਇਐ ਸ਼ਾਂਤਿ ਹੋਇ॥"[1]

ਇਸ ਸ਼ਬਦ ਵਿੱਚ ਸਾਰੇ ਜੀਵ ਖਾਸ ਕਰਕੇ ਬ੍ਰਾਹਮਣ ਲੋਕਾਂ ਦਾ ਗੁਰੂ ਰਵਿਦਾਸ ਜੀ ਦੀ ਕਿਰਪਾ ਨਾਲ ਪ੍ਰਭ ਨਾਲ ਜੁੜ ਕੇ ਮਨ ਸ਼ੀਤਲ ਅਤੇ ਸ਼ਾਂਤ ਹੋ ਗਿਆ ਹੈ। ਇਸ ਕਰਕੇ ਉਹ ਗੁਰੂ ਰਵਿਦਾਸ ਜੀ ਨੂੰ ਸ਼ਰਧਾ ਸਹਿਤ ਡੰਡਉਤ ਕਰਦੇ ਹਨ।

ਇਸ ਸ਼ਬਦ ਦੇ 'ਰਹਾਉ' ਵਿੱਚ ਗੁਰੂ ਜੀ ਨੇ ਇੱਕ ਸਿਧਾਂਤ ਨਿਰੂਪਤ ਕੀਤਾ ਹੈ ਕਿ ਭਾਵੇਂ ਕੋਈ ਬ੍ਰਾਹਮਣ ਹੋਵੇ ਜਾਂ ਚਮਾਰ, ਪ੍ਰਭ ਸਭ ਨੂੰ ਪ੍ਰਾਪਤ ਹੋ ਸਕਦਾ ਹੈ। ਬੰਦ ਨੰ. ੧ ਵਿੱਚ ਇਸ ਸਿਧਾਂਤ ਨੂੰ ਉਚ ਦਾ ਦ੍ਰਿਸ਼ਟਾਂਤ ਦੇਕੇ ਸਿੱਧ ਕੀਤਾ ਹੈ ਅਤੇ ਬੰਦ ਨੰ. ੨ ਵਿੱਚ ਇਸੇ ਸਿਧਾਂਤ ਨੂੰ ਨੀਚ ਦਾ ਦ੍ਰਿਸ਼ਟਾਂਤ ਦੇਕੇ ਸਿੱਧ ਕੀਤਾ ਹੈ ਅਤੇ ਆਖਰੀ ਬੰਦ ਨੰ. ੩ ਵਿੱਚ ਹੂ-ਬ-ਹੂ ਪਰਤੱਖ ਵਾਪਰ ਰਹੇ ਅਲੌਕਾਰਕ ਦ੍ਰਿਸ਼ ਨੂੰ ਪੇਸ਼ ਕਰਕੇ ਇਸ ਸਿਧਾਂਤ ਦੀ ਸਾਰਥਕਤਾ ਨੂੰ ਦ੍ਰਿੜ ਕੀਤਾ ਹੈ।

ਇਹ ਸ਼ਬਦ ਨਾਗਰ ਬ੍ਰਾਹਮਣਾਂ ਨੂੰ ਸੰਬੋਧਨ ਕਰਕੇ ਉਚਾਰਿਆ ਗਿਆ ਹੈ। ਗੁਰੂ ਰਵਿਦਾਸ ਜੀ ਬ੍ਰਾਹਮਣਾਂ ਨੂੰ ਸਮਝਾਉਂਦੇ ਹਨ ਕਿ ਹੇ ਬ੍ਰਾਹਮਣ ਲੋਕੋ! ਮੈਂ ਗਜਬਜ ਕੇ ਕਹਿੰਦਾ ਹਾਂ ਕਿ ਮੇਰੀ ਜਾਤ ਚਮਾਰ ਹੈ। ਇਸ ਨੂੰ ਹਿੰਦੂ ਧਰਮ ਗ੍ਰੰਥ, ਪ੍ਰਭ ਦੀ ਪੂਜਾ ਦੀ ਆਗਿਆ ਨਹੀਂ ਦਿੰਦੇ ਅਤੇ ਨਾ ਹੀ ਸ਼ੂਦਰ ਨੂੰ ਹਿੰਦੂ ਧਰਮ ਦੇ ਕਥਿਤ ਸਵਰਗ ਵਿਚ ਜਾਣ ਦੀ ਆਗਿਆ ਦਿੰਦੇ ਹਨ। ਗੁਰੂ ਜੀ ਪਰਪੱਕਤਾ ਨਾਲ ਦ੍ਰਿੜ ਕਰਦੇ ਹਨ ਕਿ ਮੇਰੇ ਚਮਾਰ ਹੋਣ ਦੇ ਬਾਵਜੂਦ ਵੀ ਪ੍ਰਭ ਨੇ ਮੇਰੇ ਤੇ ਬਖਸ਼ਿਸ਼ ਕੀਤੀ ਹੈ ਅਤੇ ਪ੍ਰਭ ਦੇ ਸਮੁੱਚੇ ਗੁਣ ਮੇਰੇ ਹਿਰਦੇ ਵਿੱਚ ਪ੍ਰਕਾਸ਼ਮਾਨ ਹੋ ਗਏ ਹਨ ਭਾਵ ਪ੍ਰਭ ਮੇਰੇ ਅੰਦਰ ਵਸਦਾ ਹੈ।

ਇਸ ਤਰ੍ਹਾਂ ਗੁਰੂ ਜੀ ਨੇ ਦ੍ਰਿੜ ਕੀਤਾ ਹੈ ਕਿ ਹਿੰਦੂ ਧਰਮ ਗ੍ਰੰਥ, ਵੇਦ[2], ਰਾਮਾਇਣ, ਗੀਤਾ ਆਦਿ ਪ੍ਰਭ ਨੇ ਖੁਦ ਹੀ ਰੱਦ ਕਰ ਦਿੱਤੇ ਹਨ। ਇਨ੍ਹਾਂ ਗ੍ਰੰਥਾਂ ਅਨੁਸਾਰ ਸ਼ੂਦਰ ਦਾ ਪ੍ਰਭ ਪ੍ਰਾਪਤੀ ਕਰਨਾ ਮਹਾਂ ਪਾਪ ਹੈ[3], ਇਸ ਪਾਪ ਲਈ ਉਸ ਨੂੰ

---

1. ਰਾਗ ਨਾਦ ਸ਼ਬਦਿ ਸੋਹਣਿ - ਪੰਨਾ-੧੦੦ 2. ਰਿਗਵੇਦ - ੧੦-੯੦.੧੧-੧੨
3. ਗੀਤਾ-੨/੩੩ ਅਤੇ ੩/੩੫
4. ਸ੍ਰੀਮਦ ਵਾਲਮੀਕੀ ਰਾਮਾਇਣ ਅਨੁਵਾਦਕ ਚਤੁਰਵੇਦੀ ਦੁਆਰਕਾ ਪ੍ਰਸਾਦਿ ਸ਼ਰਮਾ-੧੦.੭੬.੪.

ਮੌਤ ਦੀ ਸਜ਼ਾ ਮਿਲਦੀ ਹੈ।[4] ਪਰ ਇਥੇ ਪਰਤੱਖ ਰੂਪ ਵਿੱਚ ਪ੍ਰਭ, ਚਮਾਰ ਦੇ ਮਨ ਵਿੱਚ ਵਿਰਾਜਮਾਨ ਹੋ ਗਿਆ ਹੈ। ਇਸ ਨਾਲ ਹਿੰਦੂ ਧਰਮ ਗ੍ਰੰਥਾਂ ਦੀ ਵਿਚਾਰਧਾਰਾ ਬੁਨਿਆਦੀ ਤੌਰ ਤੇ ਰੱਦ ਹੋ ਗਈ ਹੈ।

ਆਪਣੇ ਉਪਰੋਕਤ ਵਿਚਾਰ ਨੂੰ ਦ੍ਰਿੜ ਕਰਨ ਲਈ ਬੰਦ ਨੰ. ੧ ਵਿੱਚ ਬ੍ਰਾਹਮਣ ਦੇ ਸਭ ਤੋਂ ਮਹੱਤਵਪੂਰਨ ਤੀਰਥ ਅਸਥਾਨ ਗੰਗਾ ਦਾ ਦ੍ਰਿਸ਼ਟਾਂਤ ਦਿੰਦੇ ਹੋਏ ਗੁਰੂ ਰਵਿਦਾਸ ਜੀ ਬ੍ਰਾਹਮਣਾਂ ਨੂੰ ਸਮਝਾਉਂਦੇ ਹਨ ਕਿ ਹੇ ਬ੍ਰਾਹਮਣ ਲੋਕੋ! ਗੰਗਾ ਦਾ ਜਲ ਪਵਿੱਤਰ ਹੈ, ਪਰ ਜੇ ਇਸ ਜਲ ਦੀ ਸ਼ਰਾਬ ਕੱਢ ਲਈ ਜਾਵੇ ਤਾਂ ਉਹ ਜਲ ਸ਼ਰਾਬ ਬਣ ਜਾਣ ਕਾਰਣ ਅਪਵਿੱਤਰ ਬਣ ਜਾਂਦਾ ਹੈ। ਇਸ ਕਾਰਣ ਮਹਾਂਪੁਰਸ਼ ਉਸਦਾ ਸੇਵਨ ਨਹੀਂ ਕਰਦੇ ਭਾਵੇਂ ਇਹ ਸ਼ਰਾਬ ਗੰਗਾ ਦੇ ਪਵਿੱਤਰ ਜਲ ਤੋਂ ਹੀ ਬਣੀ ਹੈ। ਇਸੇ ਤਰ੍ਹਾਂ ਜੇ ਬ੍ਰਾਹਮਣ ਆਪਣੇ ਅੰਦਰੋਂ ਪ੍ਰਭ ਦੇ ਮਹਾਨ ਗੁਣ ਖੋ ਬੈਠਦਾ ਹੈ ਤਾਂ ਉਹ ਬ੍ਰਾਹਮਣ ਨਹੀਂ ਰਹਿੰਦਾ, ਉਹ ਇੱਕ ਅਪਵਿੱਤਰ ਮਨੁੱਖ ਬਣ ਜਾਂਦਾ ਹੈ।

ਇਸੇ ਬੰਦ ਦੀ ਦੂਜੀ ਤੁਕ ਵਿੱਚ ਬ੍ਰਾਹਮਣਾਂ ਨੂੰ ਸਮਝਾਉਣ ਲਈ ਬਿਲਕੁਲ ਉਲਟ ਦ੍ਰਿਸ਼ਟਾਂਤ ਦੇਕੇ ਆਪਣੇ ਵਿਚਾਰ ਨੂੰ ਹੋਰ ਪਕੇਰਾ ਕਰਦੇ ਹਨ ਕਿ ਹੇ ਬ੍ਰਾਹਮਣ ਲੋਕੋ! ਜੇ ਅਪਵਿੱਤਰ ਸ਼ਰਾਬ ਅਤੇ ਭਾਵੇਂ ਹੋਰ ਕੋਈ ਗੰਦਾ ਪਾਣੀ ਗੰਗਾ ਦੇ ਪਾਣੀ ਵਿੱਚ ਜਾ ਮਿਲੇ ਤਾਂ ਉਹ ਵਖਰਾ ਨਹੀ ਰਹਿ ਜਾਂਦਾ, ਭਾਵ ਉਹ ਵੀ ਪਵਿੱਤਰ ਗੰਗਾ ਜਲ ਹੀ ਬਣ ਜਾਂਦਾ ਹੈ।

ਸੋ ਸਪਸ਼ਟ ਹੈ ਜੋ ਚਮਾਰ ਪ੍ਰਭ ਦੇ ਗੁਣ ਪ੍ਰਾਪਤ ਕਰ ਲੈਂਦਾ ਹੈ ਤਾਂ ਉਹ ਨੀਵਾਂ ਨਹੀਂ ਰਹਿ ਜਾਂਦਾ, ਸਗੋਂ ਉਹ ਮਹਾਨ ਬਣ ਜਾਂਦਾ ਹੈ।

ਇਹ ਸਿਧਾਂਤਕ ਅਟੱਲ ਸੱਚਾਈ ਹੈ ਕਿ ਜੇ ਚੰਗਿਆਈ, ਬੁਰਿਆਈ ਬਣ ਜਾਵੇ ਤਾਂ ਉਹ ਆਪਣਾ ਮਾਣ ਅਤੇ ਮਹੱਤਤਾ ਖੋ ਬੈਠਦੀ ਹੈ। ਇਸ ਤੋਂ ਉਲਟ ਜੇ ਬੁਰਿਆਈ, ਚੰਗਿਆਈ ਬਣ ਜਾਵੇ ਤਾਂ ਮਾਣ ਅਤੇ ਮਹੱਤਤਾ ਮੁੜ ਸੁਰਜੀਤ ਹੋਕੇ ਪ੍ਰਕਾਸ਼ਮਈ ਹੋ ਜਗਮਗਾ ਉੱਠਦੀ ਹੈ।

ਅਗਲੇ ਬੰਦ ਨੰ. ੨ ਵਿਚ ਨੀਚ ਅਤੇ ਅਪਵਿੱਤਰ ਦ੍ਰਿਸ਼ਟਾਂਤ ਨੂੰ ਲੈਕੇ ਬ੍ਰਾਹਮਣਾਂ ਨੂੰ ਗੁਰੂ ਰਵਿਦਾਸ ਜੀ ਸਮਝਾਉਂਦੇ ਹਨ ਕਿ ਹੇ ਬ੍ਰਾਹਮਣ ਲੋਕੋ! ਤਾੜ ਦੇ ਰੁੱਖ ਨੂੰ ਅਪਵਿੱਤਰ ਮੰਨਿਆ ਜਾਂਦਾ ਹੈ ਕਿਉਂਕਿ ਉਸ ਵਿੱਚੋਂ ਨਸ਼ੇ ਵਾਲਾ ਰਸ ਨਿਕਲਦਾ ਹੈ, ਜਿਸ ਨੂੰ ਤਾੜ ਦੀ ਸ਼ਰਾਬ ਵੀ ਕਿਹਾ ਜਾਂਦਾ ਹੈ। ਇਸੇ ਕਾਰਣ ਤਾੜ ਦੇ ਬਣੇ ਕਾਗਜ਼ਾਂ ਨੂੰ ਵੀ ਅਪਵਿੱਤਰ ਹੀ ਸਮਝਿਆ ਜਾਂਦਾ ਹੈ। ਭਾਵ ਭੈੜੀ ਵਸਤ ਤੋਂ ਬਣੀ ਹਰ ਵਸਤ ਹੀ ਭੈੜੀ ਹੈ। ਇਸੇ ਤਰ੍ਹਾਂ ਚਮਾਰ ਨੂੰ ਵੀ ਹਰ ਪੱਖੋਂ ਭੈੜਾ ਹੀ ਮੰਨਿਆ ਜਾਂਦਾ ਹੈ।

ਇਸੇ ਬੰਦ ਦੀ ਦੂਜੀ ਤੁਕ ਵਿੱਚ ਨੀਚ ਨੂੰ ਉਤਮ ਸਿੱਧ ਕੀਤਾ ਗਿਆ ਹੈ।

ਪਰ ਜਦ ਇਨ੍ਹਾਂ ਕਾਗਜ਼ਾਂ ਉਪਰ ਪ੍ਰਭ ਦਾ ਗੁਣ-ਗਾਣ ਉਸ ਦੀ ਸਿਫਤ-ਸਲਾਹ ਲਿਖ ਦਿੱਤੇ ਜਾਂਦੇ ਹਨ ਤਾਂ ਇਹ ਅਪਵਿੱਤਰ ਨਹੀਂ ਰਹਿੰਦੇ, ਸਗੋਂ ਪਵਿੱਤਰ ਬਣ ਜਾਂਦੇ ਹਨ ਅਤੇ ਲੋਕ ਉਨ੍ਹਾਂ ਕਾਗ਼ਜ਼ਾਂ ਨੂੰ ਨਿਮਸ਼ਕਾਰ ਕਰਦੇ ਹਨ। ਇਸੇ ਤਰ੍ਹਾਂ ਹੇ ਬ੍ਰਾਹਮਣ ਲੋਕੋ! ਹਿੰਦੂ ਧਰਮ ਗ੍ਰੰਥਾਂ ਦੁਆਰਾ ਨੀਚ ਸਮਝਿਆ ਜਾਣ ਵਾਲਾ ਚਮਾਰ ਹੁਣ ਨੀਚ ਨਹੀਂ ਰਿਹਾ। ਹੁਣ ਮੈਂ ਪ੍ਰਭ ਦੇ ਗੁਣ ਧਾਰਨ ਕਰਕੇ ਉੱਚਤਮ ਪਦਵੀ ਪ੍ਰਾਪਤ ਕਰ ਚੁੱਕਾ ਹਾਂ।

ਇਸ ਕਰਕੇ ਬੰਦ ਨੰ. ੩ ਵਿੱਚ ਗੁਰੂ ਰਵਿਦਾਸ ਜੀ ਹੂ ਬ ਹੂ ਪਰਤੱਖ ਵਾਪਰ ਰਹੇ ਅਲੌਕਾਰਕ ਘਟਨਾ ਨੂੰ ਪੇਸ਼ ਕਰਦੇ ਹਨ। ਇਹ ਅਚੰਭਾ ਕਰ ਦੇਣ ਵਾਲੀ ਘਟਨਾ ਬਨਾਰਸ ਵਿੱਚ ਵਾਪਰੀ ਹੈ, ਜਿਥੇ ਹਿੰਦੂ ਧਰਮ ਦੇ ਦੁਨੀਆਂ ਭਰ ਦੇ ਮੰਨੇ ਪ੍ਰਮੰਨੇ ਵਿਦਵਾਨ ਰਹਿੰਦੇ ਹਨ। ਬਨਾਰਸ ਵਿੱਚ ਗੰਗਾ ਦੇ ਕਿਨਾਰੇ ਹਿੰਦੂ ਧਰਮ ਦੀ ਉਤਪਤੀ ਹੋਈ ਅਤੇ ਇਥੇ ਹੀ ਵਧਿਆ, ਫੁੱਲਿਆ ਅਤੇ ਪ੍ਰਚਾਰਿਆ ਗਿਆ। ਸਿੱਟੇ ਵਜੋਂ ਇਥੇ ਹੀ ਜਾਤ ਪਾਤ ਦਾ ਮਾਰੂ-ਖੂੰ-ਖਾਰ ਦੈਂਤ ਹਿੰਦੂ ਧਰਮ ਦੀ ਕੁੱਖੋਂ ਜਨਮਿਆ ਅਤੇ ਪਲ੍ਹਕੇ, ਭਰ ਜੁਆਨ ਬਣਕੇ ਵਿਕਰਾਲ ਰੂਪ ਧਾਰਨ ਕੀਤਾ। ਜਿਸ ਦੀ ਪਰਵਰਿਸ਼ ਪਹਿਲਾਂ ਵੇਦਾਂ ਦੇ ਰਚੇਤਾ ਬ੍ਰਹਮ-ਰਿਸ਼ੀਆਂ ਨੇ ਕੀਤੀ। ਅਤੇ ਪਾਲਣ ਪੋਸ਼ਣ "ਭਗਵਾਨ" ਰਾਮ ਨੇ "ਰਮਾਇਣ" ਵਿੱਚ ਅਤੇ "ਭਗਵਾਨ" ਕ੍ਰਿਸ਼ਨ ਨੇ "ਗੀਤਾ" ਵਿੱਚ ਕੀਤਾ। ਅਜਿਹੀ ਭਿਆਨਕ ਵਿਕਰਾਲ ਰੂਪ ਧਾਰਨ ਕਰ ਚੁੱਕੀ ਜਾਤ-ਪਾਤ ਦੇ ਬੰਧਨਾਂ ਨੂੰ ਤੋੜਣ ਦੀ ਤੜਪਾ-ਤੜਪਾ ਕੇ ਮਾਰ ਦੇਣ ਵਾਲੀ ਮੌਤ ਤੋਂ ਵੀ ਭਿਆਨਕ ਸਜ਼ਾ, ਮਹਾਂਬਲੀ ਕ੍ਰਾਂਤੀਕਾਰੀ ਮਹਾਨ ਸੂਰਮੇ ਗੁਰੂ ਰਵਿਦਾਸ ਜੀ ਨੂੰ ਆਪਣੇ ਮਾਰਗ ਤੋਂ ਰੋਕ ਨਾ ਸਕੀ। ਇਸ ਦੇ ਉਲਟ ਉਸਨੇ ਮਹਾਂਬਲੀ ਯੋਧਾ ਬਣ, ਇਸ ਜਾਤ-ਪਾਤ ਦੇ ਮਾਰੂ ਦੈਂਤ ਦਾ ਮਲੀਆ ਮੇਟ ਕਰਕੇ ਹਿੰਦੂ ਧਰਮ ਗ੍ਰਥਾਂ ਅਤੇ ਉਨ੍ਹਾਂ ਦੇ ਅਵਤਾਰਾਂ ਦਾ ਸਦਾ-ਸਦਾ ਲਈ ਅੰਤ ਕਰਕੇ, ਉਹ ਬੰਦ ਨੰ.੩ ਵਿੱਚ ਨਿਰੂਪਤ ਸਿਧਾਂਤ ਨੂੰ ਦ੍ਰਿੜਤਾ ਪ੍ਰਦਾਨ ਕਰਦੇ ਹਨ। ਉਹ ਸਪਸ਼ਟ ਕਰਦੇ ਹਨ ਕਿ ਭਾਵੇਂ ਮੈਂ ਹਰ ਰੋਜ਼ ਬਨਾਰਸ ਦੇ ਆਸ ਪਾਸ ਮਰੇ ਹੋਏ ਪਸ਼ੂਆਂ ਨੂੰ ਢੋਂਹਦਾ ਅਤੇ ਉਨ੍ਹਾਂ ਦੀਆਂ ਖੱਲਾਂ ਉਤਾਰਦਾ ਹਾਂ। ਫਿਰ ਵੀ ਹਿੰਦੂ ਧਰਮ ਦੇ ਧਰਮ ਕਰਮ ਵਿੱਚ ਮੰਨੇ ਪ੍ਰਮੰਨੇ, ਪਰਪੱਕ, ਮਹਾਨ ਬ੍ਰਾਹਮਣਾਂ ਦੇ ਪ੍ਰਧਾਨ ਆਗੂ ਗੁਰੂ ਜੀ ਦੀਆਂ ਦਲੀਲਾਂ ਨੂੰ ਸਮਝ ਕੇ ਅਧਿਆਤਮਕ ਵਿਚਾਰਧਾਰਾ ਨੂੰ ਮੰਨ ਕੇ ਸ਼ੀਤਲ ਮਨ ਅਤੇ ਸ਼ਾਂਤ ਚਿੱਤ ਹੋ ਜਾਂਦੇ ਹਨ ਅਤੇ ਆਪਣੇ ਹਿੰਦੂ ਧਰਮ ਅਤੇ ਉਸ ਦੀ ਪੱਖ-ਪਾਤੀ ਵਿਚਾਰਧਾਰਾ ਨੂੰ ਤਿਆਗ ਦਿੰਦੇ ਹਨ। ਫਿਰ ਪ੍ਰਭ ਦੀ ਸ਼ਰਨ ਵਿੱਚ ਆਏ ਦਾਸਾਂ ਦੇ ਦਾਸ ਰਵਿਦਾਸ ਨੂੰ 'ਗੁਰੂ' ਪ੍ਰਵਾਨ ਕਰਕੇ ਸ਼ਰਧਾ ਹਿੱਤ ਧਰਤੀ ਤੇ ਪੂਰੇ ਲੰਮੇ ਪੈਕੇ ਡੰਡਾਉਤ ਕਰਦੇ ਹਨ।

ਸੋ ਨਿਰਣਾ ਸਪਸ਼ਟ ਹੈ ਕਿ ਪ੍ਰਭ ਦੇ ਵਿਧਾਨ ਵਿੱਚ ਸਭ ਬਰਾਬਰ ਹਨ। ਜਿਹੜਾ ਪ੍ਰਭ ਨੂੰ ਪ੍ਰੇਮ ਕਰਦਾ ਹੈ, ਓਹੋ ਹੀ ਪ੍ਰਭ-ਰੂਪ ਹੋ ਨਿਬੜਦਾ ਹੈ।

ਸ਼ਬਦ ਅਰਥ :—ਹੇ ਨਾਗਰ ਬ੍ਰਾਹਮਣ ਜਨੋਂ! ਹਿੰਦੂ ਧਰਮ ਅਨੁਸਾਰ ਮੇਰੀ ਜਾਤ ਚਮਾਰ ਪ੍ਰਸਿੱਧ ਹੈ। ਹਿੰਦੂ ਧਰਮ ਅਨੁਸਾਰ ਚਮਾਰ ਪ੍ਰਭ ਭਗਤੀ ਨਹੀਂ ਕਰ ਸਕਦਾ। ਇਸ ਲਈ ਪ੍ਰਭ ਪ੍ਰਾਪਤੀ ਦਾ ਤਾਂ ਪ੍ਰਸ਼ਨ ਹੀ ਨਹੀਂ ਉੱਠਦਾ ਪਰ ਹਿੰਦੂ ਧਰਮ ਦੇ ਇਸ ਫਤਵੇ ਦੇ ਬਾਵਜੂਦ ਮੇਰੇ ਹਿਰਦੇ ਵਿੱਚ ਪ੍ਰਭ ਦਾ ਨਿਵਾਸ ਹੈ॥ ੧॥ ਰਹਾਉ॥

ਇਸ ਅਟੱਲ ਸੱਚਾਈ ਨੂੰ ਬ੍ਰਾਹਮਣਾਂ ਨੂੰ ਸਮਝਾਉਂਦੇ ਹਨ ਕਿ ਹੇ ਬ੍ਰਾਹਮਣ ਲੋਕੋ! ਗੰਗਾ ਦੇ ਪਵਿੱਤਰ ਜਲ ਤੋਂ ਬਣੀ ਸ਼ਰਾਬ ਦਾ ਮਹਾਂਪੁਰਸ਼ ਸੇਵਨ ਨਹੀਂ ਕਰਦੇ। ਇਸ ਤਰ੍ਹਾਂ ਜੇ ਬ੍ਰਾਹਮਣ ਮਹਾਨ ਗੁਣ ਖੋ ਬੈਠਦਾ ਹੈ ਤਾਂ ਉਹ ਭੈੜਾ ਬਣ ਜਾਂਦਾ ਹੈ।

ਇਸ ਤੋਂ ਉਲਟ ਜੇ ਅਪਵਿੱਤਰ ਸ਼ਰਾਬ ਜਾਂ ਵਖਰਾ ਕੋਈ ਹੋਰ ਗੰਦਾ ਪਾਣੀ ਗੰਗਾ ਵਿੱਚ ਮਿਲ ਜਾਂਦਾ ਹੈ ਤਾਂ ਉਹ ਹੋਰ ਨਹੀਂ ਰਹਿ ਜਾਂਦਾ। ਭਾਵ ਗੰਗਾ ਜਲ ਹੀ ਬਣ ਜਾਂਦਾ ਹੈ। ਇਸ ਤਰ੍ਹਾਂ ਜੋ ਚਮਾਰ ਪ੍ਰਭ ਦੇ ਗੁਣ ਪ੍ਰਾਪਤ ਕਰ ਲੈਂਦਾ ਹੈ ਤਾਂ ਉਹ ਪ੍ਰਭ-ਰੂਪ ਹੀ ਬਣ ਜਾਂਦਾ ਹੈ॥ ੧॥

ਇਸੇ ਵਿਚਾਰ ਨੂੰ ਨੀਚ ਅਤੇ ਅਪਵਿੱਤਰ ਦ੍ਰਿਸ਼ਟਾਂਤ ਦੇਕੇ ਗੁਰੂ ਰਵਿਦਾਸ ਜੀ ਬ੍ਰਾਹਮਣਾਂ ਨੂੰ ਸਮਝਾਉਂਦੇ ਹਨ ਕਿ ਹੇ ਬ੍ਰਾਹਮਣ ਜਨੋਂ! ਤਾੜ ਦੇ ਰੁੱਖ ਨੂੰ ਅਪਵਿੱਤਰ ਮੰਨਿਆ ਜਾਂਦਾ ਹੈ ਕਿਉਂਕਿ ਉਸ ਵਿੱਚੋਂ ਤਾੜ ਦੀ ਸ਼ਰਾਬ ਨਿਕਲਦੀ ਹੈ। ਇਸੇ ਕਾਰਨ ਤਾੜ ਤੋਂ ਬਣੇ ਕਾਗਜ਼ਾਂ ਨੂੰ ਵੀ ਅਪਵਿੱਤਰ ਹੀ ਮੰਨਿਆ ਜਾਂਦਾ ਹੈ। ਪਰ ਜਦੋਂ ਉਨ੍ਹਾਂ ਉੱਪਰ ਪ੍ਰਭ ਦਾ ਗੁਣ ਗਾਣ, ਉਸ ਦੀ ਸਿਫਤ-ਸਲਾਹ ਲਿਖ ਦਿੱਤੀ ਜਾਂਦੀ ਹੈ ਤਾਂ ਉਹ ਪਵਿੱਤਰ ਬਣ ਜਾਂਦੇ ਹਨ ਅਤੇ ਲੋਕ ਉਸ ਦੀ ਪੂਜਾ ਕਰਦੇ ਹਨ ਅਤੇ ਸ਼ਰਧਾ ਹਿੱਤ ਨਮਸ਼ਕਾਰ ਕਰਦੇ ਹਨ।

ਇਸੇ ਤਰ੍ਹਾਂ ਹਿੰਦੂ ਧਰਮ ਅਨੁਸਾਰ ਮੈਂ ਨੀਚ ਚਮਾਰ ਹਾਂ, ਪਰ ਪ੍ਰਭ ਪ੍ਰਾਪਤੀ ਕਾਰਣ ਮੈਂ ਉਤਮ ਪਦਵੀ ਨੂੰ ਪਹੁੰਚ ਗਿਆ ਹਾਂ॥ ੨॥

ਸਿੱਟੇ ਵਜੋਂ ਭਾਵੇਂ ਮੈਂ ਹਰ ਰੋਜ਼ ਬਨਾਰਸ ਦੇ ਆਸ ਪਾਸ ਮਰੇ ਹੋਏ ਪਸ਼ੂਆਂ ਨੂੰ ਢੋਂਹਦਾ ਅਤੇ ਉਨ੍ਹਾਂ ਦੀਆਂ ਖੱਲ੍ਹਾਂ ਉਤਾਰਦਾ ਹਾਂ। ਫਿਰ ਵੀ ਹਿੰਦੂ ਧਰਮ ਦੇ ਧਰਮ ਕਰਮ ਵਿੱਚ ਪਰਪੱਕ, ਮੰਨੇ ਪ੍ਰਮੰਨੇ ਬ੍ਰਾਹਮਣ ਆਗੂ, ਮੈਨੂੰ ਪ੍ਰਭ ਦੇ ਦਾਸਾਂ ਦੇ ਦਾਸ ਰਵਿਦਾਸ ਨੂੰ 'ਗੁਰੂ' ਪ੍ਰਵਾਨ ਕਰ ਸ਼ਰਧਾ ਨਾਲ ਲੰਮੇ ਪੈਕੇ ਡੰਡਉਤ ਕਰਦੇ ਹਨ॥ ੩॥ ੧॥

ੴ ਸਤਿਗੁਰ ਪ੍ਰਸਾਦਿ॥

ਮਲਾਰ ਬਾਣੀ ਭਗਤ ਰਵਿਦਾਸ ਜੀ ਕੀ

ਹਰਿ ਜਪਤ ਤੇਊ ਜਨਾ ਪਦਮ ਕਵਲਾਸ ਪਤਿ
ਤਾਸ ਸਮ ਤੁਲਿ ਨਹੀ ਆਨ ਕੋਊ॥
ਏਕ ਹੀ ਏਕ ਅਨੇਕ ਹੋਇ ਬਿਸਥਰਿਓ
ਆਨ ਰੇ ਆਨ ਭਰਪੂਰਿ ਸੋਊ॥ ਰਹਾਉ॥
ਜਾ ਕੈ ਭਾਗਵਤੁ ਲੇਖੀਐ ਅਵਰੁ ਨਹੀ ਪੇਖੀਐ
ਤਾਸ ਕੀ ਜਾਤਿ ਆਛੋਪ ਛੀਪਾ॥
ਬਿਆਸ ਮਹਿ ਲੇਖੀਐ ਸਨਕ ਮਹਿ ਪੇਖੀਐ
ਨਾਮ ਕੀ ਨਾਮਨਾ ਸਪਤ ਦੀਪਾ॥ ੧॥
ਜਾ ਕੈ ਈਦਿ ਬਕਰੀਦਿ ਕੁਲ ਗਊ ਰੇ ਬਧੁ ਕਰਹਿ
ਮਾਨੀਅਹਿ ਸੇਖ ਸਹੀਦ ਪੀਰਾ॥
ਜਾ ਕੇ ਬਾਪ ਵੈਸੀ ਕਰੀ ਪੂਤ ਐਸੀ ਸਰੀ
ਤਿਹੂ ਰੇ ਲੋਕ ਪਰਸਿਧ ਕਬੀਰਾ॥ ੨॥
ਜਾ ਕੈ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ
ਅਜਹੁ ਬੰਨਾਰਸੀ ਆਸ ਪਾਸਾ॥
ਆਚਾਰ ਸਹਿਤ ਬਿਪ੍ ਕਰਹਿ ਡੰਡਉਤਿ
ਤਿਨ ਤਨੈ ਰਵਿਦਾਸ ਦਾਸਾਨ ਦਾਸਾ॥ ੩॥[1]੨॥

ਪਦ ਅਰਥ :—ਤੇਊ = ਓਹੀ। **ਜਨਾ** = ਜਨ ਦਾ ਬਹੁਵਚਨ, ਪੁਰਸ਼ ਸੇਵਕ। **ਪਦਮ ਕਵਲਾਸਪਤਿ** = ਪਦਮ ਪਤਿ ਤੇ ਕਵਲਾਸਿ ਪਤਿ = ਵਿਸ਼ਨੂੰ ਤੇ ਸ਼ਿਵ ਜੀ। **ਤਾਸ** = ਉਸ (ਪ੍ਰਭ)। **ਸਮ ਤੁਲਿ** = ਬਰਾਬਰ ਦਾ। **ਆਨ** = ਹੋਰ, ਬ੍ਰਹਮ ਆਦਿ। **ਕੋਊ** = ਕੋਈ। **ਏਕ ਹੀ ਏਕ** = ਕੇਵਲ ਤੇ ਕੇਵਲ ਇੱਕ ਪਾਰਬ੍ਰਹਮ। **ਅਨੇਕ ਹੋਇ ਬਿਸਥਰਿਓ** = ਅਨੇਕਾਂ ਰੂਪ ਧਾਰਕੇ ਪਸਰਿਆ ਹੋਇਆ, ਭਾਵ ਸ੍ਰਿਸ਼ਟੀ ਸਿਰਜਕੇ ਉਸ ਵਿੱਚ ਵਿਆਪਕ। **ਆਨ** = ਦੂਜਾ (ਡਾ. ਸਾਹਿਬ ਸਿੰਘ — ਘਰ ਘਰ, ਸ੍ਰਿਸ਼ਟੀ ਦੇ ਘਟ ਘਟ ਵਿੱਚ)। **ਭਰਪੂਰਿ** = ਵਿਆਪਕ। **ਸੋਊ** = ਓਹੀ ਪ੍ਰਭ। **ਆਨ ਰੇ ਆਨ ..... ਸੋਊ** = ਹੇ ਭਾਈ! ਓਹੀ ਪ੍ਰਭ ਘਟ ਘਟ ਵਿੱਚ ਵਿਆਪਕ ਹੈ॥ ਰਹਾਉ॥

ਜਾ ਕੈ = ਜਿਸ ਦੇ। **ਭਾਗਵਤੁ** = ਪ੍ਰਭ ਸੰਬੰਧੀ। **ਅਵਰੁ** = ਹੋਰ। **ਪੇਖੀਐ** = ਵੇਖਿਆ। **ਆਛੋਪ** = ਅਛੂਤ। **ਛੀਪਾ** = ਛੀਂਬਾ। **ਬਿਆਸ** = ਝਿਉਰੀ ਦਾ ਪੁੱਤਰ ਹੈ,

---

1. ਆਦਿ ਗ੍ਰੰਥ - ਪੰਨਾ-੧੨੯੩

ਮਹਾਂ ਪੰਡਤ ਹੈ। **ਸਨਕ** = ਬ੍ਰਹਮਾ ਦਾ ਮਾਨਸਿਕ ਪੁੱਤਰ ਹੈ, ਜਿਸ ਦਾ ਗੁਰੂ ਸ਼ੁਦਰ ਹੈ। **ਨਾਮ ਕੀ ਨਾਮਨਾ** = ਨਾਮ ਸਿਮਰਨ ਕਾਰਣ ਪ੍ਰਸਿਧੀ। **ਸਪਤ ਦੀਪਾ** = ਸੱਤ ਦੀਪ॥ ੧॥

ਬਕਰੀਦਿ = ਬਕਰ ਦਾ ਅਰਥ ਹੈ ਗਊ। ਉਹ ਈਦ ਜਿਸ ਵਿੱਚ ਗਊ ਦੀ ਕੁਰਬਾਨੀ ਦਿੱਤੀ ਜਾਂਦੀ ਹੈ। **ਬਧੁ ਕਰਹਿ** = ਹਤਿਆ ਕਰਦੇ ਹਨ, ਕੁਰਬਾਨੀ ਦਿੰਦੇ ਹਨ। **ਮਾਨੀਅਹਿ** = ਮਾਨਤਾ ਹੁੰਦੀ ਹੈ। **ਵੈਸੀ ਕਰੀ** = ਓਹੋ ਜਹੀ ਕੀਤੀ। **ਐਸੀ ਸਰੀ** = ਇਹੋ ਜਹੀ ਸਰ ਸਕੀ ; ਇਹੋ ਜਹੀ ਕਰ ਸਕੇ। **ਤਿਹੂ ਲੋਕ** = ਤਿੰਨ ਲੋਕ, ਮਾਤ ਲੋਕ, ਸਵਰਗ ਲੋਕ, ਪਤਾਲ ਲੋਕ ਭਾਵ ਸਮੁੱਚਾ ਜਗਤ॥ ੨॥

ਢੇਢ = ਚਮਾਰ 'ਚਮਾਰ, ਮੁਰਦੇ ਦਾ ਮਾਸ ਖਾਣ ਵਾਲਾ ਨੀਚ।' ਮਹਾਨ = 556। **ਢੋਰ** = ਮਰੇ ਹੋਏ ਪਸ਼ੂ। **ਢੋਵੰਤ** = ਢੋਂਦੇ ਹਨ। **ਅਜਹੁ** = ਅੱਜ ਤੱਕ। **ਆਚਾਰ ਸਹਿਤ** = ਰੀਤਿ ਸਹਿਤ ਮਰਿਯਾਦਾ ਸਹਿਤ, ਧਾਰਮਕ ਸ਼ਾਸਤਰਾਂ ਦੀ ਮਰਿਯਾਦਾ। **ਬਿਪ੍** = ਬ੍ਰਾਹਮਣ। **ਡੰਡਉਤਿ** = ਡੰਡੇ ਵਾਂਙ ਸਿੱਧੇ ਪੈਣ ਦੀ ਕ੍ਰਿਆ। **ਤਿਨ ਤਨੈ** = ਉਨ੍ਹਾਂ ਦੇ ਪੁਤਰ ਰਵਿਦਾਸ ਨੂੰ। **ਦਾਸਾਨ ਦਾਸ** = ਪ੍ਰਭ ਦੇ ਦਾਸਾਂ ਦਾ ਦਾਸ, ਅਤਿ ਨਿਮਰਤਾ ਭਾਵ॥ ੩॥ ੨॥

ਪਹਿਲੇ ਸ਼ਬਦ ਵਿਚ ਸਿਧਾਂਤ ਨੂੰ ਪਰਪੱਕ ਤੌਰ ਤੇ ਸਾਬਤ ਕੀਤਾ ਹੈ। ਇਸ ਸ਼ਬਦ ਵਿਚ ਅਛੂਤ ਮਹਾਂਪੁਰਸ਼ ਤੇ ਇਸ ਸਿਧਾਂਤ ਨੂੰ ਲਾਗੂ ਕਰਕੇ ਉਨ੍ਹਾਂ ਦੀ ਅਣਕਿਆਸੀ ਅਤੇ ਉਤਮਤ ਅਤੇ ਉੱਚਤਮ ਮਹਾਨ ਨੂੰ ਸਾਬਤ ਕੀਤਾ ਹੈ। ਇਸ ਸ਼ਬਦ ਵਿਚ ਹਿੰਦੂ ਧਰਮ ਇਸਾਈ ਧਰਮ ਅਤੇ ਇਸਲਾਮ ਦੀ ਵਿਚਾਰਧਾਰਾ ਨੂੰ ਰੱਦ ਕਰਕੇ ਵਿਸ਼ਵ ਧਰਮ ਦੀ ਵਿਚਾਰਧਾਰਾ ਪ੍ਰਦਾਨ ਕੀਤੀ ਹੈ। ਜਿਸ ਨਾਲ ਕੁਦਰਤੀ ਨਿਯਮਾਂ ਅਨੁਸਾਰ ਆਤਮਕ ਵਿਕਾਸ ਦੀ ਸੰਪੂਰਨਤਾ ਪਰਪੱਕਤਾ ਨਾਲ ਸਾਬਤ ਹੋ ਗਈ ਹੈ।

ਇੱਕ ਪ੍ਰਭ ਦਾ ਸੰਕਲਪ ਅਤੇ ਨਵੇਂ ਵਿਸ਼ਵ ਧਰਮ ਦੀ ਸਥਾਪਨਾ

(ਇਸਲਾਮ, ਇਸਾਈ ਮੱਤ ਅਤੇ ਯਹੂਦੀਆਂ ਦੀ ਵਿਚਾਰਧਾਰਾ ਦਾ ਖੰਡਨ)

ਗੁਰੂ ਰਵਿਦਾਸ ਜੀ ਨੇ ਇਸ ਸ਼ਬਦ ਵਿੱਚ 'ਇੱਕ ਪ੍ਰਭ', ਜਿਹੜਾ ਕਣ ਕਣ ਵਿੱਚ ਵਿਰਾਜਮਾਨ ਹੈ, ਨੂੰ ਸਪਸ਼ਟ ਕਰਕੇ, ਇਸ ਨਾਲ ਸੰਬੰਧਤ ਨਵੇਂ ਵਿਸ਼ਵ ਧਰਮ ਦੀ ਵਿਚਾਰਧਾਰਾ ਨੂੰ ਸਿਰਜਿਆ ਹੈ। ਇਸ ਮੰਤਵ ਲਈ ਉਨ੍ਹਾਂ ਨੇ ਦੁਨੀਆਂ ਵਿੱਚ ਸਥਾਪਤ ਹਿੰਦੂ ਧਰਮ, (ਬਿਨ ਦੇਖੇ ਉਪਜੈ ਨਹੀਂ ਆਸਾ'' ਸ਼ਬਦ ਵਿੱਚ ਬੁੱਧ ਧਰਮ), ਅਤੇ ਇਸ ਸ਼ਬਦ ਵਿੱਚ ਇਸਾਈ ਧਰਮ ਅਤੇ ਇਸਲਾਮ ਦੀ ਵਿਚਾਰਧਾਰਾ ਨੂੰ ਸ਼ਕਤੀਸ਼ਾਲੀ ਤਰਕ ਨਾਲ ਰੱਦ ਕੀਤਾ ਹੈ। ਇਸ ਲਈ ਧਿਆਨ ਦੇਣ ਵਾਲੀ ਗਲ ਇਹ ਹੈ ਕਿ ਗੁਰੂ ਰਵਿਦਾਸ ਜੀ ਦੇ ਇਸ ਸ਼ਬਦ ਵਿੱਚ ਕਿਸੇ ਵੀ 'ਭਗਵਾਨ' 'ਅਵਤਾਰ' ਜਾਂ ਦੇਵੀ ਦੇਵਤਿਆਂ ਦਾ ਨਾਮ ਦਰਜ ਨਹੀਂ ਹੈ। ਉਹ ਤਾਂ ਸਗੋਂ ਦੇਹਧਾਰੀ ਭਗਵਾਨਾਂ, ਅਵਤਾਰਾਂ ਆਦਿ ਨੂੰ ਰੱਦ ਕਰਦੇ ਲਿਖਦੇ ਹਨ :

ਏਕ ਹੀ ਏਕ ਅਨੇਕ ਹੋਇ ਬਿਸਥਰਿਓ
ਆਨ ਰੇ ਆਨ ਭਰਪੂਰਿ ਸੋਊ ॥ ਰਹਾਉ॥

ਰਹਾਓ ਵਿੱਚ ਸਮੁੱਚੇ ਸ਼ਬਦ ਦਾ ਤੱਤ-ਸਿਧਾਂਤ ਅਤੇ ਮੁੱਖ ਮੰਤਵ ਹੁੰਦਾ ਹੈ। ਇਸ ਲਈ ਗੁਰੂ ਰਵਿਦਾਸ ਜੀ ਨੇ ਜਾਣ ਬੁੱਝ ਕੇ ਚੇਤਨ ਮਨ ਨਾਲ ਪ੍ਰਭ ਦੇ ਸੰਕਲਪ ਅਤੇ ਨਵੇਂ ਵਿਸ਼ਵ ਧਰਮ ਦੀ ਸਥਾਪਨਾ ਨੂੰ ਰਹਾਓ ਵਿੱਚ ਨਿਰੂਪਤ ਕਰਕੇ ਇਸ ਤੱਤ-ਸਿਧਾਂਤ ਨੂੰ ਦ੍ਰਿੜ ਕੀਤਾ ਹੈ ਕਿ ਪਰਮਾਤਮਾ ''ਕੇਵਲ ਤੇ ਕੇਵਲ ਇਕ'' ਹੈ ਅਤੇ ਉਹ ਇੱਕ ਪਰਮਾਤਮਾ, ਆਪਣੇ ਹੀ ਅਨੇਕਾਂ ਰੂਪਾਂ ਵਿੱਚ ਬ੍ਰਹਮੰਡ ਵਿੱਚ ਪਸਰਿਆ ਹੋਇਆ ਹੈ ਅਰਥਾਤ ਉਹ ਸ੍ਰਿਸ਼ਟੀ ਦੇ ਕਣ-ਕਣ ਵਿੱਚ ਵਿਚਰ ਰਿਹਾ ਹੈ। ਗੁਰੂ ਰਵਿਦਾਸ ਜੀ ਦੀ ਰਚਨਾ ''ਰਹਾਓ'' ਵਿੱਚ ਇਸ ਤੱਥ ਨੂੰ ਵਿਚਾਰੋ:

ਹਰਿ ਜਪਤ ਤੇਊ ਜਨਾ ਪਦਮ ਕਵਲਾਸ ਪਤਿ
ਤਾਸ ਸਮ ਤੁਲਿ ਨਹੀ ਆਨ ਕੋਊ।।
ਏਕ ਹੀ ਏਕ ਅਨੇਕ ਹੋਇ ਬਿਸਥਰਿਓ
ਆਨ ਰੇ ਆਨ ਭਰਪੂਰਿ ਸੋਊ।।੧॥ ਰਹਾਉ।।

ਇਸ ਤਰ੍ਹਾਂ ਗੁਰੂ ਰਵਿਦਾਸ ਜੀ ਇਸ ਸ਼ਬਦ ਦੇ ਉਪਰੋਕਤ ਦਿੱਤੇ ''ਰਹਾਉ'' ਦੀ ਪਹਿਲੀ ਤੁਕ ਵਿੱਚ ਹੀ ਹਿੰਦੂ ਧਰਮ ਦੇ ਦੇਹਧਾਰੀ ਭਗਵਾਨਾਂ ਬ੍ਰਹਮਾਂ, ਵਿਸ਼ਨੂੰ, ਮਹੇਸ਼ ਦਾ ਖਾਸ ਕਰਕੇ, ਅਤੇ ਬਾਕੀ, ਸਮੁੱਚੇ ਤੇਤੀ ਕਰੋੜ ਦੇਵੀ ਦੇਵਤਿਆਂ ਨੂੰ ਰੱਦ ਕਰ ਦਿੰਦੇ ਹਨ ਕਿਉਂਕਿ ਇਹ ਦੇਹਧਾਰੀ ਭਗਵਾਨ ਤਾਂ ਪਰਮਾਤਮਾ ਦੀ ਹੀ ਸਿਰਜਣਾ ਹਨ। ਫਿਰ ਇਹ ਸ੍ਰਿਸ਼ਟੀ ਦੇ ਕਣ-ਕਣ ਵਿੱਚ ਵਿਚਰ ਕੇ ਸ੍ਰਿਸ਼ਟੀ ਦੀ

ਸਿਰਜਣਾ ਕਿਵੇਂ ਕਰ ਸਕਦੇ ਹਨ? ਬ੍ਰਹਮਾ, ਵਿਸ਼ਨੂੰ, ਮਹੇਸ਼ ਆਦਿ ਤਾਂ ਹਰਿ ਕੇ ਭਗਤ ਦੇ ਵੀ ਬਰਾਬਰ ਨਹੀਂ ਹਨ। ਇਹ ਤਿੰਨੇ ਤਾਂ ਆਮ ਮਨੁੱਖ ਹੀ ਹਨ। ਇਸ ਕਰਕੇ ਇਹ ਤਿੰਨੇ ਕਿਸੇ ਵੀ ਤਰ੍ਹਾਂ ਭਗਵਾਨ ਨਹੀਂ ਹਨ।

ਸੋ 'ਰਹਾਉ' ਦੀ ਪਹਿਲੀ ਤੁਕ ਵਿੱਚ ਹੀ ਗੁਰੂ ਰਵਿਦਾਸ ਜੀ ਨੇ ਹਿੰਦੂ ਧਰਮ ਦੇ ਪ੍ਰਮੁੱਖ ਤਿੰਨ 'ਭਗਵਾਨਾਂ'* ਬ੍ਰਹਮਾ, ਵਿਸ਼ਨੂੰ, ਮਹੇਸ਼ ਦਾ ਖਾਸ ਤੌਰ ਤੇ ਅਤੇ ਬਾਕੀ ਸਮੁੱਚੇ ਤੇਤੀ ਕਰੋੜ ਦੇਵਤਿਆਂ ਨੂੰ ਰੱਦ ਕੀਤਾ ਹੈ। ਸਿੱਟੇ ਵਜੋਂ ਇਨ੍ਹਾਂ ਸਾਰਿਆਂ 'ਭਗਵਾਨਾਂ' ਅਤੇ 'ਦੇਵੀ ਦੇਵਤਿਆਂ' ਨਾਲ ਸੰਬੰਧਤ ਧਾਰਮਕ ਗ੍ਰੰਥ ਵੀ ਆਪਣੇ ਆਪ ਹੀ ਰੱਦ ਹੋ ਜਾਂਦੇ ਹਨ। ਇਸ ਤਰ੍ਹਾਂ ਉਨ੍ਹਾਂ ਨੇ ਸੁਚੇਤ ਹੋਕੇ, ਜਾਣ ਬੁੱਝ ਕੇ, ਉਨ੍ਹਾਂ ਤੋਂ ਪਹਿਲਾਂ ਵਿਚਰ ਰਹੇ ਹਿੰਦੂ ਧਰਮ ਦੇ 'ਭਗਵਾਨਾਂ' ਅਤੇ ਉਨ੍ਹਾਂ ਨਾਲ ਸੰਬੰਧਤ ਵਿਚਾਰਧਾਰਾ ਨੂੰ ਰੱਦ ਕੀਤਾ ਹੈ।

* ਗੁਰੂ ਕਬੀਰ ਜੀ ਨੇ ਵੀ ਬ੍ਰਹਮਾ, ਵਿਸ਼ਨੂੰ, ਮਹੇਸ਼ ਨੂੰ ਮਾਇਆ ਦੇ ਜਾਲ ਵਿੱਚ ਫਸੇ ਆਮ ਵਿਅਕਤੀ ਕਿਹਾ ਹੈ :

"ਸਰਪਨੀ ਤੇ ਊਪਰਿ ਨਹੀ ਬਲੀਆ॥
ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ॥"

ਆਦਿ ਗ੍ਰੰਥ-ਪੰਨਾ-੪੮੦

ਇਸ 'ਰਹਾਉ' ਦੀ ਦੂਜੀ ਤੁਕ ਵਿੱਚ ਗੁਰੂ ਰਵਿਦਾਸ ਜੀ ਨੇ ਰੱਦ ਕੀਤੇ 'ਭਗਵਾਨਾਂ' ਦੀ ਥਾਂ "ਕੇਵਲ ਤੇ ਕੇਵਲ ਇੱਕ ਪਾਰਬ੍ਰਹਮ" ਦ੍ਰਿੜ ਕੀਤਾ ਹੈ ਅਤੇ ਇਹ ਵੀ ਦ੍ਰਿੜ ਕੀਤਾ ਹੈ ਕਿ ਸਮੁੱਚੀ ਸ੍ਰਿਸ਼ਟੀ ਉਸ ਦੀ ਆਪਣੀ ਸਿਰਜਣਾ ਹੈ ਅਤੇ ਉਹ ਆਪ ਸ੍ਰਿਸ਼ਟੀ ਦੇ ਕਣ ਕਣ ਵਿੱਚ ਵਿਰਾਜਮਾਨ ਹੈ। ਇਸ ਤਰ੍ਹਾਂ ਗੁਰੂ ਜੀ ਨੇ ਦੇਹਧਾਰੀ 'ਭਗਵਾਨਾਂ' ਅਤੇ ਇਸਾਈ ਧਰਮ ਅਤੇ ਇਸਲਾਮ ਧਰਮ ਦੇ ਸਤਵੇਂ ਅਕਾਸ਼ ਵਿੱਚ ਬੈਠੇ ਪਰਮੇਸ਼ਵਰ ਦੀ ਥਾਂ 'ਇੱਕ ਸਰਵ-ਵਿਆਪੀ ਪਾਰਬ੍ਰਹਮ' ਦੀ ਹੋਂਦ ਨੂੰ ਦ੍ਰਿੜ ਕੀਤਾ ਹੈ ਅਤੇ ਇੱਕ ਨਵੀਂ ਵਿਸ਼ਵ ਵਿਆਪੀ ਧਰਮ ਦੀ ਵਿਗਿਆਨਕ ਵਿਚਾਰਧਾਰਾ ਦੀ ਸਿਰਜਣਾ ਵੀ ਕੀਤੀ ਹੈ।

ਸੋ ਪਾਰਬ੍ਰਹਮ ਪਰਮਾਤਮਾ ਇਕ ਹੈ ਅਤੇ ਸਰਵ-ਵਿਆਪਕ ਹੈ। ਸ੍ਰਿਸ਼ਟੀ ਦੀ ਰਚਨਾ ਕਰਨਾ, ਉਸ ਦੀ ਪਾਲਣਾ ਕਰਨਾ ਅਤੇ ਉਸਦਾ ਸੰਘਾਰ ਕਰਨਾ ਉਸ ਦੀਆਂ ਸ਼ਕਤੀਆਂ ਹਨ। ਉਹ ਇੱਕ ਤੋਂ ਅਨੇਕ ਹੋਕੇ ਆਪਣੀ ਸ੍ਰਿਸ਼ਟੀ ਵਿੱਚ ਵਿਚਰ ਰਿਹਾ ਹੈ। ਵਿਗਿਆਨ ਵੀ ਇਹੋ ਕਹਿੰਦਾ ਹੈ। ਵਿਗਿਆਨ ਨੇ ਇਸ "ਇੱਕ" ਨੂੰ "ਊਰਜਾ" ਕਿਹਾ ਹੈ ਇਸ "ਊਰਜਾ (ਵਿਦਤ) ਦੇ ਕਣਾਂ ਨਾਲ ਹੀ ਸਭ ਕੁਝ ਬਣਿਆਂ ਹੈ। "ਇੱਕ" ਤੋਂ ਸਭ ਬਣਿਆ ਹੈ। ਵਿਗਿਆਨ ਕਹਿੰਦਾ ਹੈ ਇਲੈਕਟ੍ਰਿਸਿਟੀ (ਊਰਜਾ) ਤਿੰਨ ਵਿੱਚ ਟੁੱਟਦੀ ਹੈ - ਇਲੈਕਟ੍ਰਾਨ, ਨਿਊਟ੍ਰਾਨ ਅਤੇ

ਪ੍ਰੋਟਾਨ। ਇਲੈਕਟ੍ਰਾਨ ਊਰਜਾ ਸਿਰਜਣਾ, ਨਿਊਟ੍ਰਾਨ ਊਰਜਾ ਪਾਲਣ ਅਤੇ ਪ੍ਰੋਟਾਨ ਊਰਜਾ ਸੰਘਾਰਨ ਦਾ ਕਾਰਜ ਕਰਦੀਆਂ ਹਨ। ਭਾਵ ਊਰਜਾ ਪਾਰਬ੍ਰਹਮ ਪਰਮਾਤਮਾ ਹੈ ਅਤੇ ਇਸ ਦੀਆਂ ਇਹ ਤਿੰਨ ਸ਼ਕਤੀਆਂ ਹਨ। ਸੋ ਬ੍ਰਹਮਾ, ਵਿਸ਼ਨੂੰ ਮਹੇਸ਼ ਪਰਮਾਤਮਾ ਦੀ ਸਿਰਜਣਾ ਹਨ ਜਿਵੇਂ ਇਹ ਤਿੰਨੇ ਸ਼ਕਤੀਆਂ ਪਰਮਾਤਮਾ ਦੀ ਸਿਰਜਣਾ ਹਨ। ਇਸ ਕਰਕੇ ਉਹ ਭਗਵਾਨ ਬਣ ਹੀ ਨਹੀਂ ਸਕਦੇ। ਉਹ ਤਾਂ ਹਰ ਹਾਲਤ ਵਿੱਚ ਆਮ ਮਨੁੱਖ ਹੀ ਹਨ।

ਇਸ ਵਿਗਿਆਨਕ ਵਿਚਾਰਧਾਰਾ ਤੋਂ ਇਹ ਵੀ ਸਪਸ਼ਟ ਹੋ ਜਾਂਦਾ ਹੈ ਕਿ ਉਸ "ਇੱਕ ਪਾਰਬ੍ਰਹਮ" - ਜਿਸ ਨੂੰ ਵਿਗਿਆਨ ਨੇ ਸ਼ਕਤੀ ਦਾ ਨਾਮ ਦਿੱਤਾ ਹੈ- ਦੇ ਵਿਧਾਨ ਵਿੱਚ ਜਾਤ-ਪਾਤ, ਛੂਤ-ਛਾਤ, ਵੱਡਾ-ਛੋਟਾ, ਅਮੀਰ-ਗਰੀਬ ਨਹੀਂ ਹੈ। ਉਸ ਸਬ ਦਾ ਸਿਰਜਣਹਾਰ ਉਹ ਸਾਰਿਆਂ ਵਿੱਚ ਵਿਰਾਜਮਾਨ ਹੈ। ਇਸ ਕਰਕੇ ਸਾਰੇ ਜੀਵ ਬਰਾਬਰ ਹਨ। ਉਸ ਦੇ ਵਿਧਾਨ ਵਿੱਚ ਨਾ ਕੋਈ ਹਿੰਦੂ ਅਤੇ ਨਾ ਹੀ ਕੋਈ ਮੁਸਲਮਾਨ, ਇਸਾਈ ਆਦਿ ਹੈ। ਉਸ ਦੇ ਵਿਧਾਨ ਵਿੱਚ ਕੋਈ ਧਰਮ ਨਹੀਂ ਹੈ-ਨਾਂ ਹਿੰਦੂ ਧਰਮ ਹੈ ਨਾ ਇਸਾਈ ਧਰਮ ਹੈ ਨਾ ਇਸਲਾਮ ਅਤੇ ਨਾ ਹੀ ਕੋਈ ਹੋਰ ਧਰਮ ਹੈ। ਉਸ ਦੇ ਵਿਧਾਨ ਵਿੱਚ "ਇੱਕੋ ਇੱਕ ਧਰਮ" ਹੈ, "ਮਨੁਖਤਾ ਦਾ ਧਰਮ", ਜਿਸ ਦੀ ਬੁਨਿਆਦ ਕੁਦਰਤ ਦੇ ਨਿਯਮ ਹਨ। ਜਿਸ ਦੀ ਸਿਰਜਣਾ ਉਸ ਪਾਰਬ੍ਰਹਮ (ਸ਼ਕਤੀ) ਨੇ ਕੀਤੀ ਹੈ; ਜਿਹੜਾ ਘਟਦਾ-ਵਧਦਾ ਨਹੀਂ, ਉਹ ਮਰਦਾ ਨਹੀਂ, ਉਹ ਅਮਰ ਹੈ, ਉਹ ਸਦਾ-ਸਦਾ ਸਥਿਰ ਹੈ, ਉਹ ਨਿਰੰਤਰ ਸਿਥਰ ਹੈ। ਸਪਸ਼ਟ ਹੈ ਪਾਰਬ੍ਰਹਮ (ਸ਼ਕਤੀ) ਪਹਿਲਾਂ ਵੀ ਸੀ, ਹੁਣ ਵੀ ਹੈ ਅਤੇ ਅੱਗੇ ਨੂੰ ਵੀ ਹੋਵੇਗੀ। ਇਹ ਤੱਥ ਗੁਰੂ ਰਵਿਦਾਸ ਦੀ ਬਾਣੀ ਤੋਂ ਸਾਬਤ ਹੁੰਦਾ ਹੈ :

"ਕਾਇਮ ਦਾਇਮ ਸਦਾ ਪਾਤਸਾਹੀ॥
ਦੋਮ ਨ ਸੇਮ ਏਕ ਸੋ ਆਹੀ॥" (ਪੰਨਾ ਨੰ-੩੪੫)

ਇਸ ਮਹਾਨ ਤੱਥ ਨੂੰ ਹੁਣ ਸਾਇੰਸ ਨੇ ਸਾਬਤ ਕਰ ਦਿੱਤਾ ਹੈ :

"Energy can neither be created nor can be destroyed. The sum total of energy always remains the same in the universe.

ਸ਼ਕਤੀ ਨੂੰ ਨਾ ਤਾਂ ਬਣਾਇਆ ਜਾ ਸਕਦਾ ਹੈ ਅਤੇ ਨਾ ਹੀ ਖਤਮ ਕੀਤਾ ਜਾ ਸਕਦਾ ਹੈ। ਕੁਲ ਸ਼ਕਤੀ ਹਮੇਸ਼ਾ ਸਥਿਰ ਰਹਿੰਦੀ ਹੈ। (ਘੱਟਦੀ ਜਾਂ ਵੱਧਦੀ ਨਹੀਂ)"

From the book of Popular Science, Vol-4, New York, Page 216"[1]

---

1. ਗੁਰਬਾਣੀ ਤੇ ਵਿਗਿਆਨ - ਪੰਨਾ : ੭੯

"ਹਰਿ ਜਪਤ" ਸ਼ਬਦ ਦੇ ਪਹਿਲੇ ਅਤੇ ਦੂਜੇ ਬੰਦ ਵਿੱਚ ਗੁਰੂ ਰਵਿਦਾਸ ਜੀ ਨੇ ਇਸੇ ਸ਼ਬਦ ਦੇ 'ਰਹਾਉ' ਵਿੱਚ ਨਿਰੂਪਤ ਵਿਚਾਰਧਾਰਾ ਨੂੰ ਅਮਲੀ ਰੂਪ ਵਿੱਚ ਲਾਗੂ ਕੀਤਾ ਹੈ ਅਤੇ ਗੁਰੂ ਨਾਮਦੇਵ ਜੀ ਅਤੇ ਗੁਰੂ ਕਬੀਰ ਜੀ ਦਾ ਦ੍ਰਿਸ਼ਟਾਂਤ ਦੇਕੇ ਸਿੱਧ ਕੀਤਾ ਹੈ ਕਿ ਪ੍ਰਭ 'ਇੱਕ' ਹੈ ਅਤੇ ਉਸ ਦੇ ਵਿਧਾਨ ਵਿੱਚ ਸਭ ਜੀਵ ਬਰਾਬਰ ਹਨ। ਪਹਿਲੇ ਬੰਦ ਦੀ ਪਹਿਲੀ ਤੁਕ ਵਿੱਚ ਗੁਰੂ ਜੀ ਸਪਸ਼ਟ ਕਰਦੇ ਹਨ ਕਿ ਗੁਰੂ ਨਾਮਦੇਵ ਜੀ ਅਛੂਤ (ਸ਼ੂਦਰ) ਹਨ ਅਤੇ ਪ੍ਰਭ ਦੀ ਸਿਫਤ ਸਲਾਹ ਲਿਖਦਿਆਂ ਉਨ੍ਹਾਂ ਨੂੰ 'ਇੱਕ ਪ੍ਰਭ' ਤੋਂ ਬਿਨ੍ਹਾਂ ਹੋਰ ਦੂਜਾ ਕੋਈ ਵੀ ਨਜ਼ਰ ਨਹੀਂ ਆਉਂਦਾ। ਸੋ ਉਹ ਸ਼ੂਦਰ ਹੋਕੇ ਵੀ ਪ੍ਰਭ ਨੂੰ ਪ੍ਰਾਪਤ ਹੋਏ। ਸੂਦਰ ਦੀ ਪ੍ਰਭ-ਪ੍ਰਾਪਤੀ ਨਾਲ ਸਮੁੱਚਾ ਹਿੰਦੂ ਧਰਮ ਰੱਦ ਹੋ ਗਿਆ ਹੈ। ਕਿਉਂਕਿ ਹਿੰਦੂ ਧਰਮ ਅਨੁਸਾਰ ਸ਼ੂਦਰ ਨੂੰ ਪ੍ਰਭ-ਭਗਤੀ ਦੇ ਦੋਸ਼ ਵਿੱਚ ਮੌਤ ਦੀ ਸਜਾ ਦਿੱਤੀ ਜਾਂਦੀ ਹੈ। ਮਹਾਂਰਿਸ਼ੀ ਸ਼ੰਭੂਕ ਇਸ ਤੱਥ ਦੀ ਗਵਾਹੀ ਹੈ। ਇਸ ਬੰਦ ਦੀ ਦੂਜੀ ਤੁਕ ਵਿੱਚ ਵਿਦਵਾਨ ਰਿਸ਼ੀ ਵਿਆਸ ਜੀ ਦਾ ਜ਼ਿਕਰ ਹੈ। ਉਹ ਵੀ ਸ਼ੂਦਰ ਹਨ, ਉਨ੍ਹਾਂ ਦਾ ਜਨਮ ਝਿਉਰਾਂ ਦੀ ਲੜਕੀ ਤੋਂ ਹੋਇਆ ਅਤੇ ਉਨ੍ਹਾਂ ਨੇ ਹੀ ਪਾਲਿਆ। ਸਨਕ ਨੇ ਸ਼ੂਦਰ ਤੋਂ ਉਪਦੇਸ਼ ਲਿਆ। ਸੰਤ ਹੀਰਾ ਦਾਸ ਚੱਕ ਹਕੀਮ ਲਿਖਦੇ ਹਨ,

"ਸੂਤ ਸੇ ਸੋਨਕਾਦਿ ਰਿਖੀਯੋਂ ਨੇ ਉਪਦੇਸ਼ ਲਿਆ ਯੇਹ
ਪੁਰਾਣੋਂ ਮੇਂ ਅਤਿ ਪ੍ਰਸਿਧ ਹੈ।"[1]

ਸੋ ਸ਼ੂਦਰ ਤੋਂ ਸਿਖਿਆ ਪ੍ਰਾਪਤ ਕਰਕੇ ਸਨਕ ਅਤੇ ਸ਼ੂਦਰ ਵਿਆਸ ਵੀ ਇਹ ਦ੍ਰਿੜ ਕਰਦੇ ਹਨ ਕਿ ਪ੍ਰਭ ਦੇ ਵਿਧਾਨ ਵਿੱਚ ਸਭ ਬਰਾਬਰ ਹਨ। ਉਹ ਸਪਸ਼ਟ ਕਰਦੇ ਹਨ ਕਿ ਜਿਸ ਨੇ ਵੀ ਪ੍ਰਭ ਦੇ ਨਾਮ ਦੀ ਵਡਿਆਈ ਪ੍ਰਾਪਤ ਕੀਤੀ, ਉਹ ਸੱਤਾਂ ਦੀਪਾਂ ਵਿੱਚ ਪ੍ਰਸਿੱਧ ਹੋ ਗਏ। ਇਸ ਤੱਥ ਨਾਲ ਵੀ ਹਿੰਦੂ ਧਰਮ ਦੀ ਵਿਚਾਰਧਾਰਾ ਰੱਦ ਹੋ ਗਈ ਹੈ।

ਇਸ ਬੰਦ ਨੰ. ੧ ਤੋਂ ਸਪਸ਼ਟ ਹੋ ਗਿਆ ਹੈ ਕਿ ਸਾਰੇ ਵਿਸ਼ਵ ਦਾ ਇੱਕੋ ਹੀ ਧਰਮ ਹੈ ਅਤੇ ਇੱਕੋ ਹੀ ਪ੍ਰਭ ਹੈ ਅਤੇ ਸਾਰੇ ਜੀਵ ਬਰਾਬਰ ਹਨ।

ਇਸ ਸ਼ਬਦ ਦੇ ਦੂਜੇ ਬੰਦ ਵਿੱਚ ਗੁਰੂ ਰਵਿਦਾਸ ਜੀ, ਗੁਰੂ ਕਬੀਰ ਜੀ ਦੀ ਉਦਾਹਰਣ ਦੇਕੇ ਦਸਦੇ ਹਨ ਕਿ ਇਸਲਾਮ ਧਰਮ ਦੀ ਵਿਚਾਰਧਾਰਾ ਅਨੁਸਾਰ 'ਰੱਬ' ਸ੍ਰਿਸ਼ਟੀ ਦੇ ਕਿਸੇ ਜੀਵ ਵਿੱਚ ਨਹੀਂ ਵਿੱਚਰਦਾ, ਉਹ ਤਾਂ ਆਪਣੀ ਕਾਇਨਾਤ ਤੋਂ ਅਲਗ ਸਤਵੇਂ ਅਕਾਸ਼ ਵਿੱਚ ਵਿਰਾਜਮਾਨ ਹੈ। ਸੋ ਗੁਰੂ ਰਵਿਦਾਸ ਜੀ ਸਤਵੇਂ ਆਕਾਸ਼ ਵਿੱਚ ਵਿਰਾਜਮਾਨ 'ਰਬ' ਅਤੇ ਇਸ ਦੇ ਹੀ ਕਰਮ-ਕਾਂਡ ਨੂੰ ਰੱਦ ਕਰਕੇ, ਉਸ ਦੀ ਵਿਚਾਰਧਾਰਾ ਦਾ ਖੰਡਨ ਕਰਦੇ ਹਨ। ਨਾਲ ਦੀ ਨਾਲ ਆਪਣੀ ਨਵੇਂ ਵਿਸ਼ਵ ਧਰਮ ਦੀ ਵਿਚਾਰਧਾਰਾ ਨੂੰ ਸਿਰਜਕੇ ਸਿੱਧ ਕਰਦੇ ਹਨ ਕਿ

1. ਰਵਿਦਾਸ ਦੀਪ- ਪੰਨਾ-੧੬੮

ਉਹ ਸ਼ੂਦਰ ਹੁੰਦੇ ਹੋਏ ਵੀ ਤਿੰਨਾਂ ਲੋਕਾਂ ਵਿੱਚ ਪ੍ਰਸਿੱਧ ਹੋਏ ਹਨ। ਗੁਰੂ ਰਵਿਦਾਸ ਜੀ ਲੋਕਾਂ ਨੂੰ ਸੰਬੋਧਨ ਕਰਕੇ ਸਪਸ਼ਟ ਕਰਦੇ ਹਨ ਕਿ ਹੇ ਲੋਕੋ! ਕਬੀਰ ਦੀ ਕੁਲ ਦੇ ਵੱਡੇ ਵਡੇਰੇ ਬਕਰੀਦ ਵਾਲੇ ਦਿਨ ਗਊ ਦੀ ਕੁਰਬਾਨੀ ਦਿੰਦੇ ਸਨ ਅਤੇ ਸ਼ੇਖਾਂ, ਸ਼ਹੀਦਾਂ ਅਤੇ ਪੀਰਾਂ ਨੂੰ ਮੰਨਦੇ ਸਨ। ਉਹ ਉਸ 'ਰਬ' ਨੂੰ ਮੰਨਦੇ ਸਨ ਜਿਹੜਾ ਸਤਵੇਂ ਆਕਾਸ਼ ਵਿੱਚ ਵਿਰਾਜਮਾਨ ਹੈ। ਉਨ੍ਹਾਂ ਦੇ ਅਜਿਹੇ ਕਰਮ-ਕਾਂਡ ਸਨ—"ਜਾ ਕੇ ਬਾਪ ਐਸੀ ਕਰੀ"। ਪਰ "ਪੂਤ ਐਸੀ ਸਰੀ" ਭਾਵ ਗੁਰੂ ਕਬੀਰ ਜੀ ਨੇ ਆਪਣੇ ਪਿਉ ਦਾਦਿਆਂ ਦੇ ਉਲਟ ਕਣ ਕਣ ਵਿੱਚ ਵਿਚਰ ਰਹੇ 'ਪ੍ਰਭ' ਨੂੰ ਦ੍ਰਿੜ ਕੀਤਾ ਅਤੇ ਗਊ ਦੀ ਕੁਰਬਾਨੀ ਵਰਗੇ ਕਰਮ-ਕਾਡਾਂ ਨੂੰ ਤਿਆਗ ਦਿੱਤਾ। ਕਿਉਂਕਿ ਪ੍ਰਭ ਤਾਂ ਗਊ ਵਿੱਚ ਆਪ ਵਿਰਾਜਮਾਨ ਹੈ। ਇਸ ਕਰਕੇ ਕੁਰਬਾਨੀ ਪ੍ਰਭ ਦੇ ਵਿਧਾਨ ਦੇ ਵਿਰੁਧ ਹੈ। ਇਸ ਤਰ੍ਹਾਂ ਦੂਜਾ ਬੰਦ 'ਰਹਾਉ' ਦੀ ਦੂਜੀ ਤੁਕ ਦੀ ਹੀ ਵਿਆਖਿਆ ਹੈ। ਇਸ 'ਰਹਾਉ' ਵਾਲੇ ਸੰਕਲਪ ਨੂੰ ਗੁਰੂ ਕਬੀਰ ਜੀ ਨੇ ਆਪਣੀ ਬਾਣੀ ਵਿੱਚ ਸਿਰਜਕੇ ਇਸ ਸੰਕਲਪ ਨੂੰ ਪਰਪੱਕਤਾ ਪ੍ਰਦਾਨ ਕੀਤੀ ਹੈ :

੧. ਰੋਜਾ ਧਰੈ ਮਨਾਵੈ ਅਲਹੁ ਸੁਆਦਤਿ ਜੀਅ ਸੰਘਾਰੈ॥
ਆਪਾ ਦੇਖਿ ਅਵਰ ਨਹੀ ਦੇਖੈ ਕਾਹੇ ਕਉ ਝਖ ਮਾਰੈ॥ ੧॥[1]

"(ਹੇ ਭਾਈ! ਕਾਜੀ) ਰੋਜ਼ਾ ਰਖਦਾ ਹੈ (ਰੋਜ਼ਿਆਂ ਦੇ ਅਖੀਰ ਤੇ ਈਦ ਵਾਲੇ ਦਿਨ) ਅੱਲਾਂ ਦੇ ਨਾਮ ਤੇ ਕੁਰਬਾਨੀ ਦੇਂਦਾ ਹੈ, ਪਰ ਆਪਣੇ ਸੁਆਦ ਦੀ ਖਾਤਰ (ਇਹ) ਜੀਵ ਮਾਰਦਾ ਹੈ।"[2]

੨. ਜੋਗੀ ਗੋਰਖੁ ਗੋਰਖੁ ਕਰੈ॥ ਹਿੰਦੂ ਰਾਮ ਨਾਮੁ ਉਚਰੈ॥
ਮੁਸਲਮਾਨ ਕਾ ਏਕੁ ਖੁਦਾਇ॥ ਕਬੀਰ ਕਾ ਸੁਆਮੀ ਰਹਿਆ ਸਮਾਇ॥
॥ ੪॥ ੩॥ ੧੧॥[3]

ਪ੍ਰੋ. ਸਾਹਿਬ ਸਿੰਘ ਦਾ ਟੀਕਾ ਪਰਖੋ :

"ਜੋਗੀ (ਪ੍ਰਭ ਨੂੰ ਵਿਸਾਰ ਕੇ) ਗੋਰਖ ਗੋਰਖ ਜਪਦਾ ਹੈ, ਹਿੰਦੂ (ਸ੍ਰੀ ਰਾਮ ਚੰਦਰ ਦੀ ਮੂਰਤੀ ਵਿੱਚ ਹੀ ਮਿਥੇ ਹੋਏ) ਰਾਮ ਦਾ ਨਾਮ ਉਚਾਰਦਾ ਹੈ, ਮੁਸਲਮਾਨ ਨੇ (ਸਤਵੇਂ ਅਸਮਾਨ ਵਿੱਚ ਬੈਠਾ ਹੋਇਆ) ਨਿਰਾ ਆਪਣਾ (ਮੁਸਲਮਾਨਾਂ ਦਾ ਹੀ) ਰੱਬ ਮੰਨ ਰਖਿਆ ਹੈ। ਪਰ ਮੇਰਾ ਕਬੀਰ ਦਾ ਪ੍ਰਭੂ ਉਹ ਹੈ ਜੋ ਸਭ ਵਿਚ ਵਿਆਪਕ ਹੈ (ਤੇ ਸਭ ਦਾ ਸਾਂਝਾ) ਹੈ॥ ੪॥੩॥ ੧੧॥"[4]

1. ਆਦਿ ਗ੍ਰੰਥ - ਪੰਨਾ-੪੮੩ 2. ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ-੭੪੫
3. ਓਹੀ - ਪੰਨਾ : ੧੧੬੦ 4. ਓਹੀ (ਪੋਥੀ ਅੱਠਵੀਂ)- ਪੰਨਾ : ੪੩੩-੪੩੪

ਸੋ ਉਪਰੋਕਤ ਚਰਚਾ ਤੋਂ ਦ੍ਰਿੜ ਹੋ ਗਿਆ ਹੈ :

੧. ਪਾਰਬ੍ਰਹਮ-ਪਰਮਾਤਮਾ ਹਮੇਸ਼ਾ ਸਥਿਰ ਹੈ, ਨਿਰੰਤਰ ਰੂਪ ਵਿੱਚ ਸਥਿਰ ਹੈ।

੨. ਉਹ ਕਣ-ਕਣ ਵਿੱਚ ਵਿਰਾਜਮਾਨ ਹੈ ਭਾਵ ਪੌਦੇ, ਧਰਤੀ, ਧਾਤ, ਜਾਨਵਰ ਆਦਿ ਵਿੱਚ ਵਿਰਾਜਮਾਨ ਹੈ।

੩. ਹਰ ਵਸਤ ਵਿੱਚ 'ਰੱਬ' ਹੋਣ ਕਰਕੇ ਉਹ ਕੁਰਬਾਨੀ ਨਾਲ ਖੁਸ਼ ਨਹੀਂ ਹੁੰਦਾ।

ਇਹ ਸਹੀ ਹੈ ਕਿ ਇਸਾਈ ਧਰਮ ਨੇ ਗੁਰੂ ਰਵਿਦਾਸ ਜੀ ਦੇ ਸਮੇਂ ਭਾਰਤ ਵਿੱਚ ਪ੍ਰਵੇਸ਼ ਨਹੀਂ ਸੀ ਕੀਤਾ। ਪਰ ਇਸਾਈ ਧਰਮ ਦਾ ਧਾਰਮਕ ਗ੍ਰੰਥ ਬਾਈਬਲ 'ਚਾਰ ਕਤੇਬਾਂ' ਵਿਚੋਂ ਇੱਕ ਹੈ। ਇਹ ਚਾਰ ਕਿਤਾਬਾਂ ਹਨ—ਤੌਰਾਤ, ਇੰਜ਼ੀਲ (ਬਾਈਬਲ), ਜ਼ਬੂਰ ਅਤੇ ਫਕਰਾਨ (ਕੁਰਾਨ ਮਜ਼ੀਦ)। ਕੁਦਰਤੀ ਹੈ ਕਿ ਇਸਲਾਮ ਧਰਮ ਅਤੇ ਈਸਾਈ ਧਰਮ ਦੇ ਰੱਬ ਦੇ ਸੰਕਲਪ ਅਤੇ ਕਰਮ-ਕਾਂਡ ਵੀ ਇੱਕੋ ਜਹੇ ਹੀ ਹਨ। ਕੁਰਾਨ ਮਜ਼ੀਦ ਦੀ ਵਿਚਾਰਧਾਰਾ ਪਹਿਲੀਆਂ ਤਿੰਨ ਕਿਤੇਬਾਂ ਦਾ ਹੀ ਵਿਕਾਸ ਹੈ।

ਸੋ ਵਿਚਾਰਧਾਰਾ ਅਤੇ ਕਰਮ-ਕਾਂਡ ਪੱਖੋਂ ਕੁਰਾਨ ਮਜ਼ੀਦ ਅਤੇ ਬਾਈਬਲ ਵਿੱਚ ਕੋਈ ਅੰਤਰ ਨਹੀਂ ਹੈ। ਗੁਰੂ ਰਵਿਦਾਸ ਜੀ ਨੇ ਗੁਰੂ ਕਬੀਰ ਜੀ ਦਾ ਦ੍ਰਿਸ਼ਟਾਂਤ ਦੇਕੇ ਇਸਲਾਮ ਧਰਮ ਦੇ ਕੇਵਲ ਦੋ ਬੁਨਿਆਦੀ ਸਿਧਾਂਤਾਂ, 'ਰੱਬ' ਅਤੇ 'ਬਕਰਾਈਦ' ਨੂੰ ਹੀ ਰੱਦ ਕੀਤਾ ਹੈ। ਸਿੱਟੇ ਵਜੋਂ ਕੁਦਰਤੀ ਹੀ ਇਸ ਆਧਾਰ ਤੇ ਇਸਾਈ ਧਰਮ ਦੇ 'ਪਰਮੇਸ਼ਰ' ਦਾ ਸਿਧਾਂਤ ਅਤੇ 'ਪਸ਼ੂ ਬਲੀ' ਆਪਣੇ ਆਪ ਹੀ ਰੱਦ ਹੋ ਜਾਂਦੇ ਹਨ। ਇਸ ਨੂੰ ਸਿੱਧ ਕਰਨ ਲਈ ਅਸੀਂ ਦੋਹਾਂ ਨੁਕਤਿਆਂ ਨੂੰ ਵੱਖ-ਵੱਖ ਸਿੱਧ ਕਰਨ ਲਈ ਇਸਲਾਮ ਧਰਮ ਅਤੇ ਇਸਾਈ ਧਰਮ ਦਾ ਤੁਲਨਾਤਮਕ ਅਧਿਐਨ ਕਰਦੇ ਹਾਂ।

'ਰੱਬ' ਦੇ ਸੰਕਲਪ ਬਾਰੇ ਇਸਲਾਮ ਧਰਮ ਵਿਚ ਦਰਜ ਹੈ ਕਿ 'ਰਬ' ਇਕੱਲਾ ਹੀ ਸਤਵੇਂ ਅਰਸ਼ ਵਿੱਚ ਆਪਣੇ ਤਖ਼ਤ ਤੇ ਵਿਰਾਜਮਾਨ ਹੈ ਅਤੇ ਉਸ ਦਾ ਆਪਣੀ ਕਾਇਨਾਤ (ਸ੍ਰਿਸ਼ਟੀ) ਨਾਲ ਕੋਈ ਸੰਬੰਧ ਨਹੀਂ ਹੈ। ਇਹੋ ਹੀ 'ਰੱਬ' ਦਾ ਸੰਕਲਪ ਇਸਾਈ ਧਰਮ ਦਾ ਹੈ। ਇਸਲਾਮ ਧਰਮ ਦਾ 'ਰੱਬ' ਆਪਣੀ ਕਾਇਨਾਤ ਤੋਂ ਵੱਖ ਸਤਵੇਂ ਅਕਾਸ਼ (ਅਰਸ਼) ਉੱਪਰ ਬੈਠਾ ਸਾਰੀ ਕਾਇਨਾਤ ਦਾ ਇੰਤਜ਼ਾਮ ਕਰਦਾ ਹੈ। ਪਾਕਿਸਤਾਨੀ ਵਿਦਵਾਨ ਜਨਾਬ ਹਾਜੀ ਗ਼ੁਲਾਮ ਹਸਨ ਦੇ ਉਰਦੂ ਟੀਕਾ "ਕੁਰਾਨ ਔਰ ਕਾਇਨਾਤ" ਵਿੱਚ ਦਰਜ ਹੈ,

> "੩. ਤੁਮ੍ਹਾਰਾ ਪਰਵਰਦਰਗਾਰ ਤੋਂ ਖ਼ੁਦਾ ਹੀ ਹੈ ਜਿਸ ਨੇ ਅਸਮਾਨ ਔਰ ਜ਼ਮੀਨ ਛੇ ਦਿਨ ਮੇਂ ਬਨਾਏ ਫਿਰ ਅਰਸ਼ (ਤਖ਼ਤ-ਏ-ਸ਼ਾਹੀ) ਪਰ ਕਾਇਮ ਹੁਆ ਵਹੀ ਹਰ ਏਕ ਕਾਮ

> ਕਾ ਇੰਤਜ਼ਾਮ ਕਰਤਾ ਹੈ ਕੋਈ ਉਸ ਕੇ ਪਾਸ ਉਸ ਕਾ ਅਜ਼ਨ (ਆਗਿਆ) ਹਾਸਲ ਕੀਏ ਬ਼ਗ਼ੈਰ (ਕਿਸੀ ਕੀ) ਸਿਫ਼ਾਰਸ਼ ਨਹੀਂ ਕਰ ਸਕਤਾ ਯਹੀ ਖ਼ੁਦਾ ਤੁਮਾਰਾ ਪਰਵਰਦਗਾਰ ਹੈ ਉਸ ਕੀ ਅਬਾਦਤ ਕਰੋ ਤੁਮ ਗ਼ੌਰ ਕਿਉਂ ਨਹੀਂ ਕਰਤੇ?"[1]
>
> (ਸੂਰਾ-੧੦-ਯੂਨਸ)

ਇਸ ਬਾਰੇ ਕੁਰਾਨ ਮਜੀਦ ਵਿੱਚ ਸਪਸ਼ਟ ਲਿਖਿਆ ਹੋਇਆ ਕਿ ਪਹਿਲਾਂ ਆਈਆਂ ਕਿਤਾਬਾਂ ਤੌਰਾਤ ਅਤੇ ਇੰਜੀਲ (ਬਾਈਬਲ) ਦੀ ਵਿਚਾਰਧਾਰਕ ਤੌਰ ਤੇ ਕੁਰਾਨ ਮਜੀਦ ਤਸਦੀਕ ਕਰਦੀ ਹੈ। ਕੁਰਾਨ ਮਜੀਦ, ਹਿੰਦੀ ਅਨੁਵਾਦ ਸਟੀਕ ਦੇ ਟੀਕਾਕਾਰ ਜਨਾਬ ਮੁਹੰਮਦ ਫ਼ਾਰੂਕ ਖਾਨ ਹਨ, ਉਸ ਵਿੱਚ ਦਰਜ ਹੈ :

> "੩-ਉਸ ਨੇ ਤੁਮ ਪੁਰ ਹਕ ਕੇ ਸਾਥ 'ਕਿਤਾਬ' ਉਤਾਰੀ ਜੋ ਉਸ ਕੀ ਤਸਦੀਕ ਕਰ ਰਹੀ ਹੈ ਜੋ ਕਿ ਇਸ ਕੇ ਆਗੇ ਸੇ ਮੌਜੂਦ ਹੈ, ਔਰ ਉਸ ਨੇ ਤੌਰਾਤ ਔਰ ਇੰਜ਼ੀਲ ਉਤਾਰੀ।"[2] (ਸੂਰਾ-੩- ਆਲੇ ਇਮਰਾਨ)

ਉਪਰੋਕਤ ਦਾ ਉਰਦੂ ਵਿਚ ਟੀਕਾ ਜਨਾਬ ਹਾਜ਼ੀ ਗ਼ੁਲਾਮ ਹਸਨ - 'ਕੁਰਾਨ ਔਰ ਕਾਇਨਾਤ' ਵਿੱਚ ਹੇਠ ਲਿਖੇ ਅਨੁਸਾਰ ਹੈ :

> "੩-ਉਸ ਨੇ (ਐ ਮੁਹੰਮਦ) ਤੁਮ ਪਰ ਸੱਚੀ ਕਿਤਾਬ ਨਾਜ਼ਲ ਕੀ ਜੋ ਪਹਿਲੀ ਆਸਮਾਨੀ ਕਿਤਾਬੋਂ ਕੀ ਤਸਦੀਕ ਕਰਤੀ ਹੈ ਔਰ ਉਸੀ ਨੇ ਤੌਰਾਤ ਔਰ ਇੰਜ਼ੀਲ ਨਾਜ਼ਲ ਕੀ।"[3]
>
> (ਸੂਰਾ ੩ ਆਲੇ ਇਮਰਾਨ)

ਕੁਰਾਨ ਮਜੀਦ ਵਿੱਚ ਇਹ ਵੀ ਸਪਸ਼ਟ ਕੀਤਾ ਗਿਆ ਹੈ ਕਿ ਕੁਰਾਨ ਮਜੀਦ ਪਹਿਲੀਆਂ ਕਿਤਾਬਾਂ ਤੌਰਾਤ, ਇੰਜ਼ੀਲ ਆਦਿ ਦਾ ਹੀ ਵਿਸਥਾਰ ਹੈ। ਉਰਦੂ ਟੀਕਾ ਜਨਾਬ ਹਾਜੀ ਗ਼ੁਲਾਮ ਹਸਨ :

> "37-ਔਰ ਈਏ ਕੁਰਾਨ ਐਸਾ ਨਹੀਂ ਕਿ ਖ਼ੁਦਾ ਕਿ ਸਿਵਾ ਕੋਈ ਇਸ ਕੋ ਆਪਨੀ ਤਰਫ਼ ਸੇ ਬਨਾ ਲਾਏ। ਹਾਂ (ਹਾਂ ਈਏ ਖ਼ੁਦਾ ਕਾ ਕਲਾਮ ਹੈ) ਜੋ (ਕਿਤਾਬੇਂ) ਇਸ ਸੇ ਪਹਿਲੇ ਕੀ ਹੈਂ ਉਨ ਕੀ ਤਸਦੀਕ ਕਰਨਾ ਹੈ ਔਰ ਉਨ ਹੀ ਕਿਤਾਬੋਂ ਕੀ

---

1. ਜੰਗ ਪਬਲਿਸਰਜ਼ (ਪਾਕਿਸਤਾਨ) - ਪੰਨਾ : ੩੦੧

2. ਪ੍ਰਕਾਸ਼ਕ 'ਮਕਤਬ' ਅਲ ਹਸਨਾਲ ਰਾਮਪੁਰ (ਯੂ.ਪੀ.) - ਪੰਨਾ : ੧੮੫

3. ਜੰਗ ਪਬਲਿਸਰਜ਼ (ਪਾਕਿਸਤਾਨ) - ਪੰਨਾ : ੧੬੫

(ਇਸ ਮੇਂ) ਤਫ਼ਸੀਲ ਹੈ। ਇਸ ਮੇਂ ਕੁਛ ਸ਼ੱਕ ਨਹੀਂ ਕਿ (ਈਏ) ਰੱਬਲ ਆਮੀਨ ਕੀ ਤਰਫ ਸੇ (ਨਾਜ਼ਲ ਹੂਆ) ਹੈ।"[1]

ਸੂਰਾ - ਯੂਨਸ - (ਸੂਰਾ-੧੦-ਯੂਨਸ)

ਉਪਰੋਕਤ ਉਦਾਹਰਣਾਂ ਤੋਂ ਸਪਸ਼ਟ ਹੈ ਕਿ ਕੁਰਾਨ ਮਜੀਦ ਗਵਾਹੀ ਦਿੰਦੀ ਹੈ ਕਿ ਇਸਲਾਮ ਧਰਮ ਦੀ ਧਾਰਮਕ ਪੁਸਤਕ ਕੁਰਾਨ ਮਜੀਦ ਅਤੇ ਤੌਰਾਤ, ਇੰਜੀਲ ਆਦਿ ਦੂਜੀਆਂ ਧਾਰਮਕ ਪੁਸਤਕਾਂ ਦੀ ਵਿਚਾਰਧਾਰਾ ਇਕੋ ਹੀ ਹੈ। ਦੂਜੇ ਕੁਰਾਨ-ਮਜੀਦ, ਤੌਰਾਤ, ਇੰਜ਼ੀਲ ਆਦਿ ਧਾਰਮਕ ਗ੍ਰੰਥਾਂ ਦਾ ਵਿਸਥਾਰ ਹੀ ਹੈ।

ਸਬੂਤ : ਯਹੂਦੀਆਂ ਧਰਮ ਪੁਸਤਕ ਤੌਰਾਤ ਵਿਚ ਦਸ ਹੁਕਮ ਹਜ਼ਰਤ ਮੂਸਾ ਨੇ ਹੀ ਪ੍ਰਗਟ ਕੀਤੇ ਹਨ। ਇਹੋ ਦਸ ਹੁਕਮ ਬਾਈਬਲ ਵਿਚ ਵੀ ਦਰਜ ਹਨ। ਇਸ ਤਰ੍ਹਾਂ ਤੌਰਾਤ ਅਤੇ ਬਾਈਬਲ ਵਿਚ ਵਿਚਾਰਧਾਰਕ ਤੌਰ ਤੇ ਡੂੰਘੀ ਸਾਂਝ ਹੈ। ਇਸ ਕਰਕੇ ਮਹਾਨ ਕੋਸ਼ ਦੇ ਪੰਨਾ ਨੰ. 990, ਨਾਭਾ ਜੀ ਲਿਖਦੇ ਹਨ ਕਿ ਬਾਈਬਲ ਮੂਸਾਈ ਅਤੇ ਇਸਾਈ ਮੱਤ ਦਾ ਧਰਮ ਗ੍ਰੰਥ ਹੈ। ਦੂਜੇ ਤੌਰਾਤ ਤੇ ਜਬੂਰ ਬਾਈਬਲ ਦਾ ਹਿੱਸਾ ਹਨ। ਤੀਜੇ ਕੁਰਾਨ, ਬਾਈਬਲ ਅਤੇ ਤੌਰਾਤ ਨੂੰ ਇਲਹਾਮੀ ਕਿਤਾਬ ਤਸਦੀਕ ਕਰਦਾ ਹੈ।

ਇਸ ਤਰ੍ਹਾਂ ਗੁਰੂ ਰਵਿਦਾਸ ਜੀ ਨੇ ਕੁਰਾਨ ਮਜੀਦ ਨੂੰ ਤਾਂ ਰੱਦ ਕੀਤਾ ਹੀ ਹੈ, ਨਾਲ ਦੀ ਨਾਲ ਬਾਈਬਲ ਅਤੇ ਤੌਰਾਤ ਅਰਥਾਤ ਇਸਾਈ ਧਰਮ ਅਤੇ ਯਹੂਦੀ ਧਰਮ (Judaism) ਵੀ ਰੱਦ ਹੋ ਜਾਂਦੇ ਹਨ।

ਕਿਉਂਕਿ ਹਜ਼ਰਤ ਦਾਊਦ (David) ਰਾਹੀਂ ਪ੍ਰਾਪਤ ਹੋਇਆ ਧਰਮ ਗ੍ਰੰਥ ਜ਼ਬੂਰ ਵੀ ਬਾਈਬਲ ਦਾ ਹੀ ਹਿੱਸਾ ਹੈ। ਇਸ ਤਰ੍ਹਾਂ ਅਸਿੱਧੇ ਤੌਰ ਤੇ ਧਰਮ ਕਿਤਾਬ ਜ਼ਬੂਰ ਵੀ ਆਪਣੇ ਆਪ ਹੀ ਰੱਦ ਹੋ ਜਾਂਦਾ ਹੈ।

ਸੋ ਗੁਰੂ ਰਵਿਦਾਸ ਜੀ ਨੇ ਵਿਸ਼ਵ ਧਰਮ ਦੀ ਵਿਚਾਰਧਾਰਾ ਦੀ ਸਿਰਜਣਾ ਕਰਨ ਤੋਂ ਪਹਿਲਾਂ ਉਹ ਧਰਮ ਗ੍ਰੰਥ ਜਿਹੜੇ ਕੁਦਰਤ ਦੇ ਨਿਯਮ ਨੂੰ ਭੰਗ ਕਰਦੇ ਸਨ, ਉਨ੍ਹਾਂ ਨੂੰ ਰੱਦ ਕੀਤਾ ਹੈ। ਇਹ ਹਨ, 1. ਯਹੂਦੀ ਧਰਮ ਗ੍ਰੰਥ (Judaism), 2. ਧਰਮ ਗ੍ਰੰਥ ਜ਼ਬੂਰ, 3. ਬਾਈਬਲ ਅਤੇ 4. ਕੁਰਾਨ ਮਜੀਦ।

ਇਸ ਤਰ੍ਹਾਂ ਵਿਸ਼ਵ ਧਰਮ ਦੀ ਵਿਗਿਆਨਕ ਅਤੇ ਕੁਦਰਤ ਦੇ ਨਿਯਮਾਂ ਉੱਪਰ ਆਧਾਰਤ ਵਿਸ਼ਵ ਵਿਚਾਰਧਾਰਾ ਦਾ ਜਨਮ ਹੁੰਦਾ ਹੈ।

ਹੁਣ ਇਸਾਈ ਧਰਮ ਦੀ ਉਦਾਹਰਣ ਦੀ ਪਰਖੋ ਕਰੋ :

"੧.੮-ਪਰਮੇਸ਼ਰ ਨੇ ਇਸ ਦੂਰੀ ਨੂੰ "ਅਕਾਸ਼" ਕਿਹਾ। ਤਦ ਸੰਝ ਹੋਈ ਅਤੇ ਸਵੇਰ ਆਈ, ਜੋ ਦੂਜਾ ਦਿਨ ਸੀ।

1. ਓਹੀ -ਪੰਨਾ : ੧੬੬

੧.੧੦-ਪਰਮੇਸ਼ਰ ਨੇ ਸੁਕੀ ਜ਼ਮੀਨ ਨੂੰ ਧਰਤੀ ਕਿਹਾ ਅਤੇ ਇੱਕ ਥਾਂ ਤੇ ਇਕੱਠੇ ਹੋ ਚੁੱਕੇ ਪਾਣੀ ਨੂੰ "ਸਮੁੰਦਰ" ਕਿਹਾ....।"[1]

"੨.੧-੪-ਸੋ ਸਭ ਸ੍ਰਿਸ਼ਟੀ ਅਤੇ ਇਸ ਦੀਆਂ ਚੀਜ਼ਾਂ ਦਾ ਬਣਾਉਣਾ ਸਮਾਪਤ ਹੋ ਗਿਆ। ੨-ਇਸ ਤਰ੍ਹਾਂ ਪਰਮੇਸ਼ਰ ਨੇ ਆਪਣਾ ਕੰਮ ਜੋ ਉਹ ਕਰ ਰਿਹਾ ਸੀ, ਸਤਵੇਂ ਦਿਨ ਸਮਾਪਤ ਕੀਤਾ ਅਤੇ ਉਸ ਦਿਨ ਉਸਨੇ ਆਪਣੇ ਸਭ ਕੰਮ ਤੋਂ ਵੇਹਲ ਪਾਈ। ੩- ਪਰਮੇਸ਼ਰ ਨੇ ਸਤਵੇਂ ਦਿਨ ਨੂੰ ਅਸੀਸ ਦੇਕੇ ਪਵਿੱਤਰ ਠਹਿਰਾਇਆ, ਕਿਉਂਕਿ ਇਸ ਦਿਨ ਉਸ ਨੇ ਆਪਣੀ ਸਭ ਬਣਾਈ ਰਚਨਾ ਦੇ ਕੰਮ ਤੋਂ ਵੇਹਲ ਪਾਈ ਸੀ। ੪- ਇਹ ਸਭ ਸ੍ਰਿਸ਼ਟੀ ਦੇ ਬਣਾਏ ਜਾਣ ਦਾ ਵਰਨਣ ਹੈ।"[2]

"੩੧-ਸੋ ਨਾ ਡਰੋ। ਤੁਸੀਂ ਬਹੁਤੀਆਂ ਚਿੜੀਆਂ ਨਾਲੋਂ ਉੱਤਮ ਹੋ। ੩੨-ਉਪਰੰਤ ਜੋ ਕੋਈ ਮਨੁੱਖਾਂ ਦੇ ਅੱਗੇ ਮੇਰਾ ਜਿਹੜਾ ਇਕਰਾਰ ਕਰੇਗਾ ਮੈਂ ਵੀ ਆਪਣੇ ਪਿਤਾ ਦੇ ਅੱਗੇ ਜਿਹੜਾ ਸੁਰਗ ਵਿੱਚ ਹੈ ਉਹਦਾ ਇਕਰਾਰ ਕਰਾਂਗਾ।" (ਮਤੀ-੧੦)"[3]

ਇਸਲਾਮ ਧਰਮ ਅਤੇ ਇਸਾਈ ਧਰਮ ਦੇ ਉਪਰੋਕਤ ਪੈਰਿਆਂ ਤੋਂ ਸਪਸ਼ਟ ਹੋ ਗਿਆ ਹੈ ਕਿ ਦੋਹਾਂ ਧਰਮਾਂ ਦਾ ਰੱਬ/ਪਰਮੇਸ਼ਰ ਆਪਣੇ ਸ੍ਰਿਸ਼ਟੀ ਤੋਂ ਬਾਹਰ ਅਰਸ਼/ਸਵਰਗ ਵਿੱਚ ਇਕੱਲਾ ਬੈਠਾ ਹੈ। ਉਹ ਸ੍ਰਿਸ਼ਟੀ ਦੇ ਕਣ ਕਣ ਵਿੱਚ ਵਿਰਾਜਮਾਨ ਨਹੀਂ ਹੈ।

ਵਿਚਾਰਨਯੋਗ ਦੂਜਾ ਨੁਕਤਾ ਸੀ ਪਸ਼ੂ ਬਲੀ ਦਾ।

ਇਸਲਾਮ ਧਰਮ ਵਿੱਚ ਪਸ਼ੂ ਬਲੀ ਨੂੰ ਸਾਬਤ ਕਰਨ ਦੀ ਲੋੜ ਨਹੀਂ ਕਿਉਂਕਿ ਇਸਲਾਮ ਧਰਮ ਵਿਚ ਅੱਲਾਹ ਨੂੰ ਖੁਸ਼ ਕਰਨ ਲਈ ਹਰ ਸਾਲ ਬਕਰਾਈਦ ਬੜੀ ਧੂਮ-ਧਾਮ ਨਾਲ ਮਨਾਈ ਜਾਂਦੀ ਹੈ।

ਹੁਣ ਅਸੀਂ ਇਸਾਈ ਧਰਮ ਵਿੱਚ ਪਸ਼ੂ ਬਲੀ ਬਾਰੇ ਚਰਚਾ ਕਰਦੇ ਹਾਂ। ਇਸਾਈ-ਧਰਮ ਦੇ ਧਾਰਮਕ ਗ੍ਰੰਥ ਪਵਿੱਤਰ ਬਾਈਬਲ ਦੇ ਪੁਰਾਨਾ ਨੇਮ ਦੇ ਪਹਿਲੇ ਅਧਿਆਏ ਵਿੱਚ ਦਰਜ ਹੈ,

"੩. ਕੁਝ ਦਿਨਾਂ ਦੇ ਪਿਛੋਂ ਕਇਨ ਆਪਣੀ ਫਸਲ

1. ਪਵਿੱਤਰ ਬਾਈਬਲ (ਪੁਰਾਨਾ ਨੇਮ) ਪੰਨਾ-੨.
2. ਓਹੀ-ਪੰਨਾ-੩
3. ਨਵਾਂ ਨਿਯਮ (ਪੰਜਾਬੀ) ਇੰਡੀਅਨ ਬਾਈਬਲ ਲਿਟਰੇਚਰ, ਮਦਰਾਸ-ਪੰਨਾ-੧੩.

ਦਾ ਕੁਝ ਫਲ ਚੜ੍ਹਾਵੇ ਦੇ ਤੌਰ ਤੇ ਪ੍ਰਭੂ ਦੇ ਸਾਹਮਣੇ ਲੈਕੇ ਆਇਆ। ੪. ਹਾਬਲ ਵੀ ਆਪਣੇ ਇਜੜ ਦਾ ਪਿਲੌਠਾ ਲੇਲਾ ਲੈ ਕੇ ਆਇਆ ਅਤੇ ਉਸ ਨੇ ਉਸ ਦੀ ਚਰਬੀ ਪ੍ਰਭੂ ਦੇ ਸਾਹਮਣੇ ਚੜ੍ਹਾਵੇ ਦੇ ਤੌਰ ਤੇ ਚੜ੍ਹਾਈ। ਪ੍ਰਭੂ ਹਾਬਲ ਦੇ ਚੜ੍ਹਾਵੇ ਤੋਂ ਖੁਸ਼ ਹੋਇਆ; ੫. ਪਰ ਉਸ ਨੇ ਕਇਨ ਅਤੇ ਉਸ ਦੇ ਚੜ੍ਹਾਵੇ ਨੂੰ ਪਸੰਦ ਨਾ ਕੀਤਾ। ਇਸ ਤੇ ਕਾਇਨ ਬਹੁਤ ਕ੍ਰੋਧਿਤ ਹੋਇਆ ਅਤੇ ਉਸ ਦਾ ਮੂੰਹ ਉਤਰ ਗਿਆ।"[1] (ਉਤਪਤ ੪.੩-੫)

"੨੦. ਤਦ ਨੂਹ ਨੇ ਪ੍ਰਭੂ ਦੇ ਲਈ ਇਕ ਵੇਦੀ ਬਣਾਈ ਅਤੇ ਉਸ ਉਤੇ ਸ਼ੁਧ ਜਾਨਵਰਾਂ ਅਤੇ ਪੰਛੀਆਂ ਵਿੱਚੋਂ ਲੈ ਕੇ ਹੋਮ ਬਲੀ ਚੜ੍ਹਾਈ। ੨੧. ਪ੍ਰਭੂ ਨੂੰ ਉਸ ਬਲੀ ਦੀ ਸੁਗੰਧੀ ਚੰਗੀ ਲਗੀ.....।"[2] (ਉਤਪਤ -੮.੨੦-੨੧)

ਇਸਾਈ ਧਰਮ ਦੀ ਧਾਰਮਕ ਪੁਸਤਕ ਬਾਈਬਲ ਵਿਚੋਂ ਦਿੱਤੇ ਉਪਰੋਕਤ ਪੈਰਿਆਂ ਤੋਂ ਸਪਸ਼ਟ ਹੋ ਗਿਆ ਹੈ ਕਿ ਇਸਾਈ ਧਰਮ ਵਿੱਚ 'ਪ੍ਰਭੂ' ਪਸ਼ੂ ਬਲੀ* ਪ੍ਰਾਪਤ ਕਰਕੇ ਖੁਸ਼ ਹੁੰਦਾ ਹੈ ਪਰ ਫਲਾਂ ਦਾ ਚੜ੍ਹਾਵਾ ਪ੍ਰਾਪਤ ਕਰਕੇ ਨਹੀਂ। ਇਸ ਤਰ੍ਹਾਂ ਇਸਲਾਮ ਧਰਮ ਅਤੇ ਇਸਾਈ ਧਰਮ ਦੀ ਵਿਚਾਰਧਾਰਾ ਵਿੱਚ ਪਸ਼ੂ ਦੀ ਬਲੀ ਨੂੰ ਮਾਨਤਾ ਪ੍ਰਾਪਤ ਹੈ। ਦੂਜੇ ਇਹ ਬਲੀ 'ਪ੍ਰਭੂ' ਦੀ ਪ੍ਰਸੰਨਤਾ ਪ੍ਰਾਪਤ ਕਰਨ ਹਿਤ ਕੀਤੀ ਜਾਂਦੀ ਹੈ।

ਉਪਰੋਕਤ ਚਰਚਾ ਤੋਂ ਸਿੱਧ ਹੋ ਗਿਆ ਹੈ ਕਿ :

੧. ਇਸਲਾਮ ਧਰਮ ਦਾ 'ਰੱਬ' ਸਤਵੇਂ ਆਕਾਸ਼ ਵਿੱਚ ਵਿਰਾਜਮਾਨ ਹੈ।

੨. ਰੱਬ ਅਪਣੀ ਕਾਇਨਾਤ ਵਿੱਚ ਵਿਰਾਜਮਾਨ ਨਹੀਂ ਹੈ।

੩. ਰੱਬ ਪਸ਼ੂ ਦੀ ਕੁਰਬਾਨੀ ਲੈਕੇ ਖੁਸ਼ ਹੁੰਦਾ ਹੈ।

(ਨੋਟ) — ਇਸਲਾਮ ਧਰਮ ਦੇ ਉਪਰੋਕਤ ਬੁਨਿਆਦੀ ਸਿਧਾਂਤ ਇਸਾਈ ਧਰਮ ਦੇ ਵੀ ਬੁਨਿਆਦੀ ਸਿਧਾਂਤ ਹਨ।

ਦੋਹਾਂ ਧਰਮਾਂ ਦੇ ਤੁਲਨਾਤਮਕ ਅਧਿਐਨ ਦੀ ਚਰਚਾ ਤੋਂ ਸਿੱਧ ਹੋ ਗਿਆ ਹੈ ਕਿ ਜੋ ਸੰਕਲਪ 'ਰੱਬ' ਅਤੇ 'ਪਸ਼ੂ ਬਲੀ' ਪ੍ਰਤੀ ਇਸਲਾਮ ਧਰਮ ਵਿੱਚ ਨਿਰੂਪਤ ਹੈ ਓਹੀ ਸੰਕਲਪ ਇਸਾਈ ਧਰਮ ਵਿੱਚ ਵੀ ਨਿਰੂਪਤ ਹੈ।

---

1. ਪਵਿੱਤਰ ਬਾਈਬਲ (ਪੁਰਾਨਾ ਨੇਮ) - ਪੰਨਾ-੬.

2. ਓਹੀ-ਪੰਨਾ-੧੧.

** ਨਵੇਂ ਨਿਯਮ ਵਿੱਚ ਪਸ਼ੂ ਬਲੀ ਦੀ ਪ੍ਰਥਾ ਨਹੀਂ ਹੈ।*

ਪਰ ਗੁਰੂ ਰਵਿਦਾਸ ਜੀ ਨੇ ਗੁਰੂ ਕਬੀਰ ਜੀ ਦਾ ਦ੍ਰਿਸ਼ਟਾਂਤ ਦੇ ਕੇ ਇਸਾਈ ਧਰਮ ਅਤੇ ਇਸਲਾਮ ਧਰਮ ਦੇ ਆਪਣੇ ਕਾਇਨਾਤ ਤੋਂ ਅਲੱਗ ਸਤਵੇਂ ਅਕਾਸ਼ ਵਿੱਚ ਬੈਠੇ 'ਰੱਬ' ਦੇ ਸੰਕਲਪ ਨੂੰ ਰੱਦ ਕਰ ਦਿੱਤਾ ਹੈ ਅਤੇ 'ਗਊ ਨੂੰ ਬਕਰਾਈਦ ਵਾਲੇ ਦਿਨ ਹਲਾਲ' ਕਰਨ ਭਾਵ 'ਪਸ਼ੂ ਬਲੀ' ਦੇ ਕਰਮ-ਕਾਂਡ ਨੂੰ ਵੀ ਸ਼ਕਤੀਸ਼ਾਲੀ ਦਲੀਲਾਂ ਦੇਕੇ ਰੱਦ ਕਰ ਦਿੱਤਾ ਹੈ।

ਸੋ ਗੁਰੂ ਰਵਿਦਾਸ ਜੀ ਨੇ ਬੰਦ ਨੰ. ੨ ਵਿੱਚ ਇਸਲਾਮ ਧਰਮ ਅਤੇ ਇਸਾਈ ਧਰਮ ਦੀ ਵਿਚਾਰਧਾਰਾ ਅਤੇ ਕਰਮ-ਕਾਂਡ ਨੂੰ ਰੱਦ ਕਰਕੇ ਅਤੇ ਇਨ੍ਹਾਂ ਦੀ ਥਾਂ ਇੱਕ ਨਵੀਂ ਵਿਸ਼ਵ ਵਿਆਪੀ ਵਿਚਾਰਧਾਰਾ ਸਿਰਜਕੇ ਇੱਕ ਨਵੇਂ ਵਿਸ਼ਵ ਧਰਮ ਦੀ ਸਿਰਜਣਾ ਕੀਤੀ ਹੈ, ਜਿਹੜੀ ਇਸ ਸ਼ਬਦ ਦੇ ਰਹਾਉ ਵਿੱਚ ਨਿਰੂਪਤ ਹੈ।

ਗੁਰੂ ਨਾਮਦੇਵ ਜੀ, ਗੁਰੂ ਰਵਿਦਾਸ ਜੀ ਅਤੇ ਗੁਰੂ ਕਬੀਰ ਜੀ, ਇਹ ਤਿੰਨੇ ਅਛੂਤ ਮਹਾਂਪੁਰਸ਼ ਹਿੰਦੂ ਧਰਮ, ਇਸਾਈ ਧਰਮ ਅਤੇ ਇਸਲਾਮ ਧਰਮ ਦੀ ਵਿਚਾਰਧਾਰਾ ਨੂੰ ਤਿਆਗ ਕੇ, ਕਣ ਕਣ ਵਿਚ ਵਿਚਰ ਰਹੇ ਪ੍ਰਭ ਦਾ ਸਿਮਰਨ ਕਰਕੇ ਪ੍ਰਭ ਨੂੰ ਪ੍ਰਾਪਤ ਹੁੰਦੇ ਹਨ। ਇਸ ਤਰ੍ਹਾਂ ਤਿੰਨੇ ਮਹਾਂਪੁਰਸ਼ ਇੱਕੋ ਪੱਧਰ ਤੇ ਹੀ ਵਿਚਰਦੇ ਹਨ।

ਪਰ ਬੰਦ ਨੰ. ੩ ਵਿੱਚ ਗੁਰੂ ਰਵਿਦਾਸ ਜੀ ਕ੍ਰਾਂਤੀਕਾਰੀ ਚਮਤਕਾਰ ਕਰਦੇ ਹਨ। ਉਹ ਇਸ ਚਮਤਕਾਰ ਨਾਲ ਦੋਹਾਂ ਮਹਾਂਪੁਰਸ਼ਾਂ ਤੋਂ ਬਹੁਤ ਅੱਗੇ ਨਿਕਲ ਜਾਂਦੇ ਹਨ। ਉਹ ਅਛੂਤ ਵੀ ਹਨ ਅਤੇ ਮਰੇ ਹੋਏ ਪਸ਼ੂਆਂ ਨੂੰ ਢੋਂਦੇ ਵੀ ਹਨ। ਇਸ ਸਭ ਕੁਝ ਹੋਣ ਦੇ ਬਾਵਜੂਦ, ਗੁਰੂ ਜੀ ਬ੍ਰਾਹਮਣਾਂ ਤੋਂ ਹੀ ਉਨ੍ਹਾਂ ਦੇ ਆਪਣੇ ਹਿੰਦੂ ਧਰਮ ਦੀ ਵਿਚਾਰਧਾਰਾ ਅਤੇ ਕਰਮ-ਕਾਂਡ ਦਾ ਖੰਡਨ ਕਰਵਾਉਂਦੇ ਹਨ। ਹਿੰਦੂ ਧਰਮ ਗ੍ਰੰਥਾਂ-ਵੇਦ, ਰਾਮਾਇਣ, ਗੀਤਾ ਅਤੇ ਸ਼ਾਸਤਰਾਂ ਦੀ ਮਰਿਆਦਾ ਵਿੱਚ ਪ੍ਰਬੀਨ ਅਤੇ ਪਰਪੱਕ, ਆਪਣੇ ਹੀ ਦੇਹਧਾਰੀ ਭਗਵਾਨਾਂ ਦਾ ਅਤੇ ਵਿਚਾਰਧਾਰਾ ਦਾ ਖੰਡਨ ਕਰਦੇ ਹਨ। ਇਥੇ ਹੀ ਬਸ ਨਹੀਂ, ਫਿਰ ਇਹੋ ਬ੍ਰਾਹਮਣ ਬੜੀ ਹੀ ਨਿਮਰਤਾ ਸਹਿਤ ਡੰਡੇ ਵਾਂਗ ਸਿੱਧੇ ਜ਼ਮੀਨ ਤੇ ਲੇਟਕੇ ਗੁਰੂ ਰਵਿਦਾਸ ਜੀ ਨੂੰ ਡੰਡਾਉਤ ਕਰਦੇ ਹਨ। ਇਹ ਬ੍ਰਾਹਮਣ ਕੇਵਲ ਤੇ ਕੇਵਲ ਇੱਕ ਪ੍ਰਭ ਨੂੰ ਜਿਹੜਾ ਕਣ ਕਣ ਵਿੱਚ ਵਿਰਾਜਮਾਨ ਹੈ ਦਾ ਸਿਮਰਨ ਕਰਦੇ ਹੋਏ ਨਵੀਂ ਵਿਸ਼ਵ ਧਰਮ ਦੀ ਵਿਚਾਰਧਾਰਾ ਨੂੰ ਪ੍ਰਵਾਨ ਕਰਦੇ ਹਨ ਅਤੇ ਗੁਰੂ ਰਵਿਦਾਸ ਜੀ ਨੂੰ 'ਗੁਰੂ' ਧਾਰਨ ਕਰਦੇ ਹਨ। ਇਹ ਕ੍ਰਾਂਤੀਕਾਰੀ ਚਮਤਕਾਰ ਗੁਰੂ ਰਵਿਦਾਸ ਜੀ ਦੇ ਸ਼ਬਦਾਂ ਵਿੱਚ ਦਰਜ ਹੈ :

ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢਵੰਤ ਫਿਰਹਿ

ਅਜਹੁ ਬੰਨਾਰਸੀ ਆਸ ਪਾਸਾ॥
ਆਚਾਰ ਸਹਿਤ ਬਿਪ੍ ਕਰਹਿ ਡੰਡਉਤਿ
ਤਿਨ ਤਨੈ ਰਵਿਦਾਸ ਦਾਸਾਨ ਦਾਸਾ॥੩॥੨॥

ਇਸ ਨਵੀਂ ਵਿਸ਼ਵ ਧਰਮ ਦੀ ਵਿਚਾਰਧਾਰਾ ਨਾਲ ਭਾਰਤ ਵਿੱਚ ਧਾਰਮਕ, ਸਮਾਜਕ ਬਰਾਬਰੀ ਅਤੇ ਨਿਆਂ ਉੱਪਰ ਆਧਾਰਤ ਭਾਈਚਾਰੇ ਦਾ ਮੁੱਢ ਬੱਝਦਾ ਹੈ। ਇਸ ਮਹਾਨ ਕ੍ਰਾਂਤੀਕਾਰੀ ਚਮਤਕਾਰ ਨਾਲ ਭਾਰਤ ਦੇ ਨਵ-ਨਿਰਮਾਣ ਦਾ ਵੀ ਮੁੱਢ ਬੱਝਦਾ ਹੈ।

ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ

ਗੁਰੂ ਰਵਿਦਾਸ ਜੀ ਨੇ ਇਸ ਸ਼ਬਦ ਵਿੱਚ ਹਿੰਦੂ ਧਰਮ ਦੇ ਬਹੁ-ਭਗਵਾਨਵਾਦ, ਬਹੁ-ਦੇਵਤਾਵਾਦ, ਉਨ੍ਹਾਂ ਨਾਲ ਸੰਬੰਧਤ ਵਿਚਾਰਧਾਰਾ ਅਤੇ ਕਰਮ-ਕਾਂਡ ਦਾ ਖੰਡਨ ਕੀਤਾ ਹੈ ਅਤੇ ਇਸਾਈ ਧਰਮ ਅਤੇ ਇਸਲਾਮ ਧਰਮ ਦੇ ਅਰਸ਼/ਸਵਰਗ ਵਿੱਚ ਵਿਰਾਜਮਾਨ ਰੱਬ/ਪਰਮੇਸ਼ਰ ਦਾ ਅਤੇ ਕੁਰਬਾਨੀ ਦਾ ਖੰਡਨ ਕਰਕੇ ਇੱਕ ਨਵੇਂ ਵਿਸ਼ਵ ਧਰਮ ਦੀ ਵਿਚਾਰਧਾਰਾ ਅਤੇ 'ਇਕ ਸਰਵ-ਵਿਆਪਕ ਪ੍ਰਭ' ਦੀ ਸਥਾਪਨਾ ਕੀਤੀ ਹੈ।

'ਰਹਾਉ' ਵਿੱਚ ਗੁਰੂ ਰਵਿਦਾਸ ਜੀ ਸਪੱਸ਼ਟ ਕਰਦੇ ਹਨ ਕਿ ਕੇਵਲ ਤੇ ਕੇਵਲ ਪ੍ਰਭ ਹੀ ਸ੍ਰਿਸ਼ਟੀ ਦਾ ਸਿਰਜਣਹਾਰ, ਪਾਲਕ ਅਤੇ ਸਿੰਘਾਰ ਕਰਨ ਵਾਲਾ ਹੈ। ਬ੍ਰਹਮਾ, ਵਿਸ਼ਨੂੰ, ਮਹੇਸ਼ ਦੀ ਸਿਰਜਣਾ ਵੀ ਪ੍ਰਭ ਨੇ ਹੀ ਕੀਤੀ ਹੈ। ਇਹ ਹਿੰਦੂ ਧਰਮ ਦੇ ਪ੍ਰਮੁੱਖ ਭਗਵਾਨ ਤਾਂ ਪ੍ਰਭ ਦੇ ਭਗਤ ਦੇ ਵੀ ਬਰਾਬਰ ਨਹੀਂ ਹਨ। ਇਸ ਕਰਕੇ ਉਹ ਸ੍ਰਿਸ਼ਟੀ ਸਿਰਜਕ, ਪਾਲਕ ਅਤੇ ਸਿੰਘਾਰ ਕਰਨ ਵਾਲੇ ਤਾਂ ਹੋ ਹੀ ਨਹੀਂ ਸਕਦੇ। ਇਸ ਕਰਕੇ ਹਿੰਦੂ ਧਰਮ ਦੇ ਪ੍ਰਮੁੱਖ ਭਗਵਾਨ ਬ੍ਰਹਮਾ, ਵਿਸ਼ਨੂੰ, ਮਹੇਸ਼ ਦਾ ਖੰਡਨ ਕੀਤਾ ਹੈ। ਸਿੱਟੇ ਵਜੋਂ ਹਿੰਦੂ ਧਰਮ ਦੀ ਵਿਚਾਰਧਾਰਾ ਦਾ ਵੀ ਖੰਡਨ ਹੋ ਗਿਆ ਹੈ। ਇਸ ਬੰਦ ਵਿੱਚ ਇਹ ਵੀ ਸਪਸ਼ਟ ਕੀਤਾ ਹੈ ਕਿ ਪ੍ਰਭ ਕੇਵਲ ਤੇ ਕੇਵਲ 'ਇੱਕ' ਹੈ। ਉਹ ਆਪਣੀ ਸਿਰਜੀ ਸ੍ਰਿਸ਼ਟੀ ਵਿੱਚ, ਇਕ ਤੋਂ ਅਨੇਕ ਬਣ, ਸ੍ਰਿਸ਼ਟੀ ਦੇ ਕਣ ਕਣ ਵਿੱਚ ਵਿਚਰ ਰਿਹਾ ਹੈ। ਉਹ ਕੇਵਲ ਤੇ ਕੇਵਲ ਇਕ ਹੈ ਅਤੇ ਦਿਸ ਰਹੀ ਉਸ ਦੀ ਸਿਰਜੀ ਸ੍ਰਿਸ਼ਟੀ ਵਿੱਚ ਉਹ ਆਪ ਹੀ ਵਿਰਾਜਮਾਨ ਹੈ। ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਵੀ ਪ੍ਰਭ ਦੀ ਹੀ ਸਿਰਜਣਾ ਹੈ ਅਤੇ ਪ੍ਰਭ ਉਨ੍ਹਾਂ ਵਿੱਚ ਵੀ ਵਿਰਾਜਮਾਨ ਹੈ। ਇਸ ਕਰਕੇ ਸਭ ਬਰਾਬਰ ਹਨ, ਉਸ ਦੇ ਵਿਧਾਨ ਵਿੱਚ ਜਾਤ-ਪਾਤ, ਛੂਤ-ਛਾਤ, ਉੱਚਾ-ਨੀਵਾਂ, ਅਮੀਰ-ਗਰੀਬ, ਕੋਈ ਨਹੀਂ ਹੈ। ਦੂਜੇ, ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਵੀ ਪ੍ਰਭ ਦੇ ਹੀ ਅਧੀਨ ਹਨ।

ਇਸ ਤਰ੍ਹਾਂ ਇਸ 'ਰਹਾਉ' ਵਾਲੇ ਬੰਦ ਦਾ ਕੇਂਦਰੀ ਬਿੰਦੂ ਇਹ ਹੈ ਕਿ ਪ੍ਰਭ ਕੇਵਲ ਤੇ ਕੇਵਲ ਇੱਕ ਹੈ। ਸਿੱਟੇ ਵਜੋਂ ਧਰਮ ਇੱਕ ਹੈ ਅਤੇ ਸਾਰੇ ਜੀਵਾਂ ਵਿੱਚ ਵਿਆਪਕ ਹੋਣ ਕਰਕੇ, ਸਭ ਜੀਵ ਬਰਾਬਰ ਹਨ। ਇਸ ਕਰਕੇ ਇਸ ਸ਼ਬਦ ਦੇ ਬੰਦ ਨੰ. ੧, ੨ ਅਤੇ ੩ ਵਿੱਚ ਹਿੰਦੂ ਧਰਮ ਇਸਾਈ ਧਰਮ ਅਤੇ ਇਸਲਾਮ ਧਰਮ ਆਦਿ ਦੀ ਵਿਚਾਰਧਾਰਾ ਅਤੇ ਕਰਮ-ਕਾਂਡ ਦਾ ਖੰਡਨ ਕੀਤਾ ਗਿਆ ਹੈ।

ਬੰਦ ਨੰ. ੧ ਵਿੱਚ ਗੁਰੂ ਨਾਮਦੇਵ ਜੀ ਦਾ ਦ੍ਰਿਸ਼ਟਾਂਤ ਦੇ ਕੇ 'ਰਹਾਉ' ਵਿੱਚ ਨਿਰੂਪਤ ਹਿੰਦੂ ਧਰਮ ਦੇ 'ਭਗਵਾਨਾਂ' ਅਤੇ ਉਨ੍ਹਾਂ ਦੀ ਵਿਚਾਰਧਾਰਾ ਨੂੰ ਅਮਲੀ ਰੂਪ ਵਿੱਚ ਪ੍ਰਤੱਖ ਪ੍ਰਮਾਣ ਦੇਕੇ ਰੱਦ ਕਰਦਿਆਂ ਸਿੱਧ ਕੀਤਾ ਹੈ ਕਿ ਪ੍ਰਭ ਦੇ ਵਿਧਾਨ ਵਿੱਚ ਜਾਤੀ ਪ੍ਰਥਾ, ਛੂਤ-ਛਾਤ ਨਹੀਂ ਹੈ। ਸਾਰੇ ਜੀਵ ਬਰਾਬਰ ਹਨ।

ਬੰਦ ਨੰ. ੨ ਵਿੱਚ ਗੁਰੂ ਕਬੀਰ ਜੀ ਦਾ ਦ੍ਰਿਸ਼ਟਾਂਤ ਦੇ ਕੇ ਸਪਸ਼ਟ ਕੀਤਾ ਗਿਆ ਹੈ ਕਿ ਇਸਲਾਮ ਧਰਮ ਕੁਰਬਾਨੀ ਦੇ ਕੇ ਅੱਲਾ ਨੂੰ ਖੁਸ਼ ਕਰਨ ਲਈ ਗਊ ਹੱਤਿਆ ਕਰਦਾ ਹੈ ਅਜਿਹਾ ਕਰਨਾ ਕੁਦਤਰ ਦੇ ਨਿਯਮ ਵਿਰੁੱਧ ਹੈ ਅਤੇ 'ਰਹਾਉ' ਵਿਚ ਵਿਚਾਰਧਾਰਕ ਸਿਧਾਂਤ ਦੀ ਵੀ ਉਲੰਘਣਾ ਹੈ। ਜਦ ਕਿ ਹਿੰਦੂ ਧਰਮ ਗਊ ਦੀ ਪੂਜਾ ਕਰਦਾ ਹੈ। ਇਸ ਤਰ੍ਹਾਂ ਇਸਲਾਮ ਦਾ ਇਹ ਕਰਮ-ਕਾਂਡ ਅੱਲਾ ਨੂੰ ਖੁਸ਼ ਨਹੀਂ ਕਰਦਾ। ਇਸ ਕਾਰਣ ਗੁਰੂ ਰਵਿਦਾਸ ਜੀ ਨੇ ਗੁਰੂ ਕਬੀਰ ਜੀ ਦਾ ਸਹਾਰਾ ਲੈਕੇ ਇਸਲਾਮ ਧਰਮ ਅਤੇ ਇਸਾਈ ਧਰਮ ਦੇ ਦਰਸ਼ਨ ਅਤੇ ਕਰਮ-ਕਾਂਡ ਨੂੰ ਰੱਦ ਕਰ ਦਿੱਤਾ ਹੈ।

ਬੰਦ ਨੰ: ੨ 'ਰਹਾਉ' ਅਤੇ ਬੰਦ ਨੰ. ੧ ਵਿੱਚ ਹਿੰਦੂ ਧਰਮ ਦੇ ਪ੍ਰਮੁੱਖ 'ਭਗਵਾਨਾਂ' ਅਤੇ ਫਿਰ ਅਛੂਤ ਮਹਾਂਪੁਰਸ਼ਾਂ ਦੀਆਂ ਉਦਾਹਰਣਾਂ ਦੇਕੇ ਦੁਬਾਰਾ ਹਿੰਦੂ ਧਰਮ ਦੇ 'ਭਗਵਾਨਾਂ', ਦੇਵੀ-ਦੇਵਤਿਆਂ ਅਤੇ ਉਨ੍ਹਾਂ ਦੀ ਵਿਚਾਰਧਾਰਾ ਨੂੰ ਰੱਦ ਕੀਤਾ ਗਿਆ ਹੈ।

ਪਰ ਬੰਦ ਨੰ. ੩ ਵਿੱਚ ਇੱਕ ਕ੍ਰਾਂਤੀਕਾਰੀ ਚਮਤਕਾਰ ਵਾਪਰਦਾ ਹੈ। ਹਿੰਦੂ ਧਰਮ ਦੇ ਧਰਮ ਗ੍ਰੰਥਾਂ ਅਤੇ ਸ਼ਾਸਤਰਾਂ ਦੀ ਮਰਿਆਦਾ ਵਿੱਚ ਪਰਪੱਕ ਅਤੇ ਪ੍ਰਬੀਨ, ਬ੍ਰਾਹਮਣਾਂ ਨੇ ਖੁਦ ਹਿੰਦੂ ਧਰਮ ਦੇ 'ਭਗਵਾਨਾਂ' 'ਦੇਵੀ ਦੇਵਤਿਆਂ' ਅਤੇ ਉਨ੍ਹਾਂ ਦੀ ਵਿਚਾਰਧਾਰਾ ਨੂੰ ਰੱਦ ਕਰਕੇ (ਗੁਰੂ) ਰਵਿਦਾਸ ਚਮਾਰ ਦੀ ਵਿਸ਼ਵ ਧਰਮ ਦੀ ਨਵੀਂ ਵਿਚਾਰਧਾਰਾ ਅਤੇ ਇੱਕੋ-ਇੱਕ ਪ੍ਰਭ ਨੂੰ ਪ੍ਰਵਾਨ ਕੀਤਾ ਹੈ ਅਤੇ ਉਨ੍ਹਾਂ ਨੂੰ ਗੁਰੂ ਧਾਰਿਆ ਹੈ। ਇਹ ਕ੍ਰਾਂਤੀਕਾਰੀ ਘਟਨਾ ਭਾਰਤ ਦੇ ਨਵ-ਨਿਰਮਾਣ ਦਾ ਮੁੱਢ ਬੰਨਦੀ ਹੈ।

ਇਹੋ ਹੀ ਰਾਗ "ਮਲਾਰ ਦਾ ਪ੍ਰਭਾਵ ਹੈ ਸਾਰੇ ਪਾਸੇ ਉਤਸ਼ਾਹ ਦਾ ਵਾਤਾਵਰਣ ਨਹੀਂ ਬਣ ਸਕਦਾ, ਜਿੰਨਾਂ ਚਿਰ ਹਿੰਦੂ ਧਰਮ ਦੇ ਖੂੰਖਾਰ ਮਨੁੱਖਤਾ ਮਾਰੂ ਨਿਯਮ ਅਤੇ ਵਿਚਾਰਧਾਰਾ ਦਾ ਖੰਡਨ ਕਰਕੇ ਅਪ੍ਰਵਾਨ ਨਹੀਂ ਕੀਤਾ ਜਾਂਦਾ ਅਤੇ ਆਤਮ ਵਿਕਾਸ ਦੀ ਸੰਪੂਰਨਤਾ ਲਈ ਹੋਰ ਧਰਮਾਂ ਦੇ ਕੁਦਰਤੀ ਨਿਯਮਾਂ ਵਿਰੋਧੀ ਧਰਮਾਂ ਨੂੰ ਰੱਦ ਨਹੀਂ ਕੀਤਾ ਜਾਂਦਾ।" ਇਹੋ ਹੀ ਕਾਰਣ ਹੈ ਕਿ ਬ੍ਰਾਹਮਣ ਲੋਕ ਰਾਗ ਮਲਾਰ ਵਿੱਚ ਇਸ ਸ਼ਬਦ ਨੂੰ ਸੁਣ ਕੇ ਨਿਹਾਲ ਹੋ ਜਾਂਦੇ ਹਨ ਅਤੇ ਗੁਰੂ ਰਵਿਦਾਸ ਜੀ ਨੂੰ ਗੁਰੂ ਧਾਰ ਲੈਂਦੇ ਹਨ। ਇਸ ਭਾਵਨਾ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਬੜੇ ਸਪਸ਼ਟ ਰੂਪ ਵਿੱਚ ਪ੍ਰਗਟਾਇਆ ਗਿਆ ਹੈ :

ਗੁਰਮੁਖਿ ਮਲਾਰ ਰਾਗੁ ਜੋ ਕਰਹਿ
ਤਿਨ ਮਨੁ ਤਨੁ ਸੀਤਲੁ ਹੋਇ॥
ਗੁਰ ਸ਼ਬਦੀ ਏਕੁ ਪਛਾਣਿਆ
ਏਕੋ ਸਚਾ ਸੋਇ॥

ਸੋ ਸਮੁੱਚਾ ਸ਼ਬਦ, ਰਾਗ ਮਲਾਰ ਦੀ ਪਰਿਭਾਸ਼ਾ ਅਨੁਸਾਰ ਹੀ ਸਿਰਜਿਆ ਗਿਆ ਹੈ।

ਰਹਾਉ ਵਾਲੇ ਬੰਦ ਵਿਚ ਹੇਠ ਲਿਖੇ ਸਿਧਾਂਤ ਰੂਪਮਾਨ ਹੁੰਦੇ ਹਨ :

1. ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਵੀ ਜੀਵ ਹਨ ਅਤੇ ਪ੍ਰਭ ਦੀ ਸਿਰਜਣਾ ਹਨ। ਉਨ੍ਹਾਂ ਵਿਚ ਵੀ ਉਹੋ ਪ੍ਰਭ ਵਿਰਾਜਮਾਨ ਹੈ।

2. ਪ੍ਰਭ-ਪਰਮਾਤਮਾ ਕੇਵਲ ਤੇ ਕੇਵਲ ਇੱਕ ਹੈ।

3. ਉਹ 'ਇੱਕੋ' ਹੀ 'ਅਨੇਕ' ਹੋ ਕੇ, ਵਿਸਥਾਰ ਕਰ ਸ੍ਰਿਸ਼ਟੀ ਸਿਰਜਦਾ ਹੈ।

4. ਉਹ ਸ੍ਰਿਸ਼ਟੀ ਦੇ ਕਣ-ਕਣ ਵਿਚ ਰਮਿਆ ਹੋਇਆ ਹੈ, ਮੂਰਤੀਮਾਨ ਹੈ, ਨਿਰੂਪਤ ਹੈ।

ਅੱਜ ਦੇ ਵਿਸ਼ਵ ਵਿਗਿਆਨੀਆਂ ਗੁਰੂ ਰਵਿਦਾਸ ਜੀ ਦੀ ਕੀਤੀ ਖੋਜ ਦੀ ਪੁਸ਼ਟੀ ਕੀਤੀ ਹੈ। ਇੱਕੀਵੀਂ ਸਦੀ ਦੇ ਵਿਗਿਆਨੀ ਗੁਰੂ ਜੀ ਦੀ ਖੋਜ ਤੋਂ ਅੱਗੇ ਨਹੀਂ ਵਧ ਸਕੇ।

ਵਿਸ਼ਵ ਦੇ ਸਾਰੇ ਵਿਗਿਆਨੀਆਂ ਨੇ ਧਰਤੀ ਹੇਠ 28 ਕਿਲੋਮੀਟਰ ਲੰਮੀ ਸੁਰੰਗ (Tunel) ਬਣਾ ਕੇ ਬੜਾ ਧਮਾਕਾ (Big Bang) ਕੀਤਾ ਅਤੇ ਪ੍ਰਭ-ਅੰਸ਼ (God Partical) ਦੀ ਖੋਜ ਕੀਤੀ। ਇਸ ਦਾ ਅਰਥ ਇਹ ਹੈ ਕਿ ਇਹ ਪ੍ਰਭ-ਅੰਸ਼ ਅਨੰਤ ਹਨ, ਕਿਆਸ ਤੋਂ ਵੀ ਬਾਹਰ ਹਨ। ਇਸ ਦਾ ਅੱਗੋਂ ਹੋਰ ਅਰਥ ਹੈ ਕਿ ਹਰ ਅੰਸ਼ (Particle) ਵਿਚ ਪ੍ਰਭ-ਅੰਸ਼ ਬਿਰਾਜਮਾਨ ਹੈ। ਸਪੱਸ਼ਟ ਹੈ ਇਕ ਇਕੱਲਾ ਅੰਸ਼ ਵਿਸ਼ਵ ਦੀ ਸਿਰਜਣਾ ਨਹੀਂ ਕਰ ਸਕਦਾ। ਕਾਰਣ : ਇਸ ਤਰ੍ਹਾਂ ਦੇ ਅਣਕਿਆਸੇ ਅੰਸ਼ ਸ੍ਰਿਸ਼ਟੀ ਵਿਚ ਬਿਰਾਜਮਾਨ ਹਨ।

ਪਰ ਸਵਾਲ ਤਾਂ ਉਥੇ ਹੀ ਖੜ੍ਹਾ ਹੈ, ਇਸ ਦਾ ਜਵਾਬ ਨਹੀਂ ਦਿੱਤਾ ਗਿਆ ਕਿ ਇਹ ਅੰਸ਼ ਕਿਸ ਨੇ ਪੈਦਾ ਕੀਤਾ ਹੈ? ਵਿਸ਼ਵ ਵਿਗਿਆਨੀਆਂ ਵਾਸਤੇ ਇਹ ਵੀ ਬਹੁਤ ਗੰਭੀਰ ਅਤੇ ਵੱਡਾ ਛੁਪਿਆ ਹੋਇਆ ਭੇਦ ਹੈ। ਇਹ ਪੱਕਾ ਹੈ ਅਤੇ ਹੈ ਵੀ ਸੱਚ ਕਿ ਗੁਰੂ ਰਵਿਦਾਸ ਜੀ ਦੀ ਖੋਜ ਹੈ ਕਿ ਸਮੁੱਚਾ ਵਿਸ਼ਵ ਇਕ ਪ੍ਰਭ ਦੀ ਸਿਰਜਣਾ ਹੈ। ਇਸੇ ਹੀ ਪ੍ਰਭ ਨੇ ਅਨੰਤ ਅੰਸ਼, ਅਣੂ ਆਦਿ ਪੈਦਾ ਕੀਤੇ। ਸਾਰੇ ਵਿਸ਼ਵ ਵਿਗਿਆਨੀਆਂ ਨੇ ਇਨ੍ਹਾਂ ਅੰਸ਼ਾਂ ਅਣੂਆਂ ਨੂੰ 'ਪ੍ਰਭ-ਅਣੂ ਜਾਂ ਅੰਸ਼' (God Particle) ਦਾ ਨਾਮ ਦਿੱਤਾ। ਇਸ ਤਰ੍ਹਾਂ ਇਹ ਪਰਪੱਕ ਰੂਪ ਵਿਚ ਸਾਬਤ ਹੋ ਗਿਆ ਹੈ ਕਿ ਗੁਰੂ ਰਵਿਦਾਸ ਜੀ ਅਨੰਤ ਅਣੂਆਂ, ਅੰਸ਼ਾਂ ਦੀ ਕਾਢ ਕੱਢੀ ਅਤੇ ਸਪੱਸ਼ਟ ਕੀਤਾ ਕਿ ਇਨ੍ਹਾਂ ਅਣੂਆਂ ਦੀ ਸਮੂਹ, ਇਸ ਸ੍ਰਿਸ਼ਟੀ ਦੀ ਸਿਰਜਣਾ ਦਾ ਸਾਧਨ ਬਣਿਆ ਹੈ। ਗੁਰੂ ਰਵਿਦਾਸ ਜੀ ਦਾ ਕਥਨ ਹੈ :

ਏਕ ਹੀ ਏਕ ਅਨੇਕ ਹੋਇ ਵਿਸਥਰਿਓ

ਆਨ ਰੇ ਆਨ ਭਰਪੂਰ ਸੋਊ॥ ਰਹਾਉ॥

ਇਸ ਤਰ੍ਹਾਂ ਪ੍ਰਭ ਨੇ ਇਕ ਨਹੀਂ ਅਨੇਕਾਂ ਅਣੂ, ਅੰਸ਼ ਆਪਣੇ ਆਪ ਪੈਦਾ ਕੀਤੇ ਹਨ ਅਤੇ ਹਰ ਇਕ ਅਣੂ-ਅੰਸ਼ ਵਿਚ ਖੁਦ ਪ੍ਰਭ ਬਿਰਾਜਮਾਨ ਹੈ।

ਇਸ ਤਰ੍ਹਾਂ ਗੁਰੂ ਰਵਿਦਾਸ ਜੀ ਦੀ ਖੋਜ ਸਪੱਸ਼ਟ ਕਰਦੀ ਹੈ ਕਿ ਪ੍ਰਭ ਕੇਵਲ ਇਕ ਇਕੱਲਾ ਆਪ ਹੀ ਹੈ, ਜਿੰਨੇ ਸਾਰੇ ਅੰਸ਼, ਅਣੂ (Particle) ਦੀ ਸਿਰਜਣਾ ਕੀਤੀ ਅਤੇ ਖੁਦ ਇਸ ਵਿਚ ਬਿਰਾਜਮਾਨ ਹੋ ਗਿਆ। ਇੱਕੀਵੀਂ ਸਦੀ ਦੇ ਵਿਸ਼ਵ ਵਿਗਿਆਨੀਆਂ ਨੇ ਧਰਤੀ ਹੇਠਾਂ 28 ਕਿਲੋਮੀਟਰ ਲੰਮੀ ਸੁਰੰਗ ਵੱਡਾ ਧਮਾਕਾ ਕਰਕੇ ਅਜਿਹੇ ਅਣੂ-ਅੰਸ਼ਾਂ ਦੀ ਖੋਜ ਕੀਤੀ, ਜਿਸ ਨਾਲ ਸ੍ਰਿਸ਼ਟੀ ਦੀ ਸਿਰਜਣਾ ਹੁੰਦੀ ਹੈ। ਇਸ ਸ੍ਰਿਸ਼ਟੀ ਦੀ ਸਿਰਜਣਾ ਕਾਰਨ ਹੀ ਵਿਗਿਆਨੀਆਂ ਨੇ ਇਸਨੂੰ ਗਾਡ ਪਾਰਟੀਕਲ (God Particle) ਦਾ ਨਾਮ ਦਿੱਤਾ ਹੈ।

ਸੋ ਵਿਗਿਆਨੀਆਂ ਨੇ ਗੁਰੂ ਰਵਿਦਾਸ ਜੀ ਦੀ ਸਾਢੇ ਛੇ ਸੌ ਸਾਲ ਪੁਰਾਣੀ ਖੋਜ ਦੀ ਹੀ ਪੋੜ੍ਹਤਾ (Confirmation) ਕੀਤੀ ਹੈ। ਇਸ ਤੋਂ ਪਰਪੱਕ ਰੂਪ ਵਿਚ ਦ੍ਰਿੜਤਾ ਨਾਲ ਸਪੱਸ਼ਟ ਹੋ ਗਿਆ ਹੈ ਕਿ ਗੁਰੂ ਰਵਿਦਾਸ ਜੀ ਵਿਸ਼ਵ ਦੇ ਸਿਰਮੌਰ ਵਿਗਿਆਨੀ ਹਨ।

ਸ਼ਬਦ ਅਰਥ :—ਜੋ ਸੇਵਕ ਪ੍ਰਭ ਦਾ ਸਿਮਰਨ ਕਰਦੇ ਹਨ, ਉਨ੍ਹਾਂ ਦੇ ਬਰਾਬਰ ਨਾ ਵਿਸ਼ਨੂੰ ਨਾ ਸ਼ਿਵ ਅਤੇ ਨਾ ਹੀ ਕੋਈ ਹੋਰ ਭਾਵ ਬ੍ਰਹਮਾ ਆਦਿ ਹਨ। ਉਹ ਪਾਰਬ੍ਰਹਮ ਪ੍ਰਭ ਕੇਵਲ ਤੇ ਕੇਵਲ ਇੱਕ ਹੈ ਅਤੇ ਅਨੇਕਾਂ ਰੂਪ ਧਾਰਕੇ ਭਾਵ ਸ੍ਰਿਸ਼ਟੀ ਸਿਰਜ ਕੇ, ਉਹ ਆਪ ਹੀ (ਸ੍ਰਿਸ਼ਟੀ ਦੇ) ਘਟ ਘਟ ਵਿੱਚ ਵਿਆਪਕ ਹੈ॥ ਰਹਾਉ॥

(ਗੁਰੂ) ਨਾਮਦੇਵ ਜੀ ਅਛੂਤ ਹਨ ਅਤੇ ਜਾਤ ਛੀਂਬਾ ਹੈ ਫਿਰ ਵੀ ਉਹ ਪ੍ਰਭ ਦੀ ਸਿਫ਼ਤ-ਸਲਾਹ ਲਿਖਦੇ ਹਨ ਅਤੇ ਹੋਰ ਸਭ ਕੁਝ ਤੋਂ ਭਾਵ ਵਿਕਾਰਾਂ ਤੋਂ ਮੁਕਤ ਹਨ। ਪ੍ਰਭ ਸਿਮਰਨ ਤੋਂ ਬਿਨਾਂ ਹੋਰ ਕੁਝ ਵੀ ਦਿਸਦਾ ਨਹੀਂ ਹੈ। ਬਿਆਸ (ਸ਼ੂਦਰ ਸੀ), ਉਸ ਨੇ ਵੀ ਲਿਖਿਆ ਹੈ ਅਤੇ ਸਨਕ, (ਜਿਸ ਦਾ ਗੁਰੂ ਸ਼ੂਦਰ ਸੀ) ਦੇ ਗ੍ਰੰਥਾਂ ਵਿੱਚ ਵੀ ਸਪਸ਼ਟ ਦਰਜ਼ ਹੈ ਕਿ ਨਾਮ ਦੇ ਸਿਮਰਨ ਦੀ ਮਹਿਮਾ ਸੱਤਾਂ ਦੀਪਾਂ ਭਾਵ ਸਾਰੇ ਸੰਸਾਰ ਵਿੱਚ ਪ੍ਰਸਿੱਧ ਹੈ। ਇਸ ਕਰਕੇ ਨਾਮ ਸਿਮਰਨ ਵਾਲੇ ਮਹਾਂਪੁਰਸ਼ ਹੀ ਸੰਸਾਰ ਵਿੱਚ ਪ੍ਰਸਿੱਧ ਹਨ॥ ੧॥

ਜਿਸ "ਕਬੀਰ" ਦੇ ਕੁਲ ਦੇ ਬਾਪ ਦਾਦੇ ਵੱਡੇ ਵਡੇਰੇ ਬਕਰੀਦ ਵਾਲੇ ਦਿਨ ਕੁਰਬਾਨੀ ਦੇਣ ਲਈ ਗਊ ਦੀ ਹੱਤਿਆ ਕਰਦੇ ਸਨ, ਮੁਸਲਮਾਨੀ ਢੰਗ ਤਰੀਕਿਆਂ ਨਾਲ ਸ਼ੇਖਾਂ, ਸ਼ਹੀਦਾਂ ਅਤੇ ਪੀਰਾਂ ਦੀ ਮਾਨਤਾ ਕਰਦੇ ਸਨ ਜਿਹੜੇ ਪੀਰ ਸੱਤਵੇਂ ਆਕਾਸ਼ ਵਿੱਚ ਵਿਰਾਜਮਾਨ ਰੱਬ ਨੂੰ ਮੰਨਦੇ ਸਨ। ਉਸ ਕੁਲ ਦੇ ਬਾਪ ਦਾਦਿਆਂ, ਵੱਡੇ ਵਡੇਰਿਆਂ ਓਹੋ ਜਿਹੀ ਕੀਤੀ। ਪਰ ਉਨ੍ਹਾਂ ਦੇ ਕੁਲ ਦੇ ਪੁੱਤਰ "ਕਬੀਰ" ਤੋਂ ਇਹੋ ਜਿਹੀ ਹੀ ਸਰ ਸਕੀ ਭਾਵ ਉਸ ਨੇ ਆਪਣੇ ਕੁਲ ਦੇ ਵਡੇਰਿਆਂ ਦੇ ਮੁਸਲਾਨੀ ਰਹੁ ਰੀਤਾਂ ਅਤੇ ਕਰਮ-ਕਾਂਡ ਨੂੰ ਰੱਦ ਕਰ ਦਿੱਤਾ ਅਤੇ ਮੁਸਲਮਾਨਾਂ ਦੇ ਸੱਤਵੇਂ ਆਕਾਸ਼ ਵਿੱਚ ਬੈਠੇ ਰੱਬ ਦਾ ਤਿਆਗ ਕਰਕੇ ਕਣ ਕਣ ਵਿੱਚ ਵਿਚਰ ਰਹੇ ਪ੍ਰਭ ਦਾ ਸਿਮਰਨ ਕਰਕੇ ਪ੍ਰਭ ਪ੍ਰਾਪਤੀ ਕੀਤੀ। ਇਸ ਕਾਰਣ (ਗੁਰੂ) ਕਬੀਰ ਸਮੁੱਚੇ ਸੰਸਾਰ ਵਿੱਚ ਪ੍ਰਸਿੱਧ ਹੋਏ॥ ੨॥

ਜਿਸ ਦੇ ਪ੍ਰਵਾਰ ਦੇ ਚਮਾਰ ਅੱਜ ਤਕ ਬਨਾਰਸ ਦੇ ਆਲੇ ਦੁਆਲੇ ਮਰੇ ਹੋਏ ਪਸ਼ੂਆਂ ਨੂੰ ਢੋਂਦੇ ਫਿਰਦੇ ਹਨ। ਉਨ੍ਹਾਂ ਦੇ ਪੁੱਤਰ, ਪ੍ਰਭ ਦੇ ਦਾਸਾਂ ਦੇ ਦਾਸ ਰਵਿਦਾਸ ਚਮਾਰ ਨੂੰ ਹਿੰਦੂ ਧਰਮ ਗ੍ਰੰਥਾਂ (ਵੇਦ, ਰਾਮਾਇਣ, ਗੀਤਾ ਆਦਿ) ਅਤੇ ਸ਼ਾਸਤਰਾਂ ਦੀ ਮਰਯਾਦਾ ਵਿੱਚ ਪਰਪੱਕ ਤੇ ਪ੍ਰਵੀਨ ਬ੍ਰਾਹਮਣ (ਆਪਣੇ "ਭਗਵਾਨਾਂ ਦੇਵੀ ਦੇਵਤਿਆਂ" ਅਤੇ ਉਨ੍ਹਾਂ ਦੀ ਵਿਚਾਰਧਾਰਾ ਦਾ ਖੰਡਨ ਕਰਕੇ) ਅਤਿ ਨਿਮਰਤਾ ਸਹਿਤ (ਡੰਡੇ ਵਾਂਗ ਸਿੱਧੇ ਜ਼ਮੀਨ ਤੇ ਪੈਕੇ) ਨਿਮਸ਼ਕਾਰ ਕਰਦੇ ਹਨ। (ਇਹ ਬ੍ਰਾਹਮਣ ਕੇਵਲ ਤੇ ਕੇਵਲ ਇਕ ਪ੍ਰਭ ਨੂੰ ਅਤੇ ਨਵੀਂ ਵਿਸ਼ਵ-ਧਰਮ ਦੀ ਵਿਚਾਰਧਾਰਾ ਨੂੰ ਪ੍ਰਵਾਨ ਕਰਕੇ ਚਮਾਰ ਗੁਰੂ ਰਵਿਦਾਸ ਨੂੰ ਆਪਣਾ ਗੁਰੂ ਧਾਰਨ ਕਰਦੇ ਹਨ।)॥ ੩॥ ੨॥

ੴ ਸਤਿਗੁਰ ਪ੍ਰਸਾਦਿ॥

ਮਲਾਰ ਬਾਣੀ ਭਗਤ ਰਵਿਦਾਸ ਜੀ ਕੀ॥

ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ॥
ਸਾਧ ਸੰਗਤਿ ਪਾਈ ਪਰਮ ਗਤੇ॥ ਰਹਾਉ।
ਮੈਲੇ ਕਪਰੇ ਕਹਾ ਲਉ ਧੋਵਉ॥
ਆਵੈਗੀ ਨੀਦ ਕਹਾ ਲਗੁ ਸੋਵਉ॥ ੧॥
ਜੋਈ ਜੋਈ ਜੋਰਿਓ ਸੋਈ ਸੋਈ ਫਾਟਿਓ॥
ਝੂਠੇ ਬਨਜਿ ਉਠਿ ਹੀ ਗਈ ਹਾਟਿਓ॥ ੨॥
ਕਹੁ ਰਵਿਦਾਸ ਭਇਓ ਜਬ ਲੇਖੋ॥
ਜੋਈ ਜੋਈ ਕੀਨੋ ਸੋਈ ਸੋਈ ਦੇਖਿਓ॥ ੩॥ ੩॥[1]

ਪਦ ਅਰਥ :—**ਪ੍ਰਾਨ ਨਾਥ** = ਪ੍ਰਾਣਾਂ ਨਾਲੋਂ ਪਿਆਰੇ ਪ੍ਰਭ। **ਤੇ** = ਤੋਂ। **ਪਰਮ ਗਤੇ** = ਉਚਤਮ ਆਤਮਕ ਅਵਸਥਾ, ਪ੍ਰਭ ਪ੍ਰਾਪਤੀ ॥ ਰਹਾਉ॥

ਮੈਲੇ ਕਪਰੇ = ਮਲੀਨ ਅੰਤਹਕਰਣ। **ਕਹਾ ਲਉ**= ਕਿੰਨਾ ਚਿਰ ਤਕ। **ਨੀਂਦ** = ਅਵਿਦਿਆ, ਅਗਿਆਨਤਾ॥ ੧॥

ਫਾਟਿਓ = ਦੂਰ ਹੋ ਗਿਆ, ਪਵਿੱਤਰ ਹੋ ਗਿਆ। **ਝੂਠੇ ਬਨਜਿ** = ਪਾਪਾਂ ਦਾ ਵਪਾਰ, ਵਿਕਾਰਾਂ ਦੀ ਘਟੀਆ ਕਮਾਈ, ਮੰਦੇ ਕਰਮਾਂ ਦੀ ਕਮਾਈ। **ਉਠਿ ਹੀ ਗਈ** = ਨਸ਼ਟ ਹੋ ਗਈ। **ਹਾਟਿਓ** = ਮੰਦਾ ਵਪਾਰ ਕਰਨ ਦੀ ਥਾਂ, ਮਨ। ਝੂਠੇ... **ਹਾਟਿਉ** = ਮਨ ਵਿੱਚੋਂ ਪਾਪਾਂ ਦੀ ਕਮਾਈ ਦਾ ਨਾਸ਼ ਹੋ ਗਿਆ ਹੈ ਅਤੇ ਮੁਕਤੀ ਪ੍ਰਾਪਤ ਹੋ ਗਈ ਹੈ॥ ੨॥

ਭਇਓ ਜਬ ਲੇਖੋ = ਸਾਧ ਸੰਗਤ ਵਿੱਚ ਮੁਕਤੀ ਪਿਛੋਂ, ਬ੍ਰਹਮ-ਗਿਆਨ ਦੀ ਪ੍ਰਾਪਤੀ ਪਿਛੋਂ ਜਦ ਪਰਖ ਪੜਚੋਲ ਹੋਈ ॥ ੩॥ ੩॥

---

1. ਆਦਿ ਗ੍ਰੰਥ - ਪੰਨਾ-੧੨੯੩

ਸਾਧ ਸੰਗਤ ਦੇ ਸਿਧਾਂਤ ਦੀ ਸੰਪੂਰਨਤਾ

ਇਸ ਸ਼ਬਦ ਵਿੱਚ ਗੁਰੂ ਰਵਿਦਾਸ ਜੀ ਨੇ ਆਪਣੀ ਸਮੁੱਚੀ ਬਾਣੀ ਵਿੱਚ ਨਿਰੂਪਤ ਵਿਚਾਰਧਾਰਾ ਦੇ ਕੇਂਦਰ ਅਤੇ ਪ੍ਰਮੁੱਖ ਸਿਧਾਂਤ ਸਤਿ ਸੰਗਤ ਜਾਂ ਸਾਧ ਸੰਗਤ ਨੂੰ ਸੰਪੂਰਨ ਕੀਤਾ ਹੈ ਅਤੇ ਦਿੱਤਾ ਵੀ 'ਰਹਾਉ' ਵਿੱਚ ਹੈ, ਜਿਸ ਨਾਲ ਪ੍ਰਮੁੱਖ ਸਿਧਾਂਤ ਦੀ ਦ੍ਰਿੜਤਾ ਹੋਰ ਵੀ ਪਕੇਰੀ ਹੋ ਨਿਬੜਦੀ ਹੈ। ਇਸ ਸ਼ਬਦ ਦੀ ਸਿਰਜਣਾ ਨਾਲ ਸਾਧ ਸੰਗਤ ਦਾ ਸਿਧਾਂਤ ਸੰਪੂਰਨ ਹੋ ਜਾਂਦਾ ਹੈ :

੧. ਸ਼ਬਦ "ਸੰਤ ਤੁਝੀ ਤਨੁ" ਵਿੱਚ (ਸਾਧ ਸੰਗਤ ਦੀ ਬਣਤਰ)

ਸਾਧ-ਸੰਗਤ ਦੀ ਬਣਤਰ ਵਿੱਚ ਕਿਹੜੇ ਕਿਹੜੇ ਤੱਤ ਮਿਲੇ ਹੋਏ ਹਨ, ਉਨ੍ਹਾਂ ਬਾਰੇ ਸਪਸ਼ਟ ਕੀਤਾ ਗਿਆ ਹੈ। ਜਿਹੜੇ ਸੰਤਾਂ ਨਾਲ ਸਾਧ-ਸੰਗਤ ਦੀ ਬਣਤਰ ਬਣੀ ਹੈ, ਉਹ ਸੰਤ ਪ੍ਰਭ ਰੂਪ ਹਨ, "ਸੰਤ ਅਨੰਤਹਿ ਅੰਤਰੁ ਨਾਹਿ॥"

੨. ਸ਼ਬਦ "ਤੁਮ ਚੰਦਨ ਹਮ ਇਰੰਡ ਬਾਪਰੇ" ਵਿੱਚ (ਸਾਧ ਸੰਗਤ ਦੀ ਵਰਤੋਂ)

ਸਾਧ ਸੰਗਤ ਵਿੱਚ ਜਾਣ ਲਈ ਸੇਵਕ ਵਿੱਚ ਕਿਹੜੇ ਕਿਹੜੇ ਗੁਣ ਹੋਣੇ ਚਾਹੀਦੇ ਹਨ। ਸਾਧ ਸੰਗਤ ਵਿੱਚ ਸੇਵਕ ਇਉਂ ਘੁਲ ਮਿਲ ਜਾਵੇ, ਜਿਵੇ ਮਧੂ ਮੱਖੀ ਸ਼ਹਦ ਦੇ ਛੱਤੇ ਵਿੱਚ ਘੁਲ ਮਿਲ ਜਾਂਦੀ ਹੈ। ਇਹ ਸਾਧ-ਸੰਗਤ ਅਤੇ ਸੇਵਕ ਵਿੱਚ ਅਮਲੀ (Practical) ਪ੍ਰਕਿਰਿਆ ਹੈ। ਇਸ ਸ਼ਬਦ ਵਿੱਚ ਸੇਵਕ, ਸੰਤ ਨਹੀਂ ਬਣਦਾ। ਸਗੋਂ ਇਹ ਭਰਵੇਂ ਰੂਪ ਵਿੱਚ ਸਪਸ਼ਟ ਕੀਤਾ ਗਿਆ ਹੈ ਕਿ ਪ੍ਰਭ ਦੀ ਸੇਵਾ ਨਾ ਕਰਨ ਕਰਕੇ ਪ੍ਰਭ-ਪ੍ਰਾਪਤੀ ਨਹੀਂ ਹੋਈ। ਪ੍ਰਭ ਦੀ ਸੇਵਾ ਸਾਧ-ਸੰਗਤ ਰਾਹੀਂ ਹੀ ਹੋ ਸਕਦੀ ਹੈ।

੩. ਸ਼ਬਦ "ਮਿਲਤ ਪਿਆਰੇ ਪ੍ਰਾਨਨਾਥ" ਵਿੱਚ
(ਸਾਧ ਸੰਗਤ ਦੀ ਸ਼ਕਤੀ ਕਾਰਣ ਸੇਵਕ ਵਿੱਚ ਤਬਦੀਲੀ)

ਸਾਧ-ਸੰਗਤ ਵਿੱਚ ਜਾਕੇ ਸੇਵਕ ਵਿੱਚ ਜਿਹੜੀ ਤਬਦੀਲੀ ਹੁੰਦੀ ਹੈ, ਉਸ ਦਾ ਜ਼ਿਕਰ ਹੈ। ਇਥੇ ਸੇਵਕ ਸੰਤ/ਸਾਧ/ਭਗਤ ਬਣਦਾ ਹੈ। ਜਿਹੜੇ ਸੰਤਾਂ ਦੇ ਇਕੱਠ ਨੇ ਸਾਧ-ਸੰਗਤ ਦਾ ਰੂਪ ਧਾਰਨਾ ਹੁੰਦਾ ਹੈ, ਉਸ ਸੰਤ ਦੀ ਸਿਰਜਣਾ ਮੁਕੰਮਲ ਰੂਪ ਵਿੱਚ ਇਸ ਸ਼ਬਦ ਵਿੱਚ ਕੀਤੀ ਗਈ ਹੈ। ਹੁਣ ਸੰਤ ਅਤੇ ਅਨੰਤਹਿ ਵਿੱਚ ਅੰਤਰੁ ਨਹੀਂ ਰਿਹਾ, "ਸੰਤ ਅਨੰਤਹਿ ਅੰਤਰੁ ਨਾਹੀ॥"

ਇਸ ਸ਼ਬਦ ਵਿੱਚ ਇਸ ਤੁੱਕ ਨੂੰ ਇਹ ਰੂਪ ਪ੍ਰਦਾਨ ਕੀਤਾ ਗਿਆ ਹੈ : "ਸਾਧ ਸੰਗਤਿ ਪਾਈ ਪਰਮ ਗਤੇ॥" ਸਾਧ ਸੰਗਤ ਵਿੱਚ ਵਿਚਰਨ ਨਾਲ ਪ੍ਰਭ-ਪ੍ਰਾਪਤੀ ਹੋ ਗਈ ਹੈ। ਇਹ ਸਿਧਾਂਤ ਦੀ ਸੰਪੂਰਨਤਾ ਹੈ।

ਇਨ੍ਹਾਂ ਤਿੰਨਾਂ ਸ਼ਬਦਾਂ ਦਾ ਮਿਲਾਪ ਸਾਧ-ਸੰਗਤ ਦੀ ਬਣਤਰ, ਉਸ ਦੀ ਵਰਤੋਂ ਅਤੇ ਸਾਧ ਸੰਗਤ ਦੀ ਸ਼ਕਤੀ ਕਾਰਣ ਸੇਵਕ ਵਿੱਚ ਤਬਦੀਲੀ ਸਾਧ-ਸੰਗਤ ਦੇ ਸਿਧਾਂਤ ਨੂੰ ਸੰਪੂਰਨਤਾ ਪ੍ਰਦਾਨ ਕਰਦਾ ਹੈ। ਗੁਰਮੱਤ ਦੇ ਬੁਨਿਆਦੀ ਮੰਤਵ "ਮਿਲਤ ਪਿਆਰੋ ਪ੍ਰਾਨ ਨਾਥ ਕਵਨ ਭਗਤਿ ਤੇ॥" ਦੀ ਪੂਰਤੀ ਲਈ ਅਤਿ ਲੋੜੀਂਦੇ ਇੱਕੋ ਇੱਕ ਸਿਧਾਂਤ "ਸਾਧ ਸੰਗਤਿ ਪਾਈ ਪਰਮ ਗਤੇ" ਦੀ ਸਿਰਜਣਾ ਮਹਾਨ ਅਤੇ ਉੱਤਮ ਚਿੰਤਕ ਗੁਰੂ ਰਵਿਦਾਸ ਜੀ ਨੇ ਹੀ ਕੀਤੀ ਹੈ।

ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ

ਇਸ ਸ਼ਬਦ ਵਿੱਚ ਗੁਰੂ ਰਵਿਦਾਸ ਜੀ ਪ੍ਰਸ਼ਨ ਕਰਦੇ ਹਨ ਕਿ ਪ੍ਰਾਣਾਂ ਤੋਂ ਪਿਆਰੇ ਪ੍ਰਭ ਨੂੰ ਕਿਹੜੀ ਭਗਤੀ ਰਾਹੀਂ ਪ੍ਰਾਪਤ ਕੀਤਾ ਜਾ ਸਕਦਾ ਹੈ? ਅਗਲੀ ਤੁਕ ਵਿੱਚ ਆਪ ਹੀ ਉੱਤਰ ਦਿੰਦੇ ਫਰਮਾਉਂਦੇ ਹਨ ਕਿ ਪ੍ਰਭ ਨੂੰ ਪ੍ਰਾਪਤ ਕਰਨ ਲਈ ਕੇਵਲ ਤੇ ਕੇਵਲ ਸਾਧ-ਸੰਗਤ ਦੀ ਹੀ ਜਰੂਰਤ ਹੈ।

ਬੰਦ ਨੰ.੧ ਵਿੱਚ ਜਿਹੜੀ ਤਬਦੀਲੀ ਸਾਧ ਸੰਗਤ ਵਿੱਚ ਵਿਚਰਨ ਕਰਕੇ ਹੋਈ ਹੈ, ਉਸ ਦਾ ਉਲੇਖ ਹੈ। ਗੁਰੂ ਜੀ ਫਰਮਾਉਂਦੇ ਹਨ ਕਿ ਜੇ ਮੈਨੂੰ ਸੰਤਾਂ ਦੀ ਸੰਗਤ ਨਾ ਮਿਲਦੀ ਤਾਂ ਮੇਰੇ ਮਨ ਦੀ ਵਿਕਾਰਾਂ ਦੀ ਮੈਲ ਨਹੀਂ ਸੀ ਉਤਰਨੀ, ਮੈਂ ਅਗਿਆਨਤਾ ਵਿੱਚ ਹੀ ਭਟਕਦਾ ਰਹਿੰਦਾ। ਇਹ ਸਾਧ ਸੰਗਤ ਦੀ ਕਿਰਪਾ ਹੀ ਹੈ ਕਿ ਮੇਰਾ ਮਨ ਪਵਿੱਤਰ ਹੋ ਗਿਆ ਹੈ।

ਬੰਦ ਨੰ. ੨ ਵਿੱਚ ਗੁਰੂ ਜੀ ਬੰਦ ਨੰ. ੧ ਵਿੱਚ ਆਏ ਵਿਚਾਰਾਂ ਨੂੰ ਹੋਰ ਸਪਸ਼ਟ ਕਰਦੇ ਫਰਮਾਉਂਦੇ ਹਨ ਕਿ ਸਾਧ ਸੰਗਤ ਵਿੱਚ ਆਉਣ ਤੋਂ ਪਹਿਲਾਂ ਦੇ ਜਿੰਨੇ ਮੰਦੇ ਕਰਮ ਹਨ, ਉਹ ਨਾਸ਼ ਹੋ ਗਏ ਹਨ। ਇਥੋਂ ਤੱਕ ਕਿ ਉਹ ਸਥਾਨ ਜਿਥੇ ਮੰਦੇ ਕਰਮਾਂ ਦਾ ਵਪਾਰ ਹੁੰਦਾ ਸੀ, ਉਹ ਵਪਾਰਕ ਕੇਂਦਰ ਹੀ ਉਠਾ ਦਿੱਤਾ ਗਿਆ ਹੈ। ਮਾਇਆ ਦੇ ਦੂਤ ਪੰਜੇ ਵਿਕਾਰਾਂ ਦਾ ਵਪਾਰਕ ਕੇਂਦਰ ਮਨ ਅੰਦਰ ਸਥਾਪਤ ਸੀ, ਉਸ ਵਪਾਰਕ ਕੇਂਦਰ ਨੂੰ ਮੁੱਢੋਂ ਹੀ ਨਾਸ਼ ਕਰਕੇ, ਮਨ ਅੰਦਰਲੀ ਪੂਰਨ ਸਫਾਈ ਕਰ ਦਿੱਤੀ ਗਈ ਹੈ। ਹੁਣ ਮਨ ਅੰਦਰ ਪ੍ਰਭ ਦੇ ਪ੍ਰੇਮ ਦਾ ਪ੍ਰਵਾਹ ਚਲ ਰਿਹਾ ਹੈ, ਪ੍ਰਭ-ਪ੍ਰਾਪਤੀ ਹੋ ਗਈ ਹੈ।

ਬੰਦ ਨੰ. ੩ ਵਿੱਚ ਸਾਧ ਸੰਗਤ ਵਿੱਚ ਵਿਚਰਨ ਪਿਛੋਂ ਦੀ ਪਰਮ ਆਤਮਕ ਅਵਸਥਾ ਦਾ ਵਰਨਣ ਹੈ। ਗੁਰੂ ਜੀ ਫਰਮਾਉਂਦੇ ਹਨ ਕਿ ਜਦੋਂ ਕਰਮਾਂ ਦੀ ਪਰਖ ਪੜਚੋਲ ਹੋਈ ਤਾਂ ਉਹ ਸਭ ਕੁਝ ਸਾਹਮਣੇ ਤੱਕਿਆਂ ਜੋ ਜੋ ਕੁਝ ਕੀਤਾ ਸੀ। ਸਾਧ ਸੰਗਤ ਦੀ ਕ੍ਰਿਪਾ ਨਾਲ ਮੰਦੇ ਕਰਮਾਂ ਦਾ ਨਾਸ਼ ਹੁੰਦਾ ਵੀ ਵੇਖਿਆ ਅਤੇ ਉਸ ਦੀ ਥਾਂ ਸਾਧ ਸੰਗਤ ਦੀ ਬਖਸ਼ਿਸ਼ ਨਾਲ ਮਨ ਪੂਰੀ ਤਰ੍ਹਾਂ ਪਵਿੱਤਰ ਹੋਣ ਉਪਰੰਤ ਪਰਮ ਆਤਮਕ ਅਵਸਥਾ ਵਿੱਚ ਪਰਮ ਅਨੰਦ ਦਾ ਪ੍ਰਵਾਹ ਵੀ ਵੇਖਿਆ। ਪ੍ਰਾਣਾਂ ਨਾਲੋਂ ਪਿਆਰੇ ਪ੍ਰਭ ਦੀ ਪ੍ਰਾਪਤੀ ਹੋ ਗਈ ਹੈ ਸਾਧ ਸੰਗਤ ਦੀ ਅਪਾਰ ਕਿਰਪਾ ਸਦਕਾ। ਇਹੋ ਹੀ ਮਲ੍ਹਾਰ ਰਾਗ ਹੈ :

"ਮਲ੍ਹਾਰ ਸੀਤਲ ਰਾਗ ਹੈ
ਹਰਿ ਧਿਆਇਐ ਸ਼ਾਂਤਿ ਹੋਇ॥"

ਸੰਗਤ ਵਿਚ ਪ੍ਰਭ ਪ੍ਰਾਪਤੀ ਹੁੰਦੀ ਹੈ।

ਸ਼ਬਦ ਅਰਥ :—ਗੁਰੂ ਰਵਿਦਾਸ ਜੀ ਸਪਸ਼ਟ ਕਰਦੇ ਹਨ ਕਿ ਪ੍ਰਾਣਾਂ ਤੋਂ ਪਿਆਰੇ ਪ੍ਰਭ ਦੀ ਪ੍ਰਾਪਤੀ ਕਿਸੇ ਹੋਰ ਭਗਤੀ ਨਾਲ ਨਹੀਂ ਹੋ ਸਕਦੀ। ਮੈਨੂੰ ਪ੍ਰਭ-ਪ੍ਰਾਪਤੀ ਕੇਵਲ ਸਾਧ ਸੰਗਤ ਵਿੱਚ ਵਿਚਰਨ ਨਾਲ ਹੀ ਹੋਈ ਹੈ॥ ਰਹਾਉ॥

ਭਾਵੇਂ ਮੈਂ ਕਿੰਨੀ ਹੀ ਭਗਤੀ ਕਰਦਾ ਰਹਿੰਦਾ, ਸੰਤਾਂ ਦੀ ਸੰਗਤ ਤੋਂ ਬਿਨਾਂ ਮੇਰਾ ਮੈਲ੍ਹਾ ਅੰਤਹਿਕਰਣ ਪਵਿੱਤਰ ਨਹੀਂ ਸੀ ਹੋ ਸਕਦਾ। ਪਤਾ ਨਹੀਂ ਮੈਂ ਅਗਿਆਨਤਾ ਵਿੱਚ ਕਿੰਨਾ ਕੁ ਚਿਰ ਭਟਕਦਾ ਰਹਿੰਦਾ ਜੇਕਰ ਮੈਨੂੰ ਸੰਤਾਂ ਦੀ ਸੰਗਤ ਨਾ ਮਿਲਦੀ॥ ੧॥

ਸਾਧ-ਸੰਗਤ ਵਿੱਚ ਵਿਚਰਨ ਕਰਕੇ ਜਿਹੜੇ-ਜਿਹੜੇ ਮੰਦੇ ਕਰਮ ਕੀਤੇ ਸਨ, ਉਨ੍ਹਾਂ ਸਾਰਿਆਂ ਦਾ ਨਾਸ਼ ਹੋ ਗਿਆ ਹੈ ਅਤੇ ਜਿਥੇ ਇਹ ਮੰਦੇ ਕਰਮ ਹੁੰਦੇ ਸਨ, ਘਟੀਆ ਵਪਾਰ ਹੁੰਦਾ ਸੀ, ਉਹ ਵਪਾਰਕ ਸਥਾਨ ਦਾ ਅੰਦਰੋਂ ਪੂਰਨ ਤੌਰ ਤੇ ਨਾਸ਼ ਕਰਕੇ ਸਫਾਇਆ ਕਰ ਦਿੱਤਾ ਹੈ। ਭਾਵ ਮਲੀਨ ਮਨ, ਪਵਿੱਤਰ ਹੋ ਗਿਆ ਹੈ, ਮੁਕਤੀ ਪ੍ਰਾਪਤ ਹੋ ਗਈ ਹੈ॥ ੨॥

ਕਹਿ ਰਵਿਦਾਸ! ਸਾਧ ਸੰਗਤ ਵਿਚੋਂ ਬ੍ਰਹਮ-ਗਿਆਨ ਦੀ ਪ੍ਰਾਪਤੀ ਪਿਛੋਂ ਪਹਿਲਾਂ ਕੀਤੇ ਕਰਮਾਂ ਦੀ ਪਰਖ ਪੜਚੋਲ ਹੋਈ ਤਾਂ ਜੋ ਜੋ ਕੀਤਾ ਸੀ ਪ੍ਰਤੱਖ ਦਿਸ ਪਿਆ। ਸਾਧ ਸੰਗਤ ਵਿੱਚ ਵਿਚਰਨ ਤੋਂ ਪਹਿਲਾਂ ਦਾ ਮੰਦੇ ਕਰਮਾਂ ਦਾ ਲੇਖਾ ਵੀ ਦੇਖਿਆ ਜਿਸ ਦਾ ਸਾਧ ਸੰਗਤ ਦੀ ਬਖਸ਼ਿਸ਼ ਨਾਲ ਨਾਸ਼ ਹੁੰਦਾ ਵੀ ਦੇਖਿਆ। ਉਸ ਪਿਛੋਂ ਪਰਮ ਆਤਮਕ ਅਵਸਥਾ ਵਿੱਚ ਪਰਮ ਅਨੰਦ ਦੀ ਪ੍ਰਾਪਤੀ ਦਾ ਪ੍ਰਵਾਹ ਵੀ ਵੇਖਿਆ। ਇਸ ਤਰ੍ਹਾਂ ਪ੍ਰਾਣਾਂ ਨਾਲੋਂ ਪਿਆਰੇ ਪ੍ਰਭ ਦੀ ਪ੍ਰਾਪਤੀ ਹੋ ਗਈ ਹੈ ਸਾਧ ਸੰਗਤ ਦੀ ਕਿਰਪਾ ਨਾਲ॥ ੩॥ ੩॥
